
# ...ਤੇ ਸਿੱਖ ਵੀ ਨਿਗਲਿਆ ਗਿਆ



ਕੁਲਬੀਰ ਸਿੰਘ ਕੌੜਾ

# ..Te Sikh Vi Niglya Gia

*by*

*Kulbir Singh Kaura,*
*Chairman World Sikh Council*
*(Region 1 Majha, Doaba, J&K State)*
*Kaura House, Basti Pir Dad,*
*P.O. Basti Bawa Khel*
*Phone No. 0181-254719, 200755*

© ਕੁਲਬੀਰ ਸਿੰਘ ਕੌੜਾ

ਪਹਿਲੀ ਵਾਰ , 19 ਨਵੰਬਰ 2002
(ਗੁਰੂ ਨਾਨਕ ਆਗਮਨ ਦਿਵਸ 'ਤੇ)

ਮੁੱਲ : 100 ਰੁਪਏ (ਸਜਿਲਦ)

ਸਰਵਰਕ : ਸੁਖਵੰਤ ਸਿੰਘ ਆਰਟਿਸਟ
ਅੱਖਰੀ ਰੂਪ : ਜਗਮੀਤ ਸਿੰਘ

ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

ਪ੍ਰਕਾਸ਼ਕ : ਪੰਥ ਖਾਲਸਾ ਪ੍ਰਕਾਸ਼ਨ
ਛਾਪਕ : ਐਵਰੀ ਪ੍ਰਿੰਟਰਜ਼, ਜਲੰਧਰ

"ਸਿੱਖ ਧਰਮ ਨਿਵੇਕਲਾ ਧਰਮ ਹੈ, ਇਹ ਹਿੰਦੂ ਧਰਮ ਵਿਚੋਂ ਨਹੀਂ ਨਿਕਲਿਆ, ਹਿੰਦੂ ਧਰਮ ਸਿੱਖ ਧਰਮ ਨੂੰ ਨਿਗਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਹ ਭਾਰਤੀ ਜੰਗਲ ਦੇ ਉਸ ਅਜਗਰ ਸਮਾਨ ਹੈ, ਜੋ ਛੋਟੇ ਛੋਟੇ ਦੁਸ਼ਮਣ ਪ੍ਰਾਣੀਆਂ ਨੂੰ ਪਹਿਲਾਂ ਆਪਣੀ ਲਪੇਟ ਵਿਚ ਲੈਂਦਾ ਹੈ, ਫਿਰ ਉਸਨੂੰ ਆਪਣੀ ਜਕੜ ਨਾਲ ਕੱਸ ਕੇ ਉਸ ਨੂੰ ਕੁਚਲ ਦੇਂਦਾ ਹੈ ਅਤੇ ਅੰਤ ਵਿਚ ਉਸਨੂੰ ਆਪਣੇ ਵੱਡੇ ਢਿੱਡ ਵਿਚ ਸਮਾਅ ਲੈਂਦਾ ਹੈ। ਇਸ ਲਈ ਸਿੱਖ ਧਰਮ ਦਾ ਸਭ ਤੋਂ ਵੱਡਾ ਦੁਸ਼ਮਣ ਹਿੰਦੂ ਧਰਮ ਹੈ। ਉਸ ਵਿਸ਼ਾਲ ਅਜਗਰ ਤੋਂ ਸਿੱਖ ਧਰਮ ਨੂੰ ਬਚਾਉਣ ਲਈ ਬਰਤਾਨੀਆਂ ਸਰਕਾਰ ਨੂੰ ਸਿੱਖ ਪੰਥ ਦੀ ਮਦਦ ਕਰਨੀ ਚਾਹੀਦੀ ਹੈ।"

**ਮੈਕਾਲਿਫ**

# ਦੋ ਸ਼ਬਦ

ਇਹ ਕਿਤਾਬ ਲਿਖਣ ਲਗਿਆ ਮੈਨੂੰ ਬਹੁਤ ਮਾਨਸਕ ਤਕਲੀਫ ਵਿਚੋਂ ਲੰਘਣਾ ਪਿਆ ਹੈ। ਛੋਟਾ ਮੂੰਹ ਵੱਡੀ ਗੱਲ ਵਾਂਗ ਵਿਸ਼ਾ ਬਿਲਕੁਲ ਵੱਖਰਾ ਤੇ ਨਵਾਂ ਹੋਣ ਤੋਂ ਇਲਾਵਾ ਦੁਵਿਧਾ ਵਾਲਾ ਵੀ ਸੀ। ਇਹ ਕਿਤਾਬ ਲਿਖੀ ਨੂੰ ਲਗਪਗ ਦੋ ਸਾਲ ਹੋ ਚਲੇ ਹਨ ਪਰ ਸਿੱਖ ਸੱਚਮੁੱਚ ਨਿਗਲਿਆ ਗਿਆ ਹੈ ਕਿ ਨਹੀਂ ਦਾ ਫੈਸਲਾ ਮੇਰੇ ਕੋਲੋਂ ਨਹੀਂ ਹੋ ਸਕਿਆ। ਅਖੀਰ ਮੈਂ ਇਕ ਰਜਿਸਟਰ ਲਾ ਲਿਆ ਤੇ ਹਰ ਠੀਕ ਠਾਕ ਸਿੱਖ, ਜੋ ਵੇਖਣ ਨੂੰ ਜਾਗਰੂਕ ਲਗਦਾ ਸੀ, ਕੋਲੋਂ ਪੁਛਣਾ ਸ਼ੁਰੂ ਕੀਤਾ। ਇਨ੍ਹਾਂ ਲੋਕਾਂ ਵਿਚ ਉੱਚ-ਕੋਟੀ ਦੇ ਵਿਦਵਾਨ ਮੰਨੇ ਜਾਣ ਵਾਲੇ ਸੱਜਣ, ਡਾਕਟਰ, ਸਰਕਾਰੀ ਉੱਚ-ਅਹੁਦਿਆਂ ਤੇ ਬੈਠੇ ਅਫਸਰ, ਇੰਜੀਨੀਅਰ, ਰਾਜਨੀਤਕ ਪਾਰਟੀਆਂ ਦੇ ਲੀਡਰ, ਨਾਮੀ ਵਕੀਲ 'ਤੇ ਹੇਠਲੀਆਂ ਅਦਾਲਤਾਂ ਦੇ ਸਬ ਜਜਾਂ ਤੋਂ ਲੈ ਕੇ ਹਾਈਕੋਰਟ ਤੇ ਸੁਪਰੀਮਕੋਰਟ ਦੇ ਰਿਟਾਇਰਡ ਜੱਜ ਸਾਹਿਬਾਨ, ਗੁਰਦੁਆਰਿਆਂ ਦੇ ਪ੍ਰਧਾਨ, ਵਿਦੇਸ਼ਾਂ ਵਿਚ ਰਹਿਣ ਵਾਲੇ ਸਿੱਖ ਤੇ ਹੋਰ ਮਹੱਤਵਪੂਰਨ ਨਾਮੀਂ ਲਿਖਾਰੀ, ਯੂਨੀਵਰਸਿਟੀਆਂ ਦੇ ਪ੍ਰੋਫੈਸਰ ਸਾਹਿਬਾਨ, ਪੰਜਾਬੀ ਅਖਬਾਰਾਂ ਨਾਲ ਸਬੰਧਤ ਗੁਰਸਿੱਖ ਪੱਤਰਕਾਰ, ਦੁਕਾਨਦਾਰ, ਖੇਤੀ ਕਰਨ ਵਾਲੇ ਗੁਰਸਿੱਖ ਕਿਸਾਨ, ਸਿਰਕੱਢ ਡੇਰਿਆਂ ਦੇ ਸਾਧ ਸੰਤ ਰਾਗੀ, ਢਾਡੀ ਤੇ ਕੀਰਤਨ ਕਰਨ ਵਾਲੇ ਸੱਜਣ ਤੇ ਏਥੋਂ ਤੱਕ ਕਿ ਸਧਾਰਨ ਸਿੱਖ ਜਿਨ੍ਹਾਂ ਵਿਚ ਰਿਕਸ਼ਾ ਵਾਹੁਣ ਵਾਲੇ ਤੱਕ ਵੀ ਸ਼ਾਮਲ ਸਨ, ਨੂੰ ਪੁਛਿਆ, "ਤੁਹਾਡੇ ਖਿਆਲ ਵਿਚ ਹਿੰਦੂ ਬਹੁਗਿਣਤੀ ਵਲੋਂ ਸਿੱਖ ਨਿਗਲਿਆ ਗਿਆ ਹੈ ਕਿ ਨਹੀਂ?" ਇਸ ਦਾ ਜੋ ਨਤੀਜਾ ਨਿਕਲਿਆ ਉਸ ਨੂੰ ਵੇਖ ਕੇ ਹੀ ਇਹ ਕਿਤਾਬ ਛਪਵਾਉਣ ਦੀ ਹਿੰਮਤ ਹੋਈ ਨਹੀਂ ਤਾਂ ਮੈਂ ਵੀ ਕਿਸੇ ਰੱਫੜ ਵਿਚ ਨਹੀਂ ਸਾਂ ਪੈਣਾ ਚਾਹੁੰਦਾ।

53 ਫੀਸਦੀ ਰਲੇਮਿਲੇ ਸਿਖਾਂ ਨੇ ਬਿਨਾਂ ਕਿਸੇ ਕਿੰਤੂ-ਪ੍ਰੰਤੂ ਲਾਉਣ ਦੇ ਸਿੱਧੇ ਤੇ ਠੇਠ ਪੰਜਾਬੀ ਸ਼ਬਦਾਂ ਵਿਚ ਕਿਹਾ ਕਿ ਸਿੱਖ ਨਿਗਲਿਆ ਜਾ ਚੁੱਕਾ ਹੈ। ਕਈਆਂ ਨੇ ਤਾਂ ਇਹ ਵੀ ਕਿਹਾ ਕਿ ਨਿਗਲਿਆ ਤਾਂ ਉਸ ਦਿਨ ਹੀ ਗਿਆ ਸੀ, ਜਿਸ ਦਿਨ ਇਹਨਾਂ ਨੇ ਪਾਕਿਸਤਾਨ ਵਿਚੋਂ ਨਿਕਲ ਕੇ ਹਿੰਦੁਸਤਾਨ ਦੀ ਧਰਤੀ 'ਤੇ ਪੈਰ ਰਖਿਆ ਸੀ। 21 ਫੀਸਦੀ ਸਿਖਾਂ ਨੇ ਕਿਹਾ, "ਕੌਣ ਨਿਗਲ ਸਕਦਾ ਹੈ ਸਿੱਖ ਨੂੰ, ਤੁਸਾਂ ਇਹ ਸੋਚ ਕਿਦਾਂ ਲਿਆ?" ਕਿਸੇ ਨੇ ਕਿਹਾ, "ਸਾਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਬਣਾਇਆ ਹੈ, ਅਸੀਂ ਕੋਈ ਆਪਣੇ ਆਪ ਨਹੀਂ ਬਣ ਗਏ, ਪਈ ਸਾਨੂੰ ਕੋਈ ਜਣਾਖਣਾ ਨਿਗਲ ਜਾਏਗਾ, ਸਾਡਾ ਬਾਜਾਂ ਵਾਲਾ ਗੁਰੂ ਸਾਨੂੰ ਨਿਗਲੇ ਜਾਣ ਦਊਗਾ ਭਲਾ?" ਕਈਆਂ ਨੇ ਇਹ ਵੀ ਕਿਹਾ ਕਿ ਇਹ ਸਭ ਢਹਿੰਦੀਕਲਾਂ ਦੀਆਂ ਗੱਲਾਂ ਹਨ ਪਿਛਲੇ ਸੰਘਰਸ਼ ਦੀ ਹਾਰ ਵਿਚੋਂ ਇਹ ਸੋਚ ਨਿਕਲੀ ਹੈ। ਵਕਤ ਪੈਣ 'ਤੇ ਠੀਕ ਹੋ ਜਾਵੇਗੀ। ਕਿਸੇ ਨੇ ਇਹ ਵੀ ਕਿਹਾ ਕਿ ਹੁਣ ਤਾਂ ਸਗੋਂ ਸਿੱਖਾਂ ਦਾ ਸੂਤ ਹੀ ਬੜਾ ਲੱਗਾ ਹੈ। ਹੁਣ ਤਾਂ ਅਸੀਂ ਅਜ਼ਾਦ ਹਾਂ। ਪਹਿਲਾਂ ਅੰਗਰੇਜਾਂ ਦੇ ਗੁਲਾਮ ਸੀ। ਗੁਲਾਮੀ ਨਾਲੋਂ ਤਾਂ ਅਜਾਦੀ ਸਦਾ ਹੀ ਚੰਗੀ ਹੁੰਦੀ ਹੈ। ਕਿਸੇ ਨੇ ਕਿਹਾ ਕਿ ਜੇ ਹਿੰਦੂ ਬਹੁਗਿਣਤੀ ਵਲੋਂ ਨਿਗਲਿਆ ਵੀ ਚਲਿਆ ਹੈ ਤਾਂ ਅਸਾਂ ਕਿਹੜਾ ਏਥੇ ਬੈਠੇ ਰਹਿਣਾ ਹੈ।

ਅਸੀਂ ਤਾਂ ਸਮੇਤ ਪਰਿਵਾਰ ਬਾਹਰ ਜਾਣ ਨੂੰ ਤਿਆਰ ਬਨ ਹਾਂ। ਕਈਆਂ ਨੇ ਇਹ ਸੁਆਲ ਪੁਛੇ ਜਾਣ 'ਤੇ ਹੀ ਗੁਸਾ ਕੀਤਾ ਤੇ ਕਿਹਾ, "ਬੰਦਾ ਗੱਲ ਤੇ ਮੂੰਹੋਂ ਚੰਗੀ ਕੱਢੇ, ਹਿੰਦੂ ਵਿਚਾਰੇ ਕੋਈ ਸਾਡੇ ਨਾਲੋਂ ਵਖਰੇ ਹਨ। ਪਾਕਿਸਤਾਨ ਵਿਚੋਂ ਉਹ ਵੀ ਤਾਂ ਬਥੇਰਾ ਜਾਨੀ ਤੇ ਮਾਲੀ ਨੁਕਸਾਨ ਉਠਾ ਕੇ ਸਾਡੇ ਨਾਲ ਹੀ ਰਿੜ੍ਹਦੇ ਖਿੜ੍ਹਦੇ ਏਧਰ ਆਏ ਸਨ, ਹੁਣ ਉਹ ਹੋਰ ਤੇ ਅਸੀਂ ਹੋਰ ਹਾਂ?" ਇਕ ਸਿੱਖ ਨੇ ਕਿਹਾ, "ਹੱਦ ਹੋ ਗਈ ਸਵਾਲ ਪੁਛਣ ਵਾਲੀ, ਸਿੱਖ ਹਿੰਦੂ ਤੋਂ ਬਣਿਆ ਸੀ ਜੇ ਹਿੰਦੂਆਂ ਵਿਚ ਹੀ ਰਲ ਜਾਵੇ ਤਾਂ ਕਿਧਰ ਦਾ ਲੋਹੜਾ ਆ ਚਲਿਆ ਹੈ? ਹਾਂ ਜੇ ਮੁਸਲਮਾਨਾਂ ਵਿਚ ਜਾ ਰਲਦਾ ਫਿਰ ਬੁਰੀ ਗਲ ਸੀ।" ਇਸ ਤਰ੍ਹਾਂ 21 ਫੀਸਦੀ ਵਿਚੋਂ ਕਈ ਲੋਕਾਂ ਨੇ ਹਿੰਦੂਆਂ ਵਿਚ ਰਲਣ ਨੂੰ ਬੁਰਾ ਨਹੀਂ ਮੰਨਿਆ ਤੇ ਸਿੱਧੇ ਤੌਰ 'ਤੇ ਇਹ ਵੀ ਕਿਹਾ ਕਿ "ਹਿੰਦੂ ਹੁੰਦੂ ਕੁਝ ਨਹੀਂ ਹੁੰਦਾ, ਸਿੱਖ ਵੀ ਪਹਿਲੇ ਦਿਨ ਤੋਂ ਹੀ ਹਿੰਦੂ ਹਨ। ਦੋ ਨਾਂ ਰਖੇ ਜਾਣ ਨਾਲ ਇਕ ਕੌਮ ਦੋ ਨਹੀਂ ਬਣ ਜਾਂਦੀ। ਕਈਆਂ ਨੇ ਆਖਿਆ, "ਅਸੀਂ ਹੁਣ ਆਪਣੇ ਭਰਾਵਾਂ, ਭਣਵਈਆਂ, ਫੁਫੜਾਂ, ਮਾਸੜਾਂ ਤੇ ਚਾਚੇ, ਤਾਇਆ ਨੂੰ ਛੱਡ ਕੇ ਜੋ ਮੋਨੇ ਹਨ, ਪਿੰਡ ਦੇ ਜਟਾਂਬੂਟਾਂ ਨਾਲ ਰਲ ਕੇ ਆਪਣੇ ਆਪ ਨੂੰ ਸਿੱਖ ਅਖਵਾਈਏ? ਭਾਂਵੇ ਨਿਗਲੇ ਗਏ ਤੇ ਭਾਂਵੇ ਨਹੀਂ, ਅਸੀਂ ਏਦਾਂ ਹੀ ਚੰਗੇ ਹਾਂ।"

26 ਫੀਸਦੀ ਲੋਕਾਂ ਨੇ ਕੋਈ ਚੱਜ ਦਾ ਜੁਆਬ ਨਹੀਂ ਦਿੱਤਾ। ਕਈ ਤਾਂ ਜੁਆਬ ਦੇਣਾ ਹੀ ਨਹੀਂ ਸਨ ਚਾਹੁੰਦੇ। ਕਈ ਕਹਿੰਦੇ ਸਨ ਜਦੋਂ ਸਾਨੂੰ ਗੱਲ ਦਾ ਹੀ ਨਹੀਂ ਪਤਾ ਤਾਂ ਜੁਆਬ ਕਾਹਦਾ ਦੇਈਏ? ਕਈਆਂ ਨੂੰ ਅਜਗਰ ਦਾ ਹੀ ਪਤਾ ਨਹੀਂ ਸੀ ਤੇ ਉਹ ਪੁਛਦੇ ਸਨ ਅਜਗਰ ਕੀਹਨੂੰ ਆਂਹਦੇ ਹਨ। ਇਹਨਾਂ 26 ਫੀਸਦੀ ਲੋਕਾਂ ਨੂੰ ਛਡ ਦੇਈਏ ਤਾਂ 53 ਫੀਸਦੀ ਮੰਨਦੇ ਹਨ ਕਿ ਸਿੱਖ ਨਿਗਲਿਆ ਗਿਆ ਹੈ ਤੇ 21 ਫੀਸਦੀ ਮੰਨਦੇ ਹਨ ਕਿ ਨਹੀਂ ਨਿਗਲਿਆ ਗਿਆ ਤੇ ਜੇ ਨਿਗਲਿਆ ਵੀ ਗਿਆ ਹੈ ਤਾਂ ਇਹ ਕੋਈ ਬਹੁਤ ਵੱਡੀ ਗਲ ਨਹੀਂ ਮਾਮੂਲੀ ਗਲ ਹੈ। ਇਸ ਲਈ 53 ਫੀਸਦੀ ਲੋਕਾਂ ਦੇ ਵਿਚਾਰਾਂ ਨੂੰ ਅਧਾਰ ਬਣਾ ਕੇ ਹੀ ਮੈਂ ਇਹ ਕਿਤਾਬ ਛਪਵਾਉਣ ਦਾ ਹੌਂਸਲਾ ਕੀਤਾ ਹੈ। ਬ੍ਰਾਹਮਣਵਾਦ ਨੇ ਪਹਿਲਾਂ ਜੈਨ ਧਰਮ ਨੂੰ ਨਿਗਲਿਆ ਫਿਰ ਬੋਧੀਆਂ ਨੂੰ ਨਿਗਲਿਆ ਤੇ ਹੁਣ ਪਾਰਸੀਆਂ ਨੂੰ ਨਿਗਲਣ ਤੋਂ ਬਾਅਦ ਸਿੱਖ ਇਸ ਦੇ ਤਾਜ਼ਾ ਸ਼ਿਕਾਰ ਹਨ।

ਮੈਂ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਸਿਖ ਜਗਤ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਮੇਰੇ ਮਨ ਵਿਚ ਕਿਸੇ ਵੀ ਸਜਣ ਜਾਂ ਕਿਸੇ ਵੀ ਜਮਾਤ ਪ੍ਰਤੀ ਕੋਈ ਮੰਦਭਾਵਨਾਂ ਨਹੀਂ। ਬ੍ਰਾਹਮਣ ਤੋਂ ਮੇਰਾ ਭਾਵ ਉਸ ਬੁੱਧੀਜੀਵੀ ਤੋਂ ਹੈ, ਜਿਹੜਾ ਮਨੂੰਵਾਦੀ ਸਿਧਾਂਤ ਦਾ ਪ੍ਰਚਾਰਕ ਹੈ। ਆਮ ਸਧਾਰਣ ਬ੍ਰਾਹਮਣ ਸੱਜਣ ਮੇਰੇ ਲਈ ਪੂਰਾ ਪੂਰਾ ਸਤਿਕਾਰਯੋਗ ਹੈ। ਜਦੋਂ ਅਸੀਂ ਪਾਕਿਸਤਾਨ ਵਿਚੋਂ ਆਏ ਤਾਂ ਸਾਡੇ ਕੋਲ ਸਿਵਾਏ ਗਲ ਦੇ ਕਪੜਿਆਂ ਤੋਂ ਕੱਚੀ ਕੌਡੀ ਵੀ ਨਹੀਂ ਸੀ। ਸਾਡੀ ਪਿੰਡ ਮਾਨਾਂਵਾਲਾ ਵਾਲੀ ਜਮੀਨ ਇਕ ਬ੍ਰਾਹਮਣ ਕੋਲ ਸੀ, ਜੋ ਮੇਰੇ ਬਾਬਾ ਜੀ ਦਾ ਲੰਗੋਟੀਆ ਯਾਰ ਹੁੰਦਾ ਸੀ ਤੇ ਤੀਹ ਸਾਲ ਤੋਂ ਵਾਹੁੰਦਾ ਆ ਰਿਹਾ ਸੀ। ਮੇਰੇ ਪਿਤਾ ਜੀ ਪਾਕਿਸਤਾਨੋਂ ਅਮ੍ਰਿਤਸਰ ਆ ਕੇ ਉਸ ਨੂੰ ਚਾਚਾ ਕਹਿੰਦੇ ਸਨ ਤੇ ਮੇਰੀਆਂ ਮਾਤਾਵਾਂ ਉਹਦੇ ਪੈਰੀਂ ਹਥ ਲਾਉਂਦੀਆਂ ਸਨ। ਵਿਆਹਾਂ ਸ਼ਾਦੀਆਂ 'ਤੇ ਦੋਹਾਂ ਪਰਿਵਾਰਾਂ ਦਾ ਆਉਣਾ ਜਾਣਾ ਸੀ। ਮੇਰੇ ਪਿਤਾ ਜੀ ਸਿਰਹਾਣੇ ਬਾਂਹ ਰਖ ਕੇ ਇਕ ਸਾਡੇ ਦੂਰ ਦੇ ਰਿਸ਼ਤੇਦਾਰ ਹਰਭਜਨ ਸਿੰਘ ਦੇ ਘਾਹ ਦੇ ਲਾਅਨ 'ਤੇ ਪਏ ਸਨ, ਉਹਨਾਂ ਨੂੰ ਸਮਝ ਨਹੀਂ ਸੀ ਆਉਂਦੀ ਕਿ ਕੀ ਕਰਾਂ ਤੇ ਕਿੱਧਰ ਜਾਵਾਂ, ਸ਼ਾਮ ਦੇ ਛੇ ਕੁ ਵਜੇ ਦਾ ਵਕਤ ਸੀ, ਜਦੋਂ ਇਕ ਕੜਕਵੀਂ ਅਵਾਜ ਮੇਰੇ ਪਿਤਾ ਜੀ ਦੇ ਕੰਨਾਂ ਵਿਚ ਪਈ "ਉਏ ਬੁੱਢਾ ਸਿਆਂ ਏਥੇ ਘਾਹ 'ਤੇ ਲੰਮਾ ਪਿਆ ਕੀ ਕਰਦੈਂ, ਤੈਨੂੰ ਆਪਣੇ ਜੱਦੀ ਘਰ ਦਾ ਚੇਤਾ ਭੁੱਲ ਗਿਆ ਸੀ? ਸਵੇਰ ਦਾ ਤੈਨੂੰ ਕੈਂਪਾ ਵਿਚ ਲਭਦਾ ਫਿਰਦਾਂ, ਹੁਣ ਤੂੰ ਕਿਤੇ ਜਾ ਕੇ ਲਭੈਂ, ਚਲ ਉੱਠ ਤੁਰ ਘਰ ਚਲੀਏ।" ਫਿਰ ਉਹਨੇ

ਮੁੰਡੇ ਨੂੰ ਅਵਾਜ ਮਾਰੀ, "ਉਹ ਚਾੱਟੀ ਲਿਆ।" ਉਸ ਚਾੱਟੀ ਵਿਚ ਚਾਂਦੀ ਦੇ ਰੋਡੇ ਬਾਦਸ਼ਾਹ ਦੀ ਤਸਵੀਰ ਵਾਲੇ ਤੇਰਾਂ ਸੌ ਰੁਪਈਏ ਸਨ, ਜੋ ਉਸਨੇ ਮੇਰੇ ਪਿਤਾ ਜੀ ਨੂੰ ਦਿੱਤੇ। ਸ਼ਾਇਦ ਉਹ ਹੁਣ ਦੇ ਪੰਜਾਹ ਹਜਾਰ ਰੁਪਏ ਦੇ ਬਰਾਬਰ ਹੋਣ। ਮੇਰੇ ਪਿਤਾ ਜੀ ਦਾ ਚਿਹਰਾ ਖਿੜ ਗਿਆ ਤੇ ਇਕ ਵਾਰ ਤਾਂ ਉਨ੍ਹਾਂ ਨੂੰ ਉਜੜ ਪੁਜੜ ਕੇ ਆਏ ਹੋਣ ਦਾ ਚੇਤਾ ਈ ਭੁਲ ਗਿਆ।

ਮੈਂ ਦਸਵੀਂ ਵਿਚ ਪੜਦਾਂ ਸਾਂ ਜਦੋਂ ਉਹ ਹੀ ਬ੍ਰਾਹਮਣ ਆਪਣੇ ਪੋਤੇ ਨੂੰ ਨਾਲ ਲੈ ਕੇ ਸਾਡੇ ਘਰ ਆਇਆ। ਉਸਦਾ ਸਾਹ ਕੁਝ ਉਖੜਿਆ ਹੋਇਆ ਸੀ। ਉਸਦੀ ਉਮਰ ਵੀ ਹੁਣ ਕਾਫੀ ਹੋ ਗਈ ਸੀ। ਮੇਰੇ ਪਿਤਾ ਜੀ ਨੂੰ ਉਸਨੇ ਕਿਹਾ, "ਮੇਰਾ ਹੁਣ ਕੋਈ ਪਤਾ ਨਹੀਂ, ਅਜ ਆਂ ਕਿ ਕਲ, ਮੇਰੇ ਜੀਉਂਦੇ ਜੀਅ ਚਲ ਕੇ ਆਪਣੀ ਜਮੀਨ ਸਾਂਭ ਲਾ, ਤੇਰਾ ਪਿਓ ਓਥੇ (ਅਗਾਂਹ ਰਬ ਕੋਲ) ਮੈਨੂੰ ਪੁਛੂਗਾ ਪਈ ਸੁਣਾ ਮੇਰੇ ਪੁੱਤ ਦਾ ਕੀ ਹਾਲ ਹੈ ਤੇ ਮੈਂ ਕੀ ਆਖੂੰਗਾ ਪਈ ਮੇਰੇ ਪੁਤਾਂ ਨੇ ਤੇਰੇ ਪੁਤ ਦੀ ਜਮੀਨ ਸਾਂਭ ਲਈ ਹੈ। ਚੱਲ ਉੱਠ ਤੇ ਚੱਲ ਕੇ ਮੈਨੂੰ ਮੇਰੀ ਜਿੰਮੇਵਾਰੀ ਤੋਂ ਸੁਰਖ਼ਰੂ ਕਰ"। ਚਾਲੀ ਸਾਲ ਦੇ ਬੈਠੇ ਮੁਜਾਰੇ ਕੋਲੋਂ ਤਾਂ ਕੀ ਇਕ ਸਾਲ ਦੇ ਕਾਬਜ ਮੁਜਾਰੇ ਕੋਲੋਂ ਵੀ ਜਮੀਨ ਖਾਲੀ ਨਹੀਂ ਸੀ ਕਰਵਾਈ ਜਾ ਸਕਦੀ। ਸਾਡੇ ਪਰਿਵਾਰ ਵਿਚ ਉਸ ਬ੍ਰਾਹਮਣ ਪਰਿਵਾਰ ਪ੍ਰਤੀ ਹੁਣ ਵੀ ਬਹੁਤ ਸਤਿਕਾਰ ਹੈ। ਇਹ ਸਾਰੀ ਕਹਾਣੀ ਲਿਖਣ ਤੋਂ ਭਾਵ ਹੈ ਕਿ ਕਿਸੇ ਵੀ ਸਧਾਰਣ ਬ੍ਰਾਹਮਣ ਪ੍ਰਤੀ ਮੇਰੀ ਕੋਈ ਮੰਦਭਾਵਨਾ ਨਹੀਂ।

ਡੇਰਿਆਂ ਦੇ ਸਾਧਾਂ ਮੈਂ ਜੋ ਕੁੱਝ ਲਿਖਿਆ ਹੈ, ਉਹ ਜੋ ਲਿਖਿਆ ਜਾਣਾ ਚਾਹੀਦਾ ਸੀ ਉਸਦਾ ਵੀਹਵਾਂ ਹਿੱਸਾ ਵੀ ਨਹੀਂ। ਪੰਥ ਦੇ ਮਹਾਨ ਵਿਦਵਾਨ ਅਸ਼ੋਕ ਸਿੰਘ ਬਾਗੜੀਆ ਵਰਗੇ ਸੱਜਣ ਵੀ ਮੇਰੇ ਵਿਚਾਰਾਂ ਨਾਲ ਸਹਿਮਤ ਹਨ। 'ਪੰਜਾਬੀ ਟ੍ਰਿਬਿਊਨ' ਵਿਚ ਛਪਿਆ ਉਨ੍ਹਾਂ ਦਾ ਇਕ ਲੇਖ ਇਸ ਕਿਤਾਬ ਦੇ ਅੰਤ ਵਿਚ ਦਿੱਤਾ ਗਿਆ ਹੈ। ਇਨ੍ਹਾਂ ਸਾਧਾਂ ਦੀ ਵਜ੍ਹਾ ਕਰਕੇ ਹੀ ਸਿੱਖੀ ਨੂੰ ਬਹੁਤੀ ਢਾਅ ਲਗੀ ਹੈ ਤੇ ਲੋਕਾਂ ਦੀ ਸ਼ਰਧਾ ਵੀ ਟੁੱਟੀ ਹੈ। ਸਾਧ ਮਾਨ ਸਿੰਘ ਪੇਹੋਵੇ ਵਾਲਾ ਅਮਰੀਕਾ ਦੇ ਇਕ ਸ਼ਹਿਰ ਰੀਨੋਂ ਗਿਆ। ਰੀਨੋਂ ਦੇ ਗੁਰਦੁਆਰੇ ਵਿਚ ਇਸਨੇ ਤਿੰਨ ਦਿਨ ਕਥਾ ਕੀਤੀ। ਨਾਲ ਦੇ ਸ਼ਹਿਰ ਕਾਰਸਨ ਸਿਟੀ ਦਾ ਇਕ ਸੱਜਣ ਇਨ੍ਹਾਂ ਨੂੰ ਸੰਤ-ਮੁੱਖ ਜਾਣ ਕੇ ਆਪਣੇ ਘਰ ਲਿਜਾ ਕੇ ਚਾਹ ਪਾਣੀ ਪਿਆਉਣਾ ਚਾਹੁੰਦਾ ਸੀ। ਸੱਤ-ਅੱਠ ਲਬੜਕਟੇ ਜਹੇ ਉਹਦੇ ਚੇਲੇ ਵੀ ਨਾਲ ਸਨ ਤੇ ਨਾਲ ਉਹ ਚਾਰ ਚੇਲੀਆਂ ਲਈ ਫਿਰਦਾ ਸੀ। ਕੋਈ ਆਖੇ ਮੈਂ ਛੋਟੀਆਂ ਇਲਾਚੀਆਂ ਵਾਲਾ ਦੁੱਧ ਪੀਣਾ ਹੈ, ਕੋਈ ਆਖੇ ਮੈਂ ਵਡੀਆਂ ਇਲਾਚੀਆਂ ਵਾਲਾ ਦੁੱਧ ਪੀਣਾ ਹੈ ਤੇ ਕੋਈ ਆਖੇ ਬੋਰਨਵੀਟਾ ਪਾ ਕੇ ਮੇਰੇ ਲਈ ਦੁੱਧ ਲਿਆਓ। ਕੋਈ ਆਖੇ ਠੰਡਾ ਦੁੱਧ ਪੀਣਾ ਹੈ ਤੇ ਕੋਈ ਆਖੇ ਤੱਤਾ। ਕੋਈ ਆਖੇ ਦੁੱਧ ਵਿਚ ਕਾਰਨਫਲੈਕਸ ਪਾ ਕੇ ਲਿਆਓ। ਇਕ ਚੇਲੀ ਤਾਂ ਰਸੋਈ ਵਿਚ ਹੀ ਜਾ ਵੜੀ ਤੇ ਐਸੀ 'ਮਾਮੀ ਚੰਨੋਂ' ਬਣੀ ਕਿ ਕਦੇ ਆਖੇ ਬਾਬਾ ਜੀ ਆਹ ਨਹੀਂ ਖਾਂਦੇ, ਕਦੇ ਆਖੇ ਬਾਬਾ ਜੀ ਅਹੁ ਨਹੀਂ ਪੀਂਦੇ। ਗਲ ਕੀ ਸਾਰਾ ਟੱਬਰ ਭਜਾ ਭਜਾ ਕੇ ਹੰਭਾ ਦਿੱਤਾ। ਸਾਧ ਮਾਨ ਸਿੰਘ ਸੋਫੇ ਉਤੇ ਲੱਤਾਂ ਤੇ ਬਾਹਵਾਂ ਖਿਲਾਰ ਕੇ ਪਿਆ ਸੀ, ਚਾਰੇ ਚੇਲੀਆਂ ਉਹਦੀਆਂ ਲੱਤਾਂ ਤੇ ਬਾਹਵਾਂ ਘੁੱਟ ਰਹੀਆਂ ਸਨ, ਜਿਵੇਂ ਸਾਧ ਹੱਲ ਵਾਹੁੰਦਾ ਥੱਕ ਗਿਆ ਹੋਵੇ। ਪਿੰਡਾਂ ਵਿਚ ਇਹੋ ਜਹਿਆਂ ਵਰਗੇ ਜੱਟ ਕਿਲ੍ਹਾ ਜਮੀਨ ਦਾ ਵਾਹ ਕੇ ਫੇਰ ਡੰਗਰਾਂ ਲਈ ਪੱਠੇ ਵੱਢਣ ਜਾਂਦੇ ਹਨ ਤੇ ਇਹ ਵਾਜੇ 'ਤੇ ਪੂੰਅ-ਪੂੰਅ ਕਰ ਕੇ ਹੀ ਥੱਕ ਗਿਆ ਸੀ। ਸਾਡੇ ਪਿੰਡ ਦਾ ਬਤਨਾ ਤਰਖਾਣ ਅਮਲੀ ਸੀ। ਉਨੇਂ ਜਦੋਂ ਵੀ ਕੋਈ ਮੋਟਾ ਸੰਡਾ ਗੱਡੇ ਜਾਂ ਰੇੜ੍ਹੇ ਨੂੰ ਬੀਂਡੀ ਪਾ ਕੇ ਜੁੱਤਾ ਵੇਖਣਾ ਤਾਂ ਕਹਿਣਾ ਬਈ ਇਹ ਤਾਂ ਪਿਛਲੇ ਜਨਮ ਵਿਚ ਅਮ੍ਰਿਤਸਰ ਦੇ ਵੱਡੇ ਗੁਰਦੁਆਰੇ ਦਾ ਭਾਈ ਹੋਊ, ਜਿਹੜਾ ਹੁਣ ਪਿਛਲੇ ਜਨਮ ਦੀਆਂ ਕੀਤੀਆਂ ਭੁਗਤ ਰਿਹਾ ਹੈ। ਦੂਜੇ ਦਿਨ ਸਵੇਰੇ ਇਸ ਜੁੰਡਲੀ ਦਾ ਪੀਜ਼ੇ ਦਾ ਨਾਸ਼ਤਾ (Breakfast) ਰੀਨੋਂ ਦੇ ਗੁਰਦੁਆਰੇ ਦੇ ਪ੍ਰਧਾਨ ਦੇ ਘਰ ਸੀ। ਉਹ ਵਿਚਾਰੇ ਘੜੀ ਘੜੀ ਬਾਅਦ ਟੈਲੀਫੋਨ ਕਰਨ ਕਿ, ਜੀ ਪੀਜ਼ਾ ਤਿਆਰ ਹੈ, ਠੰਡਾ

ਹੋ ਜਾਏਗਾ, ਜਲਦੀ ਆਓ! ਪਰ ਉਹ ਰਸੋਈ ਵਾਲੀ ਜਨਾਨੀ ਆਖੇ, "ਨਾਸ਼ਤੇ 'ਤੇ ਜਾਣ ਤੋਂ ਪਹਿਲਾਂ ਆਪਾਂ ਇਹਨਾਂ ਨੂੰ ਦੋ ਦੋ ਪ੍ਰਾਉਂਠੇ ਲਾਹ ਦਈਏ, ਸਵੇਰੇ ਸਵੇਰੇ ਇਨ੍ਹਾਂ ਵਿਚਾਰਿਆਂ ਦਾ ਕਲੇਜਾ ਧੁਫਲਿਆ ਜਾਊਗਾ, ਰੀਨੋਂ ਦਾ ਰਸਤਾ ਹੀ ਏਥੋਂ ਇਕ ਘੰਟੇ ਦਾ ਹੈ, ਨਾਲੇ ਭੁਖੇ ਭਾਣੇ ਸੰਤਾਂ ਨੂੰ ਘਰੋਂ ਨਹੀਂ ਤੋਰੀਦਾ, ਚਾਰ-ਚਾਰ ਪ੍ਰਾਉਂਠੇ ਦਹੀਂ ਤੇ ਚਾਹ ਨਾਲ ਖਾ ਕੇ ਜਦੋਂ ਸਾਧ ਜੁੰਡਲੀ ਗਈ ਤਾਂ ਘਰ ਵਾਲਿਆਂ ਨੇ ਸੁਖ ਦਾ ਸਾਹ ਲਿਆ ਤੇ ਪ੍ਰਣ ਕੀਤਾ ਕਿ ਅਗੋਂ ਤੋਂ ਕਿਸੇ ਵੀ ਸਾਧ ਨੂੰ ਜਲ-ਪਾਣੀ ਛਕਾਉਣ ਦਾ ਸੱਦਾ ਨਹੀਂ ਦੇਣਾ। ਇਹ ਹੀ ਸਾਧ ਸ. ਗੁਰਬਖਸ਼ ਸਿੰਘ ਕਾਲਾ ਅਫਗਾਨਾਂ ਬਾਰੇ ਭਾਸ਼ਣ ਕਰਦਾ ਸੀ "ਇਕ ਗੁਰਬਖਸ਼ ਸੂੰਹ ਕਾਲਾ ਅਫਗਾਨਾ ਵਾਲਾ ਬੁੱਕਾਂ ਲਿਖਦਾ ਆ ਤੇ ਆਂਹਦਾ ਆ ਪਈ ਬਿਪਰ ਸਿੱਖੀ ਦੇ ਦੁਸ਼ਮਣ ਆ। ਕੋਈ ਉਹਨੂੰ ਪੁਛੇ ਪਈ ਬਿਪਰ ਸਾਡੇ ਭਰਾ ਨਹੀਂਗੇ।" ਨਹੀਂ ਮਾਨ ਸਿੰਘ ਜੀ ਬਿਪਰ ਤੁਹਾਡੇ ਭਰਾ ਨਹੀਂ ਸਗੋਂ ਤੁਸੀਂ ਤਾਂ ਆਪ ਹੀ ਬਿਪਰ ਹੋ। ਸਿਖੀ ਦੇ ਭੇਸ ਵਿਚ ਜਿੰਨੀ ਤੁਸਾਂ ਕਚੀ ਬਾਣੀ ਬੋਲੀ ਹੈ ਤੇ ਜਿੰਨਾ ਤੁਸਾਂ ਮਨਘੜਤ ਕਹਾਣੀਆਂ ਸੁਣਾ ਸੁਣਾ ਕੇ ਸਿਖੀ ਦਾ ਬੇੜਾ ਗਰਕ ਕੀਤਾ ਹੈ, ਏਨਾਂ ਤਾਂ ਬਿਪਰ ਵੀ ਨਹੀਂ ਸਨ ਕਰ ਸਕਦੇ। ਇਕ ਸਾਧ ਦੇ ਡੇਰੇ ਨੂੰ ਦੋਰਾਹੇ ਦੇ ਲਾਗੋਂ ਰਸਤਾ ਮੁੜਦਾ ਹੈ ਜਿਸਨੂੰ ਜਰਗ ਵਾਲੇ ਸਾਧ ਕਹਿੰਦੇ ਹਨ। ਉਸਨੇ ਕਈ ਦਰਜ਼ਨ ਜੋੜੇ, ਲੱਥੀਆਂ ਹੋਈਆਂ ਜੁਤੀਆਂ ਦੇ, ਸ਼ੀਸ਼ੇ ਵਾਲੀਆਂ ਅਲਮਾਰੀਆਂ ਵਿਚ ਸਜਾ ਕੇ ਰਖੇ ਹੋਏ ਹਨ। ਸੰਗਤ ਜਾਂਦੀ ਹੈ ਤੇ ਸਾਧ ਨੂੰ ਮੱਥਾ ਟੇਕਣ ਤੋਂ ਪਹਿਲਾਂ ਵੱਡੇ ਸਾਧ ਦੀਆਂ ਜੁਤੀਆਂ ਨੂੰ ਮੱਥਾ ਟੇਕਦੀ ਹੈ। ਬਾਬੇ ਦੀਆਂ ਦੋ ਵਿਦੇਸ਼ੀ ਕਾਰਾਂ ਗੈਰਜ ਵਿਚ ਪਿਛੇ ਖੜੀਆਂ ਕੀਤੀਆਂ ਹੋਈਆਂ ਹਨ, ਜਿਨ੍ਹਾਂ ਨੂੰ ਚੁੰਮ ਚੁੰਮ ਕੇ ਸਾਧ ਦੀ ਚੇਲੀ ਰੂਪੀ ਸੰਗਤ ਨੇ ਕਾਰਾਂ ਦਾ ਰੰਗ ਫਿੱਕਾ ਕਰ ਛਡਿਆ ਹੈ। ਭੋਲੀ ਭਾਲੀ ਸੰਗਤ ਕੋਲੋਂ ਜੁਤੀਆਂ ਨੂੰ ਮਥਾ ਟਿਕਵਾਉਣਾ ਕਿਧਰ ਦੀ ਸਿੱਖੀ ਹੈ? ਏਸੇ ਤਰ੍ਹਾਂ ਦੀ ਸੰਗਤ ਨੂੰ ਹੀ ਕਈ ਥਾਂਈ ਭੇਡਾਂ ਲਿਖਿਆ ਹੈ। ਬਾਕੀ ਗੁਰੂ ਕੀ ਸੰਗਤ ਤਾਂ ਬਹੁਤ ਹੀ ਸਤਿਕਾਰਯੋਗ ਹੈ।

ਵਿਦਵਾਨ ਲੋਕ ਕੌਮਾਂ ਦੀ ਸ਼ਕਤੀ ਹੁੰਦੇ ਹਨ। ਏਸੇ ਨੂੰ ਹੀ ਅੰਗਰੇਜੀ ਵਿਚ ਵਿਦਵਤਾ ਦੇ ਸੋਮੇ (Think Tank) ਕਿਹਾ ਜਾਂਦਾ ਹੈ। ਪਰ ਲੱਲੀ ਛੱਲੀ ਵਿਦਵਾਨਾਂ ਦਾ ਵੀ ਸਿੱਖਾਂ ਵਿਚ ਘਾਟਾ ਨਹੀਂ। ਅਮਰੀਕਾ ਵਿਚ ਏਹੇ ਜਹੇ ਵਿਦਵਾਨਾਂ ਦਾ ਨਾਂ ਉੱਚਕੋਟੀ ਦੇ ਨੀਚ ਵਿਦਵਾਨ ਪਿਆ ਹੋਇਆ ਹੈ। ਹਿਟਲਰ ਨੇ ਐਸੇ ਵਿਦਵਾਨਾਂ ਨੂੰ ਹੀ ਸਮਾਜ ਦਾ ਕਬਾੜ ਅਰਥਾਤ (Srap of the Society) ਕਿਹਾ ਹੈ। ਉਸਦਾ ਖਿਆਲ ਸੀ ਕਿ ਇਸ ਕਿਸਮ ਦੇ ਵਿਦਵਾਨ ਗੱਲ ਨੂੰ ਕਿਸੇ ਸਿਰੇ ਨਹੀਂ ਲਗਣ ਦੇਂਦੇ ਤੇ ਸਿੱਧੀ-ਪਧਰੀ ਗੱਲ ਦੇ ਵੀ ਉਲਟ ਅਰਥ ਕਢਦੇ ਹਨ ਤੇ ਨਤੀਜਾ ਕੋਈ ਨਹੀਂ ਕੱਢਦੇ। ਜੇ ਸੌ ਵਿਦਵਾਨਾਂ ਨੂੰ ਇਕ ਕਮਰੇ ਵਿਚ ਵਾੜ ਕੇ ਕਿਸੇ ਸਮਸਿਆ 'ਤੇ ਵਿਚਾਰ ਕਰਨ ਨੂੰ ਕਿਹਾ ਜਾਵੇ ਤਾਂ ਹਰ ਇਕ ਦੀ ਰਾਏ ਵਖੋ ਵਖਰੀ ਹੁੰਦੀ ਹੈ। ਸੌ ਲੋਕਾਂ ਦੇ ਸੌ ਵਿਚਾਰ ਹੋਣ ਤਾਂ ਮਸਲਾ ਹੱਲ ਕਿਵੇਂ ਹੋਵੇ, ਵਿਦਵਾਨਾਂ ਦੀ ਏਹੋ ਸਮਸਿਆ ਹੀ ਅੱਜ ਸਿੱਖੀ ਵਿਚ ਵੀ ਹੈ।

ਇਹ ਕਿਤਾਬ ਲਿਖ ਕੇ ਮੈਂ ਕੋਈ ਗੁਸਤਾਖੀ ਨਹੀਂ ਕੀਤੀ। ਇਕ ਗੰਭੀਰ ਸਮਸਿਆ ਵਲ ਸਾਰੀ ਸਿੱਖ ਸੰਗਤ ਦਾ ਧਿਆਨ ਦੁਆਉਣਾ ਹੀ ਮੇਰਾ ਮਕਸੱਦ ਹੈ। ਕਿਸੇ ਨੂੰ ਇਹ ਕਿਤਾਬ ਠੀਕ ਲਗੇਗੀ, ਕਿਸੇ ਨੂੰ ਗਲਤ। ਕੋਈ ਆਖੇਗਾ ਸਿਖ ਨਿਗਲਿਆ ਗਿਆ ਹੈ, ਕੋਈ ਆਖੇਗਾ ਨਹੀਂ। ਬਸ ਪੰਥ ਵਿਚ ਇਹ ਚਰਚਾ ਚਲ ਪਵੇ ਤਾਂ ਸ਼ਾਇਦ ਸਿੱਖਾਂ ਦਾ ਕੋਈ ਭਲਾ ਹੀ ਹੋ ਜਾਵੇ। ਮੇਰੀ ਵਾਹਿਗੁਰੂ ਅਗੇ ਇਹੀ ਅਰਦਾਸ ਹੈ।

**19 ਨਵੰਬਰ, 2002** **ਕੁਲਬੀਰ ਸਿੰਘ ਕੌੜਾ**

***

# ☐ ਜੈਨ ਧਰਮ

ਜੈਨ ਧਰਮ ਭਾਰਤ ਵਿਚ ਪੈਦਾ ਹੋਏ ਧਰਮਾਂ ਵਿਚੋਂ ਇਕ ਹੈ। ਜੇ ਜੈਨੀਆਂ ਦੀ ਗੱਲ ਕਰੀਏ ਤਾਂ ਜੈਨੀਆਂ ਦੇ ਗੁਰੂ ਮਹਾਂਵੀਰ ਵੀ ਬੁੱਧ ਧਰਮ ਦੇ ਮਹਾਤਮਾਂ ਬੁੱਧ ਤੇ ਸਿੱਖਾਂ ਦੇ ਦਸ ਗੁਰੂਆਂ ਵਾਂਗ ਕਸ਼ੱਤਰੀ ਸਨ ਬਲਕਿ ਜੈਨ ਧਰਮ ਦੇ ਚੌਵੀ ਦੇ ਚੌਵੀ ਤੀਰਥੰਕਰ ਹੀ ਕਸ਼ੱਤਰੀ ਸਨ। ਇਸ ਧਰਮ ਦੀਆਂ ਮੁੱਖ ਸੰਪਰਦਾਵਾਂ ਦਿਗੰਬਰ ਜੈਨ ਤੇ ਸ਼ਵੇਤਾਂਬਰ ਜੈਨ ਹਨ। ਸ਼ਵੇਤਾਂਬਰ ਸਫੈਦ ਕੱਪੜੇ ਪਾਉਂਦੇ ਹਨ ਤਾਂ ਹੀ ਇਨ੍ਹਾਂ ਦਾ ਨਾਂ ਸ਼ਵੇਤਾਂਬਰ ਪੈ ਗਿਆ ਹੈ ਅਤੇ ਦਿਗੰਬਰ ਨੰਗੇ ਰਹਿੰਦੇ ਹਨ। ਜੈਨ ਧਰਮ ਦੇ ਪਹਿਲੇ ਤੀਰਥੰਕਰ ਰਿਸ਼ਭਦੇਵ ਸਨ। ਇਹ ਧਰਮ ਆਪਣੇ ਅਹਿੰਸਾ ਦੇ ਸਿਧਾਂਤ ਕਾਰਨ ਦੁਨੀਆਂ ਭਰ ਵਿਚ ਪ੍ਰਸਿੱਧ ਹੈ। ਅਸਲ ਵਿਚ ਸ਼ਬਦ ਜੈਨ 'ਜਿੱਨ' ਤੋਂ ਬਣਿਆ ਹੈ, ਜਿਸ ਦਾ ਅਰਥ ਹੁੰਦਾ ਹੈ ਆਪਣੀਆਂ ਸਾਰੀਆਂ ਇੱਛਾਵਾਂ ਤੇ ਕਾਮਨਾਵਾਂ ਉੱਪਰ ਜਿੱਤ ਪਾਉਣ ਵਾਲਾ। ਜਦੋਂ ਜੈਨੀ ਆਪਸ ਵਿਚ ਗੱਲਬਾਤ ਕਰਦੇ ਹਨ ਤਾਂ ਤੀਰਥੰਕਰ ਨੂੰ ਵੀ 'ਜਿੱਨ' ਆਖ ਕੇ ਵਡਿਆਉਂਦੇ ਹਨ। ਤੀਰਥੰਕਰ ਤੋਂ ਭਾਵ ਧਾਰਮਕ ਗੁਰੂ ਹੈ। ਵੈਸੇ ਤਾਂ ਜੈਨ ਧਰਮ ਸਾਰੇ ਭਾਰਤ ਵਿਚ ਹੀ ਹੈ ਪਰ ਫਿਰ ਵੀ ਪੂਰਬ ਵਿਚ ਮਗਧ, ਪੱਛਮ ਵਿਚ ਗੁਜਰਾਤ ਤੇ ਦੱਖਣ ਵਿਚ ਕਰਨਾਟਕ ਅੰਦਰ ਇਸ ਧਰਮ ਦੇ ਪੈਰੋਕਾਰ ਜ਼ਿਆਦਾ ਹਨ। ਮਹਾਂਵੀਰ ਚੌਵੀਵੇਂ ਤੀਰਥੰਕਰ ਸਨ। ਇਨ੍ਹਾਂ ਨੂੰ ਹੀ ਵਰਧਮਾਨ ਵੀ ਕਹਿੰਦੇ ਹਨ। ਏਸੇ ਲਈ ਹੀ ਹਰ ਜੈਨੀ ਦੀ ਜ਼ਬਾਨ 'ਤੇ ਮਹਾਂਵੀਰ ਦਾ ਨਾਂ ਹੁੰਦਾ ਹੈ। ਸਿੱਖਾਂ ਦੇ ਦਸ ਗੁਰੂਆਂ ਵਾਂਗ ਇਨ੍ਹਾਂ ਦੇ ਵੀ ਚੌਵੀ ਤੀਰਥੰਕਰਾਂ ਤੋਂ ਬਾਅਦ ਹੋਰ ਕੋਈ ਤੀਰਥੰਕਰ ਨਹੀਂ ਹੋਇਆ।

ਜੈਨੀਆਂ ਦੇ ਚੌਵੀ ਤੀਰਥੰਕਰ ਭਾਂਵੇ ਕਸ਼ੱਤਰੀ ਸਨ ਪਰ ਉਨ੍ਹਾਂ ਦੇ ਯਾਰਾਂ ਦੇ ਯਾਰਾਂ ਗੰਧਰਵ ਚੇਲੇ ਸਾਰੇ ਬ੍ਰਾਹਮਣ ਸਨ। ਉਨ੍ਹਾਂ ਬ੍ਰਾਹਮਣਾਂ ਨੇ ਪੂਰਾ ਜੈਨ ਧਰਮ ਹੀ ਬ੍ਰਾਹਮਣੀ ਰੰਗ ਵਿਚ ਰੰਗ ਦਿੱਤਾ ਤੇ ਐਸਾ ਸਾਹਿਤ ਰਚਿਆ ਕਿ ਜੈਨੀਆਂ ਦੀ ਪੂਰੀ ਦੀ ਪੂਰੀ ਹੋਂਦ ਹੀ ਬ੍ਰਾਹਮਣਾਂ ਨੇ ਆਪਣੇ ਹੱਥ ਕਰ ਲਈ ਤੇ ਇਸ ਤਰ੍ਹਾਂ ਜੈਨ ਧਰਮ ਦੇ ਦੋ ਵੱਖਰੇ-ਵੱਖਰੇ ਟੁਕੜੇ ਹੋ ਕੇ ਦਿਗੰਬਰ ਜੈਨੀਆਂ ਤੇ ਸ਼ਵੇਤਾਂਬਰ ਜੈਨੀਆਂ ਵਿਚ ਵੰਡੇ ਗਏ। ਦਿਗੰਬਰ ਜੈਨ ਖੁੱਲ੍ਹੀ ਅੱਖ ਵਾਲੇ ਮਹਾਂਵੀਰ ਦੀ ਮੂਰਤੀ ਸਾਹਮਣੇ ਪੂਜਾ ਕਰਦੇ ਹਨ ਤੇ ਸ਼ਵੇਤਾਂਬਰ ਜੈਨ ਮੀਟੀਆਂ ਅੱਖਾਂ ਵਾਲੇ ਮਹਾਂਵੀਰ ਦੀ ਮੂਰਤੀ ਅੱਗੇ। ਜਿਥੇ ਕਿਤੇ ਇਕ ਹੀ ਮੰਦਰ ਵਿਚ ਦੋਵੇਂ ਧੜੇ ਇਕੱਠੇ ਹੋ ਜਾਣ, ਉਥੇ ਦੋਵੇਂ ਧੜੇ ਵੱਖ-ਵੱਖਰੀ ਪੂਜਾ ਕਰਨ ਦੀ ਜ਼ਿੱਦ ਕਰਦੇ ਹਨ ਤੇ ਇਸ ਗਲ 'ਤੇ ਫਸਾਦ ਵੀ ਹੋ ਜਾਂਦੇ ਹਨ, ਡਾਂਗਾਂ-ਸੋਟੇ ਚੱਲਦੇ ਹਨ ਤੇ ਕਈਆਂ ਜੈਨੀਆਂ ਦਾ ਲਹੂ ਚੋਂਦਾ ਫਿਰਦਾ ਹੈ ਤੇ ਅਹਿੰਸਾ ਦੀ ਪੁਜਾਰੀ ਕੌਮ ਮਰਨ-ਮਾਰਨ 'ਤੇ ਤੁਲ ਜਾਂਦੀ ਹੈ। ਇਹ ਗੱਲ ਬਾਦ ਵਿਚ ਇਨ੍ਹਾਂ ਦੋ ਧੜਿਆਂ ਤੋਂ ਵੀ ਅੱਗੇ ਲੰਘ ਗਈ ਤੇ ਤੇਰਾਂ ਪੰਥੀ ਤੇ ਅਠਾਰਾਂ ਪੰਥੀਆਂ ਵਿਚ ਵੰਡੀ ਗਈ। ਬ੍ਰਾਹਮਣਾਂ ਨੇ ਏਥੋਂ ਤੱਕ ਘੁਸਪੈਠ ਕਰ ਲਈ ਕਿ ਜੈਨੀਆਂ ਨੂੰ ਵੀ ਆਪਣੇ ਵਰਗੇ ਪਾਖੰਡੀ ਬਣਾ ਲਿਆ। ਜਦੋਂ ਕੋਈ ਉਹਨਾਂ ਦੇ ਖਾਣ ਲਈ ਭੋਜਨ ਪਾ ਰਿਹਾ ਹੋਵੇ ਜਾਂ

ਓਹਨਾਂ ਨੂੰ ਆਪ ਭਿਕਸ਼ਾ ਮੰਗਣ ਗਿਆਂ ਨੂੰ ਉਹਨਾਂ ਦੇ ਭਾਂਡੇ ਵਿਚ ਕੋਈ ਐਸੀ ਸਬਜ਼ੀ ਜਾਂ ਕੋਈ ਹੋਰ ਖਾਣ ਵਾਲੀ ਚੀਜ਼ ਪਾਵੇ, ਜੋ ਉਨ੍ਹਾਂ ਨੂੰ ਪਸੰਦ ਨਾ ਹੋਵੇ ਜਾਂ ਸਵਾਦ ਨਾ ਲਗਦੀ ਹੋਵੇ ਤਾਂ ਹੱਥ ਦਾ ਇਸ਼ਾਰਾ ਕਰਕੇ ਉਹ ਚੀਜ਼ ਪਾਉਣੋਂ ਰੋਕ ਦੇਂਦੇ ਹਨ ਤੇ ਜੋ ਚੀਜ਼ ਜ਼ਿਆਦਾ ਸਵਾਦ ਲਗਦੀ ਹੋਵੇ, ਉਹ ਹੱਥ ਨਾਲ ਹੋਰ ਪਾਉਣ ਦਾ ਇਸ਼ਾਰਾ ਕਰ ਦੇਂਦੇ ਹਨ। ਜੈਨੀਆਂ ਦੀ ਸਿੱਖਿਆ ਅਨੁਸਾਰ ਜੋ ਘਰ ਵਾਲਾ ਪਾ ਦੇਵੇ, ਉਹ ਹੀ ਚੁੱਪ-ਚਾਪ ਲੈ ਲੈਣਾ ਚਾਹੀਦਾ ਹੈ ਤੇ ਕਿਸੇ ਚੀਜ਼ ਦੀ ਵੀ ਮੰਗ ਨਹੀਂ ਕਰਨੀ ਚਾਹੀਦੀ। ਪਰ ਬ੍ਰਾਹਮਣ ਨੇ ਖੱਚਰ ਵਿੱਦਿਆ ਨਾਲ ਇਹ ਤਰੀਕਾ ਕੱਢ ਲਿਆ ਕਿ ਮੂੰਹੋਂ ਨਾ ਬੋਲੋ ਤੇ ਹੱਥ ਨਾਲ ਜਾਂ ਸੈਨਤ ਨਾਲ ਸਵਾਦੀ ਭੋਜਨ ਵੱਧ ਲੈ ਲਓ। ਹਾਲਾਂਕਿ ਜੈਨ ਧਰਮ ਗ੍ਰੰਥਾਂ ਵਿਚ ਇਹ ਲਿਖਿਆ ਹੋਇਆ ਹੈ ਕਿ ਭੋਜਨ ਇਸ ਤਰ੍ਹਾਂ ਖਾਓ ਜਿਵੇਂ ਮਿੱਟੀ ਖਾਈਦੀ ਹੈ। ਹਿੰਦੂ ਕਹਿੰਦੇ ਹਨ ਆਤਮਾਂ ਵੀ ਹੈ ਤੇ ਪ੍ਰਮਾਤਮਾ ਵੀ ਪਰ ਜੈਨੀ ਕਹਿੰਦੇ ਹਨ ਕਿ ਆਤਮਾਂ ਹੈ ਪਰ ਪ੍ਰਮਾਤਮਾਂ ਨਹੀਂ ਹੈ। ਬੋਧੀ ਕਹਿੰਦੇ ਹਨ ਨਾਂ ਆਤਮਾ ਹੈ ਨਾਂ ਪ੍ਰਮਾਤਮਾਂ। ਏਸੇ ਲਈ ਹੀ ਇਹ ਧਰਮ ਵਖਰੇ ਵਖਰੇ ਹਨ। ਹਿੰਦੂ ਅਤੇ ਯਹੂਦੀ ਜਨਮ ਤੋਂ ਧਰਮ ਮੰਨਦੇ ਹਨ। ਇਸਾਈ, ਮੁਸਲਮਾਨ, ਬੋਧੀ, ਜੈਨੀ ਅਤੇ ਸਿੱਖ ਕਰਮ ਨਾਲ ਧਰਮ ਮੰਨਦੇ ਹਨ।

ਜੈਨੀ ਮੂੰਹ 'ਤੇ ਪੱਟੀ ਇਸ ਲਈ ਬੰਨ੍ਹਦੇ ਹਨ ਤਾਂ ਕਿ ਹਵਾ ਵਿਚ ਉੱਡਦੇ ਫਿਰਦੇ ਨਿੱਕੇ-ਨਿੱਕੇ ਜੀਆ-ਜੰਤ ਸਾਹ ਲੈਣ ਨਾਲ ਅੰਦਰ ਨਾ ਲੰਘ ਜਾਣ ਤੇ ਮਰ ਨਾ ਜਾਣ। ਪੈਰੋਂ ਨੰਗੇ ਇਸ ਕਰਕੇ ਰਹਿੰਦੇ ਹਨ ਕਿ ਧਰਤੀ 'ਤੇ ਤੁਰਨ-ਫਿਰਨ ਵਾਲਾ ਕੋਈ ਕੀੜਾ-ਮਕੌੜਾ ਜਾਂ ਕੋਈ ਹੋਰ ਜਾਨਵਰ ਪੈਰ ਥੱਲੇ ਆ ਕੇ ਮਰ ਨਾ ਜਾਵੇ। ਮੋਢੇ 'ਤੇ ਬੁਰਸ਼ ਨੁਮਾ 'ਕੁੱਚ' ਰੱਖਦੇ ਹਨ ਤਾਂ ਕਿ ਜਿਥੇ ਬੈਠਣਾ ਹੋਵੇ, ਉਹਦੇ ਨਾਲ ਥਾਂ ਸਾਫ ਕਰਕੇ ਬੈਠਿਆ ਜਾਵੇ ਤਾਂ ਕਿ ਬੈਠਣ ਨਾਲ ਦੇਹ ਦੇ ਭਾਰ ਨਾਲ ਕੋਈ ਜੀਆ-ਜੰਤ ਨਾ ਦੱਬਿਆ ਜਾਵੇ। ਜੈਨੀ ਨਹਾਉਂਦੇ ਵੀ ਨਹੀਂ ਤਾਂ ਕਿ ਸਰੀਰ ਨਾਲ ਲੱਗੇ ਕੀੜੇ ਮਰ ਨਾ ਜਾਣ, ਦੰਦਾਂ ਨੂੰ ਬੁਰਸ਼ ਵਗੈਰਾ ਕਰਨਾ ਵੀ ਮਨ੍ਹਾਂ ਹੈ। ਜਿਹੜਾ ਬੰਦਾ ਨਹਾਏਗਾ ਨਹੀਂ, ਉਹਦੇ ਜੂੰਆਂ ਤਾਂ ਪੈ ਹੀ ਜਾਂਦੀਆਂ ਹਨ। ਉਸਤਰੇ ਨਾਲ ਇਸ ਕਰਕੇ ਸਿਰ ਨਹੀਂ ਮੁੰਨਦੇ ਤਾਂ ਕਿ ਜੂੰਆਂ ਵੱਢੀਆਂ ਨਾ ਜਾਣ। ਇਸ ਲਈ ਵਾਲਾਂ ਨੂੰ ਇਕ-ਇਕ ਕਰਕੇ ਪੁਟਦੇ ਹਨ। ਜੈਨੀ ਮਹਾਤਮਾਂ ਗਾਂਧੀ ਨਾਲ ਬੜੇ ਖੁਸ਼ ਸਨ। ਸਭ ਤੋਂ ਵੱਧ ਜੈਨੀ ਹੀ ਮਹਾਤਮਾਂ ਗਾਂਧੀ ਨਾਲ ਜੇਲ੍ਹ ਜਾਂਦੇ ਰਹੇ ਕਿਉਂਕਿ ਉਹ ਹਿੰਸਾ ਨੂੰ ਨਿੰਦਦੇ ਸਨ ਤੇ ਜੈਨੀਆਂ ਨੂੰ ਇਹ ਗੱਲ ਪਸੰਦ ਸੀ।

ਡੀ. ਏ. ਵੀ. ਕਾਲਜ ਵਿਚ ਮੇਰੇ ਨਾਲ ਜੈਨੀ ਮੁੰਡੇ ਪੜ੍ਹਦੇ ਸਨ, ਜਿਨ੍ਹਾਂ ਨਾਲ ਮੈਂ ਉਨ੍ਹਾਂ ਦੇ ਘਰ ਵੀ ਕਈ ਵਾਰ ਜਾਂਦਾ ਸਾਂ। ਅੱਜ ਕਲ ਦੇ ਮੁੰਡੇ ਜੈਨ ਧਰਮ ਦੇ ਨਿਯਮਾਂ ਦੀ ਪਾਲਣਾ ਉੱਕਾ ਹੀ ਨਹੀਂ ਕਰਦੇ। ਮੁੰਡੇ ਕੁੜੀਆਂ ਖੁਸ਼ਬੂਦਾਰ ਸਾਬਣਾਂ ਤੇ ਤੇਲਾਂ ਦੀ ਖੁਲ੍ਹ ਕੇ ਵਰਤੋਂ ਕਰਦੇ ਹਨ ਪਰ ਉਨ੍ਹਾਂ ਦੇ ਘਰਾਂ ਵਿਚ ਇਕ ਅੱਧ ਬੁੱਢਾ ਜ਼ਰੂਰ ਹੁੰਦਾ ਹੈ, ਜਿਹੜਾ ਜੈਨ ਨਿਯਮਾਂ ਦਾ ਪਾਲਣ ਕਰਦਾ ਹੋਵੇ। ਪ੍ਰੀਉਸ਼ਨ ਪਰਵ ਜੈਨੀਆ ਦਾ ਬੜਾ ਮਹਾਨ ਤਿਓਹਾਰ ਹੈ, ਜਿਸ ਨੂੰ ਜੈਨੀ ਧੂਮਧਾਮ ਨਾਲ ਮਨਾਉਂਦੇ ਹਨ। ਉਨ੍ਹਾਂ ਦਿਨਾਂ ਵਿਚ ਜੈਨੀ ਕੋਈ ਵੀ ਹਰੀ ਸਬਜ਼ੀ ਜਾਂ ਫਲ ਨਹੀਂ ਖਾਂਦੇ ਪਰ ਉਹੋ ਹੀ ਸਬਜ਼ੀ ਜਾਂ ਫਲ ਜੇ ਪੱਕ ਕੇ ਪੀਲਾ ਹੋ ਜਾਵੇ ਤਾਂ ਖਾ ਲੈਂਦੇ ਹਨ। ਬ੍ਰਾਹਮਣ ਗੰਧਰਵਾਂ ਨੇ ਜੈਨੀਆਂ ਨੂੰ ਬੜੀਆਂ ਭਿੱਤੀਆਂ ਪੜ੍ਹਾ ਦਿੱਤੀਆਂ ਹਨ, ਜਿਵੇਂ ਕਿ ਪਾਣੀ ਵਿਚ ਮੱਲ ਨਹੀਂ ਤਿਆਗਣਾ; ਵੈਸੇ ਵੀ ਜੈਨੀ ਪਾਣੀ ਨੂੰ ਵੀ ਪੁਣ ਕੇ ਪੀਂਦੇ ਹਨ, ਪਾਣੀ ਵਿਚ ਮੱਲ ਨਾ ਤਿਆਗਣ ਦਾ ਮਤਲਬ ਇਹ ਹੋਇਆ ਕਿ ਉਹ ਫਲੱਸ਼ ਸਿਸਟਮ

ਵੀ ਨਹੀਂ ਵਰਤ ਸਕਦੇ। ਕਿਉਂਕਿ ਫਲੱਸ਼ ਵਿਚ ਵੀ ਥੋੜ੍ਹਾ ਜਿਹਾ ਪਾਣੀ ਤਾਂ ਥੱਲੇ ਰਹਿੰਦਾ ਹੀ ਹੈ। ਮੇਰਾ ਇਕ ਜੈਨੀ ਮਿੱਤਰ ਜਲੰਧਰ ਸ਼ਹਿਰ ਤੋਂ ਆਪਣੇ ਦਾਦੇ ਨੂੰ, ਜਿਹੜਾ ਬੰਗਲੌਰ ਤੋਂ ਏਥੇ ਆਪਣੇ ਪੁਤਾਂ ਪੋਤਰਿਆਂ ਕੋਲ ਆਇਆ ਹੋਇਆ ਸੀ ਨੂੰ ਲੈ ਕੇ ਮੇਰੇ ਖੇਤਾਂ ਵਿਚ ਜੰਗਲਪਾਣੀ ਲਈ ਲਿਆਉਂਦਾ ਹੁੰਦਾ ਸੀ। ਬੁੱਢਾ ਸੱਚਮੁੱਚ ਹੀ ਬੜਾ ਪਾਖੰਡੀ ਜਿਹਾ ਸੀ। ਉਸਨੇ ਜਦੋਂ ਕਾਰ ਵਿਚੋਂ ਬਾਹਰ ਨਿਕਲਣਾ ਤਾਂ ਉਹਦੇ ਦੋਹਾਂ ਪੋਤਿਆਂ ਨੇ ਵੀ ਨੰਗੇ ਪੈਰੀਂ ਉਹਦੇ ਨਾਲ ਤੁਰਨਾ। ਜੰਗਲਪਾਣੀ ਜਾ ਕੇ ਉਹਨੇ ਸੋਟੀ ਲੈ ਕੇ ਆਪਣੇ ਮੱਲ ਨੂੰ ਚੰਗੀ ਤਰ੍ਹਾਂ ਫਰੋਲ ਦੇਣਾ। ਉਸ ਨੂੰ ਰਾਤ ਨੂੰ ਪੇਸ਼ਾਬ ਜਾਣ ਦੀ ਵੀ ਦਿੱਕਤ ਆਉਂਦੀ ਸੀ। ਕਿਉਂਕਿ ਫਲੱਸ਼ ਵਿਚ ਉਹ ਪੇਸ਼ਾਬ ਨਹੀਂ ਸੀ ਕਰਦਾ, ਇਸ ਲਈ ਉਹਨੂੰ ਕਿਸੇ ਭਾਂਡੇ ਵਿਚ ਪੇਸ਼ਾਬ ਕਰਵਾਉਂਦੇ ਸਨ। ਮੇਰੇ ਮਿੱਤਰ ਦੀ ਮਾਂ ਨੇ ਮੈਨੂੰ ਕਈ ਵਾਰ ਕਿਹਾ, "ਤੁਸੀਂ ਸਿੱਖ ਚੰਗੇ ਓ, ਅਸੀਂ ਤਾਂ ਵਖਤ ਨੂੰ ਫਸੇ ਹੋਏ ਆਂ।"

ਜੈਨੀ ਖੇਤੀ ਨਹੀਂ ਕਰਦੇ ਕਿਉਂਕਿ ਖੇਤੀ ਵਿਚ ਤਾਂ ਅਰਬਾਂ-ਖਰਬਾਂ ਜੀਆਂ ਜੰਤਾਂ ਦੀ ਹੱਤਿਆ ਹੁੰਦੀ ਹੈ ਭਾਵੇਂ ਕੋਏ ਜਾਣ ਕੇ ਨਾ ਵੀ ਕਰੇ। ਇਸ ਲਈ ਜੈਨੀਆਂ ਨੇ ਖੇਤੀ ਛੱਡ ਕੇ ਹੋਰ ਧੰਦੇ ਸ਼ੁਰੂ ਕਰ ਲਏ ਤੇ ਵਿਆਜ 'ਤੇ ਪੈਸਾ ਚੜ੍ਹਾਉਣ ਲੱਗ ਪਏ। ਬ੍ਰਾਹਮਣ ਕਿਉਂਕਿ ਸ਼ੁਰੂ ਤੋਂ ਹੀ ਲੁੱਟਣ ਵਿਚ ਵਿਸ਼ਵਾਸ਼ ਰੱਖਦਾ ਹੈ ਤੇ ਬੜਾ ਲੋਟੂ ਹੈ, ਇਸ ਲਈ ਗੰਧਰਵਾਂ ਨੇ ਵਿਆਜ, ਚਕਰਵ੍ਰਤੀ ਵਿਆਜ ਅਤੇ ਲੁੱਟਣ ਦੀਆਂ ਕਈ ਹੋਰ ਕਾਢਾਂ ਕੱਢ ਲਈਆਂ। ਦੇਸ਼ ਵਿਚ ਕਪੜੇ ਦੇ ਵਪਾਰ ਦਾ 70 ਫੀਸਦੀ ਹਿੱਸਾ ਜੈਨੀਆਂ ਕੋਲ ਹੈ। 'ਵਰਧਮਾਨ ਨਿਟਿੰਗ', 'ਭਾਰਤ ਵਰਧਮਾਨ ਹੌਜ਼ਰੀ' ਤੇ ਵਿਮੱਲ ਆਦਿ ਕਈ ਫਰਮਾਂ ਦੇ ਮਾਲਕ ਜੈਨੀ ਅਰਬਾਂਪਤੀ ਹਨ। ਦੇਸ਼ ਦੇ ਕੱਪੜੇ ਦੀਆਂ ਸਭ ਤੋਂ ਵੱਡੀਆਂ ਮਿਲਾਂ ਜੈਨੀਆਂ ਦੀਆਂ ਹਨ। ਜੈਨੀਆਂ ਦੀ ਨਵੀਂ ਪਾੜ੍ਹੀ ਹੁਣ ਬਹੁਤ ਅਵਾਜ਼ਾਰ ਹੋ ਚੁੱਕੀ ਹੈ।

ਮੇਰੇ ਇਕ ਜੈਨੀ ਮਿੱਤਰ ਦੀ ਭੈਣ ਆਪਣੇ ਸਹੁਰਿਆਂ ਤੋਂ ਆਪਣੇ ਪਤੀ ਨਾਲ ਪੇਕੇ ਘਰ ਆਈ ਤਾਂ ਮੈਂ ਉਨ੍ਹਾਂ ਨੂੰ ਆਪਣੇ ਘਰ ਖਾਣੇ 'ਤੇ ਬੁਲਾਇਆ। ਅਸਾਂ ਪਹਿਲਾਂ ਹੀ ਮੀਟ ਬਣਾਇਆ ਹੋਇਆ ਸੀ, ਜੋ ਉਨ੍ਹਾਂ ਦੇ ਆਉਣ 'ਤੇ ਅਸਾਂ ਲੁਕਾ ਦਿੱਤਾ। ਜਦੋਂ ਉਹ ਕੁੜੀ ਰਸੋਈ ਵਿਚ ਮੇਰੀ ਪਤਨੀ ਨਾਲ ਗੱਪਸ਼ੱਪ ਕਰ ਰਹੀ ਸੀ ਤਾਂ ਪਤਾ ਨਹੀਂ ਕਿਵੇਂ ਉਹਨੇ ਸਾਡਾ ਲੁਕਾਇਆ ਹੋਇਆ ਮੀਟ ਵੇਖ ਲਿਆ, ਜਿਸਦਾ ਸਾਨੂੰ ਕੋਈ ਪਤਾ ਨਾ ਲੱਗਾ। ਉਹਨੇ ਆਪਣੇ ਪਤੀ ਦੇ ਕੰਨ ਵਿਚ ਇਹ ਗੱਲ ਦਸੀ। ਉਹ ਹੱਸਿਆ ਤੇ ਫਿਰ ਮੈਨੂੰ ਕਹਿਣ ਲੱਗਾ, "ਯਾਰ ਸਾਨੂੰ ਖਾਣੇ 'ਤੇ ਵੀ ਸੱਦਿਆ ਤੇ ਹੁਣ ਭਾਬੀ ਸਾਡੇ ਤੋਂ ਲੁਕਾ-ਲੁਕਾ ਕੇ ਖਾਣਾ ਰੱਖ ਰਹੀ ਹੈ। ਤੁਸੀਂ ਕਹਿੰਦੇ ਹੋਵੋਗੇ ਕਿ ਇਹਨਾਂ ਦੇ ਜਾਣ ਤੋਂ ਬਾਅਦ ਹੀ ਮੀਟ ਖਾਵਾਂਗੇ।"

ਮੈਂ ਸਮਝ ਗਿਆ ਕਿ ਇਹਨੂੰ ਸਾਡੇ ਲੁਕਾਏ ਹੋਏ ਮੀਟ ਦਾ ਪਤਾ ਲੱਗ ਗਿਆ ਹੈ। ਮੈਂ ਸੋਚਿਆ ਇਨ੍ਹਾਂ ਜੈਨੀਆਂ ਨੇ ਖਾਣ ਲਈ ਨਹੀਂ, ਸ਼ਾਇਦ ਇਸ ਕਰਕੇ ਕਿਹਾ ਹੈ ਕਿ ਅਸਾਂ ਏਥੇ ਖਾਣਾ ਨਹੀਂ ਖਾਣਾ ਕਿਉਂਕਿ ਤੁਹਾਡੀ ਰਸੋਈ ਵਿਚ ਮੀਟ ਬਣਿਆ ਹੋਇਆ ਹੈ। ਏਸੇ ਡਰ ਕਰਕੇ ਮੈਂ ਸਾਫ ਮੁੱਕਰ ਗਿਆ ਕਿ ਮਾਸ ਸਾਡੇ ਘਰ ਬਣਿਆ ਹੈ। ਮਿੰਨੀ (ਦੋਸਤ ਦੀ ਭੈਣ) ਰਸੋਈ ਵਿਚ ਗਈ ਤੇ ਪਤੀਲਾ ਲਿਆ ਕੇ ਖਾਣੇ ਵਾਲੇ ਮੇਜ 'ਤੇ ਰੱਖ ਦਿੱਤਾ। ਫਿਰ ਯੋਗੇਸ਼ ਜੈਨ ਨੇ ਕਿਹਾ, "ਓਧਰ ਭਾਬੀ ਹੋਰ ਕੀ ਬਣਾਈ ਤੁਰੀ ਜਾਂਦੀ ਹੈ?"

ਤਿੰਨ ਚਾਰ ਸਬਜੀਆਂ ਦੇ ਨਾਂ ਮਿੰਨੀ ਨੇ ਦੱਸੇ ਤਾਂ ਉਹਨੇ ਕਿਹਾ, "ਮੈਂ ਤਾਂ ਮੀਟ ਨਾਲ ਈ ਰੋਟੀ ਖਾ ਲੈਣੀ ਹੈ, ਤੁਸੀਂ ਜੋ ਮਰਜੀ ਖਾਓ।" ਫਿਰ ਉਸਨੇ ਸ਼ਰਾਬ ਵੀ ਮੰਗ ਲਈ।

ਮੈਂ ਲਿਆ ਕੇ ਸਾਹਮਣੇ ਰੱਖ ਦਿੱਤੀ। ਹੁਣ ਗੱਲ ਤਾਂ ਸਾਫ ਸੀ। ਸਾਨੂੰ ਖੁਸ਼ੀ ਵੀ ਬੜੀ ਹੋਈ। ਮਾਹੌਲ ਵੀ ਬਹੁਤ ਵਧੀਆ ਬਣ ਗਿਆ। ਪਰ ਜਦੋਂ ਮੀਟ ਖਾਣ ਲੱਗੇ ਤਾਂ ਮੇਰੇ ਦੋਸਤ ਨੇ ਕਿਹਾ, "ਵੇਖ ਬਈ ਹੁਣ ਤੈਨੂੰ ਪ੍ਰਣ ਕਰਨਾ ਪਏਗਾ, ਹਥ ਅੱਗੇ ਕਰ।" ਮੈਂ ਹੱਥ ਅੱਗੇ ਕੀਤਾ ਤਾਂ ਉਨ੍ਹਾਂ ਤਿੰਨਾ ਹੀ ਜੈਨੀ ਪ੍ਰਾਹੁਣਿਆਂ ਨੇ ਮੇਰੇ ਹੱਥ 'ਤੇ ਹੱਥ ਰੱਖ ਦਿੱਤੇ ਤੇ ਕਿਹਾ-"ਜੇ ਤੂੰ ਕਿਸੇ ਨੂੰ ਦਸਿਆ ਤਾਂ ਤੈਨੂੰ ਮਹਾਂਵੀਰ ਦਾ ਘਾਟਾ।" ਮੈਂ ਕਿਹਾ, "ਨਹੀਂ-ਨਹੀਂ, ਮੈਂ ਕਿਸੇ ਨੂੰ ਨਹੀਂ ਦਸਦਾ ਪਰ ਇਹ ਮਹਾਂਵੀਰ ਦਾ ਘਾਟਾ ਕੀ ਹੋਇਆ ? ਉਹ ਕਹਿਣ ਲੱਗੇ-"ਇਹ ਆਖ ਕੇ ਹੀ ਅਸੀਂ ਸਹੁੰ ਪਾਉਨੇ ਆਂ।" ਉਸਤੋਂ ਬਾਅਦ ਉਹ ਕੁੜੀ ਜਦੋਂ ਵੀ ਆਉਂਦੀ ਉਹਦਾ ਪਤੀ ਉਹਨੂੰ ਲੈ ਕੇ ਸਾਡੇ ਘਰ ਆ ਜਾਂਦਾ। ਉਹਨਾਂ ਦੀ ਰੋਟੀ ਬਨਾਉਣੀ ਬੜੀ ਸੌਖੀ ਸੀ-ਬੱਸ ਮੀਟ ਤੇ ਸ਼ਰਾਬ, ਹੋਰ ਉਚੇਚ ਦੀ ਲੋੜ ਹੀ ਨਹੀਂ ਸੀ। ਮਿੰਨੀ ਦੇ ਪਤੀ ਨੇ ਹੀ ਮੈਨੂੰ ਦੱਸਿਆ ਸੀ ਕਿ ਜੇ ਕਦੇ ਖ਼ੁਦਾ-ਨ-ਖਾਸਤਾ ਦਿਨੇ ਵੀ ਸ਼ਰਾਬ ਪੀਣੀ ਪੈ ਜਾਵੇ ਤਾਂ ਡਰਾਈ ਜਿੰਨ ਸ਼ਰਾਬ ਨਹੀਂ ਪੀਣੀ ਚਾਹੀਦੀ। ਭਾਵੇਂ ਉਸ ਦੀ ਸ਼ਰਾਬ ਵਰਗੀ ਕੋਈ ਬੋਅ ਨਹੀਂ ਹੁੰਦੀ ਪਰ ਫੇਰ ਵੀ ਉਹ ਸਿਹਤ ਨੂੰ ਖ਼ਰਾਬ ਕਰਦੀ ਹੈ ਤੇ ਉਸ ਨਾਲ ਕਲੇਜਾ ਧੁਖਦਾ ਰਹਿੰਦਾ ਹੈ ਨਾਲੇ ਐਸੀਡਿਟੀ ਵੀ ਹੋ ਜਾਂਦੀ ਹੈ, ਜੇ ਦਿਨੇਂ ਬਿਲਕੁਲ ਪੀਣੀ ਹੀ ਪੈ ਜਾਵੇ ਤਾਂ ਆਮ ਵਿਸਕੀ ਪੀ ਕੇ ਮਗਰੋਂ ਅਮਰੂਦ ਜਾਂ ਅਮਰੂਦ ਨਾ ਮਿਲਣ 'ਤੇ ਉਹਦੇ ਪੱਤੇ ਖਾ ਲੈਣੇ ਚਾਹੀਦੇ ਹਨ, ਕਿਉਂਕਿ ਅਮਰੂਦ ਤੇ ਪੱਤਿਆਂ ਦੀ ਆਪਣੀ ਹੀ ਬੜੀ ਤਿੱਖੀ ਜਹੀ ਗੰਧ ਹੁੰਦੀ ਹੈ, ਜਿਸ ਥੱਲੇ ਸ਼ਰਾਬ ਦੀ ਬੋਅ ਨੱਪੀ ਜਾਂਦੀ ਹੈ।

ਜ਼ਰੂਰਤ ਈਜ਼ਾਦ ਦੀ ਮਾਂ ਹੁੰਦੀ ਹੈ। ਉਹ ਵਿਚਾਰਾ ਜੈਨੀ ਆਪਣੇ ਜੈਨੀ ਪਰਿਵਾਰ ਤੋਂ ਚੋਰੀ ਸ਼ਰਾਬ ਪੀਂਦਾ ਸੀ। ਸ਼ਾਇਦ ਏਸੇ ਲਈ ਹੀ ਉਹਨੇ ਇਹ ਤਰੀਕਾ ਲੱਭ ਲਿਆ ਹੋਵੇ। ਆਪਣੇ ਸਹੁਰੇ ਪਰਿਵਾਰ ਵਿਚ ਵੀ ਉਹਦੀ ਸ਼ਰਾਬ ਦਾ ਕਿਸੇ ਨੂੰ ਪਤਾ ਨਹੀਂ ਸੀ।

ਇਕ ਵਾਰ ਆਪਣੇ ਬੇਟੇ ਦੇ ਜਨਮ ਦਿਨ 'ਤੇ ਮੈਂ ਉਨ੍ਹਾਂ ਦੇ ਪੂਰੇ ਪਰਿਵਾਰ ਨੂੰ ਹੀ ਆਪਣੇ ਘਰ ਖਾਣੇ 'ਤੇ ਬੁਲਾਇਆ। ਮੇਰੀ ਪਤਨੀ ਨੇ ਸ਼ੁੱਧ ਸ਼ਾਕਾਹਾਰੀ ਖਾਣਾ ਤਿਆਰ ਕੀਤਾ। ਬਾਸਮਤੀ ਦੇ ਲੂਣ ਵਾਲੇ ਚੌਲਾਂ ਵਿਚ ਅਦਰਕ ਤੇ ਸਬਜ਼ੀ ਦੇ ਟੁਕੜੇ ਪਾ ਕੇ ਪਲਾਓ ਜਿਹਾ ਬਣਾਇਆ ਤੇ ਨਾਲ ਮਿੱਠੇ ਵਾਲਾ ਦਹੀਂ ਸੀ। ਸਾਰਿਆਂ ਨੇ ਪਚਾਕੇ ਮਾਰ-ਮਾਰ ਕੇ ਖਾਧਾ। ਖਾਂਦਿਆਂ-ਖਾਂਦਿਆਂ ਮੇਰੀ ਪਤਨੀ ਨੂੰ ਹਰੀਸ਼ ਦੀ ਮਾਂ ਨੇ ਪੁੱਛਿਆ—"ਬੇਟਾ ਮੈਨੂੰ ਦੋ ਗੱਲਾਂ ਦਸ, ਪਹਿਲੀ ਤਾਂ ਇਹ ਕਿ ਤੇਰੇ ਬਣਾਏ ਹੋਏ ਚੌਲ ਇਕੱਲੇ-ਇਕੱਲੇ ਹਨ, ਅਸੀਂ ਕਈ ਵਾਰ ਬਣਾਏ ਹਨ, ਪਰ ਉਹ ਘਿੱਪਾ ਜਿਹਾ ਬਣ ਜਾਂਦੇ ਹਨ, ਦੂਜਾ ਤੇਰਾ ਡੂੰਘੇ ਵਿਚ ਦਹੀਂ ਚੱਕੇ ਵਰਗਾ ਜੰਮਿਆਂ ਹੈ ਤੇ ਦਹੀਂ ਵਿਚ ਮਾਸਾ ਵੀ ਪਾਣੀ ਨਹੀਂ ਪਰ ਸਾਡਾ ਦਹੀਂ ਫੁੱਟੀਆਂ ਜਹੀਆਂ ਵਾਲਾ ਹੁੰਦਾ ਹੈ ਤੇ ਪਾਣੀ ਸਿੰਮਦਾ ਰਹਿੰਦਾ ਹੈ। ਇਹ ਕੀ ਗੱਲ ?" ਇਹ ਸਵਾਲ ਇਸ ਤਰ੍ਹਾਂ ਦਾ ਸੀ ਜਿਵੇਂ ਪੰਜਾਬੀ ਦੀ ਕਹਾਵਤ ਹੈ - 'ਵੜੀ ਬਣਾਵੇ ਕੜ੍ਹੀ ਤੇ ਘਿਓ ਬਣਾਵੇ ਸਾਗ, ਵੱਡੀ ਬਹੁ ਦਾ ਨਾਂਅ'।

ਮੇਰੀ ਪਤਨੀ ਨੇ ਕਿਹਾ—"ਬੀ ਜੀ ਚੌਲ ਤਾਂ ਪੁਰਾਣੇ ਬਾਸਮਤੀ ਦੇ ਹਨ ਤੇ ਜਦੋਂ ਪੱਕ ਕੇ ਤਿਆਰ ਹੋ ਜਾਂਦੇ ਹਨ ਤਾਂ ਬਾਸਮਤੀ ਦੇ ਚੌਲਾਂ ਦੀ ਖੂਬੀ ਇਹ ਹੁੰਦੀ ਹੈ ਕਿ ਇਹ ਉਦੋਂ ਵੀ ਅਕਾਰ ਵਿਚ ਵਧਦੇ ਰਹਿੰਦੇ ਹਨ ਤੇ ਜਿਵੇਂ ਜਿਵੇਂ ਠੰਡੇ ਹੁੰਦੇ ਜਾਂਦੇ ਹਨ ਤਿਵੇਂ-ਤਿਵੇਂ ਥੋੜ੍ਹੇ-ਥੋੜ੍ਹੇ ਅਕਾਰ ਵਿਚ ਘੱਟ ਹੁੰਦੇ ਜਾਂਦੇ ਹਨ, ਇਸ ਲਈ ਜੁੜਦੇ ਨਹੀਂ। ਇਹ ਖੂਬੀ ਸਿਰਫ ਚੰਗੀ ਨਸਲ ਦੇ ਬਾਸਮਤੀ ਦੇ ਚੌਲਾਂ ਵਿਚ ਹੀ ਹੁੰਦੀ ਹੈ, ਜਦੋਂ ਕਿ ਦੂਜੇ ਚੌਲ ਬਣਦੇ-ਬਣਦੇ

ਵੀ ਕੋਈ ਹਰਕਤ ਨਹੀਂ ਕਰਦੇ, ਇਸ ਲਈ ਇਕ ਦੂਜੇ ਨਾਲ ਜੁੜ ਜਾਂਦੇ ਹਨ ਤੇ ਘਿੱਪਾ ਜਿਹਾ ਬਣ ਜਾਂਦੇ ਹਨ। ਦਹੀਂ ਵੀ ਖਾਲਸ ਦੁੱਧ ਹੋਣ ਕਰਕੇ ਇਸ ਤਰ੍ਹਾਂ ਦਾ ਜੰਮਦਾ ਹੈ। ਪਾਣੀ ਵਾਲਾ ਦਹੀਂ ਤਾਂ ਪਾਣੀ ਛੱਡੇਗਾ ਹੀ।"

ਅਜੇ ਦਹੀਂ ਦੀਆਂ ਗੱਲਾਂ ਚੱਲ ਹੀ ਰਹੀਆਂ ਸਨ ਕਿ ਮਿੰਨੀ ਨੇ ਪਰ੍ਹੇ ਜਾ ਕੇ ਬਹਾਨੇ ਨਾਲ ਮੇਰੀ ਪਤਨੀ ਨੂੰ ਰਸੋਈ ਵਿਚ ਬੁਲਾਇਆ ਤੇ ਕਿਹਾ—"ਜੇ ਤੁਹਾਨੂੰ ਮੰਮੀ ਪੁੱਛੇ ਕਿ ਦਹੀਂ ਵਿਚ ਨਿੱਕੇ-ਨਿੱਕੇ ਬੈਕਟੀਰੀਆ ਤਾਂ ਨਹੀਂ ਹੁੰਦੇ ਤਾਂ ਤੁਸੀਂ ਕਿਹੋ ਨਹੀਂ। ਕਿਉਂਕਿ ਇਹ ਤਸੱਲੀ ਕਰਨੀ ਮੇਰੀ ਮੰਮੀ ਦੀ ਆਦਤ ਬਣ ਚੁੱਕੀ ਹੈ। ਇਕ ਵਾਰ ਕਿਸੇ ਨੇ ਇਹਨਾਂ ਨੂੰ ਦੱਸ ਦਿੱਤਾ ਸੀ ਕਿ ਖੁਰਦਬੀਨ ਵਿਚ ਵੇਖੋ ਤਾਂ ਦਹੀਂ ਦੀਆਂ ਫੁਟੀਆਂ ਜਰਾਸੀਮਾਂ ਦੀਆਂ ਢੇਰੀਆਂ ਹੀ ਹਨ। ਉਹਨੇ ਇਹ ਵੀ ਕਿਹਾ ਕਿ ਮੇਰੀ ਮੰਮੀ ਬਿਲਕੁਲ ਅਨਪੜ੍ਹ ਹੈ ਤੇ ਸਾਡੇ ਝਾਂਸੇ ਵਿਚ ਆਈ ਹੋਈ ਹੈ, ਨਹੀਂ ਤਾਂ ਕਈ ਜੈਨੀ ਤਾਂ ਦਹੀਂ ਨਹੀਂ ਖਾਂਦੇ ਤੇ ਦੁੱਧ ਵੀ ਨਹੀਂ ਪੀਂਦੇ। ਅਸੀਂ ਇਹੋ ਜਹੇ ਲੋਕਾਂ ਨੂੰ ਮੰਮੀ ਤੋਂ ਦੂਰ ਹੀ ਰੱਖਦੇ ਹਾਂ।"

ਸਿੱਖਾਂ ਦੇ ਸਾਧ-ਸੰਤ ਵੀ ਏਸੇ ਤਰ੍ਹਾਂ ਹੀ ਬਹੁਤ ਵੱਡੇ ਭੁਲੇਖੇ ਦੇ ਸ਼ਿਕਾਰ ਹਨ ਤੇ ਦੁੱਧ ਦੇ ਗਲਾਸਾਂ ਦੇ ਗਲਾਸ ਸਣੇ ਮਲਾਈ ਡਕਾਰ ਜਾਂਦੇ ਹਨ ਪਰ ਨਾ ਤਾਂ ਆਂਡਾ ਖਾਂਦੇ ਹਨ ਤੇ ਨਾ ਹੀ ਮਾਸ। ਹਰ ਜਾਨਵਰ ਦਾ ਬੱਚਾ ਕੁਝ ਮਹੀਨਿਆਂ ਬਾਅਦ ਆਪਣੀ ਮਾਂ ਦਾ ਦੁੱਧ ਪੀਣਾ ਛੱਡ ਦੇਂਦਾ ਹੈ ਤੇ ਫਿਰ ਸਾਰੀ ਜ਼ਿੰਦਗੀ ਦੁੱਧ ਨੂੰ ਮੂੰਹ ਨਹੀਂ ਲਾਉਂਦਾ। ਸਿਰਫ ਬੰਦਾ ਹੀ ਐਸਾ ਜਾਨਵਰ ਹੈ ਜਿਹੜਾ ਸੌ ਸਾਲ ਦੀ ਉਮਰ ਤੱਕ ਵੀ ਦੁੱਧ ਨੂੰ ਚੰਬੜਿਆ ਰਹਿੰਦਾ ਹੈ। 'ਵਰਲਡ ਹੈਲਥ ਆਰਗੇਨਾਈਜ਼ੇਸ਼ਨ' (W.H.O.) ਇਕ ਸੰਸਥਾ ਹੈ, ਜਿਸ ਨੇ ਸਪਸ਼ਟ ਕਿਹਾ ਹੈ ਕਿ ਦੁੱਧ ਤੇ ਖੂਨ ਵਿਚ ਕੋਈ ਫਰਕ ਨਹੀਂ ਹੁੰਦਾ। ਸਿਰਫ ਰੰਗ ਦਾ ਹੀ ਫਰਕ ਹੈ। ਖੂਨ ਤੋਂ ਹੀ ਮਾਸ ਬਣਦਾ ਹੈ ਤੇ ਖੂਨ ਤੋਂ ਹੀ ਦੁੱਧ ਬਣਦਾ ਹੈ। ਦੁੱਧ ਅਤੇ ਖੂਨ ਵਿਚ ਸਿਰਫ ਰੰਗ ਦਾ ਹੀ ਫਰਕ ਹੈ। ਜਦੋਂ ਕੋਈ ਜਾਨਵਰ ਪੱਠੇ ਖਾਂਦਾ ਹੈ ਤਾਂ ਉਸ ਵਿਚੋਂ ਹੀ ਇਹ ਸਾਰੇ ਪਦਾਰਥ ਤਿਆਰ ਹੁੰਦੇ ਹਨ। ਜਿਹੜੇ ਲੋਕ ਮਾਸ ਤਾਂ ਨਹੀਂ ਖਾਂਦੇ ਪਰ ਦਹੀਂ ਖਾ ਲੈਂਦੇ ਹਨ, ਜੇ ਉਹਨਾਂ ਨੂੰ ਖੁਰਦਬੀਨ ਥੱਲੇ ਰੱਖ ਕੇ ਦਹੀਂ ਦਾ ਇਕ ਕਿਣਕਾ ਵਖਾਇਆ ਜਾਵੇ ਤਾਂ ਉਹਨਾਂ ਨੂੰ ਪਤਾ ਲੱਗੇਗਾ ਕਿ ਇਹ ਕਿਣਕਾ ਨਹੀਂ ਬੈਕਟੀਰੀਆਂ ਦੀ ਢੇਰੀ ਹੈ। ਪਤਾ ਨਹੀਂ ਇਹ ਲੋਕ ਪਾਖੰਡ ਕਰ-ਕਰ ਕੇ ਕੀਹਨੂੰ ਵਖਾਉਂਦੇ ਹਨ? ਸਿਰਫ ਮਨੁੱਖ ਹੀ ਅਜਿਹਾ ਜੀਵ ਹੈ, ਜਿਸਨੇ ਖੁਰਾਕ ਦੀ ਬੰਦਸ਼ ਨੂੰ ਤੋੜਿਆ ਹੈ ਨਹੀਂ ਤਾਂ ਸ਼ੇਰ ਭਾਂਵੇ ਭੁੱਖਾ ਮਰ ਜਾਵੇ ਘਾਹ ਨਹੀਂ ਖਾਂਦਾ ਤੇ ਬੱਕਰੀ ਭਾਂਵੇ ਭੁੱਖੀ ਮਰ ਜਾਵੇ ਮਾਸ ਨਹੀਂ ਖਾਂਦੀ।

ਮਿੰਨੀ, ਜਿਸਦਾ ਅਸਲੀ ਨਾਂਅ ਰੋਮਿਲਾ ਜੈਨ ਸੀ ਦਾ ਰਿਸ਼ਤਾ ਵੀ ਬੜੇ ਅਜੀਬ ਤੇ ਨਾਟਕੀ ਢੰਗ ਨਾਲ ਹੋਇਆ ਸੀ। ਛੋਟੀਆਂ-ਛੋਟੀਆਂ ਬਰਾਦਰੀਆਂ ਵਿਚ ਕੁੜੀਆਂ ਲਈ ਮਨਪਸੰਦ ਮੁੰਡੇ ਤੇ ਮੁੰਡਿਆਂ ਲਈ ਮਨਪਸੰਦ ਕੁੜੀਆਂ ਲੱਭਣੀਆਂ ਬੜਾ ਔਖਾ ਹੁੰਦਾ ਹੈ। ਮਿੰਨੀ ਨੇ ਆਈ. ਏ. ਐੱਸ. (Indian Administrative Services) ਦਾ ਇਮਤਿਹਾਨ ਦਿੱਤਾ ਪਰ ਚੁਣੀ ਨਾ ਗਈ। ਫਿਰ ਉਹਨੇ ਪੀ. ਸੀ. ਐੱਸ ਦਾ ਇਮਤਿਹਾਨ ਦਿੱਤਾ ਤੇ ਪਾਸ ਹੋ ਗਈ। ਓਧਰ ਉਹਦੇ ਵਿਆਹ ਦੀ ਵੀ ਉਮਰ ਹੋ ਗਈ ਸੀ। ਜੈਨੀ ਆਪਣੀਆਂ ਕੁੜੀਆਂ ਨੂੰ ਬਹੁਤਾ ਚਿਰ ਘਰ ਨਹੀਂ ਬਿਠਾਈ ਰੱਖਦੇ। ਇਕ ਦਿਨ ਇਕ ਵਿਚੋਲੇ ਨੇ, ਜੋ ਕੁੜੀ ਵਾਲਿਆਂ ਦੇ ਪਰਿਵਾਰ ਨਾਲ ਹੀ ਸੰਬੰਧਤ ਸੀ, ਇਕ ਲੜਕੇ ਦੀ ਦੱਸ ਪਾਈ ਪਰ ਨਾਲ ਹੀ ਉਹਨੇ ਇਹ ਵੀ ਕਹਿ ਦਿੱਤਾ ਕਿ ਭਾਂਵੇਂ ਉਸ ਲੜਕੇ ਦੀਆਂ ਦੋ ਸਟੀਲ ਮਿੱਲਾਂ ਹਨ ਤੇ ਬਹੁਤ ਅਮੀਰ ਹੈ

ਪਰ ਘਰਦਿਆਂ ਤੋਂ ਚੋਰੀ ਕਿਤੇ-ਕਿਤੇ ਸ਼ਰਾਬ ਦੀ ਗਲਾਸੀ ਮਾਰ ਲੈਂਦਾ ਹੈ, ਹੋਰ ਕੋਈ ਨੁਕਸ ਨਹੀਂ। ਉਸ ਵਿਚੋਲੇ ਨੇ ਇਹ ਵੀ ਕਿਹਾ ਕਿ ਮੈਂ ਆਪਣੀਆਂ ਅੱਖਾਂ ਨਾਲ ਉਹਨੂੰ ਸ਼ਰਾਬ ਪੀਂਦਿਆਂ ਕਦੀ ਨਹੀਂ ਵੇਖਿਆ। ਉਹਦੇ ਇਕ ਦੋਸਤ ਨੇ ਇਕ ਵਾਰ ਮਾੜੀ ਜਹੀ ਗੱਲ ਕੀਤੀ ਸੀ। ਪਰਿਵਾਰ ਪੱਕਾ ਜੈਨੀ ਪਰਿਵਾਰ ਹੈ ਤੇ ਲੜਕਾ ਲੜਕਾ ਹੀ ਹੈ ਤੇ ਤਿੰਨ ਭਰਾਵਾਂ ਵਿਚੋਂ ਘਰ ਵਿਚ ਇਕ ਹੀ ਮੁੰਡਾ ਹੈ। ਇਕ ਭਰਾ ਦੀਆਂ ਦੋ ਕੁੜੀਆਂ ਹੀ ਹਨ ਤੇ ਇਕ ਦੇ ਘਰ ਔਲਾਦ ਨਹੀਂ ਹੋਈ। ਮੁੰਡਾ ਬਹੁਤ ਕਮਾਊ ਹੈ। ਸੁਭਾਅ ਦਾ ਬਹੁਤ ਹੀ ਚੰਗਾ ਤੇ ਹੱਸਮੁਖ ਹੈ। ਹੁਣ ਕੁੜੀ ਦੁਵਿਧਾ ਵਿਚ ਸੀ। ਇਕ ਪਾਸੇ ਪੀ. ਸੀ. ਐੱਸ. (Provincial Civil Servises) ਤੇ ਦੂਜੇ ਪਾਸੇ ਵਿਆਹ ਲਈ ਮੁੰਡਾ। ਕੁੜੀ ਦੀ ਇਕ ਵਾਰ ਮਜਿਸਟ੍ਰੇਟ ਦੀ ਕੁਰਸੀ 'ਤੇ ਬਹਿਣ ਦੀ ਖ਼ਾਹਿਸ਼ ਵੀ ਸੀ। ਇਕ ਦਿਨ ਮੁੰਡਾ-ਕੁੜੀ, ਕੁੜੀ ਵਾਲਿਆਂ ਦੇ ਘਰ ਮਿਲੇ ਤੇ ਮੁੰਡੇ ਨੇ ਦੂਜੀ ਮਿਲਣੀ ਆਪਣੀ ਮਿੱਲ ਦੇ ਦਫਤਰ ਦੀ ਰੱਖੀ। ਜਦੋਂ ਮਿੰਨੀ ਨੇ ਉਹਦੀ ਮਿੱਲ ਤੇ ਦਫਤਰ ਵੇਖਿਆ ਤਾਂ ਡੌਰ-ਭੌਰੀ ਹੀ ਹੋ ਗਈ। ਮੁੰਡਾ ਉਸਦੇ ਅੰਦਾਜ਼ੇ ਤੋਂ ਕਿਤੇ ਵੱਧ ਅਮੀਰ ਸੀ ਤੇ ਓਹਦਾ ਦਫ਼ਤਰ ਵੀ ਬਹੁਤ ਵੱਡਾ ਤੇ ਆਲੀਸ਼ਾਨ ਸੀ। ਰਹਿੰਦੀ-ਖੂੰਹਦੀ ਕਸਰ ਓਦੋਂ ਨਿਕਲ ਗਈ ਜਦੋਂ ਮਿੱਲ ਦਾ ਇਕ ਕਰਮਚਾਰੀ ਕੁਝ ਕਾਗਜ਼ਾਂ 'ਤੇ ਦਸਤਖ਼ਤ ਕਰਵਾਉਣ ਆਇਆ ਤਾਂ ਮੁੰਡੇ ਨੇ ਉਹਨੂੰ ਪੁੱਛਿਆ, "ਤੁਸਾਂ ਪੀ. ਸੀ. ਐੱਸ. ਕਦੋਂ ਕੀਤੀ ਸੀ ?" ਉਸ ਕਰਮਚਾਰੀ ਨੇ ਵਿਸਥਾਰ ਨਾਲ ਦੱਸਿਆ ਕਿ ਉਹ ਕਿੱਥੇ-ਕਿੱਥੇ ਕੀ-ਕੀ ਅਫਸਰ ਰਿਹਾ ਸੀ। ਮਿੰਨੀ ਦੀ ਅੱਧੀ ਫੂਕ ਤਾਂ ਨਿਕਲ ਹੀ ਚੁੱਕੀ ਸੀ, ਇਸ ਤੋਂ ਪਹਿਲਾਂ ਕਿ ਉਹ ਕੁਝ ਬੋਲਦੀ, ਯੋਗੇਸ਼ ਨੇ ਕਿਹਾ, "ਸਾਡਾ ਇਕ ਹੋਰ ਕਰਮਚਾਰੀ ਵੀ ਪੀ. ਸੀ. ਐੱਸ. ਰਿਟਾਇਰ ਹੋਇਆ ਹੈ ਤੇ ਹੁਣ ਸਾਡੇ ਨਾਲ ਕੰਮ ਕਰ ਰਿਹਾ ਹੈ, ਵਿਚਾਰਾ ਬਹੁਤ ਹੀ ਚੰਗਾ ਹੈ, ਆਉਂਦਾ ਹੈ ਤਾਂ ਤੁਹਾਨੂੰ ਮਿਲਾਉਂਦੇ ਹਾਂ, ਉਹ ਜ਼ਰਾ ਬਿਜਲੀ ਦੇ ਦਫ਼ਤਰ ਕੁਝ ਬਿੱਲਾਂ ਦਾ ਝਗੜਾ ਨਿਬੇੜਨ ਗਿਆ ਹੈ।" ਮਿੰਨੀ ਇਕ ਦਿਨ ਆਪ ਹੀ ਦੱਸ ਰਹੀ ਸੀ ਕਿ ਇਹ ਸੁਣ ਕੇ ਤਾਂ ਉਸਦਾ ਰੋਣ ਹੀ ਨਿਕਲ ਚੱਲਿਆ ਸੀ। ਇਕ ਪ੍ਰਾਈਵੇਟ ਫਰਮ ਵਿਚ ਦੋ ਰਿਟਾਇਰਡ ਪੀ. ਸੀ. ਐੱਸ. ਅਫਸਰ, ਏਦੂੰ ਜ਼ਿਆਦਾ ਹੋਰ ਹਨੇਰ ਕੀ ਆਉਣਾ ਹੈ ! ਇਸ ਹਿਸਾਬ ਤਾਂ ਸਰਕਾਰੀ ਆਹਲਾ ਅਫਸਰ ਸਬਜ਼ੀ ਦੇ ਭਾਅ ਵਿਕ ਰਹੇ ਹਨ ਤੇ ਮੈਂ ਪੀ. ਸੀ. ਐੱਸ. ਦੇ ਘੁਮੰਡ ਵਿਚ ਆਪਣਾ ਭਵਿੱਖ ਗਵਾ ਦੇਣ ਲੱਗੀ ਸਾਂ। ਬਸ ਓਸੇ ਵੇਲੇ ਤੋਂ ਹੀ ਉਹਦਾ ਵਤੀਰਾ ਬਦਲ ਗਿਆ। ਓਧਰ ਯੋਗੇਸ਼ ਤਾਂ ਪਹਿਲਾਂ ਹੀ ਉਸ ਨੂੰ ਪਸੰਦ ਕਰ ਚੁੱਕਾ ਸੀ ਤੇ ਮਨ ਹੀ ਮਨ ਕਹਿ ਚੁੱਕਾ ਸੀ 'ਹਮ ਤੋ ਦੋ ਬੋਲ, ਬੋਲ ਕੇ ਹਾਰੇ ਹੈਂ, ਤੁਮ ਹਮਾਰੇ ਹੋ, ਹਮ ਤੁਮਹਾਰੇ ਹੈਂ'। ਏਸੇ ਤਰ੍ਹਾਂ ਹੀ ਦੂਜੇ ਪਾਸੇ ਵੀ ਉਹ ਗੱਲ ਸੀ ਜਿਵੇਂ- *"ਰਾਂਝੇ ਹੱਸ ਕੇ ਆਖਿਆ ਵਾਹ ਸੱਜਣ ਹੀਰ ਹੱਸ ਕੇ ਤੇ ਮਿਹਰਬਾਨ ਹੋਈ।"*

ਉਹਨਾਂ ਦੀ ਇਸ ਮਿਲਣੀ ਦੀ ਗੱਲ ਇਕ ਵਾਰ ਮਿੰਨੀ ਦੇ ਪਤੀ ਨੇ ਮੇਰੇ ਘਰ ਖਾਣਾ ਖਾਂਦਿਆਂ ਸੁਣਾਈ। ਉਹ ਕਹਿਣ ਲੱਗਾ, "ਗੱਲਾਂ ਕਰਦਿਆਂ-ਕਰਦਿਆਂ ਮੈਂ ਆਪਣਾ ਹੱਥ ਇਹਦੇ ਹੱਥ 'ਤੇ ਰੱਖ ਦਿੱਤਾ ਤਾਂ ਇਹਨੇ ਫੱਟ ਆਪਣਾ ਹੱਥ ਏਨੇ ਜ਼ੋਰ ਨਾਲ ਖਿੱਚਿਆ ਕਿ ਜੂਸ ਦੇ ਭਰੇ ਹੋਏ ਦੋਵੇਂ ਗਲਾਸ ਮੇਜ ਤੋਂ ਥੱਲੇ ਡਿਗ ਪਏ।"

ਸੱਚੇ ਬਣਨ ਦੇ ਮਾਰੇ ਮੈਂ ਪੁੱਛਿਆ-"ਕੀ ਹੋਇਆ ?"

ਤਾਂ ਇਹ ਕਹਿਣ ਲੱਗੀ-"ਬਸ ਐਵੇਂ ਮੈਂ ਜ਼ਰਾ ਭਾਵੁਕ ਹੋ ਗਈ ਸੀ ।"

ਇਹਦੀ ਇਹ ਗੱਲ ਸੁਣ ਕੇ ਮੈਂ ਬੜਾ ਸ਼ਰਮਿੰਦਾ ਹੋਇਆ ਤੇ ਆਪਣੇ ਆਪ ਨੂੰ

ਬੜਾ ਹਲਕਾ ਮਹਿਸੂਸ ਕੀਤਾ ਕਿ ਭਾਵੁਕ ਤਾਂ ਮੈਂ ਹੋਇਆ ਸੀ ਪਰ ਫਿਰ ਵੀ ਇਹਨੇ ਮੇਰੀ ਇੱਜ਼ਤ ਰੱਖ ਲਈ ਹੈ। ਮੈਂ ਉਸੇ ਦਿਨ ਫੈਸਲਾ ਕਰ ਲਿਆ ਕਿ ਏਦਾਂ ਦੇ ਸੁਭਾਅ ਵਾਲੀ, ਇਹ ਕੁੜੀ ਮੈਨੂੰ ਬਹੁਤ ਠੀਕ ਰਹਿਣੀ ਹੈ। ਫਿਰ ਉਹਨੇ ਮਿੰਨੀ ਨੂੰ ਛੇੜਨ ਦੇ ਖਿਆਲ ਨਾਲ ਮੈਨੂੰ ਕਿਹਾ–"ਕੁਲਬੀਰ, ਇਹੋ ਜਹੀ ਜਨਾਨੀ ਤਾਂ ਯਾਰ ਘਰ ਵਿਚ ਰੱਖਣੀ ਹੀ ਸ਼ਾਨ ਹੈ, ਨਹੀਂ?"

ਮਿੰਨੀ ਹੱਸਦੀ-ਹੱਸਦੀ ਕਹਿਣ ਲੱਗੀ–"ਮੈਂ ਸਭ ਸਮਝਦੀ ਹਾਂ, ਇਹ ਗੱਲ ਓਦਾਂ ਦੀ ਹੈ ਜਿਵੇਂ ਤੁਸਾਂ ਘਰ ਵਿਚ ਚੰਗਾ ਕੁੱਤਾ ਰੱਖ ਲਿਆ ਹੋਵੇ।" ਤੇ ਅਸੀਂ ਸਾਰੇ ਹੱਸ ਪਏ। ਇਹ ਗੱਲ ਮਿੰਨੀ ਨੇ ਏਨੇਂ ਭੋਲੇ ਭਾਅ ਕਹੀ, ਜਿਵੇਂ ਉਹ ਸੱਤ-ਅੱਠ ਸਾਲ ਦੀ ਬੱਚੀ ਹੋਵੇ।

ਰਹਿੰਦੀ ਖੂੰਹਦੀ ਕਸਰ ਦੂਸਰੀ ਮਿੱਲ ਵੇਖ ਕੇ ਨਿਕਲ ਗਈ। ਓਧਰ ਕੁੜੀ ਵਾਲੇ ਜੈਨੀ ਪਰਿਵਾਰ ਨੇ ਵੀ ਸੋਚਿਆ ਕਿ ਜੇ ਮੁੰਡਾ ਮਾਸ-ਸ਼ਰਾਬ ਖਾਂਦਾ ਪੀਂਦਾ ਵੀ ਹੈ ਤਾਂ ਸਾਡੀ ਕੁੜੀ ਵੀ ਕਿੱਡੀ ਕੁ ਜੈਨਣ ਹੈ ? ਉਹ ਤਾਂ ਸਾਰੇ ਜੈਨ ਧਰਮ ਨੂੰ ਹੀ ਖ਼ਤਮ ਹੋ ਚੁੱਕਾ ਸਮਝਦੀ ਹੈ। ਚਲੋ ਮੁੰਡਾ ਭਾਵੇਂ ਸ਼ਰਾਬ ਪੀਂਦਾ ਹੈ ਪਰ ਫਿਰ ਵੀ ਜੈਨ ਧਰਮ ਦੇ ਸੰਸਕਾਰਾਂ ਨੂੰ ਮੰਨਦਾ ਹੋਇਆ ਓਹਲਾ ਤਾਂ ਰੱਖਦਾ ਹੀ ਹੈ। ਵਿਆਹ ਸ਼ਾਦੀ ਦੇ ਮਾਮਲੇ ਵਿਚ ਜਦੋਂ ਕੋਈ ਪਰਿਵਾਰ ਏਦਾਂ ਦੀਆਂ ਗਿਣਤੀਆਂ ਗਿਣਨ ਲੱਗ ਪਵੇ ਤਾਂ ਫਿਰ ਉਹ ਬਹੁਤਾ ਕੱਟੜ ਨਹੀਂ ਰਹਿੰਦਾ।

ਦੋ ਚੋਟੀ ਦੇ ਸਿੱਖ ਪਰਿਵਾਰਾਂ ਵਿਚ ਵੀ ਇਸੇ ਤਰ੍ਹਾਂ ਹੀ ਹੋਇਆ ਹੈ। ਸ. ਤੇਜਾ ਸਿੰਘ ਸਮੁੰਦਰੀ; ਜਿਹਨਾਂ ਦੇ ਨਾਂਅ 'ਤੇ ਦਰਬਾਰ ਸਾਹਿਬ ਸਮੂਹ ਵਿਚ ਤੇਜਾ ਸਿੰਘ ਸਮੁੰਦਰੀ ਹਾਲ ਬਣਿਆ ਹੋਇਆ ਹੈ ਤੇ ਜੋ ਅਕਾਲੀ ਮੋਰਚੇ ਵੇਲੇ ਜੇਲ੍ਹ ਵਿਚ ਹੀ ਸ਼ਹੀਦ ਹੋ ਗਏ ਸਨ ਤੇ ਜਿਹਨਾਂ ਦੇ ਵੱਡੇ ਸੰਪੁੱਤਰ ਸ. ਬਿਸ਼ਨ ਸਿੰਘ ਸਮੁੰਦਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਹੇ ਹਨ ਤੇ ਅੱਗੋਂ ਉਹਨਾਂ ਦੇ ਸਪੁੱਤਰ; ਜੋ ਨਕੋਦਰ ਖੰਡ ਮਿੱਲ ਦੇ ਮੈਨੇਜਿੰਗ ਡਾਇਰੈਕਟਰ ਰਹੇ ਹਨ; ਦੀ ਬੇਟੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਪੜ੍ਹਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਬੜੀ ਸਰਗਰਮ ਕਾਰਕੁੰਨ ਸੀ। ਉਸਦਾ ਵਿਆਹ ਜਿਸ ਗੈਰ-ਜੱਟ ਸਿੱਖ ਲੜਕੇ ਨਾਲ ਹੋਇਆ; ਉਹ ਆਈ. ਏ. ਐੱਸ. ਤਾਂ ਜ਼ਰੂਰ ਹੈ, ਪਰ ਚੇਨ-ਸਮੋਕਰ (ਜਿਹੜਾ ਸਿਗਰਟ ਬੁੱਝਣ ਹੀ ਨਾ ਦੇਵੇ) ਵੀ ਹੈ, ਜੋ ਸਿੱਖ ਧਰਮ ਵਿਚ ਸਭ ਤੋਂ ਬੁਰਾ ਗਿਣਿਆ ਜਾਂਦਾ ਹੈ। ਉਹ ਪਤਿੱਤ ਹੈ ਤੇ ਸਿਰੋਂ ਮੋਨਾ ਵੀ ਹੈ। ਏਸੇ ਤਰ੍ਹਾਂ ਹੀ ਇਕ ਅਕਾਲੀ ਲੀਡਰ ਤੇ ਮੈਂਬਰ ਪਾਰਲੀਮੈਂਟ ਦੀ ਭਤੀਜੀ ਦਾ ਵਿਆਹ ਜਿਸ ਲੜਕੇ ਨਾਲ ਹੋਇਆ ਉਹ ਵੀ ਮੋਨਾ ਹੈ ਪਰ ਇਸ ਵਿਚ ਉਹ ਕੁਝ ਨਹੀਂ ਸਨ ਕਰ ਸਕਦੇ। ਹਵਾ ਹੀ ਐਸੀ ਚੱਲ ਪਈ ਹੈ ਕਿ ਸਿੱਖਾਂ ਦੇ ਪੁੱਤ ਦਿਨੋ-ਦਿਨ ਕੇਸ ਕਟਾਈ ਜਾਂਦੇ ਹਨ। ਇਸ ਤਰ੍ਹਾਂ ਦੇ ਹੋਰ ਵੀ ਬਹੁਤ ਸਾਰੇ ਕੇਸ ਹਨ। ਜਦੋਂ ਕੋਈ ਧਰਮ ਟੁੱਟਣਾ ਸ਼ੁਰੂ ਹੁੰਦਾ ਹੈ ਤਾਂ ਉਸਦੇ ਕਈ ਬਰੀਕ-ਬਰੀਕ ਟੁਕੜੇ ਟੁੱਟਦੇ ਚਲੇ ਜਾਂਦੇ ਹਨ, ਜੋ ਬਾਅਦ ਵਿਚ ਵੱਡੇ ਟੁਕੜਿਆਂ ਵਿਚ ਤਬਦੀਲ ਹੋ ਜਾਂਦੇ ਹਨ।

ਪੀ. ਸੀ. ਐੱਸ. ਅਫਸਰਾਂ ਨੂੰ ਵੇਖ ਕੇ ਮਿੰਨੀ ਨੂੰ ਸਮਝ ਲੱਗ ਗਈ ਸੀ ਕਿ ਪੈਸਾ ਕਮਾਉਣਾ ਵੀ ਪੜ੍ਹਾਈ ਵਾਂਗ ਹੀ ਇਕ ਕਲਾ ਹੈ। ਮਿੰਨੀ ਦਾ ਪਤੀ ਇਕ ਆਦਰਸ਼ ਵਿਅਕਤੀ ਹੈ। ਜਦੋਂ ਦਾਜ ਦੇਣ ਲਈ ਜੈਨੀ ਪਰਿਵਾਰ ਨੇ ਆਪਣੀ ਇਕ ਪਿਤਾ-ਪੁਰਖੀ ਜਾਇਦਾਦ ਵੇਚਣੀ ਚਾਹੀ ਤਾਂ ਮਿੰਨੀ ਦੇ ਪਤੀ ਨੇ ਸਖ਼ਤੀ ਨਾਲ ਮਨ੍ਹਾਂ ਕਰ ਦਿੱਤਾ ਅਤੇ ਕਿਹਾ, "ਮੈਂ ਕੋਈ ਦਾਜ-ਦੂਜ ਨਹੀਂ ਲੈਣਾ, ਮੈਂ ਕਾਰਖ਼ਾਨੇਦਾਰ ਅਤੇ ਮਿੱਲ ਮਾਲਕ ਹਾਂ ਕੋਈ ਮੰਗਤਾ ਨਹੀਂ, ਮੇਰਾ ਵੀ ਕੋਈ ਸਵੈਮਾਨ ਹੈ।"

ਸ਼ੁਰੂ ਤੋਂ ਹੀ ਜੈਨ ਧਰਮ ਵਿਚ ਦਾਜ ਦਹੇਜ ਦੇਣ ਅਤੇ ਲੈਣ ਦਾ ਕੋਈ ਰਿਵਾਜ ਨਹੀਂ ਰਿਹਾ। ਬੱਚਾ ਜੰਮਣ 'ਤੇ ਜਾਂ ਕਿਸੇ ਬਹੁਤ ਹੀ ਬੁੱਢੇ ਦੇ ਮਰਨ 'ਤੇ ਵੀ ਕੋਈ ਖ਼ਰਚਾ ਨਹੀਂ ਕੀਤਾ ਜਾਂਦਾ, ਜਿਵੇਂ ਹਿੰਦੂ ਜਾਂ ਸਿੱਖ ਕਰਦੇ ਹਨ। ਬੱਚਾ ਜੰਮਣ 'ਤੇ ਵੱਧ ਤੋਂ ਵੱਧ ਇਕ ਖਿਡੌਣਾ ਕੋਈ ਬੱਚੇ ਲਈ ਲੈ ਆਵੇ ਤਾਂ ਵੱਖਰੀ ਗੱਲ ਹੈ। ਬੱਚੇ ਲਈ ਕੱਪੜੇ ਲਿਆਉਣੇ, ਸੋਨੇ ਦੇ ਕੜੇ ਵਗੈਰਾ ਪਾਉਣ ਆਦਿ ਦਾ ਜੈਨ ਧਰਮ ਵਿਚ ਕੋਈ ਰਿਵਾਜ ਨਹੀਂ। ਨਾ ਹੀ ਕਦੀ ਲੜਕੀ ਦੇ ਸਹੁਰੇ ਪਰਿਵਾਰ ਨੂੰ ਹੀ ਕੱਪੜੇ ਵਗੈਰਾ ਦੇਣ ਦਾ ਰਿਵਾਜ ਹੈ। ਪਰ ਹੁਣ ਹਿੰਦੂ ਸਮਾਜ ਦੀ ਵੇਖੋ-ਵੇਖੀ ਹਿੰਦੂ ਸਮਾਜ ਦੀਆਂ ਸਾਰੀਆਂ ਬੁਰਾਈਆਂ ਹੀ ਜੈਨ ਧਰਮ ਵਿਚ ਆ ਚੁੱਕੀਆਂ ਹਨ ਤੇ ਕੁੜੀ ਤੇ ਮੁੰਡੇ ਵਾਲੇ ਆਹਮੋ-ਸਾਹਮਣੇ ਬਹਿ ਕੇ ਲੈਣ ਦੇਣ ਦਾ ਫੈਸਲਾ ਕਰਦੇ ਹਨ।

ਜੈਨੀਆਂ ਵਿਚ ਤਲਾਕ ਦਾ ਰਿਵਾਜ ਵੀ ਪਹਿਲਾਂ ਨਹੀਂ ਸੀ ਪਰ ਹੁਣ ਹੋਣ ਲੱਗ ਪਏ ਹਨ। ਆਪਣੇ ਸਮਾਗਮਾਂ ਵਿਚ ਜੈਨੀ ਬਹੁਤਾ ਕਰਕੇ ਜੈਨੀਆਂ ਨੂੰ ਹੀ ਸੱਦਦੇ ਸਨ ਤੇ ਇਸ ਲਈ ਉਹਨਾਂ ਨੂੰ ਵਿਖਾਵਾ ਕਰਨ ਦੀ ਕਦੀ ਲੋੜ ਹੀ ਨਹੀਂ ਸੀ ਪੈਂਦੀ। ਪਰ ਜਦੋਂ ਦਾ ਹਿੰਦੂ ਰੂਪੀ ਅਜਗਰ ਨੇ ਜੈਨ ਧਰਮ ਨੂੰ ਨਿਗਲਿਆ ਹੈ ਤੇ ਜੈਨੀ ਦੂਸਰੇ ਸਮਾਜਾਂ ਨਾਲ ਮੇਲ ਗੇਲ ਵਧਾਉਣ ਲੱਗ ਪਏ ਹਨ ਤਾਂ ਰਿਵਾਜ ਵੀ ਉਹਨਾਂ ਦੇ ਹੀ ਅਪਣਾ ਰਹੇ ਹਨ। ਮਿਸਾਲ ਦੇ ਤੌਰ 'ਤੇ ਮੁੰਦਰੀ ਪਾਉਣ ਦੀ ਰਸਮ (ਰਿੰਗ ਸੈਰੇਮਨੀ), ਵਰਮਾਲਾ ਪਾਉਣੀ ਆਦਿ ਸਾਰੇ ਰਿਵਾਜ ਹੋਣ ਲੱਗ ਪਏ ਹਨ। ਯੋਗੇਸ਼ ਜੈਨ ਆਮ ਜੈਨੀਆਂ ਵਾਂਗ ਕੰਜੂਸ ਵੀ ਨਹੀਂ ਤੇ ਉਹ ਹਰ ਛੇ ਮਹੀਨੇ ਬਾਅਦ ਆਪਣੀ ਕਾਰ ਬਦਲਦਾ ਹੈ। 1985 ਵਿਚ ਉਹ ਆਪਣੀਆਂ ਦੋਵੇਂ ਮਿੱਲਾਂ ਵੇਚ ਕੇ ਸਾਰਾ ਸਰਮਾਇਆ ਮਦਰਾਸ ਲੈ ਗਿਆ ਹੈ ਕਿਉਂਕਿ ਜੈਨੀ ਲੋਕ ਝਗੜੇ ਵਾਲੇ ਥਾਂ 'ਤੇ ਤੇ ਮਾਰ-ਮਰਾਈ ਵਾਲੇ ਮਾਹੌਲ ਵਿਚ ਰਹਿ ਕੇ ਖੁਸ਼ ਨਹੀਂ ਹੁੰਦੇ। ਓਥੇ ਉਹਨਾਂ ਦੀ ਇਕ ਸ਼ਿਪਿੰਗ ਕੰਪਨੀ ਹੈ, ਜੋ ਬਹੁਤ ਹੀ ਫਾਇਦੇ ਵਿਚ ਚਲ ਰਹੀ ਹੈ।

ਇਹ ਗੱਲ ਦਸਣ ਤੋਂ ਮਤਲਬ ਸਿਰਫ ਏਨਾਂ ਹੈ ਕਿ ਬ੍ਰਾਹਮਣ ਨੇ ਜੈਨੀਆਂ ਦਾ ਭੋਗ ਪਾ ਦਿੱਤਾ ਹੈ। ਅੱਜ ਹਾਲਾਤ ਇਹ ਹਨ ਕਿ ਜੇ ਕਿਸੇ ਤੁਰੇ ਜਾਂਦੇ ਬੰਦੇ ਨੂੰ ਸੱਪ ਲੜ ਜਾਵੇ ਤੇ ਕੋਈ ਆਖੇ ਕਿ ਕੋਈ ਜੈਨੀ ਜਾਂ ਬੋਧੀ ਆ ਕੇ ਫੂਕ ਮਾਰ ਦੇਵੇ ਤਾਂ ਜ਼ਹਿਰ ਲੱਥ ਸਕਦਾ ਹੈ ਤਾਂ ਸ਼ਾਇਦ ਇਨ੍ਹਾਂ ਦੋਹਾਂ ਵਿਚੋਂ ਪੂਰੇ ਪੰਜਾਬ ਵਿਚੋਂ ਕੋਈ ਵੀ ਨਾ ਮਿਲੇ। ਬ੍ਰਾਹਮਣਾਂ ਨੇ ਜੈਨ ਧਰਮ ਵਿਚ ਏਥੋਂ ਤੱਕ ਘੁਸਪੈਠ ਕਰ ਦਿੱਤੀ ਸੀ ਕਿ ਜੈਨੀਆਂ ਦੇ ਚੌਵੀ ਤੀਰਥੰਕਰਾਂ ਵਿਚੋਂ ਇਕ ਔਰਤ ਤੀਰਥੰਕਰ ਵੀ ਸੀ, ਜਿਸਦਾ ਨਾ ਮੱਲੀ ਬਾਈ ਸੀ। ਬ੍ਰਾਹਮਣ ਇਹ ਗੱਲ ਮੰਨ ਕੇ ਚਲਦਾ ਹੈ ਕਿ ਸਾਰੇ ਫਸਾਦ ਦੀ ਜੜ੍ਹ ਔਰਤ ਹੁੰਦੀ ਹੈ ਤੇ ਔਰਤ ਨੂੰ ਬ੍ਰਾਹਮਣਵਾਦ ਨਰਕ ਦਾ ਦਰਵਾਜਾ ਕਹਿਣ ਤੋਂ ਵੀ ਗੁਰੇਜ ਨਹੀਂ ਕਰਦਾ। ਬ੍ਰਾਹਮਣ ਨੂੰ ਪਤਾ ਸੀ ਕਿ ਅਸਾਂ ਇਕ ਦਿਨ ਜੈਨ ਧਰਮ ਨੂੰ ਆਪਣੇ ਵਿਚ ਸਮੋ ਲੈਣਾ ਹੈ, ਇਸ ਲਈ ਇਸ ਦੀਆਂ ਵਾਗਾਂ ਏਨੀਆਂ ਢਿੱਲੀਆਂ ਨਹੀਂ ਛੱਡਣੀਆਂ ਕਿ ਫਿਰ ਇਹ ਸਾਡੇ ਕਾਬੂ ਵਿਚ ਹੀ ਨਾ ਆਵੇ। ਉਨ੍ਹਾਂ ਨੂੰ ਇਕ ਔਰਤ ਦਾ ਤੀਰਥੰਕਰ ਹੋਣਾ ਮਨਜੂਰ ਨਹੀਂ ਸੀ, ਏਸੇ ਲਈ ਹੀ ਉਨ੍ਹਾਂ ਨੇ ਉਸਦਾ ਨਾਂਅ ਬਦਲ ਕੇ ਮੱਲੀ ਨਾਥ ਕਰ ਦਿੱਤਾ। ਕਿਉਂਕਿ ਜੈਨੀਆਂ ਦੇ ਗ੍ਰੰਥਾਂ ਵਿਚ ਬਾਰ-ਬਾਰ ਮੱਲੀ ਨਾਥ ਮੱਲੀ ਨਾਥ ਨਾਂਅ ਆਉਣ ਲੱਗ ਪਿਆ, ਇਸ ਲਈ ਲੋਕ ਭੁੱਲ-ਭੁਲਾ ਗਏ ਕਿ ਮੱਲੀ ਨਾਥ ਨਹੀਂ ਮੱਲੀ ਬਾਈ ਸੀ ਤੇ ਮੱਲੀ ਬਾਈ ਇਕ ਔਰਤ ਸੀ। ਅੱਜ ਜੈਨੀ ਵੀ ਸਿੱਖਾਂ ਵਾਂਗ ਕਲਪ ਰਹੇ ਹਨ ਕਿ ਬ੍ਰਾਹਮਣ ਨੇ ਸਾਡਾ ਕੱਖ ਨਹੀਂ ਛੱਡਿਆ ਪਰ ਜੈਨੀਆਂ ਵਿਚ ਵੀ ਅਕਾਲ ਤਖ਼ਤ ਦੇ

ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਵਰਗੇ ਲੋਕ ਪੋਚੇ ਪਾਉਣ ਲਈ ਮੌਜੂਦ ਹਨ। ਮੇਰਾ ਮਿੱਤਰ ਆਖੇ-"ਮੱਲੀ ਬਾਈ ਤੋਂ ਬਦਲ ਕੇ ਮੱਲੀ ਨਾਥ ਬ੍ਰਾਹਮਣ ਨੇ ਕੀਤਾ ਹੈ" ਪਰ ਉਸ ਦਾ ਦਾਦਾ ਉਸ ਨਾਲ ਸਹਿਮਤ ਨਹੀਂ ਸੀ। ਉਹ ਆਖੇ-"ਬ੍ਰਾਹਮਣ ਨੂੰ ਕੀ ਲੋੜ ਪਈ ਸੀ ਇਵੇਂ ਕਰਨ ਦੀ ? ਜੈਨੀਆਂ ਨੇ ਹੀ ਕੀਤਾ ਹੋਵੇਗਾ।" ਪਰ ਮੇਰੇ ਮਿੱਤਰ ਦੀ ਦਲੀਲ ਅੱਗੇ ਬੁੱਢਾ ਜੈਨੀ ਟਿਕ ਨਾ ਸਕਿਆ, ਜਦੋਂ ਉਸਨੇ ਕਿਹਾ ਕਿ ਜੇ ਜੈਨੀਆਂ ਨੇ ਕਰਨਾ ਹੁੰਦਾ ਤਾਂ ਉਹ ਔਰਤ ਨੂੰ ਤੀਰਥੰਕਰ ਹੀ ਕਿਉਂ ਬਣਨ ਦੇਂਦੇ? ਹੁਣ ਜੈਨੀ ਵੀ ਆਪਣੇ ਆਪ ਨੂੰ ਖਤਮ ਹੀ ਸਮਝਦੇ ਹਨ।

ਮੇਰੇ ਜੈਨੀ ਦੋਸਤ ਹਰੀਸ਼ ਤੇ ਉਸਦੇ ਪਿਤਾ ਦੀ ਬੜੀ ਦਿਲਚਸਪ ਬਹਿਸ ਹੁੰਦੀ। ਉਨ੍ਹਾਂ ਦੀ ਬਹਿਸ ਦਾ ਘੇਰਾ ਬੜਾ ਵਿਸ਼ਾਲ ਹੁੰਦਾ। ਉਹ ਜਦੋਂ ਵੀ ਬਹਿਸ ਕਰਨ ਲਗਦੇ, ਸ਼ੁਰੂ ਤਾਂ ਜੈਨ ਧਰਮ ਤੋਂ ਕਰਦੇ ਪਰ ਪਹੁੰਚ ਮੁਸਲਮਾਨਾਂ ਤੇ ਯਹੂਦੀਆਂ ਤੱਕ ਜਾਂਦੇ। ਬਹਿਸ ਕਰਦਿਆਂ-ਕਰਦਿਆਂ ਬੁੱਢਾ ਕੋਲ ਬੈਠੇ ਅਜਨਬੀਆਂ ਨੂੰ ਵੀ ਬਹਿਸ ਵਿਚ ਘੜੀਸ ਲੈਂਦਾ। ਇਕ ਦਿਨ ਮੇਰੇ ਬੈਠਿਆਂ 'ਤੇ ਉਨ੍ਹਾਂ ਦੀ ਬਹਿਸ ਏਥੋਂ ਸ਼ੁਰੂ ਹੋਈ ਕਿ ਭਗਵਾਨ ਮਹਾਂਵੀਰ ਦੇ ਸਰੀਰ ਵਿਚ ਲਹੂ ਨਹੀਂ, ਦੁੱਧ ਵਗਦਾ ਸੀ। ਉਹਨਾਂ ਦਾ ਦਾਅਵਾ ਸੀ ਕਿ ਏਦਾਂ ਜੈਨ ਗ੍ਰੰਥਾਂ ਵਿਚ ਲਿਖਿਆ ਹੋਇਆ ਹੈ। ਹਰੀਸ਼ ਨੇ ਕਿਹਾ, "ਗ੍ਰੰਥਾਂ ਵਿਚ ਲਿਖੇ ਹੋਏ ਦੀ ਕਿਹੜੀ ਗਲ ਹੋਈ, ਏਦਾਂ ਤਾਂ ਬਾਈਬਲ ਵਿਚ ਲਿਖਿਆ ਹੋਇਆ ਹੈ ਕਿ ਧਰਤੀ ਚਪਟੀ ਹੈ ਤੇ ਧਰਤੀ ਸੂਰਜ ਦੁਆਲੇ ਨਹੀਂ ਸਗੋਂ ਸੂਰਜ ਧਰਤੀ ਦੁਆਲੇ ਚੱਕਰ ਲਾਉਂਦਾ ਹੈ ਪਰ ਅੱਜ ਚੌਥੀ ਵਿਚ ਪੜ੍ਹਦੇ ਨਿਆਣੇ ਨੂੰ ਵੀ ਪਤਾ ਹੈ ਕਿ ਧਰਤੀ ਗੋਲ ਹੈ ਤੇ ਬਾਈਬਲ ਵਿਚ ਗਲਤ ਲਿਖਿਆ ਹੋਇਆ ਹੈ। ਈਸਾਈਆਂ ਦੇ ਹਿਸਾਬ ਨਾਲ ਦੁਨੀਆਂ ਚਾਰ ਹਜ਼ਾਰ ਸਾਲ ਜੀਸਸ ਤੋਂ ਪਹਿਲਾਂ ਬਣੀ ਹੈ ਪਰ ਜਦੋਂ ਪੰਜਾਹ ਹਜਾਰ ਸਾਲ ਪੁਰਾਣੀਆਂ ਹੱਡੀਆਂ ਮਿਲੀਆਂ ਤਾਂ ਈਸਾਈਆਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਦੁਨੀਆਂ ਤਾਂ ਚਾਰ ਹਜ਼ਾਰ ਸਾਲ ਪਹਿਲਾਂ ਹੀ ਬਣੀ ਹੈ ਰਬ ਨੇ ਨਿਸਚਾ ਪਰਖਣ ਲਈ ਹੀ ਹਡੀਆਂ ਪੁਰਾਣੀਆਂ ਬਣਾਈਆਂ ਹਨ। ਰਬ ਕੀ ਨਹੀਂ ਕਰ ਸਕਦਾ?"

ਇਹ ਸੁਣ ਕੇ ਜੈਨੀ ਬੁੱਢਾ ਭੁੜਕ ਉਠਿਆ-"ਤੂੰ ਬਾਈਬਲ ਨੂੰ ਜੈਨ ਗ੍ਰੰਥਾਂ ਨਾਲ ਮਿਲਾਤਾ। ਕਿਥੇ ਜੈਨ ਗ੍ਰੰਥ ਤੇ ਕਿਥੇ ਮਾਮੂਲੀ ਬਾਈਬਲ।"

ਹਰੀਸ਼ ਬੜਾ ਧੀਰਜ ਵਾਲਾ, ਬੜੇ ਠਰੰਮ੍ਹੇ ਨਾਲ ਗੱਲ ਕਰਦਾ। ਉਹ ਕਹਿੰਦਾ-"ਬਸ ਸਾਰੇ ਧਰਮਾਂ ਨੂੰ ਇਹ ਹੀ ਬੀਮਾਰੀ ਹੈ, ਲੋਕ ਆਪਣੇ ਧਰਮ ਨੂੰ ਵਧਾ ਚੜ੍ਹਾ ਕੇ ਦਸਦੇ ਹਨ ਤੇ ਦੂਸਰੇ ਦੇ ਧਰਮਾਂ ਨੂੰ ਛੁਟਿਆ ਕੇ ਬਿਆਨ ਕਰਦੇ ਹਨ। ਜੇ ਹਿੰਦੂ ਸਾਹਮਣੇ ਕਿਹਾ ਜਾਵੇ ਕਿ 'ਕੁਰਾਨ' ਵਿਚ ਕੁਝ ਨਹੀਂ ਤਾਂ ਹਿੰਦੂ ਬਹੁਤ ਖੁਸ਼ ਹੋ ਜਾਂਦਾ ਹੈ, ਜਦੋਂ ਕਿ ਮੁਸਲਮਾਨ ਲੋਹਾ-ਲਾਖਾ ਹੋ ਕੇ ਮਰਨ-ਮਾਰਨ 'ਤੇ ਉੱਤਰ ਆਉਂਦਾ ਹੈ। ਤੇ ਜੇ ਮੁਸਲਮਾਨ ਨੂੰ ਕਹੀਏ ਕਿ 'ਗੀਤਾ' ਵਿਚ ਕੁਝ ਨਹੀਂ, ਤਾਂ ਮੁਸਲਮਾਨ ਖਿੜ ਜਾਂਦਾ ਹੈ, ਪਰ ਹਿੰਦੂ ਬੁਰਾ ਮਨਾ ਜਾਂਦਾ ਹੈ। ਕਿਉਂਕਿ ਹਰੇਂ ਇਕ ਵਿਅਕਤੀ ਕਿਸੇ ਨਾ ਕਿਸੇ ਧਰਮ ਨੂੰ ਆਪਣੇ ਨਾਲ ਜੋੜ ਚੁੱਕਾ ਹੁੰਦਾ ਹੈ। ਏਸੇ ਲਈ ਹੀ ਉਹਨਾਂ ਨੂੰ ਖੁਸ਼ੀ ਜਾਂ ਤਕਲੀਫ ਹੁੰਦੀ ਹੈ, ਜਿਵੇਂ ਤੁਹਾਨੂੰ ਹੋਈ ਹੈ ਪਰ ਜੇ ਧਰਮ ਗ੍ਰੰਥ ਪੜ੍ਹਨ ਨਾਲ ਹੀ ਆਤਮਾਂ ਬਚਦੀ ਹੁੰਦੀ ਤਾਂ ਇਹ ਬੜਾ ਸਸਤਾ ਸੌਦਾ ਸੀ। ਜੈਨੀਆਂ ਦੇ ਧਰਮ ਗ੍ਰੰਥਾਂ ਵਿਚ ਲਿਖੇ ਹੋਏ ਵਾਂਗ ਜੇ ਭੁਖੇ ਰਹਿਣ ਦਾ ਅਧਿਆਤਮਕਤਾ ਨਾਲ ਕੋਈ ਸਬੰਧ ਹੁੰਦਾ ਤਾਂ ਦੁਨੀਆਂ ਦੇ ਸਾਰੇ ਭੁਖੇ ਜੋ ਭੁਖ ਨਾਲ ਮਰਦੇ ਤੇ ਅਕਾਲ ਪੈ ਕੇ ਮਰਦੇ ਹਨ,

ਅਧਿਆਤਮਕ ਹੋ ਜਾਂਦੇ। ਕੁਰਾਨ, ਗੀਤਾ, ਜੈਨ ਧਰਮ ਦੇ ਗ੍ਰੰਥ ਤੇ ਹੋਰ ਸਾਰੇ ਧਾਰਮਕ ਗ੍ਰੰਥ ਵਗੈਰਾ ਦੁਕਾਨਾਂ 'ਤੇ ਹੀ ਵਿਕਦੇ ਹਨ। ਉਹਨਾਂ ਦੁਕਾਨਦਾਰਾਂ ਲਈ ਹਮਾਮ ਸਾਬਣ ਦੀ ਚਾਕੀ ਵੇਚਣੀ ਤੇ ਇਹ ਕਿਤਾਬਾਂ ਵੇਚਣੀਆਂ ਇਕ ਬਰਾਬਰ ਹਨ। ਜਿਹੜੀ ਗੱਲ ਸਾਬਣ ਵੇਚਣ ਵਾਲਿਆਂ ਨੂੰ ਹੁਣ ਪਤਾ ਲੱਗੀ ਹੈ, ਉਹ ਧਾਰਮਕ ਗ੍ਰੰਥ ਵੇਚਣ ਵਾਲਿਆਂ ਨੂੰ ਕਈ ਹਜ਼ਾਰ ਸਾਲਾਂ ਦਾ ਪਤਾ ਸੀ।

ਇਕ ਅਮੀਰ ਹਿੰਦੂ ਨੇ ਸੋਨੇ ਦਾ ਭਗਵਾਨ ਤੇ ਸੋਨੇ ਦਾ ਹੀ ਗਰੁੜ ਬਣਵਾਇਆ। ਫਿਰ ਬਹੁਤ ਗਰੀਬ ਹੋ ਗਿਆ। ਜਦੋਂ ਸੁਨਿਆਰੇ ਕੋਲ ਦੋਵੇਂ ਚੀਜ਼ਾਂ ਵੇਚਣ ਗਿਆ ਤਾਂ ਵਿਸ਼ਨੂੰ ਹੌਲਾ ਸੀ, ਉਸਦਾ ਮੁਲ ਘੱਟ ਪਿਆ। ਗਰੁੜ ਭਾਰਾ ਸੀ, ਉਸਦਾ ਮੁਲ ਵੱਧ ਗਿਆ। ਸੁਨਿਆਰੇ ਨੇ ਕਿਹਾ, "ਤੇਰੀ ਸ਼ਰਧਾ ਹੋਵੇਗੀ। ਮੈਂ ਤਾਂ ਸੋਨੇ ਨੂੰ ਵੇਖ ਰਿਹਾ ਹਾਂ, ਭਗਵਾਨ ਜਾਂ ਗਰੁੜ ਨੂੰ ਨਹੀਂ।" ਖੂਨ, ਹੱਡੀਆਂ ਤੇ ਮਾਸ ਹਿੰਦੂ, ਮੁਸਲਮਾਨ, ਜੈਨ ਜਾਂ ਸਿੱਖ ਨਹੀਂ ਹੁੰਦੇ। ਇਹਨਾਂ ਧਰਮਾਂ ਨੂੰ ਤਾਂ ਮਨੁੱਖ ਆਪ ਆਪਣੇ ਨਾਲ ਜੋੜਦਾ ਹੈ। ਜਦੋਂ ਮੁਸਲਮਾਨ ਭਾਰਤ ਵਿਚ ਹਮਲਾਵਰ ਬਣ ਕੇ ਆਏ ਤਾਂ ਉਹਨਾਂ ਨੇ ਹਿੰਦੂਆਂ ਨੂੰ ਕਾਫ਼ਰ ਦਾ ਨਾਂਅ ਦਿੱਤਾ ਅਰਥਾਤ ਰੱਬ ਨੂੰ ਨਾ ਮੰਨਣ ਵਾਲੇ ਮੂਰਖ, ਜਾਹਲ ਤੇ ਆਲਸੀ ਲੋਕ। ਮੁਸਲਮਾਨ ਹਰ ਉਸ ਬੰਦੇ ਨੂੰ ਜਿਹੜਾ ਇਕ ਖ਼ੁਦਾ ਵਿਚ ਈਮਾਨ ਨਾ ਲਿਆਵੇ, ਉਸਨੂੰ ਕਾਫ਼ਰ ਦਾ ਨਾਂਅ ਦੇਂਦੇ ਹਨ। ਇਸ ਲਈ ਕਾਫ਼ਰਾਂ ਨੂੰ ਸਿੱਧੇ ਰਾਹ 'ਤੇ ਪਾਉਣ ਲਈ ਉਹਨਾਂ ਦੇ ਧਰਮ ਅਸਥਾਨ ਵੀ ਤੋੜਨ ਤੋਂ ਗੁਰੇਜ਼ ਨਹੀਂ ਕਰਦੇ। ਮੁਸਲਮਾਨਾਂ ਨੇ ਹਿੰਦੂਆਂ ਦੇ ਮੰਦਰ ਢਾਹੇ ਤੇ ਢਾਹੁਣ ਦੇ ਡਰ ਨਾਲ ਕੰਬਦਿਆਂ ਉਹਨਾਂ ਨੇ ਉਹਨਾਂ-ਉਹਨਾਂ ਥਾਵਾਂ 'ਤੇ ਹੀ ਮਸਜਿਦਾਂ ਬਣਾ ਧਰੀਆਂ, ਜਿਵੇਂ ਅਯੁੱਧਿਆ ਵਿਚ ਰਾਮ ਜੀ ਦੇ ਜਨਮ ਵਾਲੇ ਥਾਂ 'ਤੇ ਬਣੇ ਮੰਦਰ ਨੂੰ ਤੋੜ ਕੇ ਬਾਬਰ ਨੇ ਇਕ ਮਸਜਿਦ ਬਣਾ ਦਿੱਤੀ, ਜਿਸਨੂੰ ਬਾਬਰੀ ਮਸਜਿਦ ਕਹਿਣ ਲੱਗ ਪਏ। ਏਸੇ ਤਰ੍ਹਾਂ ਹੀ ਮਥੁਰਾ ਵਿਚ, ਜਿਥੇ ਕ੍ਰਿਸ਼ਨ ਜੀ ਦਾ ਜਨਮ ਹੋਇਆ ਸੀ, ਉਸ ਮੰਦਰ ਨੂੰ ਤੋੜ ਕੇ ਉਥੇ ਵੀ ਮਸਜਿਦ ਬਣਵਾ ਦਿੱਤੀ ਤੇ ਹਿੰਦੁਸਤਾਨ ਦੇ ਸੈਂਕੜੇ ਥਾਵਾਂ 'ਤੇ ਏਸੇ ਤਰ੍ਹਾਂ ਹੀ ਹੋਇਆ। ਮੂਰਤੀ ਪੂਜਣ ਵਾਲਾ ਤੇ ਮੂਰਤੀ ਨੂੰ ਤੋੜਨ ਵਾਲਾ ਆਪਣੇ-ਆਪਣੇ ਢੰਗ ਨਾਲ ਮੂਰਤੀ ਨਾਲ ਬੱਝ ਜਾਂਦਾ ਹੈ। ਜਿਸ ਜਿਸ ਪੈਗੰਬਰ ਨੇ ਵੀ ਮੂਰਤੀ ਪੂਜਾ ਦੀ ਵਿਰੋਧਤਾ ਕੀਤੀ ਉਹ ਹੀ ਅਜ ਪੂਜੇ ਜਾ ਰਹੇ ਹਨ। ਬੁੱਧ, ਜੈਨ, ਸਿੱਖ ਗੁਰੂ ਤੇ ਹੋਰ ਸਾਰੇ ਪੂਜੇ ਜਾ ਰਹੇ ਹਨ, ਕੁਝ ਪਥਰਾਂ ਨਾਲ ਤੇ ਕੁੱਝ ਕੈਲੰਡਰਾਂ ਨਾਲ। ਮੰਨ ਲਓ ਯਸੂ ਮਸੀਹ ਯਹੂਦੀਆਂ ਹੱਥੋਂ ਨਾ ਮਰਦੇ ਤੇ ਆਪਣੀ ਪੂਰੀ ਉਮਰ ਭੋਗ ਕੇ ਹੀ ਮਰਦੇ ਤਾਂ ਈਸਾਈ ਭਾਵੇਂ ਜੋ ਮਰਜ਼ੀ ਕਰ ਲੈਂਦੇ, ਓਹਨਾਂ ਨੇ ਏਨਾਂ ਮਸ਼ਹੂਰ ਨਹੀਂ ਸੀ ਹੋਣਾ ਤੇ ਨਾ ਹੀ ਏਸ ਧਰਮ ਨੇ ਏਨੀਂ ਪਰਸਿੱਧੀ ਪ੍ਰਾਪਤ ਕਰਨੀ ਸੀ। ਜਦੋਂ ਜੀਸਸ ਨੂੰ ਫਾਂਸੀ ਦਿੱਤੀ ਗਈ ਤਾਂ ਉਹ ਇਕ ਸਧਾਰਨ ਰਾਜਸੀ ਪ੍ਰਕ੍ਰਿਆ ਸੀ। ਜੀਸਸ ਦੀ ਬੇਇਜ਼ਤੀ ਕਰਨ ਲਈ ਦੋ ਚੋਰਾਂ ਨੂੰ ਵੀ ਫਾਂਸੀ ਦਿੱਤੀ ਗਈ, ਇਕ ਨੂੰ ਜੀਸ਼ਸ ਦੇ ਖੱਬੇ ਤੇ ਇਕ ਨੂੰ ਸਜੇ, ਸਿਰਫ ਇਹ ਦਸਣ ਲਈ ਕਿ ਅਸੀਂ ਤੈਨੂੰ ਚੋਰਾਂ ਤੋਂ ਵੱਧ ਕੁੱਝ ਨਹੀਂ ਸਮਝਦੇ। ਭਾਵੇਂ ਤੂੰ ਆਪਣੇ ਆਪ ਨੂੰ ਰੱਬ ਦਾ ਪੁੱਤਰ ਸਮਝਦਾ ਫਿਰੇਂ। ਇਕ ਚੋਰ ਨੇ ਜੀਸਸ ਨੂੰ ਕਿਹਾ, "ਭਲਾ ਅਸੀਂ ਤਾਂ ਚੋਰ ਹਾਂ ਤੂੰ ਤਾਂ ਭਲਾਮਾਣਸ ਸੀ ਸਾਨੂੰ ਵੀ ਫਾਂਸੀ ਤੇ ਤੈਨੂੰ ਵੀ ਫਾਂਸੀ?"

ਜੈਨ ਗ੍ਰੰਥ ਤਾਂ ਇਹ ਵੀ ਕਹਿੰਦੇ ਹਨ ਕਿ ਮਹਾਂਵੀਰ ਜਦੋਂ ਮਰਿਆ ਸੀ ਤਾਂ ਉਹ ਗਾਂ-ਦੂਹ (ਗਾਂ ਚੋਣ ਵਾਲੇ) ਆਸਣ ਵਿਚ ਬੈਠਾ ਸੀ। ਦਸੋ ਇਹ ਕਿਹੜਾ ਸਟਾਈਲ ਹੋਇਆ ਮਰਨ ਦਾ। ਇਸ ਗੱਲ ਦਾ ਹਰੀਸ਼ ਦੀ ਮਾਂ ਨੂੰ ਵੀ ਗੁੱਸਾ ਲੱਗ ਜਾਂਦਾ ਤੇ ਉਹ ਵੀ ਬੋਲ ਪੈਂਦੀ-

"ਤੈਨੂੰ ਕਿੰਨੀ ਵਾਰ ਆਖਿਆ ਹੈ, ਮਹਾਂਪੁਰਸ਼ਾਂ ਨੂੰ ਏਦਾਂ ਨਹੀਂ ਆਖੀਦਾ।" ਹਰੀਸ਼ ਉਸ ਵਿਚਾਰੀ ਵੱਲ ਹੀ ਸਿੱਧਾ ਹੋ ਪੈਂਦਾ-"ਫਿਰ ਮੰਮੀ ਇਹ ਦਸੋ, ਜੇ ਕਿਸੇ ਬੰਦੇ ਦੇ ਸਰੀਰ ਵਿਚ ਲਹੂ ਦੀ ਥਾਂ ਦੁੱਧ ਵਗਦਾ ਹੋਵੇ ਤੇ ਜੇ ਕਿਤੇ ਸੱਟ ਲੱਗ ਜਾਵੇ ਤਾਂ ਦੁੱਧ ਵਗਣ ਲੱਗ ਪਵੇ ਤਾਂ ਲਾਗੇ ਮਖੀਆਂ ਈ ਮਖੀਆਂ ਨਾ ਭਿਣਕਣ ਲੱਗ ਪੈਣਗੀਆਂ?" ਇਸ ਗੱਲ ਤੋਂ ਉਹਦੀ ਭੈਣ ਜਿਹੜੀ ਖੰਨੇ ਲੈਕਚਰਾਰ ਲੱਗੀ ਹੋਈ ਸੀ, ਖਿੜਖਿੜਾ ਕੇ ਹੱਸ ਪੈਂਦੀ। ਦੋਹਾਂ ਬੁੱਢਿਆਂ ਨੂੰ ਬਹੁਤ ਗੁੱਸਾ ਚੜ੍ਹਦਾ। ਫਿਰ ਉਹ ਇਕ ਦੂਜੇ ਨੂੰ ਕਹਿੰਦੇ-"ਵੇਖ ਲਿਆ ਜੇ ਅੱਜਕਲ੍ਹ ਦੇ ਜਮਾਨੇ ਦਾ ਹਾਲ, ਕੀ ਬਣੂੰ ਇਸ ਦੁਨੀਆਂ ਦਾ।" ਏਸ ਗੱਲ 'ਤੇ ਕੁੜੀ ਸ਼ੁਰੂ ਹੋ ਜਾਂਦੀ-"ਪਾਪਾ ਪਹਿਲੇ ਜਮਾਨੇ ਨਾਲੋਂ ਤਾਂ ਹੁਣ ਦਾ ਜਮਾਨਾ ਕਿਤੇ ਚੰਗਾ ਹੈ। ਤੁਹਾਨੂੰ ਪਤੈ, ਪੁਰਾਣੇ ਜਮਾਨੇ ਵਿਚ ਲੋਕ ਸ਼ਤਰੰਜ ਕਿਵੇਂ ਖੇਡਦੇ ਸਨ?"

ਬੁੱਢਾ ਕਹਿੰਦਾ, "ਕਿਵੇਂ"?

"ਬੰਦਿਆਂ ਦੀਆਂ ਗੋਟੀਆਂ ਦੀ ਥਾਂ 'ਤੇ ਸੱਚਮੁਚ ਦੇ ਬੰਦੇ, ਹਾਥੀਆਂ ਦੀਆਂ ਗੋਟੀਆਂ ਦੀ ਥਾਂ 'ਤੇ ਹਾਥੀ ਤੇ ਘੋੜਿਆਂ ਦੀਆਂ ਗੋਟੀਆਂ ਦੀ ਥਾਂ 'ਤੇ ਘੋੜੇ ਤੇ ਊਠ ਦੇ ਥਾਂ 'ਤੇ ਅਸਲੀ ਊਠ ਖੜੇ ਕੀਤੇ ਜਾਂਦੇ ਸਨ। ਜਿਹੜੀ ਗੋਟੀ ਪਿੱਟ ਜਾਂਦੀ, ਨਾਲ ਈ ਘੜਿਚੂ। ਫਿਰ ਉਹ ਆਪਣੇ ਹੱਥ ਦੀ ਹਥੇਲੀ ਨੂੰ ਤਲਵਾਰ ਵਰਗਾ ਰੂਪ ਦੇ ਕੇ ਆਪਣੇ ਗਲ਼ ਦੇ ਸਾਹਮਣੇ ਖਿੱਚ ਦੇਂਦੀ, ਜਿਵੇਂ ਗਲ਼ ਵੱਢੀਦਾ ਹੈ ਤੇ ਮੂੰਹ ਚੋਂ ਅਜੀਬ ਕਰਾਰੀ ਜਹੀ ਅਵਾਜ ਕੱਢਦੀ, ਜਿਹਦਾ ਮਤਲਬ ਬਣਦਾ ਸੀ ਕਿ ਗਲ਼ ਵੱਢਿਆ ਗਿਆ।"

ਬੁੱਢੀ ਪੁੱਛਦੀ-"ਨਾ ਜੀਂਦੇ ਬੰਦੇ ਤੇ ਹਾਥੀ ਘੋੜੇ ?"

ਉਹ ਕਹਿੰਦੀ-"ਹਾਂ ਸਾਰੇ ਹੀ ਜੀਦੇਂ।"

ਬੁੱਢੀ ਦੋਹਾਂ ਹੱਥਾਂ ਨਾਲ ਫੜ ਕੇ ਕੰਨਾਂ ਦੀਆਂ ਕਰੂੰਬਲਾਂ ਥਲੇ ਨੂੰ ਖਿਚਦੀ ਤੇ ਉੱਠ ਕੇ ਚਲੀ ਜਾਂਦੀ।(ਜੈਨੀ ਏਦਾਂ ਹੀ ਕੰਨ ਫੜਦੇ ਹਨ।) ਮੂੰਹ ਚੋਂ ਉਹ ਕੀ ਬੋਲਦੀ ਸੀ ਇਹ ਤਾਂ ਮੈਨੂੰ ਸਮਝ ਨਹੀਂ ਸੀ ਆਉਂਦੀ ਪਰ ਇਹ ਸਪਸ਼ਟ ਸੀ ਕਿ ਉਹ ਕਹਿੰਦੀ ਹੋਵੇਗੀ-"ਬਹੁਤ ਜਾਲਮ ਸਨ।" ਇਹ ਹਾਵ-ਭਾਵ ਤਾਂ ਉਹਦੇ ਮੂੰਹ ਦਾ ਉਡਿਆ ਰੰਗ ਹੀ ਦੱਸ ਦੇਂਦਾ ਸੀ। ਥੋੜ੍ਹੇ ਚਿਰ ਬਾਅਦ ਉਹ ਫਿਰ ਮੁੜ ਆਉਂਦੀ ਤੇ ਕਹਿੰਦੀ-"ਤੁਹਾਨੂੰ ਭੈਣ ਭਰਾ ਨੂੰ ਮੈਂ ਕਿੰਨੀ ਵਾਰ ਆਖਿਆ ਹੈ, ਏਹੋ ਜਹੀਆਂ ਗੱਲਾਂ ਮੈਨੂੰ ਨਾ ਦੱਸਿਆ ਕਰੋ, ਸਾਰੀ ਰਾਤ ਮੈਨੂੰ ਨੀਂਦ ਨਹੀਂ ਆਉਂਦੀ।" ਇਹ ਮਨੋਸਥਿਤੀ ਸੀ ਇਕ ਜੈਨੀ ਪਰਿਵਾਰ ਦੀ। ਨੀਂਦ ਨਾ ਆਉਣ ਦਾ ਕਹਿਣਾ ਇਸ ਲਈ ਸੀ, ਕਿਉਂਕਿ ਜੈਨੀ ਤਾਂ ਮਰੀ ਕੀੜੀ 'ਤੇ ਵੀ ਪੈਰ ਨਹੀਂ ਰਖਦੇ, ਏਥੇ ਹਾਥੀ, ਘੋੜੇ ਤੇ ਬੰਦੇ ਮਾਰਨ ਦੀਆਂ ਗੱਲਾਂ ਸਨ।

ਹਰੀਸ਼ ਦਾ ਬੁੱਢਾ ਤਾਇਆ ਵੀ ਗੱਲਬਾਤ ਸੁਣਦਾ-ਸੁਣਦਾ ਜੋਸ਼ ਵਿਚ ਆ ਜਾਂਦਾ। ਕਿਥੇ ਪਹਿਲਾਂ ਉਹਦੇ ਕੋਲੋਂ ਚੱਜ ਨਾਲ ਆਪਣੇ ਆਪ ਪਾਸਾ ਵੀ ਨਹੀਂ ਸੀ ਪਰਤਿਆ ਜਾਂਦਾ ਤੇ ਪਾਸਾ ਪਰਤਾਉਣ ਵਿਚ ਵੀ ਮਦਦ ਕਰਨ ਲਈ ਅਵਾਜਾਂ ਮਾਰਦਾ ਸੀ। ਪਤਾ ਨਹੀਂ ਉਹਨੂੰ ਕਾਹਦਾ ਜੋਸ਼ ਆਉਂਦਾ ਸੀ। ਬਿਨਾਂ ਕਿਸੇ ਦੀ ਮਦਦ ਦੇ ਈ ਉੱਠ ਬਹਿੰਦਾ ਤੇ ਕਹਿੰਦਾ-"ਪਰ ਇਹ ਪਤਾ ਜੇ ਓਦੋਂ ਲੋਕ ਘਰਾਂ ਨੂੰ ਤਾਲੇ ਨਹੀਂ ਸੀ ਲਾਉਂਦੇ।"

ਮਿੰਨੀ ਹੱਸ ਕੇ ਕਹਿੰਦੀ-"ਲਓ ਵੱਡੇ ਪਾਪਾ ਵੀ ਆ ਗਏ ਜੇ ਮੈਦਾਨ ਵਿਚ।"

ਹਰੀਸ਼ ਦੇ ਡੈਡੀ ਕਹਿੰਦੇ, "ਦੇ ਜਵਾਬ ਹੁਣ ਭਾਈ ਸਾਹਿਬ ਦੀ ਗੱਲ ਦਾ।"

ਹਰੀਸ਼ ਕਹਿੰਦਾ-"ਵੱਡੇ ਪਾਪਾ ਤਾਲੇ ਵੀ ਤਾਂ ਈ ਲਾਈਦੇ ਆ ਜੇ ਘਰ ਵਿਚ ਕੁੱਝ

ਚੋਰੀ ਕਰਨ ਯੋਗ ਹੋਵੇ, ਜੇ ਕੁੱਝ ਹੋਵੇ ਈ ਨਾ ਫੇਰ ਭਲਾ ਤਾਲੇ ਕਾਹਦੇ ਲਈ ਲਾਉਣੇ ਹਨ? ਲੋਕ ਓਦੋਂ ਡੰਗੋ-ਡੰਗ ਹੁੰਦੇ ਸਨ। ਉਹਨਾਂ ਦਾ ਕਿਸੇ ਨੇ ਚੁੱਕ ਵੀ ਕੀ ਲੈਣਾ ਸੀ, ਜਿਹੜੇ ਉਹ ਘਰਾਂ ਨੂੰ ਤਾਲੇ ਲਾਉਂਦੇ।"

ਵਿਚੋਂ ਹੀ ਮਿੰਨੀ ਬੋਲ ਪੈਂਦੀ-"ਹੋ ਸਕਦਾ ਹੈ, ਓਦੋਂ ਤਾਲਿਆਂ ਦੀ ਕਾਢ ਈ ਨਾ ਨਿਕਲੀ ਹੋਵੇ।"

ਹਰੀਸ਼ ਕਹਿੰਦਾ-" ਹਾਂ ਇਹ ਵੀ ਹੋ ਸਕਦਾ ਹੈ।"

ਮਿੰਨੀ ਬੜੀ ਮੂੰਹਫਟ ਤੇ ਦਲੇਰ ਕੁੜੀ ਸੀ। ਭਾਵੇਂ ਉਹ ਜੈਨੀਆਂ ਦੇ ਘਰ ਜੰਮੀ ਪਲੀ ਸੀ ਪਰ ਗੱਲ ਜੱਟੀਆਂ ਵਾਂਗ ਕਰਦੀ। ਉਹਦਾ ਕੱਦ ਪੰਜ ਫੁੱਟ ਅੱਠ ਇੰਚ ਤੇ ਸਰੀਰ ਬਿਲਕੁਲ ਪਤਲਾ, ਲੱਕ ਮਸਾਂ ਇਕ ਗਿੱਠ ਦਾ ਹੋਵੇਗਾ। ਮੈਂ ਉਹਨੂੰ ਇਕ ਵਾਰ ਵੀ ਸਾੜ੍ਹੀ ਵਿਚ ਨਹੀਂ ਵੇਖਿਆ। ਬਾਹਰ ਤਾਂ ਉਹ ਸਲਵਾਰ ਕਮੀਜ ਪਾਉਂਦੀ ਤੇ ਸਿਰ 'ਤੇ ਚੁੰਨੀ ਜ਼ਰੂਰ ਲੈਂਦੀ। ਅੱਗੋਂ-ਪਿਛੋਂ ਵੀ ਜੇ ਕੋਈ ਵੱਡਾ ਬੈਠਾ ਹੁੰਦਾ ਤਾਂ ਉਹ ਫੱਟ ਚੁੰਨੀ ਸਿਰ 'ਤੇ ਲੈ ਲੈਂਦੀ। ਸਲਵਾਰ-ਕਮੀਜ ਤੇ ਦੁਪੱਟੇ ਵਿਚ ਉਹ ਬਿਲਕੁਲ ਜੈਨਣ ਨਹੀਂ ਸੀ ਲੱਗਦੀ। ਨਾ ਮੈਂ ਕਦੇ ਉਹਨੂੰ ਵਿਆਹ ਤੋਂ ਪਹਿਲਾਂ ਕੋਈ ਗਹਿਣਾ ਪਾਇਆ ਹੋਇਆ ਵੇਖਿਆ ਸੀ ਤੇ ਨਾ ਹੀ ਵਿਆਹ ਤੋਂ ਬਾਅਦ ਪਰ ਉਸ ਤਰ੍ਹਾਂ ਉਸ ਕੋਲ ਗਹਿਣੇ ਬਹੁਤ ਸਨ। ਘਰ ਵਿਚ ਕਈ ਵਾਰ ਉਹ (ਯੂਨੀਸੈਕਸ ਕੱਪੜੇ) ਜੀਨ ਤੇ ਕਮੀਜ ਵਗੈਰਾ ਵੀ ਪਾ ਲੈਂਦੀ ਪਰ ਇਹ ਕੱਪੜੇ ਪਾ ਕੇ ਕਦੇ ਬਾਹਰ ਨਹੀਂ ਸੀ ਜਾਂਦੀ। ਸਾੜ੍ਹੀ ਬਾਰੇ ਉਹ ਕਹਿੰਦੀ ਸੀ-"ਇਹ ਓਦੋਂ ਦੀ ਪੋਸ਼ਾਕ ਹੈ, ਜਦੋਂ ਭਾਰਤੀਆਂ ਨੂੰ ਕੱਪੜਾ ਸੀਣਾ ਨਹੀਂ ਸੀ ਆਉਂਦਾ। ਸਾੜ੍ਹੀ ਹੀ ਦੁਨੀਆਂ ਦੀ ਸਭ ਤੋਂ ਵੱਧ ਸੈਕਸੀ ਡਰੈੱਸ ਮੰਨੀ ਗਈ ਹੈ।" ਪਰ ਇਹ ਗੱਲਾਂ ਉਹ ਵਿਆਹ ਤੋਂ ਬਾਅਦ ਹੀ ਕਰਦੀ ਸੀ, "ਪਹਿਲੇ ਸਮੇਂ ਵਿਚ ਬੰਦੇ ਵੀ ਤੇੜ ਅਣਸੀਤੀ ਧੋਤੀ ਬੰਨਦੇ ਸਨ ਤੇ ਪਿੰਡਾ ਨੰਗਾ ਹੀ ਹੁੰਦਾ ਸੀ। ਅਮੀਰ ਲੋਕ ਨੰਗੇ ਪਿੰਡੇ 'ਤੇ ਗਹਿਣੇ ਪਾ ਲੈਂਦੇ ਸਨ।"

ਮਰਦਮ ਸ਼ੁਮਾਰੀ ਵਿਚ ਪੰਜਾਬੀ ਹਿੰਦੂਆਂ ਵੱਲੋਂ ਮਾਤ-ਭਾਸ਼ਾ ਹਿੰਦੀ ਲਿਖਾਉਣ ਵਾਲਿਆਂ ਦਾ ਉਹ ਬੜਾ ਮਜਾਕ ਉਡਾਉਂਦੀ ਤੇ ਉਹਨਾਂ ਨੂੰ ਪਾਖੰਡੀ ਤੇ ਅਕਿਰਤਘਣ ਕਹਿਣ ਲੱਗੀ ਮਾਸਾ ਸੰਕੋਚ ਨਹੀਂ ਸੀ ਕਰਦੀ। ਲਗਦਾ ਸੀ ਜਿਵੇਂ ਉਹਦੇ ਆਪਣੇ ਪਰਿਵਾਰ ਨੇ ਵੀ ਪੰਜਾਬੀ ਦੀ ਥਾਂ ਹਿੰਦੀ ਹੀ ਮਾਤ-ਭਾਸ਼ਾ ਲਿਖਵਾਈ ਹੋਵੇਗੀ। ਜੈਨੀਆਂ ਨੂੰ ਉਹ ਹਿੰਦੂ ਮੰਨ ਕੇ ਹੀ ਚਲਦੀ ਸੀ ਤੇ ਆਮ ਕਹਿੰਦੀ ਹੁੰਦੀ ਸੀ ਕਿ ਹਿੰਦੂ ਜੈਨੀ, ਬੋਧੀ ਤੇ ਸਿੱਖਾਂ ਨੂੰ ਨਿਗਲ ਗਏ ਹਨ। ਪਰ ਮੇਰੇ ਸਾਹਮਣੇ ਸਿੱਖਾਂ ਨੂੰ ਨਿਗਲਣ ਵਾਲੀ ਗੱਲ ਨਹੀਂ ਸੀ ਕਰਦੀ ਤੇ ਸਿੱਖ ਸ਼ਬਦ ਤੋਂ ਬਗੈਰ ਹੀ ਬਾਕੀ ਦੀ ਗੱਲ ਕਰਦੀ ਸੀ।

ਇਕ ਵਾਰ ਮੈਂ ਉਹਦੇ ਪਰਸ ਵਿਚ ਇਕ ਪੁਆਇੰਟ ਪੱਚੀ ਬੋਰ ਦਾ ਪਿਸਟਲ ਵੇਖਿਆ ਸੀ, ਜੋ ਇਟਲੀ ਮੇਕ ਦਾ ਸੀ। ਏਸੇ ਹੀ ਮੇਕ ਤੇ ਏਸੇ ਹੀ ਬੋਰ ਦੇ ਪਿਸਟਲ ਨਾਲ ਸ਼ਹੀਦ ਊਧਮ ਸਿੰਘ ਨੇ ਅਡਵਾਇਰ ਨੂੰ ਮਾਰਿਆ ਸੀ। ਇਹ ਪਿਸਟਲ ਸ਼ਾਇਦ ਦੁਨੀਆਂ ਦੇ ਸਭ ਤੋਂ ਛੋਟੇ ਪਿਸਟਲਾਂ ਵਿਚ ਗਿਣਿਆ ਜਾਂਦਾ ਹੈ। ਇਕ ਵਾਰ ਮੈਂ ਉਹਨੂੰ ਬੋਤਲਾਂ ਰੱਖ ਕੇ ਨਿਸ਼ਾਨੇ ਲਾਉਂਦਿਆਂ ਵੀ ਵੇਖਿਆ ਸੀ। ਉਹਦੀਆਂ ਇਹੋ ਜਹੀਆਂ ਗੱਲਾਂ ਕਰਕੇ ਹੀ ਉਹ ਮੈਨੂੰ ਕਈ ਵਾਰ ਝਾਂਸੀ ਦੀ ਰਾਣੀ ਲੱਗਦੀ ਸੀ। ਮੈਂ ਕਈ ਵਾਰ ਸੋਚਦਾ, ਇਹ ਕੁੜੀ ਤਾਂ ਐਵੇ ਹੀ ਜੈਨੀਆਂ ਦੇ ਘਰ ਜੰਮ ਪਈ ਹੈ, ਇਹਨੂੰ ਤਾਂ ਸਿੱਖਾਂ ਦੇ ਘਰ ਵਿਚ ਜੰਮਣਾ ਚਾਹੀਦਾ ਸੀ। ਇਕ ਵਾਰ ਮੈਂ ਉਸ ਨੂੰ ਰੈੱਡਕਰਾਸ ਭਵਨ ਵਿਚ 'ਲਾਅ ਐਂਡ ਆਰਡਰ' ਦੀ ਸਥਿਤੀ 'ਤੇ

ਭਾਸ਼ਣ ਕਰਦਿਆਂ ਸੁਣਿਆਂ ਤਾਂ ਦੰਗ ਰਹਿ ਗਿਆ। ਸਾਰਾ ਹਾਲ ਇਸ ਤਰ੍ਹਾਂ ਚੁੱਪ ਸੀ, ਜਿਵੇਂ ਬੇਹੋਸ਼ੀ ਤਾਰੀ ਹੋ ਗਈ ਹੋਵੇ। ਧਾਰਮਕ ਗ੍ਰੰਥ ਗੀਤਾ ਬਾਰੇ ਉਹ ਕਹਿੰਦੀ ਸੀ-"ਗੀਤਾ ਅਰਜੁਨ ਅੰਤੇ ਕ੍ਰਿਸ਼ਨ ਜੀ ਵਿਚਕਾਰ ਹੋਈ ਗੱਲਬਾਤ ਹੈ। ਪਤਾ ਨਹੀਂ ਮੈਦਾਨੇ-ਜੰਗ ਵਿਚ ਕੌਣ ਏਨੀਂ ਸ਼ਾਰਟਹੈਂਡ ਜਾਣਦਾ ਸੀ, ਜੀਹਨੇਂ ਛੇਤੀ-ਛੇਤੀ ਲਿਖ ਲਈ।" ਮਹਾਂਭਾਰਤ ਯੁੱਧ ਵਿਚ ਸ਼ਾਸਤਰਾਂ ਅਨੁਸਾਰ ਇਕ ਅਰਬ ਪੰਦਰਾਂ ਕਰੋੜ ਬੰਦੇ ਮਰੇ ਦਸਿਆ ਗਿਆ ਹੈ ਪਰ ਇਹ ਗੱਲ ਉਹਦੇ ਮੰਨਣ ਵਿਚ ਨਹੀਂ ਸੀ ਆਉਂਦੀ ਤੇ ਇਸ ਅੱਤਕਥਨੀ ਨੂੰ ਉਹ ਨਿਰੀ ਗੱਪ ਮੰਨਦੀ ਸੀ ਕਿਉਂਕਿ ਸਾਰੇ ਸੰਸਾਰ ਦੀ ਦੋ ਅਰਬ ਅਬਾਦੀ ਤਾਂ ਹੁਣ ਹੈ (1965 ਵਿਚ) ਜਿਸ ਕ੍ਰਿਸ਼ਨ ਨੇ ਗੀਤਾ ਦਾ ਉਪਦੇਸ਼ ਦਿੱਤਾ ਉਹਦੀ ਮੌਤ ਵੀ ਇਕ ਸ਼ਿਕਾਰੀ ਦੇ ਤੀਰ ਲਗਣ ਨਾਲ ਹੋਈ। ਕ੍ਰਿਸ਼ਨ ਦੇ ਮਰਨ ਤੋਂ ਬਾਅਦ ਦੁਆਰਕਾ ਵਿਚ ਉਹਦੇ ਅਨੁਯਾਈ ਸ਼ਰਾਬ ਪੀ ਪੀ ਕੇ ਲੜ ਮਰੇ ਤੇ ਸਮੁੰਦਰ ਦਾ ਪਾਣੀ ਲਾਲ ਹੋ ਗਿਆ। ਜਿਹੜੇ ਕ੍ਰਿਸ਼ਨ ਨੇ ਗੀਤਾ ਲਿਖਵਾਈ, ਉਹਨੇ ਆਪਣੇ ਚੇਲਿਆਂ ਨੂੰ ਇਹ ਨਾਂ ਦਸਿਆ ਕਿ ਆਪਸ ਵਿਚ ਨਹੀਂ ਲੜੀਦਾ।

ਹਿੰਦੂ ਕਹਿੰਦੇ ਹਨ ਕਿ ਅਰਜੁਨ ਆਪਣੇ ਹੀ ਰਿਸ਼ਤੇਦਾਰਾਂ, ਬਾਬਿਆਂ, ਚਾਚਿਆਂ, ਤਾਇਆਂ ਤੇ ਭਰਾਵਾਂ ਨਾਲ ਨਹੀਂ ਸੀ ਲੜਨਾ ਚਾਹੁੰਦਾ ਪਰ ਕ੍ਰਿਸ਼ਨ ਜੀ ਨੇ ਉਸ ਨੂੰ ਲੜਨ ਲਈ ਪ੍ਰੇਰਿਆ ਤੇ ਅਰਜੁਨ ਮੰਨ ਗਿਆ। ਹਿੰਦੂ ਇਸ ਕਿਤਾਬ ਨੂੰ ਹਿੰਦੂ ਫਿਲਾਸਫੀ ਦਾ ਨਿਚੋੜ ਦੱਸਦੇ ਹਨ ਤੇ ਕਹਿੰਦੇ ਹਨ ਕਿ ਜੋ ਕੋਈ ਵੀ ਗੀਤਾ ਦਾ ਪਾਠ ਕਰੇਗਾ, ਉਹ ਸਿੱਧਾ ਸਵਰਗ ਵਿਚ ਜਾਏਗਾ, ਪਰ ਕਹਿੰਦੇ ਹਨ ਜਦੋਂ ਪੰਜੇ ਪਾਂਡਵ ਭਰਾ, ਸਮੇਤ ਦਰੋਪਤੀ ਤੇ ਨਾਲ ਉਹਨਾਂ ਦਾ ਕੁੱਤਾ ਸਵਰਗ ਵੱਲ ਜਾ ਰਹੇ ਸਨ ਤਾਂ ਜਿਵੇਂ-ਜਿਵੇਂ ਸਵਰਗ ਨੇੜੇ ਆਉਂਦਾ ਜਾਂਦਾ ਸੀ, ਇਕ-ਇਕ ਕਰਕੇ ਸਾਰੇ ਗਲ਼ਦੇ ਜਾਂਦੇ ਸਨ। ਸਾਰਿਆਂ ਪਾਂਡਵਾਂ ਨੂੰ ਹੈਰਾਨੀ ਇਹ ਹੋਈ ਕਿ ਸਭ ਤੋਂ ਪਹਿਲਾਂ ਅਰਜੁਨ ਹੀ ਗਲ਼ਿਆ, ਜਿਸ ਨੂੰ ਕ੍ਰਿਸ਼ਨ ਨੇ ਗੀਤਾ ਦਾ ਉਪਦੇਸ਼ ਦਿੱਤਾ ਸੀ ਤੇ ਬਾਅਦ ਵਿਚ ਉਹਦੇ ਤਿੰਨ ਭਰਾ ਤੇ ਦਰੋਪਤੀ ਵੀ ਗਲ ਗਏ। ਸਿਰਫ ਯੁਧਿਸ਼ਟਰ ਤੇ ਕੁੱਤਾ ਹੀ ਬਚੇ। ਪਰ ਜਦੋਂ ਸਵਰਗ ਪਹੁੰਚੇ ਤਾਂ ਧਰਮਰਾਜ ਨੇ ਕੁੱਤੇ ਨੂੰ ਸਵਰਗ ਜਾਣ ਤੋਂ ਰੋਕ ਦਿੱਤਾ ਤੇ ਯੁਧਿਸ਼ਟਰ ਨੇ ਵੀ ਸਵਰਗ ਅੰਦਰ ਜਾਣ ਤੋਂ ਨਾਂਹ ਕਰ ਦਿੱਤੀ। ਮਜਬੂਰ ਹੋ ਕੇ ਧਰਮਰਾਜ ਨੇ ਕੁੱਤੇ ਨੂੰ ਵੀ ਸਵਰਗ ਭੇਜ ਦਿੱਤਾ। ਸਾਡੇ ਸਾਰਿਆਂ ਲਈ ਇਹ ਗੱਲਾਂ ਨਵੀਆਂ ਸਨ। ਮਿੰਨੀ ਦੇ ਤਾਏ ਨੇ ਪੁੱਛਿਆ-"ਪਰ ਸਾਰੀਆਂ ਅਦਾਲਤਾਂ ਵਿਚ ਤੇ ਗੀਤਾ 'ਤੇ ਹੱਥ ਰੱਖ ਕੇ ਹੀ ਸੱਚ ਬੋਲਣ ਦੀ ਸਹੁੰ ਚੁਕਾਈ ਜਾਂਦੀ ਹੈ!"

ਮਿੰਨੀ ਨੇ ਥੋੜ੍ਹਾ ਗੰਭੀਰ ਹੋ ਕੇ ਕਿਹਾ-"ਵੱਡੇ ਪਾਪਾ, ਜਿਹਨਾਂ ਦੀ ਗੀਤਾ ਹੈ ਉਹਨਾਂ ਦੀਆਂ ਹੀ ਅਦਾਲਤਾਂ ਹਨ। ਕਹਿਣ ਨੂੰ ਹੀ ਭਾਰਤ ਧਰਮ ਨਿਰਪੇਖ ਹੈ ਪਰ ਰਾਜਕਾਜ ਸਾਰਾ ਹਿੰਦੂ ਅਸੂਲਾਂ ਨਾਲ ਹੀ ਚਲਦਾ ਹੈ। ਹੁਣ ਵੇਖੋ ਨਾ ਭਾਰਤ ਅਤੇ ਪਾਕਿਸਤਾਨ ਇਕੋ ਦਿਨ ਇਕੋ ਹੀ ਐਵਾਰਡ (ਹੁਕਮ) ਨਾਲ ਆਜ਼ਾਦ ਹੋਏ ਪਰ ਭਾਰਤ ਵਿਚ ਆਜ਼ਾਦੀ ਦਾ ਦਿਨ ਪੰਦਰਾਂ ਅਗਸਤ ਨੂੰ ਮਨਾਇਆ ਜਾਂਦਾ ਹੈ, ਜਦੋਂ ਕਿ ਪਾਕਿਸਤਾਨੀ ਇਹ ਦਿਨ ਚੌਦਾਂ ਅਗਸਤ ਨੂੰ ਮਨਾਉਂਦੇ ਹਨ। ਕਾਰਨ ਸਿਰਫ ਏਨਾਂ ਹੀ ਹੈ ਕਿ ਜੋਤਸ਼ੀਆਂ ਨੇ ਦੱਸਿਆ ਸੀ ਕਿ ਚੌਦਾਂ ਅਗਸਤ ਦਾ ਦਿਨ ਰਾਜ ਸੰਭਾਲਣ ਲਈ ਸ਼ੁਭ ਨਹੀਂ, ਇਸ ਲਈ ਇਸ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਅਗਲੇ ਦਿਨ ਤੱਕ ਟਾਲਿਆ ਜਾਵੇ। ਸਾਰੇ ਹਿੰਦੂ ਲੀਡਰਾਂ ਨੇ ਇਵੇਂ ਹੀ ਕੀਤਾ। ਬਾਰਾਂ ਵੱਜ ਕੇ ਇੱਕ ਮਿੰਟ 'ਤੇ ਨਹਿਰੂ ਜੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਾਈ ਗਈ। ਉਸਤੋਂ ਪਹਿਲਾਂ ਨਹਿਰੂ ਜੀ ਨੂੰ ਸੱਤਾਂ ਦਰਿਆਵਾਂ ਦੇ ਪਾਣੀ ਨਾਲ ਚੰਦਨ ਦੀ

ਚੌਂਕੀ 'ਤੇ ਬਿਠਾ ਕੇ ਇਸ਼ਨਾਨ ਕਰਵਾਇਆ ਗਿਆ, ਸਹੁੰ ਚੁੱਕਣ 'ਤੇ ਨਾਰੀਅਲ ਭੰਨਿਆਂ ਗਿਆ ਤੇ ਪੰਡਿਤ ਨਹਿਰੂ ਜੀ ਰਾਜ ਸਿੰਘਾਸਨ 'ਤੇ ਜਾ ਬੈਠੇ। ਹੁਣ ਵੀ ਕੋਈ ਸਮੁੰਦਰੀ ਜਹਾਜ ਪਾਣੀ ਵਿਚ ਉਤਾਰਨਾ ਹੋਵੇ ਜਾਂ ਹਵਾਈ ਜਹਾਜ ਉਡਾਉਣਾ ਹੋਵੇ ਜਾਂ ਕਿਸੇ ਡੈਮ ਦਾ ਉਦਘਾਟਨ ਕਰਨਾ ਹੋਵੇ ਜਾਂ ਕੁਝ ਵੀ ਹੋਰ ਕਰਨਾ ਹੋਵੇ ਤਾਂ ਨਾਰੀਅਲ ਹੀ ਭੰਨਿਆਂ ਜਾਂਦਾ ਹੈ ਤੇ ਹਵਨ ਯੱਗ ਕਰਵਾਇਆ ਜਾਂਦਾ ਹੈ। ਜੇ ਅਜੇ ਵੀ ਇਸ ਨੂੰ ਹਿੰਦੂ ਸਟੇਟ ਨਾ ਕਿਹਾ ਜਾਵੇ ਤਾਂ ਹੋਰ ਕੀ ਕਿਹਾ ਜਾਵੇ।"

"ਪਰ ਬੇਟਾ ਮੈਨੂੰ ਇਕ ਗੱਲ ਸਮਝ ਨਹੀਂ ਆਉਂਦੀ, ਜੈਨੀ, ਬੋਧੀ ਤੇ ਸਿੱਖ ਤਾਂ ਗੀਤਾ ਨੂੰ ਮੰਨਦੇ ਹੀ ਨਹੀਂ, ਇਹਨਾਂ ਨੂੰ ਉਹਦੀ ਸਹੁੰ ਚੁਕਾਉਣ ਨਾਲ ਕੀ ਫਰਕ ਪੈਂਦਾ ਹੋਵੇਗਾ ?"

"ਵੱਡੇ ਪਾਪਾ ਕਾਨੂੰਨ ਅਨੁਸਾਰ ਸਵਿਧਾਨ ਵਿਚ ਮੁਸਲਮਾਨਾਂ ਤੇ ਈਸਾਈਆਂ ਨੂੰ ਛੱਡ ਕੇ ਬਾਕੀ ਸਾਰੇ ਹੀ ਹਿੰਦੂ ਹਨ ਤੇ ਰਹੀ ਗੱਲ ਗੀਤਾ ਨੂੰ ਨਾ ਮੰਨਣ ਦੀ, ਮੰਨ ਤਾਂ ਰਹੇ ਹਨ। ਹਰ ਰੋਜ਼ ਅਦਾਲਤਾਂ ਵਿਚ ਇਹਦੇ 'ਤੇ ਹੱਥ ਰੱਖ ਕੇ ਹੀ ਤਾਂ ਸਹੁੰ ਖਾਂਦੇ ਹਨ, ਹੋਰ ਕਿਵੇਂ ਮੰਨਣ ?"

"ਇਹ ਤਾਂ ਮਜਬੂਰੀ ਹੈ ਨਾ, ਦਿਲੋਂ ਤਾਂ ਨਹੀਂ ਨਾ ਮੰਨਦੇ।"

"ਜਦੋਂ ਇਹ ਸਾਰੇ ਹਿੰਦੂਆਂ ਵਿਚ ਵਲੀਨ ਹੋ ਗਏ ਤਾਂ ਦਿਲੋਂ ਵੀ ਮੰਨਣਗੇ। ਜਿਵੇਂ ਲੂਣ ਦੀ ਖਾਨ ਵਿਚ ਡਿੱਗ ਕੇ ਹਰ ਚੀਜ਼ ਲੂਣ ਹੋ ਜਾਂਦੀ ਹੈ ਤੇ ਫੇਰ ਉਸਦੀ ਪਛਾਣ ਵੀ ਲੂਣ ਹੀ ਰਹਿ ਜਾਂਦੀ ਹੈ, ਏਸੇ ਤਰ੍ਹਾਂ ਹੀ ਇਹ ਸਾਰੇ ਵੀ ਹਿੰਦੂ ਹੀ ਹੋ ਜਾਣਗੇ। ਫੇਰ ਇਹ ਸਾਰੇ ਹਿੰਦੂ ਕਾਨੂੰਨ ਹੀ ਮੰਨਣਗੇ, ਮੰਨਣਗੇ ਕਿਉਂ ਨਾ ? ਜਾਣਗੇ ਕਿਹੜੀ ਮਾਂ ਕੋਲ ? ਇਹਨਾਂ ਤਿੰਨਾਂ ਕੋਲ ਕਿਹੜਾ ਮੁਸਲਮਾਨਾਂ ਵਰਗਾ ਕੋਈ ਪਰਸਨਲ ਲਾਅ ਹੈ, ਜਿਹੜਾ ਇਹ ਨਾ ਮੰਨਣਗੇ। ਹਰ ਗੱਲ ਵਿਚ ਇਹ ਹਿੰਦੂ ਕਾਨੂੰਨਾਂ ਦੇ ਮੁਥਾਜ ਹਨ, ਇਸ ਲਈ ਇਹ ਹਿੰਦੂ ਧਰਮ ਨੂੰ ਮਾਨਤਾ ਦੇ ਚੁੱਕੇ ਹਨ। ਇਹਨਾਂ ਸਾਰਿਆਂ ਦੇ ਵਿਆਹ ਹਿੰਦੂ ਮੈਰਿਜ ਐਕਟ ਥੱਲੇ ਹੀ ਹੁੰਦੇ ਹਨ। ਜੇ ਕੋਈ ਹੋਰ ਥੋੜ੍ਹੀ ਬਹੁਤੀ ਕਸਰ ਰਹਿੰਦੀ ਹੋਵੇਗੀ ਤਾਂ ਹੌਲੀ-ਹੌਲੀ ਕਾਨੂੰਨ ਬਣਾ ਕੇ ਉਹ ਵੀ ਦੂਰ ਕਰ ਦੇਣਗੇ।" ਫੇਰ ਉਹ ਗਲਤ-ਮਲਤ ਪੰਜਾਬੀ ਦੀ ਕਹਾਵਤ-'ਵਾਜਾ ਟੁੱਟ ਗਿਆ ਹੈ ਕਿ ਗੀਤ ਮੁੱਕ ਗਿਆ ਹੈ' ਬੋਲ ਦੇਂਦੀ।"

ਮੈਂ ਕਹਿੰਦਾ-"ਨਹੀਂ ਵੰਝਲੀ ਟੁੱਟ ਗਈ ਹੈ ਕਿ ਰਾਗ ਮੁੱਕ ਗਿਆ ਹੈ, ਹੁੰਦਾ ਹੈ।"

ਤਾਂ ਉਹ ਹੱਸ ਕੇ ਕਹਿੰਦੀ-"ਚਲੋ ਏਦਾਂ ਹੀ ਸਹੀ।"

"ਏਦਾਂ ਤਾਂ ਇਹ ਕਿਸੇ ਦਿਨ ਤੱਕ ਮੁਸਲਮਾਨਾਂ ਤੇ ਈਸਾਈਆਂ ਨੂੰ ਵੀ ਹਿੰਦੂ ਬਣਾ ਲੈਣਗੇ।" ਬੁੱਢਾ ਫਿਰ ਪੁੱਛ ਲੈਂਦਾ।

"ਨਹੀਂ ਪਾਪਾ, ਏਦਾਂ ਹੋਣਾ ਬਹੁਤ ਮੁਸ਼ਕਿਲ ਹੈ, ਬਲਕਿ ਏਦਾਂ ਕਦੇ ਹੋ ਹੀ ਨਹੀਂ ਸਕਦਾ। ਇਹ ਦੋਵੇਂ ਧਰਮ ਹਿੰਦੂਆਂ ਦੀ ਪਹੁੰਚ ਤੋਂ ਬਾਹਰ ਹਨ। ਜੇ ਇਹ ਉਹਨਾਂ ਨੂੰ ਨਿਗਲਣ ਦੀ ਕੋਸ਼ਿਸ਼ ਕਰਨਗੇ ਤਾਂ ਉਹ ਇਹਨਾਂ ਦੇ ਸੰਘ ਵਿਚ ਫਸ ਜਾਣਗੇ। ਉਹਨਾਂ ਨੂੰ ਨਿਗਲਣਾ ਏਡਾ ਸੌਖਾ ਨਹੀਂ। ਦੁਨੀਆਂ ਵਿਚ ਮੁਸਲਮਾਨਾਂ ਦੀ ਅਬਾਦੀ ਈਸਾਈਆਂ ਤੋਂ ਬਾਅਦ ਦੂਜੇ ਨੰਬਰ 'ਤੇ ਆਉਂਦੀ ਹੈ। ਕਿਸੇ ਵੀ ਮੁਸਲਮਾਨ ਦੇਸ਼ ਵਿਚ ਕੋਈ ਮੰਦਰ ਨਹੀਂ ਬਣ ਸਕਦਾ ਤੇ ਜੇ ਸਿੱਖਾਂ ਨੇ ਕਿਤੇ ਮਿੰਨਤ ਤਰਲਾ ਕਰਕੇ ਗੁਰਦੁਆਰਾ ਬਣਾ ਵੀ ਲਿਆ ਹੈ ਤਾਂ ਉਸ ਦੇ ਮੁੱਖ ਦੁਆਰ 'ਤੇ 'ਹਿੰਦੂ ਮਸਜਿਦ' ਲਿਖਣਾ ਜਰੂਰੀ ਹੈ। ਮੁਸਲਮਾਨ ਕਿਸੇ ਵੀ ਉਸ ਕਾਨੂੰਨ ਨੂੰ

ਮਾਨਤਾ ਨਹੀਂ ਦੇਂਦੇ, ਜਿਹੜਾ ਉਹਨਾਂ ਦੇ ਪਵਿਤਰ ਕੁਰਾਨ ਦੇ ਵਿਰੁਧ ਹੋਵੇ ਅਤੇ ਏਥੋਂ ਤੱਕ ਕ੍ਰਿ ਉਹਨਾਂ ਨੇ ਹਜਰਤ ਮੁਹੰਮਦ ਸਾਹਿਬ ਦੀ ਫੋਟੋ ਤਕ ਨਹੀਂ ਬਣਨ ਦਿੱਤੀ।" ਤੇ ਇਹ ਕਹਿ ਕੇ ਉਸਨੇ ਇਹ ਅਣਸੁਲਝਿਆ ਸਵਾਲ ਵਿਚੇ ਹੀ ਛੱਡ ਦਿੱਤਾ ਤੇ ਉੱਠ ਕੇ ਕਿਤਾਬ ਅੰਦਰ ਰੱਖਣ ਚਲੀ ਗਈ।

ਕਈ ਵਾਰ ਉਹ ਕਿਸੇ ਖਾਸ ਗੱਲ 'ਤੇ ਟਿੱਪਣੀ ਕਰਦੀ-ਕਰਦੀ ਵਿਚੇ ਹੀ ਛੱਡ ਦੇਂਦੀ ਤੇ ਚੁਟਕਲਾ ਸੁਨਾਉਣ ਲੱਗ ਪੈਂਦੀ। ਉਹ ਆਪਣੇ ਮਾਂ ਪਿਓ ਦੀਆਂ ਭਾਵਨਾਵਾਂ ਦਾ ਬੜਾ ਧਿਆਨ ਰੱਖਦੀ ਸੀ ਪਰ ਜੈਨੀਆਂ ਦੇ ਗੰਦੇ ਰਹਿਣ ਤੇ ਗੰਦ ਫਰੋਲਣ ਵਾਲੀ ਗੱਲ ਨੂੰ ਬੜੀ ਨਫਰਤ ਕਰਦੀ ਸੀ। ਉਹ ਕਹਿੰਦੀ-"ਬੰਦਾ ਇਕ ਵਾਰ ਸਾਹ ਲਵੇ ਤਾਂ ਪਤਾ ਹੈ ਕਿੰਨੇ ਹਜ਼ਾਰ ਜਰਾਸੀਮ ਅੰਦਰ ਜਾ ਕੇ ਮਰ ਜਾਂਦੇ ਹਨ ? ਫੇਰ ਪਤਾ ਨਹੀਂ ਇਹ ਲੋਕ ਏਸ ਤਰ੍ਹਾਂ ਦੇ ਖੇਖਣ ਕਿਉਂ ਕਰਦੇ ਹਨ ?" ਪਰ ਉਸ ਦਾ ਮਾਂ-ਪਿਓ ਇਸ ਗੱਲ ਨੂੰ ਅਣਸੁਣੀ ਕਰ ਦੇਂਦੇ।

ਰੱਖੜੀ ਵਾਲੇ ਦਿਨ ਉਹ ਹੋਰ ਕੁੜੀਆਂ ਵਾਂਗ ਆਪਣੇ ਭਰਾ ਨੂੰ ਰੱਖੜੀ ਨਹੀਂ ਸੀ ਬੰਨ੍ਹਦੀ ਤੇ ਕਹਿੰਦੀ ਸੀ-"ਜੇ ਮੈਂ ਰੱਖੜੀ ਨਾ ਬੰਨਾਂ ਤੇ ਮੰਨ ਲਓ ਕਿ ਮੇਰੀ ਇੱਜ਼ਤ 'ਤੇ ਆਣ ਬਣੇ ਤਾਂ ਕੀ ਮੇਰਾ ਭਰਾ ਮੇਰੀ ਰੱਖਿਆ ਲਈ ਅੱਗੇ ਨਹੀਂ ਆਵੇਗਾ ? ਕੀ ਸਿਰਫ ਰੱਖੜੀ ਬੰਨਣ ਕਰਕੇ ਹੀ ਇਹ ਮੇਰਾ ਭਰਾ ਹੈ ? ਓਦਾਂ ਮੇਰੀ ਰੱਖਿਆ ਕਰਨਾ ਇਹਦਾ ਫਰਜ਼ ਨਹੀਂ ?" ਪਰ ਰੱਖੜੀ ਬੰਨ੍ਹਣ ਵਾਲੀਆਂ ਕੁੜੀਆਂ 'ਤੇ ਤਰਸ ਕਰਦੀ ਹੋਈ ਉਹ ਕਹਿੰਦੀ-"ਇਹ ਵਿਚਾਰੀਆਂ ਵੀ ਸੱਚੀਆਂ ਹਨ। ਸਦੀਆਂ ਤੋਂ ਇਹਨਾਂ ਦੇ ਪਿਓ ਭਰਾ ਤੇ ਚਾਚੇ ਤਾਏ ਆਪਣੇ ਫਰਜ਼ਾਂ ਤੋਂ ਮੂੰਹ ਮੋੜਦੇ ਆਏ ਹਨ। ਜਦੋਂ ਹਮਲਾਵਰ ਕੁੜੀਆਂ ਨੂੰ ਹਿੱਕ ਕੇ ਲੈ ਤੁਰਦੇ ਸਨ ਤਾਂ ਇਹ ਝੁਡੂ ਹਿੰਦੂ ਨੀਵੀਂ ਪਾ ਕੇ ਖਲੋਤੇ ਰਹਿੰਦੇ ਸਨ ਤੇ ਕੋਈ ਵੀ ਅਗਾਂਹ ਹੋ ਕੇ ਆਪਣੀ ਜਾਨ 'ਤੇ ਖੇਡ ਕੇ ਉਹਨਾਂ ਵਿਚਾਰੀਆਂ ਨੂੰ ਨਹੀਂ ਸੀ ਬਚਾਉਂਦਾ। ਏਸੇ ਲਈ ਹੀ ਉਸ ਜ਼ਮਾਨੇ ਵਿਚ ਕੁੜੀਆਂ ਵਿਚਾਰੀਆਂ ਰੱਖੜੀਆਂ ਬੰਨ੍ਹ-ਬੰਨ੍ਹ ਕੇ ਇਹਨਾਂ ਕੋਲੋਂ ਆਪਣੀ ਰੱਖਿਆ ਦਾ ਪ੍ਰਣ ਕਰਵਾਉਂਦੀਆਂ ਸਨ ਤੇ ਹੁਣ ਇਹ ਬੇਸ਼ਰਮੀ, ਰਿਵਾਜ ਦਾ ਰੂਪ ਧਾਰਨ ਕਰ ਗਈ ਹੈ।" ਸ਼ਾਇਦ ਏਸੇ ਕਰਕੇ ਹੀ 'ਆਪਣੀ ਰੱਖਿਆ ਆਪ' ਅਸੂਲ ਦੇ ਤਹਿਤ ਉਹ ਪਿਸਟਲ ਰੱਖਦੀ ਸੀ। ਕਈ ਵਾਰ ਉਹ ਬੜੀ ਦਲੇਰੀ ਨਾਲ ਕਹਿੰਦੀ-"ਜ਼ਿੰਦਗੀ ਮੇਂ ਹੋਤੇ ਹੈਂ ਫੈਸਲੇ ਏਕ ਬਾਰ, ਆਰ ਯਾ ਪਾਰ"। ਪਤਾ ਨਹੀਂ ਇਹਦਾ ਕੀ ਮਤਲਬ ਸੀ ?

ਉਹਦੀ ਮਾਂ ਉਹਨੂੰ ਬਰਾਬਰ ਹਿੰਦੂ ਤਿਓਹਾਰਾਂ ਵੱਲ ਪ੍ਰੇਰਦੀ ਰਹਿੰਦੀ। ਕਰਵਾ-ਚੌਥ ਦਾ ਵਰਤ, ਭਾਈ ਦੂਜ ਤੇ ਰੱਖੜੀ ਵਰਗੇ ਤਿਓਹਾਰਾਂ ਦਾ ਓਹਦੇ ਲਈ ਕੋਈ ਮਹੱਤਵ ਨਹੀਂ ਸੀ। ਵਿਆਹ ਤੋਂ ਬਾਅਦ ਤਾਂ ਉਹ ਮਾਸ ਵੀ ਖਾਣ ਲੱਗ ਪਈ ਸੀ।

ਅੰਗਰੇਜ਼ੀ ਉਹਦੇ ਮੂੰਹ ਵਿਚੋਂ ਬਦੋਬਦੀ ਨਿਕਲਣ ਨੂੰ ਕਰਦੀ ਸੀ। ਕਿੰਨਾ ਕਿੰਨਾ ਚਿਰ ਅੰਗਰੇਜ਼ੀ ਬੋਲ ਕੇ ਉਹਨੂੰ ਖਿਆਲ ਆਉਂਦਾ ਤੇ ਉਹ ਕਹਿੰਦੀ, "ਉਹ ਸੌਰੀ" ਤੇ ਫੇਰ ਅੱਗੋਂ ਗੱਲ ਪੰਜਾਬੀ ਵਿਚ ਸ਼ੁਰੂ ਕਰ ਦੇਂਦੀ। ਉਹਦੇ ਪਤੀ ਨੂੰ ਵੀ ਉਹ ਫਰਾਟੇਦਾਰ ਅੰਗਰੇਜ਼ੀ ਕਰਕੇ ਹੀ ਪਸੰਦ ਆਈ ਸੀ। ਪਰ ਇਸ ਗੱਲ ਦੇ ਉਲਟ ਉਹਦੇ ਭਰਾ ਹਰੀਸ਼ ਦਾ ਹੱਥ ਅੰਗਰੇਜ਼ੀ ਤੋਂ ਤੰਗ ਹੀ ਸੀ। ਦੋਵੇਂ ਭੈਣ ਭਰਾ ਆਨੇ ਟਕੇ ਵਾਲੇ ਸਕੂਲਾਂ ਵਿਚ ਹੀ ਪੜ੍ਹੇ ਸਨ। ਕਿਉਂਕਿ ਜੈਨੀ ਪਰਿਵਾਰ ਉਹਨਾਂ ਨੂੰ ਜੈਨ ਸਕੂਲ ਤੋਂ ਬਗੈਰ ਹੋਰ ਕਿਸੇ ਸਕੂਲ ਵਿਚ ਪੜ੍ਹਾਉਣਾ ਨਹੀਂ ਸੀ ਚਾਹੁੰਦਾ। ਪਹਿਲਾਂ ਸਾਰੇ ਜੈਨੀ ਹੀ ਇਸ ਤਰ੍ਹਾਂ ਕਰਦੇ ਸਨ ਤੇ ਸਮਝਦੇ ਸਨ ਕਿ ਪੜ੍ਹਾਈ ਦੇ ਨਾਲ-ਨਾਲ ਜੈਨ ਸਕੂਲਾਂ ਵਿਚ ਬੱਚੇ ਜੈਨ ਧਰਮ ਦੇ ਤੌਰ-ਤਰੀਕੇ ਵੀ ਸਿੱਖ

ਜਾਂਦੇ ਹਨ। ਬਿਲਕੁਲ ਏਸੇ ਤਰ੍ਹਾਂ ਹੀ ਅੱਜ ਸਿੱਖ ਵੀ ਬੱਚੇ ਪੜ੍ਹਾਉਣ ਲਈ ਬਾਬਿਆਂ ਤੇ ਸਾਧਾਂ ਦੁਆਰਾ ਚਲਾਏ ਜਾ ਰਹੇ ਸਕੂਲਾਂ ਨੂੰ ਏਸੇ ਕਰਕੇ ਹੀ ਪਹਿਲ ਦੇਂਦੇ ਹਨ। ਪਰ ਨਾ ਤਾਂ ਜੈਨ ਸਕੂਲਾਂ ਦੇ ਪੜ੍ਹੇ ਬੱਚੇ ਕਦੇ ਵਧੀਆ ਜੈਨੀ ਬਣੇ ਹਨ ਤੇ ਨਾ ਹੀ ਬਾਬਿਆਂ ਦੇ ਸਕੂਲਾਂ ਦੇ ਪੜ੍ਹੇ ਬੱਚੇ ਵਧੀਆ ਸਿੱਖ ਬਣਨਗੇ! ਧਰਮ ਦੀ ਜ਼ਿਆਦਾ ਨੇੜਤਾ, ਕਈ ਵਾਰ ਧਰਮ ਤੋਂ ਪਰਦੇ ਚੁੱਕ ਦੇਂਦੀ ਹੈ ਤੇ ਬੱਚਾ ਵੱਡਾ ਹੋ ਕੇ ਧਰਮ ਤੋਂ ਬਾਗੀ ਵੀ ਹੋ ਸਕਦਾ ਹੈ, ਦੁਨੀਆਂ ਦੇ ਵਿਦਵਾਨ ਇਹ ਹੀ ਦੱਸਦੇ ਹਨ। ਅੱਜ ਸਭ ਤੋਂ ਵੱਧ ਸਿੱਖ ਬੱਚੇ ਆਪਣੇ ਧਰਮ ਤੋਂ ਬੇਮੁੱਖ ਹੋ ਰਹੇ ਹਨ, ਜਦਕਿ ਸਿੱਖ ਧਰਮ ਵਰਗਾ ਨਵਾਂ ਸਾਫ ਸੁਥਰਾ ਤੇ ਮੁਕੰਮਲ ਹੋਰ ਕੋਈ ਧਰਮ ਨਹੀਂ। ਸਿੱਖ ਧਰਮ ਹੀ ਐਸਾ ਧਰਮ ਹੈ, ਜੋ ਅਣਖ ਨਾਲ ਜੀਣਾ ਵੀ ਦੱਸਦਾ ਹੈ ਤੇ ਸ਼ਰਨ ਪਏ ਨੂੰ ਮਾਫ ਕਰਨਾ ਵੀ ਸਿਖਾਉਂਦਾ ਹੈ। ਸਾਰੇ ਧਰਮ ਆਪਣਾ ਪਰਚਾਰ ਕਰਨ ਲਈ ਵਿਚਾਰੇ ਬੱਚਿਆਂ ਨੂੰ ਹੀ ਚੁਣਦੇ ਹਨ ਕਿਉਂਕਿ ਜੇ ਬਚਪਨ ਤੋਂ ਹੀ ਕਾਬੂ ਕਰਕੇ ਉਹਨਾਂ ਨੂੰ ਧਰਮ ਦੀ ਤੋਤੇ ਰਟ ਕਰਵਾ ਦਿੱਤੀ ਜਾਵੇ ਤਾਂ ਉਹ ਉਹਨਾਂ ਨੂੰ ਸਾਰੀ ਜ਼ਿੰਦਗੀ ਨਹੀਂ ਭੁੱਲ ਸਕਦੀ। ਏਸੇ ਲਈ ਹੀ ਇਸਲਾਮ ਧਰਮ ਵਿਚ ਕੁਰਾਨ ਦਾ ਹਵਾਲਾ ਦੇ ਕੇ ਕਿਹਾ ਜਾਂਦਾ ਹੈ ਕਿ ਜਦੋਂ ਬੱਚਾ ਦਸ ਸਾਲ ਦਾ ਹੋ ਜਾਵੇ ਤਾਂ ਮਾਰ-ਮਾਰ ਕੇ ਉਹਨੂੰ 'ਕੁਰਾਨ-ਸ਼ਰੀਫ' ਪੜ੍ਹਾਓ। ਹਰ ਧਰਮ ਵਾਲੇ ਥਾਂ-ਥਾਂ ਸਕੂਲ ਖੋਲ੍ਹਦੇ ਹਨ ਤੇ ਆਪਣੇ ਧਰਮ ਦੀਆਂ ਗੱਲਾਂ ਸਿਖਾ ਕੇ ਉਹਨਾਂ ਬੱਚਿਆਂ ਨੂੰ ਆਪਣੇ ਪੱਖ ਵਿਚ ਕਰਨ ਦੀ ਕੋਸ਼ਿਸ਼ ਕਰਦੇ ਹਨ। ਮੰਨ ਲਓ ਹਿੰਦੂ ਰਾਮਕ੍ਰਿਸ਼ਨ ਨੂੰ ਪਰਮਹੰਸ ਕਹਿੰਦੇ ਹਨ ਪਰ ਜੈਨੀ, ਬੋਧੀ ਤੇ ਸਿੱਖ ਇਹ ਗੱਲ ਨਹੀਂ ਮੰਨਣਗੇ ਤੇ ਕਹਿਣਗੇ- "ਉਹ ਤਾਂ ਮਾਸ ਮੱਛੀ ਖਾਂਦਾ ਸੀ, ਪਰਮਹੰਸ ਕਿਵੇਂ ਹੋ ਸਕਦਾ ਹੈ? ਕਦੇ ਮਾਸ ਖਾਣ ਵਾਲਾ ਵੀ ਪਰਮਹੰਸ ਹੋਇਆ ਹੈ ?" ਇਸ ਤਰ੍ਹਾਂ ਬਚਪਨ ਤੋਂ ਹੀ ਧਾਰਮਕ ਕਸਵੱਟੀ ਬੱਚਿਆਂ ਨੂੰ ਫੜਾ ਦਿੱਤੀ ਜਾਂਦੀ ਹੈ ਤੇ ਉਹ ਓਸੇ ਨੂੰ ਹੀ ਮਾਪਦੰਡ ਬਣਾਈ ਰੱਖਦੇ ਹਨ। ਪਰਚਾਰ ਕਰਕੇ ਹੀ ਆਪਣੇ ਧਰਮ ਦਾ ਰੁਤਬਾ ਅਸਲ ਨਾਲੋਂ ਵਧਾਇਆ ਜਾਂਦਾ ਹੈ। ਹਿਟਲਰ ਨੇ ਕਿਹਾ ਹੈ- "ਜੋ ਗੱਲ ਵਾਰ-ਵਾਰ ਦੁਹਰਾਈ ਜਾਵੇ, ਉਹ ਹੀ ਸੱਚੀ ਲੱਗਣ ਲੱਗ ਪੈਂਦੀ ਹੈ।" ਇਕ ਵਾਰ ਬੰਦੇ ਦੇ ਦਿਮਾਗ ਵਿਚ ਉਹ ਗੱਲ ਬੈਠ ਜਾਵੇ, ਫਿਰ ਸੱਚਮੁਚ ਦੀ ਸੱਚੀ ਗੱਲ ਵੀ ਉਸਨੂੰ ਝੂਠੀ ਹੀ ਲੱਗਦੀ ਹੈ। ਸਾਰੇ ਸਾਧ, ਸੰਤ ਤੇ ਡੇਰੇਦਾਰ ਇਹ ਗੱਲ ਜਾਣ ਚੁੱਕੇ ਹਨ। ਏਸੇ ਲਈ ਹੀ ਉਹ ਆਪਣੇ ਡੇਰੇ ਦੀ ਮਰਿਆਦਾ ਸਮਝਾਉਣ ਲਈ ਧੜਾ-ਧੜ ਸਕੂਲ ਖੋਲ੍ਹ ਰਹੇ ਹਨ।

ਲੈਕਚਰਾਰ ਹੋਣ ਕਰਕੇ ਮਿੰਨੀ ਦਾ ਗਿਆਨ ਵੀ ਬਹੁਤ ਸੀ। ਉਹ ਬੜੇ ਥੋੜ੍ਹੇ ਜਹੇ ਲਫ਼ਜ਼ਾਂ ਦੀ ਗੱਲ ਵਿਚ ਹੀ ਸਾਹਮਣੇ ਵਾਲੇ ਨੂੰ ਨਿਰਉੱਤਰ ਕਰ ਦੇਂਦੀ। ਨਾ ਤਾਂ ਉਹ ਜੋਸ਼ ਵਿਚ ਆਉਂਦੀ, ਨਾ ਗੁੱਸੇ ਵਿਚ। ਜੇ ਉਸਨੇ ਗੱਲਬਾਤ ਛੱਡਣੀ ਹੁੰਦੀ ਤਾਂ ਹੱਸਦੀ-ਹੱਸਦੀ ਉੱਠ ਕੇ ਚਲੀ ਜਾਂਦੀ। ਮੈਂ ਕਦੇ ਉਹਦੇ ਮੂੰਹੋਂ ਕਿਸੇ ਪ੍ਰਤੀ ਅਪਸ਼ਬਦ ਨਹੀਂ ਸਨ ਸੁਣੇ। ਉਹ ਜਦੋਂ ਬੋਲਦੀ ਤਾਂ ਇਸ ਤਰ੍ਹਾਂ ਲੱਗਦਾ ਜਿਵੇਂ ਮੂੰਹ ਵਿਚੋਂ ਫੁੱਲ ਕਿਰ ਰਹੇ ਹੋਣ। ਜਦੋਂ ਵੀ ਉਹ ਗੱਲ ਕਰਦੀ ਤਾਂ ਨਾਲ ਅੰਕੜੇ ਜ਼ਰੂਰ ਦੇਂਦੀ। ਕਈ ਵਾਰ ਤਾਂ ਉਹ ਕਿਤਾਬ ਦਾ ਨਾਂ ਤੇ ਲਿਖਾਰੀ ਦਾ ਨਾਂ ਵੀ ਲੈਂਦੀ। ਜਿਸ ਕਾਲਜ ਵਿਚ ਉਹ ਪੜ੍ਹਾਉਂਦੀ ਸੀ, ਓਥੇ ਵੀ ਉਸਦੀ ਲਾਇਕ ਹੋਣ ਕਰਕੇ ਬਹੁਤ ਇੱਜ਼ਤ ਸੀ। ਆਪਣੀ ਗੱਲਬਾਤ ਵਿਚ ਉਹ ਕੋਈ ਵੀ ਐਸੀ ਗੱਲ ਨਹੀਂ ਸੀ ਕਰਦੀ, ਜਿਸ ਨਾਲ ਕਿਸੇ ਦਾ ਦਿਲ ਦੁਖ ਸਕਦਾ ਹੋਵੇ ਜਾਂ ਬੁਰਾ ਮੰਨ ਜਾਣ ਦਾ ਡਰ ਹੋਵੇ। ਏਨੇਂ ਸੰਤੁਲਤ ਸੁਭਾਅ ਵਾਲੀ ਕੁੜੀ ਇਸ ਤੋਂ ਬਾਅਦ ਮੈਂ ਕਦੇ ਨਹੀਂ ਵੇਖੀ। ਮਿੰਨੀ ਕਹਿੰਦੀ ਪਹਿਲੇ ਜ਼ਮਾਨੇ ਨਾਲੋਂ ਤਾਂ ਹੁਣ ਦਾ ਜ਼ਮਾਨਾ ਕਿਤੇ ਚੰਗਾ ਹੈ। ਵਿਗਿਆਨ ਨੇ

ਪਹਾੜਾਂ ਦੀਆਂ ਖੁੰਦਰਾਂ ਵਿਚ ਰਹਿੰਦੇ ਨੰਗ-ਮਨੰਗ ਮਨੁੱਖ ਨੂੰ ਖੁੰਦਰਾਂ ਵਿਚੋਂ ਕੱਢ ਕੇ ਚੰਦਰਮਾ ਤੱਕ ਪਹੁੰਚਾ ਦਿੱਤਾ ਹੈ। ਜਿਹੜਾ ਚੰਦਰਮਾ ਕਦੇ ਪੂਜਨੀਕ ਸੀ ਤੇ ਹਿੰਦੂ ਔਰਤਾਂ ਕਰਵਾ-ਚੌਥ ਦਾ ਵਰਤ ਰਖ ਕੇ ਉਸਨੂੰ ਅਰਘ ਦੇਂਦੀਆਂ ਸਨ ਤੇ ਮੁਸਲਮਾਨ ਲੋਕ ਚੰਦਰਮਾ ਨੂੰ ਵੇਖ ਕੇ ਰੋਜ਼ਾ ਖੋਲ੍ਹਦੇ ਸਨ, ਉਹ ਚੰਦਰਮਾ ਅੱਜ ਲੋਕਾਂ ਦੇ ਪੈਰਾਂ ਥੱਲੇ ਹੈ ਤੇ ਓਥੇ ਬਸਤੀਆਂ ਵਸਾਉਣ ਬਾਰੇ ਵਿਚਾਰਾਂ ਹੋ ਰਹੀਆਂ ਹਨ ਪਰ ਲੋਕ ਅਜੇ ਵੀ ਨਵੇਂ ਚੜ੍ਹੇ ਚੰਦਰਮਾ ਵੱਲ ਵੇਖ ਕੇ ਕਹਿੰਦੇ ਹਨ,"ਸੁੱਖ ਦਾ ਚੜ੍ਹੀਂ"।

ਹੁਣ ਦੇ ਲੋਕ ਵੀ ਅੱਗੇ ਨਾਲੋਂ ਚੰਗੇ ਹਨ। ਪਹਿਲਾਂ ਤਾਂ ਬੰਦਾ ਬੰਦੇ ਨੂੰ ਮਾਰ ਕੇ ਖਾ ਜਾਂਦਾ ਸੀ। ਬੱਸ ਇਹ ਲਫ਼ਜ਼ ਸੁਣਦਿਆਂ ਹੀ ਹਰੀਸ਼ ਦੀ ਮਾਂ ਝੁਨਝੁਨੀ ਜਿਹੀ ਲੈਂਦੀ ਤੇ ਕੰਨਾਂ 'ਤੇ ਹੱਥ ਰੱਖ ਲੈਂਦੀ। ਕਿਉਂਕਿ ਮਾਰਨ ਤੇ ਮਾਰ ਕੇ ਖਾ ਜਾਣ ਵਾਲੀ ਗੱਲ 'ਤੇ ਲੱਗਭਗ ਹਰ ਜੈਨੀ ਦਾ ਪ੍ਰਤੀਕਰਮ ਇਕੋ ਜਿਹਾ ਹੀ ਹੁੰਦਾ ਹੈ। ਉਹ ਆਪਣੀ ਗੱਲ ਜਾਰੀ ਰੱਖਦੀ ਤੇ ਕਹਿੰਦੀ,"ਸਤਯੁੱਗ ਤੇ ਦੁਆਪਰ ਵਿਚ ਤਾਂ ਲੋਕ ਭੁੱਖ ਨਾਲ ਅਕਾਲ ਪੈ ਕੇ ਹੀ ਮਰ ਜਾਂਦੇ ਸਨ ਤੇ ਬੀਮਾਰੀਆਂ ਤੇ ਮਹਾਂਮਾਰੀਆਂ ਹੀ ਪਿੱਛਾ ਨਹੀਂ ਸਨ ਛੱਡਦੀਆਂ ਪਰ ਹੁਣ ਜੇ ਐਸਾ ਹੋਵੇ ਤਾਂ ਸਕੂਲਾਂ ਵਿਚ ਪੜ੍ਹਨ ਵਾਲੇ ਬੱਚੇ ਵੀ ਆਪਣੀਆਂ ਬੁਗਨੀਆਂ ਤੋੜ ਕੇ ਰਿਲੀਫ ਫੰਡ ਵਿਚ ਦੇ ਦੇਂਦੇ ਹਨ। ਹੁਣ ਵੀਅਤਨਾਮ ਦੀ ਜੰਗ ਦੀ ਗੱਲ ਹੀ ਲੈ ਲਓ। ਕਿਵੇਂ ਪੂਰੀ ਦੁਨੀਆਂ ਨੇ ਫੰਡ ਭੇਜੇ ਹਨ ਤੇ ਬੱਚਿਆਂ ਨੇ ਆਪਣੀ ਆਈਸਕ੍ਰੀਮ ਦੇ ਪੈਸੇ ਬਚਾ-ਬਚਾ ਕੇ ਭੇਜੇ ਹਨ। ਜਦੋਂ ਅਮਰੀਕਾ ਦੇ ਬੱਚਿਆਂ ਨੇ ਵੀਅਤਨਾਮ ਲਈ ਫੰਡ ਭੇਜਿਆ ਤਾਂ ਅਮਰੀਕਾ ਦੀ ਸਰਕਾਰ ਨੂੰ ਵੀ ਸ਼ਰਮ ਆਈ ਤੇ ਇਸ ਤਰ੍ਹਾਂ ਸਰਕਾਰ ਨੇ ਲੜਾਈ ਤੋਂ ਪੈਰ ਪਿੱਛੇ ਸਰਕਾਉਣਾ ਸ਼ੁਰੂ ਕਰ ਦਿੱਤਾ, ਨਹੀਂ ਤਾਂ ਅਮਰੀਕਾ ਦੇ ਲੋਕ ਹੀ ਸਰਕਾਰ ਦੇ ਵਿਰੁੱਧ ਹੋ ਜਾਣ ਦਾ ਡਰ ਸੀ। ਹੁਣ ਬਿਹਾਰ ਦੇ ਅਕਾਲ ਦਾ ਜਲੰਧਰ ਤੱਕ ਅਸਰ ਪਿਆ ਹੈ। ਲੋਕਾਂ ਨੇ ਏਨਾਂ ਉਤਸ਼ਾਹ ਦਿਖਾਇਆ ਹੈ ਕਿ ਸਰਕਾਰ ਨੂੰ ਬਿਹਾਰ ਦਾ ਅਕਾਲ ਅਜੰਡੇ ਦੇ ਸਭ ਤੋਂ ਉੱਤੇ ਲਿਆਉਣਾ ਪਿਆ ਹੈ। ਜਿਥੇ ਲੱਖਾਂ ਬੰਦੇ ਮਰਨੇ ਸਨ, ਓਥੇ ਸਿਰਫ ਚਾਲੀ ਬੰਦੇ ਹੀ ਮਰੇ ਹਨ।"

ਓਦੋਂ ਮੈਨੂੰ ਆਪਣੇ ਧਰਮ ਵਿਚ ਬ੍ਰਾਹਮਣ ਦੁਆਰਾ ਹੋ ਚੁੱਕੀ ਘੁਸਪੈਠ ਦਾ ਉੱਕਾ ਹੀ ਪਤਾ ਨਹੀਂ ਸੀ। ਜਿਸ ਤਰ੍ਹਾਂ ਮੈਨੂੰ ਓਦੋਂ ਪਤਾ ਨਹੀਂ ਸੀ, ਇਸੇ ਤਰ੍ਹਾਂ ਹੀ ਕਈ ਸਿੱਖਾਂ ਨੂੰ ਅੱਜ ਵੀ ਪਤਾ ਨਹੀਂ ਤੇ ਉਹ ਅੱਜ ਵੀ ਹਨੇਰੇ ਦੀ ਦੁਨੀਆਂ ਵਿਚ ਹੀ ਤੁਰੇ ਫਿਰਦੇ ਹਨ। ਜਦੋਂ ਮਿੰਨੀ ਬ੍ਰਾਹਮਣ ਦੇ ਧਰਮਾਂ ਵਿਚ ਰਲੇ ਦੀ ਕੋਈ ਗੱਲ ਕਰਦੀ ਤਾਂ ਮੈਂ ਦਿਲ ਹੀ ਦਿਲ ਵਿਚ ਸੰਤੁਸ਼ਟ ਜਿਹਾ ਮਹਿਸੂਸ ਕਰਦਾ ਕਿ ਚਲੋ ਅਸੀਂ ਤਾਂ ਬਚ ਗਏ, ਅੱਜ ਤੱਕ ਬ੍ਰਾਹਮਣ ਸਿੱਖ ਧਰਮ ਵਿਚ ਨਹੀਂ ਵੜ ਸਕਿਆ। ਪਰ ਮਿੰਨੀ ਦੀ ਗੱਲ ਬੜੀ ਸਪਸ਼ਟ ਸੀ ਕਿ ਬ੍ਰਾਹਮਣ ਨੇ ਜਿਹੜੇ ਵੀ ਧਰਮ ਵਿਚ ਘੁਸਪੈਠ ਕਰਨੀ ਹੋਵੇ, ਪਹਿਲਾਂ ਓਸੇ ਦਾ ਹੀ ਭੇਸ ਬਣਾਉਂਦਾ ਹੈ, ਜੇ ਜੈਨ ਧਰਮ ਵਿਚ ਵੜਨਾ ਸੀ ਤਾਂ ਜੈਨੀਆਂ ਦਾ, ਬੁੱਧ ਧਰਮ ਵਾਸਤੇ ਬੋਧੀਆਂ ਦਾ, ਪਾਰਸੀਆਂ ਵਾਸਤੇ ਪਾਰਸੀਆਂ ਦਾ ਤੇ ਸਿੱਖਾਂ ਵਾਸਤੇ ਸਿੱਖਾਂ ਦਾ। ਪਰ ਸਿੱਖਾਂ ਵਿਚ ਸਿੱਖ ਭੇਸ ਵਿਚ ਕੋਈ ਬ੍ਰਾਹਮਣੀ ਘੁਸਪੈਠ ਹੋਈ ਹੈ, ਉਹ ਮੇਰਾ ਬੇਵਕੂਫ ਦਿਮਾਗ ਸਮਝ ਨਾ ਸਕਦਾ। ਜਿਸ ਗੁਰਦੁਆਰੇ ਦੇ ਗ੍ਰੰਥੀ ਨੂੰ ਮੈਂ ਗੁਰੂ ਮਹਾਰਾਜ ਦਾ ਵਜ਼ੀਰ ਸਮਝਦਾ ਸਾਂ, ਉਹ ਹੀ ਬ੍ਰਾਹਮਣ ਹੈ, ਇਹ ਮੈਨੂੰ ਸਮਝ ਨਾ ਆਉਂਦੀ। ਪਰ ਹੁਣ ਮੈਨੂੰ ਕੋਈ ਸ਼ੱਕ ਨਹੀਂ ਰਿਹਾ। ਇਸ ਗੱਲ ਦੀ ਮਿਸਾਲ ਦੇਣ ਲੱਗਿਆਂ ਉਹ ਇਕ ਫਿਲਮੀ ਗਾਣੇ ਦਾ ਆਸਰਾ ਲੈ ਲੈਂਦੀ ਤੇ ਕਹਿੰਦੀ,"ਪਾਨੀ ਰੇ ਪਾਨੀ ਤੇਰਾ ਰੰਗ ਕੈਸਾ, ਜਿਸ ਮੇਂ ਮਿਲਾ ਦੋ ਲਗੇ ਉਸ ਜੈਸਾ।" ਮਿੰਨੀ

ਸਹਿਜ ਸੁਭਾਅ ਹੀ ਗੱਲ ਕਰੀ ਜਾਂਦੀ,"ਸਤਿਯੁਗ ਵਿਚ ਹੀ ਤਾਂ ਕ੍ਰਿਸ਼ਨ ਜੀ ਆਪਣੀ ਰਿਸ਼ਤੇਦਾਰ ਕੁੜੀ ਨੂੰ ਭਜਾ ਕੇ ਲੈ ਗਏ ਸਨ ਤੇ ਦੇਵਤੇ ਅਸਮਾਨ ਤੋਂ ਆ ਕੇ ਲੋਕਾਂ ਦੀਆਂ ਪਤਨੀਆਂ ਨਾਲ ਬਲਾਤਕਾਰ ਕਰ ਜਾਂਦੇ ਸਨ। ਆਮ ਲੋਕਾਂ ਦੀਆਂ ਪਤਨੀਆਂ ਨਾਲ ਹੀ ਨਹੀਂ, ਸਗੋਂ ਰਿਸ਼ੀਆਂ-ਮੁਨੀਆਂ ਦੀਆਂ ਪਤਨੀਆਂ ਨਾਲ ਵੀ ਇਹ ਹੁੰਦਾ ਸੀ। ਜੇ ਕੋਈ ਰਿਸ਼ੀ ਵਿਚਾਰਾ ਇਕੱਲਾ ਬੈਠਾ ਤਪ ਕਰ ਰਿਹਾ ਹੁੰਦਾ ਤਾਂ ਉਹਦਾ ਤਪ ਤੋੜਨ ਲਈ ਕੋਈ ਇੰਦਰ ਵਰਗਾ, ਮੇਨਕਾ ਵਰਗੀਆਂ ਵੇਸਵਾਵਾਂ ਨੂੰ ਘੱਲ ਦੇਂਦਾ। ਭਲਾ ਜੇ ਕੋਈ ਤਪ ਕਰ ਰਿਹਾ ਸੀ ਤਾਂ ਕਿਸੇ ਨੂੰ ਕੀ ਤਕਲੀਫ਼ ਸੀ ? ਬ੍ਰਹਮਾਂ ਜਿਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈਂ, ਉਹ ਆਪਣੀ ਹੀ ਧੀ ਦਾ ਬਲਾਤਕਾਰ ਕਰਨ 'ਤੇ ਉੱਤਰ ਆਇਆ। ਸੀਤਾ ਜੀ ਨੂੰ ਉਧਾਲਿਆ ਗਿਆ ਤੇ ਦ੍ਰੋਪਤੀ ਨੂੰ ਨੰਗਾ ਕੀਤਾ ਗਿਆ।"

ਬਲਾਤਕਾਰ, ਉਧਾਲਣ ਤੇ ਨੰਗੇ ਕਰਨ ਵਰਗੇ ਲਫ਼ਜ਼ ਬੁੱਢੀ ਜੈਨਣ ਦੇ ਦਿਮਾਗ ਵਿਚ ਬੰਬ ਵਾਂਗ ਫਟਦੇ ਤੇ ਉਹ ਘੂਰੀ ਵੱਟ ਕੇ ਕਹਿੰਦੀ,"ਨੀ ਚੁੱਪ ਵੀ ਕਰੇਂਗੀ ਕਿ ਪੂਰਾ ਪੀਰਡ ਲਾ ਕੇ ਹੀ ਹਟੇਂਗੀ, ਤੇਰਾ ਪਿਓ ਤੇ ਤਾਇਆ ਕੋਲ ਬੈਠੇ ਆ, ਚਬੜ-ਚਬੜ ਈ ਕਰੀ ਜਾਨੀ ਏ ਕੁਝ ਤੇ ਸ਼ਰਮ ਕਰ।"

ਸੱਚਮੁੱਚ ਹੀ ਇਕ ਜੈਨੀ ਪਰਿਵਾਰ ਵਿਚ ਬਜ਼ੁਰਗਾਂ ਦੇ ਸਾਹਮਣੇ ਕੁਆਰੀ ਕੁੜੀ ਦੇ ਮੂੰਹੋਂ ਇਹੋ ਜਹੇ ਲਫ਼ਜ਼ ਬੇਸ਼ਰਮੀ ਦੀ ਹੱਦ ਸੀ। ਬੁੱਢੀ ਭਾਵੇਂ ਮਿੰਨੀ ਨੂੰ ਵਿਚ ਵਿਚ ਟੋਕਦੀ ਰਹਿੰਦੀ ਸੀ ਪਰ ਗੱਲਾਂ ਦਾ ਕੰਨ-ਰਸ ਉਹਨੂੰ ਵੀ ਬੜਾ ਸੀ। ਜਦੋਂ ਮਿੰਨੀ ਚੁੱਪ ਹੋ ਜਾਂਦੀ ਤਾਂ ਉਹ ਫਿਰ ਕੋਈ ਗੱਲ ਕਰਕੇ ਗੱਲਬਾਤ ਦੋਬਾਰਾ ਸ਼ੁਰੂ ਕਰਵਾ ਦੇਂਦੀ। ਜਿਵੇਂ ਕਹਿ ਦੇਂਦੀ,"ਹੁਣ ਤੇ ਰਿਸ਼ਵਤ ਈ ਬੜੀ ਵਧ ਗਈ ਐ। ਪਹਿਲੇ ਜ਼ਮਾਨੇ ਵਿਚ ਏਨੀਂ ਰਿਸ਼ਵਤ ਤੇ ਨਹੀਂ ਸੀ ਨਾ ਹੁੰਦੀ। ਹੁਣ ਤੇ ਹਰ ਦਫ਼ਤਰ ਵਿਚ ਜਿਥੇ ਜਾਓ ਪਹਿਲਾਂ ਰਿਸ਼ਵਤ ਤੇ ਫੇਰ ਹੋਰ ਕੋਈ ਗੱਲ।" ਇਸ ਤਰ੍ਹਾਂ ਉਹ ਓਨਾਂ ਚਿਰ ਤੱਕ ਗੱਲ ਨਾਲ ਗੱਲ ਜੋੜੀ ਹੀ ਜਾਂਦੀ, ਜਿੰਨਾ ਚਿਰ ਮਿੰਨੀ ਜਾਂ ਹਰੀਸ਼ ਜਾਂ ਹੋਰ ਕੋਈ ਅੱਗੋਂ ਕੋਈ ਗੱਲ ਨਾ ਸ਼ੁਰੂ ਕਰਦਾ। ਰਿਸ਼ਵਤ ਦੇ ਮਾਮਲੇ ਵਿਚ ਮਿੰਨੀ ਬੜੀ ਸਪਸ਼ਟ ਸੀ। ਉਹਦਾ ਖ਼ਿਆਲ ਸੀ ਕਿ ਜਿੰਨਾ ਚਿਰ ਤੱਕ ਮੰਦਰਾਂ, ਗੁਰਦੁਆਰਿਆਂ ਤੇ ਮਸਜਿਦਾਂ ਵਿਚ ਚੜ੍ਹਾਵਾ ਚੜ੍ਹਾਉਣਾ ਬੰਦ ਨਹੀਂ ਹੁੰਦਾ, ਓਨਾਂ ਚਿਰ ਤੱਕ ਰਿਸ਼ਵਤ ਬੰਦ ਨਹੀਂ ਹੋ ਸਕਦੀ। ਉਹ ਕਹਿੰਦੀ, "ਜਦੋਂ ਇਹ ਸੁੱਖਣਾਂ ਸੁੱਖੀ ਜਾਂਦੀ ਹੈ ਕਿ ਹੇ ਮਹਾਂਵੀਰ ਮੇਰੇ ਛੇਵੀਂ ਵਿਚ ਪੜ੍ਹਦੇ ਨਲਾਇਕ ਪੁੱਤ ਨੂੰ ਫਸਟ ਡਿਵੀਜ਼ਨ ਵਿਚ ਪਾਸ ਕਰਵਾ ਦੇ, ਮੈਂ ਪ੍ਰੀਉਸ਼ਨ ਪਰਵ ਵਿਚ ਯਾਰਾਂ ਰੁਪਏ ਦਾ ਪਰਸ਼ਾਦ ਚੜ੍ਹਾਵਾਂਗੀ......।" ਅਜੇ ਉਹ ਗੱਲ ਕਰ ਰਹੀ ਹੁੰਦੀ ਤਾਂ ਬੁੱਢੀ ਜੈਨਣ ਛੇਤੀ-ਛੇਤੀ ਆਪਣੇ ਆਸੇ-ਪਾਸੇ ਤੇ ਅੱਗੇ-ਪਿੱਛੇ ਵੇਖਣ ਲੱਗ ਪੈਂਦੀ ਤੇ ਕਹਿੰਦੀ," ਮੈਨੂੰ ਲੱਗਦਾ ਹੈ ਤੂੰ ਅੱਜ ਓਹਦੇ ਕੋਲੋਂ ਗੁੱਤ ਪੁਟਾ ਕੇ ਹੀ ਹਟੇਂਗੀ। ਜੇ ਉਹ ਸੁਣ ਲੈਂਦਾ ਤਾਂ ਓਹਨੇ ਹੁਣੇ ਹੀ ਭੁੜਕਣ ਲੱਗ ਪੈਣਾ ਸੀ।" ਬਾਅਦ ਵਿਚ ਮੈਨੂੰ ਪਤਾ ਲੱਗਾ ਕਿ ਇਹ ਸੁੱਖਣਾ ਹਰੀਸ਼ ਦੀ ਮਾਂ ਨੇ ਹਰੀਸ਼ ਲਈ ਸੁੱਖੀ ਸੀ, ਜਦੋਂ ਉਹ ਛੇਵੀਂ ਵਿਚ ਪੜ੍ਹਦਾ ਸੀ ਤੇ ਉਹ ਪੜ੍ਹਾਈ ਵਿਚ ਏਨਾ ਨਿਕੰਮਾ ਸੀ ਕਿ ਉਹਦੀ ਪਾਸ ਹੋਣ ਦੀ ਉੱਕਾ ਹੀ ਕੋਈ ਆਸ ਨਹੀਂ ਸੀ। ਇਕ ਵਾਰ ਹਰੀਸ਼ ਦੀ ਮਾਂ ਨੇ ਪਹਿਲਾਂ ਵੀ ਸੁੱਖਣਾ ਸੁੱਖੀ ਸੀ ਕਿ ਜੇ ਹਰੀਸ਼ ਪਾਸ ਹੋ ਜਾਵੇ ਤਾਂ ਮੈਂ ਪੰਜ ਰੁਪਏ ਦਾ ਪਰਸ਼ਾਦ ਚੜ੍ਹਾਵਾਂਗੀ। ਉਸ ਨੇ ਪਰਸ਼ਾਦ ਦੀ ਰਕਮ ਦੁਗਣੀ ਕਰਕੇ ਯਾਰਾਂ ਰੁਪਏ ਕਰ ਦਿੱਤੀ ਸੀ ਤੇ ਨਾਲ ਹੀ ਪਾਸ ਹੋਣ ਤੋਂ ਇਲਾਵਾ ਫਸਟ ਡਿਵੀਜ਼ਨ ਆਉਣ ਦੀ ਵੀ ਸ਼ਰਤ ਰੱਖ ਦਿੱਤੀ ਸੀ। ਮਿੰਨੀ ਨੇ ਓਦੋਂ ਦੀ ਇਹ ਗੱਲ ਫੜ ਲਈ ਸੀ ਤੇ ਜਿਥੇ

ਕਿਤੇ ਵੀ ਰਿਸ਼ਵਤ ਨਾ ਹਟਣ ਦੀ ਗੱਲ ਕਰਦੀ, ਆਪਣੇ ਭਰਾ ਦੀ ਛੇਵੀਂ ਜਮਾਤ ਵਾਲੀ ਘਟਨਾ ਇਸ ਗੱਲ ਨਾਲ ਜੋੜ ਦੇਂਦੀ। ਭੈਣ ਭਰਾ ਦਾ ਕਈ ਵਾਰ ਝਗੜਾ ਹੋ ਚੁੱਕਾ ਸੀ। ਫਿਰ ਮਿੰਨੀ ਨੇ ਮੈਨੂੰ ਵੀ ਆਪਣੀ ਗੱਲ ਵਿਚ ਘੜੀਸ ਲਿਆ ਤੇ ਕਿਹਾ, "ਚੱਲ ਕੁਲਬੀਰ ਤੂੰ ਦੱਸ ਜੇ ਰੱਬ ਸਿਰਫ ਯਾਰਾਂ ਰੁਪਏ ਲੈ ਕੇ ਇਕ ਨਲਾਇਕ ਨੂੰ ਫਸਟ ਡਿਵੀਜ਼ਨ ਵਿਚ ਪਾਸ ਕਰਵਾ ਸਕਦਾ ਹੈ ਤਾਂ ਕੋਈ ਸਰਕਾਰੀ ਕਲਰਕ ਜਾਂ ਅਫਸਰ ਪੈਸੇ ਕਿਉਂ ਨਾ ਲਵੇ? ਜਿਸ ਨੇ ਕੰਮ ਕਰਕੇ ਸੱਚਮੁੱਚ ਹੀ ਹੱਥ ਫੜਾ ਦੇਣਾ ਹੁੰਦਾ ਹੈ। ਏਸੇ ਤਰ੍ਹਾਂ ਹੀ ਅਫਸਰਾਂ ਦੀ ਰਿਸ਼ਵਤ ਕਲਰਕਾਂ ਨਾਲੋਂ ਵੱਧ ਹੁੰਦੀ ਹੈ ਜਾਂ ਇਹ ਕੰਮ ਦੇ ਹਿਸਾਬ ਨਾਲ ਹੁੰਦੀ ਹੈ। ਪਹਿਲੀ ਵਾਰ ਮੰਮੀ ਨੇ ਮਹਾਂਵੀਰ ਜੀ ਨੂੰ ਪੰਜ ਰੁਪਏ ਰਿਸ਼ਵਤ ਦੇਣੀ ਮੰਨੀ ਸੀ, ਬਾਅਦ ਵਿਚ ਕੰਮ ਵਧ ਗਿਆ ਤੇ ਨਾਲ ਰਿਸ਼ਵਤ ਦੀ ਰਕਮ ਵੀ ਵਧ ਗਈ।"

"ਤੇ ਉਹ ਕੰਮ ਕਿਹੜਾ ਹੋ ਗਿਆ ਸੀ, ਮੇਰੀ ਸੁੱਖਣਾ ਤੇ ਪੂਰੀ ਈ ਨਾ ਹੋਈ।"

"ਮੰਮੀ ਉਹ ਕੰਮ ਹੋਣ ਵਾਲਾ ਈ ਨਹੀਂ ਸੀ। ਫਸਟ ਡਿਵੀਜ਼ਨ ਵਿਚ ਪਾਸ ਕਰਵਾਉਣ ਲਈ ਮਹਾਂਵੀਰ ਜੀ ਨੂੰ ਆਪ ਹਰੀਸ਼ ਦੇ ਥਾਂ ਬੈਠ ਕੇ ਇਮਤਿਹਾਨ ਦੇਣਾ ਪੈਣਾ ਸੀ ਪਰ ਉਹ ਵਿਚਾਰੇ ਤਾਂ ਆਪ ਅਨਪੜ੍ਹ ਸਨ ਫੇਰ ਪੇਪਰ ਲਿਖਦਾ ਕੌਣ ?"

ਬੁੱਢੀ ਸਮੇਤ ਦੂਜੇ ਦੋ ਬੁੱਢੇ ਵੀ ਕੰਨਾਂ ਦੀਆਂ ਕਰੂੰਬਲਾਂ ਥੱਲੇ ਨੂੰ ਖਿੱਚਣ ਲੱਗ ਪੈਂਦੇ ਤੇ ਕਹਿੰਦੇ, "ਏਨਾਂ ਘੁਮੰਡ, ਦੋ ਜਮਾਤਾਂ ਪੜ੍ਹ ਕੀ ਗਈ ਹੈ ਮਹਾਂਵੀਰ ਨੂੰ ਵੀ ਅਨਪੜ੍ਹ ਦੱਸਦੀ ਹੈ, ਕੀ ਬਣੂੰ ਇਸ ਕੁੜੀ ਦਾ? ਇਹ ਕਮਿਊਨਿਸਟ ਹੋ ਗਈ ਏ।"

ਬੁੱਢੀ ਫੱਟ ਗਿੱਲਾ ਵੱਤਰ ਸਾਂਭ ਲੈਂਦੀ ਤੇ ਕਹਿੰਦੀ-"ਮੈਂ ਤਾਂ ਕਹਿੰਨੀ ਆਂ ਵਿਆਹ ਕਰ ਦੇਈਏ ਏਹਦਾ।"

ਮਿੰਨੀ ਮੇਰੇ ਵੱਲ ਮੂੰਹ ਕਰਕੇ ਕਹਿੰਦੀ-"ਕੁਲਬੀਰ ਤੂੰ ਹਰਿਆਣੇ ਦੇ ਜਾਟਾਂ ਵਾਲੀ ਗੱਲ ਸੁਣੀ ਏ, ਇਕ ਤੇਲੀ ਤੇ ਜਾਟ ਲੜ ਪਏ। ਤੇਲੀ ਨੇ ਕਿਹਾ, "ਜਾਟ ਰੇ ਜਾਟ ਤੇਰੇ ਸਿਰ ਪੇ ਖਾਟ।"

ਜਾਟ ਨੂੰ ਅੱਗੋਂ ਕੋਈ ਹੋਰ ਗੱਲ ਨਾ ਅਹੁੜੀ ਤਾਂ ਉਹਨੇ ਕਿਹਾ, "ਤੇਲੀ ਰੇ ਤੇਲੀ ਤੇਰੇ ਸਿਰ ਪੇ ਕੋਹਲੂ।"

ਕੋਲ ਖਲੋਤੇ ਇਕ ਬੰਦੇ ਨੇ ਪੁੱਛਿਆ, "ਇਹ ਕੀ ਗੱਲ ਬਣੀ ?"

"ਗੱਲ ਤੇ ਨਹੀਂ ਬਣੀ ਪਰ ਕੋਹਲੂ ਦਾ ਭਾਰ ਤੇ ਲੱਗੂ ਈ।"

ਉਹ ਗੱਲ ਮੰਮੀ ਦੀ ਏ ਦੱਸ ਭਲਾ ਇਸ ਗੱਲ ਨਾਲ ਵਿਆਹ ਦਾ ਕੋਈ ਤਅੱਲੁਕ ਹੈ ? ਇਸ ਤਰ੍ਹਾਂ ਇਹ ਬੜੀ ਦਿਲਚਸਪ ਤੇ ਖੱਟੀ ਮਿੱਠੀ ਨੋਕ-ਝੋਕ ਜਹੀ ਚਲਦੀ ਰਹਿੰਦੀ। ਵਿਚ-ਵਿਚ ਕਈ ਯੱਭਲੀਆਂ ਮੈਂ ਵੀ ਵੱਢ ਦੇਂਦਾ। ਗੱਲਾਂ-ਗੱਲਾਂ ਵਿਚ ਮਿੰਨੀ ਦੇ ਪਰਿਵਾਰ ਦੇ ਲੋਕ ਉਹਨੂੰ ਧਰਮ ਵਿਰੁੱਧ ਗੱਲਾਂ ਕਰਨ 'ਤੇ ਪਾਪ ਲੱਗਣ ਦਾ ਡਰਾਵਾ ਵੀ ਦੇਂਦੇ ਰਹਿੰਦੇ ਤੇ ਨਰਕ ਵਿਚ ਸੁੱਟੇ ਜਾਣ ਦਾ ਡਰ ਵੀ ਦੇਂਦੇ ਪਰ ਇਹਨਾਂ ਗੱਲਾਂ ਨੂੰ ਨਾ ਉਹ ਮੰਨਦੀ ਸੀ ਤੇ ਨਾ ਹੀ ਉਸ ਮਲੂਕ ਜਿਹੀ ਕੁੜੀ ਨੂੰ ਡਰ ਹੀ ਲੱਗਦਾ ਸੀ। ਉਹ ਬਰਟੈਂਡ ਰਸਲ ਨਾਂਅ ਦੇ ਇਕ ਵਿਦਵਾਨ ਦਾ ਹਵਾਲਾ ਦੇ ਕੇ ਦੱਸਦੀ ਕਿ ਉਸਨੇ ਇਕ ਕਿਤਾਬ ਲਿਖੀ ਹੈ, ਜਿਸਦਾ ਨਾਂ ਹੈ, 'ਮੈਂ ਇਸਾਈ ਕਿਓਂ ਨਹੀਂ' (Why I Am Not Christian) ਇਸਾਈ ਇਕ ਹੀ ਜਨਮ ਮੰਨਦੇ ਹਨ ਤੇ ਨਰਕ ਸਵਰਗ ਵਿਚ ਸੁੱਟੇ ਜਾਣ ਦੀ ਗੱਲ ਵੀ ਕਰਦੇ ਹਨ। ਬਰਟੈਂਡ ਰਸਲ ਨੇ ਕਿਹਾ ਕਿ ਮੈਂ ਹੁਣ ਤਕ ਜਿੰਨੇ ਵੀ ਪਾਪ ਕੀਤੇ ਹੋਏ ਹੋਣ ਤੇ ਜਿੰਨੇ ਕਰਨ ਲਈ ਸੋਚੇ ਹੋਣ

ਪਰ ਕਰ ਨਾ ਸਕਿਆ ਹੋਵਾਂ, ਉਹ ਸਾਰੇ ਹੀ ਅਗਰ ਜੇ ਕਿਸੇ ਸਖ਼ਤ ਤੋਂ ਸਖ਼ਤ ਜੱਜ ਅੱਗੇ ਵੀ ਮੰਨ ਜਾਵਾਂ ਤਾਂ ਮੈਨੂੰ ਚਾਰ ਪੰਜ ਸਾਲਾਂ ਤੋਂ ਵੱਧ ਸਧਾਰਣ ਕੈਦ ਦੀ ਸਜ਼ਾ ਨਹੀਂ ਹੋ ਸਕਦੀ। ਏਦਾਂ ਦੀਆਂ ਵਿਦਵਤਾ ਭਰਪੂਰ ਤੇ ਉੱਚੀਆਂ-ਉੱਚੀਆਂ ਗੱਲਾਂ ਸੁਣ ਕੇ ਬੁੱਢੀ ਨੂੰ ਆਪਣੀ ਵਿਦਵਾਨ ਧੀ 'ਤੇ ਬੜਾ ਨਾਜ਼ ਤੇ ਫ਼ਖ਼ਰ ਮਹਿਸੂਸ ਹੁੰਦਾ ਤੇ ਉਹਦਾ ਮੱਥਾ ਚੁੰਮ ਕੇ ਉਹ ਕਹਿੰਦੀ, "ਜੀਂਦੀ ਰਵ੍ਹੇ ਮੇਰੀ ਧੀ, ਕਿਤੇ ਮੇਰੀ ਹੀ ਨਜ਼ਰ ਨਾ ਲੱਗ ਜਾਵੇ। ਕਿੱਡੀਆਂ-ਕਿੱਡੀਆਂ ਸੁਆਦੀ ਗੱਲਾਂ ਕਰਦੀ ਐ। ਏਦਾਂ ਦੀਆਂ ਗੱਲਾਂ ਤਾਂ ਮੈਂ ਕਦੇ ਸਤਿਸੰਗ ਵਿਚ ਵੀ ਨਹੀਂ ਸੁਣੀਆਂ।" ਹਰ ਜੈਨੀ ਹਰ ਵੇਲੇ ਪਾਪ ਦੇ ਡਰ ਤੋਂ ਅੰਦਰੋਂ ਅੰਦਰ ਡਰਦਾ ਰਹਿੰਦਾ ਹੈ ਪਰ ਜੇ ਕੋਈ ਕਹਿ ਦੇਵੇ ਕਿ ਪਾਪ ਨਹੀਂ ਲਗ ਸਕਦਾ ਤਾਂ ਉਨ੍ਹਾਂ ਨੂੰ ਬੜਾ ਹੌਂਸਲਾ ਮਿਲਦਾ ਹੈ। ਮਿੰਨੀ ਦੀਆਂ ਗੱਲ੍ਹਾਂ ਵੀ ਉਨ੍ਹਾਂ ਨੂੰ ਬੜਾ ਹੌਂਸਲਾ ਹੋਂਦੀਆਂ ਸਨ ਪਰ ਜੈਨ ਸੰਸਕਾਰਾਂ ਤੋਂ ਵੀ ਡਰਦੇ ਰਹਿੰਦੇ ਸਨ।

ਮਿੰਨੀ ਦੀਆਂ ਇਹ ਗੱਲਾਂ ਸੁਣ ਕੇ ਮੈਨੂੰ ਆਪਣੇ ਬਚਪਨ ਦੇ ਉਹ ਦਿਨ ਯਾਦ ਆ ਜਾਂਦੇ, ਜਦੋਂ ਮੈਂ ਤੇ ਮੇਰੇ ਨਾਲ ਦੇ ਦੂਜੀ-ਤੀਜੀ ਵਿਚ ਪੜ੍ਹਦੇ ਪੰਜ-ਛੇ ਸਾਥੀ ਸਕੂਲ ਪੜ੍ਹਨ ਜਾਂਦੇ ਹੁੰਦੇ ਸਾਂ। ਸਕੂਲ ਦੇ ਰਾਹ ਵਿਚ ਇਕ ਸ਼ਮਸ਼ਾਨਘਾਟ ਸੀ, ਜਿਸਦਾ ਵਿਰਲਾ ਜਿਹਾ ਲੋਹੇ ਦਾ ਗੇਟ ਸੜਕ ਦੇ ਐਨ ਕੰਢੇ 'ਤੇ ਪੈਂਦਾ ਸੀ ਤੇ ਉਸ ਗੇਟ ਦੇ ਅੰਦਰੋਂ ਉਹ ਬਹੁਤ ਹੀ ਵੱਡਾ ਸਾਰਾ ਵਰਾਂਡਾ ਸਾਰੇ ਦਾ ਸਾਰਾ ਦਿਸਦਾ ਸੀ, ਜਿਸ ਦੀਆਂ ਕੰਧਾਂ 'ਤੇ ਧਰਮਰਾਜ ਦੀ ਕਚਹਿਰੀ, ਜਿਥੇ ਮਰ ਕੇ ਗਏ ਪ੍ਰਾਣੀਆਂ ਦਾ ਲੇਖਾ-ਜੋਖਾ, ਸਜਾਵਾਂ, ਮੁਆਫੀਆਂ ਤੇ ਨਰਕ-ਸਵਰਗ ਵਿਚ ਭੇਜਣ ਦੇ ਫੈਸਲੇ ਹੁੰਦੇ, ਚਿਤਰੇ ਗਏ ਸਨ। ਇਕ ਚਿੱਤਰ ਵਿਚ ਸੰਢੇ 'ਤੇ ਸਵਾਰ ਯਮਦੂਤ ਨੂੰ ਮਾਤਲੋਕ ਵੱਲ ਨੂੰ ਆਉਂਦਾ ਵਿਖਾਇਆ ਗਿਆ ਸੀ। ਮਾਤਲੋਕ ਵਿਚ ਕੁਝ ਲੋਕ ਆਪਣੇ-ਆਪਣੇ ਕਾਰਵਿਹਾਰ ਕਰਦੇ ਵਿਖਾਏ ਗਏ ਸਨ, ਜਿਹਨਾਂ ਦੇ ਮੋਢਿਆਂ 'ਤੇ ਦੋ ਨਿੱਕੇ-ਨਿੱਕੇ ਗੁੱਡੀਆਂ ਜਹੀਆਂ ਵਰਗੇ ਪੁਤਲੇ ਜਹੇ (ਚਿੱਤਰ-ਗੁਪਤ) ਵਿਖਾਏ ਹੋਏ ਸਨ। ਉਹਨਾਂ ਦੇ ਹੱਥ ਵਿਚ ਕਾਪੀਆਂ ਤੇ ਲਿਖਣ ਨੂੰ ਜਾਨਵਰਾਂ ਦੇ ਖੰਭ ਫੜੇ ਹੋਏ ਸਨ। ਉਹਨਾਂ ਦੇ ਲਿਖੇ ਅਨੁਸਾਰ ਹੀ ਦੂਸਰੇ ਚਿੱਤਰ ਵਿਚ ਧਰਮਰਾਜ ਫੈਸਲਾ ਕਰ ਰਿਹਾ ਵਿਖਾਇਆ ਹੋਇਆ ਸੀ। ਅੱਗੇ ਇਕ ਵੱਡਾ ਸਾਰਾ ਕੜ੍ਹਾਇਆ ਤੇਲ ਨਾਲ ਭਰਿਆ ਹੋਇਆ ਪਿਆ ਸੀ, ਜਿਸਦੇ ਥੱਲੇ 'ਤਹੀਆ-ਤੈਹ' ਅੱਗ ਬਲ ਰਹੀ ਸੀ ਤੇ ਕੜਾਹੇ ਦਾ ਤੇਲ ਖੌਲ ਰਿਹਾ ਸੀ, ਜਿਸ ਵਿਚ ਇਕ ਪਾਪੀ ਐਲਾਨੇ ਜਾ ਚੁੱਕੇ ਬੰਦੇ ਨੂੰ ਸੁੱਟਣ ਲਈ ਜਲਾਦ ਤਿਆਰ ਸਨ, ਬਲਕਿ ਉਹਨਾਂ ਨੇ ਉਸ ਬੰਦੇ ਨੂੰ ਆਪਣੀਆਂ ਮਜਬੂਤ ਬਾਹਵਾਂ ਨਾਲ ਚੁੱਕਿਆ ਹੋਇਆ ਸੀ ਤੇ ਹੁਣ ਸੁਟਿਆ ਕਿ ਕਦੋਂ ਸੁਟਿਆ ਵਾਲਾ ਦ੍ਰਿਸ਼ ਸੀ। ਉਸਤੋਂ ਅਗਲੇ ਚਿੱਤਰ ਵਿਚ ਇਕ ਖ਼ੂਬਸੂਰਤ ਲੰਮੇ ਵਾਲਾਂ ਵਾਲੀ ਸੁੰਦਰ ਤੇ ਜਵਾਨ ਔਰਤ ਨੂੰ ਅੱਗ ਵਿਚ ਸੁੱਟਣ ਲਈ ਫੜ ਕੇ ਲਈ ਜਾਂਦੇ ਜਲਾਦਾਂ ਦਾ ਡਰਾਉਣਾ ਚਿੱਤਰ ਸੀ। ਉਸਤੋਂ ਅਗਲੇ ਚਿੱਤਰ ਵੇਖਣ ਲਈ ਸਾਨੂੰ ਗੇਟ ਦੇ ਬਿਲਕੁਲ ਖੱਬੇ ਪਾਸੇ ਵੱਲ ਖਲੋ ਕੇ ਵੇਖਣਾ ਪੈਂਦਾ ਸੀ। ਇਹ ਚਿੱਤਰ ਵੀ ਬਹੁਤ ਡਰਾਉਣਾ ਸੀ। ਇਕ ਸੂਦਖੋਰ ਜਹੇ ਮੋਟੇ ਢਿਡ ਵਾਲੇ ਲਾਲੇ ਦੀਆਂ ਲੱਤਾਂ, ਢਿੱਡ, ਪੱਟਾਂ ਤੇ ਬਾਹਾਂ ਵਿਚੋਂ ਲੰਮੇ-ਲੰਮੇ ਸੁੰਡਿਆਂ ਵਰਗੇ ਕੀੜੇ ਨਿਕਲਦੇ-ਵੜਦੇ ਵਿਖਾਏ ਗਏ ਸਨ। ਏਸੇ ਤਰ੍ਹਾਂ ਜਿਹੜਾ ਝੂਠ ਬੋਲੇ ਉਹਨੂੰ ਕੋੜਿਆਂ ਦੀ ਮਾਰ ਪੈਂਦੀ, ਜਿਹੜਾ ਜਾਨਵਰਾਂ ਨੂੰ ਮਾਰੇ ਉਹਦੀ ਪੁੱਠਾ ਕਰਕੇ ਖੱਲ ਲਹਿੰਦੀ, ਜਿਹੜਾ ਸ਼ਰਾਬ ਪੀਵੇ ਉਹਦੇ ਮੂੰਹ ਵਿਚ ਦਗਦਾ ਕੋਲਾ ਰੱਖਣ ਅਤੇ ਇਸ ਤਰ੍ਹਾਂ ਦੇ ਹੋਰ ਵੀ ਬਹੁਤ ਸਾਰੇ ਦਿਲਕੰਬਾਊ ਚਿੱਤਰ ਸਨ। ਇਹਨਾਂ ਚਿੱਤਰਾਂ ਨੂੰ ਅਸੀਂ ਨਾ

ਚਾਹੁੰਦੇ ਹੋਏ ਵੀ ਕੋਲੋਂ ਲੰਘ ਕੇ ਸਕੂਲ ਜਾਣ ਵੇਲੇ ਤੇ ਆਉਣ ਵੇਲੇ ਜ਼ਰੂਰ ਵੇਖਦੇ ਸਾਂ। ਸਾਨੂੰ ਪੰਜਾਂ ਛੇਆਂ ਮੁੰਡਿਆਂ ਦੀ ਢਾਣੀ ਨੂੰ ਗੇਟ ਲਾਗੇ ਖਲੋ ਕੇ ਗਹੁ ਨਾਲ ਵੇਖਦਿਆਂ ਨੂੰ ਸਮਝਾਉਣ ਵਾਸਤੇ ਇਕ ਜਟਾਂ ਵਾਲਾ ਬਾਬਾ ਆ ਜਾਂਦਾ ਸੀ ਤੇ ਸਾਨੂੰ ਇਕੱਲੇ-ਇਕੱਲੇ ਚਿੱਤਰ ਬਾਰੇ ਸਮਝਾਉਂਦਾ ਸੀ। ਔਰਤ ਬਾਰੇ ਉਹ ਕਹਿੰਦਾ, ਇਹ ਵਿਭਚਾਰੀ ਔਰਤ ਹੈ, ਜੋ ਆਪਣੇ ਪਤੀ ਤੋਂ ਇਲਾਵਾ ਹੋਰ ਕਿਸੇ ਨਾਲ ਵੀ ਭੋਗ ਕਰਦੀ ਸੀ, ਇਹੋ ਜਿਹੀਆਂ ਦਾ ਇਹ ਹੀ ਹਾਲ ਹੁੰਦਾ ਹੈ। ਓਦੋਂ ਸਾਨੂੰ ਨਾ ਤਾਂ ਵਿਭਚਾਰ ਦਾ ਪਤਾ ਹੁੰਦਾ ਸੀ ਤੇ ਨਾ ਹੀ ਭੋਗ ਦਾ। ਜਿਸ ਮੋਟੇ ਬੰਦੇ ਦੇ ਸਰੀਰ ਵਿਚ ਕੀੜੇ ਨਿਕਲਦੇ ਵੜਦੇ ਸਨ, ਉਹ ਲੋਕਾਂ ਨੂੰ ਤੇ ਖਾਸ ਕਰ ਗਰੀਬਾਂ ਨੂੰ ਲੁੱਟਣ ਵਾਲਾ ਸੀ। ਮੁਰਦੇ ਸਾੜਨ ਵਾਲਾ ਉਹ ਬਾਬਾ ਕਹਿੰਦਾ-"ਇਹਨਾਂ ਕੀੜਿਆਂ ਦੀ ਤਕਲੀਫ ਨਾਲ ਤੇ ਅੱਗ ਵਿਚ ਸੜਨ ਨਾਲ ਬੰਦਾ ਮਰਦਾ ਵੀ ਨਹੀਂ, ਬਸ ਦੁੱਖ ਹੀ ਭੋਗਦਾ ਹੈ।" ਨਰਕ ਦਾ ਦ੍ਰਿਸ਼ ਬਰਾਂਡੇ ਦੀ ਖੱਬੀ ਬਾਹੀ ਵਾਲੇ ਪਾਸੇ ਪੂਰੀ ਕੰਧ ਉੱਤੇ ਸੀ। ਪੇਸ਼ਾਬ-ਟੱਟੀ ਤੇ ਗੰਦ-ਮੰਦ ਵਿਚ ਖਲੋਤੇ ਲੋਕ ਹੀ ਰੋਟੀ ਖਾਂਦੇ ਅਤੇ ਪਾਣੀ ਪੀਂਦੇ ਵਿਖਾਏ ਗਏ ਸਨ। ਉਹਨਾਂ ਦੇ ਸੌਣ ਲਈ ਵੀ ਕੋਈ ਥਾਂ ਨਹੀਂ ਸੀ। ਉਹ ਸਾਰੇ ਵੀ ਜ਼ਿੰਦਗੀ ਦੇ ਦੁੱਖ ਉਠਾ ਰਹੇ ਸਨ।

ਸੱਜੇ ਪਾਸੇ ਵਾਲੀ ਕੰਧ 'ਤੇ ਬਹੁਤ ਹੀ ਸੁੰਦਰ ਚਿੱਤਰ ਸੀ। ਸੁੰਦਰ ਬਾਗ, ਸੋਨੇ ਦੇ ਸੇਬ ਲਟਕਦੇ ਤੇ ਸੋਨੇ ਦੇ ਫਲਾਂ ਵਾਲੇ ਹੀ ਹੋਰ ਦਰੱਖਤਾਂ ਦੇ ਥੱਲੇ ਅੱਧ-ਨੰਗੀਆਂ ਗਹਿਣਿਆਂ ਨਾਲ ਲੱਦੀਆਂ ਬਹੁਤ ਹੀ ਸੁੰਦਰ ਔਰਤਾਂ ਵਿਖਾਈਆਂ ਗਈਆਂ ਸਨ, ਜਿਹਨਾਂ ਨੂੰ ਪੁਜਾਰੀ ਪਰੀਆਂ ਕਹਿੰਦਾ ਸੀ। ਬਾਗ ਦੇ ਵਿਚੋਂ ਦੀ ਇਕ ਨਦੀ ਵਗਦੀ ਵਿਖਾਈ ਗਈ ਸੀ, ਜਿਸਦਾ ਪਾਣੀ ਬਹੁਤ ਚਿੱਟਾ ਸੀ। ਦਰਅਸਲ ਉਹ ਪਾਣੀ ਨਹੀਂ ਦੁੱਧ ਦੀ ਨਦੀ ਸੀ। ਉਸ ਨਦੀ ਦੇ ਕੰਢੇ 'ਤੇ ਦੋਹੀਂ ਪਾਸੀਂ ਬੜੀ ਹਰਿਆਲੀ ਸੀ ਤੇ ਦਰੱਖਤਾਂ ਦੇ ਥੱਲੇ ਪਲੰਘ ਡੱਠੇ ਹੋਏ ਸਨ। ਉਹਨਾਂ 'ਤੇ ਰਾਜਿਆਂ ਵਰਗੇ ਕੱਪੜੇ ਪਾਈ ਮੋਟਿਆਂ-ਮੋਟਿਆਂ ਮਣਕਿਆਂ ਵਾਲੀਆਂ ਮਾਲਾਂ ਤੇ ਸਿਰ 'ਤੇ ਚਿੱਟੀਆਂ ਕਲਗੀਆਂ ਲਾਈ ਰਾਜਿਆਂ ਵਰਗੇ ਬੰਦੇ ਬੈਠੇ ਸਨ, ਜਿਹਨਾਂ ਨੂੰ ਪਰੀਆਂ ਸੁਰਾਹੀਆਂ ਵਿਚੋਂ ਗਲਾਸਾਂ ਵਿਚ ਪਾ-ਪਾ ਕੇ ਸ਼ਰਾਬ ਫੜਾਉਂਦੀਆਂ ਸਨ। ਕਈ ਰਾਜੇ ਅੱਧ-ਲੇਟੇ ਪਏ ਸਨ ਤੇ ਉਹ ਸੁੰਦਰ ਔਰਤਾਂ ਵੀ ਕਿਸੇ-ਕਿਸੇ ਰਾਜੇ 'ਤੇ ਇਕ ਤੇ ਕਿਸੇ-ਕਿਸੇ 'ਤੇ ਦੋ ਲੇਟੀਆਂ ਹੋਈਆਂ ਸਨ। ਉਹਨਾਂ ਦੇ ਮੂੰਹ ਰਾਜਿਆਂ ਦੇ ਮੂੰਹਾਂ ਦੇ ਬਹੁਤ ਨੇੜੇ ਕਰਕੇ ਵਿਖਾਏ ਗਏ ਸਨ। ਇਹ ਚਿੱਤਰ ਸਾਡੀਆਂ ਅੱਖਾਂ ਨੂੰ ਬਹੁਤ ਚੰਗਾ ਲੱਗਦਾ ਤੇ ਤਸੱਲੀ ਵੀ ਦੇਂਦਾ ਕਿ ਅਸੀਂ ਤੇ ਚੰਗੇ ਕੰਮ ਕਰਕੇ ਸਵਰਗਾਂ ਵਿਚ ਹੀ ਜਾਵਾਂਗੇ। ਪਰ ਸਾਡਾ ਧੁਰ ਅੰਦਰ ਤੱਕ ਦਿਲ ਕੰਬ ਜਾਂਦਾ ਜੰਦੋਂ ਅਸੀਂ ਨਿਆਣੇ ਆਪਸ ਵਿਚ ਗੱਲਾਂ ਕਰਦੇ, "ਯਾਰ ਕੱਲ ਮੈਂ ਇਕ ਚੂਹਾ ਮਾਰ ਦਿੱਤਾ ਸੀ, ਕਿਤੇ ਉਹਦਾ ਪਾਪ ਤਾਂ ਨਾ ਮੈਨੂੰ ਲੱਗੂ ?"

ਦੂਜਾ ਕਹਿੰਦਾ-"ਭਰਾਵਾ ਕੱਲ ਸਾਡੇ ਘਰ ਪ੍ਰਾਹੁਣੇ ਆਏ ਤੇ ਭਾਪਾ ਜੀ ਆਖਣ ਲੱਗੇ,'ਜਾ ਬਾਹਰੋਂ ਆਪਣਾ ਲਾਲ ਕੁੱਕੜ ਵੱਡੀਆਂ ਖਾਗਾਂ ਵਾਲਾ ਫੜ ਕੇ ਲਿਆ,' ਵੱਢਿਆਂ ਤੇ ਉਹਨੂੰ ਮੇਰੇ ਚਾਚੇ ਨੇ ਸੀ ਪਰ ਫੜ ਕੇ ਤੇ ਮੈਂ ਹੀ ਲਿਆਇਆ ਸਾਂ ਨਾ।" ਇਸ ਤਰ੍ਹਾਂ ਅਸੀਂ ਆਪਣੇ ਆਪ ਨੂੰ ਗੁਨਾਹਾਂ ਵਿਚ ਗ੍ਰਸੇ ਹੋਏ ਤੇ ਪਾਪੀ ਠਹਿਰਾਉਂਦੇ ਹੋਏ ਭਾਰੇ ਕਦਮਾਂ ਨਾਲ ਤੁਰੇ ਜਾਂਦੇ ਤੇ ਦਿਲ ਹੀ ਦਿਲ ਵਿਚ ਪਛਤਾਉਂਦੇ ਵੀ ਜਾਂਦੇ। ਇਸ ਤਰ੍ਹਾ ਸੋਚਾਂ ਵਿਚ ਡੁੱਬਿਆਂ ਨੂੰ ਸਾਨੂੰ ਪਤਾ ਹੀ ਨਾ ਲੱਗਦਾ ਕਿ ਕਦੋਂ ਸਾਡਾ ਸਕੂਲ ਆ ਗਿਆ ਹੈ।

ਜ਼ਰਾ ਧਿਆਨ ਨਾਲ ਸੋਚੀਏ ਤਾਂ ਬ੍ਰਾਹਮਣ ਦੇ ਬਣਾਏ ਹੋਏ ਇਸ ਜਾਲ ਦੀ ਪੂਰੀ

ਸਮਝ ਲੱਗ ਜਾਂਦੀ ਹੈ। ਬ੍ਰਾਹਮਣ ਨੇ ਕਿਹਾ-"ਏਥੇ ਮੈਨੂੰ ਦਾਨ ਦਿਓ, ਸਵਰਗ ਵਿਚ ਤੁਹਾਨੂੰ ਕਈ ਹਜ਼ਾਰ ਗੁਣਾ ਵੱਧ ਮਿਲੇਗਾ। ਏਥੇ ਸ਼ਰਾਬ ਨਾ ਪੀਓ ਪਰ ਨਾਲ ਹੀ ਇਹ ਲਾਲਚ ਵੀ ਦਿੱਤਾ ਕਿ ਸਵਰਗਾਂ ਵਿਚ ਤੁਹਾਨੂੰ ਉਹ ਸਾਰੇ ਸੁੱਖ ਮਿਲਣਗੇ, ਜਿਹੜੇ ਏਥੇ ਮਨ੍ਹਾਂ ਹਨ। ਇਸ ਵਿਚ ਪਰ-ਇਸਤਰੀ ਭੋਗ ਤੋਂ ਵੀ ਛੋਟ ਮਿਲ ਗਈ। ਗੱਲ ਕੀ ਉਹ ਸਾਰੇ ਸੁੱਖ, ਜਿਹੜੇ ਇਸ ਜਨਮ ਵਿਚ, ਇਸ ਧਰਤੀ 'ਤੇ ਮਨ੍ਹਾਂ ਹਨ ਪਰ ਸਵਰਗ ਵਿਚ ਉਹ ਆਮ ਹਨ, ਸ਼ਰਤ ਇਹ ਹੈ ਕਿ ਬ੍ਰਾਹਮਣ ਦੀ ਸੇਵਾ ਕਰਨੀ ਪਵੇਗੀ ਤੇ ਉਸਦੇ ਦੱਸੇ ਅਨੁਸਾਰ ਚੱਲਣਾ ਪਵੇਗਾ। ਬ੍ਰਾਹਮਣ ਦੇ ਇਸ ਸਿਧਾਂਤ ਨੂੰ ਲੱਗਭਗ ਸਾਰੇ ਹੀ ਧਰਮਾਂ ਨੇ ਆਪਣੇ-ਆਪਣੇ ਢੰਗ ਨਾਲ ਅਪਨਾਇਆ ਹੈ, ਇਸਤਰੀ ਨੂੰ ਸਵਰਗ ਵਿਚ ਵੀ ਅਜ਼ਾਦ ਦਰਜਾ ਨਹੀਂ ਦਿੱਤਾ ਗਿਆ। ਸਵਰਗ ਵਿਚ ਵੀ ਇਸਤਰੀ ਭੋਗ ਦੀ ਵਸਤੂ ਹੀ ਹੈ। ਮੁਸਲਮਾਨ ਧਰਮ ਇਹ ਤਾਂ ਕਹਿੰਦਾ ਹੈ ਕਿ 'ਜੰਨਤ' ਵਿਚ ਇਕ-ਇਕ ਮੁਸਲਮਾਨ ਨੂੰ ਸੱਤਰ-ਸੱਤਰ ਪਰੀਆਂ ਮਿਲਣਗੀਆਂ ਪਰ ਔਰਤ ਨੂੰ ਕਿੰਨੇ ਦਿਓ ਮਿਲਣਗੇ, ਇਸ ਗੱਲ ਦਾ ਕੋਈ ਜ਼ਿਕਰ ਨਹੀਂ ਕਰਦਾ! ਮਨੁੱਖ ਇਸ ਆਸ 'ਤੇ ਜੀਂਦਾ ਹੈ ਕਿ ਭਾਵੇਂ ਮੈਨੂੰ ਏਥੇ ਕੋਈ ਸੁੱਖ ਨਹੀਂ ਮਿਲਿਆ ਪਰ ਸਵਰਗ ਵਿਚ ਜਾ ਕੇ ਮੈਨੂੰ ਸਾਰੇ ਸੁੱਖ ਮਿਲਣਗੇ। ਏਸੇ ਲਈ ਹੀ ਅੱਖਾਂ ਮੀਟ ਕੇ ਮਨੁੱਖ ਧਰਮ ਵਿਚ ਵਿਸ਼ਵਾਸ਼ ਕਰਦਾ ਜ਼ਿੰਦਗੀ ਗੁਜ਼ਾਰਦਾ ਹੈ। ਗੁਰਦੁਆਰਿਆਂ ਵਿਚ ਗ੍ਰੰਥੀ ਇੰਨ-ਬਿੰਨ ਬ੍ਰਾਹਮਣ ਦੇ ਸਿਧਾਂਤ 'ਤੇ ਚਲਦਾ ਹੋਇਆ ਇਹ ਹੀ ਗੱਲਾਂ ਕਰਦਾ ਹੈ। ਗ੍ਰੰਥੀਆਂ ਅਤੇ ਕੀਰਤਨੀਆਂ ਦੀਆਂ ਇਹੋ ਜਿਹੀਆਂ ਗੱਲਾਂ ਵਿਚੋਂ ਗੁਰੂਆਂ ਦੇ ਸਿਧਾਂਤ ਤੇ ਜੀਵਨਜਾਚ ਹੌਲੀ-ਹੌਲੀ ਅਲੋਪ ਹੁੰਦੀ ਜਾ ਰਹੀ ਹੈ ਤੇ ਸਿੱਖ ਵੀ ਹਿੰਦੂ ਹੀ ਬਣਦਾ ਜਾ ਰਿਹਾ ਹੈ।

ਇਸ ਤਰ੍ਹਾਂ ਦੇ ਚਿੱਤਰਾਂ ਵਾਲਾ ਇਹ ਕੋਈ ਇਕੱਲਾ ਸ਼ਮਸ਼ਾਨਘਾਟ ਨਹੀਂ ਸੀ। ਇਸ ਸ਼ਹਿਰ ਵਿਚ ਜਿੰਨੇ ਵੀ ਸ਼ਮਸ਼ਾਨਘਾਟ ਹਨ, ਸਭ ਵਿਚ ਹੀ ਇਸ ਤਰ੍ਹਾਂ ਦੀ ਚਿੱਤਰਕਾਰੀ ਹੋਈ ਹੋਈ ਹੈ। ਬਲਕਿ ਹਰਿਆਣੇ ਵਿਚ ਤਾਂ ਇਸ ਤਰ੍ਹਾਂ ਦੇ ਕਈ ਚਿੱਤਰ ਸੀਮੇਂਟ ਦੇ ਵੀ ਬਣਾਏ ਹੋਏ ਹਨ। ਹਰਿਆਣੇ ਦੇ ਜੀਂਦ ਸ਼ਹਿਰ ਦੇ ਸ਼ਮਸ਼ਾਨਘਾਟ ਵਿਚ ਬਹੁਤ ਚਿੱਤਰ ਐਸੇ ਹਨ, ਜਿਹਨਾਂ ਨੂੰ ਵੇਖ ਕੇ ਬੰਦੇ ਦੇ ਧੁਰ ਅੰਦਰ ਡਰ ਦੀ ਤਾਰ ਕੌਂਧ ਜਾਂਦੀ ਹੈ। ਆਪਣੇ ਬਚਪਨ ਦੇ ਵੇਖੇ ਹੋਏ ਇਹ ਚਿੱਤਰ ਮੈਂ ਅੱਜ ਤੱਕ ਨਹੀਂ ਭੁੱਲ ਸਕਿਆ। ਮੇਰਾ ਬਚਪਨ ਬਹੁਤ ਹੀ ਡਰ-ਡਰ ਕੇ ਲੰਘਿਆ ਹੈ। ਵੱਡੇ ਹੋ ਕੇ ਵੀ ਕਿਸੇ ਦੀ ਅਰਥੀ ਨਾਲ ਜਾਣਾ ਪੈਂਦਾ ਹੈ ਤਾਂ ਇਹ ਹੀ ਚਿੱਤਰ ਅੱਗੋਂ ਦਿਸਦੇ ਹਨ। ਸਿੱਖਾਂ ਦੇ ਸ਼ਮਸ਼ਾਨਘਾਟ ਹਿੰਦੂਆਂ ਨਾਲ ਸਾਂਝੇ ਹੋਣ ਕਰਕੇ ਦੋਵਾਂ 'ਤੇ ਹੀ ਬਰਾਬਰ ਹਿੰਦੂ ਸੰਸਕ੍ਰਿਤੀ ਦਾ ਪ੍ਰਭਾਵ ਪੈਂਦਾ ਹੈ। ਭਾਵੇਂ ਸਿੱਖ ਜਿੰਨਾ ਮਰਜ਼ੀ ਆਖਣ 'ਸਾਡਾ ਧਰਮ ਵੱਖਰਾ ਹੈ', ਪਰ ਸ਼ਮਸ਼ਾਨਘਾਟਾਂ ਦਾ ਡਰ ਤਾਂ ਇਕੋ ਜਿਹਾ ਹੀ ਹੈ। ਭਾਵੇਂ ਬਾਣੀ ਕੁਝ ਵੱਖਰਾ ਵੀ ਕਹਿੰਦੀ ਹੋਵੇ, ਤਾਂ ਵੀ ਸਿੱਖ ਹਿੰਦੂ ਸੋਚ ਨਾਲ ਰਲ-ਗੱਡ ਹੋਏ ਬਿਨਾਂ ਨਹੀਂ ਰਹਿ ਸਕਦੇ। ਸ਼ਹਿਰਾਂ ਵਿਚ ਤਾਂ ਬਾਤਾਂ ਸੁਣਾਉਣ ਵਾਲੀ ਦਾਦੀ ਵੀ ਹਿੰਦੂ ਤੇ ਸਿੱਖ ਦੀ ਇਕੋ ਹੀ ਹੁੰਦੀ ਹੈ। ਫਿਰ ਦੋਵਾਂ ਧਰਮਾਂ ਦਾ ਫਰਕ ਕਿਵੇਂ ਉੱਭਰ ਕੇ ਸਾਹਮਣੇ ਆਵੇ ?

ਅਸਲ ਵਿਚ ਹਿੰਦੂਆਂ ਵਾਂਗ ਜੈਨ ਧਰਮ ਵਿਚ ਵੀ ਪਾਪ ਤੇ ਪਾਪ ਦੀ ਸਜ਼ਾ ਏਨੀਂ ਵਾਰ ਲੋਕਾਂ ਸਾਹਮਣੇ ਦੁਹਰਾਈ ਗਈ ਹੈ ਕਿ ਹਰ ਜੈਨੀ ਆਪਣੇ ਆਪ ਨੂੰ ਕਸੂਰਵਾਰ ਤੇ ਸਜ਼ਾ ਦਾ ਭਾਗੀ ਸਮਝਦਾ ਹੈ ਤੇ ਇਸ ਤਰ੍ਹਾਂ ਘੋਰ ਨਰਕ ਦੇ ਡਰ ਤੋਂ ਡਰਿਆ ਰਹਿੰਦਾ ਹੈ। ਮਿੰਨੀ ਦੀਆਂ ਇਸ ਤਰ੍ਹਾਂ ਦੀਆਂ ਚੜ੍ਹਦੀਕਲਾ ਵਾਲੀਆਂ ਗੱਲਾਂ ਉਹਨਾਂ ਨੂੰ ਹੌਸਲਾ ਦੇਂਦੀਆਂ ਸਨ ਪਰ ਇਹ ਤਰੰਗ ਥੋੜ੍ਹੇ ਸਮੇਂ ਦੀ ਹੀ ਹੁੰਦੀ, ਜਦੋਂ ਉਹਨਾਂ ਨੂੰ ਖ਼ਿਆਲ ਆ ਜਾਂਦਾ ਕਿ ਇਹ

ਗੱਲਾਂ ਤਾਂ ਕਿਸੇ ਬਰਟੈਂਡ ਰਸਲ ਨੇ ਕਹੀਆਂ ਹਨ, ਜੈਨੀਆਂ ਦੇ ਕਿਸੇ ਗੁਰੂ ਨੇ ਥੋੜ੍ਹਾ ਆਖੀਆਂ ਹਨ, ਇਹ ਵਿਚਾਰ ਆਉਂਦਿਆਂ ਹੀ ਉਹਨਾਂ ਦਾ ਮੂੰਹ ਭੈੜਾ ਜਿਹਾ ਹੋ ਜਾਂਦਾ ਤੇ ਨਰਕ ਦਾ ਡਰ ਫਿਰ ਉਹਨਾਂ 'ਤੇ ਭਾਰੂ ਹੋ ਜਾਂਦਾ। ਜੇ ਏਹੋ ਹੀ ਗੱਲ ਕੋਈ ਜੈਨੀ ਗੁਰੂ ਕਹਿੰਦਾ ਫਿਰ ਉਹ ਮੰਨਣਯੋਗ ਹੋਣੀ ਸੀ। ਈਸਾਈਆਂ ਦਾ ਕੀ ਹੈ ਉਹ ਤਾਂ ਐਵੇਂ ਹੀ ਕਈ ਗੱਲਾਂ ਏਧਰ-ਓਧਰ ਦੀਆਂ ਕਰਦੇ ਰਹਿੰਦੇ ਹਨ। ਇਸਾਈ ਧਰਮ ਜਾਂ ਕੋਈ ਹੋਰ ਧਰਮ ਜੈਨ ਧਰਮ ਦੇ ਪਾਏ ਦੇ ਥੋੜ੍ਹਾ ਹਨ?

ਬਸ ਬਿਲਕੁਲ ਏਹੋ ਗੱਲ ਹੀ ਸਿੱਖ ਧਰਮ ਦੀ ਹੈ। ਸਿੱਖ ਪਰਿਵਾਰਾਂ ਵਿਚ ਵੀ ਲੱਗਭਗ ਏਹੋ ਜਿਹੀਆਂ ਗੱਲਾਂ ਹੀ ਹੁੰਦੀਆਂ ਹਨ। ਸਿੱਖ ਕਿਸੇ ਵਿਦਵਾਨ ਦੀ ਗੱਲ ਨਾਲੋਂ ਅਨਪੜ੍ਹ ਕਥਾ-ਵਾਚਕ ਦੀ ਗੱਲ ਨੂੰ ਜ਼ਿਆਦਾ ਧਿਆਨ ਨਾਲ ਸੁਣਦੇ ਹਨ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਈਆਂ ਥਾਵਾਂ 'ਤੇ ਸਵਰਗ ਨਰਕ ਦਾ ਖੰਡਨ ਹੈ ਤੇ ਕਈ ਥਾਈਂ ਨਹੀਂ। ਡਰ ਤੇ ਅਣਜਾਣਿਆਂ ਭਉ ਸਿੱਖਾਂ ਦੇ ਮਨਾਂ ਵਿਚ ਵੀ ਬੈਠਾ ਹੋਇਆ ਹੈ। ਏਸੇ ਲਈ ਹੀ ਸਿੱਖ ਤੇ ਏਥੋਂ ਤੱਕ ਕਿ ਅੰਮ੍ਰਿਤਧਾਰੀ ਸਿੰਘ ਵੀ ਸਮਾਧਾਂ ਤੇ ਮੜ੍ਹੀਆਂ ਆਦਿ ਥਾਵਾਂ 'ਤੇ ਮੱਥਾ ਟੇਕ ਦੇਂਦੇ ਹਨ। ਵਡਭਾਗ ਸਿੰਘ ਦੇ ਡੇਰੇ, ਧੀਰਮੱਲੀਆਂ ਤੇ ਰਾਮਰਾਈਆਂ ਦੇ ਡੇਰੇ 'ਤੇ, ਜਿਥੇ ਜਾਣਾ ਤਾਂ ਕੀ ਸੁਪਨੇ ਵਿਚ ਵੀ ਇਹਨਾਂ ਥਾਵਾਂ ਦਾ ਧਿਆਨ ਮਨ ਵਿਚ ਲਿਆਉਣਾ ਤੇ ਇਹਨਾਂ ਨਾਲ ਕੋਈ ਮੇਲ-ਮਿਲਾਪ ਰੱਖਣਾ ਸਿੱਖ ਧਰਮ ਵਿਚ ਮਨ੍ਹਾ ਹੈ, ਉਥੇ ਅੰਮ੍ਰਿਤਧਾਰੀ ਸਿੰਘ ਸ਼ਬਦ ਪੜ੍ਹਦੇ ਜਾਂਦੇ ਹਨ। ਇਸ ਵਿਗਿਆਨਕ ਯੁੱਗ ਵਿਚ ਵੀ ਕਈ ਸਿੱਖ ਕਹਿੰਦੇ ਹਨ ਕਿ ਸੁਲਤਾਨਪੁਰ ਲੋਧੀ ਇਕ ਐਸੀ ਜਗ੍ਹਾ ਹੈ, ਜਿਥੇ ਤੇਈਆ ਤਾਪ ਕੈਦ ਕੀਤਾ ਹੋਇਆ ਹੈ। ਹੁਣ ਵੀ ਸਿੱਖ ਤੇਈਆ ਬੁਖਾਰ ਚੜ੍ਹਨ 'ਤੇ ਉਥੇ ਜਾਂਦੇ ਹਨ ਤੇ ਨੱਕ ਰਗੜਦੇ ਹਨ। ਇਸ ਵਿਗਿਆਨਕ ਯੁੱਗ ਵਿਚ ਵੀ ਸਿੱਖਾਂ ਦੇ ਅਨਪੜ੍ਹਤਾ ਦੀ ਦਲਦਲ ਵਿਚ ਨਿੱਘਰ ਜਾਣ ਦੀਆਂ ਨਿਸ਼ਾਨੀਆਂ ਮੌਜੂਦ ਹਨ। ਅਸਲ ਵਿਚ ਸਿੱਖ ਉਹ ਰਿਹਾ ਹੀ ਨਹੀਂ, ਜੋ ਗੁਰੂ ਨਾਨਕ ਦੇਵ ਜੀ ਤੇ ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ ਸਜਾਇਆ ਸੀ। ਹੁਣ ਤਾਂ ਇਹ ਭੁਲੇਖਿਆਂ, ਭੇਖ ਤੇ ਗਲਤਫਹਿਮੀ ਦਾ ਸ਼ਿਕਾਰ ਇਕ ਪੁਤਲਾ ਮਾਤਰ ਪ੍ਰਾਣੀ ਹੈ, ਜੋ ਲਾਈਲੱਗ ਪਰਵਿਰਤੀ ਦਾ ਬਣ ਜਾਣ ਕਰਕੇ ਆਵਾਗੌਣ ਹੀ ਕਰਮਕਾਂਡਾਂ ਵਿਚ ਫਸਿਆ ਹੋਇਆ ਇਕ ਪੇਂਦ ਕੀਤਾ ਗਿਆ ਹਿੰਦੂ ਨਜ਼ਰ ਆਉਂਦਾ ਹੈ, ਜਿਸਦੀ ਪੇਂਦ ਖ਼ਤਮ ਹੋ ਚੁੱਕੀ ਹੈ ਤੇ ਇਹ ਪਹਿਲੀ ਗੰਢ ਤੋਂ ਹੀ ਫਿਰ ਪੁੰਗਰ ਕੇ ਹਿੰਦੂ ਬੂਟਾ ਬਣ ਗਿਆ ਹੈ। ਹੁਣ ਤਾਂ ਇਸ ਦੇ ਸਵਿਧਾਨਕ ਅਧਿਕਾਰ ਵੀ ਖੁਸ ਚੁੱਕੇ ਹਨ। ਕਿਰਪਾਨ ਦਾ ਸਵਿਧਾਨਿਕ ਹੱਕ ਇਹਦਾ ਗਿਆ; ਪਰਸਨਲ ਲਾਅ ਇਹਦਾ ਗਿਆ, ਲੈ ਦੇ ਕੇ ਇਹ ਇਕ ਹਿੰਦੂ ਹੀ ਹੈ, ਜਿਵੇਂ ਜੈਨੀ ਤੇ ਬੋਧੀ ਹਨ।

ਪਰ ਫੇਰ ਵੀ ਹਰੀਸ਼ ਦਾ ਡੈਡੀ ਕਹਿੰਦਾ, "ਪੁਰਾਣੇ ਲੋਕ ਹੁਣ ਦੇ ਲੋਕਾਂ ਨਾਲੋਂ ਤਾਂ ਕਾਫੀ ਚੰਗੇ ਸਨ। ਹੁਣ ਤਾਂ ਨਸ਼ੇ ਹੀ ਕਿੰਨੇ ਵਧ ਗਏ ਹਨ। ਪਹਿਲੇ ਲੋਕ ਆਪਣੇ ਮਾਤਾ-ਪਿਤਾ ਦੇ ਆਗਿਆਕਾਰ ਹੁੰਦੇ ਸਨ, ਹੁਣ ਤੇ ਕੰਮ ਆਖੋ ਤਾਂ ਅੱਗੋਂ ਟਕੇ ਵਰਗਾ ਜਵਾਬ ਦੇਂਦੇ ਹਨ।"

ਇਸ ਗੱਲ 'ਤੇ ਗੱਲ ਫਿਰ ਸ਼ੁਰੂ ਹ ਜਾਂਦੀ ਤੇ ਮਿੰਨੀ ਕਹਿੰਦੀ, "ਪਾਪਾ ਨਸ਼ੇ ਤਾਂ ਸਤਿਯੁਗ ਵਿਚ ਵੀ ਹੁੰਦੇ ਸਨ। ਵੇਦਾਂ ਵਿਚ ਬਾਕਾਇਦਾ ਇਹਨਾਂ ਦਾ ਜ਼ਿਕਰ ਆਉਂਦਾ ਹੈ। ਸੋਮਰਸ ਨਾਂ ਦੇ ਨਸ਼ੇ ਦਾ ਜ਼ਿਕਰ ਬਾਰ-ਬਾਰ ਕਈ ਕਿਤਾਬਾਂ ਵਿਚ ਆਇਆ ਹੈ। ਆਰੀਆ

ਲੋਕ ਸੋਮਰਸ ਪੀਂਦੇ ਸਨ ਤੇ ਐੱਲ. ਐੱਸ. ਡੀ. ਵਰਗਾ ਕੋਈ ਐਸਾ ਪਦਾਰਥ ਸੀ, ਜਿਸ ਨੂੰ ਪੀ ਕੇ ਦੇਵਤੇ ਤੇ ਰਿਸ਼ੀਮੁਨੀ ਖਰਮਸਤੀਆਂ ਕਰਦੇ ਸਨ। ਯੱਗ ਤੇ ਮਹਾਂਯੱਗ ਹੁੰਦੇ ਸਨ, ਜਿਸ ਵਿਚ ਗਊ ਭਗਤ ਗਊ ਤੇ ਘੋੜੇ ਦੀ ਬਲੀ ਦੇਂਦੇ ਸਨ ਤੇ ਮਨੁੱਖਾਂ ਦੀ ਵੀ ਬਲੀ ਦਿੱਤੀ ਜਾਂਦੀ ਸੀ। ਜਿਨਾਂ ਖੂਨ ਕਲਕੱਤੇ ਵਾਲੀ ਕਾਲੀ ਦੇ ਮੰਦਰ ਵਿਚ ਜਾਨਵਰਾਂ ਤੇ ਬੰਦਿਆਂ ਦਾ ਡੁਲ੍ਹਿਆ ਹੈ, ਉਹਦੇ ਨਾਲ ਤਾਂ ਕਈ ਦਰਿਆ ਭਰ ਜਾਂਦੇ। ਜੇ ਓਦੋਂ ਦੇ ਲੋਕ ਏਨੇ ਭਲੇਮਾਣਸ ਹੁੰਦੇ ਤਾਂ ਮਹਾਂਵੀਰ ਇਹ ਕਿਉਂ ਕਹਿੰਦੇ ਕਿ ਚੋਰੀ ਨਾ ਕਰੋ। ਮਹਾਵੀਰ ਨੇ ਚੋਰੀ ਨੂੰ ਪੰਜ ਬੁਰੀਆਂ ਗੱਲਾਂ ਵਿਚੋਂ ਇਕ ਬੁਰੀ ਗੱਲ ਕਿਹਾ ਹੈ। ਜੇ ਸਾਰੇ ਲੋਕ ਓਦੋਂ ਚੰਗੇ ਹੀ ਸਨ ਤਾਂ ਫੇਰ ਮਹਾਂਵੀਰ ਇਹਨਾਂ ਬੁਰੀਆਂ ਗੱਲਾਂ ਤੋਂ ਹਟ ਜਾਣ ਲਈ ਕੀਹਨੂੰ ਕਹਿ ਰਹੇ ਸਨ ? ਮਹਾਤਮਾ ਬੁੱਧ ਵੀ ਜਿੰਨਾ ਚਿਰ ਜੀਂਦੇ ਰਹੇ ਲੋਕਾਂ ਨੂੰ ਬੁਰੇ ਕੰਮਾਂ ਤੋਂ ਹਟਾਉਂਦੇ ਰਹੇ। ਆਖ਼ਰ ਤਾਂ ਲੋਕ ਬੁਰੇ ਕੰਮ ਕਰਦੇ ਹੀ ਹੋਣਗੇ, ਜਿਨ੍ਹਾਂ ਤੋਂ ਬੁੱਧ ਉਹਨਾਂ ਨੂੰ ਹਟਾਉਂਦੇ ਸਨ। ਕਮਿਊਨਿਸਟ ਤਾਂ ਦੂਜੇ ਨਸ਼ੇ ਦੀ ਗੱਲ ਹੀ ਨਹੀਂ ਕਰਦੇ, ਉਹ ਤਾਂ ਸਭ ਤੋਂ ਵੱਡਾ ਨਸ਼ਾ ਧਰਮ ਨੂੰ ਹੀ ਮੰਨਦੇ ਹਨ ਤੇ ਕਹਿੰਦੇ ਹਨ ਕਿ ਧਰਮ ਸਮਾਜ ਲਈ ਅਫ਼ੀਮ ਦਾ ਕੰਮ ਕਰਦਾ ਹੈ। ਐਲਡੈਕਸ ਹੈਕਸਲੇ, ਜਿਸਨੇ (Door of Reception) ਦਰਸ਼ਨ ਦੇ ਦਵਾਰ ਨਾਂ ਦੀ ਕਤਾਬ ਲਿਖੀ ਹੈ, ਉਸਨੇ ਸਲਾਹ ਦਿੱਤੀ ਹੈ ਕਿ ਭਗਤੀ ਕਰਨ ਦੀ ਕੋਈ ਲੋੜ ਨਹੀਂ ਐਲ. ਐਸ. ਡੀ. (L.S.D.) ਲੈਣ ਨਾਲ ਮਨ ਉਸ ਹਾਲਤ ਵਿਚ ਪਹੁੰਚ ਜਾਂਦਾ ਹੈ ਕਿ ਰੱਬ ਦੇ ਦਰਸ਼ਨ ਹੋਣ ਲਗਦੇ ਹਨ। ਭਗਤੀ ਕਰਨ ਦੀ ਥਾਂ ਗੋਲੀ ਨਾਲ ਕੰਮ ਚਲ ਸਕਦਾ ਹੈ। ਨਸ਼ੇ ਵਿਚ ਜੋ ਸੋਚੋਗੇ ਉਹੋ ਹੀ ਹੁੰਦਾ ਲਗੇਗਾ।"

ਇਸ ਤਰ੍ਹਾਂ ਗੱਲਾਂ ਹੁੰਦੀਆਂ ਤੇ ਹਰੀਸ਼ ਵੀ ਆ ਜਾਂਦਾ ਤੇ ਉਹ ਤਾਂ ਸਿੱਧਾ ਹੀ ਕਹਿ ਦੇਂਦਾ ਕਿ ਰਾਮਰਾਜ ਨਾ ਪਹਿਲਾਂ ਸੀ ਤੇ ਨਾ ਅਗਾਂਹ ਹੀ ਆ ਸਕਦਾ ਹੈ। ਉਹਦੇ ਖਿਆਲ ਅਨੁਸਾਰ ਜਾਂ ਤਾਂ ਰਾਮਾਇਣ ਵਰਗਾ ਕੁਝ ਹੋਇਆ ਹੀ ਨਹੀਂ ਸੀ ਤੇ ਇਹ ਸਭ ਕੁਝ ਕਿਸੇ ਨਾਵਲ ਆਦਿ ਲਿਖਤ 'ਤੇ ਆਧਾਰਿਤ ਹੈ ਤੇ ਜੇ ਇਹ ਹੋਇਆ ਹੈ ਤਾਂ ਬੁਰਾ ਹੋਇਆ ਹੈ। ਉਹਦੇ ਖ਼ਿਆਲ ਅਨੁਸਾਰ ਇਕ ਬਿਰਧ ਰਾਜੇ ਵਲੋਂ ਜੁਆਨ ਲੜਕੀ ਕੇਕਈ ਨਾਲ ਸ਼ਾਦੀ ਕਰਨ ਕਰਕੇ ਇਹ ਸਾਰਾ ਦੁਖਾਂਤ ਵਾਪਰਿਆ ਤੇ ਸਿਆਪਾ ਪਿਆ। ਪੁੱਤ ਨੂੰ ਬਨਵਾਸ ਦੇ ਦਿੱਤਾ। ਪੁੱਤ ਵੀ ਏਡਾ ਝੁੱਡੂ ਕਿ ਬੇਇਨਸਾਫੀ ਅੱਗੇ ਝੁਕ ਗਿਆ ਪਰ ਅੱਗੋਂ ਲੜਨ ਲਈ ਤਿਆਰ ਨਹੀਂ ਹੋਇਆ। ਪੀੜ੍ਹੀ ਦਰ ਪੀੜ੍ਹੀ ਰਾਮ ਦੀ ਕਦਰ ਏਸੇ ਕਰਕੇ ਹੀ ਹੈ ਕਿਉਂਕਿ ਉਸਨੇ ਪਿਤਾ ਦੀ ਗਲਤ ਗੱਲ ਵੀ ਮੰਨ ਲਈ ਤੇ ਅੱਗੋਂ ਵਿਰੋਧ ਨਹੀਂ ਕੀਤਾ। ਹਰ ਬੁੱਢੇ ਨੂੰ ਉਹਦੀ ਇਹ ਹੀ ਗੱਲ ਚੰਗੀ ਲਗਦੀ ਹੈ ਤੇ ਰਹਿੰਦੀ ਦੁਨੀਆਂ ਤਕ ਲੱਗੀ ਹੀ ਜਾਣੀ ਹੈ ਕਿਉਂਕਿ ਹਰ ਬੁੱਢਾ ਇਹ ਹੀ ਚਾਹੁੰਦਾ ਹੈ ਕਿ ਮੇਰਾ ਪੁੱਤ ਮੇਰੀ ਹਰ ਗੱਲ ਮੰਨੀ ਜਾਵੇ। ਭਾਵੇਂ ਮੈਂ ਸਿਆਹੀ ਕਰਾਂ ਜਾਂ ਸਫੈਦੀ ਕਰਾਂ ਬਸ ਉਹ ਅੱਗੋਂ "ਸਤਿ ਬਚਨ ਜੀ" ਹੀ ਆਖੇ। ਹਰੀਸ਼ ਦੇ ਇਹ ਕਹਿਣ ਦੀ ਦੇਰ ਹੀ ਹੁੰਦੀ ਕਿ ਦੋਵੇਂ ਬੁੱਢੇ ਅੱਖਾਂ ਪਾੜ-ਪਾੜ ਕੇ ਹਰੀਸ਼ ਵੱਲ ਵੇਖਣ ਲੱਗ ਪੈਂਦੇ। ਜਿਵੇਂ ਹਰੀਸ਼ ਇਹ ਗੱਲ ਦਸਰਥ ਦੀ ਨਹੀਂ, ਉਹਨਾਂ ਦੀ ਹੀ ਕਰ ਰਿਹਾ ਹੋਵੇ। ਫਿਰ ਇਕ ਬੁੱਢਾ ਕਹਿੰਦਾ, "ਰਾਮ ਚੰਦਰ ਜੀ ਨੂੰ ਕੋਈ ਰਾਜ ਕਰਨ ਦੀ ਲਾਲਸਾ ਥੋੜ੍ਹੀ ਸੀ, ਉਹ ਤਾਂ ਆਪਣੇ ਪਿਤਾ ਦੇ ਕਹੇ ਹੋਏ ਬਚਨਾਂ 'ਤੇ ਫੁੱਲ ਚੜ੍ਹਾਉਣਾ ਚਾਹੁੰਦੇ ਸਨ।"

"ਜੇ ਰਾਜ ਦੀ ਲਾਲਸਾ ਨਹੀਂ ਸੀ ਤਾਂ ਫਿਰ ਧੋਬੀ ਦੇ ਆਖੇ ਗਰਭਵਤੀ ਸੀਤਾ ਨੂੰ ਘਰੋਂ ਕਿਉਂ ਕੱਢਿਆ ?" ਮਿੰਨੀ ਸਹਿਜ-ਸੁਭਾਅ ਹੀ ਪੁੱਛ ਲੈਂਦੀ।

ਹਰੀਸ਼ ਕਹਿੰਦਾ-"ਏਸੇ ਕਰਕੇ ਹੀ ਕਿ ਜਨਤਾ ਵਿਚ ਰਾਮ ਦੀ ਵਡਿਆਈ ਬਣੀ ਰਹੇ। ਜਿਸ ਤਰ੍ਹਾਂ ਰਾਜ ਕਰਨ ਲਈ ਹਰ ਰਾਜਾ ਕਿਸੇ ਨੂੰ ਵੀ ਦਾਅ 'ਤੇ ਲਾ ਦੇਂਦਾ ਹੈ, ਏਥੇ ਰਾਮ ਨੇ ਆਪਣੀ ਪਤਨੀ ਨੂੰ ਦਾਅ 'ਤੇ ਲਾ ਕੇ ਆਪਣੀ ਸਾਖ ਖ਼ਰਾਬ ਹੋਣ ਤੋਂ ਬਚਾਅ ਲਈ। ਨਹੀਂ ਤਾਂ ਗਰਭਵਤੀ ਪਤਨੀ, ਜਿਸਦੀ ਇਕ ਵਾਰ ਅਗਨੀ ਪ੍ਰੀਖਿਆ ਵੀ ਹੋ ਚੁੱਕੀ ਸੀ, ਨੂੰ ਘਰੋਂ ਕੱਢਣਾ ਕਿਥੋਂ ਦਾ ਇਨਸਾਫ ਸੀ ? ਅਗਨੀ ਪ੍ਰੀਖਿਆ ਲੈ ਕੇ ਵੀ ਸੀਤਾ ਸ਼ੱਕੀ ਹੀ ਰਹੀ ?" ਇਹ ਵੀ ਤਾਂ ਰਾਜਨੀਤੀ ਹੀ ਸੀ ਜਿਹੜਾ ਭਰਤ ਨੂੰ ਚੌਦਾ ਸਾਲ ਖੜਾਵਾਂ 'ਤੇ ਬਠਾਈ ਛਡਿਆ। ਰਾਮ ਨੇ ਲਛਮਣ ਨੂੰ ਸਰੂਪਨਖਾ ਦਾ ਨੱਕ ਵੱਢਣ ਦੀ ਇਜਾਜ਼ਤ ਦੇ ਦਿਤੀ ਸਗੋਂ ਰਾਵਣ ਚੰਗਾ ਰਿਹਾ ਜੀਹਨੇ ਬਦਲਾ ਨਹੀਂ ਲਿਆ ਨਹੀਂ ਤਾਂ ਸੀਤਾ ਦਾ ਨੱਕ ਤਾਂ ਕੱਟ ਹੀ ਸਕਦਾ ਸੀ ਤੇ ਇਸ ਲਈ ਉਹ ਹੱਕ-ਬਜਾਨਬ ਵੀ ਸੀ।"

"ਜੇ ਰਾਮ ਜੀ ਦੀ ਨਜ਼ਰ ਵਿਚ ਉਹ ਸ਼ੱਕੀ ਹੀ ਸੀ ਤਾਂ ਫੇਰ ਉਸ ਭਗਵਾਨ ਰੂਪੀ ਰਾਮ ਵਿਚ ਤੇ ਆਮ ਪਤੀ ਵਿਚ ਕੀ ਫਰਕ ਹੋਇਆ ? ਅਸਲ ਵਿਚ ਰਾਮ ਦੀ ਜੇ ਕੋਈ ਕਦਰ ਅੱਜ ਹਿੰਦੂ ਸਮਾਜ ਵਿਚ ਹੈ, ਤਾਂ ਉਹ ਸਿਰਫ ਇਸ ਕਰਕੇ ਹੈ ਕਿ ਉਸਨੇ 'ਮਨੂ ਸਿਮ੍ਰਤੀ' ਦਾ ਪਾਲਣ ਕੀਤਾ, ਜੋ ਹਿੰਦੂਆਂ ਨੂੰ ਬਹੁਤ ਹੀ ਚੰਗਾ ਲੱਗਦਾ ਹੈ; ਨਹੀਂ ਤਾਂ ਰਾਮ ਦੀ ਸਾਰੀ ਕਹਾਣੀ ਇਕ ਨਿੱਜੀ ਜਹੀ ਹੈ ਤੇ ਨਿੱਜੀ ਕਹਾਣੀਆਂ ਵਿਚ ਕੋਈ ਦਿਲਚਸਪੀ ਨਹੀਂ ਲੈਂਦਾ। ਨਾਲੇ ਜਦੋਂ ਸੀਤਾ ਜੀ ਨੂੰ ਰਾਵਣ ਕੋਲੋਂ ਛੁਡਾ ਲਿਆ ਸੀ ਤਾਂ ਰਾਮ ਜੀ ਨੇ ਤਾਂ ਓਦੋਂ ਹੀ ਮੂੰਹ ਪਾੜ ਕੇ ਆਖ ਦਿੱਤਾ ਸੀ ਕਿ "ਐ ਔਰਤ ਤੂੰ ਇਹ ਨਾ ਸਮਝੀਂ ਕਿ ਮੈਂ ਤੇਰੇ ਕਰਕੇ ਲੰਕਾ ਨਾਲ ਯੁੱਧ ਛੇੜਿਆ ਸੀ, ਮੈਂ ਤਾਂ ਮਰਿਆਦਾ ਦਾ ਪਾਲਣ ਕੀਤਾ ਹੈ।" ਅਜੇ ਵੀ ਕੋਈ ਸ਼ੱਕ ਦੀ ਗੁੰਜਾਇਸ਼ ਬਾਕੀ ਬਚਦੀ ਹੈ ? ਮਿੰਨੀ ਇਹ ਕਹਿ ਕੇ ਇਕ ਤਰ੍ਹਾਂ ਨਾਲ ਹਰੀਸ਼ ਦੀ ਮਦਦ ਕਰ ਦੇਂਦੀ ਤੇ ਇਸ ਤਰ੍ਹਾਂ ਗੱਲ ਅੱਗੇ ਤੁਰ ਪੈਂਦੀ।

ਹਰੀਸ਼ ਕਹਿੰਦਾ,"ਹਿੰਦੂ ਧਰਮ ਵਿਚ ਸ਼ਕਤੀਸ਼ਾਲੀ ਰਾਜਾ ਪਾਪ ਤੇ ਪੁੰਨ ਤੋਂ ਪਰੇ ਜੁ ਮੰਨਿਆ ਗਿਆ ਹੈ, ਇਸ ਸਿਧਾਂਤ ਅਨੁਸਾਰ ਹੀ ਕੇਕਈ ਦੀ ਗੱਲ ਨਾ-ਮਨਜ਼ੂਰ ਵੀ ਕੀਤੀ ਜਾ ਸਕਦੀ ਸੀ। ਉਸਦਾ ਪੁੱਤਰ ਭਰਤ ਤਾਂ ਅੱਗੇ ਹੀ ਰਾਮ ਚੰਦਰ ਜੀ ਦੇ ਨਾਲ ਹੀ ਸੀ।" ਫੇਰ ਉਹ ਮੇਰੇ ਵੱਲ ਸਿੱਧਾ ਹੋ ਪੈਂਦਾ-"ਕੁਲਬੀਰ ਤੁਸੀਂ ਵੀ ਰਾਮ ਨੂੰ ਮੰਨਦੇ ਹੋ ?"

ਮੈਂ ਕਹਿੰਦਾ-"ਨਹੀਂ ਅਸੀਂ ਤਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨਦੇ ਹਾਂ। ਹੋਰ ਕਿਸੇ ਨੂੰ ਨਹੀਂ।" ਪਰ ਵਿਚੋਂ ਮੈਨੂੰ ਇਸ ਤਰ੍ਹਾਂ ਲੱਗਦਾ ਜਿਵੇਂ ਮੈਂ ਝੂਠ ਬੋਲ ਰਿਹਾ ਹੋਵਾਂ ਕਿਉਂਕਿ ਦੀਵਾਲੀ ਤੋਂ ਪਹਿਲਾਂ ਹੀ ਕਈ ਦਿਨ ਸਾਡੇ ਘਰ ਪਿੰਨੀਆਂ ਤੇ ਪੇਠੇ ਵਰਗੀਆਂ ਸਿਆਲੂ ਮਠਿਆਈਆਂ ਬਣਦੀਆਂ ਸਨ ਤੇ ਮੇਰਾ ਸਾਰਾ ਪਰਿਵਾਰ ਬੜੇ ਉਤਸ਼ਾਹ ਨਾਲ, ਦੀਵਾਲੀ ਵਾਲੇ ਦਿਨ, ਨੱਠ-ਨੱਠ ਕੇ ਦੀਵੇ ਤੇ ਮੋਮਬੱਤੀਆਂ ਜਗਾਉਂਦਾ ਸੀ। ਮੇਰੀ ਮਾਤਾ ਤਾਂ ਆਪਣੇ ਡੰਗਰਾਂ ਵਾਲੀ ਰੂੜੀ 'ਤੇ ਵੀ ਦੀਵਾ ਜਗਾ ਆਉਂਦੀ ਸੀ ਤੇ ਕਹਿੰਦੀ ਸੀ ਕਿ ਅੱਜ ਦੇ ਦਿਨ ਰੂੜੀ 'ਤੇ ਦੀਵਾ ਜਗਾਈਏ ਤਾਂ ਮਾਲ-ਡੰਗਰ ਤੰਦਰੁਸਤ ਰਹਿੰਦਾ ਹੈ। ਫਿਰ ਹਰੀਸ਼ ਮੈਨੂੰ ਅਗਲਾ ਸਵਾਲ ਕਰ ਦੇਂਦਾ-"ਜੇ ਮੰਨਦੇ ਨਹੀਂ ਤਾਂ ਫਿਰ ਦੁਸਹਿਰਾ ਦੀਵਾਲੀ ਕਿਉਂ ਮਨਾਉਂਦੇ ਹੋ ?"

ਮੈਨੂੰ ਇਸ ਤਰ੍ਹਾਂ ਲੱਗਦਾ ਜਿਵੇਂ ਮੇਰੀ ਚੋਰੀ ਫੜੀ ਗਈ ਹੋਵੇ ਤੇ ਮੈਂ ਫੱਟ ਕਹਿੰਦਾ,"ਅਸੀਂ ਰਾਮ ਚੰਦਰ ਕਰਕੇ ਥੋੜ੍ਹਾ ਮਨਾਉਂਦੇ ਹਾਂ, ਓਸ ਦਿਨ ਤਾਂ ਸਾਡੇ ਛੇਵੇਂ ਗੁਰੂ ਜੀ ਨੂੰ ਜਹਾਂਗੀਰ ਦੀ ਕੈਦ ਅਤੇ ਗਵਾਲੀਅਰ ਦੇ ਕਿਲੇ ਵਿਚੋਂ ਰਿਹਾਈ ਮਿਲੀ ਸੀ।" ਇਹ ਗੱਲ

ਮੈਂ ਕੁਝ ਮਹੀਨੇ ਪਹਿਲਾਂ ਹੀ ਕਿਸੇ ਕਿਤਾਬ ਵਿਚ ਪੜ੍ਹੀ ਸੀ, ਜਿਸ ਨੂੰ ਏਥੇ ਵਰਤ ਕੇ ਮੈਂ ਸ਼ਰਮਿੰਦਾ ਹੋਣੋਂ ਬਚਿਆ ਸਾਂ ਪਰ ਮੈਂ ਅੱਜ ਵੀ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਨੱਬੇ ਫੀ ਸਦੀ ਸਿੱਖਾਂ ਨੂੰ ਅਜੇ ਵੀ ਇਸ ਗੱਲ ਦਾ ਪਤਾ ਨਹੀਂ।

"ਜੇ ਦੀਵਾਲੀ ਵਾਲੇ ਦਿਨ ਹੀ ਤੁਹਾਡਾ ਗੁਰੂ ਜੇਲ੍ਹ ਵਿਚੋਂ ਛੁੱਟਿਆ ਸੀ ਤਾਂ ਤੁਸੀਂ ਇਹਨੂੰ ਜ਼ਰੂਰ ਦੀਵਾਲੀ ਵਾਲੇ ਦਿਨ ਹੀ ਮਨਾਉਣਾ ਹੈ? ਇਕ ਅੱਧਾ ਦਿਨ ਅੱਗੇ ਪਿੱਛੇ ਨਹੀਂ ਸੀ ਕਰ ਸਕਦੇ?"

ਮੈਂ ਝੱਟ ਕਹਿੰਦਾ, "ਲੈ ਏਦਾਂ ਕੋਈ ਦਿਨ ਤਿਓਹਾਰ ਅੱਗੇ ਪਿੱਛੇ ਕਿਵੇਂ ਹੋ ਸਕਦਾ ਹੈ?" ਤੇ ਫੇਰ ਮਦਦ ਵਾਸਤੇ, ਮਿੰਨੀ ਵੱਲ ਵੇਖਦਾ ਪਰ ਉਹ ਚੁੱਪ ਰਹਿੰਦੀ।

"ਪਰ ਤੁਹਾਡੀ ਇਕ ਲੜਾਈ ਸ਼ਾਇਦ ਫਿਰੋਜ਼ਪੁਰ ਦੀ ਕਿ ਪਤਾ ਨਹੀਂ ਮੁਕਤਸਰ ਦੀ ਗਰਮੀਆਂ ਵਿਚ ਹੋਈ ਸੀ ਪਰ ਤੁਸੀਂ ਉਹਨੂੰ ਹਰ ਸਾਲ ਸਿਆਲ ਦੇ ਸਭ ਤੋਂ ਠੰਡੇ ਮਹੀਨੇ, ਮਾਘ ਵਿਚ ਮਨਾਉਂਦੇ ਹੋ। ਜੇ ਤੁਸੀਂ ਕਿਸੇ ਤਿਓਹਾਰ ਨੂੰ ਛੇ ਮਹੀਨੇ ਅਗਾਂਹ ਪਿਛਾਂਹ ਕਰ ਸਕਦੇ ਹੋ ਤਾਂ ਗੁਰੂ ਜੀ ਦੀ ਰਿਹਾਈ ਦੀ ਖੁਸ਼ੀ ਮਨਾਉਣ ਵਾਲਾ ਦਿਨ ਦੀਵਾਲੀ ਤੋਂ ਇਕ ਦਿਨ ਅੱਗੇ ਜਾਂ ਪੰਜ ਦਿਨ ਪਿੱਛੇ ਨਹੀਂ ਸੀ ਕਰ ਸਕਦੇ?"

ਮੈਂ ਨਿਰਉੱਤਰ ਹੋ ਜਾਂਦਾ ਤੇ ਸੋਚਣ ਲੱਗ ਪੈਂਦਾ ਕਿ ਇਹਨੂੰ ਮੁਕਤਸਰ ਦੀ ਮਾਘੀ ਦਾ ਕਿਵੇਂ ਪਤਾ ਹੈ! ਫਿਰ ਮੈਨੂੰ ਯਾਦ ਆਉਂਦਾ, ਉਹ ਹੋ! ਮੈਂ ਹੀ ਤਾਂ ਇਹਨੂੰ ਇਹ ਸਾਰੀ ਗੱਲ ਦੱਸੀ ਸੀ; ਜਦੋਂ ਇਹ ਰੌਹ ਦੀ ਖੀਰ ਬਨਾਉਣ ਲਈ ਮੇਰੇ ਫਾਰਮ ਵਿਚ ਗੰਨਿਆਂ ਦੀ ਰੌਹ ਲੈਣ ਆਇਆ ਸੀ। ਇਸ ਤਰ੍ਹਾਂ ਮੈਂ ਸ਼ਰਮਿੰਦਾ ਜਿਹਾ ਹੋ ਕੇ ਚੁੱਪ ਕਰ ਜਾਂਦਾ ਤੇ ਹਰੀਸ਼ ਮਿੰਨੀ ਨੂੰ ਕਹਿੰਦਾ-"ਮਿੰਨੀ ਤੂੰ ਵੇਖ ਲਈਂ ਇਹਨਾਂ ਸਿੱਖਾਂ ਨੇ ਵੀ ਆਪਣੇ ਜੈਨੀਆਂ ਵਾਂਗ ਹਿੰਦੂ ਰੂਪੀ ਅਜਗਰ ਦੇ ਮੂੰਹ ਵਿਚ ਚਲੇ ਜਾਣਾ ਹੈ ਤੇ ਜਿੱਦਾਂ ਆਪਾਂ ਨੂੰ ਪਤਾ ਨਹੀਂ ਨਾ ਲੱਗਾ, ਇਹਨਾਂ ਸਿੱਖਾਂ ਨੂੰ ਵੀ ਨਹੀਂ ਲੱਗਣਾ।"

ਇਹ ਸਖ਼ਤ ਟਿੱਪਣੀ ਸੁਣ ਕੇ ਵੀ ਮੇਰੀ ਵਿਰੋਧਤਾ ਵਾਸਤੇ ਜ਼ੁਬਾਨ ਨਾ ਖੁੱਲ੍ਹਦੀ। ਪਤਾ ਨਹੀਂ ਗੱਲ ਸੱਚੀ ਸੀ ਜਾਂ ਮੇਰਾ ਗਿਆਨ ਹੀ ਘੱਟ ਸੀ। ਮੇਰੀ ਜੀਭ ਨੂੰ ਤਾਲਾ ਲੱਗ ਜਾਂਦਾ ਤੇ ਮੈਂ ਕੁਝ ਨਾ ਬੋਲ ਸਕਦਾ। ਮਿੰਨੀ ਸਿਰਫ ਏਨਾ ਹੀ ਕਹਿੰਦੀ, "ਹਾਂ, ਇਹ ਤੇ ਹੈ।"

ਬਾਕੀ ਸਾਰੇ ਬੁੱਢੇ ਜੈਨੀ ਡਿਗਰ-ਡਿਗਰ ਵੇਖੀ ਜਾਂਦੇ; ਬਲਕਿ ਅਸੀਂ ਸਾਰੇ ਹੀ ਇਕ ਦੂਜੇ ਵੱਲ ਵੇਖੀ ਜਾਂਦੇ ਤੇ ਬੋਲਦੇ ਕੁਝ ਨਾ ਪਰ ਮੇਰੇ ਅੰਦਰ ਇਕ ਯੁੱਧ ਜਿਹਾ ਚੱਲਣ ਲੱਗ ਪੈਂਦਾ ਤੇ ਮੇਰਾ ਦਿਲ ਇਹ ਕਦੇ ਨਾ ਮੰਨਦਾ ਕਿ ਸਿੱਖ ਵੀ ਕਦੇ ਨਿਗਲੇ ਜਾ ਸਕਦੇ ਹਨ; "ਸਾਡੀਆਂ ਕੁਰਬਾਨੀਆਂ ਬਹੁਤ ਹਨ, ਅਸੀਂ ਜੈਨੀਆਂ ਵਾਂਗ ਨਹੀਂ ਨਿਗਲੇ ਜਾ ਸਕਦੇ, ਜੈਨੀਆਂ ਨੇ ਮਨੁੱਖਤਾ ਲਈ ਕੀਤਾ ਹੀ ਕੀ ਹੈ?" ਪਤਾ ਨਹੀਂ ਮੇਰੇ ਮੂੰਹੋ ਕਿਵੇਂ ਇਹ ਲਫਜ਼ ਉੱਚੀ ਸਾਰੀ ਨਿਕਲ ਜਾਂਦੇ ਪਰ ਹਰੀਸ਼ ਕਹਿੰਦਾ-"ਕੁਰਬਾਨੀ ਤਾਂ ਬੱਕਰਿਆਂ ਦੀ ਵੀ ਬਹੁਤ ਹੁੰਦੀ ਹੈ ਪਰ ਅੱਜ ਤੱਕ ਕਦੇ ਕਿਸੇ ਬੱਕਰੇ ਦੀ ਕਬਰ ਬਣੀ ਵੇਖੀ ਹੈ, ਜਿਸਤੇ ਦੀਵੇ ਜਗਦੇ ਹੋਣ? ਤੁਸੀਂ ਤਾਂ ਭਾਰਤ ਦੇ ਬੱਕਰੇ ਹੋ; ਕੀ ਤੁਹਾਡੀ ਸਿੱਖਾਂ ਦੀ ਕੁਰਬਾਨੀ ਤੇ ਬੱਕਰਿਆਂ ਦੀ ਕੁਰਬਾਨੀ ਵਿਚ ਕੋਈ ਫਰਕ ਹੈ? ਬੱਕਰਿਆਂ ਨੂੰ ਛੋਲੇ ਚਾਰੇ, ਮੋਟੇ ਕੀਤੇ ਤੇ ਵੱਢ ਲਿਆ। ਤੁਹਾਨੂੰ ਫੌਜ ਵਿਚ ਭਰਤੀ ਕੀਤਾ, ਬੱਕਰਿਆਂ ਵਾਂਗ ਹੀ ਤੁਹਾਡੀ ਪਰਵਰਿਸ਼ ਕੀਤੀ ਤੇ ਜੰਗ ਵਿਚ ਝੋਕ ਦਿੱਤਾ। ਨਾ ਅੱਜ ਤਕ ਕਦੇ ਬੱਕਰਿਆਂ ਨੇ ਵੱਢਣ ਵੇਲੇ ਇਤਰਾਜ਼ ਕੀਤਾ ਹੈ ਤੇ ਨਾ ਤੁਸੀਂ ਹੀ ਕਰਦੇ ਹੋ! ਬੱਕਰਿਆਂ ਨੂੰ ਵੀ ਕਰਬਾਨੀ ਦਾ ਫ਼ਖ਼ਰ ਹੈ; ਤੁਹਾਨੂੰ ਵੀ ਹੈ!

ਅੰਗਰੇਜ਼ਾਂ ਨੇ ਤੁਹਾਨੂੰ ਫੌਜ ਵਿਚ ਭਰਤੀ ਕਰਕੇ ਤੁਹਾਡੇ ਨਾਲ ਦੂਜੀ ਸੰਸਾਰ ਜੰਗ ਲੜੀ ਪਰ ਅਖ਼ੀਰ ਤੁਹਾਨੂੰ ਬੱਕਰੇ ਸਮਝ ਕੇ ਭਾਰਤ ਸਰਕਾਰ ਨੂੰ ਸੌਂਪ ਕੇ ਚਲੇ ਗਏ। ਹੁਣ ਤੁਸੀਂ ਭਾਰਤ ਸਰਕਾਰ ਦੇ ਬੱਕਰੇ ਹੋ। ਵਾਹੀ ਤੇ ਫਾਹੀ ਤੋਂ ਬਿਨਾਂ ਹੋਰ ਤੁਹਾਨੂੰ ਆਉਂਦਾ ਹੀ ਕੀ ਹੈ ? ਲਾਲ ਬਹਾਦਰ ਸ਼ਾਸ਼ਤਰੀ ਨੇ 'ਜੈ ਜਵਾਨ ਜੈ ਕਿਸਾਨ' ਕਿਹਾ, ਤੁਸਾਂ ਆਪਣੀਆਂ ਟਰਾਲੀਆਂ 'ਤੇ ਲਿਖਵਾ ਲਿਆ। ਉਹਨੇ ਇਕੋ ਹੀ ਨਾਹਰਾ ਲਾ ਕੇ ਦੋਵੇਂ ਹੀ ਬੱਕਰੇ ਖੁਸ਼ ਕਰ ਲਏ, ਵਾਹੀ ਵਾਲੇ ਵੀ ਤੇ ਫਾਹੀ ਵਾਲੇ ਵੀ। ਤੁਹਾਡਾ ਇਕ ਤਬਕਾ ਡਰਾਈਵਰਾਂ ਤੇ ਟਰਾਂਸਪੋਟਰਾਂ ਦਾ ਹੈ, ਜੋ ਹਰ ਵੇਲੇ ਰਿਪੇਅਰ ਤੇ ਸਪੇਅਰ (ਪਾਰਟਸ) ਦੇ ਚੱਕਰਾਂ ਵਿਚ ਹੀ ਪਿਆ ਰਹਿੰਦਾ ਹੈ, ਕਦੇ ਟਾਇਰ ਹੈਨੀ, ਕਦੇ ਇੰਜਣ ਬਹਿ ਗਿਆ; ਕੋਈ ਹੋਰ ਕੰਮ ਵੀ ਹੈ ਸਿੱਖਾਂ ਦੇ ਹੱਥ ਵਿਚ ?"

ਮੈਂ ਕਹਿੰਦਾ-"ਹੈ ਕਿਉਂ ਨਹੀਂ, ਸ਼ਹਿਰਾਂ ਵਿਚ ਸਾਡੀਆਂ ਦੁਕਾਨਾਂ ਹਨ; ਏਜੰਸੀਆਂ ਹਨ।"

ਉਹ ਕਹਿੰਦਾ-"ਉਹ ਤਾਂ ਭਾਪਿਆਂ ਦੀਆਂ ਹਨ, ਭਾਪੇ ਤਾਂ ਧੰਦੇ ਦੇ ਸਿੱਖ ਹਨ।" ਫਿਰ ਉਸਨੇ ਇਕ ਚੁਟਕਲਾ ਸੁਣਾਇਆ-"ਅਖੇ ਇਕ ਭਾਪੇ ਨੂੰ ਅਦਾਲਤ ਵਿਚ ਜੱਜ ਨੇ ਪੁੱਛਿਆ,'ਜਦੋਂ ਤੂੰ ਦੂਸਰੇ ਬੰਦੇ 'ਤੇ ਪਿਸਤੌਲ ਤਾਣ ਹੀ ਲਿਆ ਸੀ ਤਾਂ ਫਿਰ ਗੋਲ਼ੀ ਕਿਉਂ ਨਾ ਚਲਾਈ ?"

ਉਹਨੇ ਕਿਹਾ,"ਹਜ਼ੂਰ ਚਲਾਉਣ ਹੀ ਲੱਗਾ ਸਾਂ, ਇਸ ਨੇ ਅੱਗੋਂ ਪੁੱਛ ਲਿਆ, ਪਸਤੌਲ ਵੇਚਣੀ ਊ, ਕਿੰਨੇ ਦੀ ? ਜੀ ਜਦੋਂ ਬਿਜਨਸ ਡੀਲ ਹੋਣ ਲੱਗ ਪਵੇ, ਫਿਰ ਦੁਸ਼ਮਣੀ ਕਾਹਦੀ ਤੇ ਮੈਂ ਗੋਲ਼ੀ ਕਿਵੇਂ ਚਲਾਉਂਦਾ"! ਫਿਰ ਤੁਹਾਡਾ ਕੀ ਖ਼ਿਆਲ ਹੈ ਕਿ ਤੁਹਾਡੀਆਂ ਪੁਰਾਣੇ ਜ਼ਮਾਨੇ ਵਿਚ ਹੋਈਆਂ ਮੁਗ਼ਲਾਂ ਨਾਲ ਲੜਾਈਆਂ ਤੇ ਹੁਣ ਆਜ਼ਾਦ ਭਾਰਤ ਦੀਆਂ ਐਜੀਟੇਸ਼ਨਾਂ ਸ਼ਹਿਰੀ ਦੁਕਾਨਦਾਰ ਸਿੱਖਾਂ ਨੇ ਲੜੀਆਂ ਹਨ? ਨਾ ਤਾਂ ਨੌਕਰੀਪੇਸ਼ਾ ਲੋਕ ਸਰਕਾਰ ਨਾਲ ਪੰਗਾ ਲੈ ਸਕਦੇ ਹਨ ਤੇ ਨਾ ਦੁਕਾਨਦਾਰੀ ਵਾਲੇ ਲੋਕ। ਭਾਵੇਂ ਉਹ ਜੈਨੀ ਹੋਣ, ਹਿੰਦੂ ਹੋਣ, ਮੁਸਲਮਾਨ ਹੋਣ ਜਾਂ ਸਿੱਖ ਹੋਣ। ਕਿਉਂਕਿ ਜੇ ਦਸ ਦਿਨ ਵੀ ਦੁਕਾਨ ਬੰਦ ਰਹਿ ਗਈ ਤਾਂ ਸਾਰੇ ਗਾਹਕ ਟੁੱਟ ਜਾਂਦੇ ਹਨ। ਜਿਸ ਕੋਲੋਂ ਲੈਣਾ ਹੋਵੇ ਉਹ ਦੇਂਦਾ ਨਹੀਂ, ਜੀਹਨੂੰ ਦੇਣਾ ਹੋਵੇ, ਉਹ ਸਾਹ ਨਹੀਂ ਲੈਣ ਦੇਂਦਾ।"

ਫੇਰ ਉਹ ਆਪਣੇ ਤਾਏ ਨੂੰ ਪੁੱਛਦਾ,"ਵੱਡੇ ਪਾਪਾ ਤੁਹਾਡਾ ਉਹ ਜਿਹੜਾ ਸਿੱਖ ਯਾਰ ਹੁੰਦਾ ਸੀ, ਜੀਹਦੇ ਨਾਲ ਬਹਿ ਕੇ ਤੁਸੀਂ ਮੁਲਤਾਨੀ ਹਲਵਾਈ ਕੋਲੋਂ ਪਤੀਸਾ ਤੇ ਗਰਮ ਗਰਮ ਗੁਲਾਬ ਜਾਮਨ ਮੰਗਵਾ-ਮੰਗਵਾ ਕੇ ਖਾਂਦੇ ਹੁੰਦੇ ਸਓ, ਉਹ ਜਿਹੜਾ ਐਤਵਾਰ ਵਾਲੇ ਦਿਨ ਵੀ ਤਿੰਨ ਚਾਰ ਵਾਰ ਆਪਣੀ ਬੰਦ ਦੁਕਾਨ 'ਤੇ ਆ ਕੇ ਬੈਠਾ ਰਹਿੰਦਾ ਹੁੰਦਾ ਸੀ, ਜੀਹਨੂੰ ਤੁਸੀਂ ਆਂਹਦੇ ਹੁੰਦੇ ਸਓ-'ਐਤਵਾਰ ਤੇ ਘਰ ਟਿਕ ਜਾਇਆ ਕਰ, ਸਤਵੇਂ ਦਿਨ ਤੇ ਇਕ ਛੁੱਟੀ ਕਰ ਲਿਆ ਕਰ' ਤੇ ਉਹ ਆਂਹਦਾ ਹੁੰਦਾ ਸੀ-'ਜੇ ਅੱਜ ਵੀ ਦੁਕਾਨ ਖੁੱਲ੍ਹੀ ਹੁੰਦੀ ਤੇ ਚਾਰ ਪੈਸੇ ਆਉਂਦੇ ਈ ਨਾ, ਘਰ ਬਹਿ ਕੇ ਮੈਂ ਕੀ ਕਰਨਾ ਸੀ?' ਤੇ ਫਿਰ ਉਹ ਸਰਕਾਰ ਨੂੰ ਬੁਰਾ ਭਲਾ ਕਹਿਣ ਲੱਗ ਪੈਂਦਾ ਸੀ, ਜਿਸ ਨੇ ਐਤਵਾਰ ਨੂੰ ਦੁਕਾਨਾਂ ਬੰਦ ਰੱਖਣ ਦਾ ਕਾਨੂੰਨ ਬਣਾਇਆ ਹੈ, ਕੀ ਨਾਂਅ ਸੀ ਭਲਾ ਉਹਦਾ ?"

ਤਾਇਆ ਕਹਿੰਦਾ-"ਅਵਤਾਰ ਸਿੰਘ ਸੀ ਕਿ, ਮਰ ਗਿਆ ਪਿਛਲੇ ਸਾਲ। ਵਿਚਾਰਾ ਚੰਗਾ ਹੁੰਦਾ ਸੀ। ਵੇਖ ਲੈ ਦੁਕਾਨ 'ਤੇ ਹੀ ਮਰਿਆ ਸ਼ੀ ਵਿਚਾਰਾ। ਡਾਕਟਰ ਨੇ ਆਖਿਆ ਵੀ, ਪਈ ਮੰਜੇ ਤੋਂ ਪੈਰ ਥੱਲ੍ਹੇ ਨਹੀਂ ਲਾਹੁਣਾ ਪਰ ਉਹ ਜਿੱਦ ਕਰਕੇ ਦੁਕਾਨ 'ਤੇ ਆਇਆ ਤੇ

ਗੱਦੀ 'ਤੇ ਬੈਠਾ ਹੀ ਮਰ ਗਿਆ।"

"ਫੇਰ ਤੁਸੀਂ ਹੀ ਦੱਸੋ ਇਹੋ ਜਹੇ ਲੋਕ ਜੇਲ੍ਹ ਕੱਟ ਸਕਦੇ ਹਨ ?" ਦੂਜੇ ਪਾਸੇ ਪੇਂਡੂ ਸਿੱਖ ਹਨ, ਉਹਨਾਂ ਦੀ ਤਾਂ ਉਹ ਗਲ ਹੈ ਜਿਵੇਂ ਕਿਸੇ ਨੇ ਪੁਛਿਆ "ਲੰਡਿਆ ਤੈਨੂੰ ਚੋਰ ਲੈ ਜਾਣ" ਉਹਨੇ ਕਿਹਾ, "ਯਾਰਾ ਨੇ ਤੇ ਪਠੇ ਈ ਖਾਣੇ ਆ ਜਿਹੜਾ ਮਰਜੀ ਲੈ ਜਾਵੇ" ਪੇਂਡੂ ਤਾਂ ਵਾਂਡੇ ਗਏ ਹੋਏ ਵੀ ਦੱਸ ਦਸ ਦਿਨ ਘਰ ਨਹੀਂ ਮੁੜਦੇ। ਜੇਹਲ ਉਨ੍ਹਾਂ ਦਾ ਕੀ ਵਿਗਾੜ ਸਕਦੀ ਹੈ? ਹਾੜ੍ਹੀ ਬੀਜ ਜਾਂਦੇ ਹਨ ਸਾਉਣੀ ਜੇਹਲੋਂ ਆ ਕੇ ਬੀਜ ਲੈਂਦੇ ਹਨ। ਕਿਸੇ ਸਿਖ ਨੂੰ ਤਾਂ ਜੇਹਲ ਏਨੀ ਪਸੰਦ ਆਈ ਕਿ ਉਹਨੇ ਗਾਣਾ ਹੀ ਬਣਾ ਲਿਆ:-

*ਵੇਖੀ ਘਰ ਨਾਲੋਂ ਚੰਗੀ ਜੇਹਲ, ਜਿਥੇ ਪੈਣ ਸੌਣ ਨੂੰ ਵਿਹਲ,*
*ਡਾਢਾ ਸੁਆਦ ਆਉਂਦਾ ਹੈ,*
*ਆਓ ਭਾਊ ਮੇਰਿਓ ਓਏ, ਤੁਹਾਨੂੰ ਪੰਥ ਬੁਲਾਉਂਦਾ ਹੈ।*

ਆਪਣੇ ਭਰਾ ਵਾਂਗ ਮਿੰਨੀ ਵੀ ਬੜੀ ਮੂੰਹਫੱਟ ਤੇ ਹਰ ਗੱਲ ਨੂੰ ਅਗਲੇ ਦੇ ਮੂੰਹ ਤੇ ਹੀ ਕਹਿ ਦੇਣ ਵਾਲੀ ਕੁੜੀ ਸੀ। ਕਿਸੇ ਜਾਇਜ਼ ਗਲ 'ਤੇ ਉਹਨੂੰ ਇਸ ਗੱਲ ਦਾ ਫਿਕਰ ਨਹੀਂ ਸੀ ਹੁੰਦਾ ਕਿ ਉਹਦੀ ਗੱਲ ਦਾ ਕੋਈ ਬੁਰਾ ਮੰਨ ਜਾਇਗਾ। ਜਦੋਂ ਕੋਈ ਪੰਜਾਬੀ ਉਸ ਸਾਹਮਣੇ ਹਿੰਦੀ ਬੋਲਦਾ ਤਾਂ ਉਹ ਉਹਦਾ ਬਹੁਤ ਮਜ਼ਾਕ ਉਡਾਉਂਦੀ। ਇਕ ਵਾਰ ਜਲੰਧਰ ਵਿਚ ਪੰਜਾਬੀ ਸੂਬਾ ਲੈਣ ਦੇ ਹੱਕ ਵਿਚ ਅਕਾਲੀਆਂ ਵੱਲੋਂ ਜਲੂਸ ਕੱਢਿਆ ਗਿਆ। ਸਾਰੀਆਂ ਸੜਕਾਂ ਬੰਦ ਹੋਣ ਕਰਕੇ ਮਿੰਨੀ ਦੀ ਇਕ ਸਕੂਲੀ ਸਹੇਲੀ ਨੂੰ ਮਜਬੂਰਨ ਮਿੰਨੀ ਦੇ ਘਰ ਰੁਕਣਾ ਪਿਆ। ਉਹ ਕੁੜੀ ਮਿੰਨੀ ਅਤੇ ਉਹਦੇ ਪਰਿਵਾਰ ਨਾਲ ਹਿੰਦੀ ਵਿਚ ਗੱਲਾਂ ਕਰਦੀ ਸੀ ਪਰ ਪੂਰੀ ਤਰ੍ਹਾਂ ਹਿੰਦੀ ਨਾ ਆਉਣ ਕਰਕੇ ਤੇ ਗੱਲਬਾਤ ਦਾ ਲਹਿਜ਼ਾ ਪੰਜਾਬੀ ਹੋਣ ਕਰਕੇ ਉਹਦੇ ਮੂੰਹੋਂ ਹਿੰਦੀ ਬੜੀ ਓਪਰੀ ਜਹੀ ਲਗਦੀ ਸੀ। ਸਹਿਜ-ਸੁਭਾਅ ਹੀ ਮਿੰਨੀ ਨੇ ਪੁੱਛਿਆ—"ਸੁਮਨ ਪਾਕਿਸਤਾਨ ਵਿਚੋਂ ਤੁਸੀਂ ਕਿਹੜੇ ਸ਼ਹਿਰੋਂ ਆਏ ਸੀ?"

ਉਸਨੇ ਕਿਹਾ—"ਲਾਹੌਰੋਂ ਪਰ ਮੇਰੇ ਦੋ ਚਾਚੇ ਤਾਂ ਜਲੰਧਰ ਹੀ ਰਹਿੰਦੇ ਸਨ, ਕਿਉਂ ਕੀ ਗੱਲ ?"

ਮਿੰਨੀ ਨੇ ਹੱਸ ਕੇ ਕਿਹਾ—"ਹਿੰਦੀ ਤਾਂ ਵਧੀਆ ਬੋਲ ਲੈਂਦੀ ਹੈਂ, ਕਦੋਂ ਸਿੱਖੀ ਹੈ ?"

"ਲੈ ਸਾਡੇ ਦੇਸ਼ ਦੀ ਬੋਲੀ ਹੈ, ਅਸੀਂ ਭਾਰਤੀ ਹਿੰਦੀ ਨਹੀਂ ਬੋਲਾਂਗੇ ਤਾਂ ਹੋਰ ਕੌਣ ਬੋਲੇਗਾ ! ਅੱਜ ਸਾਨੂੰ ਸਭ ਕਾਸੇ ਤੋਂ ਉੱਚਾ ਉੱਠ ਕੇ ਭਾਰਤੀ ਬਣਨ ਦੀ ਲੋੜ ਹੈ।"

ਮਿੰਨੀ ਨੇ ਹਉਕਾ ਲੈ ਕੇ ਕਿਹਾ—"ਜੋ ਪੰਜਾਬੀ ਹੁੰਦਾ ਹੋਇਆ, ਪੰਜਾਬੀ ਨਹੀਂ ਬਣ ਸਕਿਆ ਉਹਨੇ ਭਾਰਤੀ ਸੁਆਹ ਬਣਨਾ ਹੈ?" ਫੇਰ ਉਹਨੂੰ ਮਿੰਨੀ ਨੇ ਇਕ ਜਰਮਨ ਮੁੰਡੇ ਦੀ ਗੱਲ ਸੁਣਾਈ, ਜੋ ਕਮਾਈ ਕਰਨ ਲਈ ਵਿਦੇਸ਼ ਚਲਾ ਗਿਆ ਸੀ। ਉਸ ਮੁੰਡੇ ਦੀ ਬੁੱਢੀ ਮਾਂ ਨੂੰ ਕਈ ਸਾਲਾਂ ਬਾਅਦ ਇਕ ਓਸੇ ਹੀ ਦੇਸ਼ ਵਿਚ ਰਹਿੰਦੇ ਬੰਦੇ ਨੇ ਆ ਕੇ ਦੱਸਿਆ ਕਿ ਤੇਰਾ ਪੁੱਤ ਰਾਜ਼ੀ ਖੁਸ਼ੀ ਹੈ ਪਰ ਹੁਣ ਉਹਨੂੰ ਜਰਮਨ ਭਾਸ਼ਾ ਭੁੱਲ ਗਿਆ ਹੈ ਤੇ ਉਹ ਹੁਣ ਓਸੇ ਦੇਸ਼ ਦੀ ਭਾਸ਼ਾ ਵਿਚ ਹੀ ਗੱਲ ਕਰਦਾ ਹੈ, ਜਿਥੇ ਉਹ ਰਹਿੰਦਾ ਹੈ। ਇਹ ਗੱਲ ਸੁਣ ਕੇ ਉਹਦੀ ਮਾਂ ਨੇ ਵੈਣ ਪਾਉਣੇ ਸ਼ੁਰੂ ਕਰ ਦਿੱਤੇ ਤੇ ਕਹਿਣ ਲੱਗ ਪਈ—"ਲੋਕੋ ਮੇਰਾ ਪੁੱਤ ਮਰ ਗਿਆ ਹੈ।" ਉਹ ਬੰਦਾ ਆਖੇ—"ਨਹੀਂ ਮਾਤਾ ਮਰਿਆ ਨਹੀਂ ਜਿਉਂਦਾ-ਜਾਗਦਾ ਹੈ ਪਰ ਉਹਦੀ ਬੁੱਢੀ ਮਾਂ ਆਖੇ, "ਜਿਹੜਾ ਆਪਣੀ ਮਾਤ-ਭਾਸ਼ਾ ਭੁੱਲ ਗਿਆ, ਉਹ ਜੀਉਂਦਾ ਕਿਥੋਂ ਹੈ ?"

ਇਹ ਗੱਲਾਂ ਕਰਦਿਆਂ ਹੀ ਲਾਗੇ ਵਾਲੀ ਸੜਕ ਤੋਂ ਜਲੂਸ ਲੰਘਿਆ ਤਾਂ

ਨਾਅਰਿਆਂ ਦੀ ਕੰਨ-ਪਾੜਵੀ ਆਵਾਜ਼ ਆਉਣ ਲੱਗ ਪਈ। ਸੁਮਨ ਨੇ ਬਹੁਤ ਗੁੱਸੇ ਨਾਲ ਕ੍ਰਿਹਾ—"ਇਹ ਸਿੱਖ ਔਂਤਰੇ ਵੀ ਕੋਈ ਨਾ ਕੋਈ ਰੱਫੜ ਪਾਈ ਹੀ ਰੱਖਦੇ ਹਨ ! ਹੁਣ ਵੱਖਰਾ ਪੰਜਾਬੀ ਸੂਬਾ ਮੰਗਣ ਲੱਗ ਪਏ ਹਨ। ਇਹ ਨਾ ਹੁੰਦੇ ਤਾਂ ਦੁਨੀਆਂ ਚੈਨ ਨਾਲ ਵੱਸਦੀ।"

"ਜੇ ਇਹ ਨਾ ਹੁੰਦੇ ਤਾਂ ਤੇਰਾ ਨਾਂਅ ਹੁਸਨ ਬਾਨੋ ਹੋਣਾ ਸੀ ਤੇ ਮੇਰਾ ਨਾਂਅ ਜ਼ੁਬੈਦਾ।"

"ਕਿਉਂ, ਏਦਾਂ ਕਿਉਂ ਹੁੰਦਾ ?"

"ਸੋਹਣੀ ਹੋਣ ਕਰਕੇ ਮੁਸਲਮਾਨਾਂ ਨੇ ਤੇਰਾ ਨਾਂਅ ਹੁਸਨ ਬਾਨੋ ਰੱਖਣਾ ਸੀ ਤੇ ਮੂਰਖ ਜਹੀ ਹੋਣ ਕਰਕੇ ਮੇਰਾ ਨਾਂਅ ਜ਼ੁਬੈਦਾ। ਇਸ ਧਰਤੀ 'ਤੇ ਸਾਰੇ ਮੁਸਲਮਾਨ ਹੋਣੇ ਸਨ ਤੇ ਹਿੰਦੂਆਂ ਦਾ ਕਿਤੇ ਨਾਂਅ-ਨਿਸ਼ਾਨ ਨਹੀਂ ਸੀ ਹੋਣਾ।"

ਆਪਣੇ ਆਪ ਨੂੰ ਮੂਰਖ ਕਹਿ ਕੇ ਉਸਨੇ ਸਹੇਲੀ ਨੂੰ ਨਰਾਜ ਵੀ ਨਾ ਹੋਣ ਦਿੱਤਾ ਤੇ ਗੱਲ ਵੀ ਕਹਿ ਦਿੱਤੀ।

ਹਰੀਸ਼ ਦੇ ਪਿਤਾ ਤੇ ਤਾਏ ਦੇ ਖਿਆਲ ਅਨੁਸਾਰ ਪੁਰਾਣੇ ਗ੍ਰੰਥਾਂ ਵਿਚ ਲਿਖਿਆ ਹੋਇਆ ਕਦੀ ਵੀ ਗਲਤ ਨਹੀਂ ਹੋ ਸਕਦਾ ਕਿਉਂਕਿ ਉਹ ਮਹਾਂਪੁਰਖਾਂ ਜੋ ਰੱਬ ਨੂੰ ਪਹੁੰਚੇ ਹੋਏ ਹੁੰਦੇ ਹਨ, ਦੁਆਰਾ ਲਿਖਿਆ ਜਾਂ ਲਿਖਵਾਇਆ ਗਿਆ ਹੁੰਦਾ ਹੈ ਪਰ ਨਵੀਂ ਪੀੜ੍ਹੀ ਦਾ ਉਹਨਾਂ ਦਾ ਪੁੱਤ ਤੇ ਧੀ ਮਿਸਾਲਾਂ ਦੇ-ਦੇ ਕੇ ਇਸ ਗੱਲ ਦੇ ਬਖੀਏ ਉਧੇੜ ਦੇਂਦੇ ਸਨ ਤੇ ਉਹਨਾਂ ਵਿਚਾਰਿਆਂ ਨੂੰ ਬੋਲਣ ਜੋਗੇ ਨਹੀਂ ਸਨ ਛੱਡਦੇ। ਹਰੀਸ਼ ਕਹਿੰਦਾ, "ਪਾਪਾ ਗਲਤ ਕਿਉਂ ਨਹੀਂ ਹੋ ਸਕਦਾ ? ਅੱਜ ਤੋਂ ਤਿੰਨ ਸੌ ਸਾਲ ਪਹਿਲਾਂ ਸਾਰੀ ਦੁਨੀਆਂ ਇਹ ਮੰਨਦੀ ਸੀ ਕਿ ਧਰਤੀ ਚਪਟੀ ਹੈ। ਇਹ ਗੱਲ ਉਹ ਬੜੇ ਦਾਅਵੇ ਨਾਲ ਕਹਿੰਦੇ ਸਨ ਕਿਉਂਕਿ ਇਹ ਗੱਲ ਬਾਈਬਲ ਵਿਚ ਲਿਖੀ ਹੋਈ ਹੈ, ਇਸ ਲਈ ਝੂਠੀ ਹੋਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਵਿਚਾਰੇ ਅੱਸੀ ਸਾਲ ਦੇ ਬੁੱਢੇ ਗਲੇਲੀਓ ਨੂੰ ਫਾਂਸੀ ਦੇ ਦਿੱਤੀ ਗਈ, ਅਖੇ ਤੂੰ ਬਾਈਬਲ ਤੋਂ ਜ਼ਿਆਦਾ ਸਿਆਣਾ ਹੈਂ ? ਜਦੋਂ ਉਹਨੂੰ ਗਿਰਫਤਾਰ ਕਰਕੇ ਉਸਤੇ ਮੁਕਦਮਾ ਚਲਾਇਆ ਗਿਆ ਤਾਂ ਜੱਜ ਨੇ ਉਹਨੂੰ ਕਿਹਾ, "ਜਾਂ ਤਾਂ ਬਿਨਾਂ ਸ਼ਰਤ ਇਹ ਕਹਿ ਦੇ ਕਿ ਧਰਤੀ ਚਪਟੀ ਹੈ, ਜਿਵੇਂ ਬਾਈਬਲ ਵਿਚ ਲਿਖਿਆ ਹੋਇਆ ਹੈ ਤੇ ਜਾਂ ਫਾਂਸੀ ਲੱਗਣ ਲਈ ਤਿਆਰ ਹੋ ਜਾ।" ਵਿਚਾਰੇ ਗਲੇਲੀਓ ਨੇ ਕਿਹਾ, "ਮੇਰੇ ਕੋਲੋਂ ਤਾਂ ਜੋ ਮਰਜ਼ੀ ਅਖਵਾ ਲਓ, ਮੇਰੀ ਆਖੀ ਗੱਲ ਤਾਂ ਮੇਰੀ ਪਤਨੀ ਤੇ ਬੱਚੇ ਤੱਕ ਨਹੀਂ ਮੰਨਦੇ ਤੇ ਨਾ ਹੀ ਤੁਸੀਂ ਸਾਰੇ ਮੰਨਦੇ ਹੋ, ਫਿਰ ਸੂਰਜ ਤੇ ਧਰਤੀ ਨੇ ਕਿਥੋਂ ਮੰਨਣੀ ਹੈ? ਧਰਤੀ ਸੂਰਜ ਦੁਆਲੇ ਚੱਕਰ ਕੱਟਦੀ ਹੈ ਤੇ ਨਾਲੇ ਗੋਲ ਹੈ। ਅਸਲੀ ਗੱਲ ਤਾਂ ਇਹੋ ਹੈ ਭਾਵੇਂ ਮਾਰ ਦਿਓ ਤੇ ਭਾਵੇਂ ਛੱਡ ਦਿਓ, ਓਤਰਾਂ ਮੇਰੇ ਕੋਲੋਂ ਜੋ ਮਰਜ਼ੀ ਅਖਵਾ ਲਓ ਤੇ ਲਿਖਵਾ ਲਓ, ਮੈਂ ਲਿਖ ਦਿੰਦਾ ਹਾਂ। ਪਰ ਇਸਾਈਆਂ ਨੂੰ ਇਹ ਪਤਾ ਸੀ ਕਿ ਜੇ ਇਹ ਗੱਲ ਫੈਲ ਗਈ ਕਿ ਬਾਈਬਲ ਵਿਚ ਲਿਖੀਆਂ ਹੋਈਆਂ ਗੱਲਾਂ ਵਿਚੋਂ ਇਕ ਗੱਲ ਗਲਤ ਨਿਕਲੀ ਹੈ ਤਾਂ ਲੋਕਾਂ ਦਾ ਬਾਈਬਲ 'ਤੇ ਵਿਸ਼ਵਾਸ ਹੀ ਨਹੀਂ ਰਹਿਣਾ, ਜੇ ਕਿਸੇ ਧਰਮਗ੍ਰੰਥ ਵਿਚ ਇਕ ਗੱਲ ਗਲਤ ਹੋਵੇ ਤਾਂ ਹੋ ਸਕਦਾ ਹੈ ਦੂਜੀ ਵੀ ਗਲਤ ਹੋਵੇ। ਏਸੇ ਲਈ ਹੀ ਸਾਰੇ ਧਰਮਾਂ ਦੇ ਲੋਕ ਏਸ ਤਰ੍ਹਾਂ ਦੀ ਗੱਲ 'ਤੇ ਪਚੀਂਡੇ ਕੱਢ ਕੇ ਕਹਿਣ ਵਾਲੇ ਦੇ ਡੇਲਿਆਂ ਨੂੰ ਪੈ ਜਾਂਦੇ ਹਨ ਤਾਂ ਕਿ ਇਸ ਗੱਲ 'ਤੇ ਪਰਦਾ ਪਿਆ ਰਹੇ। ਅਖੀਰ ਵਿਚਾਰੇ ਗਲੇਲੀਓ ਨੂੰ ਫਾਂਸੀ ਦੇ ਹੀ ਦਿੱਤੀ ਗਈ।"

ਹਰੀਸ਼ ਦੀ ਇਹ ਗੱਲ ਬਿਲਕੁਲ ਸੱਚੀ ਸੀ। ਹੁਣ 1995 ਵਿਚ ਪੋਪ ਨੇ ਗਲੇਲੀਓ

ਦੀ ਰੂਹ ਕੋਲੋਂ ਮੁਆਫੀ ਮੰਗੀ ਹੈ ਕਿ ਭਰਾਵਾ ਤੈਨੂੰ ਫਾਂਸੀ ਦੇਣੀ ਗਲਤ ਸੀ। ਤੂੰ ਸੱਚਾ ਸੀ ਤੇ ਅਸੀਂ ਝੂਠੇ ਸਾਂ। ਪਰ ਇਹ ਲਫ਼ਜ਼ ਕਿ ਧਰਤੀ ਚਪਟੀ ਹੈ ਤੇ ਸੂਰਜ ਧਰਤੀ ਦੁਆਲੇ ਚੱਕਰ ਲਾਉਂਦਾ ਹੈ, ਅਜੇ ਵੀ ਬਾਈਬਲ ਵਿਚੋਂ ਨਹੀਂ ਕੱਢੇ ਗਏ। ਹਾਲਾਂ ਕਿ ਹੁਣ ਚੌਥੀ ਵਿਚ ਪੜ੍ਹਦੇ ਨਿਆਣੇ ਨੂੰ ਵੀ ਪਤਾ ਲੱਗ ਚੁੱਕਾ ਹੈ ਪਰ ਇਸਾਈਆਂ ਦੀ ਅਜੇ ਵੀ ਬਾਈਬਲ ਵਿਚ ਦਰੁਸਤੀ ਕਰਨ ਦੀ ਜੁਅਰਤ ਨਹੀਂ ਪੈ ਰਹੀ। ਕਈ ਹੋਰ ਧਰਮਾਂ ਦੇ ਗ੍ਰੰਥਾਂ ਵਿਚ ਵੀ ਬਹੁਤ ਕੁਝ ਗਲਤ ਹੈ ਪਰ ਬਾਈਬਲ ਵਾਂਗ ਮੰਨੇਗਾ ਕੋਈ ਵੀ ਨਹੀਂ।

"ਜਦੋਂ ਕੋਲੰਬਸ ਨੇ ਵੀ ਧਰਤੀ ਗੋਲ ਹੈ, ਕਿਹਾ ਤਾਂ ਲੋਕ ਬੜਾ ਹੱਸੇ। ਕੋਲੰਬਸ ਸਪੇਨ ਦੀ ਮਹਾਰਾਣੀ ਕੋਲ ਆਪਣੇ ਸਫਰ ਲਈ ਆਗਿਆ ਲੈਣ ਗਿਆ ਤਾਂ ਸਿਰਫ ਨੱਬੇ ਮਲਾਹ ਹੀ ਉਸ ਦੇ ਨਾਲ ਜਾਣ ਲਈ ਤਿਆਰ ਹੋਏ। ਉਸਦੀ ਵਿਰੋਧਤਾ ਕਰਨ ਵਾਲਿਆਂ ਨੇ ਕਿਹਾ ਕਿ ਇਸ ਨੂੰ ਇਸ ਸਫਰ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ ਕਿਉਂਕਿ ਇਸ ਨਾਲ ਹੋਰ ਮਲਾਹਾਂ ਦੀਆਂ ਜਾਨਾਂ ਵੀ ਜਾ ਸਕਦੀਆਂ ਹਨ। ਉਹਨੂੰ ਤਾਂ ਆਗਿਆ ਹੀ ਨਹੀਂ ਸੀ ਮਿਲਣੀ, ਉਹ ਤਾਂ ਸਪੇਨ ਦੀ ਰਾਣੀ ਬੜੀ ਦਲੇਰ ਸੀ। ਉਸਨੇ ਕਿਹਾ, ਓਦਾਂ ਵੀ ਤਾਂ ਬੰਦੇ ਮਰਦੇ ਹੀ ਰਹਿੰਦੇ ਹਨ, ਜੇ ਇਹ ਨੱਬੇ ਵੀ ਮਰ ਜਾਣਗੇ ਤਾਂ ਕਿੱਧਰ ਦਾ ਲੋਹੜਾ ਆ ਚੱਲਿਆ ਹੈ? ਕੀ ਪਤਾ ਕੋਈ ਨਵਾਂ ਮੁਲਕ ਲੱਭ ਹੀ ਪਵੇ। ਕਹਿੰਦੇ ਹਨ ਕਈ ਮਹੀਨਿਆਂ ਦੇ ਸਫਰ ਤੋਂ ਬਾਅਦ ਇਕ ਦਿਨ ਕੋਲੰਬਸ ਨੇ ਅੱਧੀ ਰਾਤ ਨੂੰ ਵੇਖਿਆ ਕਿ ਜਹਾਜ 'ਤੇ ਚੁੱਪ-ਚਾਂਅ ਸੀ। ਕੋਈ ਬੰਦਾ ਵੀ ਡੈੱਕ 'ਤੇ ਨਜ਼ਰ ਨਹੀਂ ਸੀ ਆ ਰਿਹਾ। ਉਸ ਨੂੰ ਸ਼ੱਕ ਪਿਆ ਤਾਂ ਉਹਨੇ ਅੱਗੇ ਜਾ ਕੇ ਵੇਖਿਆ ਕਿ ਜਹਾਜ਼ ਦੇ ਇਕ ਕਮਰੇ ਦੇ ਦਰਵਾਜ਼ੇ ਬੰਦ ਕਰਕੇ ਮੀਟਿੰਗ ਚੱਲ ਰਹੀ ਹੈ। ਉਹਦੇ ਸਾਰੇ ਸਾਥੀਆਂ ਨੇ ਮਤਾ ਪਾਸ ਕਰ ਦਿੱਤਾ ਕਿ ਕੋਲੰਬਸ ਨੂੰ ਚੁੱਕ ਕੇ ਸਮੁੰਦਰ ਵਿਚ ਸੁੱਟ ਦਿੱਤਾ ਜਾਵੇ ਤੇ ਆਪ ਜਹਾਜ ਨੂੰ ਵਾਪਸ ਮੋੜ ਕੇ ਆਪਣੇ ਦੇਸ ਚਲੇ ਜਾਈਏ। ਕੋਲੰਬਸ ਨੂੰ ਆਪਣੀ ਮੌਤ ਨਿਸ਼ਚਿਤ ਦਿਸੀ ਤਾਂ ਉਹ ਦਰਵਾਜ਼ਾ ਖੋਲ੍ਹ ਕੇ ਅੰਦਰ ਚਲਾ ਗਿਆ ਤੇ ਸਾਥੀਆਂ ਨੂੰ ਕਿਹਾ, "ਜ਼ਰਾ ਸੋਚੋ ਸਿਰਫ ਤਿੰਨ ਦਿਨਾਂ ਦਾ ਹੀ ਰਾਸ਼ਨ ਬਾਕੀ ਹੈ, ਵਾਪਸ ਜਾਂਦੇ ਭੁੱਖੇ ਨਾ ਮਰ ਜਾਓਗੇ? ਤਿੰਨਾਂ ਦਿਨਾਂ ਵਿਚ ਕੀ ਪਤਾ ਧਰਤੀ ਲੱਭ ਹੀ ਪਵੇ ਤੇ ਮੈਂ ਤੁਹਾਨੂੰ ਯਕੀਨ ਦੁਆਉਂਦਾ ਹਾਂ ਕਿ ਤਿੰਨਾਂ ਦਿਨਾਂ ਵਿਚ ਜ਼ਰੂਰ ਲੱਭ ਪਵੇਗੀ ਤੇ ਹੋ ਸਕਦਾ ਹੈ ਕਿ ਆਪਾਂ ਬਚ ਹੀ ਜਾਈਏ, ਨਹੀਂ ਤਾਂ ਵਾਪਸ ਜਾ ਕੇ ਬਚ ਤਾਂ ਹੁਣ ਤੁਸੀਂ ਵੀ ਨਹੀਂ ਸਕਦੇ।" ਇਹ ਸੱਚੀ ਗੱਲ ਉਹਨਾਂ ਨੂੰ ਜਚ ਗਈ ਤੇ ਸੱਚਮੁੱਚ ਹੀ ਤਿੰਨ ਦਿਨਾਂ ਬਾਅਦ ਉਹਨਾਂ ਨੂੰ ਕਾਂ ਉੱਡਦੇ ਦਿਸੇ, ਜਿਸਦਾ ਮਤਲਬ ਸੀ ਕਿ ਧਰਤੀ ਹੁਣ ਲਾਗੇ ਹੀ ਹੈ।

ਅੰਜੀਲ ਈਸਾ ਮਸੀਹ ਦੀ ਮੌਤ ਤੋਂ ਬਾਅਦ ਦੂਸਰੀ ਸਦੀ ਦੇ ਅੰਤ ਵਿਚ ਲਿਖੀ ਗਈ। ਕੁਰਾਨ ਵੀ ਮੁਹੰਮਦ ਸਾਹਿਬ ਦੇ ਪਿਛੋਂ ਹਾਫਿਜਾਂ ਨੂੰ ਇਕੱਠੇ ਕਰਕੇ ਲਿਖਵਾਇਆ ਗਿਆ। ਈਸਾਈ ਜਦ ਤੱਕ ਯਹੂਦੀਆਂ ਤੋਂ ਵੱਖ ਨਹੀਂ ਹੋਏ ਤੱਦ ਤੱਕ ਭੈੜੀ ਹਾਲਤ ਵਿਚ ਰਹੇ। ਇਕ ਵਾਰ ਤਾਂ ਇਸਾਈ ਧਰਮ ਬਹੁਤ ਹੀ ਘੱਟ ਗਿਣਤੀ ਵਿਚ ਰਹਿ ਗਿਆ ਸੀ। ਅੰਤ ਨੂੰ ਇਸਾਈਆਂ ਨੇ ਸੋਚ ਸਮਝ ਕੇ ਆਪਣੇ ਆਪ ਨੂੰ ਯਹੂਦੀਆਂ ਤੋਂ ਵੱਖ ਕੀਤਾ ਏਥੋਂ ਤੱਕ ਕਿ ਖੁਦਾ ਦੇ ਹੁਕਮ ਤੋਂ ਵਿਰੁੱਧ ਸ਼ਨਿਚਰਵਾਰ ਦੀ ਥਾਂ ਐਤਵਾਰ ਨੂੰ ਪਵਿੱਤਰ ਦਿਨ ਥਾਪਿਆ। ਤਾਂ ਜਾ ਕੇ ਕਿਤੇ ਈਸਾਈ ਧਰਮ ਵਧਿਆ ਫੁਲਿਆ। ਪਵਿਤਰ ਬਾਈਬਲ ਦਾ ਪੰਜ ਸੌ ਸਫਾ ਏਨਾਂ ਅਸ਼ਲੀਲ ਹੈ ਕਿ ਪੜ੍ਹਨਯੋਗ ਨਹੀਂ। ਇਕ ਅਮਰੀਕਨ ਨੇ ਉਹ ਪੰਜ ਸੌ ਸਫਾ ਵਖਰਾ ਕਰਕੇ ਛਾਪ ਕੇ ਉਸਦਾ ਨਾਂ ਪਵਿਤਰ ਬਾਈਬਲ ਦਾ ਟੁੱਕੜਾ ਰਖ ਦਿੱਤਾ। ਅਕਬਰ ਨੇ ਧਰਮ ਦੀਨ-

ਏ-ਇਲਾਹੀ ਇਸ ਖਿਆਲ ਨਾਲ ਚਲਾਇਆ ਕਿ ਮੁਸਲਮਾਨ, ਹਿੰਦੂ ਤੇ ਹੋਰ ਸਾਰੇ ਛੋਟੇ ਛੋਟੇ ਧਰਮ ਇਸ ਧਰਮ ਦੇ ਪੈਰੋਕਾਰ ਬਣ ਜਾਣਗੇ ਪਰ ਉਹ ਧਰਮ ਬੁਰੀ ਤਰ੍ਹਾਂ ਫੇਲ੍ਹ ਹੋਇਆ। ਜੀਸਸ ਦਾ ਪਾਲਨ-ਪੋਸਣ ਜਿਸ ਸੰਪਰਦਾਏ ਵਿਚ ਹੋਇਆ ਤੇ ਜਿਥੋਂ ਉਹ ਦੀਕਸ਼ਤ ਹੋਏ ਉਸ ਦਾ ਨਾਂ ਈਸੈਨੀਸ ਹੈ। ਈਸਾਈ ਨਾਂ ਉਥੋਂ ਹੀ ਬਣਿਆ ਹੈ। ਉਹ ਤਬਕਾ ਹੁਣ ਲਗਪਗ ਖਤਮ ਹੋ ਚੁੱਕਾ ਹੈ। ਸਾਰੇ ਧਰਮ ਕਹਿੰਦੇ ਹਨ ਪ੍ਰਮਾਤਮਾਂ ਪ੍ਰਕਾਸ਼ ਹੈ ਪਰ ਈਸੈਨੀਸ ਕਹਿੰਦੇ ਹਨ ਕਿ ਪ੍ਰਮਾਤਮਾਂ ਘੁੱਪ ਹਨੇਰਾ ਹੈ। ਮੁਹੰਮਦ ਸਾਹਿਬ ਨੇ ਜਦੋਂ ਇਸਲਾਮ ਦਾ ਪ੍ਰਚਾਰ ਸ਼ੁਰੂ ਕੀਤਾ ਤਾਂ ਉਨ੍ਹਾਂ ਦਾ ਵਿਰੋਧ ਵੀ ਸ਼ੁਰੂ ਹੋ ਗਿਆ। ਉਨ੍ਹਾਂ ਵਿਰੋਧੀਆਂ ਵਿਚੋਂ ਇਕ ਉਮਰ ਸੀ, ਜਿਸਦੀ ਭੈਣ ਨੇ ਵੀ ਇਸਲਾਮ ਕਬੂਲ ਕਰ ਲਿਆ ਸੀ। ਇਕ ਦਿਨ ਉਮਰ ਗੁਸੇ ਨਾਲ ਭਰਿਆ ਮੁਹੰਮਦ ਸਾਹਿਬ ਦੇ ਘਰ ਉਨ੍ਹਾਂ ਨੂੰ ਕਤਲ ਕਰਨ ਪਹੁੰਚ ਗਿਆ। ਬਾਕੀ ਸਾਰੇ ਤਾਂ ਡਰ ਗਏ ਪਰ ਮੁਹੰਮਦ ਸਾਹਿਬ ਨੇ ਕਿਹਾ "ਉਮਰ ਤੂੰ ਕਦ ਤੱਕ ਖੁਦਾ ਤੇ ਉਸਦੇ ਰਸੂਲ ਦੇ ਖਿਲਾਫ਼ ਲੜਦਾ ਰਹੇਂਗਾ?"

ਜਦੋਂ ਕਿਸੇ ਗੱਲ ਦਾ ਕੋਈ ਠੋਸ ਉੱਤਰ ਮਿਲ ਜਾਂਦਾ ਤਾਂ ਤਾਇਆ ਓਸੇ ਵੇਲੇ ਲੰਮਾ ਪੈ ਜਾਂਦਾ। ਮੈਨੂੰ ਜੈਨ ਧਰਮ ਬਾਰੇ ਓਦੋਂ ਕੋਈ ਖਾਸ ਪਤਾ ਨਹੀਂ ਸੀ। ਮੇਰਾ ਦੋਸਤ ਜਾਂ ਉਸਦਾ ਪਿਤਾ ਗੱਲ ਕਰਦੇ-ਕਰਦੇ ਮੈਨੂੰ ਵੀ ਉਲਝਾ ਲੈਂਦੇ। ਜਿਵੇਂ ਗੱਲ ਹੋਈ ਕਿ ਮਹਾਂਵੀਰ ਜੈਨ ਦੇ ਕੰਨਾਂ ਵਿਚ ਇਕ ਵਾਰ ਇਕ ਡੰਗਰ ਚਾਰਨ ਵਾਲੇ ਨੇ ਲਕੜਾਂ ਠੋਕ ਦਿੱਤੀਆਂ ਸਨ ਤੇ ਉਸ ਉੱਤੇ ਭਿਆਨਕ ਕੁੱਤੇ ਛੱਡੇ ਗਏ ਸਨ।

ਮੈਂ ਪੁਛਿਆ-"ਕਿਉਂ ?"

"ਉਹ ਇਸ ਲਈ ਕਿ ਡੰਗਰ ਚਾਰਨ ਵਾਲੇ ਨੇ ਕੋਲ ਈ ਸਮਾਧੀ ਲਾ ਕੇ ਜੰਗਲ ਵਿਚ ਬੈਠੇ ਮਹਾਂਵੀਰ ਨੂੰ ਕਿਹਾ-"ਮੈਂ ਪਾਣੀ ਪੀ ਕੇ ਆਉਂਦਾ ਹਾਂ, ਓਨਾਂ ਚਿਰ ਮੇਰੇ ਡੰਗਰਾਂ ਦਾ ਧਿਆਨ ਰਖੀਂ।" ਮਹਾਂਵੀਰ ਨੇ ਓਦਾਂ ਈ ਸਿਰ ਹਿਲਾ ਦਿੱਤਾ ਪਰ ਭਗਤੀ ਵਿਚ ਲੀਨ ਰਹੇ। ਜਦੋਂ ਉਹ ਬੰਦਾ ਆਇਆ ਤਾਂ ਡੰਗਰ ਜੰਗਲ ਵਿਚ ਖਿਲਰ-ਪੁੱਲਰ ਗਏ ਸਨ। ਉਸ ਗਵਾਹ ਡਾਂਗਰੀ ਨੂੰ ਏਨਾਂ ਗੁਸਾ ਆਇਆ ਕਿ ਉਹਨੇ ਮਹਾਂਵੀਰ ਦੇ ਕੰਨਾ ਵਿਚ ਲਕੜਾਂ ਠੋਕ ਦਿੱਤੀਆਂ।"

ਫਿਰ ਉਹ ਮੈਨੂੰ ਪੁੱਛਦਾ "ਤੁਹਾਡੇ ਵੀ ਦੋ ਗੁਰੂਆਂ ਨੂੰ ਮਾਰਿਆ ਸੀ ਨਾਂ ?"

ਮੈਂ ਕਹਿੰਦਾ-"ਹਾਂ ਜੀ ਸਾਡੇ ਦੋਹਾਂ ਗੁਰੂਆਂ ਨੂੰ ਮੁਸਲਮਾਨ ਰਾਜਿਆਂ ਨੇ ਸ਼ਹੀਦ ਕਰ ਦਿੱਤਾ ਸੀ। ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਤੇ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਸ਼ਹੀਦ ਕੀਤਾ ਸੀ।"

ਫਿਰ ਉਹ ਬੁੱਢਾ ਪੁੱਛਦਾ-"ਯਾਰ ਤੁਹਾਡਾ ਉਹ ਕੌਣ ਸੀ, ਜੀਹਦਾ ਸਿਰ ਵੱਢਿਆ ਗਿਆ ਸੀ ਤੇ ਫੇਰ ਵੀ ਉਹ ਭੱਜਾ ਜਾਂਦਾ ਸੀ ਤੇ ਫੌਜਾਂ ਨੂੰ ਮਾਰਦਾ ਜਾਂਦਾ ਸੀ ਤੇ ਅੰਬਰਸਰ ਤੁਹਾਡੇ ਵੱਡੇ ਮੰਦਰ ਵਿਚ ਜਾ ਡਿੱਗਾ ਸੀ?"

ਮੈਂ ਕਹਿੰਦਾ-"ਜੀ, ਉਹ ਬਾਬਾ ਦੀਪ ਸਿੰਘ ਜੀ ਸਨ। ਉਨ੍ਹਾਂ ਦੀ ਉਮਰ ਅੱਸੀ ਸਾਲ ਸੀ ਤੇ ਉਨ੍ਹਾਂ ਦਾ ਖੰਡਾ ਅਠਾਰ੍ਹਾਂ ਸੇਰ ਦਾ ਸੀ। ਜੀਹਨੂੰ ਕੋਈ ਚੱਜ ਨਾਲ ਚੁੱਕ ਵੀ ਨਹੀਂ ਸੀ ਸਕਦਾ। ਉਨ੍ਹਾਂ ਦਾ ਸੀਸ ਵੱਢਿਆ ਗਿਆ ਸੀ, ਵੱਢੇ ਹੋਏ ਸੀਸ ਨਾਲ ਹੀ ਬਾਬਾ ਜੀ ਨੇ ਕਿਹਾ-'ਮੇਰਾ ਸਿਰ ਮੇਰੇ ਹਥ 'ਤੇ ਰਖ ਦਿਓ' ਤੇ ਇਸ ਤਰ੍ਹਾਂ ਲੜਦੇ-ਲੜਦੇ ਉਹ ਹਰਿਮੰਦਰ ਸਾਹਿਬ ਤੋਂ ਦੋ ਕੁ ਫਰਲਾਂਗ ਉਰ੍ਹੇ ਡਿਗ ਪੈਣ ਲਗੇ ਤਾਂ ਕਿਸੇ ਨੇ ਉਨ੍ਹਾਂ ਨੂੰ ਚੇਤਾ ਕਰਾਇਆ,

'ਬਾਬਾ ਜੀ ਤੁਸਾਂ ਤੇ ਹਰਮੰਦਰ ਸਾਹਿਬ ਪਹੁੰਚ ਕੇ ਸਿਰ ਦੇਣਾ ਸੀ; ਹੁਣ ਏਥੇ ਈ ਡਿਗਣ ਲਗੇ ਓ?' ਤਾਂ ਉਹਨਾਂ ਨੇ ਜ਼ੋਰ ਨਾਲ ਆਪਣੇ ਸੀਸ ਨੂੰ ਵਗਾਹ ਕੇ ਮਾਰਿਆ। ਲੱਥਾ ਹੋਇਆ ਸੀਸ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਜਾ ਡਿੱਗਾ। ਓਥੇ ਇਕ ਪਾਸੇ ਉਨ੍ਹਾਂ ਦੀ ਯਾਦ ਬਣੀ ਹੋਈ ਹੈ।"

ਸਾਰੇ ਬੜੇ ਗੰਭੀਰ ਹੋ ਕੇ ਗੱਲ ਸੁਣਦੇ ਪਰ ਸਿਰ ਇਕ ਵਾਰ ਪੂਰਾ ਕੱਟ ਕੇ, ਥੱਲੇ ਡਿਗ ਪੈਣ 'ਤੇ ਤੇ ਫੇਰ ਛੇ ਮੀਲ ਲੜਦੇ-ਲੜਦੇ ਜਾਣਾ ਤੇ ਦੋ ਫਰਲਾਂਗ ਤੋਂ ਸੀਸ ਸੁਟਣਾ, ਉਹਨਾਂ ਦੇ ਮੰਨਣ ਵਿਚ ਨਾ ਆਉਂਦਾ। ਫੇਰ ਹਰੀਸ਼ ਕੋਈ ਖੁਲ੍ਹ ਕੇ ਟਿੱਪਣੀ ਤਾਂ ਨਾ ਕਰਦਾ ਕਿਉਂਕਿ ਉਹਨੂੰ ਪਤਾ ਸੀ ਕਿ ਸਿੱਖ ਆਪਣੇ ਧਰਮ ਦੇ ਮਾਮਲੇ ਵਿਚ ਬੜੇ ਕੁਪੱਤੇ ਹੁੰਦੇ ਹਨ ਤੇ ਕਿਸੇ ਦੀ ਕੋਈ ਦਲੀਲ ਜਾਂ ਗੱਲ ਸੁਣਨ ਤੋਂ ਪਹਿਲਾਂ ਹੀ ਮਾਰੋ-ਮਾਰੀ 'ਤੇ ਉੱਤਰ ਆਉਂਦੇ ਹਨ ਸਿਰਫ ਏਨਾਂ ਕੁ ਕਹਿੰਦਾ-"ਦੇਖ ਬਈ ਕੁਲਬੀਰ, ਕਿਸੇ ਡਾਕਟਰ ਨੂੰ ਪੁੱਛ ਕੇ ਵੇਖ ਲੈ ਸਾਰੇ ਕਹਿਣਗੇ ਕਿ ਜਦੋਂ ਬੰਦੇ ਦੇ ਸਿਰ ਦਾ ਕੁਨੈਕਸ਼ਨ ਧੜ ਨਾਲੋਂ ਕਟਿਆ ਜਾਵੇ, ਜਿਵੇਂ ਪਾਣੀ ਵਿਚ ਡੁਬ ਕੇ, ਸਾਹ ਬੰਦ ਹੋ ਜਾਣ 'ਤੇ ਜਾਂ ਸਿਰ ਕੱਟੇ ਜਾਣ 'ਤੇ, ਜਦੋਂ ਆਕਸੀਜਨ ਦੀ ਸਪਲਾਈ ਦਿਮਾਗ ਤੱਕ ਨਹੀਂ ਪਹੁੰਚਦੀ ਤਾਂ ਦਿਮਾਗ ਦੀਆਂ ਲੱਖਾਂ ਹੀ ਬਰੀਕ-ਬਰੀਕ ਨਾੜੀਆਂ ਪੰਜ ਮਿੰਟਾਂ ਤੋਂ ਬਾਅਦ ਟੁੱਟਣ ਲੱਗ ਪੈਂਦੀਆਂ ਹਨ ਤੇ ਡੇਢ ਦੋ ਮਿੰਟ ਵਿਚ ਪੂਰੀ ਤਰ੍ਹਾਂ ਟੁੱਟ ਜਾਂਦੀਆਂ ਹਨ; ਇਕ ਵਾਰ ਨਾੜਾਂ ਦਾ ਜਾਲ ਟੁੱਟ ਜਾਵੇ ਤੇ ਜੇ ਬੰਦਾ ਬਚ ਵੀ ਜਾਵੇ ਤਾਂ ਪੱਥਰ ਤੇ ਬੰਦੇ ਵਿਚ ਕੋਈ ਫਰਕ ਨਹੀਂ ਰਹਿੰਦਾ; ਬਸ ਡੁੰਨ-ਵੱਟਾ ਬਣ ਜਾਂਦਾ ਹੈ, ਤਾਂ ਹੀ ਤਾਂ ਡਾਕਟਰ ਦਿਲ ਫੇਲ੍ਹ ਹੋਣ 'ਤੇ ਛੇਤੀ-ਛੇਤੀ ਮਰੀਜ ਦੇ ਮੂੰਹ ਵਿਚ ਮੂੰਹ ਪਾ ਕੇ ਬਨਾਵਟੀ ਸਾਹ ਦੇਣ ਦੀ ਕੋਸ਼ਿਸ਼ ਕਰਦੇ ਹਨ ਤਾਂ ਕਿ ਦਿਮਾਗ਼ ਦੀਆਂ ਨਾੜੀਆਂ ਟੁੱਟ ਨਾ ਜਾਣ।" ਫਿਰ ਉਹ ਗੱਲ ਵਿਚੇ ਛੱਡ ਕੇ ਕਹਿੰਦਾ-"ਤੈਨੂੰ ਦੱਸਣ ਦਾ ਕੀ ਫਾਇਦਾ ਤੂੰ ਕਿਤੇ ਕਿਡਾ ਕੁ ਸਮਝਦਾਰ ਹੈਂ?"

ਮੈਂ ਫੱਟ ਕਹਿੰਦਾ "ਸ਼ਰਮ ਕਰ ਸ਼ਰਮ, ਆਹ ਪਿਛਲੇ ਇਮਤਿਹਾਨ 'ਚ ਈ ਮੇਰੇ ਤੇਰੇ ਨਾਲੋਂ ਜਿਆਦਾ ਨੰਬਰ ਸਨ, ਤੂੰ ਤਾਂ ਇਕ ਸਬਜੈਕਟ ਵਿਚੋਂ ਫੇਲ੍ਹ ਵੀ ਹੋਇਆਂ ਸੈਂ।"

ਫਿਰ ਉਹ ਢੀਠ ਜਿਹਾ ਹੋ ਕੇ ਕਹਿੰਦਾ-"ਲੈ ਨੰਬਰਾਂ ਨਾਲ ਕੀ ਹੁੰਦਾ ਹੈ।" ਫਿਰ ਉਹ ਏਸੇ ਗੱਲ ਨੂੰ ਰਾਜਸਥਾਨੀ ਬੋਲੀ ਵਿਚ ਦੁਹਰਾ ਕੇ ਹੱਥ ਨਚਾਉਂਦਾ-"ਇਸਸੇ ਕੇ ਹੋਵੈ ?" ਇਹ ਗੱਲਾਂ ਉਹ ਝੇਂਪ ਮਿਟਾਉਣ ਨੂੰ ਕਹਿੰਦਾ ਕਿਉਂਕਿ ਉਹਦੇ ਪਿਓ ਸਾਹਮਣੇ ਮੈਂ ਉਹਦੀ ਨਲਾਇਕੀ ਜੁ ਜਾਹਿਰ ਕਰ ਦੇਂਦਾਂ। ਫਿਰ ਉਹ ਆਪਣੀ ਭੈਣ ਨੂੰ ਕਹਿੰਦਾ-"ਮਿੰਨੀ ਇਹ ਸਾਡੇ ਕਾਲਜ ਦਾ ਇਕ ਨੰਬਰ ਦਾ ਮੂੰਹਫੱਟ ਹੈ, ਏਹਦੇ ਕੋਲੋਂ ਤੇ ਬਾਬਾ ਸਾਰੇ ਪ੍ਰੋਫੈਸਰ ਵੀ ਡਰਦੇ ਆ, ਇਕ ਦਿਨ ਪ੍ਰਿੰਸੀਪਲ ਸਾਹਿਬ ਨੂੰ ਵੀ ਪੈ ਗਿਆ ਸੀ।"

ਮਿੰਨੀ ਕਹਿੰਦੀ "ਕਿਓਂ?"

"ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਜੀ ਨੇ ਡੀ. ਏ. ਵੀ. ਕਾਲਜ ਆਉਣਾ ਸੀ। ਉਨ੍ਹਾਂ ਨੂੰ ਐਨ. ਸੀ. ਸੀ. ਆਰਮੀ ਵਿੰਗ ਨੇ ਸਲਾਮੀ ਦੇਣੀ ਸੀ। ਇਹ ਐਨ. ਸੀ. ਸੀ. ਰਾਈਫਲਜ਼ ਦਾ ਅੰਡਰ ਅਫਸਰ ਹੈ। ਪ੍ਰਿੰਸੀਪਲ ਨੂੰ ਇਹਨੇ ਕਿਹਾ, "ਜਾਂ ਤੇ ਐਨ. ਸੀ. ਸੀ. ਰਾਈਫਲਜ਼ ਵੀ ਭਾਗ ਲਵੇਗੀ, ਨਹੀਂ ਤੇ ਕੋਈ ਵੀ ਸਲਾਮੀ ਨਹੀਂ ਦੇਵੇਗਾ।" ਪ੍ਰਿੰਸੀਪਲ ਸਾਹਿਬ ਏਸ ਮਾਮੂਲੀ ਦਿਹਾਤੀ ਅਗੇ ਝੁੱਕ ਗਏ। ਏਹਨੇ ਆਰਮੀ ਵਿੰਗ ਦੇ ਅੰਡਰ ਅਫਸਰ ਦੇ ਨਾਲ ਖਲੋ ਕੇ ਆਕੜ ਕੇ ਫੋਟੋ ਖਿਚਵਾਈ। ਓਦਣ ਦਾ ਈ ਆਕੜਿਆ ਫਿਰਦੈ।" ਫਿਰ ਮੇਰੇ

ਵੱਲ ਹੱਥ ਕਰਕੇ ਕਹਿੰਦਾ-"ਵੇਖ ਤੇ ਸਹੀ, ਕਿੱਦਾਂ ਅੰਦਰੋਂ-ਅੰਦਰੀ ਖੁਸ਼ ਹੋ ਰਿਹਾ ਹੈ।" ਉਸਦੀਆਂ ਉਹ ਗੱਲਾਂ ਸਾਰਿਆਂ ਨੂੰ ਦਸਣੀਆਂ ਮੈਨੂੰ ਵੀ ਚੰਗੀਆਂ ਲਗਦੀਆਂ ਸਨ। ਉਹਦੀ ਮਾਂ ਚਾਹ ਲਿਆਉਣ ਲਈ ਅਵਾਜ ਮਾਰਦੀ।

ਉਹਦੇ ਪਿਓ ਦੇ ਇਹ ਕਹਿਣ 'ਤੇ ਕਿ 'ਇਹਨੇ ਨਾਸਤਕ ਹੋ ਜਾਣੈ' ਹਰੀਸ਼ ਕਹਿੰਦਾ, "ਨਹੀਂ ਪਾਪਾ ਇਸ ਜਨਮ ਵਿਚ ਚਾਹੁੰਦਾ ਹੋਇਆ ਵੀ ਮੈਂ ਨਾਸਤਕ ਨਹੀਂ ਬਣ ਸਕਦਾ। ਇਕ ਅੰਗਰੇਜ਼ ਨੇ ਕਿਤਾਬ ਲਿਖੀ ਹੈ, ਉਸ ਵਿਚ ਉਹਨੇ ਕਿਹਾ ਹੈ-'ਮੇਰਾ ਈਸਾਈ ਧਰਮ ਤੋਂ ਵਿਸ਼ਵਾਸ ਉੱਠ ਗਿਆ ਹੈ ਤੇ ਬਾਕੀ ਧਰਮਾਂ ਤੋਂ ਵੀ ਉੱਠ ਗਿਆ ਹੈ ਪਰ ਫਿਰ ਵੀ ਕਿਧਰੇ ਗਹਿਰੇ ਵਿਚ ਜੀਸਸ ਮੇਰੇ ਮਨ ਵਿਚ ਬੈਠਾ ਹੈ। ਏਸੇ ਤਰ੍ਹਾਂ ਹੀ ਭਾਵੇਂ ਮੇਰਾ ਵੀ ਹੁਣ ਕਿਸੇ ਧਰਮ ਵਿਚ ਕੋਈ ਖਾਸ ਵਿਸ਼ਵਾਸ ਨਹੀਂ ਪਰ ਫਿਰ ਵੀ ਭਗਵਾਨ ਮਹਾਂਵੀਰ ਮੈਨੂੰ ਨਾਸਤਕ ਨਹੀਂ ਬਣਨ ਦੇਂਦਾ।"

ਕਈ ਵਾਰ ਜੈਨੀ ਬੁੱਢਾ ਮੈਨੂੰ ਪੁੱਛਦਾ-"ਕੁਲਬੀਰ ਤੁਹਾਡੇ ਧਰਮ ਵਿਚ ਵੀ ਨਰਕ-ਸਵਰਗ ਹੈ ਕਿ ਨਹੀਂ ?"

"ਹੋਣਾ ਈ ਆ ਜੀ, ਗੁਰਬਾਣੀ ਵਿਚ ਚਿੱਤਰ-ਗੁਪਤ ਜੁ ਸਾਰਾ ਲੇਖਾ ਲਿਖ ਕੇ ਧਰਮਰਾਜ ਨੂੰ ਭੇਜਦੇ ਹਨ ਲਿਖਿਆ ਹੈ ਤੇ ਉਹਨਾਂ ਦੇ ਲਿਖੇ ਅਨੁਸਾਰ ਕਿਸੇ ਨੂੰ ਨਰਕ ਤੇ ਕਿਸੇ ਨੂੰ ਸਵਰਗ ਮਿਲਦਾ ਹੈ।" ਇਸ ਤੋਂ ਵੱਧ ਤਾਂ ਮੈਨੂੰ ਖਾਸ ਪਤਾ ਵੀ ਨਹੀਂ ਸੀ ਹੁੰਦਾ।

ਮਿਨੀ ਹੱਸ ਪੈਂਦੀ ਤੇ ਅੰਗਰੇਜ਼ੀ ਵਿਚ ਕਹਿੰਦੀ-"ਵੈਰੀ ਡਿਪਲੋਮੈਟਿਕ ਰਿਪਲਾਈ।" (ਬੜਾ ਖਚਰਾ ਜਵਾਬ) ਪਰ ਹਰੀਸ਼ ਕਹਿੰਦਾ-"ਪਾਪਾ, ਇਹਨਾਂ ਦੇ ਧਰਮ ਵਿਚ ਵੀ ਲਗਭਗ ਉਹ ਸਭ ਕੁਝ ਹੈ ਜੋ ਹਿੰਦੂ ਧਰਮ ਵਿਚ ਹੈ। ਸਿਰਫ ਇਹਨਾਂ ਦੇ ਗੁਰੂ ਜੀ ਨੇ ਇਹ ਸੁਧਾਰ ਕੀਤਾ ਹੈ ਕਿ ਹਿੰਦੂ ਧਰਮ ਵਿਚ ਆਏ ਸਾਰੇ ਫਜ਼ੂਲ ਤੇ ਪੁਰਾਣੇ ਰਿਵਾਜ, ਜਿਵੇਂ ਜੰਜੂ ਪਾਉਣਾ ਜਾਂ ਕੋਈ ਮਰ ਜਾਵੇ ਤਾਂ ਪੁੱਤਰਾਂ ਵੱਲੋਂ ਸਿਰ ਰੋਡਾ ਕਰਵਾਉਣਾ, ਆਦਿ ਹੀ ਹਟਾਏ ਹਨ ਬਾਕੀ ਸਭ ਕੁਝ ਉਹੋ ਹੀ ਹੈ।"

ਹਰੀਸ਼ ਇਹ ਉਹ ਹੀ ਲਫ਼ਜ਼ ਦੁਹਰਾ ਰਿਹਾ ਸੀ, ਜੋ ਸਾਡਾ ਧਾਰਮਕ ਸਿੱਖਿਆ (ਡਿਵਨਿਟੀ) ਵਾਲਾ ਪ੍ਰੋਫੈਸਰ ਕਹਿੰਦਾ ਹੁੰਦਾ ਸੀ। ਇਹ ਪ੍ਰੋਫੈਸਰ ਮਹਾਤਮਾ ਗਾਂਧੀ ਨੂੰ ਗੋਲੀ ਮਾਰਨ ਵਾਲੇ ਨੱਥੂਰਾਮ ਗੋਡਸੇ ਦਾ ਸਾਥੀ ਸੀ ਤੇ ਗਾਂਧੀ ਦੇ ਕਤਲ ਦਾ ਮੁਕਦਮਾ ਇਹਦੇ 'ਤੇ ਵੀ ਚੱਲਿਆ ਸੀ। ਨੱਥੂਰਾਮ ਗੋਡਸੇ ਤਾਂ ਫਾਹੇ ਲੱਗ ਗਿਆ ਪਰ ਇਹ ਬਰੀ ਹੋ ਗਿਆ ਸੀ। ਇਹ ਪ੍ਰੋਫੈਸਰ ਦਸਦਾ ਹੁੰਦਾ ਸੀ ਕਿ ਉਹ ਹੈਡਗੇਵਾਰ ਦਾ ਬੜਾ ਗਹਿਰਾ ਪ੍ਰਸ਼ੰਸਕ ਹੈ। ਸਿੱਖ ਧਰਮ ਬਾਰੇ ਉਹ ਕਹਿੰਦਾ ਸੀ ਕਿ ਹਿੰਦੂ ਤੇ ਸਿੱਖ ਦੋਵੇਂ ਇਕ ਹੀ ਦਰੱਖਤ ਦੇ ਦੋ ਟਾਹਣ ਹਨ ਪਰ ਪਤਾ ਨਹੀਂ ਇਹਨਾਂ ਸਿੱਖਾਂ ਨੂੰ ਪੂਰਾ ਦਰੱਖਤ ਹੋਣ ਦਾ ਭੁਲੇਖਾ ਕੀਹਨੇ ਪਾ ਦਿੱਤਾ ਹੈ ? ਭਾਰਤ ਦਾ ਹਿੰਦੂ ਚਾਹੁੰਦਾ ਹੈ ਕਿ ਭਾਰਤ ਦਾ ਇਤਿਹਾਸ ਆਰੀਆਂ ਦੇ ਆਉਣ ਤੋਂ ਸ਼ੁਰੂ ਹੋਵੇ ਤੇ ਸਿੱਖ ਵੀ ਰਿਸ਼ੀਆਂ-ਮੁਨੀਆਂ ਦੇ ਬਣਾਏ ਹੋਏ ਜ਼ਿੰਦਗੀ ਗੁਜ਼ਾਰਨ ਦੇ ਤਰੀਕੇ ਨੂੰ ਮੰਨਣ (ਸ਼ਾਇਦ ਉਹ ਮਨੂੰਵਾਦ ਦੀ ਗੱਲ ਕਰਨੀ ਚਾਹੁੰਦਾ ਸੀ ਪਰ ਦਲਿਤ ਮੁੰਡਿਆਂ ਕਰਕੇ ਨਹੀਂ ਸੀ ਕਰਦਾ ਤੇ ਵਲ ਪਾ ਕੇ ਕਹਿੰਦਾ ਸੀ) ਪਰ ਜਦੋਂ ਸਿੱਖ ਆਪਣਾ ਇਤਿਹਾਸ ਪੰਜ ਸੌ ਸਾਲ ਤੋਂ ਗੁਰੂ ਨਾਨਕ ਤੋਂ ਸ਼ੁਰੂ ਕਰਦੇ ਹਨ ਤਾਂ ਏਸੇ ਲਈ ਕਈ ਲੋਕ ਸਿੱਖਾਂ ਨੂੰ ਗੱਦਾਰ ਕਹਿਣ ਤੱਕ ਜਾਂਦੇ ਹਨ। ਹੋਰ ਕਿਸੇ ਹਿੰਦੂ ਦਾ ਸਿੱਖਾਂ ਨਾਲ ਕੋਈ ਵਿਰੋਧ ਨਹੀਂ।

ਮੇਰਾ ਉਹ ਮਿੱਤਰ ਹੁਣ ਇਸ ਦੁਨੀਆਂ ਵਿਚ ਨਹੀਂ ਪਰ ਉਹਦੀਆਂ ਬਹੁਤ ਸਾਰੀਆਂ

ਗੱਲਾਂ ਨੂੰ ਮੈਂ ਅੱਜ ਵੀ ਠੀਕ ਮੰਨਦਾ ਹਾਂ। ਉਹਦੀਆਂ ਧਰਮ ਬਾਰੇ ਬਹੁਤੀਆਂ ਟਿੱਪਣੀਆਂ ਨੂੰ ਮੈਂ ਅੱਜ ਵੀ ਝੁਠਲਾ ਨਹੀਂ ਸਕਦਾ। ਸ਼ਾਇਦ ਕੋਈ ਵੀ ਬੰਦਾ ਆਪਣੇ ਧਰਮ ਵਿਚ ਆਈਆਂ ਤਰੁਟੀਆਂ ਕਰਕੇ ਉਸ ਧਰਮ ਨੂੰ, ਜੋ ਉਸਨੂੰ ਬਚਪਣ ਤੋਂ ਮਿਲਿਆ ਹੋਵੇ, ਛੱਡ ਨਹੀਂ ਸਕਦਾ। ਅੱਜ ਤੋਂ ਕਰੀਬ ਪੈਤੀਂ ਸਾਲ ਪਹਿਲਾਂ ਮੇਰਾ ਮਿੱਤਰ ਜੈਨ ਧਰਮ ਵਿਚ ਪਾਏ ਬ੍ਰਾਹਮਣ ਦੇ ਰਲੇ ਕਰਕੇ ਬਹੁਤ ਚਿੰਤਤ ਸੀ ਪਰ ਮੈਨੂੰ ਓਦੋਂ ਕੋਈ ਚਿੰਤਾ ਨਹੀਂ ਸੀ। ਮੈਂ ਆਪਣੇ ਧਰਮ ਨੂੰ ਸਰਬ ਸ੍ਰੇਸ਼ਟ ਧਰਮ ਸਮਝਦਾ ਸਾਂ। ਇਸ ਚੜ੍ਹਦੀਕਲਾ ਵਾਲੀ ਭਾਵਨਾਂ ਕਰਕੇ ਅੰਦਰੋ-ਅੰਦਰ ਮੈਨੂੰ ਬੜਾ ਅਨੰਦ ਆਉਂਦਾ। ਉਹਦੇ ਕਹੇ ਹੋਏ ਸ਼ਬਦ ਅੱਜ ਵੀ ਮੇਰੇ ਕੰਨਾਂ ਵਿਚ ਗੂੰਜਦੇ ਹਨ। ਉਹ ਸਿੱਧਾ ਬ੍ਰਾਹਮਣ ਨੂੰ ਕਸੂਰਵਾਰ ਨਹੀਂ ਸੀ ਮੰਨਦਾ, ਉਹਦੀ ਨਿਗ੍ਹਾ ਵਿਚ ਜੈਨੀ ਵਿਦਵਾਨ ਤੇ ਧਾਰਮਕ ਲੋਕ ਵੀ ਓਨੇ ਹੀ ਕਸੂਰਵਾਰ ਸਨ ਸਗੋਂ ਉਹ ਆਪਣੇ ਮਾਤਾ-ਪਿਤਾ ਤੇ ਤਾਏ ਨੂੰ ਵੀ ਪੂਰਾ-ਪੂਰਾ ਕਸੂਰਵਾਰ ਮੰਨਦਾ ਸੀ। ਉਹ ਕਹਿੰਦਾ ਸੀ-"ਜੇ ਸਧਾਰਣ ਲੋਕ ਗਲਤ ਤੇ ਭੁਲੇਖਾ-ਪਾਊ ਜੈਨ ਪ੍ਰਚਾਰ ਨੂੰ ਨਾ ਮੰਨਣ ਤਾਂ ਬ੍ਰਾਹਮਣ ਇਨ੍ਹਾਂ ਦਾ ਹੁਣ ਵੀ ਕੁਝ ਨਹੀਂ ਵਿਗਾੜ ਸਕਦਾ।" ਉਸਦੇ ਖਿਆਲ ਅਨੁਸਾਰ ਮਰਦੇ ਜੈਨ ਧਰਮ ਵਿਚ ਅਜੇ ਵੀ ਰੂਹ ਫੂਕੀ ਜਾ ਸਕਦੀ ਹੈ ਪਰ ਉਹ ਇਹ ਵੀ ਮੰਨਦਾ ਸੀ ਕਿ ਇਸ ਤਰਾਂ ਹੋ ਸਕਣਾ ਹੁਣ ਕਾਫੀ ਮੁਸ਼ਕਲ ਹੈ ਕਿਉਂਕਿ ਜੈਨੀ ਬਹੁਤ ਬੁਰੀ ਤਰ੍ਹਾਂ ਗੁੰਮਰਾਹ ਹੋ ਚੁੱਕੇ ਹਨ। ਗੁੰਮਰਾਹ ਹੋਏ ਲੋਕਾਂ ਨੂੰ ਰਾਹ 'ਤੇ ਲਿਆਉਣਾ ਓਨਾਂ ਹੀ ਔਖਾ ਹੁੰਦਾ ਹੈ, ਜਿੰਨਾਂ ਖੋਤੇ ਨੂੰ ਬੇੜੀ 'ਤੇ ਚੜ੍ਹਾਉਣਾ। ਉਹ ਕਹਿੰਦਾ ਸੀ-"ਜੇ ਕੋਈ ਖੋਤੇ ਨੂੰ ਬੇੜੀ 'ਤੇ ਚੜ੍ਹਾਉਣ ਦੀ ਕੋਸ਼ਿਸ਼ ਕਰੇ ਤਾਂ ਉਹ ਸਗੋਂ ਪਿਛਾਂਹ ਨੂੰ ਜਾਂਦਾ ਹੈ। ਉਸਦਾ ਤਰੀਕਾ ਇਹ ਹੈ ਕਿ ਖੋਤੇ ਦਾ ਪਿੱਛਾ ਬੇੜੀ ਵੱਲ ਕਰਕੇ ਅੱਗੇ ਨੂੰ ਖਿੱਚਿਆ ਜਾਵੇ ਤਾਂ ਉਹ ਅੜੀ ਕਰਕੇ ਪਿਛਾਂਹ ਨੂੰ ਜਾਂਦਾ ਹੈ ਤੇ ਇਸ ਤਰ੍ਹਾਂ ਘੜੱਪ ਕਰਕੇ ਬੇੜੀ ਵਿਚ ਚੜ੍ਹ ਜਾਂਦਾ ਹੈ।" ਪਤਾ ਨਹੀਂ ਕਿਉਂ ਉਹ ਕਿਸੇ ਵੀ ਸੁਧਾਰ ਨੂੰ ਅਸੰਭਵ ਮੰਨਦਾ ਸੀ ਬਲਕਿ ਉਸਦਾ ਫਤਵਾ ਸੀ ਕਿ ਹੁਣ ਕੁਝ ਨਹੀਂ ਹੋ ਸਕਦਾ। ਇਕੋ ਹੀ ਸਮੇਂ 'ਤੇ ਉਸਦੀਆਂ ਦੋ ਸੋਚਾਂ ਸ਼ਾਇਦ ਨਿਰਾਸ਼ਾ ਦਾ ਸਿੱਟਾ ਸਨ। ਇਹੋ ਹੀ ਹਾਲ ਅੱਜ ਹਰ ਜਾਗਰੂਕ ਸਿੱਖ ਦਾ ਹੈ।

ਉਪਰੋਕਤ ਸਾਰੀਆਂ ਗੱਲਾਂ ਤੋਂ ਮੈਂ ਓਦੋਂ ਅਨਜਾਣ ਸਾਂ ਪਰ ਅੱਜ ਨਹੀਂ। ਮੈਨੂੰ ਹੁਣ ਪੂਰਾ ਪਤਾ ਹੈ ਕਿ ਜੈਨੀਆਂ ਦੀ ਨਿੱਘਰੀ ਹਾਲਤ ਬਾਰੇ ਜਿੰਨਾਂ ਮੇਰਾ ਮਿੱਤਰ ਏਨੀਂ ਛੋਟੀ ਉਮਰ ਵਿਚ ਓਦੋਂ ਚਿੰਤਤ ਸੀ, ਅੱਜ ਸਿੱਖਾਂ ਦੀ ਹਾਲਤ ਉਸ ਤੋਂ ਕਈ ਗੁਣਾਂ ਵੱਧ ਭੈੜੀ ਸਥਿਤੀ ਵਿਚ ਹੈ। ਜੈਨ ਤਾਂ ਜਿਥੇ ਕੁ ਓਦੋਂ ਸਨ, ਉਥੇ ਕੁ ਹੀ ਹੁਣ ਹਨ ਪਰ ਸਿੱਖ ਬਹੁਤ ਡੂੰਘੀ ਖੱਡ ਵਿਚ ਡਿੱਗ ਚੁਕੇ ਹਨ। ਮੈਨੂੰ ਓਦੋਂ ਇਹ ਸਮਝ ਨਹੀਂ ਸੀ ਹੁੰਦੀ ਕਿ ਜੇ ਮੂੰਹ-ਖੁਰ ਦੀ ਬਿਮਾਰੀ ਮੱਝਾਂ ਨੂੰ ਲੱਗੀ ਹੋਵੇ ਤਾਂ ਉਹ ਹੋਰ ਜਾਨਵਰਾਂ ਨੂੰ ਵੀ ਲੱਗ ਜਾਂਦੀ ਹੈ। 'ਜਿਹੜੇ ਰੋਗ ਨਾਲ ਬੱਕਰੀ ਮਰੀ, ਉਹੋ ਰੋਗ ਪਠੋਰੇ ਨੂੰ' ਵਾਂਗ ਜੈਨੀ ਤੇ ਬੋਧੀ ਦੋਵੇਂ ਮਾਰੇ ਗਏ ਪਰ ਮੁਸਲਿਮ ਅਤੇ ਈਸਾਈ ਧਰਮ ਦੋਵੇਂ ਇਥੋਂ ਦੇ ਜਮਪਲ ਨਹੀਂ ਅਤੇ ਉਹ ਦੋਵੇਂ ਹੀ ਹਮਲਾਵਰ ਸਨ ਤੇ ਬਾਹਰਲੇ ਮੁਲਕਾਂ ਵਿਚ ਇਹਨਾਂ ਦੀਆਂ ਜੜ੍ਹਾਂ ਬਹੁਤ ਮਜ਼ਬੂਤ ਹਨ, ਇਸ ਲਈ ਇਹ ਨਹੀਂ ਮਰ ਸਕਦੇ, ਜਦੋਂ ਕਿ ਦੂਜੇ ਚਾਰੇ ਧਰਮ ਅਰਥਾਤ ਜੈਨੀ, ਬੋਧੀ, ਪਾਰਸੀ ਤੇ ਸਿੱਖ ਨਹੀਂ ਬਚ ਸਕਦੇ। ਬ੍ਰਾਹਮਣ ਨੇ ਸਿੱਖਾਂ ਨੂੰ ਵਿਚੋ ਵਿਚ ਖਾ ਲਿਆ ਹੈ। ਜੈਨੀਆਂ ਦੇ ਧਾਰਮਕ ਗ੍ਰੰਥਾਂ ਵਿਚ ਰਲਾ ਤਾਂ ਪਿਆ ਪਰ ਉਨ੍ਹਾਂ ਦਾ ਅਹਿੰਸਾ ਦਾ ਅਸੂਲ ਅਜੇ ਵੀ ਜਿਓਂ ਦਾ ਤਿਓਂ ਹੈ। ਇਸ ਅਸੂਲ ਤੋਂ ਹੀ ਉਹ ਆਪਣਾ ਸੁਧਾਰ ਕਰਨਾ ਚਾਹੁਣ ਤਾਂ ਸ਼ਾਇਦ ਸੰਭਵ ਹੋ ਸਕਦਾ ਹੋਵੇ ਪਰ ਸਿੱਖ ਧਰਮ ਦਾ ਤਾਂ ਹੁਣ ਕੋਈ ਅਸੂਲ ਹੀ ਨਹੀਂ ਰਹਿ ਗਿਆ। ਜਿਸ ਧਰਮ ਦੇ ਪੈਰ ਵੱਢੇ ਜਾਣ

ਉਸਦਾ ਕੀ ਬਣ ਸਕਦਾ ਹੈ? ਗੁਰਦੁਆਰਿਆਂ ਦੇ ਗ੍ਰੰਥੀ ਬ੍ਰਾਹਮਣ ਦਾ ਰੂਪ ਲੈ ਚੁੱਕੇ ਹਨ ਤੇ ਪੰਜਾਂ ਤੱਖਤਾਂ ਦੇ ਜਥੇਦਾਰ ਸ਼ੰਕਰਾਚਾਰੀਆ ਪੀਠਾਂ ਦਾ। ਸਾਧਾ-ਸੰਤਾਂ ਨੇ ਲੋਕਾਂ ਦੇ ਦਿਮਾਗ਼ ਬਿਮਾਰ ਕਰ ਦਿੱਤੇ ਹਨ ਅਤੇ ਝੂਠੀਆਂ ਸੱਚੀਆਂ ਸਾਖੀਆਂ ਸੁਣਾ-ਸੁਣਾ ਕੇ ਏਨਾਂ ਕਚਰਾ ਭਰ ਦਿੱਤਾ ਹੈ ਜੋ ਹੁਣ ਕੱਢਿਆ ਨਹੀਂ ਜਾ ਸਕਦਾ। ਦਸ ਗੁਰੂ ਸਾਹਿਬਾਨ, ਜਿਨ੍ਹਾਂ ਨੇ ਪੂਰੇ ਦੋ ਸੌ ਸਾਲ ਵਿਚ ਸਿੱਖਾਂ ਦਾ 'ਰੂਪ ਤੇ ਸਿਧਾਂਤ' ਤਿਆਰ ਕੀਤਾ ਸੀ, ਅੱਜ ਡੇਰੇਦਾਰ ਸਾਧਾਂ-ਸੰਤਾਂ ਦੀ ਧੂੜ ਵਿਚ ਆਮ ਸਿੱਖਾਂ ਦੀ ਪਛਾਣੋਂ ਬਾਹਰ ਹੋਣ ਦੀ ਨੌਬਤ ਤੱਕ ਆ ਗਿਆ ਹੈ। ਦਸ ਗੁਰੂ ਸਾਹਿਬਾਨ ਨੇ ਜਿਹੜਾ ਕੰਮ ਸਿੱਖਾਂ ਨੂੰ ਨਾ ਕਰਨ ਦੀ ਹਦਾਇਤ ਕੀਤੀ ਸੀ, ਉਹ ਕੰਮ ਸਗੋਂ ਜ਼ਰੂਰ ਹੀ ਕਰਵਾਉਣ ਲਈ ਸਾਧ-ਸੰਤ ਹਰ ਹੀਲਾ-ਵਸੀਲਾ ਵਰਤ ਰਹੇ ਹਨ।

ਬ੍ਰਾਹਮਣ ਦੀ ਤੋਤੇਰੱਟ ਨੂੰ ਗੁਰੂ ਜੀ ਨੇ ਨਕਾਰਿਆ ਸੀ ਪਰ ਅੱਜ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਬਦੀ ਸਿੱਖਿਆ ਗ੍ਰਹਿਣ ਕਰਨ ਦੀ ਥਾਂ ਸਗੋਂ ਸਿੱਖਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਹੀ ਬ੍ਰਾਹਮਣਾਂ ਵਾਂਗ ਰਟਣਾ ਸ਼ੁਰੂ ਕਰ ਦਿੱਤਾ ਹੈ। ਪੰਜ ਲੱਖ ਪਾਠ, ਸਵਾ ਲੱਖ ਪਾਠ ਤੇ ਇਕ ਲਾਈਨ ਵਿਚ ਇੱਕੀ-ਇੱਕੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਰੱਖ ਕੇ ਪਾਠ ਕਰਨ ਨੇ ਬ੍ਰਾਹਮਣਾਂ ਨੂੰ ਵੀ ਮਾਤ ਪਾ ਦਿੱਤਾ ਹੈ। ਢੋਲਕੀਆਂ-ਚਿਮਟਿਆਂ, ਹਰਮੋਨੀਅਮ-ਵਾਜਿਆਂ ਤੇ ਲਾਊਡ ਸਪੀਕਰਾਂ ਨਾਲ ਆਪਣੇ ਹੀ ਮਨ ਵਿਚ ਬੈਠੇ ਸਤਿਗੁਰੂ ਨੂੰ ਲੱਭਿਆ ਜਾ ਰਿਹਾ ਹੈ। ਗੁਰੂ ਦਸਮ ਪਾਤਸ਼ਾਹ ਜੀ ਦੀ ਇੱਛਾ ਦੇ ਉਲਟ ਪੀੜ੍ਹੀ ਦੇ ਪਾਵਿਆਂ, ਥੜ੍ਹਿਆ ਤੇ ਸਰਦਲਾਂ ਨੂੰ ਨੱਪਿਆ-ਘੁੱਟਿਆ ਜਾ ਰਿਹਾ ਹੈ। ਜਿਹੜਾ ਸਰੀਰ ਪੰਜ ਭੂਤਕ ਨਾ ਹੋਵੇ, ਉਹ ਠੰਢ ਤੇ ਗਰਮੀ ਤੋਂ ਰਹਿਤ ਹੁੰਦਾ ਹੈ। ਮਹਾਰਾਜ ਦੇ ਸੁਖ ਆਸਣ ਦੇ ਨਾਂ 'ਤੇ ਏ. ਸੀ. ਤੇ ਹੀਟਰ ਲੱਗ ਰਹੇ ਹਨ, ਕੰਬਲ-ਰਜਾਈਆਂ ਦਿੱਤੇ ਜਾ ਰਹੇ ਹਨ। ਗਰਮੀਆਂ ਵਿਚ ਮਲਮਲ ਦਾ ਬਰੀਕ ਕਪੜਾ ਤੇ ਸਰਦੀਆਂ ਵਿਚ ਭਾਰੀਆਂ ਰਜਾਈਆਂ ਖਰੀਦ ਕੇ ਪੁੰਨ ਖੱਟਿਆ ਜਾ ਰਿਹਾ ਹੈ। ਨਾਰੀਅਲ ਤੇ ਕੁੰਭ, ਗ੍ਰੰਥੀ ਕਹਿ ਕੇ ਮੰਗਵਾਉਂਦੇ ਹਨ। ਕੋਰਾ ਘੜਾ ਨਾ ਹੋਵੇ ਤਾਂ ਅਰਥੀ ਨਹੀਂ ਚੁੱਕੀ ਜਾਂਦੀ। ਇਸ ਸਭ ਕੁਝ ਨੇ ਸਿੱਖੀ ਨੂੰ ਡੂੰਘੀ ਖੱਡ ਵਲ ਧਕੇਲ ਦਿੱਤਾ ਹੈ। ਡੇਰਿਆਂ ਦੇ ਸਾਧਾਂ ਨੂੰ ਗੁਰੂਆਂ ਦਾ ਗੁਰਪੁਰਬ ਮਨਾਉਣੇ ਭੁੱਲ ਗਏ ਹਨ ਪਰ ਆਪਣੇ ਤੋਂ ਪਹਿਲਾਂ ਹੋ ਚੁੱਕੇ ਸਾਧਾਂ ਦੇ ਮੇਲੇ ਲਵਾਉਂਦੇ ਤੇ ਗੁਰਪੁਰਬ ਤੋਂ ਵੀ ਜ਼ਿਆਦਾ ਆਡੰਬਰ ਰਚਦੇ ਹਨ। ਭਗਤ ਕਬੀਰ ਜੀ ਦੀ ਬਾਣੀ ਦਾ ਉਹ ਮੁੱਖ ਵਾਕ-"ਦੋਨੋ ਹਾਥ ਉਲੀਚੀਏ, ਯਹੀ ਸੰਤਨ ਕਾ ਕਾਮ" ਅੱਜ ਬੇਮਤਲਬ ਹੋ ਗਿਆ ਹੈ। ਅੱਜਕਲ ਦੇ ਸਾਧ ਤਾਂ ਪੈਸੇ ਨੂੰ ਏਨਾਂ ਘੁੱਟ ਲੈਂਦੇ ਹਨ ਤੇ ਗ੍ਰਿਹਸਤੀਆਂ ਨਾਲੋਂ ਵੀ ਮਾਇਆ ਦਾ ਜ਼ਿਆਦਾ ਮੋਹ ਕਰਦੇ ਹਨ ਕਿ ਕਿਸੇ ਸਾਧ ਕੋਲੋਂ ਕੌਮ ਦੇ ਭਲੇ ਵਾਸਤੇ ਪੈਸੇ ਲੈਣੇ ਤੇ ਸੰਢਾ ਚੋਣਾ ਇਕ ਬਰਾਬਰ ਹੈ।

ਅੱਜ ਜੈਨੀਆਂ ਤੇ ਬੋਧੀਆਂ ਵਾਂਗ ਸਿੱਖ ਧਰਮ ਵੀ ਪੂਰੀ ਤਰ੍ਹਾਂ ਬ੍ਰਾਹਮਣ ਦੀ ਗ੍ਰਿਫਤ ਵਿਚ ਹੈ। ਸਿੱਖ ਹਿੰਦੂ ਰੂਪੀ ਅਜਗਰ ਦੇ ਵਲੇਵੇਂ ਵਿਚ ਫਸ ਚੁੱਕਾ ਹੈ। ਹੁਣ ਦਿਨ-ਬਦਿਨ ਅਜਗਰ ਦੀ ਘੁਟਣ ਵੱਧਦੀ ਜਾਵੇਗੀ ਤੇ ਸਿੱਖ ਦੀਆਂ ਹੱਡੀਆਂ ਦਾ ਚੂਰਾ ਬਣਨ ਦੇ ਨਾਲ-ਨਾਲ ਗਿੱਠ ਲੰਮੀ ਜੀਭ ਵੀ ਬਾਹਰ ਨਿਕਲ ਆਵੇਗੀ। ਜਿਨ੍ਹਾਂ ਡੇਰੇ ਵਾਲੇ ਸੰਤਾਂ-ਸਾਧਾਂ ਨੇ ਆਮ ਸਿੱਖਾਂ ਦੀ ਅਗਵਾਈ ਕਰਕੇ ਉਨ੍ਹਾਂ ਨੂੰ ਹਿੰਦੂ ਰੂਪੀ ਅਜਗਰ ਦੇ ਮੂੰਹ ਵਿਚੋਂ ਬਚਾਉਣਾ ਸੀ ਉਹ ਤਾਂ ਆਪ ਅਜੰਗਰ ਬਣ ਚੁਕੇ ਹਨ। ਹੁਣ ਸਿੱਖ ਦਾ ਕੀ ਬਣਨਾ ਹੈ? ਸਤਿਗੁਰੂ ਸੱਚੇ ਪਾਤਸ਼ਾਹ ਸਹਾਈ ਹੋਣ।

***

# ਬੁੱਧ ਧਰਮ

ਸਿੱਖ ਧਰਮ ਅਤੇ ਦੂਜੇ ਧਰਮਾਂ ਵਿਚ ਮੁਢਲਾ ਫਰਕ ਇਹ ਹੈ ਕਿ ਦੂਜੇ ਧਰਮਾਂ ਦੀ ਸ਼ੁਰੂਆਤ ਜਾਂ ਮਾਨਤਾ ਇਸ ਕਰਕੇ ਸ਼ੁਰੂ ਹੋਈ ਕਿਉਂਕਿ ਹਿੰਦੂਆਂ ਦੇ ਭਗਵਾਨ ਰਾਮ, ਕ੍ਰਿਸ਼ਨ, ਜੈਨੀਆਂ ਦੇ 24 ਤੀਰਥੰਕਰ, ਬੁੱਧ ਧਰਮ ਦੇ ਮਹਾਤਮਾ ਬੁੱਧ ਅਤੇ ਇਸਲਾਮ ਧਰਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ, ਸਾਰੇ ਰਾਜੇ ਜਾਂ ਰਾਜਿਆਂ ਦੇ ਪੁੱਤਰ ਸਨ ਪਰ ਸਿੱਖਾਂ ਦੇ ਪਹਿਲੇ ਗੁਰੂ ਨਾਨਕ ਜੀ ਸਿਰਫ ਇਕ ਪਟਵਾਰੀ ਦੇ ਪੁੱਤਰ ਸਨ। ਏਸੇ ਤਰ੍ਹਾਂ ਹੀ ਇਸਾਈ ਧਰਮ ਦੇ ਬਾਨੀ ਯਸੂ ਮਸੀਹ ਵੀ ਇਕ ਤਰਖਾਣ ਸਨ। ਓਹਨਾਂ ਦਾ ਤਾਂ ਜਨਮ ਵੀ ਭੇਡਾਂ ਦੇ ਵਾੜੇ ਵਿਚ ਹੋਇਆ ਸੀ। ਰਾਮ, ਕ੍ਰਿਸ਼ਨ, ਜੈਨੀਆਂ ਦੇ ਚੋਵੀ ਦੇ ਚੌਵੀ ਤੀਰਥੰਕਰ, ਬੁੱਧ ਤੇ ਸਿੱਖਾਂ ਦੇ ਗੁਰੂ ਨਾਨਕ ਸਮੇਤ ਦਸ ਦੇ ਦਸ ਗੁਰੂ ਵੀ ਕਸ਼ੱਤਰੀ (ਹੁਣ ਦੇ ਖਤਰੀ) ਸਨ। ਕਹਿਣ ਤੋਂ ਭਾਵ ਇਹ ਹੈ ਕਿ ਭਾਰਤ ਵਿਚ ਜਨਮੇ ਸਾਰੇ ਧਰਮ ਗੁਰੂ ਕਸ਼ਤੱਰੀ ਸਨ। ਰਾਮ ਤੇ ਕ੍ਰਿਸ਼ਨ ਦਾ ਸੰਬੰਧ ਤਾਂ ਹਿੰਦੂ ਧਰਮ ਨਾਲ ਹੀ ਰਿਹਾ ਹੈ ਪਰ ਬੁੱਧ ਤੋਂ ਬੁੱਧ ਧਰਮ, ਜੈਨ ਗੁਰੂਆਂ ਤੋਂ ਜੈਨ ਧਰਮ ਤੇ ਦਸ ਗੁਰੂਆਂ ਤੋਂ ਸਿੱਖ ਧਰਮ ਹੋਂਦ ਵਿਚ ਆਇਆ। ਈਸਾਈ ਤੇ ਮੁਸਲਿਮ ਧਰਮ ਬਾਹਰ ਤੋਂ ਭਾਰਤ ਆਏ, ਇਸ ਲਈ ਇਨ੍ਹਾਂ ਦੋਹਾਂ ਦੀ ਗੱਲ ਬਾਅਦ ਵਿਚ ਕਰਾਂਗੇ।

ਉਪਰੋਕਤ ਸਾਰੇ ਧਰਮਾਂ ਵਿਚ ਬ੍ਰਾਹਮਣ ਦਾ ਰੋਲ ਕੀ ਸੀ? ਇਸ ਦੀ ਚਰਚਾ ਜ਼ਰੂਰੀ ਹੈ। ਕਿਉਂਕਿ ਰਾਮ ਤੇ ਕ੍ਰਿਸ਼ਨ ਤਾਂ ਹਿੰਦੂ ਧਰਮ ਨਾਲ ਹੀ ਸਬੰਧਤ ਸਨ, ਇਸ ਲਈ ਹਿੰਦੂ ਧਰਮ ਤਾਂ ਬ੍ਰਾਹਮਣ ਤੋਂ ਬਿਨਾਂ ਇਕ ਪੈਰ ਵੀ ਨਹੀਂ ਤੁਰਿਆ "ਸੱਜਾ ਧੋਵੇ ਖੱਬੇ ਨੂੰ ਤੇ ਖੱਬਾ ਧੋਵੇ ਸੱਜੇ ਨੂੰ" ਵਾਂਗ ਹਿੰਦੂ ਕਸ਼ਤਰੀਆਂ ਨੇ ਬ੍ਰਾਹਮਣ ਤੋਂ ਬਿਨਾਂ ਇਕ ਪੈਰ ਵੀ ਨਹੀਂ ਪੁੱਟਿਆ। ਜੇ ਕਸ਼ੱਤਰੀ ਰਾਜਿਆਂ ਨੇ ਪਰਜਾ 'ਤੇ ਜ਼ੁਲਮ ਕੀਤਾ ਤਾਂ ਬ੍ਰਾਹਮਣ ਨੇ ਇਸਨੂੰ ਜਾਇਜ ਕਰਾਰ ਦਿੱਤਾ, ਬਲਕਿ ਪਰਜਾ ਨੂੰ ਇਹ ਸਮਝਾਇਆ ਕਿ ਰਾਜਾ ਤਾਂ ਪਿਤਾ ਸਮਾਨ ਹੁੰਦਾ ਹੈ, ਜੇ ਓਹ ਕਿਸੇ ਦੀ ਜਾਨ ਵੀ ਲੈ ਲਵੇ ਤਾਂ ਕੋਈ ਗੱਲ ਨਹੀਂ । ਜੇ ਰਾਜੇ ਨੂੰ ਆਪਣੇ ਕੀਤੇ ਹੋਏ ਪਾਪਾਂ ਤੋਂ ਡਰ ਲੱਗਾ ਤਾਂ ਬ੍ਰਾਹਮਣ ਫੱਟ ਉਸ ਦੀ ਮਦਦ 'ਤੇ ਆ ਗਿਆ ਤੇ ਉਸਨੂੰ ਮਾਨਸਕ ਉਲਝਣ ਵਿਚੋਂ ਕੱਢਣ ਲਈ ਉਸਨੂੰ ਦੱਸਿਆ ਕਿ ਸ਼ਕਤੀਸ਼ਾਲੀ ਰਾਜਾ ਪਾਪ ਅਤੇ ਪੁੰਨ ਤੋਂ ਪਰ੍ਹੇ ਹੁੰਦਾ ਹੈ। ਇਸ ਲਈ ਰਾਜੇ ਨੂੰ ਆਪਣੇ ਕੀਤੇ ਹੋਏ ਪਾਪਾਂ ਤੋਂ ਡਰਨ ਦੀ ਲੋੜ ਨਹੀਂ। ਬਸ ਉਹ ਬ੍ਰਾਹਮਣ ਨਾਲ ਬਣਾ ਕੇ ਰੱਖੇ, ਫਿਰ ਉਸਨੂੰ ਕੋਈ ਦੁਖ ਦਲਿੱਦਰ ਨਹੀਂ। ਬ੍ਰਾਹਮਣ ਕੋਲ ਹਰ ਮਰਜ ਦੀ ਦਵਾ ਹੈ। ਇਸ ਤਰ੍ਹਾਂ ਦੇ ਆਪਸੀ ਸਮਝੌਤੇ ਵਿਚ ਇਕ ਵਾਰ ਓਦੋਂ ਦਰਾੜ ਆਈ ਜਦੋਂ ਪਰਸੂ ਰਾਮ ਦੇ ਪਿਓ ਬ੍ਰਾਹਮਣ ਨੇ ਕਸ਼ੱਤਰੀ ਰਾਜੇ ਕੋਲੋਂ ਕਪਲਾ ਗਊ ਮੰਗ ਲਈ। ਕਪਲਾ ਗਊ ਉਸ ਕਾਮਧੇਨ ਗਊ ਨੂੰ ਆਖਦੇ ਹਨ, ਜਿਹੜੀ ਦੁੱਧ ਤੋਂ ਬਗੈਰ ਹੋਰ ਵੀ ਜੋ ਮੰਗੋ ਉਹ ਦੇਂਦੀ ਹੈ। ਰਾਜੇ ਨੂੰ ਬ੍ਰਾਹਮਣ ਦੀ ਇਹ ਮੰਗ ਚੰਗੀ ਨਾ ਲੱਗੀ, ਨਾਲੇ ਬ੍ਰਾਹਮਣ ਨੇ ਉਹਨੂੰ ਇਹ ਵੀ ਤਾਂ ਦਸਿਆ ਸੀ ਕਿ ਸ਼ਕਤੀਸ਼ਾਲੀ ਰਾਜਾ ਪਾਪ ਤੇ ਪੁੰਨ ਤੋਂ ਪਰ੍ਹੇ ਹੁੰਦਾ ਹੈ, ਇਸ

ਲਈ ਜਦੋਂ ਹੀ ਬ੍ਰਾਹਮਣ ਨੇ ਰਾਜੇ ਨੂੰ ਕਿਹਾ, "ਰਾਜਨ ਤੈਨੂੰ ਪਾਪ....." ਅਜੇ ਗਲ ਬ੍ਰਾਹਮਣ ਦੇ ਮੂੰਹ ਵਿਚ ਹੀ ਸੀ ਕਿ ਰਾਜੇ ਨੇ ਤਲਵਾਰ ਮਾਰ ਕੇ ਉਹਦਾ ਸਿਰ ਲਾਹ ਕੇ ਅਹੁ ਮਾਰਿਆ। ਪੰਰ ਇਹ ਗਲ ਆਈ-ਗਈ ਨਾ ਹੋ ਸਕੀ।

ਓਸੇ ਹੀ ਬ੍ਰਾਹਮਣ ਦੇ ਪੁੱਤ ਪਰਸੂ ਰਾਮ ਨੇ ਆਪਣੇ ਪਿਓ ਦਾ ਬਦਲਾ ਲੈਣ ਲਈ ਕਸ਼ੱਤਰੀ ਰਾਜਿਆਂ ਦਾ ਹੀ ਨਹੀਂ, ਕਸ਼ੱਤਰੀ ਜਨਤਾ ਦਾ ਵੀ ਕਤਲੇਆਮ ਸ਼ੁਰੂ ਕਰ ਦਿੱਤਾ। ਅਠਾਰਾਂ ਸੇਰ ਦਾ ਫਰਸਾ (ਕੁਹਾੜਾ) ਉਹ ਹਰ ਵੇਲੇ ਮੋਢੇ 'ਤੇ ਰੱਖਦਾ। ਓਸੇ ਨੇ ਇਸ ਧਰਤੀ ਨੂੰ ਅਠਾਰਾਂ ਵਾਰ ਕਸ਼ੱਤਰੀਆਂ ਤੋਂ ਰਹਿਤ ਕੀਤਾ। ਪਰਸੂ ਰਾਮ ਜਦੋਂ ਕਸ਼ੱਤਰੀਆਂ ਨੂੰ ਮਾਰਦਾ ਸੀ ਤਾਂ ਔਰਤਾਂ ਨੂੰ ਨਹੀਂ ਸੀ ਮਾਰਦਾ ਤੇ ਨਾ ਹੀ ਉਹ ਰਿਸ਼ੀਆਂ-ਮੁਨੀਆਂ ਨੂੰ ਮਾਰਦਾ ਸੀ। ਸੰਤਾਨ ਉਤਪਤੀ ਦਾ ਹੋਰ ਕੋਈ ਤਰੀਕਾ ਨਾ ਰਿਹਾ, ਸਿਵਾਏ 'ਨਿਯੋਗ' ਦੇ। ਕਸ਼ੱਤਰੀ ਇਸਤਰੀਆਂ ਰਿਸ਼ੀਆਂ-ਮੁਨੀਆਂ ਤੇ ਤਪੱਸਵੀਆਂ ਨਾਲ ਭੋਗ ਕਰਦੀਆਂ ਤੇ ਇਸ ਤਰ੍ਹਾਂ ਸੰਤਾਨ ਦੀ ਉਤਪਤੀ ਹੁੰਦੀ। ਏਸੇ ਤਰੀਕੇ ਨੂੰ ਹੀ 'ਨਿਯੋਗ' ਕਹਿੰਦੇ ਹਨ ਕਿਉਂਕਿ ਅਠਾਰਾਂ ਵਾਰ ਧਰਤੀ ਆਮ ਕਸ਼ੱਤਰੀਆਂ ਤੋਂ ਖਾਲੀ ਹੋ ਚੁੱਕੀ ਸੀ। ਉਸ ਤੋਂ ਬਾਅਦ ਜਿੰਨੇ ਵੀ ਬੱਚੇ ਜੰਮੇ ਉਹ ਰਿਸ਼ੀਆਂ-ਮੁਨੀਆਂ ਦੇ ਸਨ। ਏਸੇ ਲਈ ਹੀ ਭਾਰਤੀ ਲੋਕਾਂ ਨੂੰ ਰਿਸ਼ੀਆਂ-ਮੁਨੀਆਂ ਦੀ ਔਲਾਦ ਕਿਹਾ ਜਾਂਦਾ ਹੈ। ਕਹਿੰਦੇ ਹਨ ਸ਼ਬਦ ਅਰੋੜੇ ਵੀ ਏਸੇ ਹੀ ਸਾਕੇ ਵਿਚੋਂ ਹੋਂਦ ਵਿਚ ਆਇਆ ਹੈ। ਜਦੋਂ ਪਰਸੂ ਰਾਮ ਕਿਸੇ ਨੂੰ ਮਾਰਦਾ ਸੀ ਤਾਂ ਪਹਿਲਾਂ ਪੁੱਛ ਲੈਂਦਾ ਸੀ, "ਕਸ਼ੱਤਰੀ?" ਜੇ ਉਹ ਕਹਿੰਦਾ-"ਹਾਂ" ਤਾਂ ਉਸ ਨੂੰ ਕਤਲ ਕਰ ਦੇਂਦਾ। ਇਕ ਦਿਨ ਇਕ ਸਮਝਦਾਰ ਤੇ ਸਿਆਣੇ ਕਸ਼ੱਤਰੀ ਨੂੰ ਉਹਨੇ ਪੁੱਛਿਆ-"ਕਸ਼ੱਤਰੀ?" ਅੱਗੋਂ ਉਸ ਕਸ਼ੱਤਰੀ ਨੇ ਕਿਹਾ, "ਨਹੀਂ ਹਮ ਔਰ ਹੈਂ।" ਫਿਰ ਸਾਰੇ ਕਸ਼ੱਤਰੀ ਹੀ "ਹਮ ਔਰ ਹੈਂ" ਕਹਿ ਕੇ ਜਾਨ ਬਚਾ ਲੈਂਦੇ। ਏਸੇ ਤਰ੍ਹਾਂ ਹੀ ਔਰ ਤੋਂ ਬਦਲਦਾ ਬਦਲਦਾ ਸ਼ਬਦ ਅਰੋੜਾ ਬਣ ਗਿਆ।

ਇਹ ਦੰਤ-ਕਥਾ ਬੜੀ ਮਸ਼ਹੂਰ ਹੈ ਕਿ ਰਾਮ ਚੰਦਰ ਦੇ ਭਰ੍ਹਾ ਲਛਮਣ ਨੇ ਪਰਸੂ ਰਾਮ ਦਾ ਕਤਲ ਕਰਕੇ ਸਾਰਿਆਂ ਨੂੰ ਮੁਕਤੀ ਦਿਵਾਈ ਸੀ। ਬਸ ਏਸ ਕਹਾਣੀ ਤੋਂ ਬਗੈਰ ਹੋਰ ਕਿਤੇ ਵੀ ਬ੍ਰਾਹਮਣ ਤੇ ਕਸ਼ੱਤਰੀ ਦਾ ਟਕਰਾਅ ਨਹੀਂ ਹੋਇਆ ਸਗੋਂ ਅਯੁੱਧਿਆ ਤੋਂ ਇਕ ਹਜ਼ਾਰ ਮੀਲ ਦੂਰ ਬੈਠਾ ਇਕ ਦਲਿਤ, ਜਿਸ ਦਾ ਨਾਂ ਸ਼ੰਬੂਕ ਸੀ, ਰਾਮ ਚੰਦਰ ਦੇ ਹੁਕਮ ਨਾਲ ਲੱਭ ਕੇ ਕਤਲ ਕਰ ਦਿੱਤਾ ਗਿਆ। ਕਿਉਂਕਿ ਅਯੁੱਧਿਆ ਦੇ ਇਕ ਬ੍ਰਾਹਮਣ ਦਾ ਪੁੱਤਰ ਮਰ ਗਿਆ ਤਾਂ ਉਸਨੇ ਰਾਮ ਚੰਦਰ ਦੇ ਮਹਿਲਾਂ ਵਿਚ ਆ ਕੇ ਪਿੱਟ-ਪਟਾਕਾ ਪਾ ਦਿੱਤਾ ਤੇ ਕਿਹਾ-"ਬ੍ਰਾਹਮਣਾਂ ਦੇ ਪੁੱਤ ਨਾ ਮਰਨ ਤਾਂ ਹੋਰ ਕੀ ਹੋਵੇ, ਤੇਰੇ ਰਾਜ ਵਿਚ ਅਨਰੱਥ ਹੋ ਰਿਹਾ ਹੈ, ਸ਼ੂਦਰ ਤਪ ਕਰ ਰਹੇ ਹਨ, ਏਸ ਤਪ ਦਾ ਭਾਰ ਤਾਂ ਸਾਡੇ 'ਤੇ ਹੀ ਪਵੇਗਾ ਨਾ।" ਰਾਮ ਚੰਦਰ ਨੇ ਬ੍ਰਾਹਮਣ ਨੂੰ ਧੀਰਜ ਦਿੱਤਾ ਤੇ ਭਰੋਸਾ ਦਿਵਾਇਆ ਕਿ ਇਨਸਾਫ ਹੋਵੇਗਾ। ਉਸ ਸ਼ੂਦਰ ਸ਼ੰਬੂਕ ਨੂੰ ਇਕ ਹਜ਼ਾਰ ਮੀਲ ਦੂਰ ਬੈਠੇ ਨੂੰ ਜਾ ਲੱਭਿਆ ਤੇ ਉਸ ਦਾ ਸਿਰ ਧੜ ਤੋਂ ਵੱਖ ਕਰ ਦਿੱਤਾ।

ਬ੍ਰਾਹਮਣ ਤੇ ਕਸ਼ੱਤਰੀ ਦਾ ਇਕ ਟਕਰਾਅ ਹੋਰ ਵੀ ਆਇਆ ਪਰ ਇਸ ਟਕਰਾਅ ਨੂੰ ਹਿੰਦੂ, ਬ੍ਰਾਹਮਣ-ਕਸ਼ੱਤਰੀ ਯੁੱਧ ਨਹੀਂ ਸਗੋਂ ਨੇਕੀ ਤੇ ਬਦੀ ਦੀ ਲੜਾਈ ਕਹਿੰਦੇ ਹਨ। ਜਿਸ ਵਿਚ ਬਦੀ ਦੀ ਹਾਰ ਹੋਈ ਤੇ ਨੇਕੀ ਦੀ ਜਿੱਤ ਹੋਈ। ਇਸ ਕਰਕੇ ਹੀ ਬਦੀ ਦੇ ਪ੍ਰਤੀਕ ਰਾਵਣ ਦਾ ਪੁਤਲਾ ਸਾੜਿਆ ਜਾਂਦਾ ਹੈ। ਜਦੋਂ ਪੰਜਾਬ ਵਿਚ ਸੰਘਰਸ਼ ਚਲ ਰਿਹਾ ਸੀ ਤਾਂ ਭੂਏ ਚੜ੍ਹੇ ਹੋਏ ਪੰਜਾਬੀ ਹਿੰਦੂਆਂ, ਜਿਨ੍ਹਾਂ ਨੂੰ ਪੁਲਿਸ ਦੀ ਸ਼ਹਿ ਸੀ, ਨੇ ਅੰਮ੍ਰਿਤਸਰ ਸ਼ਹਿਰ

ਵਿਚ ਰਾਵਣ, ਮੇਘਨਾਥ ਤੇ ਕੁੰਭਕਰਨ ਦੇ ਪੁਤਲਿਆਂ ਦੇ ਨਾਲ ਇਕ ਸਿੱਖ ਦਾ ਪੁਤਲਾ ਵੀ ਬਣਾ ਦਿੱਤਾ। ਅਕਾਲੀ ਦਲ (ਮਾਨ) ਦੀ ਅੰਮ੍ਰਿਤਸਰ ਯੂਨਿਟ ਨੇ ਡੀ. ਸੀ. ਅੰਮ੍ਰਿਤਸਰ ਤੇ ਐਸ. ਐਸ. ਪੀ. ਨਾਲ ਗੱਲ ਕੀਤੀ ਅਤੇ ਗੰਭੀਰ ਸਿੱਟਿਆਂ ਦੀ ਚਿਤਾਵਨੀ ਦਿੱਤੀ। ਜਿਸ ਕਰਕੇ ਗੜਬੜ ਤੋਂ ਬਚਾ ਹੋ ਗਿਆ ਤੇ ਪੁਤਲੇ ਵਿਚ ਤਬਦੀਲੀ ਕਰਕੇ ਮਹਿੰਗਾਈ ਦਾ ਪੁਤਲਾ ਬਣਾ ਦਿੱਤਾ ਗਿਆ। ਜਲੰਧਰ ਦੇ ਜ਼ਿਲ੍ਹਾ ਪ੍ਰਧਾਨ ਦੇ ਤੌਰ 'ਤੇ ਮੈਂ ਪਹਿਲਾਂ ਹੀ ਇਕ ਬਿਆਨ ਦੇ ਦਿੱਤਾ ਸੀ ਕਿ "ਜੇ ਏਥੇ ਸਿੱਖ ਦਾ ਪੁਤਲਾ ਬਣਾ ਕੇ ਸਾੜਿਆ ਗਿਆ ਤਾਂ ਹੋ ਸਕਦਾ ਹੈ ਅਸੀਂ ਵੀ ਕੋਈ ਪੁਤਲਾ ਬਣਾ ਕੇ ਸਾੜੀਏ।" ਪ੍ਰੈੱਸ ਵਾਲਿਆਂ ਪੁੱਛਿਆ-"ਕੀਹਦਾ ਬਣਾਓਗੇ, ਰਾਮ ਦਾ ?"

ਮੈਂ ਕਿਹਾ, "ਸੋਚਾਂਗੇ, ਰਾਮ ਦਾ ਵੀ ਹੋ ਸਕਦਾ ਹੈ।"

ਪਰ ਫਿਰ ਐਸ. ਐਸ. ਪੀ. ਜਲੰਧਰ ਨੇ ਐਸਾ ਕੁਛ ਹੋਣ ਈ ਨਹੀਂ ਦਿੱਤਾ।

ਕਹਿੰਦੇ ਹਨ ਬਨਵਾਸ ਦੇ ਦਿਨਾਂ ਵਿਚ ਅਯੁੱਧਿਆ ਤੋਂ ਚਲ ਕੇ ਜਦੋਂ ਰਾਮ ਚੰਦਰ ਲਛਮਣ ਅਤੇ ਸੀਤਾ ਜੀ, ਨਾਸਿਕ (ਮਹਾਂਰਾਸ਼ਟਰ) ਪਹੁੰਚੇ ਤਾਂ ਓਥੇ ਜ਼ਮੀਨ ਥੱਲੇ ਇਕ ਗੋਲ ਟੋਆ ਪੁੱਟ ਕੇ ਬਾਹਰੋਂ ਇਕ ਸਵਾ ਕੁ ਫੁੱਟ ਵਿਆਸ ਦਾ ਤੀਹ ਕੁ ਫੁੱਟ ਲੰਮਾ ਰਾਹ ਰੱਖਿਆ ਗਿਆ ਤਾਂ ਕਿ ਜੰਗਲੀ ਜਾਨਵਰ ਤੇ ਕਿਸੇ ਬੰਦੇ ਤੋਂ ਬਚਾ ਹੋ ਸਕੇ। ਇਹ ਜਗ੍ਹਾ ਮੈਂ ਆਪ ਵੇਖੀ ਹੈ। ਏਥੇ ਬਹੁਤ ਦੁਨੀਆਂ ਆਉਂਦੀ ਹੈ ਤੇ ਓਸੇ ਸਵਾ ਫੁੱਟ ਮੋਰੇ ਥਾਣੀਂ ਅੰਦਰ ਜਾਂਦੇ ਹਨ। ਇਕ ਦੇ ਪੈਰ 'ਤੇ ਦੂਜੇ ਦਾ ਸਿਰ ਫਿਰ ਉਸ ਦੇ ਪਿੱਛੇ ਇਕ ਹੋਰ ਬੰਦਾ, ਉਸ ਪਿਛੇ ਹੋਰ ਤੇ ਉਸ ਪਿਛੇ ਹੋਰ ਲੰਮਾ ਪੈ ਕੇ ਘਿਸਟ-ਘਿਸਟ ਕੇ ਹੀ ਜਾਇਆ ਜਾ ਸਕਦਾ ਹੈ। ਜੇ ਕੋਈ ਸ਼ਰਧਾਲੂ ਅੱਗੇ ਜ਼ਿਆਦਾ ਚਿਰ ਲਾ ਦੇਵੇ ਤਾਂ ਉਸ ਲੰਮੀ ਜਿਹੀ ਮੋਰੀ ਵਿਚ ਲੰਮੇ ਪਏ ਬੰਦੇ ਦਾ ਦਮ ਘੁਟਣ ਲਗਦਾ ਹੈ। ਨਾ ਬੰਦਾ ਪਿੱਛੇ ਜਾ ਸਕਦਾ ਹੈ ਨਾ ਅੱਗੇ ਜਾ ਸਕਦਾ ਹੈ। ਕੋਈ ਮਾੜੇ ਦਿਲ ਵਾਲਾ ਤਾਂ ਚਲਾਣਾ ਵੀ ਕਰ ਸਕਦਾ ਹੈ। ਮੇਰੀ ਵਾਰੀ ਵੀ ਇਵੇਂ ਹੀ ਹੋਇਆ ਸੀ। ਮੇਰੇ ਅੱਗੇ ਵਾਲਾ ਬੰਦਾ ਪਿਛਾਂਹ ਨੂੰ ਨਿਕਲਣ ਲਈ ਜ਼ੋਰ ਲਾ ਰਿਹਾ ਸੀ। ਮੇਰੇ ਪਿੱਛੇ ਵੀ ਦੋ-ਤਿੰਨ ਬੰਦੇ ਸਨ। ਉਹ ਵਿਚਾਰਾ ਕਹਿ ਰਿਹਾ ਸੀ-"ਮੈਂ ਮਰਨ ਲੱਗਾ ਹਾਂ।" ਪਰ ਓਥੇ ਬੈਠੇ ਪੁਜਾਰੀ ਬ੍ਰਾਹਮਣ ਸਗੋਂ ਜ਼ਿਆਦਾ ਚਿਰ ਲਵਾਉਂਦੇ ਹਨ ਤਾਂ ਕਿ ਜਗ੍ਹਾ ਦੀ ਉਤਸੁਕਤਾ ਬਣੀ ਰਹੇ। ਜਿੰਨਾ ਦਿੱਲੀ ਤੋਂ ਨਾਸਿਕ ਹੈ, ਉਸ ਤੋਂ ਡਿਊਡੇ ਤੋਂ ਵੀ ਜ਼ਿਆਦਾ ਨਾਸਿਕ ਤੋਂ ਲੰਕਾ ਹੈ, ਜਿਥੋਂ ਦੀ ਸਰੂਪਨਖਾ ਰਹਿਣ ਵਾਲੀ ਸੀ। ਫਿਰ ਲੰਕਾ ਤੇ ਭਾਰਤ ਦੇ ਵਿਚਕਾਰ ਸਮੁੰਦਰ ਵੀ ਪੈਂਦਾ ਹੈ, ਮੋਟਰਬੋਟ ਜਾਂ ਸਫਾਰੀ 'ਤੇ ਜਾਈਏ ਤਾਂ ਸਮੁੰਦਰ-ਸਮੁੰਦਰ ਵਿਚ ਹੀ ਡੇਢ-ਦੋ ਘੰਟੇ ਲਗਦੇ ਹਨ। ਦਿੱਲੀ ਤੋਂ ਨਾਸਿਕ ਘੱਟ ਤੋਂ ਘੱਟ ਬਾਰਾਂ-ਤੇਰਾਂ ਸੌ ਮੀਲ ਹੈ। ਨਾਸਿਕ ਤੋਂ ਅੱਗੇ ਸਮੁੰਦਰ ਘੱਟ ਤੋਂ ਘੱਟ ਦੋ ਹਜ਼ਾਰ ਮੀਲ ਜ਼ਰੂਰ ਹੋਵੇਗਾ। ਫਿਰ ਅੱਗੇ ਸਮੁੰਦਰ ਦਾ ਵੀ ਸਫਰ। ਬੀਬੀ ਸਰੂਪਨਖਾ ਲੰਕਾ ਦੀ ਰਹਿਣ ਵਾਲੀ ਸੀ। ਸਮਝ ਨਹੀਂ ਆਉਂਦੀ, ਉਹ ਦੋ ਹਜ਼ਾਰ ਮੀਲ ਦੀ ਦੂਰੀ 'ਤੇ ਘੋਰ ਜੰਗਲ ਵਿਚ ਕੀ ਕਰਦੀ ਫਿਰਦੀ ਸੀ ? ਇਹ ਗੱਲ ਮੈਂ ਓਥੇ ਆਏ ਕਈ ਦਰਸ਼ਕਾਂ ਨੂੰ ਤੇ ਕਈ ਸ਼ਰਧਾਲੂਆਂ ਨੂੰ ਪੁੱਛੀ। ਪਰ ਕਿਸੇ ਨੇ ਤਸੱਲੀਬਖਸ਼ ਜਵਾਬ ਨਹੀਂ ਦਿੱਤਾ। ਸੁਪਰਫਾਸਟ ਗੱਡੀ ਦਾ ਵੀ ਇਹ ਵੀਹ ਘੰਟੇ ਦਾ ਸਫਰ ਹੋਵੇਗਾ। ਸਰੂਪਨਖਾ ਕਾਹਦੇ 'ਤੇ ਚੜ੍ਹ ਕੇ ਆਈ ਹੋਵੇਗੀ ਐਸੇ ਭਿਆਨਕ ਜੰਗਲ ਵਿਚ? ਜਿਥੇ ਰਾਮ ਤੇ ਲਛਮਣ ਨੂੰ ਜਾਨਵਰਾਂ ਤੋਂ ਬਚਾਅ ਲਈ ਜ਼ਮੀਨ ਵਿਚ ਟੋਆ ਪੁੱਟ ਕੇ ਅੰਦਰ ਵੜਨ ਲਈ ਮੋਰੀ ਬਣਾਉਣੀ ਪਈ ਸੀ, ਓਥੇ 'ਕੱਲੀ ਕਾਰੀ ਜ਼ਨਾਨੀ ਦਾ ਕੀ ਕੰਮ?

ਇਕ ਪੁਜਾਰੀ ਨੇ ਕਿਹਾ-"ਉਹ ਆਮ ਜਨਾਨੀ ਨਹੀਂ ਸੀ, ਰਾਖਸ਼ਣੀ ਸੀ ਤੇ ਚੁੜੇਲ ਵਾਂਗ ਹਵਾ ਵਿਚ ਵੀ ਉੱਡ ਜਾਂਦੀ ਸੀ।"

ਮੈਂ ਪੁੱਛਿਆ-"ਜੇ ਉਹ ਰਾਖਸ਼ਣੀ ਸੀ ਤਾਂ ਫਿਰ ਨੱਕ ਵੱਢਣ ਲੱਗੇ ਲਛਮਣ ਦੀਆਂ ਰਗਾਂ ਨੂੰ ਕਿਉਂ ਨਾ ਪਈ ?"

ਉਹ ਕਹਿਣ ਲੱਗਾ-"ਉਹ ਤੇ ਪੈ ਹੀ ਗਈ ਸੀ, ਉਹਨੇ ਤੇ ਲਛਮਣ ਜੀ ਨੂੰ ਮੂੰਹ ਵਿਚ ਪਾ ਕੇ ਨਿਗਲ ਹੀ ਲਿਆ ਸੀ, ਉਹ ਤੇ ਉਨ੍ਹਾਂ ਦੇ ਲੱਕ ਨੂੰ ਤੜਾਗੀ ਬੱਧੀ ਹੋਣ ਕਰਕੇ ਬਚਾਅ ਹੋ ਗਿਆ। ਜੇ ਉਹ ਮੂੰਹ ਵੱਲੋਂ ਪਾਵੇ ਤਾਂ ਤੜਾਗੀ ਅੱਧ ਵਿਚ, ਜੇ ਪੈਰਾਂ ਵੱਲੋਂ ਪਾਵੇ ਤਾਂ ਵੀ ਤੜਾਗੀ ਅੱਧ ਵਿਚ ਆਉਂਦੀ ਸੀ। ਉਹ ਫਿਰ ਨਿਗਲ ਕਿਵੇਂ ਸਕਦੀ ਸੀ ?"

ਉਸ ਨੇ ਮੇਰੇ ਗਿਆਨ ਵਿਚ ਵਾਧਾ ਕੀਤਾ-"ਤਾਂ ਹੀ ਤਾਂ ਬੱਚਿਆਂ ਨੂੰ ਤੜਾਗੀ ਪਾਈ ਜਾਂਦੀ ਹੈ।"

ਫਿਰ ਮੈਨੂੰ ਖਿਆਲ ਆਇਆ ਕਿ ਪੰਜਾਬ ਵਿਚ ਵੀ ਤੜਾਗੀ ਪਾਈ ਜਾਂਦੀ ਹੈ ਤੇ ਅਖਾਣ ਵੀ ਬਣਿਆ ਹੋਇਆ ਹੈ-'ਮੁੰਡਾ ਮਰ ਜਾਊ, ਪਰ ਤੜਾਗੀ ਨਾ ਟੁੱਟੂ।' ਏਥੋਂ ਪਤਾ ਲਗਦਾ ਹੈ ਕਿ ਬ੍ਰਾਹਮਣ ਦੀ ਪਹੁੰਚ ਕਿੱਥੋਂ ਤੱਕ ਹੈ। ਇਸ ਤੋਂ ਬਾਅਦ ਮੈਂ ਲੰਕਾ ਗਿਆ ਤਾਂ ਓਥੇ ਬੜਿਆਂ ਨੂੰ ਪੁੱਛਿਆ-"ਰਾਵਣ ਦਾ ਸੋਨੇ ਦਾ ਮਹੱਲ ਕਿੱਥੇ ਹੈ ?" ਉਨ੍ਹਾਂ ਕਿਹਾ-"ਕਿਹੜਾ ਰਾਵਣ ?"

ਮੈਂ ਕਿਹਾ-"ਜਿਹੜਾ ਸਾਡੀ ਸੀਤਾ ਜੀ ਨੂੰ ਚੁੱਕ ਲਿਆਇਆ ਸੀ। ਇਹ ਸਾਰੀ ਲੰਕਾ ਵੀ ਕਹਿੰਦੇ ਹਨ ਸੋਨੇ ਦੀ ਹੁੰਦੀ ਸੀ ?"

ਮੇਰੇ ਸਵਾਲਾਂ 'ਤੇ ਉਨ੍ਹਾਂ ਨੂੰ ਬੜੀ ਹੈਰਾਨੀ ਹੁੰਦੀ। ਜਾਫਨਾ ਕਾਲਜ ਦੇ ਪ੍ਰਿੰਸੀਪਲ ਤੇ ਹੋਰ ਸਾਰੇ ਪ੍ਰੋਫੈਸਰਾਂ ਨੇ ਕਿਹਾ-"ਏਥੇ ਸ਼ੁਰੂ ਤੋਂ ਹੀ ਭੰਗ ਭੁੱਜਦੀ ਹੈ, ਗਰੀਬੀ ਅੱਤ ਦੀ ਹੈ, ਏਥੋਂ ਦੇ ਲੋਕ ਜਿਹੜੇ ਸਮੁੰਦਰ ਤੱਟ ਵਾਲੇ ਹਨ, ਉਹ ਮੱਛੀ ਫੜ ਕੇ ਗੁਜ਼ਾਰਾ ਕਰਦੇ ਹਨ। ਦੂਜੇ ਖੇਤੀ ਕਰਕੇ ਪੇਟ ਪਾਲਦੇ ਹਨ। ਜਦੋਂ ਦਾ ਅੰਗਰੇਜਾਂ ਨੇ ਆ ਕੇ ਏਥੋਂ ਤਜਾਰਤ ਵਾਸਤੇ ਕੁਝ ਚੀਜਾਂ ਜਿਵੇਂ ਦਾਲਚੀਨੀ, ਜੋ ਇਕ ਦਰਖਤ ਦੀ ਛਿੱਲ ਹੁੰਦੀ ਹੈ ਤੇ ਹੋਰ ਗਰਮ ਮਸਾਲੇ ਤੇ ਚਾਹ ਪੱਤੀ ਵਗੈਰਾ ਦੂਜੇ ਦੇਸ਼ਾਂ ਨੂੰ ਭੇਜਣੀ ਸ਼ੁਰੂ ਕੀਤੀ ਤਾਂ ਇਨ੍ਹਾਂ ਲੋਕਾਂ ਨੂੰ ਥੋੜੀ ਜਿਹੀ ਆਰਥਕ ਪਖੋਂ ਹੋਸ਼ ਆਈ ਤੇ ਇਹ ਰਜਵੀਂ ਰੋਟੀ ਖਾਣ ਲੱਗੇ ਹਨ। ਤੁਸੀਂ ਪੂਰਾ ਸ਼ਹਿਰ ਸੋਨੇ ਦਾ ਕਹਿੰਦੇ ਓ, ਲੰਕਾ ਨਾਂਅ ਦਾ ਕੋਈ ਸ਼ਹਿਰ ਏਥੇ ਨਹੀਂ। ਜਾਫਨਾ, ਟ੍ਰਿੰਕੋਮਾਲੀ, ਕੈਂਡੀ ਵਗੈਰਾ ਸ਼ਹਿਰ ਹਨ, ਲੰਕਾ-ਲੁੰਕਾ ਏਥੇ ਕੋਈ ਨਹੀਂ।"

ਓਥੇ ਮੈਨੂੰ ਕੁਝ ਸਿੱਖ ਵੀ ਮਿਲੇ। ਉਨ੍ਹਾਂ ਮੈਨੂੰ ਦੱਸਿਆ-"ਜਦੋਂ ਅਸੀਂ ਵੀ ਪਹਿਲਾਂ-ਪਹਿਲਾਂ ਏਥੇ ਆਏ ਸੀ, ਤਾਂ ਬਥੇਰੀਆਂ ਯੱਬਲੀਆਂ ਮਾਰਦੇ ਹੁੰਦੇ ਸਾਂ। ਐਸਾ ਏਥੇ ਕੁਛ ਵੀ ਨਹੀਂ। ਜੇ ਇਸ ਗੱਲ ਵਿਚ ਕੋਈ ਸੱਚਾਈ ਹੋਵੇ ਕਿ ਰਾਵਣ ਸੱਚਮੁਚ ਏਥੋਂ ਦਾ ਸੀ ਤੇ ਭਾਰਤ ਵਿਚ ਉਸਦੇ ਪੁਤਲੇ ਸੜਦੇ ਹਨ, ਤਾਂ ਇਹ ਵੀ ਅਕਸਰ ਇਕ ਆਜ਼ਾਦ ਮੁਲਕ ਹੈ, ਏਥੇ ਨਾ ਰਾਮ ਤੇ ਲਛਮਣ ਦੇ ਪੁਤਲੇ ਸੜਦੇ ?" ਅਸ਼ੋਕ ਵਣ ਵਰਗੀ ਵੀ ਉਥੇ ਕੋਈ ਚੀਜ਼ ਮੈਨੂੰ ਨਹੀਂ ਦਿਸੀ, ਬਾਕੀ ਪ੍ਰਮਾਤਮਾ ਜਾਣੇ।

ਕਸ਼ੱਤਰੀ ਤੇ ਬ੍ਰਾਹਮਣ ਦੇ ਇਸ ਟਕਰਾਅ ਨੇ ਵੀ ਇਨ੍ਹਾਂ ਦੋਵਾਂ ਵਿਚ ਕੋਈ ਕੁੜੱਤਣ ਨਹੀਂ ਲਿਆਂਦੀ। ਭਾਵੇਂ ਰਾਵਣ ਮਾਰਿਆ ਹੀ ਗਿਆ ਫਿਰ ਵੀ ਉਸ ਨੂੰ ਸਿੱਧਾ ਕਤਲ ਕਰਾਰ ਨਾ ਦੇ ਕੇ ਬ੍ਰਾਹਮਣ ਨੇ ਕਿਹਾ-"ਉਸ ਨੂੰ ਕੋਈ ਮਾਰ ਨਾ ਸਕਦਾ, ਜੇ ਉਸ ਦੇ ਘਰ ਵਿਚ ਫੁੱਟ

ਨਾ ਹੁੰਦੀ। ਦੂਜਾ, ਜੇ ਉਹ ਕਿਸੇ ਪਰਾਈ ਇਸਤਰੀ ਵੱਲ ਮਾੜੀ ਅੱਖ ਨਾ ਕਰਦਾ।"

ਕਸ਼ੱਤਰੀ ਤੇ ਬ੍ਰਾਹਮਣ ਨੂੰ ਨੇੜੇ ਲਿਆਉਣ ਵਾਲੀ ਇਕ ਗੱਲ ਇਹ ਵੀ ਹੋਈ ਕਿ ਜਦੋਂ ਰਾਵਣ ਜ਼ਖਮੀ ਹੋ ਕੇ ਡਿੱਗ ਪਿਆ ਤੇ ਮਰਨ ਕਿਨਾਰੇ ਸੀ ਤਾਂ ਲਛਮਣ ਨੇ ਰਾਵਣ ਦੇ ਸਿਰ ਵੱਲ ਖਲੋ ਕੇ ਪੁੱਛਿਆ–"ਹੇ ਬ੍ਰਾਹਮਣ ਦੇਵਤਾ, ਕੋਈ ਅਕਲ ਦੀ ਗੱਲ ਹੀ ਦੱਸ ਜਾਓ" ਤਾਂ ਝੱਟ ਰਾਮ ਜੀ ਨੇ ਉਸਨੂੰ ਟੋਕਿਆ ਤੇ ਕਿਹਾ–"ਜੇ ਕੋਈ ਅਕਲ ਦੀ ਗੱਲ ਪੁੱਛਣੀ ਹੈ ਤਾਂ ਪੈਰਾਂ ਵੱਲ ਆ ਕੇ ਖਲੋ ਕੇ ਪੁੱਛ।"

ਲਛਮਣ ਨੇ ਏਸੇ ਤਰ੍ਹਾਂ ਹੀ ਕੀਤਾ। ਹੁਣ ਵੀ ਦੁਸਹਿਰੇ ਵਾਲੇ ਦਿਨ ਰਾਵਣ ਦੀ ਬਾਕਾਇਦਾ ਪੂਜਾ ਹੁੰਦੀ ਹੈ ਅਤੇ ਲੋਕ ਸੜੇ ਹੋਏ ਰਾਵਣ ਦੇ ਪੁਤਲੇ ਦੇ ਬਾਂਸ, ਰਾਵਣ ਦੀਆਂ ਹੱਡੀਆਂ ਸਮਝ ਕੇ ਘਰ ਰੱਖਦੇ ਹਨ, ਅਖੇ ਚੋਰੀ ਨਹੀਂ ਹੁੰਦੀ ਨਾਲੇ ਬੁਰੀ ਨਜ਼ਰ ਨਹੀਂ ਲਗਦੀ।

ਬੁੱਧ ਧਰਮ ਤੇ ਬ੍ਰਾਹਮਣ ਦਾ ਵੀ ਬਹੁਤ ਨੇੜੇ ਦਾ ਸਬੰਧ ਬਣ ਗਿਆ ਹਾਲਾਂਕਿ ਬੁੱਧ ਧਰਮ ਬ੍ਰਾਹਮਣ ਦੇ ਵਿਰੋਧ ਵਿਚੋਂ ਹੀ ਪੈਦਾ ਹੋਇਆ ਸੀ। ਹੋਇਆ ਇਸ ਤਰ੍ਹਾਂ ਕਿ ਬਿਹਾਰ ਵਿਚ ਗਯਾ ਲਾਗੇ ਸਾਕਿਆ ਮੁਨੀ ਨਾਂਅ ਦਾ ਰਾਜਾ ਰਾਜ ਕਰਦਾ ਸੀ। ਇਕ ਦਿਨ ਉਹ ਜੰਗ ਦੇ ਮੈਦਾਨ ਵਿਚੋਂ ਬ੍ਰਾਹਮਣ ਦਾ ਆਸ਼ੀਰਵਾਦ ਲੈਣ ਆਪਣੇ ਮਹਿਲਾਂ ਵਿਚ ਆਇਆ ਤਾਂ ਕੀ ਵੇਖਿਆ ਕਿ ਬ੍ਰਾਹਮਣ ਨਗਨ ਅਵਸਥਾ ਵਿਚ ਨਿਸਚਿੰਤ ਹੋ ਕੇ ਰਾਣੀਆਂ ਨਾਲ ਰੰਗਰਲੀਆਂ ਮਨਾ ਰਿਹਾ ਸੀ। ਸਾਕਿਆ ਮੁਨੀ ਨੂੰ ਅੱਗ ਲੱਗ ਗਈ। ਉਸ ਦਾ ਹੱਥ ਕਿਰਪਾਨ ਦੀ ਮੁਠੀ 'ਤੇ ਗਿਆ। ਅੱਖਾਂ ਵਿਚ ਖੂਨ ਉੱਤਰ ਆਇਆ। ਉਸ ਨੇ ਤਲਵਾਰ ਮਿਆਨ ਵਿਚੋਂ ਬਾਹਰ ਤਾਂ ਕੱਢ ਲਈ ਪਰ ਬ੍ਰਾਹਮਣ 'ਤੇ ਉੱਠ ਨਾ ਸਕੀ। ਉਸਨੂੰ ਪਤਾ ਸੀ ਕਿ ਬ੍ਰਾਹਮਣ ਦੇ ਕਤਲ ਤੋਂ ਬਾਅਦ ਰਾਜ ਵਿਚ ਬਗਾਵਤ ਹੋ ਜਾਵੇਗੀ। ਸਾਕਿਆ ਮੁਨੀ ਨੂੰ ਪਤਾ ਸੀ ਕਿ ਬ੍ਰਾਹਮਣ ਏਨਾਂ ਸ਼ਕਤੀਸ਼ਾਲੀ ਹੈ ਕਿ ਮੇਰੇ ਰਾਜ ਦੀ ਇੱਟ ਨਾਲ ਇੱਟ ਵੱਜ ਜਾਵੇਗੀ ਤੇ ਸਭ ਕੁਝ ਤਹਿਸ-ਨਹਿਸ ਹੋ ਜਾਵੇਗਾ। ਉਸ ਨੇ ਆਪਣੇ ਮਨ ਅੰਦਰ ਬ੍ਰਾਹਮਣ ਦਾ ਖੁਰਾਖੋਜ ਮਿਟਾਉਣ ਦੀ ਕਸਮ ਖਾ ਲਈ।

ਮਹਾਤਮਾ ਬੁੱਧ ਜਿਸ ਦਾ ਨਾਂ ਸਿਧਾਰਥ ਸੀ, ਉਸੇ ਸਾਕਿਆ ਮੁਨੀ ਦਾ ਪੋਤਰਾ ਸੀ। ਸਾਕਿਆ ਮੁਨੀ ਨੇ ਉਸ ਦੀ ਵਿਸ਼ੇਸ਼ ਪਰਵਰਿਸ਼ ਦਾ ਪ੍ਰਬੰਧ ਕੀਤਾ। ਬ੍ਰਾਹਮਣ ਦੀ ਤਬਾਹੀ ਦਾ ਹਰ ਨੁਕਤਾ ਉਸਨੂੰ ਸਮਝਾਇਆ। ਉਸ ਨੂੰ ਨਿੱਕੇ ਹੁੰਦੇ ਤੋਂ ਹੀ ਬ੍ਰਾਹਮਣ ਦੀ ਮੱਕਾਰੀ ਤੇ ਉਸ ਦੁਆਰਾ ਫੈਲਾਏ ਜਾਂਦੇ ਅੰਧਵਿਸ਼ਵਾਸਾਂ ਬਾਰੇ ਪੂਰੀ ਜਾਣਕਾਰੀ ਦਿੱਤੀ। ਸਾਕਿਆ ਮੁਨੀ ਨੇ ਬ੍ਰਾਹਮਣ ਦੇ ਖਿਲਾਫ ਸਮਝੋ ਸਿਧਾਰਥ ਨੂੰ ਐਟਮ ਬੰਬ ਬਣਾ ਦਿੱਤਾ। ਇਹ ਵੱਖਰੀ ਗੱਲ ਹੈ ਕਿ ਮਹਾਤਮਾ ਬੁੱਧ ਦੇ ਮਰਨ ਤੋਂ ਬਾਅਦ ਐਸੀਆਂ ਕਹਾਣੀਆਂ ਪ੍ਰਚੱਲਤ ਹੋ ਗਈਆਂ ਕਿ ਉਸ ਨੇ ਇਕ ਬੁੱਢਾ ਵੇਖ ਲਿਆ ਸੀ, ਜਿਸ ਤੋਂ ਦੁਖੀ ਹੋ ਕੇ ਤੇ ਸੱਚਾਈ ਦਾ ਪਤਾ ਲਾਉਣ ਲਈ ਉਹ ਸੱਚ ਦੀ ਖੋਜ ਵਾਸਤੇ ਆਪਣੀ ਪਤਨੀ ਯਸ਼ੋਧਰਾ ਤੇ ਪੁੱਤਰ ਰਾਹੁਲ ਨੂੰ ਛੱਡ ਕੇ ਰਾਤ ਨੂੰ ਚੁੱਪ-ਚਾਪ ਜੰਗਲਾਂ ਵਿਚ ਚਲਾ ਗਿਆ। ਸਿਧਾਰਥ ਨੂੰ ਮਹਿਲਾਂ ਤੋਂ ਬਾਹਰ ਭੇਜਣਾ ਵੀ ਸਾਕਿਆ ਮੁਨੀ ਦੀ ਯੋਜਨਾ ਦਾ ਹੀ ਇਕ ਹਿੱਸਾ ਸੀ ਕਿਉਂਕਿ ਜੇ ਸਿਧਾਰਥ ਜੰਗਲਾਂ ਵਿਚ ਜਾ ਕੇ ਤਪ ਨਾ ਕਰਦਾ ਤਾਂ ਮਹਾਤਮਾ ਬੁੱਧ ਕਿਵੇਂ ਬਣਦਾ ? ਬੁੱਧ ਬਣ ਕੇ ਹੀ ਤਾਂ ਉਸ ਨੇ ਬ੍ਰਾਹਮਣ ਦੀਆਂ ਜੜ੍ਹਾਂ ਪੁੱਟੀਆਂ। ਇਹ ਗੱਲ ਵੱਖਰੀ ਹੈ ਕਿ ਬਰੂ ਦੀ ਜੜ੍ਹ ਵਾਂਗ ਉਹ ਜੜ੍ਹਾਂ ਫੇਰ ਹਰੀਆਂ ਹੋ ਗਈਆਂ ਪਰ ਇਕ ਵਾਰ ਤਾਂ ਬੁੱਧ ਨੇ ਬ੍ਰਾਹਮਣ ਨੂੰ ਹਿਲਾ ਕੇ ਰੱਖ ਦਿੱਤਾ ਸੀ। ਬੁੱਧ ਨੇ ਛਾਤੀ ਠੋਕ ਕੇ ਕਿਹਾ ਕਿ ਵੇਦਾਂ ਵਿਚ ਜੋ ਲਿਖਿਆ ਹੈ, ਉਹ ਝੂਠ ਦਾ ਪੁਲੰਦਾ ਹੈ। ਕੋਈ

ਪਾਪ-ਪੁੰਨ ਨਹੀਂ। ਨਾ ਹੀ ਕੋਈ ਨਰਕ-ਸਵਰਗ ਹੈ। ਨਾ ਆਤਮਾ ਹੈ ਨਾ ਪ੍ਮਾਤਮਾ। ਆਵਾਗਵਣ, ਕਰਾਮਾਤਾਂ, ਵਹਿਮ-ਭਰਮ, ਦੇਵੀ-ਦੇਵਤੇ ਕੁਝ ਵੀ ਨਹੀਂ। ਸਭ ਤੋਂ ਵੱਡੀ ਗੱਲ ਬੁੱਧ ਨੇ ਇਹ ਕੀਤੀ ਕਿ ਆਪਣਾ ਸਾਰਾ ਪ੍ਚਾਰ ਪਾਲੀ ਬੋਲੀ ਵਿਚ ਕੀਤਾ, ਜਿਹੜੀ ਉਸ ਵੇਲੇ ਲੋਕ-ਬੋਲੀ ਸੀ। ਬੁੱਧ ਦਾ ਪ੍ਚਾਰ ਝੱਟ ਲੋਕਾਂ ਦੀ ਸਮਝ ਵਿਚ ਆ ਗਿਆ, ਕਿਉਂਕਿ ਬ੍ਾਹਮਣ ਦੀ ਬੋਲੀ ਸੰਸਕ੍ਰਿਤ ਸੀ, ਉਹ ਆਪਣੇ ਵੇਦਾਂ ਦਾ ਸਾਰਾ ਉਚਾਰਣ ਸੰਸਕ੍ਰਿਤ ਵਿਚ ਕਰਦਾ ਸੀ, ਜਿਹੜੀ ਕਿ ਲੋਕਾਂ ਦੀ ਸਮਝ ਤੋਂ ਬਾਹਰ ਸੀ। ਬ੍ਾਹਮਣ ਵਲੋਂ ਸਤਾਏ ਹੋਏ ਲੋਕ ਝੱਟ ਬੁੱਧ ਮਗਰ ਲੱਗ ਗਏ। ਗੌਤਮੀ ਨਾ ਦੀ ਬੁੱਧ ਦੀ ਚਾਚੀ ਨੇ ਬੁੱਧ ਨੂੰ ਪਾਲਿਆ ਸੀ। ਏਸੇ ਕਰਕੇ ਹੀ ਬੁੱਧ ਦਾ ਨਾਂਅ ਗੌਤਮ ਬੁੱਧ ਕਿਹਾ ਜਾਣ ਲੱਗਾ। ਬੁੱਧ ਦੇ ਪ੍ਚਾਰ ਦਾ ਅਸਰ ਅਮੀਰਾਂ ਤੇ ਗਰੀਬਾਂ ਦੋਵਾਂ 'ਤੇ ਪਿਆ ਪਰ ਗਰੀਬਾਂ 'ਤੇ ਤਾਂ ਏਨਾ ਪਿਆ ਕਿ ਉਹਨਾਂ ਕੋਲ ਕੁਝ ਵੀ ਨਾ ਹੁੰਦਿਆਂ, ਉਹਨਾਂ ਸਭ ਕੁਝ ਬੁੱਧ 'ਤੇ ਨਿਸ਼ਾਵਰ ਕਰਨ ਦਾ ਮਨ ਬਣਾ ਲਿਆ। ਇਸ ਤਰ੍ਹਾਂ ਦੀਆਂ ਬੜੀਆਂ ਕਹਾਣੀਆਂ ਪ੍ਚਲਤ ਹਨ।

ਕਹਿੰਦੇ ਹਨ ਬੁੱਧ ਨੇ ਇਕ ਵਾਰ ਕਿਸੇ ਸ਼ਹਿਰ ਪ੍ਵਚਨ ਕਰਨ ਜਾਣਾ ਸੀ। ਉਸ ਸ਼ਹਿਰ ਵਿਚ ਇਕ ਸੁਦਾਸ ਨਾਂਅ ਦਾ ਚਮਾਰ ਰਹਿੰਦਾ ਸੀ। ਉਸਦੀ ਝੌਂਪੜੀ ਦੇ ਲਾਗੇ ਹੀ ਇਕ ਛੱਪੜ ਸੀ, ਜਿਸ ਦੇ ਚਿੱਕੜ ਭਰੇ ਪਾਣੀ ਵਿਚ ਇਕ ਕੰਮਲ ਦਾ ਫੁੱਲ ਉਗ ਆਇਆ ਸੀ। ਸੁਦਾਸ ਉਹ ਫੁੱਲ ਤੋੜ ਕੇ ਵੇਚਣ ਤੁਰ ਪਿਆ। ਰਾਹ ਵਿਚ ਉਸ ਨੂੰ ਇਕ ਸ਼ਾਹੂਕਾਰ ਮਿਲਿਆ, ਉਸਨੇ ਕਿਹਾ-"ਮੈਂ ਬੁੱਧ ਦੇ ਦਰਸ਼ਨਾਂ ਨੂੰ ਚੱਲਿਆ ਹਾਂ, ਮੇਰੇ ਕੋਲੋਂ ਪੰਜ ਰੁਪਏ ਲੈ ਲਾ ਤੇ ਫੁੱਲ ਮੈਨੂੰ ਦੇ ਦੇ, ਮੈਂ ਬੁੱਧ ਅੱਗੇ ਚੜ੍ਹਾਉਣਾ ਹੈ।"

ਸੁਦਾਸ ਅਜੇ ਸੋਚ ਹੀ ਰਿਹਾ ਸੀ ਕਿ ਵਜ਼ੀਰ ਆ ਗਿਆ। ਉਸ ਨੇ ਕਿਹਾ-"ਮੇਰੇ ਕੋਲੋਂ ਵੱਧ ਪੈਸੇ ਲੈ ਕੇ ਫੁੱਲ ਮੈਨੂੰ ਦੇ ਦੇ, ਮੈਂ ਬੁੱਧ ਨੂੰ ਚੜ੍ਹਾਵਾਂਗਾ।"

ਸੁਦਾਸ ਅਜੇ ਕੋਈ ਫੈਸਲਾ ਨਹੀਂ ਕਰ ਸਕਿਆ ਸੀ, ਕਿ ਰਾਜੇ ਨੇ ਕਿਹਾ-"ਮੂੰਹੋਂ ਬੋਲ ਕਿੰਨੇ ਪੈਸੇ ਲੈਣੇ ਈ, ਮੈਂ ਬੋਰੀਆਂ ਨੋਟਾਂ ਦੀਆਂ ਤੈਨੂੰ ਇਸ ਫੁੱਲ ਬਦਲੇ ਦੇ ਸਕਦਾ ਹਾਂ। ਮੇਰੀ ਬੜੀ ਇੱਛਾ ਹੈ ਕਿ ਇਹ ਸੁੰਦਰ ਫੁੱਲ ਮੈਂ ਬੁੱਧ ਅੱਗੇ ਚੜ੍ਹਾਵਾਂ।"

ਪਰ ਸੁਦਾਸ ਨੇ ਫੈਸਲਾ ਕਰ ਲਿਆ। ਉਹਨੇ ਕਿਹਾ-"ਜੇ ਤੁਸੀਂ ਇਸ ਫੁੱਲ ਦੇ ਪੈਸੇ ਦੇ ਕੇ ਬੁੱਧ ਅੱਗੇ ਚੜ੍ਹਾਉਣ ਲਈ ਏਨੇ ਲਲਾਇਤ ਹੋ ਤੇ ਫਿਰ ਮੈਂ ਹੀ ਕਿਉਂ ਨਾ ਇਸ ਫੁੱਲ ਨੂੰ ਬੁੱਧ ਨੂੰ ਭੇਟ ਕਰਾਂ, ਜੀਹਨੇ ਕੋਈ ਪੈਸਾ ਵੀ ਨਹੀਂ ਖਰਚਿਆ।" ਉਸ ਗਰੀਬ ਚਮਾਰ ਨੇ ਲੱਖਾਂ ਰੁਪਿਆਂ ਨੂੰ ਲੱਤ ਮਾਰ ਦਿੱਤੀ ਤੇ ਬੁੱਧ ਅੱਗੇ ਫੁੱਲ ਸਮੇਤ ਜਾ ਪੇਸ਼ ਹੋਇਆ।

ਇਸ ਕਹਾਣੀ ਤੋਂ ਬੁੱਧ ਦੀ ਆਮ ਲੋਕਾਂ ਵਿਚ ਪ੍ਸਿੱਧੀ ਦਾ ਪਤਾ ਲਗਦਾ ਹੈ। ਸੁਦਾਸ ਦੇ ਚੜ੍ਹਾਏ ਹੋਏ ਕੰਵਲ ਦੇ ਫੁੱਲ ਦੀ ਪਰੰਪਰਾ ਥਾਈਲੈਂਡ ਵਰਗੇ ਬੋਧੀ ਦੇਸ਼ਾਂ ਵਿਚ ਤਾਂ ਅਜੇ ਵੀ ਹੈ ਪਰ ਭਾਰਤ ਵਿਚਲੇ ਬੋਧੀ ਮੰਦਰਾਂ ਵਿਚ ਭੁੱਲ-ਭੁਲਾ ਗਈ ਹੈ। ਜਦੋਂ ਮੈਂ ਥਾਈਲੈਂਡ ਦੇ ਉਸ ਬੁੱਧ ਮੰਦਰ ਵਿਚ ਗਿਆ, ਜਿਥੇ ਸਾਢੇ ਪੰਜ ਟਨ ਦੀ ਸੋਨੇ ਦੀ ਬੁੱਧ ਦੀ ਮੂਰਤੀ ਪਈ ਹੈ ਤਾਂ ਮੈਂ ਦੇਖਿਆ ਕਿ ਉਸ ਮੰਦਰ ਵਿਚ ਤਿੰਨ ਚੀਜ਼ਾਂ ਦੇ ਚੜ੍ਹਾਵੇ ਚੜ੍ਹਦੇ ਹਨ-ਕੰਵਲ ਦੇ ਫੁੱਲ, ਸੰਦਲ ਦੀ ਅਗਰਬੱਤੀ ਅਤੇ ਮੋਮਬੱਤੀ। ਮੋਮਬੱਤੀ ਦਾ ਸਾਈਜ਼ ਪੰਜ ਫੁੱਟ ਉੱਚਾ ਤੇ ਇਕ ਫੁੱਟ ਗੋਲਾਈ ਤੱਕ ਦਾ ਵੀ ਹੁੰਦਾ ਹੈ। ਪਰ ਹਿੰਦੂ ਮੰਦਰਾਂ ਵਾਂਗ ਉਸ ਮੰਦਰ ਵਿਚ ਬਣੀਆਂ ਇਕ-ਦੋ ਠੇਕੇਦਾਰਾਂ ਦੀਆਂ ਦੁਕਾਨਾਂ 'ਤੇ ਉਹੋ ਹੀ ਚੜ੍ਹਾਵੇ ਵਾਲਾ ਸਾਮਾਨ ਫਿਰ ਵਾਪਸ ਆ ਜਾਂਦਾ ਤੇ ਦੁਬਾਰਾ ਫਿਰ ਵੇਚ ਦਿੱਤਾ ਜਾਂਦਾ ਹੈ। ਬੁੱਧ ਦਾ ਇਕ ਹੋਰ ਮੰਦਰ ਹੈ; ਜੋ

ਬਾਈ ਏਕੜਾਂ ਵਿਚ ਸੰਘਣਾ-ਸੰਘਣਾ ਬਣਿਆ ਹੋਇਆ ਹੈ। ਜੇ ਸਾਰਾ ਮੰਦਰ ਵੇਖਣਾ ਹੋਵੇ ਤਾਂ ਦੋ ਦਿਨ ਲਗਦੇ ਹਨ। ਉਸ ਦੇ ਲਾਗੇ ਹੀ ਰਾਜੇ ਦਾ ਮਹਿਲ ਹੈ। ਥਾਈਲੈਂਡ ਦੀ ਨੱਬੇ ਫੀਸਦੀ ਆਬਾਦੀ ਹਿੰਦੂ ਹੈ ਅਤੇ ਲਗਭਗ ਸਾਰੀ ਹੀ ਬੋਧੀ ਹੈ। ਬੁੱਧ ਧਰਮ ਥਾਈਲੈਂਡ ਦਾ ਰਾਜਸੀ ਧਰਮ ਹੈ। ਇਸ ਮੰਦਰ ਵਿਚ ਬੁੱਧ ਦੀ 46 ਮੀਟਰ ਲੰਮੀ ਤੇ ਪੰਦਰਾਂ ਮੀਟਰ ਉੱਚੀ ਮੂਰਤੀ ਪਈ ਹੈ। ਇਸ ਵਿਚ ਇਕ ਹੋਰ ਟਸਣ ਵੀ ਕੀਤਾ ਹੋਇਆ ਹੈ। ਵੀਹ ਬਾਟ ਦੇ ਸਿੱਕੇ(ਭਾਰਤੀ ਵੀਹ ਰੁਪਏ ਦੇ ਬਰਾਬਰ) ਮੰਦਰ ਵਿਚੋਂ ਹੀ ਮਿਲ ਜਾਂਦੇ ਹਨ ਤੇ 46 ਮੀਟਰ ਲੰਮੇ ਕਾਲੇ ਰੰਗ ਦੇ ਮਿੱਟੀ ਦੇ ਕੁੱਜੇ ਜਿਹੇ ਕਤਾਰ ਵਿਚ ਪਏ ਹਨ। ਦਰਸ਼ਨ ਕਰਨ ਵਾਲੇ ਇਕ-ਇਕ ਸਿੱਕਾ ਇਕ-ਇਕ ਕੁੱਜੇ ਵਿਚ ਸੁੱਟੀ ਜਾਂਦੇ ਹਨ। ਸ਼ਰਧਾਲੂਆਂ ਲਈ ਉਹ ਪੈਕਟ ਪੂਰਾ-ਪੂਰਾ ਸਿੱਕਿਆਂ ਦਾ ਬਣਿਆ ਬਣਾਇਆ ਮਿਲਦਾ ਹੈ। ਪਰ ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਏਸੇ ਹੀ ਮੰਦਰ ਦੇ ਦੂਸਰੇ ਅਹਾਤੇ ਵਿਚ, ਜਿਹੜਾ ਕਿ ਮਸਾਂ ਹੀ ਵੀਹ ਕੁ ਮੀਟਰ ਦੂਰ ਹੋਵੇਗਾ, ਸ਼ਿਵਲਿੰਗ ਸਥਾਪਿਤ ਕੀਤਾ ਹੋਇਆ ਹੈ। ਕੋਈ ਆਪੇ ਹੀ ਸੋਚ ਸਕਦਾ ਹੈ ਕਿ ਹਿੰਦੂ ਧਰਮ ਨੇ ਕਿਥੇ ਤੱਕ ਜਾ ਕੇ ਮਾਰ ਕੀਤੀ ਹੈ। ਬੁੱਧ ਦੇ ਮੰਦਰ ਵਿਚ ਸ਼ਿਵਲਿੰਗ ਨੂੰ ਵੇਖ ਕੇ ਅੱਜ ਮਹਾਤਮਾ ਬੁੱਧ ਦੀ ਰੂਹ ਕੁਰਲਾ ਰਹੀ ਹੋਵੇਗੀ। ਪਰ ਕਿਉਂਕਿ ਬ੍ਰਾਹਮਣ ਦੀਆਂ ਜੜ੍ਹਾਂ ਬਰੂ ਦੀਆਂ ਜੜ੍ਹਾਂ ਵਾਂਗ ਬਹੁਤ ਦੂਰ-ਦੂਰ ਤੱਕ ਫੈਲੀਆਂ ਹੋਈਆਂ ਹਨ, ਇਸ ਲਈ ਇਸ ਤਰ੍ਹਾਂ ਤਾਂ ਹੋਣਾ ਹੀ ਸੀ।

ਬੁੱਧ ਧਰਮ ਇਕ ਤਰ੍ਹਾਂ ਦਾ ਨਾਸਤਕ ਜਿਹਾ ਧਰਮ ਹੈ। ਇਸ ਵਿਚ ਆਤਮਾਂ ਅਤੇ ਪ੍ਰਮਾਤਮਾਂ ਦੋਹਾਂ ਦਾ ਹੀ ਕੋਈ ਸਥਾਨ ਨਹੀਂ। ਪਰ ਕੰਬੋਡੀਆ ਜਿਥੇ ਬੁੱਧ ਧਰਮ ਅੱਜ ਵੀ ਰਾਜਸੀ ਧਰਮ ਹੈ, ਓਥੇ ਬੁੱਧ ਦਿਨ ਮਨਾਇਆ ਜਾਂਦਾ ਹੈ। ਲੋਕ ਭਿਕਸ਼ੂਆਂ ਨੂੰ ਖਾਣਾ ਇਸ ਕਰਕੇ ਖਵਾਉਂਦੇ ਹਨ ਤਾਂ ਕਿ ਉਹ ਖਾਣਾ ਉਹਨਾਂ ਦੇ ਪਿਤਰਾਂ ਤਕ ਪਹੁੰਚ ਜਾਵੇ। ਇਹ ਸਾਰਾ ਸਿਸਟਮ ਬ੍ਰਾਹਮਣ ਦੇ ਸਰਾਧਾਂ ਵਰਗਾ ਬਣ ਚੁੱਕਾ ਹੈ ਤੇ ਬ੍ਰਾਹਮਣਾਂ ਦੇ ਬੁੱਧ ਧਰਮ ਵਿਚ ਘੁੱਸਪੈਠ ਕਰ ਜਾਣ ਦਾ ਨਤੀਜਾ ਹੈ। ਸਿੱਖ ਧਰਮ ਵਿਚ ਵੀ ਸਰਾਧਾਂ ਦਾ ਕੋਈ ਮਤਲਬ ਨਹੀਂ ਪਰ ਫਿਰ ਵੀ ਸਿੱਖ ਪੰਜ ਸਿਖਾਂ ਨੂੰ ਖਾਣਾ ਖੁਆਉਣ ਲਗ ਪਏ ਹਨ ਤੇ ਉਹ ਵੀ ਅਗੋਂ ਪਿਛੋਂ ਨਹੀਂ ਸਰਾਧਾਂ ਦੇ ਦਿਨਾਂ ਵਿਚ। ਇਸ ਤਰ੍ਹਾਂ ਬ੍ਰਾਹਮਣ ਦੀ ਹੋਂਦ ਇਹਨਾਂ ਦੋਹਾਂ ਧਰਮਾਂ ਵਿਚ ਸਪੱਸ਼ਟ ਦਿਸਦੀ ਹੈ। ਬੁੱਧ ਧਰਮ ਵਿਚ ਤਾਂ ਬ੍ਰਾਹਮਣ ਬਹੁਤ ਅਗੇ ਤੱਕ ਚਲਾ ਗਿਆ ਹੈ। ਕੰਬੋਡੀਆ ਦੇ ਲੋਕ ਵਿਆਹ ਪੂਰਾ ਹੋਣ ਤੋਂ ਪਹਿਲਾਂ ਕੁਝ ਪੜ੍ਹ ਪੜ੍ਹ ਕੇ ਤੇ ਗਾ ਗਾ ਕੇ ਆਤਮਾਵਾਂ ਨੂੰ ਬੁਲਾਉਂਦੇ ਹਨ ਜਦਕਿ ਇਸ ਧਰਮ ਵਿਚ ਉਹ ਹੁੰਦੀਆਂ ਹੀ ਨਹੀਂ। ਥਾਈਲੈਂਡ ਦੇ ਕਈ ਸ਼ਹਿਰਾਂ ਦੇ ਨਾਂਅ ਵੀ ਹਿੰਦੂ ਸ਼ਹਿਰਾਂ ਦੇ ਨਾਵਾਂ ਵਰਗੇ ਹਨ। ਥੋੜ੍ਹਾ ਜਿਹਾ ਉਚਾਰਣ ਦਾ ਹੀ ਫਰਕ ਹੈ। ਥਾਈਲੈਂਡ ਵਿਚ ਵੀ ਇਕ ਸ਼ਹਿਰ ਦਾ ਨਾਂਅ ਅਯੁੱਧਿਆ ਹੈ ਪਰ ਥਾਈਲੈਂਡ ਦੇ ਲੋਕ ਇਸ ਨੂੰ 'ਅਯੁੱਥਿਆ' ਕਹਿ ਦੇਂਦੇ ਹਨ, ਜੋ ਕਿ ਉਹਨਾਂ ਦੀ ਬੋਲੀ ਦੇ ਉਚਾਰਨ ਕਾਰਨ ਹੈ। ਰਾਜੇ ਦਾ ਨਾਂ ਰਾਮਾ ਹੈ। ਬਹੁਤ ਐਸੇ ਨਾਂ ਹਨ ਜਿਨ੍ਹਾਂ ਦਾ ਭੁਲੇਖਾ ਪੈ ਜਾਂਦਾ ਹੈ।

ਪਹਿਲਾਂ-ਪਹਿਲਾਂ ਥਾਈਲੈਂਡ ਵਿਚ ਬਹੁਤ ਹੀ ਬੋਧੀ ਭਿਕਸ਼ੂ ਸਨ। ਵਿਚਾਰੇ ਗ੍ਰਹਿਸਤੀ ਲੋਕਾਂ ਦਾ ਜੀਉਣਾ ਹਰਾਮ ਹੋਇਆ ਪਿਆ ਸੀ। ਹੇੜਾਂ ਦੀਆਂ ਹੇੜਾਂ ਬੋਧੀ ਭਿਕਸ਼ੂ ਗਲੀਆਂ-ਬਾਜ਼ਾਰਾਂ ਵਿਚ ਪਏ ਫਿਰਦੇ ਸਨ। ਏਥੋਂ ਤੱਕ ਕਿ ਨਿੱਕੇ-ਨਿੱਕੇ ਚਾਰ-ਚਾਰ, ਪੰਜ-ਪੰਜ ਸਾਲ ਦੇ ਭਿਕਸ਼ੂ ਵੀ ਰੋਡੇ ਸਿਰ ਕਰਕੇ ਗੇਰੂਆ ਕੱਪੜੇ ਪਾ ਕੇ ਮੰਗਦੇ ਫਿਰਦੇ ਸਨ ਪਰ ਥਾਈਲੈਂਡ ਦੀ ਸਰਕਾਰ ਨੇ ਕਾਨੂੰਨ ਬਣਾਇਆ ਕਿ ਅੱਗੋਂ ਤੋਂ ਕੋਈ ਵੀ ਬੋਧੀ ਭਿਕਸ਼ੂ ਨਹੀਂ

ਬਣ ਸਕੇਗਾ। ਥਾਈਲੈਂਡ ਵਿਚ ਬੋਧੀ ਮੰਦਰ ਵੀ ਬਹੁਤ ਹੀ ਹਨ ਤੇ ਇਨ੍ਹਾਂ ਮੰਦਰਾਂ ਨੂੰ ਬਣਾਉਣ 'ਤੇ ਵੀ ਬਹੁਤ ਪੈਸਾ ਖਰਚ ਕੀਤਾ ਜਾਂਦਾ ਹੈ। ਪੂਰੇ ਥ ਈਲੈਂਡ ਵਿਚ ਬੋਧੀ ਮੰਦਰਾਂ ਦਾ ਜਾਲ ਉਸੇ ਤਰ੍ਹਾਂ ਹੀ ਹੈ ਜਿਵੇਂ ਪੰਜਾਬ ਵਿਚ ਸਿੱਖਾਂ ਨੇ ਗੁਰਦੁਆਰੇ ਤਾਮੀਰ ਕਰ ਲਏ ਹਨ। ਜਿਸ ਤਰ੍ਹਾਂ ਸਿੱਖ ਧਾਰਮਕ ਹੋਣ ਦਾ ਵਖਾਵਾ ਕਰਦੇ ਹਨ ਪਰ ਹੁੰਦੇ ਨਹੀਂ ਏਸੇ ਤਰ੍ਹਾਂ ਹੀ ਥਾਈਲੈਂਡ ਵਾਸੀ ਹਨ। ਸਰਕਾਰ ਨੇ ਅੱਸੀ ਹਜ਼ਾਰ ਬੋਧੀ ਭਿਕਸ਼ੂਆਂ ਦੀ ਨਿਸ਼ਾਨਦੇਹੀ ਕਰਵਾ ਕੇ ਇਕ ਮੰਦਰ ਵਿਚ ਸਿਰਫ ਦੋ ਬੋਧੀ ਭਿਕਸ਼ੂ ਛੱਡ ਕੇ ਬਾਕੀਆਂ ਨੂੰ ਗ੍ਰਹਿਸਤੀ ਬਣਨ ਲਈ ਮਜਬੂਰ ਕਰ ਦਿੱਤਾ ਹੈ। ਹੁਣ ਹਾਲਤ ਇਹ ਹੈ ਕਿ ਮੇਰੇ ਕਈ ਦਿਨ ਥਾਈਲੈਂਡ ਵਿਚ ਰਹਿਣ ਦੇ ਬਾਵਜੂਦ ਸੜਕਾਂ 'ਤੇ ਵੱਖ-ਵੱਖ ਵੇਲੇ ਸਿਰਫ ਚਾਰ ਬੋਧੀ ਭਿਕਸ਼ੂ ਹੀ ਨਜ਼ਰ ਆਏ। ਉਹ ਵੀ ਕਿਤੇ ਆਪਣੇ ਕੰਮ ਆ-ਜਾ ਰਹੇ ਸਨ ਤੇ ਉਨ੍ਹਾਂ ਕੋਲ ਮੰਗਣ ਨੂੰ ਕਾਲਾ ਜਿਹਾ ਕਾਸਾ ਵੀ ਨਹੀਂ ਸੀ। ਥਾਈਲੈਂਡ ਵਿਚ ਵੀ ਬ੍ਰਾਹਮਣਵਾਦ ਨੇ ਓਥੋਂ ਦੇ ਲੋਕਾਂ ਦੇ ਜੀਵਨ 'ਤੇ ਬਹੁਤ ਹਿੰਦੂ ਪ੍ਰਭਾਵ ਪਾਇਆ ਹੈ। ਇਹ ਲੋਕ ਵੀ ਬਹੁਤ ਵਹਿਮੀ-ਭਰਮੀ ਹੋ ਗਏ ਹਨ, ਜਿਵੇਂ ਕਿਸੇ ਦੇ ਸਿਰ ਨੂੰ ਹੱਥ ਲਾਉਣ ਨੂੰ ਬਹੁਤ ਬੁਰਾ ਸਮਝਿਆ ਜਾਂਦਾ ਹੈ। ਜੇ ਸਹਿਵਨ ਹੀ ਕਿਸੇ ਦੇ ਸਿਰ ਨੂੰ ਹੱਥ ਲੱਗ ਜਾਵੇ ਤਾਂ ਝੱਟ ਮੁਆਫੀ ਮੰਗਣੀ ਚਾਹੀਦੀ ਹੈ, ਕਿਉਂਕਿ ਇਹ ਲੋਕ ਸਿਰ ਨੂੰ ਸਾਰੇ ਸਰੀਰ ਦੇ ਦੂਜੇ ਹਿੱਸਿਆਂ ਨਾਲੋਂ ਪਵਿੱਤਰ ਮੰਨਦੇ ਹਨ ਬਲਕਿ ਸਿਰ ਨੂੰ ਤਾਂ ਬਹੁਤ ਹੀ ਪਵਿੱਤਰ ਮੰਨਦੇ ਹਨ। ਏਸੇ ਤਰ੍ਹਾਂ ਹੀ ਘਰ ਦੀ ਸਰਦਲ 'ਤੇ ਪੈਰ ਰੱਖਣਾ ਬੁਰਾ ਮੰਨਿਆ ਜਾਂਦਾ ਹੈ। ਜੁੱਤੀਆਂ ਘਰ ਦੇ ਬਾਹਰ ਹੀ ਲਾਹ ਦੇਣੀਆਂ ਚਾਹੀਦੀਆਂ ਹਨ ਤੇ ਨੰਗੇ ਪੈਰੀਂ ਹੀ ਅੰਦਰ ਜਾਣਾ ਚਾਹੀਦਾ ਹੈ। ਇਹਨਾਂ ਦੇ ਹੋਰ ਵੀ ਬਹੁਤ ਵਹਿਮ ਭਰਮ ਹਨ ਜੋ ਬ੍ਰਾਹਮਣ ਨੇ ਹੀ ਇਹਨਾਂ ਨੂੰ ਸਿਖਾਏ ਹਨ।

ਮਹਾਤਮਾ ਬੁੱਧ ਦੀ ਸਿੱਖਿਆ ਬੜੀ ਸਿੱਧੀ-ਸਾਦੀ ਤੇ ਸਰਲ ਸੀ ਤੇ ਹਰ ਇਕ ਦੇ ਸਮਝ ਆਉਣ ਵਾਲੀ ਸੀ। ਮਹਾਤਮਾ ਬੁੱਧ ਆਪਣੇ ਚੇਲਿਆਂ ਨੂੰ ਕਹਿੰਦੇ ਸਨ ਕਿ 'ਜਦੋਂ ਜ਼ਮੀਨ 'ਤੇ ਤੁਰੋ ਤਾਂ ਚਾਰ ਫੁੱਟ ਤੋਂ ਅੱਗੇ ਨਾ ਵੇਖੋ ਜੇ ਔਰਤ ਦਿਸ ਪਵੇ ਤਾਂ ਅੱਖਾਂ ਬੰਦ ਕਰ ਲਓ, ਜੇ ਵੇਖਣਾ ਹੀ ਪੈ ਜਾਵੇ ਤਾਂ ਹੱਥ ਨਾ ਲਾਇਓ, ਛੂਹਿਓ ਨਾ, ਜੇ ਛੂਹਣਾ ਪੈ ਜਾਵੇ ਤਾਂ ਬੋਲਿਓ ਨਾ, ਜੇ ਬੋਲਣਾ ਪੈ ਜਾਵੇ ਤਾਂ ਫਿਰ ਹੋਸ਼ ਨਾ ਗਵਾ ਦਿਓ।' ਬੁੱਧ ਨੇ ਇਹ ਵੀ ਕਿਹਾ ਕਿ ਮਿੱਟੀ ਨਹੀਂ ਛੂਹਣੀ ਚਾਹੀਦੀ ਕਿਉਂਕਿ ਇਸ ਨਾਲ ਵੀ ਕਾਮ ਉਪਜਦਾ ਹੈ। ਇਹ ਸਾਰੀਆਂ ਮਨ ਦੀਆਂ ਗੱਲਾਂ ਹਨ ਪਰ ਜਿਸ ਤਰ੍ਹਾਂ ਆਮ ਹੀ ਹੁੰਦਾ ਹੈ ਲੋਕਾਂ ਨੇ ਬੁੱਧ ਦੀਆਂ ਗੱਲਾਂ ਦੇ ਉਲਟ ਮਤਲਬ ਕੱਢ ਲਏ, ਜਿਵੇਂ ਸਾਰੇ ਧਰਮ ਹੀ ਕੱਢ ਲੈਂਦੇ ਹਨ। ਮਿਸਾਲ ਦੇ ਤੌਰ 'ਤੇ ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ 'ਤੇ ਬਿਰਾਜਮਾਨ ਕਰਕੇ ਦੇਹਧਾਰੀ ਗੁਰੂਆਂ ਦੀ ਸਮਾਪਤੀ ਕਰ ਦਿੱਤੀ। ਗੁਰੂ ਗ੍ਰੰਥ ਸਾਹਿਬ ਨੂੰ 'ਜਾਹਰਾ-ਜਹੂਰ ਪ੍ਰਗਟ ਗੁਰਾਂ ਦੀ ਦੇਹ' ਦੇ ਤੌਰ 'ਤੇ ਮੰਨਣ ਦਾ ਹੁਕਮ ਦਿੱਤਾ। ਪਰ ਇਸ ਦਾ ਮਤਲਬ ਸਿੱਖਾਂ ਨੇ ਉਲਟ ਕੱਢ ਲਿਆ। ਦਾਤਣਾਂ ਰੱਖਣੀਆਂ, ਚਾਹ ਦਾ ਭੋਗ, ਰੋਟੀ ਦਾ ਭੋਗ, ਉੱਤੇ ਰਜਾਈਆਂ ਦੇਣੀਆਂ, ਗਰਮੀਆਂ ਨੂੰ ਕੂਲਰ ਲਾਉਣੇ, ਹੀਟਰ ਲਾਉਣੇ, ਸਿਰ 'ਤੇ ਚੁੱਕ ਕੇ ਸੈਰ ਕਰਵਾਉਣੀ ਤੇ ਇਸ ਤਰ੍ਹਾਂ ਦੇ ਹੋਰ ਸਾਰੇ ਟਸ਼ਣ ਲੋਕਾਂ ਨੇ ਗੁਰੂਆਂ ਦੀ ਇੱਛਾ ਦੇ ਉਲਟ ਆਪ ਹੀ ਬਣਾ ਲਏ ਹਨ। ਬਿਲਕੁਲ ਏਸੇ ਤਰ੍ਹਾਂ ਹੀ ਬੁੱਧ ਦੇ ਉਪਦੇਸ਼ਾਂ ਨਾਲ ਹੋਇਆ।

ਕਹਿੰਦੇ ਹਨ ਇਕ ਵਾਰ ਕੁਝ ਭਿਕਸ਼ੂ ਜਾ ਰਹੇ ਸਨ। ਦਰਿਆ ਦੇ ਉਰਲੇ ਪਾਸੇ ਇਕ ਸੁੰਦਰ ਔਰਤ ਕੀਮਤੀ ਕੱਪੜੇ ਪਾ ਕੇ ਖੜ੍ਹੀ ਸੀ। ਉਸ ਔਰਤ ਨੇ ਭਿਕਸ਼ੂਆਂ ਨੂੰ ਬੇਨਤੀ ਕੀਤੀ

ਕਿ ਮੈਨੂੰ ਕੁੱਛੜ ਚੁੱਕ ਕੇ ਦਰਿਆ ਪਾਰ ਕਰਵਾ ਦਿਓ ਤਾਂ ਕਿ ਮੈਂ ਕਿਤੇ ਭਿੱਜ ਨਾ ਜਾਵਾਂ। ਉਸ ਨੇ ਏਨੇ ਭੋਲੇਪਣ ਤੇ ਅਪਣੱਤ ਨਾਲ ਬੇਨਤੀ ਕੀਤੀ ਕਿ ਇਕ ਭਿਕਸ਼ੂ ਨੇ ਕੁੱਛੜ ਚੁੱਕ ਕੇ ਉਹਨੂੰ ਦਰਿਆ ਪਾਰ ਕਰਵਾ ਦਿੱਤਾ, ਗੱਲ ਖਤਮ ਹੋ ਗਈ। ਉਹ ਔਰਤ ਆਪਣੇ ਰਾਹ ਚਲੀ ਗਈ, ਭਿਕਸ਼ੂ ਆਪਣੇ ਰਾਹ ਪੈ ਗਏ। ਰਾਹ ਵਿਚ ਤੁਰੇ ਜਾਂਦਿਆਂ ਘੜੀ-ਮੁੜੀ ਕੋਈ ਨਾ ਕੋਈ ਭਿਕਸ਼ੂ ਇਹੋ ਗੱਲ ਛੇੜ ਕੇ ਉਸ ਭਿਕਸ਼ੂ ਨੂੰ, ਜੀਹਨੇ ਦਰਿਆ ਪਾਰ ਕਰਵਾਇਆ ਸੀ, ਝਿੜਕਾਂ ਮਾਰਨ ਲਗ ਪੈਣ ਕਿ "ਤੂੰ ਉਸ ਔਰਤ ਨੂੰ ਛੂਹਿਆ ਈ ਕਿਉਂ, ਉਹ ਭਾਵੇਂ ਜਿਦਾਂ ਮਰਜ਼ੀ ਦਰਿਆ ਪਾਰ ਕਰਦੀ, ਤੈਨੂੰ ਕੀ ਲੋੜ ਪਈ ਸੀ ਉਹਨੂੰ ਕੁਛੜ ਚੁੱਕਣ ਦੀ, ਠਰਕੀ ਨਾ ਹੋਵੇਂ ਕਿਤੋਂ ਦਾ।"

ਅਖੀਰ ਉਸ ਭਿਕਸ਼ੂ ਨੇ ਕਿਹਾ-"ਸ਼ਰਮ ਕਰੋ ਠਰਕੀ ਮੈਂ ਆਂ ਕਿ ਤੁਸੀਂ, ਮੈਂ ਤਾਂ ਥੋੜ੍ਹੇ ਚਿਰ ਲਈ ਉਹਨੂੰ ਕੁਛੜ ਚੁੱਕਿਆ ਤੇ ਫੇਰ ਉਤਾਰ ਦਿੱਤਾ, ਤੁਸੀਂ ਅਜੇ ਵੀ ਉਹਨੂੰ ਕੁਛੜ ਚੁੱਕੀ ਫਿਰਦੇ ਓ।"

ਬੁੱਧ ਨੇ ਬਹੁਤ ਸਮੇਂ ਤੱਕ ਔਰਤ ਨੂੰ ਦੀਕਸ਼ਾ ਨਹੀਂ ਦਿੱਤੀ ਕਿਉਂਕਿ ਔਰਤ ਗੁਰੂ ਨਹੀਂ ਬਣ ਸਕਦੀ ਪਰ ਚੇਲੀ ਬੜੀ ਛੇਤੀ ਬਣ ਜਾਂਦੀ ਹੈ। ਔਰਤ ਬਹੁਤਾ ਕਰਕੇ ਆਪਣੇ ਤੇ ਆਪਣੇ ਪਰਿਵਾਰ-ਰਿਸ਼ਤੇਦਾਰਾਂ ਤੱਕ ਹੀ ਸੀਮਤ ਰਹਿੰਦੀ ਹੈ। ਔਰਤਾਂ ਹਮੇਸ਼ਾਂ ਅੰਤਰਮੁਖੀ ਹੁੰਦੀਆਂ ਹਨ, ਜਦੋਂ ਕਿ ਮਨੁੱਖ ਬਾਹਰਮੁਖੀ ਹੁੰਦੇ ਹਨ। ਦੂਸਰੇ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਔਰਤ ਨੂੰ ਗੁਰੂ ਬਣਨਾ ਓਨਾ ਹੀ ਔਖਾ ਹੁੰਦਾ ਹੈ ਜਿੰਨਾ ਬੰਦੇ ਨੂੰ ਮਾਂ ਬਣਨਾ। ਇਸਤਰੀ ਦਾ ਦਾਇਰਾ ਬਹੁਤ ਛੋਟਾ ਹੁੰਦਾ ਹੈ। ਬਸ ਆਪਣੇ ਘਰ ਤੋਂ ਗੁਆਂਢੀਆਂ ਦੇ ਘਰ ਤੱਕ, ਜਦੋਂ ਕਿ ਬੰਦੇ ਦੀ ਰੁਚੀ ਦੁਨੀਆਂ ਦੇ ਸਾਰੇ ਮੁਲਕਾਂ ਤੱਕ ਹੁੰਦੀ ਹੈ। ਕਹਿੰਦੇ ਹਨ ਕਿ ਇਕ ਵਾਰ ਭਾਰਤ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਇਕ ਸਮਾਗਮ ਵਿਚ ਗਈ, ਓਥੇ ਇਕ ਹੋਰ ਔਰਤ ਵੀ ਆਈ ਹੋਈ ਸੀ, ਜਿਸ ਨੇ ਆਪਣੇ ਹੱਥੀਂ ਸੋਨੇ ਦੀਆਂ ਚੂੜੀਆਂ ਤੇ ਹੋਰ ਗਹਿਣੇ ਪਾਏ ਹੋਏ ਸਨ। ਇੰਦਰਾ ਗਾਂਧੀ ਨੂੰ ਚੂੜੀਆਂ ਦਾ ਉਹ ਡਿਜ਼ਾਈਨ ਏਨਾ ਪਸੰਦ ਆਇਆ ਕਿ ਉਹ ਆਪ ਉਸ ਔਰਤ ਕੋਲ ਗਈ ਤੇ ਉਹਦਾ ਹੱਥ ਫੜ ਕੇ ਚੂੜੀਆਂ ਦਾ ਡਿਜ਼ਾਈਨ ਵੇਖਿਆ ਤੇ ਪ੍ਰਸ਼ੰਸਾ ਕੀਤੀ। ਓਥੇ ਮੌਜੂਦ ਰਾਜਨੀਤਕ ਲੀਡਰ ਤੇ ਵੱਡੇ-ਵੱਡੇ ਅਫਸਰ ਇਹ ਵੇਖ ਕੇ ਹੈਰਾਨ ਹੋ ਗਏ। ਅਖਬਾਰਾਂ ਨੇ ਵੀ ਇਹ ਗੱਲ ਪਹਿਲੇ ਸਫੇ 'ਤੇ ਛਾਪੀ। ਜਿਸਤੋਂ ਇਹ ਪ੍ਰਭਾਵ ਮਿਲਦਾ ਸੀ ਕਿ ਭਾਵੇਂ ਕੋਈ ਔਰਤ ਜਿੰਨੇ ਮਰਜੀ ਉੱਚੇ ਅਹੁਦੇ 'ਤੇ ਹੋਵੇ, ਸਭ ਤੋਂ ਪਹਿਲਾਂ ਉਹ ਇਕ ਔਰਤ ਹੀ ਹੁੰਦੀ ਹੈ ਤੇ ਉਹਦੇ ਸੁਹਜ-ਸੁਆਦ ਵੀ ਔਰਤਾਂ ਵਾਲੇ ਹੀ ਹੁੰਦੇ ਹਨ।

ਬੁੱਧ ਧਰਮ ਸਿੱਖ ਧਰਮ ਨਾਲ ਕਾਫੀ ਮਿਲਦਾ-ਜੁਲਦਾ ਹੈ। ਜੋ ਕੁਝ ਸਿੱਖ ਗੁਰੂਆਂ ਨਾਲ ਵਾਪਰਿਆਂ, ਉਹ ਕੁਝ ਹੀ ਬੁਧ ਧਰਮ ਅਤੇ ਜੈਨ ਧਰਮ ਨਾਲ ਵੀ ਵਾਪਰਿਆ। ਜਿਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੂੰ ਉਨ੍ਹਾਂ ਦੇ ਸਕੇ ਭਰਾ ਪ੍ਰਿਥਵੀ ਚੰਦ ਨੇ ਇਕ ਹਿੰਦੂ ਚੰਦੂ ਸਵਾਈਏ ਨਾਲ ਗੰਢ ਤੁਪ ਕਰਕੇ ਤੱਤੀਆਂ ਲੋਹਾਂ 'ਤੇ ਬਿਠਾ ਕੇ ਤੇ ਤਸੀਹੇ ਦੇ ਕੇ ਸ਼ਹੀਦ ਕਰਵਾਇਆ ਸੀ, ਇਸੇ ਤਰ੍ਹਾਂ ਹੀ ਮਹਾਤਮਾ ਬੁੱਧ ਦੇ ਚਚੇਰੇ ਭਰਾ ਦੇਵ ਦੱਤ ਨੇ ਉਸ ਵੇਲੇ ਦੇ ਹਿੰਦੂ ਤੇ ਬ੍ਰਾਹਮਣ ਕੱਟੜਵਾਦੀਆਂ ਨਾਲ ਮਿਲੀਭੁਗਤ ਕਰਕੇ ਉਨ੍ਹਾਂ ਨੂੰ ਮਰਵਾਉਣ ਦੀਆਂ ਕਈ ਅਸਫਲ ਕੋਸ਼ਿਸ਼ਾਂ ਕੀਤੀਆਂ। ਬੁੱਧ 'ਤੇ ਪਾਗਲ ਹਾਥੀ ਛੱਡਿਆ ਤੇ ਧਿਆਨ ਕਰਦੇ 'ਤੇ ਪੱਥਰ ਰੇੜ੍ਹ ਦਿੱਤੇ, ਜਿਵੇਂ ਗੁਰੂ ਨਾਨਕ 'ਤੇ ਵਲੀ ਕੰਧਾਰੀ ਨੇ ਪਹਾੜੀ ਤੋਂ ਰੇੜ੍ਹੇ ਸਨ। ਉਂਜ ਤਾਂ

ਬੁੱਧ 82 ਸਾਲ ਦੀ ਉਮਰ ਵਿਚ ਜ਼ਹਿਰੀਲੇ ਕਰੇਲਿਆਂ ਦੀ ਸਬਜ਼ੀ ਖਾ ਕੇ ਮਰੇ ਸਨ ਪਰ ਕਈ ਕਹਿੰਦੇ ਹਨ ਕਿ ਇਸ ਵਿਚ ਵੀ ਦੇਵ ਦੱਤ ਦਾ ਹੱਥ ਸੀ ਨਹੀਂ ਤਾਂ ਉਹ ਕਰੇਲਿਆਂ ਦੀ ਸਬਜ਼ੀ ਤਾਂ ਹੋਰ ਵੀ ਕਈਆਂ ਨੇ ਖਾਧੀ ਸੀ, ਫਿਰ ਉਹ ਕਿਉਂ ਨਾ ਮਰੇ? ਚਲੋ ਜੋ ਵੀ ਹੋਵੇ ਬੁੱਧ ਦਾ ਕਾਫੀ ਕੁਝ ਸਿੱਖ ਗੁਰੂਆਂ ਵਰਗਾ ਹੀ ਸੀ। ਜਿਵੇਂ ਸਿੱਖਾਂ ਦੇ ਕਈ ਫਿਰਕੇ ਬਣ ਗਏ ਹਨ, ਏਸੇ ਤਰ੍ਹਾਂ ਹੀ ਬੁੱਧ ਧਰਮ ਦੇ ਵੀ ਪੈਂਦੀ ਸੱਟੇ ਹੀ ਹੀਨਯਾਨ ਤੇ ਮਹਾਯਾਨ ਦੋ ਵੱਡੇ ਫਿਰਕੇ ਬਣ ਗਏ। ਹੀਨਯਾਨ ਇਕ ਬੰਦੇ ਦੇ ਚਲਾਉਣ ਵਾਲੀ ਬੇੜੀ ਨੂੰ ਕਹਿੰਦੇ ਹਨ ਤੇ ਇਸ ਮੱਤ ਨਾਲ ਸੰਬੰਧਤ ਭਿਕਸ਼ੂਆਂ ਦਾ ਵਿਚਾਰ ਹੈ ਕਿ ਬੰਦੇ ਨੂੰ ਇਕੱਲੇ ਹੀ ਮੋਕਸ਼ ਪਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਪਰ ਮਹਾਯਾਨ ਵਾਲੇ ਮਹਾਯਾਨ ਅਰਥਾਤ ਵੱਡੇ ਬੇੜੇ ਵਾਲਿਆਂ ਦਾ ਵਿਚਾਰ ਹੈ ਕਿ ਵੱਡੀ ਬੇੜੀ ਦੇ ਪੂਰ ਵਾਂਗ ਸਾਰਿਆਂ ਨੂੰ ਹੀ ਨਾਲ ਲੈ ਕੇ ਮੋਕਸ਼ ਪ੍ਰਾਪਤ ਕਰਨਾ ਚਾਹੀਦਾ ਹੈ। ਸਿੱਖ ਧਰਮ ਵੀ ਇਹ ਹੀ ਕਹਿੰਦਾ ਹੈ 'ਆਪ ਤਰੈ ਸਗਲੇ ਕੁਲ ਤਾਰੈ॥' ਬੁੱਧ 42 ਸਾਲ ਲੋਕਾਂ ਨੂੰ ਉਪਦੇਸ਼ ਦੇਂਦੇ ਰਹੇ। ਗੁਰੂ ਨਾਨਕ ਜੀ ਵਾਂਗ ਉਹ ਵੀ ਦੇਸ਼ਾਂ ਦੇਸ਼ਾਂਤਰਾਂ ਵਿਚ ਗਏ। ਜਿੰਨਾ ਚਿਰ ਬੁੱਧ ਜਿਉਂਦੇ ਰਹੇ, ਉਨ੍ਹਾਂ ਦੇ ਉਪਦੇਸ਼ਾਂ ਨੂੰ ਕਿਸੇ ਨੇ ਲਿਖਤੀ ਰੂਪ ਨਾ ਦਿੱਤਾ ਪਰ ਉਨ੍ਹਾਂ ਦੇ ਮਰਨ ਤੋਂ ਬਾਅਦ ਬੁੱਧ ਧਰਮ ਹੋਰ ਕਈ ਟੁਕੜਿਆਂ ਵਿਚ ਵੰਡਿਆ ਗਿਆ।

ਸਿੱਖ ਧਰਮ ਦੇ ਉਲਟ ਬੁੱਧ ਧਰਮ ਤੇ ਜੈਨ ਧਰਮ ਵਿਚ ਇਸਤਰੀ ਦਾ ਕੋਈ ਸਥਾਨ ਨਹੀਂ ਸੀ। ਬੁੱਧ ਦੀ ਮਤਰੇਈ ਮਾਂ ਤੇ ਚਾਚੀ ਨੇ ਬੁੱਧ ਦੀ ਬਹੁਤ ਵਧੀਆ ਪਾਲਣਾ ਕੀਤੀ। ਜਦੋਂ ਉਹ ਦੀਕਸ਼ਾ ਲੈਣ ਆਈ ਤਾਂ ਮਹਾਤਮਾ ਬੁੱਧ ਉਸ ਦੇ ਅਹਿਸਾਨਾਂ ਕਰਕੇ ਇਨਕਾਰ ਨਾ ਕਰ ਸਕੇ, ਦੀਕਸ਼ਾ ਤਾਂ ਦੇ ਦਿੱਤੀ ਤੇ ਇਹ ਦੀਕਸ਼ਾ ਦੇਣ ਨਾਲ ਹੋਰ ਔਰਤਾਂ ਦਾ ਵੀ ਰਾਹ ਖੁੱਲ੍ਹ ਗਿਆ ਪਰ ਬੁੱਧ ਨੇ ਓਦੋਂ ਹੀ ਕਹਿ ਦਿੱਤਾ ਸੀ ਕਿ ਮੇਰਾ ਧਰਮ ਜਿਹੜਾ ਪੰਜ ਹਜ਼ਾਰ ਸਾਲ ਚੱਲਣਾ ਸੀ, ਹੁਣ ਮਸਾਂ ਪੰਜ ਸੌ ਸਾਲ ਹੀ ਚਲ ਸਕੇਗਾ। ਏਹੋ ਜਹੇ ਹੀ ਵਿਚਾਰ ਜੈਨ ਧਰਮ ਦੇ ਵੀ ਹਨ। ਮੁਸਲਮਾਨਾਂ ਵਿਚ ਵੀ ਔਰਤ ਦਾ ਅਧਿਕਾਰ ਘੱਟ ਹੀ ਹੈ। ਏਥੋਂ ਤੱਕ ਕਿ ਜੇ ਔਰਤ ਦੀ ਗਵਾਹੀ ਅਦਾਲਤ ਵਿਚ ਹੋਵੇ ਤਾਂ ਜੇ ਦੋ ਔਰਤਾਂ ਇਕੋ ਹੀ ਗੱਲ ਕਹਿਣ ਤਾਂ ਇਕ ਗਵਾਹੀ ਮੰਨੀ ਜਾਂਦੀ ਹੈ। ਤਿੰਨ ਵਾਰ ਤਲਾਕ ਕਹਿਣ ਮਾਤਰ 'ਤੇ ਹੀ ਤਲਾਕ ਹੋ ਜਾਂਦਾ ਹੈ। ਇਹ ਵੀ ਕੋਈ ਜ਼ਰੂਰੀ ਨਹੀਂ ਕਿ ਇਕੋ ਸਮੇਂ 'ਤੇ ਹੀ ਤਿੰਨ ਵਾਰ ਤਲਾਕ ਕਹਿਣਾ ਹੈ। ਮੰਨ ਲਓ ਕਿਸੇ ਨੇ ਗੁੱਸੇ ਵਿਚ ਆ ਕੇ ਇਕ ਵਾਰ ਤਲਾਕ ਕਹਿ ਦਿੱਤਾ, ਫਿਰ ਉਸ ਨੇ ਆਪਣੇ ਗੁੱਸੇ ਉੱਤੇ ਕਾਬੂ ਪਾ ਲਿਆ, ਦੋ-ਤਿੰਨ ਸਾਲ ਬਾਅਦ ਉਸ ਨੂੰ ਫਿਰ ਗੁੱਸਾ ਆਇਆ ਤੇ ਉਸ ਨੇ ਫਿਰ ਤਲਾਕ ਆਖ ਦਿੱਤਾ ਤਾਂ ਸਮਝੋ ਦੋ ਵਾਰ ਤਲਾਕ ਹੋ ਗਿਆ। ਇਕ ਸਾਲ ਬਾਅਦ ਜੇ ਉਹ ਖਤ ਪਾ ਦੇਵੇ ਜਿਸ ਵਿਚ ਲਿਖਿਆ ਹੋਵੇ ਕਿ ਮੈਂ ਤੈਨੂੰ ਤਲਾਕ ਦੇਂਦਾ ਹਾਂ ਤਾਂ ਸਮਝੋ ਤਿੰਨ ਵਾਰ ਤਲਾਕ ਹੋ ਗਿਆ। ਬਸ ਪਹਿਲਾ ਵਿਆਹ ਤੜੱਕ ਕਰਕੇ ਟੁੱਟ ਗਿਆ। ਹੱਕ ਮੈਹਰ ਜੇ ਤਹਿ ਨਾ ਕੀਤਾ ਹੋਵੇ ਤੇ ਲਿਖਤ ਵਿਚ ਨਾ ਲਿਆਂਦਾ ਹੋਵੇ ਤਾਂ ਰੁਪਈਏ ਸਵਾ ਰੁਪਈਏ ਦਾ ਹੀ ਤਹਿ ਹੈ ਅਰਥਾਤ ਜਦੋਂ ਕੋਈ ਮੁਸਲਮਾਨ ਆਪਣੀ ਪਤਨੀ ਨੂੰ ਤਲਾਕ ਦੇ ਦੇਵੇ ਤਾਂ ਉਹ ਹੱਕ ਮੈਹਰ ਲੈਣ ਦਾ ਕਾਨੂੰਨੀ ਅਧਿਕਾਰ ਰੱਖਦੀ ਹੈ। ਹਜ਼ਰਤ ਮੁਹੰਮਦ ਸਾਹਿਬ ਜੀ ਵੇਲੇ ਤਾਂ ਇਹ ਬਹੁਤ ਘੱਟ ਸੀ, ਮਸਾਂ ਇਕ ਜਾਂ ਸਵਾ ਰੁਪਏ ਦੇ ਬਰਾਬਰ। ਏਸੇ ਲਈ ਹੀ ਤਲਾਕ ਨੂੰ ਰੋਕਣ ਲਈ ਹੱਕ ਮੈਹਰ ਅੱਜਕਲ੍ਹ ਪੰਜ-ਪੰਜ ਲੱਖ ਤੇ ਦਸ-ਦਸ ਲੱਖ ਰੁਪਏ ਤੱਕ ਦਾ ਲਿਖਵਾਇਆ ਜਾਂਦਾ ਹੈ ਪਰ ਮੁਕਲਾਵੇ ਵਾਲੇ ਦਿਨ ਜੇ ਦੂਲਹਾ ਦੁਲਹਨ ਅੱਗੇ ਸ਼ਰਤ

ਰੱਖੇ ਕਿ ਮੈਂ ਅੰਦਰ ਪੈਰ ਤਦ ਰੱਖਣਾ ਹੈ, ਜੇ ਹੱਕ ਮੈਹਰ ਘੱਟ ਕਰੇਂਗੀ ਤਾਂ ਨਹੀਂ ਤੇ ਮੈਂ ਚੱਲਿਆਂ ਤਾਂ ਫਿਰ ਅਜੀਬ ਮੁਸੀਬਤ ਆ ਖੜ੍ਹੀ ਹੁੰਦੀ ਹੈ। ਆਮ ਤੌਰ 'ਤੇ ਇਹ ਮੁਆਫ ਕਰਨਾ ਹੀ ਪੈਂਦਾ ਹੈ, ਨਹੀਂ ਤਾਂ ਵਿਆਹ ਹੋਇਆ ਵੀ ਕੋਈ ਮਾਅਨੇ ਨਹੀਂ ਰੱਖਦਾ। ਹਾਂ ਮੁਹੰਮਦ ਸਾਹਿਬ ਨੇ ਔਰਤ ਦੇ ਹੱਕ ਵਿਚ ਇਹ ਇਕ ਗੱਲ ਰੱਖੀ ਹੈ ਕਿ ਜੇ ਕੋਈ ਮੁਸਲਮਾਨ ਆਪਣੀ ਬੇਕਸੂਰ ਤੇ ਭੋਲੀ-ਭਾਲੀ ਪਤਨੀ ਨੂੰ ਤਲਾਕ ਦੇ ਦੇਵੇ ਤੇ ਬਾਅਦ ਵਿਚ ਉਸ ਨੂੰ ਪਛਤਾਵਾ ਹੋਵੇ ਤਾਂ ਤਲਾਕਸ਼ੁਦਾ ਔਰਤ ਨੂੰ ਉਹ ਮੁੜ ਕੇ ਆਪਣੇ ਘਰ ਨਹੀਂ ਲਿਆ ਸਕਦਾ, ਜਿੰਨਾ ਚਿਰ ਹਲਾਲਾ ਨਾ ਕਰ ਲਵੇ। ਹਲਾਲਾ ਕਰਨ ਵਾਸਤੇ ਉਸ ਕੁੜੀ ਦਾ ਵਿਆਹ ਪਹਿਲਾਂ ਇਕ ਹੋਰ ਬੰਦੇ ਨਾਲ ਹੋਵੇਗਾ, ਫਿਰ ਉਹ ਕੁੜੀ ਉਸ ਬੰਦੇ ਨਾਲ ਪਤੀ-ਪਤਨੀ ਦੇ ਤੌਰ 'ਤੇ ਰਾਤ ਗੁਜ਼ਾਰੇਗੀ, ਫਿਰ ਉਹ ਬੰਦਾ ਉਸ ਨੂੰ ਤਲਾਕ ਦੇਵੇਗਾ ਤੇ ਫਿਰ ਉਹ ਪਹਿਲਾ ਬੰਦਾ ਉਸ ਨਾਲ ਦੁਬਾਰਾ ਨਿਕਾਹ ਕਰ ਸਕਦਾ ਹੈ। ਇਹ ਤਰੀਕਾ ਮੁਹੰਮਦ ਸਾਹਿਬ ਨੇ ਇਸ ਕਰਕੇ ਰੱਖਿਆ ਹੈ ਕਿ ਐਵੇਂ ਹੀ ਕੋਈ ਲਾਹਣ ਦੇ ਦੋ ਘੁੱਟ ਪੀ ਕੇ ਪਤਨੀ ਨੂੰ ਤਲਾਕ ਨਾ ਦੇ ਦੇਵੇ।

ਮਹਾਤਮਾ ਬੁੱਧ ਤੇ ਜੈਨੀਆਂ ਦੇ ਗੁਰੂ ਮਹਾਂਵੀਰ ਦੋਵੇਂ ਸਮਕਾਲੀ ਸਨ, ਦੋਵੇਂ ਹੀ ਬਿਹਾਰ ਦੇ ਰਹਿਣ ਵਾਲੇ ਸਨ, ਦੋਵੇਂ ਹੀ ਅੱਜ ਤੋਂ 25 ਕੁ ਸੌ ਸਾਲ ਪਹਿਲਾਂ ਹੋਏ। ਉਹ ਏਨਾਂ ਇਕੱਠੇ ਵਿਚਰੇ ਕਿ ਇਕ ਵਾਰ ਦੋਵੇਂ ਹੀ ਇਕੋ ਹੀ ਸਰਾਂ ਵਿਚ ਠਹਿਰੇ ਪਰ ਫਿਰ ਵੀ ਦੋਵੇਂ ਇਕ-ਦੂਜੇ ਨੂੰ ਨਹੀਂ ਮਿਲੇ। ਬੋਧੀ ਕਹਿੰਦੇ ਹਨ ਜੈਨੀ ਘੁਮੰਡੀ ਹਨ ਤੇ ਜੈਨੀ ਕਹਿੰਦੇ ਹਨ ਬੋਧੀ ਘੁਮੰਡੀ ਹਨ। ਦੋਵਾਂ ਦੀ ਉਮਰ ਵੀ ਲਗਪਗ ਇਕੋ ਜਿੰਨੀ ਹੀ ਸੀ। ਬੁੱਧ 82 ਸਾਲ ਦੀ ਉਮਰ ਵਿਚ ਮਰੇ ਅਤੇ ਮਹਾਵੀਰ ਵੀ ਲਗਪਗ 80 ਸਾਲ ਦੀ ਉਮਰ ਵਿਚ ਮਰੇ। ਦੋਵੇਂ ਹੀ ਇਕ-ਦੂਜੇ ਦੀਆਂ ਬਦਖੋਹੀਆਂ ਕਰਦੇ ਰਹਿੰਦੇ ਸਨ। ਜੈਨੀ ਮਹਾਂਵੀਰ ਨੂੰ ਸਰਵਗਯ ਤੇ ਤ੍ਰੈਕਾਲ ਦਰਸ਼ੀ ਮੰਨਦੇ ਸਨ ਪਰ ਬੋਧੀ ਉਨ੍ਹਾਂ ਦਾ ਇਹ ਕਹਿ ਕੇ ਮਜ਼ਾਕ ਉਡਾਉਂਦੇ ਸਨ ਕਿ ਤ੍ਰੈਕਾਲ ਦਰਸ਼ੀ ਅਖਵਾਉਣ ਵਾਲੇ ਮਹਾਂਵੀਰ ਇਕ ਵਾਰ ਹਨੇਰੇ ਵਿਚ ਕਿਤੇ ਜਾ ਰਹੇ ਸੀ ਕਿ ਉਨ੍ਹਾਂ ਨੇ ਰਾਹ ਵਿਚ ਬੈਠੇ ਇਕ ਕੁੱਤੇ ਦੀ ਪੂਛ ਉੱਤੇ ਪੈਰ ਰੱਖ ਦਿੱਤਾ। ਤ੍ਰੈਕਾਲ ਦਰਸ਼ੀ ਕਾਹਦਾ ਜਿਹਨੂੰ ਆਪਣੀ ਦਿਬਦ੍ਰਿਸ਼ਟੀ ਨਾਲ ਕੁੱਤਾ ਨਹੀਂ ਦਿਸਿਆ, ਤਿੰਨਾਂ ਜਨਮਾਂ ਨੂੰ ਜਾਨਣ ਵਾਲਾ ਕਿੱਥੋਂ ਹੋ ਗਿਆ? ਏਸੇ ਤਰ੍ਹਾਂ ਹੀ ਜੈਨੀ ਵੀ ਮਹਾਤਮਾ ਬੁੱਧ ਬਾਰੇ ਕਹਿੰਦੇ ਹਨ ਕਿ ਬੁੱਧ ਇਕ ਦਿਨ ਭਿਖਸ਼ਾ ਮੰਗਣ ਗਏ ਨੇ ਐਸੇ ਘਰ ਦਾ ਦਰਵਾਜ਼ਾ ਜਾ ਖੜਕਾਇਆ, ਜਿਹੜਾ ਚਾਲ੍ਹੀ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਬੰਦ ਪਿਆ ਸੀ ਤੇ ਜੀਹਦੇ ਵਿਚ ਕੋਈ ਨਹੀਂ ਸੀ ਰਹਿੰਦਾ। ਗਿਆਨ ਹੋ ਜਾਣ ਤੋਂ ਬਾਅਦ ਬੁੱਧ 42 ਸਾਲ ਜਿਉਂਦੇ ਰਹੇ, ਮਹਾਂਵੀਰ 40 ਸਾਲ ਜਿਉਂਦੇ ਰਹੇ।

ਮਹਾਤਮਾ ਬੁੱਧ ਦੇ ਹੁੰਦਿਆਂ ਕਿਸੇ ਨੇ ਉਨ੍ਹਾਂ ਦੇ ਉਪਦੇਸ਼ ਨਾ ਲਿਖੇ। ਮਰਨ ਤੋਂ ਬਾਅਦ ਸਾਰਿਆਂ ਨੇ ਬੁੱਧ ਦੇ ਰਿਸ਼ਤੇਦਾਰ ਤੇ ਨਜ਼ਦੀਕੀ ਸਾਥੀ ਅਨੰਦ ਨੂੰ ਕਿਹਾ ਕਿ ਉਹ ਬੁੱਧ ਦੇ ਪ੍ਰਵਚਨ ਲਿਖੇ। ਬੁੱਧ ਦੇ ਮਰਨ ਦੀ ਹੀ ਦੇਰ ਸੀ ਕਿ ਬੁੱਧ ਧਰਮ ਦੇ 36 ਟੁਕੜੇ ਹੋ ਗਏ। ਕੋਈ ਧੜਾ ਇਕ ਗੱਲ ਨਹੀਂ ਸੀ ਮੰਨਦਾ, ਕੋਈ ਦੂਜੀ ਨਹੀਂ ਸੀ ਮੰਨਦਾ। ਏਸੇ ਤਰ੍ਹਾਂ ਹੀ ਜੈਨੀਆਂ ਨਾਲ ਹੋਇਆ। ਸਿੱਖ ਗੁਰੂਆਂ ਦੀਆਂ ਸਾਰੀਆਂ ਕਿਤਾਬਾਂ ਵੀ ਬਾਅਦ ਵਿਚ ਲਿਖੀਆਂ ਗਈਆਂ ਹਨ, ਸਿਵਾਏ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ। ਸਾਰੇ ਰਹਿਤਨਾਮੇ ਤੇ ਗੁਰੂਆਂ ਦੀਆਂ ਜੀਵਨੀਆਂ ਬਾਅਦ ਵਿਚ ਹੀ ਲਿਖੀਆਂ ਗਈਆਂ ਹਨ। ਨੱਬੇ ਫੀਸਦੀ ਸਿੱਖ ਵਿਦਵਾਨ ਇਹ ਮੰਨਦੇ ਹਨ ਕਿ ਦਸਮ ਗ੍ਰੰਥ ਵੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਹੁਤ ਬਾਅਦ ਦਰਬਾਰੀ

ਕਵੀਆਂ ਜਾਂ ਬ੍ਰਾਹਮਣਾਂ ਨੇ ਸਿੱਖਾਂ ਨੂੰ ਭੰਬਲਭੂਸੇ ਵਿਚ ਪਾਉਣ ਲਈ ਲਿਖਿਆ ਸੀ। ਗੁਰੂ ਗੋਬਿੰਦ ਸਿੰਘ ਵੇਲੇ ਇਸ ਦੀ ਕੋਈ ਹੋਂਦ ਨਹੀਂ ਸੀ, ਸਿਵਾਏ ਥੋੜ੍ਹੀ ਜਹੀ ਬਾਣੀ ਦੇ। ਜੋ ਗੱਲਾਂ ਮਹਾਤਮਾ ਬੁੱਧ ਦੇ ਜਿਉਂਦਿਆਂ ਹੋਈਆਂ, ਉਨ੍ਹਾਂ ਉਪਦੇਸ਼ਾਂ ਵਿਚ ਵੀ ਲੋਕਾਂ ਨੂੰ ਭੁਲੇਖਾ ਲੱਗ ਜਾਂਦਾ ਸੀ। ਮਹਾਤਮਾ ਬੁੱਧ ਦੇ ਆਸ਼ਰਮ ਵਿਚ ਸੌਣ ਤੋਂ ਪਹਿਲਾਂ ਸਮਾਧੀ ਲਾਈ ਜਾਂਦੀ ਸੀ। ਇਕ ਦਿਨ ਮਹਾਤਮਾ ਬੁੱਧ ਦੇ ਪ੍ਰਵਚਨ ਸੁਣਨ ਲਈ ਉਨ੍ਹਾਂ ਦੇ ਚੇਲਿਆਂ ਤੋਂ ਇਲਾਵਾ ਇਕ ਵੇਸਵਾ ਤੇ ਦੋ ਚੋਰ ਵੀ ਆਏ। ਮਹਾਤਮਾ ਜੀ ਨੇ ਆਪਣਾ ਪ੍ਰਵਚਨ ਖਤਮ ਕਰਕੇ ਫੁਰਮਾਇਆ ਕਿ ਜਾਓ ਹੁਣ ਰਾਤ ਦਾ ਕੰਮ ਕਰੋ। ਬੁੱਧ ਦੇ ਚੇਲੇ ਤਾਂ ਰੋਜ਼ ਵਾਂਗ ਧਿਆਨ ਕਰਨ ਲੱਗ ਪਏ ਪਰ ਵੇਸਵਾ ਨੇ ਰਾਤ ਦੇ ਕੰਮ ਤੋਂ ਅਰਥ ਆਪਣੇ ਧੰਦੇ ਦਾ ਲਿਆ। ਉਸ ਨੇ ਸੋਚਿਆ, ਮੈਂ ਏਥੇ ਬੈਠੀ ਆਂ, ਓਧਰ ਗਾਹਕ ਮੈਨੂੰ ਉਡੀਕਦੇ ਹੋਣਗੇ ਤੇ ਇਹ ਸੋਚ ਕੇ ਉਹ ਪੇਸ਼ਾ ਕਰਨ ਚਲੀ ਗਈ। ਏਸੇ ਤਰ੍ਹਾਂ ਹੀ ਚੋਰਾਂ ਨੇ ਵੀ ਆਪਣੇ ਰਾਤ ਦੇ ਕੰਮ ਦਾ ਅਰਥ ਰਾਤ ਨੂੰ ਚੋਰੀ ਕਰਨ ਦਾ ਕੱਢਿਆ ਤੇ ਚੋਰੀ ਕਰਨ ਤੁਰ ਪਏ। ਹੁਣ ਇਕ ਹੀ ਹੁਕਮ ਤਿੰਨਾਂ ਨੇ ਵੱਖਰਾ-ਵੱਖਰਾ ਸਮਝਿਆ। ਸਿੱਖਾਂ ਦੀ ਵੀ ਏਸੇ ਤਰ੍ਹਾਂ ਦੀ ਹੀ ਇਕ ਕਹਾਣੀ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਸਿੰਘ ਨੂੰ ਕਿਹਾ ਕਿ ਬਾਣੀ ਪੜ੍ਹਿਆ ਕਰੋ। ਸਾਰੇ ਸਿੰਘ ਬਾਣੀ ਪੜ੍ਹਿਆ ਕਰਦੇ ਸਨ ਪਰ ਇਕ ਸਿੰਘ 'ਅਨੰਦ ਭਯਾ ਮੇਰੀ ਮਾਏ ਸਤਿਗੁਰੂ ਮੈਂ ਪਾਇਆ' ਉੱਤੇ ਹੀ ਅੜ ਗਿਆ। ਉਹ ਸਿਰਫ ਏਨਾਂ ਹੀ ਪੜ੍ਹਿਆ ਕਰੇ। ਦੂਸਰੇ ਸਿੰਘਾਂ ਦੀ ਸ਼ਿਕਾਇਤ ਉੱਤੇ ਗੁਰੂ ਜੀ ਨੇ ਜਦੋਂ ਬੁਲਾ ਕੇ ਪੁੱਛਿਆ ਤਾਂ ਉਸ ਸਿੰਘ ਨੇ ਕਿਹਾ, "ਜੀ ਆਪ ਜੀ ਨੇ ਈ ਤਾਂ ਆਖਿਆ ਸੀ ਕਿ ਬਾਣੀ ਪੜ੍ਹਨ ਨਾਲ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਉਹ ਮੈਨੂੰ ਹੋ ਚੁੱਕੀ ਹੈ। ਫੇਰ ਬਾਕੀ ਦੀ ਬਾਣੀ ਕਾਹਦੇ ਲਈ ਪੜ੍ਹਨੀ ਹੈ?"

ਮਹਾਤਮਾ ਬੁੱਧ ਦੇ ਹੁੰਦਿਆਂ ਵੀ ਉਨ੍ਹਾਂ ਨੂੰ ਕਈ ਵਾਰ ਆਪਣੇ ਹੀ ਬਣਾਏ ਹੋਏ ਨਿਯਮਾਂ ਵਿਚ ਤਬਦੀਲੀ ਕਰਨੀ ਪਈ। ਬੁੱਧ ਧਰਮ ਦਾ ਪਹਿਲਾ ਤੇ ਮੁੱਢਲਾ ਅਸੂਲ ਇਹ ਸੀ ਕਿ ਹਰ ਭਿਕਸ਼ੂ ਮੰਗ ਕੇ ਖਾਏਗਾ। ਜੀਵਾਂ ਨੂੰ ਨਹੀਂ ਸਤਾਉਣਾ ਤੇ ਨਾ ਹੀ ਮਾਰਨਾ ਹੈ। ਇਸ ਗੱਲ ਦੇ ਤਹਿਤ ਮਾਸ ਖਾਣ ਦੀ ਮਨਾਹੀ ਸੀ ਪਰ ਨਾਲ ਇਹ ਗੱਲ ਵੀ ਸੀ ਕਿ ਜੋ ਕੋਈ ਵੀ ਚੀਜ਼ ਆਪਣੀ ਮਰਜ਼ੀ ਨਾਲ ਭਿਕਸ਼ਾ ਪਾਤਰ ਵਿਚ ਪਾ ਦੇਵੇ, ਚੁੱਪ-ਚਾਪ ਸਵੀਕਾਰ ਕਰ ਲੈਣੀ ਹੈ, ਆਪਣੀ ਲੋੜ ਤੋਂ ਵੱਧ ਨਹੀਂ ਮੰਗਣਾ ਤੇ ਆਪਣੀ ਮਨਪਸੰਦ ਦਾ ਖਾਣਾ ਭਿਕਸ਼ਾ ਪਾਤਰ ਵਿਚ ਪਾਉਣ ਲਈ ਨਹੀਂ ਕਹਿਣਾ। ਬੁੱਧ ਦੇ ਭਿਕਸ਼ੂ ਬੜੀ ਸਖਤੀ ਨਾਲ ਇਹਨਾਂ ਨਿਯਮਾਂ ਦਾ ਪਾਲਣ ਕਰਦੇ ਸਨ ਪਰ ਇਕ ਦਿਨ ਐਸਾ ਹੋਇਆ ਕਿ ਇਕ ਭਿਕਸ਼ੂ ਹੱਥ ਵਿਚ ਭਿਕਸ਼ਾ ਪਾਤਰ ਫੜੀ ਜਾ ਰਿਹਾ ਸੀ ਕਿ ਉਡਦੀ ਜਾਂਦੀ ਇੱਲ ਦੇ ਮੂੰਹ ਵਿਚੋਂ ਛੁੱਟ ਕੇ ਪੜੱਕ ਕਰਦਾ ਮਾਸ ਦਾ ਇਕ ਲੋਥੜਾ ਭਿਕਸ਼ਾ ਪਾਤਰ ਵਿਚ ਡਿਗ ਪਿਆ। ਉਹ ਭਿਕਸ਼ੂ ਬਹੁਤ ਸ਼ਸ਼ੋਪੰਜ ਵਿਚ ਪੈ ਗਿਆ ਕਿ ਬੁੱਧ ਨੇ ਤਾਂ ਕਿਹਾ ਹੈ ਕਿ ਜੋ ਚੀਜ਼ ਵੀ ਭਿਕਸ਼ਾ ਪਾਤਰ ਵਿਚ ਪੈ ਜਾਵੇ ਖਾ ਲੈਣੀ ਹੈ ਪਰ ਉਨ੍ਹਾਂ ਇਹ ਵੀ ਹਦਾਇਤ ਕੀਤੀ ਹੋਈ ਹੈ ਕਿ ਮਾਸ ਨਹੀਂ ਖਾਣਾ। ਬੁੱਧ ਅਜੇ ਜਿਊਂਦਾ ਸੀ, ਇਸ ਲਈ ਸਾਰੇ ਭਿਕਸ਼ੂ ਇਕੱਠੇ ਹੋ ਕੇ ਬੁੱਧ ਕੋਲ ਗਏ ਤੇ ਹੱਲ ਪੁੱਛਿਆ। ਬੁੱਧ ਨੇ ਬੜਾ ਸੋਚਿਆ। ਸੋਚ-ਸੋਚ ਕੇ ਉਹ ਇਸ ਸਿੱਟੇ 'ਤੇ ਪਹੁੰਚੇ ਕਿ ਇਹ ਤਾਂ ਕੁਦਰਤੀ ਹਾਦਸਾ ਹੋ ਗਿਆ ਹੈ, ਰੋਜ਼-ਰੋਜ਼ ਥੋੜ੍ਹਾ ਇਸ ਤਰ੍ਹਾਂ ਹੋਵੇਗਾ। ਇਹ ਸੋਚ ਕੇ ਬੁੱਧ ਨੇ ਕਿਹਾ, 'ਭਿਕਸ਼ਾ ਪਾਤਰ ਵਿਚ ਜੋ ਪੈ ਗਿਆ ਖਾ ਲੈਣਾ ਹੈ ਤੇ ਮਰੇ ਹੋਏ ਜਾਨਵਰ ਜਾਂ ਡੰਗਰ ਦਾ ਮਾਸ ਵੀ ਖਾ ਲੈਣਾ ਚਾਹੀਦਾ ਹੈ, ਜਿਉਂਦੇ ਨੂੰ ਮਾਰ ਕੇ ਨਹੀਂ ਖਾਣਾ ਚਾਹੀਦਾ।' ਇਸ

ਗੱਲ ਦਾ ਅਸਰ ਇਹ ਹੋਇਆ ਕਿ ਜਿਹੜੇ-ਜਿਹੜੇ ਦੇਸ਼ ਵਿਚ ਬੁੱਧ ਧਰਮ ਦਾ ਫੈਲਾਅ ਹੋਇਆ, ਜਿਵੇਂ ਚੀਨ, ਜਾਪਾਨ, ਕੋਰੀਆ, ਥਾਈਲੈਂਡ, ਸ੍ਰੀਲੰਕਾ, ਬ੍ਰਹਮਾ, ਵੀਅਤਨਾਮ ਤੇ ਹੋਰ ਦੇਸ਼, ਓਥੋਂ ਦੇ ਹੋਟਲਾਂ ਦੇ ਬਾਹਰ ਲਿਖਿਆ ਹੁੰਦਾ ਹੈ, 'ਏਥੇ ਆਪਣੇ-ਆਪ ਮਰੇ ਹੋਏ ਡੰਗਰਾਂ ਦਾ ਮਾਸ ਮਿਲਦਾ ਹੈ। ਹੁਣ ਕੋਈ ਵੀ ਬੰਦਾ ਇਹ ਸਮਝ ਸਕਦਾ ਹੈ ਕਿ ਆਪਣੇ-ਆਪ ਏਨੇਂ ਡੰਗਰ ਕਿਵੇਂ ਮਰ ਗਏ ਤੇ ਮਰੇ ਵੀ ਤਾਂ ਉਹ ਦੂਰਦੁਰਾਡੇ ਤੋਂ ਗਰਮ ਜਲਵਾਯੂ ਵਾਲੇ ਦੇਸ਼ਾਂ ਵਿਚ ਸ਼ਹਿਰਾਂ ਅਤੇ ਹੋਟਲਾਂ ਤੱਕ ਪਹੁੰਚਾਏ ਕਿਵੇਂ ਜਾ ਸਕਦੇ ਹਨ? ਬੱਸ ਲੋਕਾਂ ਨੇ ਆਪੇ ਹੀ ਤਰੀਕਾ ਲੱਭ ਲਿਆ। ਮਿਸਾਲ ਦੇ ਤੌਰ 'ਤੇ ਲਦਾਖ ਬੁੱਧ ਧਰਮ ਮੰਨਣ ਵਾਲਿਆਂ ਦਾ ਇਲਾਕਾ ਹੈ, ਓਥੇ ਰੇਂਡੀਅਰ ਨਾਂ ਦਾ ਇਕ ਐਸਾ ਜਾਨਵਰ ਹੈ, ਜਿਹੜਾ ਦੁੱਧ ਪੀਣ, ਬਰਫ ਤੇ ਗੱਡੀਆਂ ਖਿੱਚਣ ਤੇ ਖਾਣ ਦੇ ਵੀ ਕੰਮ ਆਉਂਦਾ ਹੈ। ਲਦਾਖ ਤੇ ਹਿਮਾਲੀਅਨ ਉਚਾਈ ਵਾਲੇ ਖੇਤਰਾਂ ਵਿਚ ਇਹ ਪਾਲਤੂ ਜਾਨਵਰ ਹੈ। ਕੀ ਕੀਤਾ ਜਾਂਦਾ ਹੈ ਕਿ ਬੋਧੀ ਰੇਂਡੀਅਰ ਨੂੰ ਪਹਾੜ 'ਤੇ ਲੈ ਜਾਂਦੇ ਹਨ ਤੇ ਉਤੋਂ ਧੱਕਾ ਦੇ ਦੇਂਦੇ ਹਨ। ਏਨੀਂ ਉਚਾਈ ਤੋਂ ਥੱਲੇ ਡਿੱਗ ਕੇ ਉਹ ਮਰ ਜਾਂਦਾ ਹੈ। ਧੱਕਾ ਦੇਣ ਵਾਲਾ ਕਹਿੰਦਾ ਹੈ? ਮੈਂ ਥੋੜ੍ਹਾ ਮਾਰਿਆ ਹੈ, ਆਪੇ ਡਿਗ ਕੇ ਮਰ ਗਿਆ ਹੈ। ਜਾਂ ਫਿਰ ਰੇਂਡੀਅਰ ਨੂੰ ਖੂਬ ਛੋਲੇ ਚਾਰ ਦਿੱਤੇ ਜਾਂਦੇ ਹਨ ਤੇ ਰਜਾਅ ਕੇ ਪਾਣੀ ਪਿਆ ਦੇਂਦੇ ਹਨ ਜਿਸ ਨਾਲ ਉਹ ਆਫਰ ਕੇ ਮਰ ਜਾਂਦਾ ਹੈ। ਘਰ ਵਾਲੇ ਇਹ ਕਹਿ ਕੇ ਪਾਪ ਮੁਕਤ ਹੋ ਜਾਂਦੇ ਹਨ ਕਿ ਆਪੇ ਖਾ-ਪੀ ਕੇ ਮਰਿਆ ਹੈ, ਅਸਾਂ ਥੋੜ੍ਹਾ ਮਾਰਿਆ ਹੈ। ਬੱਸ ਹਰ ਇਲਾਕੇ ਵਿਚ ਆਪੇ ਹੀ ਤਰੀਕੇ ਲੱਭ ਲਏ ਗਏ ਹਨ।

ਬ੍ਰਾਹਮਣ ਨੇ ਪੂਜਾ-ਪਾਠ ਆਪਣੇ ਹੱਥ ਰੱਖਿਆ ਹੈ, ਕਿਸੇ ਹੋਰ ਨੂੰ ਇਹ ਕੰਮ ਕਰਨ ਦੀ ਖੁੱਲ੍ਹ ਨਹੀਂ ਦਿੱਤੀ, ਏਥੋਂ ਤੱਕ ਕਿ ਬ੍ਰਾਹਮਣ ਨੇ ਬ੍ਰਾਹਮਣੀ ਕੰਮ ਵੀ ਵੰਡ ਲਏ ਹਨ। ਪੂਜਾ-ਪਾਠ ਵਾਲੇ ਬ੍ਰਾਹਮਣ ਹੋਰ ਹੁੰਦੇ ਹਨ ਤੇ ਮਰੇ ਦਾ ਸਸਕਾਰ ਕਰਾਉਣ ਵਾਲੇ ਹੋਰ, ਸ਼ਰਾਧ ਖਾਣ ਵਾਲੇ ਹੋਰ ਤੇ ਟੇਵੇ ਲਾਉਣ ਵਾਲੇ ਹੋਰ, ਮੰਦਿਰਾਂ ਦੇ ਪੁਜਾਰੀ ਹੋਰ ਤੇ ਹਵਨ ਯਗ ਕਰਨ ਵਾਲੇ ਹੋਰ। ਇਹ ਸਾਰੇ ਇਕ-ਦੂਜੇ ਦੇ ਕੰਮਾਂ ਵਿਚ ਨਾ ਤਾਂ ਨੁਕਸ ਕੱਢਦੇ ਹਨ ਤੇ ਨਾ ਹੀ ਜਜਮਾਨਾਂ ਸਾਹਮਣੇ ਕਿਸੇ ਦੀ ਗਲਤੀ ਕੱਢ ਕੇ ਭੰਡਦੇ ਹਨ। ਮੁਰਦੇ ਸਾੜਨ ਵਾਲੇ ਬ੍ਰਾਹਮਣ ਨੂੰ ਅਚਾਰਜ ਬ੍ਰਾਹਮਣ ਕਹਿੰਦੇ ਹਨ। ਭੁੱਲ ਕੇ ਵੀ ਉਹ ਮੁੰਡਾ ਜੰਮੇ ਵਾਲੇ ਜਾਂ ਵਿਆਹ ਵਾਲੇ ਘਰ ਨਹੀਂ ਵੜ ਸਕਦਾ। ਬੁੱਧ ਧਰਮ ਨੇ ਪਾਠ-ਪੂਜਾ ਦਾ ਕੰਮ ਆਪਣੇ ਅਨੁਯਾਈਆਂ 'ਤੇ ਹੀ ਛੱਡ ਦਿੱਤਾ ਹੈ। ਨਾਲ ਦਸ ਦਿੱਤਾ ਹੈ ਕਿ ਐਨੇ ਪਾਠ ਕਰਨੇ ਚਾਹੀਦੇ ਹਨ। ਬੁੱਧ ਤੋਂ ਬਾਅਦ ਇਸ ਦੇ ਵੀ ਹੋਰ ਦੇ ਹੋਰ ਅਰਥ ਕੱਢ ਲਏ ਗਏ। ਇਕ ਤਕਲੀ ਵਰਗੇ ਡਮਰੂ ਜਿਹੇ ਉੱਤੇ ਮੰਤਰ ਲਿਖ ਕੇ ਬੋਧੀਆਂ ਨੇ ਹੱਥਾਂ ਵਿਚ ਫੜ ਲਏ। ਉਨ੍ਹਾਂ ਚਰਖੀਆਂ ਜਿਹੀਆਂ ਨੂੰ ਘੁੰਮਾ ਦਿੱਤਾ, ਜਿੰਨੀ ਵਾਰ ਘੁੰਮ ਜਾਣ, ਓਨੇ ਪਾਠ ਹੋ ਗਏ। ਇਸ ਤਰ੍ਹਾਂ ਬੋਧੀ ਸਾਰਾ ਦਿਨ ਹੀ ਡਮਰੂ ਜਿਹਾ ਘੁੰਮਾਈ ਜਾਂਦੇ ਹਨ ਪਰ ਇਸ ਦੇ ਉਲਟ ਬ੍ਰਾਹਮਣ ਨੇ ਆਪਣੇ-ਆਪ ਨੂੰ ਜਾਂ ਆਪਣੇ ਪਰਿਵਾਰ ਨੂੰ ਨਿਰਦੋਸ਼ ਸਾਬਤ ਕਰਨ ਦੇ ਤਰੀਕੇ ਵੀ ਲੱਭੇ ਹੋਏ ਹੱਨ। ਲੋਕਾਂ ਨੂੰ ਪਤਾ ਵੀ ਲੱਗ ਜਾਂਦਾ ਹੈ ਕਿ ਬ੍ਰਾਹਮਣ ਸਾਨੂੰ ਬੇਵਕੂਫ ਬਣਾ ਰਿਹਾ ਪਰ ਫਿਰ ਵੀ ਬ੍ਰਾਹਮਣ ਦਾ ਕੁਝ ਵਿਗਾੜ ਨਹੀਂ ਸਕਦੇ। ਬ੍ਰਾਹਮਣ ਨੇ ਲੋਕਾਂ ਨੂੰ ਦੱਸਿਆ ਹੋਇਆ ਹੈ ਕਿ ਜੇ ਕਿਸੇ ਹੱਥੋਂ ਬਿੱਲੀ ਮਰ ਜਾਵੇ ਤਾਂ ਘੋਰ ਪਾਪ ਹੁੰਦਾ ਹੈ, ਸੋਨੇ ਦੀ ਬਿੱਲੀ ਭਾਵੇਂ ਥੋੜ੍ਹੇ ਜਿਹੇ ਸੋਨੇ ਦੀ ਹੀ ਹਵੇ, ਬਣਵਾ ਕੇ ਬ੍ਰਾਹਮਣ ਨੂੰ ਦਾਨ ਕਰਨ ਨਾਲ ਪਾਪ ਲਥਦਾ ਹੈ, ਨਹੀਂ ਤਾਂ ਬਿੱਲੀ ਸਵਰਗ ਦਾ ਰਾਹ ਰੋਕ ਲੈਂਦੀ ਹੈ ਤੇ ਪਚੀਡੇਂ ਮਾਰ-ਮਾਰ ਕੇ ਮਾਤ ਲੋਕ ਦੇ ਪ੍ਰਾਣੀ ਦਾ ਮੂੰਹ

ਵਲੂੰਦਰ ਦੇਂਦੀ ਹੈ।

ਕਿਸੇ ਬੰਦੇ ਨੇ ਇਕ ਦਿਨ ਆ ਕੇ ਬ੍ਰਾਹਮਣ ਨੂੰ ਪੁਛਿਆ, "ਪੰਡਿਤ ਜੀ ਬਿੱਲੀ ਮਾਰਿਆਂ ਕਿੰਨਾ ਕੁ ਪਾਪ ਲਗਦਾ ਹੈ?" "ਬਹੁਤ", ਪੰਡਿਤ ਨੇ ਕਿਹਾ ਤੇ ਉਪਾਅ ਹੈ ਸੋਨੇ ਦੀ ਬਿੱਲੀ ਬਣਾ ਕੇ ਬ੍ਰਾਹਮਣ ਨੂੰ ਚੜ੍ਹਾਉਣੀ। ਉਸ ਬੰਦੇ ਨੇ ਕਿਹਾ, "ਪੰਡਿਤ ਜੀ ਫਿਰ ਤਿਆਰੀ ਕਸ ਲਓ, ਤੁਹਾਡੀ ਛੋਟੀ ਨੂੰਹ ਸੰਤੋਸ਼ ਨੇ ਬਿੱਲੀ ਮਾਰ ਦਿੱਤੀ ਹੈ।" ਇਕ ਵਾਰ ਤਾਂ ਬ੍ਰਾਹਮਣ ਹਿੱਲਿਆ ਪਰ ਫਿਰ ਛੇਤੀ ਹੀ ਸੰਭਲ ਗਿਆ ਤੇ ਕਹਿਣ ਲੱਗਾ, 'ਜੇ ਬਿੱਲੀ ਮਾਰੀ ਸੰਤੋਸ਼, ਫੇਰ ਕੋਈ ਨਹੀਂ ਦੋਸ਼।' ਬੁੱਧ ਦੇ ਮਰਨ ਤੋਂ ਬਾਅਦ ਬੁੱਧ ਧਰਮ ਵਿਚ ਝੱਟ ਬ੍ਰਾਹਮਣ ਪ੍ਰਵੇਸ਼ ਕਰ ਗਏ। ਬੁੱਧ ਦੇ ਬਾਂਗ-ਬ੍ਰਾਹਮਣ ਚੇਲਿਆਂ ਨੇ ਬੁੱਧ ਧਰਮ ਦੇ ਗ੍ਰੰਥ ਲਿਖੇ ਹਨ। ਇਸ ਲਈ ਉਨ੍ਹਾਂ ਦੀ ਸ਼ੁਰੂਆਤ ਏਨੀ ਸੋਹਣੀ ਹੈ ਕਿ ਪੜ੍ਹਦੇ ਸਾਰ ਦਿਲ ਖੁਸ਼ ਹੋ ਜਾਂਦਾ ਹੈ ਕਿਉਂਕਿ ਬ੍ਰਾਹਮਣ ਵਿਚ ਇਹ ਗੁਣ ਤਾਂ ਹੈ ਕਿ ਅਗਲੇ ਦੇ ਢਿੱਡ ਵਿਚ ਵੜ ਜਾਂਦਾ ਹੈ। ਲਿਖਣ ਲੱਗਿਆਂ ਉਸ ਨੇ ਬੁੱਧ ਧਰਮ ਦੀ ਕਿਸੇ ਗੱਲ ਦੀ ਵੀ ਜ਼ਿੰਮੇਵਾਰੀ ਆਪਣੇ ਸਿਰ ਨਹੀਂ ਲਈ। ਗੱਲ ਸ਼ੁਰੂ ਕਰਨ ਲੱਗਾ ਲਿਖਦਾ ਹੈ, 'ਐਸਾ ਮੈਨੇ ਸੁਨਾ ਹੈ' ਫਿਰ ਅੱਗੋਂ ਗੱਲ ਲਿਖ ਦੇਂਦਾ ਹੈ। ਏਸੇ ਤਰ੍ਹਾਂ 'ਜੋ ਉਨ੍ਹਾਂ ਨੇ ਕਿਹਾ ਮੈਂ ਇਹ ਹੀ ਲਿਖ ਰਿਹਾ ਹਾਂ' ਬ੍ਰਾਹਮਣ ਨੇ ਬੜੀ ਖਚਰ ਵਿੱਦਿਆ ਨਾਲ ਲਿਖਤਾਂ ਲਿਖੀਆਂ ਹਨ। ਇਨ੍ਹਾਂ ਲਿਖਤਾਂ ਨੇ ਬੁੱਧ ਧਰਮ ਦਾ ਬੇੜਾ ਗਰਕ ਕਰਕੇ ਰੱਖ ਦਿੱਤਾ। ਸਿੱਖਾਂ ਦੇ ਦਸਮ ਗ੍ਰੰਥ ਵਿਚ ਵੀ ਹੂ-ਬ-ਹੂ ਇਹੀ ਸ਼ੈਲੀ ਮਿਲਦੀ ਹੈ। ਗੱਲ ਸ਼ੁਰੂ ਕਰਨ ਦਾ, ਖਤਮ ਕਰਨ ਦਾ ਸਾਰਾ ਢੰਗ ਏਹੋ ਹੀ ਹੈ। ਜਿਥੇ ਵਲਾ ਕਰਨਾ ਹੋਵੇ, ਓਥੇ ਲਿਖਿਆ ਹੁੰਦਾ ਹੈ, ਗ੍ਰੰਥ ਕਿਤੇ ਵੱਡਾ ਨਾ ਹੋ ਜਾਵੇ, ਏਸੇ ਲਈ ਇਸ ਗੱਲ ਨੂੰ ਮੈਂ ਏਥੇ ਹੀ ਛੱਡਦਾ ਹਾਂ ਪਰ ਜਿਥੇ ਉਸ ਨੂੰ ਲਿਖਣ ਨੂੰ ਮਸਾਲਾ ਮਿਲਦਾ ਜਾਂਦਾ ਹੈ, ਲਿਖੀ ਜਾਂਦਾ ਹੈ। ਸਾਰਾ ਦਸਮ ਗ੍ਰੰਥ ਹੂ-ਬ-ਹੂ ਬੁੱਧ ਧਰਮ ਦੇ ਗ੍ਰੰਥਾਂ ਦੀ ਸ਼ੈਲੀ ਵਾਲਾ ਹੈ। ਬੋਧੀ ਧਰਮ ਗ੍ਰੰਥ ਵਿਚ ਕਿਤੇ-ਕਿਤੇ ਚਾਹ ਦੀ ਵੀ ਸਿਫਤ ਕੀਤੀ ਮਿਲਦੀ ਹੈ। ਬੋਧੀ ਸਮਝਦੇ ਹਨ ਕਿ ਚਾਹ ਪੀਣ ਨਾਲ ਨੀਂਦ ਨਹੀਂ ਆਉਂਦੀ ਤੇ ਧਿਆਨ ਕਰਨ ਲਈ ਚਾਹ ਪੀਣੀ ਚੰਗੀ ਹੈ ਪਰ ਕਈ ਸਿੱਖ ਜਥੇਬੰਦੀਆਂ ਅਨਪੜ੍ਹਤਾ-ਵੱਸ ਚਾਹ ਦੇ ਵਿਰੁੱਧ ਹਨ। ਉਹ ਕਹਿੰਦੇ ਹਨ ਚਾਹ ਨੂੰ ਚਮੜੇ ਦੀ ਪੁੱਠ ਦਿੱਤੀ ਜਾਂਦੀ ਹੈ ਪਰ ਓਧਰ ਨਲਕੇ ਦਾਂ ਪਾਣੀ ਪੀ ਲੈਂਦੇ ਹਨ, ਜਿਹਦੇ ਵਿਚ ਚਮੜੇ ਦੀ ਬੋਕੀ ਹੁੰਦੀ ਹੈ। ਬ੍ਰਾਹਮਣ ਨੇ ਜਿਥੇ ਬੁੱਧ ਗ੍ਰੰਥਾਂ ਵਿਚ ਰਲਾ ਕੀਤਾ, ਓਥੇ ਅਮਲੀ ਤੌਰ 'ਤੇ ਵੀ ਬੜਾ ਨੁਕਸਾਨ ਕੀਤਾ।

ਸ੍ਰੀਲੰਕਾ ਦੇ ਕੈਂਡੀ ਸ਼ਹਿਰ ਵਿਚ ਇਕ ਮੰਦਰ ਹੈ, ਜਿਥੇ ਕਿਹਾ ਜਾਂਦਾ ਹੈ ਕਿ ਏਥੇ ਮਹਾਤਮਾ ਬੁੱਧ ਦਾ ਨਹੁੰ ਪਿਆ ਹੈ। ਉਸ ਨਹੁੰ ਦੀ ਕਈ ਵਾਰ ਜਾਂਚ ਹੋ ਚੁੱਕੀ ਹੈ। ਸਾਰੇ ਮੈਡੀਕਲ ਮਾਹਿਰਾਂ ਨੇ ਫਤਵਾ ਦਿੱਤਾ ਹੈ ਕਿ ਇਹ ਨਹੁੰ ਬੰਦੇ ਦਾ ਤਾਂ ਬਿਲਕੁਲ ਨਹੀਂ, ਹਾਂ ਕਿਸੇ ਜਾਨਵਰ ਦਾ ਹੋ ਸਕਦਾ ਹੈ। ਪਰ ਬੋਧੀ ਨਹੀਂ ਮੰਨਦੇ। ਇਹ ਕੰਮ ਵੀ ਬ੍ਰਾਹਮਣ ਦਾ ਹੀ ਹੈ। ਹੁਣ ਤਾਂ ਇਹ ਗੱਲ ਬਹੁਤੇ ਬੋਧੀ ਵੀ ਮੰਨਣ ਲੱਗ ਪਏ ਹਨ। ਮੈਨੂੰ ਇਸ ਮੰਦਰ ਵਿਚ ਜਾ ਕੇ ਨਹੁੰ ਦੇ ਦਰਸ਼ਨ ਕਰਨ ਲਈ ਪੂਰੇ ਦੋ ਦਿਨ ਲੱਗ ਗਏ ਸਨ। ਸੱਚਮੁਚ ਹੀ ਵੇਖਣ ਨੂੰ ਉਹ ਨਹੁੰ ਬੰਦੇ ਦਾ ਨਹੁੰ ਨਹੀਂ ਲਗਦਾ। ਇਸ ਮੰਦਰ ਦੀ ਬਹੁਤ ਮਾਨਤਾ ਹੈ। ਬੋਧੀਆਂ ਦਾ ਧਰਮ ਗ੍ਰੰਥ ਧਮਪਦ ਹੈ। ਇਸ ਗ੍ਰੰਥ ਵਿਚ ਦਰਜ ਬਹੁਤੀਆਂ ਸਿੱਖਿਆਵਾਂ ਸਿੱਖਾਂ ਦੇ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨਾਲ ਮਿਲਦੀਆਂ ਜੁਲਦੀਆਂ ਹਨ। ਬ੍ਰਾਹਮਣ ਨੇ ਬੁੱਧ ਧਰਮ ਨੂੰ ਇਸ ਤਰੀਕੇ ਨਾਲ ਗੋਲਿਆ ਹੈ ਕਿ ਹੁਣ ਭਾਰਤ ਵਿਚ ਇਸ ਦੇ ਦੁਬਾਰਾ ਫੈਲਣ ਦੀ ਕੋਈ ਸੰਭਾਵਨਾ ਨਹੀਂ। ਬੁੱਧ ਧਰਮ ਜਿਹੜਾ ਬਹੁਤ ਹੀ ਸਿੱਧਾ-ਸਾਧਾ ਤੇ ਆਮ ਲੋਕਾਂ ਦੀ ਸਮਝ

ਵਿਚ ਆਉਣ ਵਾਲਾ, ਉਨ੍ਹਾਂ ਦੀ ਆਪਣੀ ਬੋਲੀ ਵਿਚ ਸੀ, ਕਾਫੀ ਉਲਝਾ ਦਿੱਤਾ ਗਿਆ ਹੈ। ਹੁਣ ਸਿਖਾਂ ਦੇ ਰਹਿਤਨਾਮਿਆਂ ਵਾਂਗ ਬੁਧ ਗ੍ਰੰਥਾਂ ਵਿਚ 33000 ਨਿਯਮ ਹਨ, ਜਿਨ੍ਹਾਂ ਉੱਤੇ ਅਮਲ ਕਰਨਾ ਜ਼ਰੂਰੀ ਹੈ। ਕਿਵੇਂ ਤੁਰਨਾ ਹੈ, ਕਿਵੇਂ ਬਹਿਣਾ ਹੈ, ਕਿਵੇਂ ਕੱਪੜੇ ਪਹਿਨਣੇ ਤੇ ਕਿਹੜੇ ਮੋਢੇ ਉੱਤੇ ਚਾਦਰ ਰੱਖਣੀ ਹੈ ਆਦਿ। ਇਸ ਧਰਮ ਨੂੰ ਉੱਕਾ ਖਤਮ ਕਰਨ ਲਈ ਤੇ ਬਦਨਾਮ ਕਰਨ ਲਈ ਬ੍ਰਾਹਮਣਾਂ ਨੇ ਬੜੀਆਂ ਕਹਾਣੀਆਂ ਘੜ ਲਈਆਂ ਹਨ। ਇਕ ਕਹਾਣੀ ਇਹ ਹੈ ਕਿ ਬ੍ਰਾਹਮਣਾਂ ਨੇ ਸਾਰੀ ਦੁਨੀਆਂ ਦਾ ਏਨਾਂ ਪਰਉਪਕਾਰੀ ਸੁਧਾਰ ਕਰ ਦਿੱਤਾ ਕਿ ਨਰਕ ਵਿਚ ਕੋਈ ਜਾਣੋਂ ਹੀ ਹਟ ਗਿਆ, ਕਿਉਂਕਿ ਸਾਰੇ ਲੋਕ ਸਵਰਗ ਵਿਚ ਹੀ ਜਾਂਦੇ ਸਨ, ਇਸ ਲਈ ਧਰਮਰਾਜ ਨੇ ਪ੍ਰਮਾਤਮਾ ਕੋਲ ਸ਼ਿਕਾਇਤ ਕੀਤੀ ਕਿ ਹੁਣ ਕੀ ਕਰੀਏ? ਨਰਕ ਤਾਂ ਖਾਲੀ ਪਿਆ ਹੈ ਤਾਂ ਪ੍ਰਮਾਤਮਾ ਨੇ ਕਿਹਾ ਕਿ ਫਿਕਰ ਦੀ ਕੋਈ ਲੋੜ ਨਹੀਂ। ਮੈਂ ਬੁੱਧ ਦੇ ਰੂਪ ਵਿਚ ਇਸ ਧਰਤੀ ਉੱਤੇ ਜਾ ਕੇ ਲੋਕਾਂ ਨੂੰ ਏਨਾਂ ਖਰਾਬ ਤੇ ਅਧਾਰਮਕ ਕਰ ਦਿਆਂਗਾ ਕਿ ਨਰਕਾਂ ਵਿਚ ਪਹਿਲਾਂ ਵਾਂਗ ਹੀ ਗਹਿਮਾ-ਗਹਿਮ ਹੋ ਜਾਵੇਗੀ। ਸ਼ੰਕਰਾਅਚਾਰੀਆ ਦੇ ਹੁਕਮ ਨਾਲ ਬਾਰਾਂ ਲੱਖ ਬੋਧੀ ਮੌਤ ਦੇ ਘਾਟ ਉਤਾਰ ਦਿੱਤੇ ਗਏ ਸਨ। ਅਜ ਬੁੱਧ ਧਰਮ ਚੀਨ, ਤਿੱਬਤ, ਲਾਓਸ, ਕੰਬੋਡੀਆ, ਬ੍ਰਹਮਾ, ਲੰਕਾਂ, ਵੀਅਤਨਾਮ, ਜਪਾਨ, ਥਾਈਲੈਂਡ ਅਤੇ ਹੋਰ ਦੇਸ਼ਾਂ ਵਿਚ ਤਾਂ ਵਧ ਫੁੱਲ ਰਿਹਾ ਹੈ ਪਰ ਭਾਰਤ, ਜਿਥੇ ਇਸਦਾ ਜਨਮ ਹੋਇਆ ਸੀ, ਵਿਚੋਂ ਲਗਪਗ ਖਤਮ ਹੋ ਚੁੱਕਾ ਹੈ। ਹਿੰਦੂ ਅਜਗਰ ਇਸਨੂੰ ਨਿਗਲ ਚੁੱਕਾ ਹੈ।

***

# ਪਾਰਸੀ

ਪਾਰਸੀ ਧਰਮ ਵੀ ਥੋੜ੍ਹਾ ਜਿਹਾ ਹਿੰਦੁਸਤਾਨ ਦੇ ਬੰਬਈ ਤੇ ਮਹਾਰਾਸ਼ਟਰ ਵਿਚ ਹੈ ਪਰ ਉਹ ਵੀ ਲਗਪਗ ਖਤਮ ਹੋਣ ਕਿਨਾਰੇ ਹੀ ਹੈ। ਪਾਰਸੀਆਂ ਦੇ ਗੁਰੂ ਜਰਥੁਸਤ ਨੇ ਆਪਣੇ ਅਨੁਯਾਈਆਂ ਨੂੰ ਕਿਹਾ ਕਿ ਜ਼ਿੰਦਗੀ ਅੱਗ ਹੈ ਤੇ ਇਹ ਅੱਗ ਪ੍ਰਮਾਤਮਾ ਨਾਲ ਮਿਲਾਉਂਦੀ ਹੈ ਪਰ ਪਾਰਸੀਆਂ ਨੇ ਅੱਗ ਦਾ ਮਤਲਬ ਦੂਸਰੀ ਅੱਗ ਸਮਝ ਕੇ ਇਸ ਦੀ ਪੂਜਾ ਸ਼ੁਰੂ ਕਰ ਦਿੱਤੀ। ਕਈ ਪਾਰਸੀ ਬਹੁਤ ਅਮੀਰ ਹਨ, ਜਿਵੇਂ ਟਾਟਾ, ਗੋਦਰੇਜ਼, ਬਾਟਲੀਬਾਈ, ਫੌਜੀ ਜਰਨੈਲ ਮਾਣਕ ਸ਼ਾਹ, ਮਸ਼ਹੂਰ ਵਕੀਲ ਪਾਲਕੀ ਵਾਲਾ ਇਹ ਸਾਰੇ ਪਾਰਸੀ ਹਨ। ਬੰਬਈ ਵਿਚ ਇਨ੍ਹਾਂ ਦੀ ਇਕ ਐਸੋਸਿਏਸ਼ਨ ਬਣੀ ਹੋਈ ਹੈ, ਜਿਸ ਕੋਲ ਤਿੰਨ ਸੌ ਪੰਜਾਹ ਕਰੋੜ ਰੁਪਏ ਗਰੀਬ ਪਾਰਸੀਆਂ ਦੀ ਮਦਦ ਕਰਨ ਲਈ 1980 ਵਿਚ ਫੰਡ ਸੀ ਪਰ ਇਹ ਪੈਸਾ ਲੈ ਕੇ ਪਾਰਸੀ ਬਹੁਤਾ ਖੁਸ਼ ਨਹੀਂ ਹੁੰਦੇ। ਜੇ ਕਿਸੇ ਪਾਰਸੀ ਦਾ ਕਾਰੋਬਾਰ ਮੰਦਾ ਪੈ ਜਾਵੇ ਤਾਂ ਪਾਰਸੀਆਂ ਵੱਲੋਂ ਉਹਨੂੰ ਅੱਛੀ-ਖਾਸੀ ਰਕਮ ਦੇਣ ਦੀ ਪੇਸ਼ਕਸ਼ ਹੁੰਦੀ ਹੈ ਪਰ ਬਹੁਤੇ ਪਾਰਸੀ ਇਸ ਨੂੰ ਆਪਣੀ ਹੱਤਕ ਸਮਝਦੇ ਹਨ।

ਮੇਰੀਆਂ ਦੋ ਭਾਬੀਆਂ, ਮਾਸੀ ਦੀਆਂ ਨੂੰਹਾਂ ਪਾਰਸੀਆਂ ਦੀਆਂ ਕੁੜੀਆਂ ਹਨ। ਇਕ ਦਾ ਨਾਂਅ ਅਬਾਨ ਹੈ ਤੇ ਦੂਜੀ ਦਾ ਨਾਂਅ ਸ਼ੇਰੂ ਹੈ। ਉਨ੍ਹਾਂ ਨੇ ਮੈਨੂੰ ਬਹੁਤ ਪਾਰਸੀਆਂ ਨਾਲ ਮਿਲਾਇਆ। ਇਹ ਕੌਮ ਸਚਮੁਚ ਹੀ ਬੜੀ ਗਜ਼ਬ ਦੀ ਹੈ। ਇਨ੍ਹਾਂ ਦੇ ਮੰਦਰ, ਜਿਥੇ ਅੱਗ ਦੀ ਪੂਜਾ ਕੀਤੀ ਜਾਂਦੀ ਹੈ ਵਿਚ ਕੋਈ ਗੈਰਪਾਰਸੀ ਨਹੀਂ ਜਾ ਸਕਦਾ। ਜੇ ਕੋਈ ਪਾਰਸੀ ਮਰ ਜਾਵੇ ਤਾਂ ਉਸ ਮੁਰਦੇ ਨੂੰ ਨਾ ਪਾਰਸੀ ਲੋਕ ਸਾੜਦੇ ਹਨ, ਨਾ ਦੱਬਦੇ ਹਨ ਤੇ ਨਾ ਹੀ ਪਾਣੀ ਵਿਚ ਰੋੜ੍ਹਦੇ ਹਨ।

ਬੰਬਈ ਸ਼ਹਿਰ ਦੇ ਅੱਧ ਵਿਚਕਾਰ ਸੈਂਕੜੇ ਏਕੜ ਜ਼ਮੀਨ, ਜਿਥੇ ਜੰਗਲ ਜਿਹਾ ਉਗਿਆ ਹੋਇਆ ਹੈ, ਵਿਚ ਇਕ ਉੱਚਾ ਚਬੂਤਰਾ ਜਿਹਾ ਬਣਿਆ ਹੋਇਆ ਹੈ। ਮੁਰਦੇ ਨੂੰ ਓਥੇ ਰੱਖ ਦਿੱਤਾ ਜਾਂਦਾ ਹੈ। ਗਿਰਝਾਂ ਜੋ ਲਗਪਗ ਓਥੇ ਹੀ ਰਹਿੰਦੀਆਂ ਹਨ, ਉਸ ਲਾਸ਼ ਦਾ ਮਾਸ ਨੋਚ-ਨੋਚ ਕੇ ਖਾ ਜਾਂਦੀਆਂ ਹਨ ਤੇ ਹੱਡੀਆਂ ਦਾ ਓਥੇ ਹੀ ਲੱਗੇ ਗਰਾਈਂਡਰ ਵਿਚ ਪੀਸ ਕੇ ਆਟਾ ਜਿਹਾ ਬਣਾ ਲਿਆ ਜਾਂਦਾ ਹੈ। ਫਿਰ ਉਸ ਹੱਡੀਆਂ ਦੇ ਚੂਰੇ ਨੂੰ ਆਟੇ ਵਿਚ ਗੁੰਨ੍ਹ ਕੇ ਗੋਲੀਆਂ ਵੱਟ ਕੇ ਜੰਗਲ ਵਿਚ ਸੁੱਟ ਦਿੱਤੀਆਂ ਜਾਂਦੀਆਂ ਹਨ। ਜਾਨਵਰ ਗੋਲੀਆਂ ਖਾ ਲੈਂਦੇ ਹਨ ਪਰ ਜੇ ਕਦੀ ਗਿਰਝਾਂ ਰੱਜੀਆਂ ਹੋਣ ਤੇ ਮੁਰਦੇ ਨੂੰ ਨਾ ਖਾਣ ਤਾਂ ਸਮਝਿਆ ਜਾਂਦਾ ਹੈ ਕਿ ਇਸ ਬੰਦੇ ਨੂੰ ਰੱਬ ਨੇ ਮਨਜ਼ੂਰ ਨਹੀਂ ਕੀਤਾ।

ਇਸਦਾ ਪਹਿਲਾਂ ਇਲਾਜ ਪਾਰਸੀ ਇਹ ਕਰਦੇ ਸਨ ਕਿ ਮੁਰਦੇ ਨੂੰ ਕੁਝ ਜੁੱਤੀਆਂ ਮਾਰ ਦੇਂਦੇ ਸਨ, ਜਿਸ ਦਾ ਮਤਲਬ ਇਹ ਹੁੰਦਾ ਸੀ ਕਿ ਜੇ ਇਸ ਨੇ ਕੋਈ ਪਾਪ ਕੀਤਾ ਹੈ ਤਾਂ ਇਸ ਦੀ ਸਜ਼ਾ ਇਸ ਨੂੰ ਦੇ ਦਿੱਤੀ ਗਈ ਹੈ। ਪਰ ਬ੍ਰਾਹਮਣ ਦੇ ਦੇਸ਼ ਭਾਰਤ ਵਿਚ ਰਹਿ ਕੇ

ਬ੍ਰਾਹਮਣ ਦੇ ਪ੍ਰਭਾਵ ਤੋਂ ਕੋਈ ਧਰਮ ਕਿਵੇਂ ਮੁਕਤ ਹੋ ਸਕਦਾ ਹੈ? ਹੁਣ ਇਹੋ-ਜਹੇ ਕੇਸ ਵਿਚ ਪਾਰਸੀ ਲੋਕ ਹਿੰਦੂ ਵਿਧੀ ਨਾਲ ਉਸ ਦੀ ਗਤੀ ਕਰਾਉਣ ਲਗ ਪਏ ਹਨ।

ਪਾਰਸੀ ਪੁਜਾਰੀ ਲੋਕਾਂ ਨੂੰ ਬਥੇਰਾ ਸਮਝਾਉਂਦੇ ਹਨ ਕਿ ਗਿਰਝਾਂ ਥੋੜ੍ਹੀਆਂ ਹਨ ਤੇ ਮੁਰਦੇ ਜ਼ਿਆਦਾ ਆਉਣ ਕਰਕੇ ਰੱਜੀਆਂ ਹੋਣ ਕਰਕੇ ਇਹ ਨਹੀਂ ਖਾਂਦੀਆਂ, ਥੋੜ੍ਹੀ ਦੇਰ ਤੱਕ ਭੁੱਖ ਲੱਗਣ 'ਤੇ ਖਾਣ ਲੱਗ ਪੈਣਗੀਆਂ ਪਰ ਬ੍ਰਾਹਮਣ ਨੇ ਐਸਾ ਪ੍ਰਭਾਵ ਪਾਇਆ ਹੈ ਕਿ ਲੋਕ ਨਿਸਚਿੰਤ ਹੋ ਜਾਣਾ ਚਾਹੁੰਦੇ ਹਨ ਕਿ ਸਾਡਾ ਬੰਦਾ ਸਵਰਗ ਵਿਚ ਪਹੁੰਚ ਗਿਆ ਹੈ। ਇਹ ਗਰੰਟੀ ਤਾਂ ਦਾਨ ਦਕਸ਼ਣਾ ਲੈ ਕੇ ਬ੍ਰਾਹਮਣ ਹੀ ਕਰ ਸਕਦਾ ਹੈ, ਸੋ ਕਰ ਰਿਹਾ ਹੈ। ਹੁਣ ਤਾਂ ਬੱਚਾ ਜੰਮਣ ਉੱਤੇ ਪਾਰਸੀ ਟੇਵਾ ਵੀ ਬ੍ਰਾਹਮਣ ਤੋਂ ਬਨਵਾਉਣ ਲਗ ਪਏ ਹਨ। ਜੇ ਕੋਈ ਕੁੜੀ ਗੈਰਪਾਰਸੀ ਮੁੰਡੇ ਨੂੰ ਪਸੰਦ ਕਰੇ, ਜਿਹੜਾ ਕਿ ਅੱਜਕਲ੍ਹ ਕਰਦੀਆਂ ਹੀ ਹਨ ਤਾਂ ਪਾਰਸੀਆਂ ਦੀ ਐਸੋਸਿਏਸ਼ਨ ਉਸ ਕੁੜੀ ਨੂੰ ਕਹਿੰਦੀ ਹੈ ਕਿ ਜੇ ਉਹ ਗੈਰਪਾਰਸੀ ਨਾਲ ਵਿਆਹ ਨਾ ਕਰਵਾਏ ਤੇ ਪਾਰਸੀ ਮੁੰਡੇ ਨਾਲ ਹੀ ਕਰਵਾਏ ਤਾਂ ਉਸ ਨੂੰ ਇਕ ਫਲੈਟ ਐਸੋਸਿਏਸ਼ਨ ਵੱਲੋਂ ਤੋਹਫੇ ਦੇ ਤੌਰ 'ਤੇ ਦਿੱਤਾ ਜਾਵੇਗਾ।

ਪਾਰਸੀਆਂ ਦੀਆਂ ਕਾਲੋਨੀਆਂ ਵੱਖਰੀਆਂ ਹੀ ਹੁੰਦੀਆਂ ਹਨ। ਮੁੰਬਈ ਵਿਚ ਦਾਦਰ ਵਿਚ ਇਕ ਪਾਰਸੀ ਕਾਲੋਨੀ ਹੈ। ਇਨ੍ਹਾਂ ਦੀ ਕਾਲੋਨੀ ਦੀ ਸਭ ਤੋਂ ਵੱਡੀ ਪਛਾਣ ਇਹ ਹੈ ਕਿ ਇਸ ਨੂੰ ਸਿਰਫ ਇਕ ਵੱਡਾ ਸਾਰਾ ਗੇਟ ਲੱਗਾ ਹੁੰਦਾ ਹੈ ਤੇ ਚੌਕੀਦਾਰ ਬਾਹਰ ਬੈਠਾ ਹੁੰਦਾ ਹੈ। ਬਾਹਰੋਂ ਆਉਣ ਵਾਲੇ ਦੀ ਤਸੱਲੀ ਕਰਕੇ ਹੀ ਅੱਗੇ ਭੇਜਿਆ ਜਾਂਦਾ ਹੈ। ਕਾਲੋਨੀ ਦੇ ਵਿਚਕਾਰ ਫੁਆਰਾ ਜ਼ਰੂਰ ਲੱਗਾ ਹੁੰਦਾ ਹੈ ਤੇ ਫੁਆਰੇ ਦੇ ਆਲੇ-ਦੁਆਲੇ ਕਾਫੀ ਵੱਡੀ ਗਰਾਊਂਡ ਹੁੰਦੀ ਹੈ। ਜੇ ਪਾਰਸੀ ਕਾਰ 'ਤੇ ਜਾ ਰਿਹਾ ਹੋਵੇ ਤਾਂ ਉਸ ਨੂੰ ਐਸਾ ਲੱਗੇ ਕਿ ਕਾਰ ਦੇ ਥੱਲੇ ਵੱਟੇ-ਵਰਗਾ ਕੁਝ ਲੱਗਾ ਹੈ ਤਾਂ ਉਹ ਕਾਰ ਖੜ੍ਹੀ ਕਰਕੇ ਪੂਰੀ ਤਸੱਲੀ ਕਰਕੇ ਹੀ ਅੱਗੇ ਤੁਰਦਾ ਹੈ। ਕਾਰ ਵੇਚਣ ਦੀ ਮਸ਼ਹੂਰੀ ਦਾ ਇਸ਼ਤਿਹਾਰ ਹੋਵੇ ਤਾਂ ਲਿਖਿਆ ਜਾਂਦਾ ਹੈ 'ਪਾਰਸੀ ਡਰਿਵਨ' ਅਰਥਾਤ (ਪਾਰਸੀ ਦੁਆਰਾ ਚਲਾਈ ਹੋਈ) ਤਾਂ ਉਸ ਕਾਰ ਦਾ ਮੁੱਲ ਕਾਫੀ ਵਧ ਜਾਂਦਾ ਹੈ।

ਮੇਰੇ ਮਾਸੀ ਦੇ ਪੁੱਤ ਦੀ ਸੱਸ ਮਾਸਟਰਨੀ ਰਿਟਾਇਰ ਹੋਈ ਤਾਂ ਉਸ ਨੂੰ ਢਾਈ ਕੁ ਲੱਖ ਰੁਪਿਆ ਮਿਲਿਆ। ਉਸ ਨੇ ਟਾਟਾ ਕੰਪਨੀ ਦੇ ਸ਼ੇਅਰ ਲੈਣ ਲਈ ਦਰਖਾਸਤ ਦਿੱਤੀ। ਫਿਰ ਇਕ ਦਿਨ ਉਹ ਟਾਟਾ ਦੇ ਮਾਲਕ ਨੂੰ ਆਪ ਮਿਲੀ, ਜਿਹੜਾ ਕਿ ਪਾਰਸੀਆਂ ਨੂੰ ਝਟ ਮਿਲ ਪੈਂਦਾ ਹੈ। (ਪਾਰਸੀਆਂ ਨੂੰ ਪਾਰਸੀ ਝੱਟ ਮਿਲ ਪੈਂਦੇ ਹਨ, ਭਾਵੇਂ ਜਿੰਨੇ ਮਰਜ਼ੀ ਰੁਝੇਵੇਂ ਵਿਚ ਹੋਣ।) ਉਸ ਨੇ ਉਸ ਨੂੰ ਸਾਰੇ ਪੈਸਿਆਂ ਦੇ ਸ਼ੇਅਰ ਅਲਾਟ ਕਰ ਦਿੱਤੇ। ਅੱਜਕਲ੍ਹ ਉਹ ਕਰੋੜਾਂਪਤੀ ਹੈ। ਜੇ ਕੋਈ ਪਾਰਸੀ ਕਿਸੇ ਦੇ ਘਰ ਜਾਵੇ ਤਾਂ ਲਗਦੇ-ਚਾਰੇ ਕੁਝ ਵੀ ਖਾਂਦਾ ਜਾਂ ਪੀਂਦਾ ਨਹੀਂ ਕਿਉਂਕਿ ਉਸ ਨੂੰ ਪਤਾ ਹੈ ਕਿ ਜੇ ਇਹ ਮੇਰੇ ਘਰ ਆਇਆ ਤਾਂ ਮੈਨੂੰ ਵੀ ਖੁਆਉਣਾ-ਪਿਆਉਣਾ ਪਵੇਗਾ। ਪਾਰਸੀ ਧੰਦੇ ਵਿਚ ਬਹੁਤ ਹੀ ਇਮਾਨਦਾਰ ਹੁੰਦੇ ਹਨ। ਇਹ ਜਿਹੜਾ ਵੀ ਧੰਦਾ ਕਰਨ ਅੱਗੋਂ ਪੀੜ੍ਹੀਆਂ ਤੱਕ ਉਹ ਹੀ ਧੰਦਾ ਕਰੀ ਜਾਂਦੇ ਹਨ। ਮਿਸਾਲ ਦੇ ਤੌਰ 'ਤੇ ਇਕ ਬੰਦਾ ਘੋੜਿਆਂ ਦਾ ਵੇਚਣ-ਖਰੀਦਣ ਦਾ ਧੰਦਾ ਕਰੇ ਤਾਂ ਆਪਣੇ ਨਾਂ ਨਾਲ ਲਿਖੇਗਾ ਫਲਾਣਾ ਘੋੜੇਵਾਲਾ, ਜਿਹੜਾ ਪਾਲਕੀਆਂ ਬਣਾਉਂਦਾ ਹੋਵੇ, ਉਹ ਲਿਖੇਗਾ ਫਲਾਣਾ ਪਾਲਕੀਵਾਲਾ, ਏਸੇ ਤਰ੍ਹਾਂ ਲੋਹੇ ਵਾਲਾ ਆਪਣੇ ਨਾਂ ਅੱਗੇ ਲੋਹੇਵਾਲਾ, ਲੱਕੜੀ ਵਾਲਾ ਜਿਹੜਾ ਬਾਲਟੀਆਂ ਬਣਾਉਂਦਾ ਹੋਵੇ ਉਹ ਬਾਟਲੀਵਾਲਾ, ਏਸੇ ਤਰ੍ਹਾਂ

ਸੋਢਾਬਾਟਲੀ ਵਾਲਾ, ਫਿਰ ਸੋਢਾਬਾਟਲੀ ਓਪਨਰ ਵਾਲਾ (ਸੋਢੇ ਦਾ ਢੱਕਣ ਖੋਲ੍ਹਣ ਲਈ ਓਪਨਰ), ਬੰਦੂਕਵਾਲਾ ਆਦਿ ਲਿਖੇਗਾ। ਇਕ ਪਾਰਸੀ, ਜੋ ਸਾਕਾ ਨੀਲਾ ਤਾਰਾ ਤੋਂ ਬਾਅਦ ਪੰਜਾਬ ਦਾ ਗਵਰਨਰ ਬਣਿਆ ਸੀ, ਦੇ ਨਾ ਪਿੱਛੇ ਸਿਤਾਰਵਾਲਾ ਲੱਗਦਾ ਸੀ। ਇਹ ਪਾਰਸੀ ਸੀ ਤੇ ਇਸਦੇ ਵੱਡੇ ਵਡੇਰੇ ਗੀਤ-ਸੰਗੀਤ ਵਾਲੀ ਸਿਤਾਰ ਬਣਾਉਂਦੇ ਤੇ ਵੇਚਦੇ ਸਨ। ਇਸਦਾ ਪੁਸ਼ਤੈਨੀ ਘਰ ਬੰਬਈ ਦੇ ਦਾਦਰ ਏਰੀਏ ਵਿਚ ਪਾਰਸੀ ਕਾਲੋਨੀ ਵਿਚ ਸੀ।

ਇਹ ਲੋਕ ਆਪਣੇ ਕੰਮ ਵਿਚ ਦਿਨ ਰਾਤ ਇਕ ਕਰ ਦੇਂਦੇ ਹਨ। ਕੰਮ ਬਹੁਤ ਹੀ ਲਗਨ ਨਾਲ ਕਰਦੇ ਹਨ ਤੇ ਕਾਮਯਾਬ ਵੀ ਹੋ ਜਾਂਦੇ ਹਨ ਪਰ ਬ੍ਰਾਹਮਣ ਦੇ ਗਲਬੇ ਥੱਲੇ ਆ ਚੁੱਕੇ ਹਨ। ਇਕ ਪਾਰਸੀ ਨੂੰ ਮੈਂ ਆਪਣੇ ਘਰ ਹਵਨਯੱਗ ਕਰਾਉਂਦਿਆਂ ਵੀ ਵੇਖਿਆ ਸੀ। ਪਾਰਸੀ ਲੋਕ ਗੋਲ ਟੋਪੀ ਪਾਉਂਦੇ ਹਨ ਤੇ ਸਾਧਾਰਨ ਜੀਵਨ ਜਿਉਂਦੇ ਹਨ ਪਰ ਅੰਗਰੇਜੀ ਕਲਚਰ ਨੂੰ ਵੱਧ ਪਸੰਦ ਕਰਦੇ ਹਨ! ਅੰਗਰੇਜ਼ੀ ਬੋਲ ਕੇ ਖੁਸ਼ ਹੁੰਦੇ ਹਨ ਤੇ ਲੜਕੀਆਂ ਇਸਾਈਆਂ ਵਰਗੇ ਕੱਪੜੇ ਪਾ ਕੇ ਖੁਸ਼ ਹੁੰਦੀਆਂ ਹਨ। ਖਾਣੇ ਵਿਚ ਇਹ ਖੱਟੇ-ਮਿੱਠੇ ਵਿਅੰਜਨ ਬਹੁਤ ਪਸੰਦ ਕਰਦੇ ਹਨ। ਪਹਿਲਾਂ ਇਹ ਆਪਣੀ ਸੱਭਿਅਤਾ ਵਿਚ ਬੜਾ ਯਕੀਨ ਰੱਖਦੇ ਸਨ। ਏਸੇ ਲਈ ਹੀ ਇਹ ਭਾਰਤ ਰੂਪੀ ਹਿੰਦੂ ਲੂਣ ਦੀ ਖਾਣ ਵਿਚ ਡਿਗਣੋ ਕੁਝ ਸਮਾਂ ਬਚੇ ਰਹੇ। ਜੇ ਕਿਸੇ ਨੂੰ ਕਿਸੇ ਕਾਰੋਬਾਰ ਵਿਚ ਘਾਟਾ ਪੈ ਜਾਵੇ ਪਰ ਬਸ਼ਰਤੇ ਕਿ ਉਹ ਬੇਈਮਾਨ ਤੇ ਵੈਲੀ ਨਾ ਹੋਵੇ ਤਾਂ ਪਾਰਸੀ ਉਸ ਦੇ ਘਰ ਆ-ਆ ਕੇ ਉਸ ਦੀ ਮਦਦ ਕਰਨ ਦੀ ਪੇਸ਼ਕਸ਼ ਕਰਦੇ ਹਨ। ਕੋਈ ਗਰਾਂਟ ਜਾਂ ਦਾਨ ਵਗੈਰਾ ਤਾਂ ਇਹ ਲੋਕ ਨਹੀਂ ਲੈਂਦੇ ਪਰ ਵਿਆਜ ਉੱਤੇ ਉਧਾਰ ਲੈ ਲੈਂਦੇ ਹਨ ਤੇ ਦੁਬਾਰਾ ਕਾਰੋਬਾਰ ਸ਼ੁਰੂ ਕਰਦੇ ਹਨ। ਭਾਰਤ ਦਾ ਹਿੰਦੂ ਜਗਤ ਇਹ ਬਾਖੂਬੀ ਸਮਝਦਾ ਹੈ ਕਿ ਪਾਰਸੀ ਨਿਗਲੇ ਜਾ ਚੁੱਕੇ ਹਨ। ਕਿਉਂਕਿ ਉਹ ਆਪ ਹੀ ਹਿੰਦੂ ਸਮਾਜ ਵਿਚ ਜਜਬ ਹੁੰਦੇ ਤੁਰੇ ਜਾਂਦੇ ਹਨ।

ਪਾਰਸੀ ਲੋਕ ਆਪਣਾ ਘਰੇਲੂ ਹਿਸਾਬ-ਕਿਤਾਬ ਤੇ ਆਪਣਾ ਖਰਚਾ ਆਪਣੇ ਵੱਸ ਵਿਚ ਰੱਖਣ ਲਈ ਵੀ ਅਜੀਬ ਤਰੀਕਾ ਵਰਤਦੇ ਹਨ। ਮੇਰੀ ਮਾਸੀ ਦਾ ਪੁੱਤ ਭਰਾ ਟਾਈਮਸ ਆਫ ਇੰਡੀਆ ਵਿਚ ਗਰੇਵੀਅਰ (ਰੰਗ ਭਰਨ ਦੇ ਮਾਹਿਰ) ਦੀ ਨੌਕਰੀ ਉੱਤੇ ਸੀ, ਉਸ ਦੀ ਪਤਨੀ ਇਕ ਖਾਦ ਕੰਪਨੀ ਵਿਚ ਅਫਸਰ ਸੀ। ਪਹਿਲੀ ਤਾਰੀਖ ਵਾਲੇ ਦਿਨ ਉਨ੍ਹਾਂ ਦੋਵਾਂ ਨੂੰ ਤਨਖਾਹ ਮਿਲੀ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੇ ਅਲਮਾਰੀ ਵਿਚੋਂ ਕਾਗਜ਼ ਦੇ ਲਿਫਾਫੇ, ਜਿਨ੍ਹਾਂ ਦੇ ਅੰਦਰ ਕੱਪੜਾ ਲੱਗਾ ਹੁੰਦਾ ਹੈ ਤੇ ਪਾਰਸਲ ਭੇਜਣ ਦੇ ਕੰਮ ਆਉਂਦੇ ਹਨ, ਕੱਢ ਕੇ ਬਾਹਰ ਮੇਜ਼ ਉੱਤੇ ਰੱਖ ਲਏ। ਦੋਵਾਂ ਨੇ ਤਨਖਾਹ ਇਕ ਥਾਂ 'ਤੇ ਇਕੱਠੀ ਕਰ ਦਿੱਤੀ। ਫਿਰ ਇਕ ਲਿਫਾਫਾ ਚੁੱਕਿਆ, ਜਿਸ ਉੱਤੇ ਲਿਖਿਆ ਸੀ ਬਿਜਲੀ ਦਾ ਬਿੱਲ, ਉਸ ਵਿਚ ਜਿੰਨਾ ਕੁ ਬਿੱਲ ਆਮ ਤੌਰ ਤੇ ਆਉਂਦਾ ਸੀ, ਉਹ ਪੈਸੇ ਪਾ ਦਿੱਤੇ, ਫਿਰ ਪਾਣੀ ਦਾ ਬਿੱਲ। ਏਸੇ ਤਰ੍ਹਾਂ ਜੀਵਨ ਬੀਮੇ ਦੀ ਕਿਸ਼ਤ ਦੇ ਪੈਸੇ, ਘਰ ਦੇ ਸੌਦਾ ਸੂਤ ਵਾਲੇ ਲਿਫਾਫੇ ਵਿਚ ਸੌਦਾ ਸੂਤ ਦੇ ਪੈਸੇ, ਫਿਰ ਦਵਾਈ ਤੇ ਡਾਕਟਰ ਵਗੈਰਾ ਦਾ ਖਰਚਾ, ਜਿਹੜਾ ਕਿ ਉਨ੍ਹਾਂ ਦਾ ਕਦੀ ਕੋਈ ਘੱਟ ਹੀ ਹੋਇਆ ਸੀ ਪਰ ਫਿਰ ਵੀ ਉਨ੍ਹਾਂ ਉਸ ਵਿਚ ਪੈਸੇ ਪਾ ਦਿੱਤੇ। ਉਸ ਤੋਂ ਬਾਅਦ ਪ੍ਰਾਹੁਣੇ ਆਉਣ ਜਾਂ ਕਿਸੇ ਦੀ ਪਾਰਟੀ 'ਤੇ ਜਾਣ ਜਾਂ ਕਿਸੇ ਦੇ ਵਿਆਹ-ਸ਼ਾਦੀ 'ਤੇ ਜਾਣ ਵਾਲੇ ਲਿਫਾਫੇ ਵਿਚ ਪੈਸੇ ਪਾ ਦਿੱਤੇ ਤੇ ਇਸ ਤਰ੍ਹਾਂ ਉਨ੍ਹਾਂ ਨੇ ਸਤਾਰਾਂ ਲਿਫਾਫਿਆਂ ਵਿਚ ਪੈਸੇ ਪਾ ਕੇ ਇਕ ਐਸੇ ਲਿਫਾਫੇ ਵਿਚ ਵੀ ਪੈਸੇ ਪਾਏ ਜਿਸ 'ਤੇ ਬੱਚਤ ਲਿਖਿਆ ਹੋਇਆ ਸੀ। ਉਸ ਤੋਂ ਬਾਅਦ ਇਕ ਹੋਰ ਲਿਫਾਫੇ ਵਿਚ ਪੈਸੇ ਪਾਏ, ਜਿਸ ਦੀ ਮੈਨੂੰ ਬਹੁਤ ਹੈਰਾਨੀ ਹੋਈ। ਉਸ ਤੇ

ਲਿਖਿਆ ਸੀ (Unforeseen Expenses) ਅਣਜਾਣੇ ਹੋਣ ਵਾਲੇ ਖਰਚੇ। ਬਾਕੀ ਬਚੇ ਪੈਸੇ ਉਨ੍ਹਾਂ ਨੇ ਵੰਡ ਲਏ ਤੇ ਭਾਊ ਨੇ ਆਪਣੀ ਜੇਬ ਵਿਚ ਪਾ ਲਏ ਤੇ ਭਾਬੀ ਨੇ ਆਪਣੇ ਪਰਸ ਵਿਚ ਰੱਖ ਲਏ। ਮੈਂ ਪੁੱਛਿਆ ਤਾਂ ਉਨ੍ਹਾਂ ਨੇ ਦੱਸਿਆ, "ਉਹ ਸਾਰੇ ਖਰਚੇ ਸਨ।" ਅਸਲ ਵਿਚ ਇਹ ਹੀ ਸਾਡੇ ਆਪਣੇ ਪੈਸੇ ਹਨ। ਹੁਣ ਭਾਵੇਂ ਮੈਂ ਆਪਣੇ ਸਾਰੇ ਪੈਸਿਆਂ ਦੀ ਵਿਸਕੀ ਖਰੀਦ ਲਿਆਵਾਂ ਤੇ ਭਾਵੇਂ ਖੂਹ ਵਿਚ ਸੁੱਟ ਆਵਾਂ, ਇਹ ਮੈਨੂੰ ਨਹੀਂ ਪੁੱਛ ਸਕਦੀ। ਇਹ ਆਪਣੇ ਸਾਰੇ ਪੈਸਿਆਂ ਦੀ ਲਿਪਸਟਿਕ ਖਰੀਦ ਲਵੇ, ਪਾਊਡਰ ਤੇ ਕਰੀਮਾਂ ਖਰੀਦ ਲਵੇ, ਮੈਂ ਇਹਦੇ ਵਿਚ ਦਖਲ ਨਹੀਂ ਦੇ ਸਕਾਂਗਾ। ਉਨ੍ਹਾਂ ਮੈਨੂੰ ਇਹ ਵੀ ਦੱਸਿਆ ਕਿ ਸਾਡੇ ਕੋਲ ਕਈ ਲਿਫਾਫੇ ਐਸੇ ਹਨ, ਜਿਨ੍ਹਾਂ ਵਿਚੋਂ ਅਸੀਂ ਕੋਈ ਪੈਸਾ ਵੀ ਨਹੀਂ ਖਰਚਿਆ। ਸਾਨੂੰ ਖਰਚਣ ਦੀ ਲੋੜ ਹੀ ਨਹੀਂ ਪਈ। ਮਿਸਾਲ ਦੇ ਤੌਰ 'ਤੇ ਦਵਾਈਆਂ 'ਤੇ ਸਾਡਾ ਕਦੇ ਖਰਚ ਨਹੀਂ ਹੋਇਆ। ਅਚਾਨਕ ਪੈਣ ਵਾਲੇ ਖਰਚੇ ਵੀ ਗੁਰੂ ਦੀ ਕ੍ਰਿਪਾ ਨਾਲ ਕਦੇ ਨਹੀਂ ਪਏ। ਸਾਲ ਬਾਅਦ ਨਵੇਂ ਸਾਲ ਵਾਲੇ ਦਿਨ ਅਸੀਂ ਇਨ੍ਹਾਂ ਲਿਫਾਫਿਆਂ ਦੇ ਪੈਸੇ ਬਚਤ ਵਾਲੇ ਪੈਸਿਆਂ ਨਾਲ ਰਲਾ ਕੇ ਬੈਂਕ ਵਿਚ ਸਾਂਝੇ ਹਿਸਾਬ ਵਿਚ ਜਮ੍ਹਾਂ ਕਰਵਾ ਦੇਂਦੇ ਹਾਂ। ਇਸ ਤਰ੍ਹਾਂ ਇਹ ਜੋੜਾ ਬੜੀ ਨਾਪੀ-ਤੋਲੀ ਜ਼ਿੰਦਗੀ ਜਿਉ ਰਿਹਾ ਸੀ ਤੇ ਪੈਸੇ-ਧੇਲੇ ਵੱਲੋਂ ਖੁਸ਼ ਸੀ।

ਸ਼ਾਮ ਨੂੰ ਅਸੀਂ ਇਕ ਹੋਰ ਪਾਰਸੀ ਪਰਿਵਾਰ ਵੱਲ ਗਏ, ਜਿਨ੍ਹਾਂ ਨੇ ਸਾਨੂੰ ਚਾਹ 'ਤੇ ਬੁਲਾਇਆ ਹੋਇਆ ਸੀ ਤਾਂ ਮੈਂ ਵੇਖ ਕੇ ਹੈਰਾਨ ਹੋ ਗਿਆ, ਉਹ ਵੀ ਆਪਣੇ ਪੈਸੇ ਓਸੇ ਤਰ੍ਹਾਂ ਦੇ ਹੀ ਲਿਫਾਫਿਆਂ ਵਿਚ ਪਾ ਰਹੇ ਸਨ। ਰਾਤ ਦੇ ਖਾਣੇ 'ਤੇ ਸਾਨੂੰ ਇਕ ਹੋਰ ਪਾਰਸੀ ਪਰਿਵਾਰ ਵੱਲ ਜਾਣ ਦਾ ਮੌਕਾ ਮਿਲਿਆ ਤਾਂ ਉਹ ਪਾਰਸੀ ਪਹਿਲੇ ਦੋਵਾਂ ਨਾਲੋਂ ਵੀ ਦੋ ਹੱਥ ਅੱਗੇ ਸੀ। ਉਹ ਨੌਕਰੀ ਨਹੀਂ ਸਨ ਕਰਦੇ ਤੇ ਦੁਕਾਨ ਨੂੰ ਦੋਵੇਂ ਮੀਆਂ-ਬੀਵੀ ਚਲਾਉਂਦੇ ਸਨ। ਦੁਕਾਨ ਦਾ ਕਿਰਾਇਆ ਤੇ ਨੌਕਰ ਦੀ ਤਨਖਾਹ ਤੱਕ ਉਹ ਰੋਜ਼ ਹੀ ਵੱਖਰੀ ਕਰ ਲੈਂਦੇ ਸਨ। ਉਨ੍ਹਾਂ ਦਾ ਘਰ ਵੀ ਕਿਰਾਏ 'ਤੇ ਸੀ, ਉਸ ਦਾ ਕਿਰਾਇਆ ਵੀ ਉਹ ਰੋਜ਼ ਹੀ ਵੱਖਰਾ ਕੱਢ ਲੈਂਦੇ ਸਨ। ਉਨ੍ਹਾਂ ਨੇ ਮੈਨੂੰ ਦੱਸਿਆ ਕਿ ਜਦੋਂ ਵੀ ਪਹਿਲੀ ਤਾਰੀਖ ਆਉਂਦੀ ਹੈ, ਅਸੀਂ ਜੀਹਦਾ-ਜੀਹਦਾ ਦੇਣਾ ਹੁੰਦਾ ਹੈ, ਦੇ ਦੇਂਦੇ ਹਾਂ ਤੇ ਫਿਰ ਸ਼ਾਮ ਨੂੰ ਦੋ ਘੰਟੇ ਦੁਕਾਨ ਤੋਂ ਪਹਿਲਾਂ ਆ ਜਾਂਦੇ ਹਾਂ ਤੇ ਛੱਤ ਉੱਤੇ ਬੈਠ ਕੇ ਦੋਵੇਂ ਜੀਅ ਬੀਅਰ ਜਾਂ ਵਿਸਕੀ ਦਾ ਅਨੰਦ ਲੁੱਟਦੇ ਹਾਂ। ਉਹ ਦੱਸਦਾ ਸੀ ਕਿ ਡਾਕਟਰ ਦੱਸਦੇ ਹਨ ਕਿ ਜੇ ਕਿਸੇ ਦੇ ਪੈਸੇ ਨਾ ਦੇਣੇ ਹੋਣ ਤਾਂ ਬਹੁਤ ਵਧੀਆ ਨੀਂਦ ਆਉਂਦੀ ਹੈ ਤੇ ਅਸੀਂ ਵਧੀਆ ਨੀਂਦ ਲਿਆਉਣ ਕਰਕੇ ਹੀ ਇਸ ਤਰ੍ਹਾਂ ਕਰਦੇ ਹਾਂ। ਸਾਰੇ ਪਾਰਸੀਆਂ ਦੀ ਸੋਚਣੀ ਵੇਖੋ-ਵੇਖੀ ਏਸੇ ਤਰ੍ਹਾਂ ਦੀ ਹੀ ਬਣ ਗਈ ਹੈ। ਪਾਰਸੀ ਕੰਜੂਸ ਵੀ ਨਹੀਂ ਹੁੰਦੇ। ਜਿਥੇ ਪੈਸਾ ਖਰਚਣਾਂ ਹੋਵੇ, ਓਥੇ ਖਰਚ ਵੀ ਕਰਦੇ ਹਨ ਪਰ ਕਰਦੇ ਹਿਸਾਬ ਨਾਲ ਹਨ, ਜਿੰਨੀ ਚਾਦਰ ਹੋਵੇ, ਓਨੇਂ ਹੀ ਪੈਰ ਪਸਾਰਦੇ ਹਨ, ਉਸ ਤੋਂ ਵੱਧ ਨਹੀਂ। ਇਹ ਬਹੁਤ ਭਲੇਮਾਨਸ ਜਹੇ ਵਪਾਰੀ ਲੋਕ ਹੁੰਦੇ ਹਨ ਤੇ ਥੋੜ੍ਹੇ ਕੀਤੇ ਮਾਰ-ਕੁਟਾਈ 'ਤੇ ਨਹੀਂ ਉਤਰਦੇ। ਜੇਲ੍ਹਾਂ ਵਿਚ ਵੀ ਇਨ੍ਹਾਂ ਦੀ ਗਿਣਤੀ ਐਵੇਂ ਨਾ-ਮਾਤਰ ਹੀ ਹੋਵੇਗੀ ਕਿਉਂਕਿ ਗੈਰ-ਕਾਨੂੰਨੀ ਕੰਮ ਤਾਂ ਕੀ ਇਹ ਕਿਸੇ ਨਾਲ ਉਲਝਦੇ ਵੀ ਘੱਟ ਹੀ ਹਨ।

ਚੁੱਪ ਦਾ ਮਿਨਾਰ, ਜਿਸ ਨੂੰ Tower of Silence ਕਹਿੰਦੇ ਹਨ ਇਸ ਦੇ ਉੱਪਰ ਹੀ ਮੁਰਦਾ ਰੱਖਿਆ ਜਾਂਦਾ ਹੈ। ਡੂੰਗਰਵਾੜੀ, ਜਿਸ ਦਾ ਮਤਲਬ ਹੁੰਦਾ ਹੈ ਬਗੀਚਾ ਜੋ ਪਹਾੜ ਉੱਤੇ ਸਥਿਤ ਹੋਵੇ, ਇਹ ਥਾਂ ਕੰਬਾਲਾ ਹਿੱਲ (Camps Cornor Cumballa Hill) ਦੇ ਲਾਗੇ ਹੈ। ਏਥੇ ਦਸ ਬਾਰਾਂ ਖੂਹ ਹਨ, ਜੋ ਹੱਡੀਆਂ ਨਾਲ ਭਰ ਗਏ ਹਨ, ਪਹਿਲਾਂ ਚਾਲ੍ਹੀ ਖੂਹ

ਹੁੰਦੇ ਸਨ ਔਰਤਾਂ ਅਤੇ ਬੱਚਿਆਂ ਦੇ ਵੱਖਰੇ-ਵੱਖਰੇ ਖੂਹ ਹਨ। ਜਦੋਂ ਇਹ ਖੂਹ ਭਰ ਗਏ ਤਾਂ ਸਮੁੰਦਰ ਤੱਕ ਇਕ ਪਾਈਪ ਲਾਈਨ ਵਿਛਾਈ ਗਈ ਤਾਂ ਕਿ ਹੱਡੀਆਂ ਰੁੜ੍ਹ ਕੇ ਸਮੁੰਦਰ ਵਿਚ ਚਲੀਆਂ ਜਾਣ।

ਇਹ ਸਭ ਬ੍ਰਾਹਮਣ ਦੀ ਦੱਸੀ ਹੋਈ ਚਾਲ ਸੀ। ਬ੍ਰਾਹਮਣ ਨੇ ਪਾਰਸੀਆਂ ਦੇ ਦਿਮਾਗ ਵਿਚ ਇਹ ਗੱਲ ਭਰ ਦਿੱਤੀ ਹੈ ਕਿ ਮਾਸ ਭਾਵੇਂ ਜਿੱਧਰ ਮਰਜ਼ੀ ਜਾਵੇ ਪਰ ਹੱਡੀਆਂ ਪਾਣੀ ਵਿਚ ਹੀ ਪੈਣੀਆਂ ਚਾਹੀਦੀਆਂ ਹਨ। ਜੇ ਕਿਸੇ ਪ੍ਰਾਣੀ ਦੀਆਂ ਹੱਡੀਆਂ ਜੱਲਪ੍ਰਵਾਹ ਨਾ ਹੋਣ ਤਾਂ ਉਸ ਦੀ ਗਤੀ ਹੋ ਹੀ ਨਹੀਂ ਸਕਦੀ। ਬ੍ਰਾਹਮਣਾਂ ਨੇ ਪਾਰਸੀਆਂ ਨੂੰ ਭੜਕਾਇਆ ਕਿ "ਜਦੋਂ ਤੁਹਾਡੇ ਸਕੇ ਸੰਬੰਧੀਆਂ ਦੀਆਂ ਹੱਡੀਆਂ ਹੁੰਦੀਆਂ ਸਨ ਓਦੋਂ ਤਾਂ ਇਹ ਪਛਾਣੇ ਜਾਂਦੇ ਸਨ ਤੇ ਇਨ੍ਹਾਂ ਨੂੰ ਸਵਰਗ ਵਿਚ ਭੇਜਿਆ ਜਾ ਸਕਦਾ ਸੀ ਪਰ ਜਦੋਂ ਹੱਡੀਆਂ ਦਾ ਆਟਾ ਬਣ ਗਿਆ ਤਾਂ ਸਵਰਗ ਵਿਚ ਭੇਜੇ ਜਾਣ ਲਈ ਇਹ ਪਛਾਣੇ ਕਿਵੇਂ ਜਾਣਗੇ, ਪਾਰਸੀਓ ਤੁਹਾਡਾ ਦਿਮਾਗ ਕੰਮ ਨਹੀਂ ਕਰਦਾ?" ਬ੍ਰਾਹਮਣਾ ਨੂੰ ਪਤਾ ਸੀ ਕਿ ਪਾਰਸੀਆਂ ਨੇਂ ਮੁਰਦੇ ਦਾ ਮਾਸ ਗਿਰਝਾਂ ਨੂੰ ਨਾਂ ਖਵਾਉਣ ਵਾਲੀ ਗਲ ਨਹੀਂ ਮੰਨਣੀ ਤੇ ਨਾਂ ਹੀ ਇਨ੍ਹਾਂ ਨੇ ਸਾਡੇ ਆਖੇ ਲਗ ਕੇ ਮੁਰਦੇ ਦਾ ਅੱਗ ਨਾਲ ਸੰਸਕਾਰ ਕਰਨਾ ਹੈ ਕਿਉਂਕਿ ਇਸ ਤਰ੍ਹਾਂ ਕਰਕੇ ਉਹ ਅੱਗ ਨੂੰ, ਜਿਸਦੀ ਉਹ ਪਵਿੱਤਰ ਸਮਝ ਕੇ ਪੂਜਾ ਕਰਦੇ ਹਨ, ਅਪਵਿਤਰ ਨਹੀਂ ਕਰ ਸਕਦੇ। ਇਸ ਲਈ ਉਨ੍ਹਾਂ ਨੇ ਸਮਝੌਤਾਵਾਦੀ ਵਿਚਲਾ ਰਾਹ ਕਢ ਲਿਆ ਕਿ ਮਾਸ ਭਾਵੇਂ ਜਿਧਰ ਮਰਜੀ ਜਾਵੇ ਪਰ ਹੱਡੀਆਂ ਪਾਣੀ ਵਿਚ ਹੀ ਜਾਣੀਆਂ ਚਾਹੀਦੀਆਂ ਹਨ। ਪਾਰਸੀ ਇਹ ਗੱਲ ਮੰਨ ਗਏ ਕਿਉਂਕਿ ਪਰਸ਼ੀਆਂ ਵਾਲੇ ਪਾਰਸੀ ਮੁਰਦੇ ਦੀਆਂ ਹੱਡੀਆਂ ਸਮੁੰਦਰ ਵਿਚ ਰੋੜ੍ਹ ਦੇਂਦੇ ਸਨ ਤੇ ਬ੍ਰਾਹਮਣਾ ਨੂੰ ਪਾਰਸੀਆਂ ਦੇ ਇਕ ਗਰੁੱਪ ਵਲੋਂ ਇਸ ਤਰ੍ਹਾਂ ਦੇ ਰਿਵਾਜ ਦਾ ਪਤਾ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਪਹਿਲਾ ਸਿਸਟਮ ਬੰਦ ਕਰਨਾ ਪਿਆ।

ਓਧਰ ਗੋਲ ਟੋਪੀ ਪਾਉਣ ਵਾਲੇ ਪੁਰਾਣੇ ਪਾਰਸੀ ਅਜੇ ਵੀ ਮੌਜੂਦ ਸਨ ਤੇ ਉਹ ਚਾਹੁੰਦੇ ਹਨ ਕਿ ਪਾਰਸੀ ਧਰਮ ਦੀ ਆਪਣੀ ਵਿਲੱਖਣਤਾ ਤੇ ਪਛਾਣ ਬਣੀ ਰਹੇ। ਇਸ ਲਈ ਉਨ੍ਹਾਂ ਨੇ ਪਰਸ਼ੀਆ ਵਾਲਾ ਤਰੀਕਾ ਅਪਨਾਉਣ 'ਤੇ ਜ਼ੋਰ ਦਿੱਤਾ ਅਰਥਾਤ ਅਸਥੀਆਂ ਸਮੁੰਦਰ ਵਿਚ ਜਲ ਪਰਵਾਹ ਕਰ ਦਿੱਤੀਆਂ ਜਾਣ ਤੇ ਇਸ ਤਰ੍ਹਾਂ ਬ੍ਰਾਹਮਣ ਆਪਣੀ ਚਾਲ ਵਿਚ ਸਫਲ ਹੋ ਗਿਆ। ਪਾਰਸੀ ਪੰਚਾਇਤ ਨੇ ਇਕ ਵੱਡੀ ਪਾਈਪ ਲਾਈਨ ਸਮੁੰਦਰ ਤਕ ਵਿਛਾਈ ਤਾਂ ਕਿ ਅਸਥੀਆਂ ਨੂੰ ਰੋੜ੍ਹ ਦਿੱਤਾ ਜਾਇਆ ਕਰੇ ਤੇ ਉਹ ਸਿੱਧੀਆ ਸਮੁੰਦਰ ਵਿਚ ਚਲੀਆ ਜਾਇਆ ਕਰਨ ਪਰ ਇਹ ਸਿਸਟਮ ਬੁਰੀ ਤਰ੍ਹਾਂ ਫੇਲ੍ਹ ਹੋ ਗਿਆ ਤੇ ਛੇ ਫੁੱਟ ਚੌੜੇ ਵਿਆਸ ਦੀ ਪਾਈਪ ਜਾਮ ਹੋ ਗਈ। ਹੁਣ ਪਾਰਸੀ ਲੋਕ ਬਿਜਲੀ ਦੀ ਭੱਠੀ ਨਾਲ ਮੁਰਦੇ ਸਾੜਦੇ ਹਨ ਤੇ ਕਿਲੋ ਦੋ ਕਿਲੋ ਸਵਾਹ ਜੋ ਇਕ ਮੁਰਦਾ ਸ਼ਰੀਰ ਦੀ ਹੁੰਦੀ ਹੈ, ਉਸ ਨੂੰ ਹਰਦੁਆਰ ਜਾਂ ਹੋਰ ਹਿੰਦੂ ਥਾਵਾਂ 'ਤੇ, ਜਿਥੇ ਗਤੀ ਕਰਵਾਉਣ ਦਾ ਪ੍ਰਬੰਧ ਹੋਵੇ, ਓਥੇ ਪਾਣੀ ਵਿਚ ਜਲਪ੍ਰਵਾਹ ਕਰ ਦਿੱਤੀ ਜਾਂਦੀ ਹੈ। ਕਈ ਪਾਰਸੀ ਤਾਂ ਪਿੰਡ ਦਾਨ ਵੀ ਕਰਨ ਲੱਗ ਪਏ ਹਨ।

ਪਾਰਸੀਆਂ ਵਿਚ ਵੀ ਜਾਤਪਾਤ ਹੈ ਜਾਂ ਕਹਿ ਲਿਆ ਜਾਵੇ ਕਿ ਬ੍ਰਾਹਮਣਾਂ ਦੇ ਚਾਰ ਵਰਣ ਬਣਾਉਣ ਵਾਂਗ ਇਨ੍ਹਾਂ ਨੇ ਵੀ ਆਪੋ ਆਪਣੇ ਕੰਮ ਵੰਡੇ ਹੋਏ ਹਨ। ਇਰਾਨ ਤੋਂ ਆਉਣ ਵਾਲਿਆਂ ਨੂੰ ਇਹ ਫਸਲੀ (Fasli) ਕਹਿੰਦੇ ਹਨ। ਪੂਜਾ ਪਾਠ ਕਰਨ ਵਾਲੇ (Priest)

ਇਹ ਹੀ ਹਨ। ਇਨ੍ਹਾਂ ਨੂੰ ਹੀ ਦਸਤੂਰ ਜੀ ਯਾਨੀ ਗੁਰੂ ਜੀ ਵੀ ਕਿਹਾ ਜਾਂਦਾ ਹੈ। ਇਨ੍ਹਾਂ ਨੂੰ ਮੋਬਡ (Mobed) ਵੀ ਕਹਿੰਦੇ ਹਨ, ਜਿਸ ਦਾ ਮਤਲਬ ਹੁੰਦਾ ਹੈ ਅਰਦਾਸ ਕਰਨ ਵਾਲੇ ਅਰਦਾਸੀਏ। ਪਰਸ਼ੀਆਂ ਤੋਂ ਆਉਣ ਵਾਲਿਆਂ ਨੂੰ ਕਦਮੀ ਕਿਹਾ ਜਾਂਦਾ ਹੈ। ਇਹ ਲੋਕ ਬਹੁਤ ਜ਼ਿਆਦਾ ਗਿਣਤੀ ਵਿਚ ਹਿਜਰਤ ਕਰਕੇ ਆਏ ਸਨ ਤੇ ਇਨ੍ਹਾਂ ਵਿਚੋਂ ਬਹੁਤੇ ਭਾਰਤ ਵਿਚ ਤੇ ਖਾਸ ਕਰਕੇ ਬੰਬਈ ਵਿਚ ਵਸ ਗਏ ਹਨ। ਜਿਹੜੇ ਅਮੀਰ ਹੋ ਗਏ ਉਨ੍ਹਾਂ ਨੂੰ ਸ਼ਹਿਨਸ਼ਾਈ ਕਿਹਾ ਜਾਣ ਲਗ ਪਿਆ। ਇਹ ਬਹੁਤਾ ਕਰਕੇ ਬੰਬਈ ਵਿਚ ਰਹਿਣ ਵਾਲੇ ਤਜ਼ਾਰਤੀ ਲੋਕ ਹਨ, ਜਿਨ੍ਹਾਂ ਵਿਚ ਟਾਟਾ, ਗੋਦਰੇਜ, ਪਾਲਕੀਵਾਲਾ ਤੇ ਸੋਲੀ ਸੁਹਰਾਬ ਜੀ ਵਰਗੇ ਅਮੀਰ ਪਾਰਸੀ ਹਨ। ਚੌਥੀ ਤਰ੍ਹਾਂ ਦੇ ਲੋਕਾਂ ਨੂੰ ਖਾਂਦੀਆਂ ਕਿਹਾ ਜਾਂਦਾ ਹੈ ਅਰਥਾਤ ਉਹ ਲੋਕ ਜੋ ਮੁਰਦੇ ਨੂੰ ਕੰਧੇ 'ਤੇ ਚੁੱਕ ਕੇ ਡੂਗਰਵਾੜੀ ਲੈ ਕੇ ਜਾਂਦੇ ਹਨ। ਇਹ ਲੋਕ ਡੂੰਗਰਵਾੜੀ ਵਿਚ ਹੀ ਰਹਿੰਦੇ ਹਨ ਤੇ ਪਾਰਸੀ ਪੰਚਾਇਤ ਇਨ੍ਹਾਂ ਨੂੰ ਤਨਖਾਹ ਦੇਂਦੀ ਹੈ ਪਰ ਕੋਈ ਵੀ ਪਾਰਸੀ ਇਨ੍ਹਾਂ ਨਾਲ ਰਿਸ਼ਤਾ ਨਹੀਂ ਕਰਦਾ। ਇਹ ਪਾਰਸੀਆਂ ਦਾ ਚੌਥਾ ਵਰਗ ਸ਼ੂਦਰ ਕਿਹਾ ਜਾ ਸਕਦਾ ਹੈ।

ਇਹਨਾਂ ਦੀਆਂ ਇਹ ਵੱਖ-ਵੱਖਰੀਆਂ ਜਾਤਾਂ ਇਨ੍ਹਾਂ ਨੇ ਆਪ ਨਹੀਂ ਬਣਾਈਆਂ। ਇਹ ਵੀ ਭਾਰਤ ਦੇ ਬ੍ਰਾਹਮਣਾਂ ਦਾ ਹੀ ਕੰਮ ਹੈ। ਕਿਉਂਕਿ ਕੁਝ ਪਾਰਸੀ ਕਨੇਡਾ ਵਿਚ ਵੀ ਵਸ ਗਏ ਸਨ ਪਰ ਓਥੇ ਇਹ ਜਾਤਾਂ ਨਹੀਂ ਹਨ।

ਪਾਰਸੀਆਂ ਦੀ ਉਹ ਜਾਤੀ ਜੋ ਖਾਂਦੀਆਂ ਅਖਵਾਉਂਦੀ ਹੈ ਤੇ ਕੰਧੇ 'ਤੇ ਮੁਰਦੇ ਨੂੰ ਘਰੋਂ ਚੁੱਕ ਕੇ ਖੜਨ ਦਾ ਕੰਮ ਕਰਦੀ ਹੈ, ਨੂੰ ਸ਼ੂਦਰ ਤੇ ਨੀਚ ਸਮਝ ਕੇ ਪਾਰਸੀ ਕਾਲੋਨੀ ਵਿਚੋਂ ਬਾਹਰ ਕੱਢ ਦਿੱਤਾ ਗਿਆ ਤੇ ਡੂੰਗਰਵਾੜੀ ਜਾਂ ਹੋਰ ਪਛੜੇ ਇਲਾਕਿਆਂ ਵਿਚ ਵਸਾ ਦਿੱਤਾ ਗਿਆ। ਪਾਰਸੀ ਆਪਣੇ ਪਰਿਵਾਰ ਜਾਂ ਰਿਸ਼ਤੇਦਾਰ ਦਾ ਮੁਰਦਾ ਸਰੀਰ ਆਪ ਨਹੀਂ ਚੁੱਕਦੇ। ਅੰਤਮ ਸੰਸਕਾਰ ਦੇ ਸਾਰੇ ਕੰਮ ਇਹ ਖਾਂਦੀ ਹੀ ਕਰਦੇ ਹਨ। ਇਹ ਹੀ ਮੁਰਦੇ ਨੂੰ ਮੀਨਾਰ 'ਤੇ ਰਖਦੇ ਹਨ ਤੇ ਤਿੰਨ ਵਾਰ ਤਾੜੀ ਮਾਰਦੇ ਹਨ ਤੇ ਗਿਰਝਾਂ ਮੁਰਦੇ 'ਤੇ ਆ ਝਪਟਦੀਆਂ ਹਨ। ਮੁਰਦਿਆਂ ਵਿਚ ਇਸਤਰੀਆਂ, ਬੁੱਢੇ, ਬੁੱਢੀਆਂ, ਬੱਚੇ ਤੇ ਜਵਾਨ ਕੁੜੀਆਂ ਦੇ ਮ੍ਰਿਤਕ ਸਰੀਰ ਵੀ ਆਉਂਦੇ ਹਨ।

ਕੋਈ ਪਾਰਸੀ ਇਨ੍ਹਾਂ ਖਾਂਦੀਆਂ ਨੂੰ ਕੁੜੀ ਨਹੀਂ ਦੇਂਦਾ, ਇਸ ਲਈ ਉਹ ਕਾਮ ਵਿਚ ਏਨੇ ਭੁੱਖੇ ਹੁੰਦੇ ਹਨ ਕਿ ਇਕ ਵਾਰ ਉਨ੍ਹਾਂ ਨੇ ਇਕ ਨੌਜਵਾਨ ਪੜ੍ਹੀ ਲਿਖੀ ਪਾਰਸੀ ਕੁੜੀ ਨੂੰ ਜਦੋਂ ਚੁੱਪ ਦੇ ਟਾਵਰ 'ਤੇ ਰੱਖਿਆ ਤੇ ਉਸਦੇ ਪਾਏ ਹੋਏ ਕੱਪੜੇ ਚੀਰੇ ਤਾਂ ਕਾਮ ਨੇ ਉਨ੍ਹਾਂ 'ਤੇ ਐਟਮ ਬੰਬ ਹੀ ਦਾਗ ਦਿੱਤਾ। ਗਿਰਝਾਂ ਤੋਂ ਪਹਿਲਾਂ ਉਹ ਆਪ ਹੀ ਉਸ ਨੰਗੀ ਜਵਾਨ ਮੁਰਦਾ ਪਾਰਸਣ 'ਤੇ ਝਪਟ ਪਏ ਤੇ ਸਾਰੇ ਖਾਂਦੀਆਂ ਨੇ ਵਾਰੋ ਵਾਰੀ ਆਪਣੀ ਪਿਆਸ ਬੁਝਾਈ। ਇਹ ਘਟਨਾ ਪਤਾ ਨਹੀਂ ਕਿੰਨੀ ਵਾਰ ਪਹਿਲਾਂ ਵੀ ਵਾਪਰੀ ਹੋਵੇਗੀ ਪਰ ਵੇਖਣ ਵਿਚ ਇਹ ਪਹਿਲੀ ਵਾਰ ਹੀ ਆਈ ਸੀ। ਇਸ ਘਟਨਾਂ ਨਾਲ ਪਾਰਸੀਆਂ ਵਿਚ ਹਾ ਹਾ ਕਾਰ ਮਚ ਗਈ। ਹੁਣ ਪਾਰਸੀਆਂ ਦਾ ਖਾਂਦੀਆਂ ਤੋਂ ਇਤਬਾਰ ਉੱਠ ਚੁੱਕਾ ਹੈ। ਪਹਿਲਾਂ ਕਈ ਗਰੀਬ ਪਾਰਸੀ ਖਾਂਦੀਆਂ ਬਣ ਜਾਂਦੇ ਸਨ ਪਰ ਹੁਣ ਲੋਕ ਇਨ੍ਹਾਂ ਨੂੰ ਬਹੁਤ ਨਫਰਤ ਕਰਨ ਲੱਗ ਪਏ ਹਨ।

ਸਾਰੀ ਦੁਨੀਆਂ ਵਿਚ ਕਰੀਬ ਸੱਠ ਹਜ਼ਾਰ ਪਾਰਸੀ ਰਹਿ ਗਏ ਹਨ ਤੇ ਇਹਨਾਂ ਵਿਚੋਂ ਚਾਲੀ ਹਜ਼ਾਰ ਭਾਰਤ ਵਿਚ ਹਨ, ਜਿਨ੍ਹਾਂ ਵਿਚੋਂ ਮਹਾਰਾਸ਼ਟਰ, ਬੰਬਈ ਵਿਚ ਸਭ ਤੋਂ

ਵੱਧ ਤੇ ਬਾਕੀ ਗੁਜਰਾਤ ਤੇ ਕਨੇਡਾ ਵਿਚ ਰਹਿੰਦੇ ਹਨ। ਕਹਿੰਦੇ ਹਨ ਕੁਝ ਪਾਰਸੀ ਇੰਗਲੈਂਡ ਵਿਚ ਵੀ ਹਨ ਪਰ ਉਹ ਆਪਣੇ ਆਪ ਨੂੰ ਪਾਰਸੀ ਕਰਕੇ ਜ਼ਾਹਿਰ ਨਹੀਂ ਕਰਦੇ। ਭਾਰਤ ਦੇ ਪਾਰਸੀ ਗਾਂ ਦਾ ਮਾਸ ਨਹੀਂ ਖਾਂਦੇ। ਇਹ ਉਨ੍ਹਾਂ 'ਤੇ ਬ੍ਰਾਹਮਣਵਾਦ ਦਾ ਅਸਰ ਹੈ ਪਰ ਜੋ ਪਾਰਸੀ ਕੈਨੇਡਾ ਵਿਚ ਰਹਿੰਦੇ ਹਨ ਉਹ ਗਾਂ ਖਾਂਦੇ ਹਨ। ਇਨ੍ਹਾਂ 'ਤੇ ਇਹ ਪਾਬੰਦੀ ਭਾਰਤ ਆਉਣ 'ਤੇ ਸੋਹਲਵੀ ਸਦੀ ਵਿਚ ਹੀ ਲਗ ਗਈ ਸੀ। ਬ੍ਰਾਹਮਣਵਾਦ ਦਾ ਅਸਰ ਬਹੁਤ ਦੂਰ ਦੂਰ ਤਕ ਪਿਆ ਹੈ। ਪਾਕਿਸਤਾਨ ਭਾਵੇਂ ਮੁਸਲਿਮ ਦੇਸ਼ ਹੈ ਤੇ ਇਸਲਾਮ ਵਿਚ ਗਾਂ ਖਾਣਾ ਮਨ੍ਹਾਂ ਨਹੀਂ ਪਰ ਪਾਕਿਸਤਾਨ ਵਿਚ ਕੁਝ ਸਾਲ ਪਹਿਲਾਂ ਤਕ ਗਾਂ ਦਾ ਮਾਸ ਖਾਣ ਤੇ ਪਾਬੰਦੀ ਸੀ ਕਿਉਂਕਿ ਪਾਕਿਸਤਾਨ ਦੀ ਖੇਤੀ ਵੀ ਬੌਲਦਾਂ ਨਾਲ ਹੁੰਦੀ ਸੀ ਤੇ ਬੌਲਦਾਂ ਨੂੰ ਗਾਂ ਜਨਮ ਦੇਂਦੀ ਹੈ। ਇਸ ਲਈ ਇਹ ਪਾਬੰਦੀ ਆਰਥਕ ਮਦ ਵਿਚ ਆਉਂਦੀ ਹੈ, ਧਾਰਮਕ ਮਦ ਵਿਚ ਨਹੀਂ।

ਪਾਰਸੀ ਲੋਕ ਪਹਿਲਾਂ ਤੋਂ ਹੀ ਆਪਸ ਵਿਚ ਸ਼ਾਦੀਆਂ ਕਰਦੇ ਰਹੇ ਹਨ, ਇਸ ਲਈ ਇਹ ਪੂਰੀ ਬਰਾਦਰੀ ਇਕ ਹੈਮੋਫੀਲੀਆ (Haemophilia) ਨਾਂਅ ਦੀ ਬੀਮਾਰੀ ਦੀ ਸ਼ਿਕਾਰ ਹੋ ਚੁੱਕੀ ਹੈ। ਇਸ ਬੀਮਾਰੀ ਦਾ ਮਰੀਜ ਖੂਨ ਦੀ ਬੀਮਾਰੀ ਦਾ ਮਰੀਜ ਹੁੰਦਾ ਹੈ। ਆਮ ਤੌਰ ਤੇ ਇਹ ਬੀਮਾਰੀ ਮਰਦਾਂ ਨੂੰ ਹੁੰਦੀ ਹੈ ਤੇ ਇਸਤਰੀਆਂ ਇਸ ਬੀਮਾਰੀ ਦੀਆਂ ਕੈਰੀਅਰ ਹੁੰਦੀਆਂ ਹਨ। ਇਹ ਬੀਮਾਰੀ ਪਿਤਾਪੁਰਖੀ ਹੁੰਦੀ ਹੈ ਤੇ ਲਾਇਲਾਜ ਹੈ। ਭਾਰਤ ਵਿਚ ਇਸਦਾ ਇਲਾਜ ਹੈ ਹੀ ਨਹੀਂ ਕਿਉਂਕਿ ਅਜੇ ਭਾਰਤ ਵਿਚ ਇਸ ਦੀਆਂ ਦੁਆਈਆਂ ਬਣਨੀਆਂ ਸ਼ੁਰੂ ਹੀ ਨਹੀਂ ਹੋਈਆਂ ਪਰ ਜੇ ਇਸ ਬੀਮਾਰੀ ਦਾ ਇਲਾਜ ਕਰਨਾ ਹੋਵੇ ਤਾਂ ਅੱਜ ਦੇ ਮਹਿੰਗਾਈ ਦੇ ਯੁੱਗ ਵਿਚ ਇਸਦਾ ਇਲਾਜ ਲੱਖਾਂ ਰੁਪਈਆਂ ਨਾਲ ਹੀ ਹੋ ਸਕਦਾ ਹੈ। ਇਸ ਬੀਮਾਰੀ ਦੀ ਮੁੱਖ ਵਿਸ਼ੇਸਤਾ ਇਹ ਹੈ ਕਿ ਜੇ ਕਿਸੇ ਦਾ ਇਕ ਵਾਰ ਖੂਨ ਵਗਣ ਲੱਗ ਪਵੇ ਤਾਂ ਫਿਰ ਛੇਤੀ ਕੀਤਿਆਂ ਬੰਦ ਨਹੀਂ ਹੁੰਦਾ।

ਕਹਿੰਦੇ ਹਨ ਰੂਸ ਦੇ ਜਾਰ ਦੇ ਪੁੱਤ ਨੂੰ ਇਹ ਬੀਮਾਰੀ ਸੀ। ਇਕ ਰਾਸਪੁਤਿਨ ਨਾਂਅ ਦਾ ਤਾਂਤਰਿਕ ਕ੍ਰਿਸਮ ਦਾ ਬੰਦਾ ਹਿਪਨੋਟਿਜ਼ਮ ਨਾਲ ਉਸਦਾ ਇਲਾਜ ਕਰਦਾ ਹੁੰਦਾ ਸੀ। ਉਸਨੇ ਇਕਾਗਰਤਾ ਕਰਕੇ ਆਪਣੇ ਵਿਚ ਸ਼ਕਤੀ ਲੈ ਆਂਦੀ ਸੀ ਤੇ ਆਪਣੇ ਇਸ ਹੁਨਰ ਕਰਕੇ ਰੂਸ ਦੇ ਜਾਰ ਦੀ ਹਕੂਮਤ 'ਤੇ ਇਕ ਤਰ੍ਹਾਂ ਨਾਲ ਕਬਜਾ ਹੀ ਕਰ ਲਿਆ ਸੀ ਕਿਉਂਕਿ ਜਾਰ ਦਾ ਇਕਲੌਤਾ ਪੁੱਤ ਰਾਸਪੁਤਿਨ ਦੀ ਮੁੱਠੀ ਵਿਚ ਸੀ। ਏਸੇ ਗੱਲ ਦਾ ਹੀ ਫਾਇਦਾ ਉਠਾ ਕੇ ਉਹ ਜਾਰ ਦੇ ਜਨਾਨਾ ਮਹੱਲ ਵਿਚ ਵੜਿਆ ਰਹਿੰਦਾ ਤੇ ਮਨਆਈਆਂ ਕਰਦਾ। ਉਸਨੂੰ ਕਈ ਵਾਰ ਮਾਰਨ ਦੀ ਕੋਸ਼ਿਸ਼ ਵੀ ਕੀਤੀ ਗਈ। ਇਕ ਵਾਰ ਉਸਨੂੰ ਚੌਲਾਂ ਦੇ ਪਲਾਓ ਵਿਚ ਪਾਏ ਹੋਏ ਮੇਵਿਆਂ ਵਿਚ ਜ਼ਹਿਰ ਭਰ ਕੇ ਖੁਆਇਆ ਗਿਆ ਪਰ ਉਹ ਨੌਂ ਬਰ ਨੌਂ ਰਿਹਾ। ਸ਼ਰਾਬ ਵਿਚ ਜ਼ਹਿਰ ਪਾ ਕੇ ਪਿਆਇਆ ਗਿਆ ਪਰ ਬਾਦਸ਼ਾਹ ਦਾ ਮਹੱਲ ਹੈਰਾਨ ਰਹਿ ਗਿਆ, ਜਦੋਂ ਦੂਜੇ ਦਿਨ ਉਸਨੇ ਓਸੇ ਨਾਲ ਦੀ ਹੀ ਸ਼ਰਾਬ ਲਿਆਉਣ ਲਈ ਕਿਹਾ ਤੇ ਦੱਸਿਆ ਕਿ ਕੱਲ ਵਾਲੀ ਸ਼ਰਾਬ ਪੀ ਕੇ ਮੈਨੂੰ ਬਹੁਤ ਮਜਾ ਆਇਆ ਹੈ ਤੇ ਮੈਂ ਸਾਰੀ ਰਾਤ ਘੁਰਾੜੇ ਮਾਰ ਕੇ ਸੁੱਤਾ ਹਾਂ। ਉਸਦੇ ਖਿਲਾਫ, ਉਸਨੂੰ ਜਾਨੋਂ ਮਾਰਨ ਲਈ ਕਈ ਛੜਯੰਤਰ ਰਚੇ ਗਏ। ਅਖੀਰ ਰੂਸ ਦੀ ਕ੍ਰਾਂਤੀ ਹੋਈ ਜਿਸਦਾ ਮੁੱਖ ਕਾਰਨ, ਰਾਸਪੁਤਿਨ ਹੀ ਸੀ। ਇਸ ਕ੍ਰਾਂਤੀ ਵਿਚ ਨਾ ਹੀ ਜਾਰ ਬਚਿਆ ਤੇ ਨਾ ਹੀ ਰਾਸਪੁਤਿਨ।

ਪਾਰਸੀ ਲੋਕ ਬਹੁਤਾ ਖੇਡਾਂ ਵਗੈਰਾ ਤੇ ਹੋਰ ਨੱਠ ਭੱਜ ਵਾਲੇ ਕੰਮਾਂ ਵਿਚ ਘੱਟ ਹੀ

ਦਿਲਚਸਪੀ ਲੈਂਦੇ ਹਨ। ਜਿਹੜੇ ਲੋਕ ਉਪਰੋਕਤ ਬੀਮਾਰੀ ਦਾ ਸ਼ਿਕਾਰ ਹੋ ਚੁੱਕੇ ਹਨ, ਉਹਨਾਂ ਨੂੰ ਆਪਣੇ ਸਰੀਰ ਦਾ ਬਹੁਤ ਧਿਆਨ ਰੱਖਣਾ ਪੈਂਦਾ ਹੈ। ਏਸੇ ਲਈ ਹੀ ਬਹੁਤੇ ਪਾਰਸੀ ਜਾਂ ਤਾਂ ਦਫਤਰਾਂ ਵਿਚ ਨੌਕਰੀ ਕਰਦੇ ਹਨ ਜਾਂ ਦੁਕਾਨਦਾਰ ਹਨ। ਬ੍ਰਾਹਮਣ ਹੁਣ ਨਵੇਂ ਜੰਮੇ ਬਚਿਆਂ ਦੇ ਟੇਵੇ ਤੇ ਜਨਮ ਪਤਰੀਆਂ ਤਕ ਬਣਾਉਂਦੇ ਹਨ। ਮਰੇ ਹੋਇਆਂ ਦੀ ਗਤੀ ਕਰਾਉਂਦੇ ਤੇ ਸ਼ਰਾਧ ਤਕ ਵੀ ਕਰਵਾਉਂਦੇ ਹਨ। ਪਾਰਸੀ ਲਗਪਗ ਬ੍ਰਾਹਮਣ ਦੀ ਗ੍ਰਿਫਤ ਵਿਚ ਆ ਚੁਕਾ ਹੈ। ਕਿਉਂਕਿ ਪਾਰਸੀ ਹੁਣ ਆਪਣੇ ਧਾਰਮਕ ਗੁਰੂਆਂ ਵਲ ਘੱਟ ਰੁਚੀ ਲੈਂਦੇ ਹਨ ਪਰ ਬ੍ਰਾਹਮਣ ਦਾ ਪੂਰਾ ਸਤਿਕਾਰ ਕਰਨ ਲਗ ਪਏ ਹਨ। ਨਾਂਅ ਵੀ ਹਿੰਦੂਆਂ ਵਰਗੇ ਰਖਦੇ ਹਨ ਤੇ ਕੰਮ ਵੀ ਹਿੰਦੂਆਂ ਵਾਲੇ ਹੀ ਕਰਨ ਲਗ ਪਏ ਹਨ। ਪਾਰਸੀਆਂ ਨੂੰ ਵੀ ਹਿੰਦੂ ਅਜਗਰ ਨਿਗਲ ਚੁਕਾ ਹੈ। ਇਸ ਗਲ ਦਾ ਪਾਰਸੀਆਂ ਨੂੰ ਵੀ ਪਤਾ ਹੈ ਤੇ ਉਹ ਇਹ ਗੱਲ ਮੰਨਦੇ ਵੀ ਹਨ।

***

## ❐ ਸਿੱਖ

ਸਿੱਖ ਕੌਮ ਵੀ ਖੱਤਰੀਆਂ ਵਿਚੋਂ ਹੀ ਬਣੀ ਸੀ। ਦੱਸ ਦੇ ਦੱਸ ਗੁਰੂ ਸਾਹਿਬਾਨ ਖੱਤਰੀ ਹੀ ਹੋਏ ਹਨ। ਨਵਾਂ ਧਰਮ ਸੀ, ਲੁੱਸ-ਲੁੱਸ ਕਰਦੀ ਨਵੀਂ-ਨਕੋਰ ਜੀਵਨਜਾਚ ਸੀ। ਫੱਟ ਹਿੰਦੂ ਖੱਤਰੀ ਬ੍ਰਾਹਮਣ ਦੇ ਸੜੇ ਹੋਏ ਤੇ ਬੋਅ ਮਾਰਦੇ ਪੰਜ ਹਜ਼ਾਰ ਸਾਲ ਪੁਰਾਣੇ ਨਿਘਰ ਚੁੱਕੇ ਤੇ ਭ੍ਰਿਸ਼ਟ ਹੋ ਚੁੱਕੇ ਹਿੰਦੂ ਰਸਮਾਂ-ਰਿਵਾਜਾਂ ਤੋਂ ਖਹਿੜਾ ਛੁਡਾ ਕੇ ਸਿੱਖੀ ਵਿਚ ਸ਼ਾਮਲ ਹੋ ਗਏ। ਹਿੰਦੂ ਖੱਤਰੀ ਉੱਤਰੀ ਭਾਰਤ ਵਿਚ ਬਹੁਤ ਸੋਹਣੀ, ਜੁਆਨ ਤੇ ਅਮੀਰ ਜਾਤੀ ਦੇ ਨਾਂਅ ਨਾਲ ਜਾਣੀ ਜਾਂਦੀ ਕੌਮ ਹੈ। ਜੈਨ ਤੇ ਬਾਣੀਆਂ ਨੂੰ ਛੱਡ ਕੇ ਪੂਰੇ ਭਾਰਤ ਵਿਚ ਇਹ ਅਮੀਰ ਲੋਕ ਹਨ। ਆਰੀਆ ਦੇ ਆਉਣ ਤੋਂ ਹੀ ਜਾਂ ਤਾਂ ਇਹਨਾਂ ਦਾ ਰਾਜ ਰਿਹਾ ਜਾਂ ਇਹ ਸਰਕਾਰ ਦੇ ਬੜਾ ਨਜਦੀਕ ਰਹੇ। ਰਾਜ ਭਾਵੇਂ ਬੋਧੀਆਂ ਦਾ ਹੋਵੇ, ਤੁਰਕ, ਪਠਾਣ, ਮੁਸਲਮਾਨ, ਯੂਨਾਨੀ, ਸ਼ੱਕ, ਹੂਨ ਤੇ ਭਾਵੇਂ ਅੰਗਰੇਜ਼ਾਂ ਦਾ ਹੋਵੇ, ਇਹ ਲੋਕ ਸਦਾ ਉੱਚੇ ਸਰਕਾਰੀ ਅਹੁਦਿਆਂ 'ਤੇ ਰਹੇ ਹਨ ਤੇ ਬੜੇ ਸਫਲ ਵਪਾਰੀ ਵੀ ਰਹੇ ਹਨ। ਆਪਣੀ ਉੱਨਤੀ ਦੇ ਰਾਹ ਵਿਚ ਇਹਨਾਂ ਨੇ ਕਦੇ ਕੋਈ ਰੁਕਾਵਟ ਨਹੀਂ ਆਉਣ ਦਿੱਤੀ। ਗੁਰੂ ਨਾਨਕ ਜੀ ਅਤੇ ਬਾਕੀ ਦੇ ਨੌਂ ਗੁਰੂ ਵੀ ਏਸੇ ਜਾਤੀ ਵਿਚੋਂ ਹੀ ਸਨ। ਇਸ ਤਰ੍ਹਾਂ ਇਹਨਾਂ ਨੇ ਸਿਰਫ ਵਪਾਰ ਤੇ ਰਾਜ-ਭਾਗ ਹੀ ਨਹੀਂ ਰੂਹਾਨੀਅਤ ਦੇ ਖੇਤਰ ਵਿਚ ਵੀ ਬਹੁਤ ਵੱਡੇ ਮਾਅਰਕੇ ਮਾਰੇ ਹਨ। ਗੁਰੂ ਨਾਨਕ ਜੀ ਨੇ ਇਕ ਐਸੇ ਧਰਮ ਦੀ ਨੀਂਹ ਰੱਖੀ, ਜਿਹੜਾ ਇਸ ਜਾਤੀ ਨੂੰ ਬਹੁਤ ਹੀ ਪਸੰਦ ਆਇਆ। ਇਹ ਆਪ ਤਾਂ ਇਸ ਧਰਮ ਵਿਚ ਸ਼ਾਮਲ ਹੋਏ ਹੀ, ਇਹਨਾਂ ਨੇ ਇਸ ਧਰਮ ਦਾ ਪਰਚਾਰ ਵੀ ਬਹੁਤ ਦੂਰ-ਦੁਰਾਡੇ ਦੇ ਮੁਲਕਾਂ ਵਿਚ ਕੀਤਾ ਕਿਉਂਕਿ ਵਪਾਰੀ ਹੋਣ ਕਰਕੇ ਇਹ ਜਿਹੜੇ-ਜਿਹੜੇ ਮੁਲਕ ਵਿਚ ਗਏ, ਓਥੇ ਹੀ ਧਰਮ ਦਾ ਪਰਚਾਰ ਵੀ ਕਰੀ ਗਏ।

ਗੁਰੂ ਨਾਨਕ ਜੀ ਦੇ ਵੇਲੇ ਇਸਲਾਮ ਦਾ ਰਾਜ ਸੀ ਤੇ ਝਨਾਅ ਦਰਿਆ ਤੋਂ ਪਰਲੇ ਪਾਸੇ ਦਾ ਸਾਰਾ ਇਲਾਕਾ ਲੱਗਭਗ ਮੁਸਲਮਾਨ ਹੋ ਚੁੱਕਾ ਸੀ। ਇਸਲਾਮ ਦੇ ਫੈਲਾਅ ਕਰਕੇ ਕਰਮਕਾਂਡਾਂ ਨਾਲ ਲੱਥਪਥ ਹਿੰਦੂ ਧਰਮ, ਜਿਸਦੇ ਤੇਤੀ ਕਰੋੜ ਦੇਵਤੇ, ਕਈ ਦੇਵੀਆਂ, ਠਾਕੁਰ ਤੇ ਹੋਰ ਪਤਾ ਨਹੀਂ ਕਿੰਨੇ ਅਵਤਾਰ ਹਨ, ਮੁਸਲਮਾਨਾਂ ਦੇ ਇਕ ਅੱਲ੍ਹਾ ਵਾਲੇ ਧਰਮ ਅੱਗੇ ਦਿਨੋਂ ਦਿਨ ਢਿੱਲਾ ਪੈਂਦਾ ਜਾ ਰਿਹਾ ਸੀ ਤੇ ਸਾਹ ਸੱਤ ਹੀਣ ਹੋ ਕੇ ਮੁਸਲਮਾਨ ਧਰਮ ਵਿਚ ਹੀ ਵਿਲੀਨ ਹੁੰਦਾ ਜਾ ਰਿਹਾ ਸੀ, ਜਿਵੇਂ ਅੱਜ ਸਿੱਖ ਹਿੰਦੂ ਧਰਮ ਵਿਚ ਵਿਲੀਨ ਹੁੰਦਾ ਜਾ ਰਿਹਾ ਹੈ। ਮੁਸਲਮਾਨਾਂ ਦੇ ਧਾਰਮਕ ਤਰਕ ਏਨੇ ਮਜਬੂਤ ਤੇ ਮੰਨਣਯੋਗ ਸਨ ਕਿ ਹਿੰਦੂਆਂ ਨੂੰ ਆਪਣੇ ਧਰਮ ਨਾਲ ਹੀ ਘਿਰਣਾ ਹੋਣ ਲੱਗ ਪਈ ਸੀ। ਆਮ ਮੁਸਲਮਾਨ ਲੋਕ ਵੀ ਹਿੰਦੂਆਂ ਨੂੰ ਮਜਾਕ ਕਰਨੋਂ ਨਹੀਂ ਸਨ ਟਲਦੇ ਤੇ ਵੱਡੇ ਤੋਂ ਵੱਡੇ ਪੰਡਤ ਕੋਲ ਵੀ ਮੁਸਲਮਾਨਾਂ ਦੀਆਂ ਟਕੋਰਾਂ ਦਾ ਕੋਈ ਜਵਾਬ ਨਹੀਂ ਸੀ ਹੁੰਦਾ। ਗੁਰੂ ਨਾਨਕ ਨੇ ਇਕ ਐਸੇ ਰੱਬ ਦਾ ਸੰਕਲਪ ਦਿੱਤਾ, ਜਿਹੜਾ ਹਿੰਦੂਆਂ ਤੇ ਏਥੋਂ ਤੱਕ ਕਿ ਮੁਸਲਮਾਨਾਂ ਦੇ ਧਰਮ 'ਤੇ ਵੀ

ਸਿੱਧੀ ਚੋਟ ਕਰਦਾ ਸੀ। ਸਗੋਂ ਮੁਸਲਮਾਨ ਗੁਰੂ ਨਾਨਕ ਦੇ ਤਰਕਾਂ ਅੱਗੇ ਛਿੱਥੇ ਪੈਂਦੇ ਸਨ ਤੇ ਹਰ ਵਾਦ-ਵਿਵਾਦ ਵਿਚ ਮੁਸਲਮਾਨਾਂ ਨੂੰ ਹਾਰ ਮੰਨਣੀ ਪੈਂਦੀ ਸੀ। ਸਿੱਖ ਧਰਮ ਦੀ ਇਸ ਚੜ੍ਹਦੀਕਲਾ ਨੂੰ ਵੇਖ ਕੇ ਪੰਜਾਬ ਦੇ ਹਿੰਦੂ ਨੇ ਫੱਟ ਸਿੱਖ ਧਰਮ ਗ੍ਰਹਿਣ ਕਰ ਲਿਆ। ਭਾਵੇਂ ਕਿ ਸਿੱਖ ਧਰਮ ਜਾਤੀਵਾਦ 'ਤੇ ਸਿੱਧੀ ਚੋਟ ਕਰਦਾ ਹੈ ਪਰ ਰੋਜ਼-ਰੋਜ਼ ਦੀ ਸ਼ਰਮਿੰਦਗੀ ਉਠਾਉਣ ਨਾਲੋਂ ਪੰਜਾਬੀ ਖੱਤਰੀ ਨੂੰ ਸਿੱਖ ਬਣਨਾ ਜ਼ਿਆਦਾ ਚੰਗਾ ਲੱਗਾ। ਪੰਜਾਬ ਦੀਆਂ ਹੋਰ ਜਾਤੀਆਂ ਅਜੇ ਖੁੱਲ੍ਹ ਕੇ ਸਿੱਖੀ ਵਿਚ ਨਹੀਂ ਸਨ ਆਈਆਂ, ਇਸ ਲਈ ਖੱਤਰੀ ਹੀ ਸਿੱਖੀ ਵਿਚ ਮੋਹਰੀ ਸਨ। ਗੁਰੂਆਂ ਤੋਂ ਇਲਾਵਾ ਹੋਰ ਵੀ ਕਈ ਖੱਤਰੀ ਸਿੱਖ ਧਰਮ ਵਿਚ ਬੜੇ ਸਤਿਕਾਰਯੋਗ ਹਨ, ਜਿਵੇਂ ਭਾਈ ਗੁਰਦਾਸ ਭੱਲੇ ਜੀ ਦੀਆਂ ਵਾਰਾਂ ਬਾਣੀ ਵਾਂਗ ਹੀ ਸਤਿਕਾਰਤ ਹਨ ਤੇ ਉਹਨਾਂ ਦੀ ਬਾਣੀ ਨੂੰ ਬਾਣੀ ਦੀ ਕੁੰਜੀ ਕਿਹਾ ਗਿਆ ਹੈ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਖੱਤਰੀਆਂ ਦੀਆਂ ਸੱਤਰ ਗੋਤਾਂ ਦਾ ਵੀ ਜ਼ਿਕਰ ਕੀਤਾ ਹੈ। ਓਦੋਂ ਤੱਕ ਲੱਗਭਗ ਅੱਸੀ ਫੀਸਦੀ ਖੱਤਰੀ ਸਿੱਖੀ ਵਿਚ ਪਰਵੇਸ਼ ਕਰ ਚੁੱਕੇ ਸਨ ਤੇ ਸਿੱਖੀ ਵਿਚ ਆਉਣ 'ਤੇ ਬੜਾ ਮਾਣ ਮਹਿਸੂਸ ਕਰਦੇ ਸਨ।

ਸਿੱਖ ਧਰਮ ਦੀਆਂ ਪੁਰਾਤਨ ਕਿਤਾਬਾਂ ਜਿਵੇਂ ਕਿ 'ਗੁਰਬਿਲਾਸ ਪਾਤਸ਼ਾਹੀ ਦਸ', 'ਗੁਰਬਿਲਾਸ ਪਾਤਸ਼ਾਹੀ ਛੇਵੀਂ, ਗੁਰਬਿਲਾਸ ਸੁੱਖਾ ਸਿੰਘ', 'ਸੂਰਜ ਪ੍ਰਕਾਸ਼', ਪਰਚੀਆਂ' (1708) ਪੜ੍ਹਨ ਤੋਂ ਏਹੋ ਹੀ ਪਤਾ ਲਗਦਾ ਹੈ ਕਿ ਹਿੰਦੂ ਖੱਤਰੀ ਸਿੱਖੀ ਵਿਚ ਸਭ ਤੋਂ ਅੱਗੇ ਸਨ। ਸਿੱਖੀ ਦੇ ਵਿਕਾਸ ਨੇ ਚੜ੍ਹੇ ਆਉਂਦੇ ਇਸਲਾਮ ਦੇ ਹੜ੍ਹ ਅੱਗੇ ਇਕ ਮਜਬੂਤ ਬੰਨ੍ਹ ਦਾ ਕੰਮ ਕੀਤਾ ਤੇ ਮੁਸਲਮਾਨ ਹਾਕਮਾਂ ਦੇ ਜ਼ੁਲਮਾਂ ਨੂੰ ਦਲੇਰੀ ਨਾਲ ਬਿਆਨਣ ਤੋਂ ਇਲਾਵਾ ਉਸਦਾ ਵਿਰੋਧ ਵੀ ਕੀਤਾ। ਗੁਰੂ ਨਾਨਕ ਜੀ ਨੇ ਬਾਬਰ ਬਾਦਸ਼ਾਹ ਬਾਰੇ ਕਿਹਾ-

*ਪਾਪ ਕੀ ਜੰਞ ਲੈ ਕਾਬਲੋਂ ਧਾਇਆ, ਜੋਰੀਂ ਮੰਗੈ ਦਾਨ ਵੇ ਲਾਲੋ।*
*ਰਾਜੇ ਸ਼ੀਂਹ ਮੁਕੱਦਮ ਕੁੱਤੇ, ਜਾਏ ਜਗਾਇਨ ਬੈਠੇ ਸੁੱਤੇ।*

ਤੇ ਪਰਮਾਤਮਾ ਨਾਲ ਵੀ ਗਿਲ੍ਹਾ ਕੀਤਾ ਤੇ ਕਿਹਾ-

*ਏਤੀ ਮਾਰ ਪਈ ਕੁਰਲਾਣੈ, ਤੈਂ ਕੀ ਦਰਦ ਨ ਅਇਆ।*

ਗੁਰੂ ਜੀ ਨੇ ਆਮ ਜਨਤਾ ਨੂੰ ਸੰਬੋਧਨ ਕਰਕੇ ਕਿਹਾ-

*ਜੇ ਜੀਵੈ ਪਤਿ ਲੱਥੀ ਜਾਇ। ਸਭ ਹਰਾਮ ਜੇਤਾ ਕਿਛੁ ਖਾਇ।*

ਗੁਰੂ ਨਾਨਕ ਨੇ ਬ੍ਰਾਹਮਣ ਵੱਲੋਂ ਖਾਣ ਪੀਣ 'ਤੇ ਲਾਈਆਂ ਹੋਈਆਂ ਸਾਰੀਆਂ ਪਾਬੰਦੀਆਂ ਚੁੱਕ ਦਿੱਤੀਆਂ ਤੇ ਕਿਹਾ;

*ਬਾਬਾ ਸੋ ਖਾਣਾ ਖੁਸੀ ਖੁਆਰ।*
*ਜਿਤੁ ਖਾਧੈ ਤਨੁ ਪੀੜੀਐ।*
*ਮਨ ਮਹਿ ਚਲੇ ਵਿਕਾਰ।*

ਕੱਪੜਾ ਕਿੱਦਾਂ ਦਾ ਪਾਉਣਾ ਹੈ, ਸਵਾਰੀ ਕਿਸ ਚੀਜ਼ ਦੀ ਕਰਨੀ ਹੈ, ਕਿਸ ਤਰ੍ਹਾਂ ਰਹਿਣਾ ਹੈ, ਕਿਸ ਤਰ੍ਹਾਂ ਬਹਿਣਾ ਹੈ, ਇਸ ਬਾਰੇ ਗੁਰੂ ਜੀ ਨੇ ਪੂਰੀ ਖੁੱਲ੍ਹ ਦੇ ਦਿੱਤੀ ਤੇ ਕਿਹਾ ਕਿ ਜਿਸ ਤਰ੍ਹਾਂ ਤੁਹਾਡੇ ਸਰੀਰ ਨੂੰ ਆਰਾਮ ਪਹੁੰਚੇ ਤੇ ਸੁਵਿਧਾ ਹੋਵੇ ਓਸੇ ਤਰ੍ਹਾਂ ਹੀ ਕਰੋ। ਜਨੇਊ ਪਾਉਣਾ, ਵਰਤ ਰੱਖਣੇ, ਮਰੇ 'ਤੇ ਸਿਰ ਮੁਨਾਉਣਾ, ਸਰਾਧ ਕਰਨੇ ਤੇ ਹੋਰ ਕਰਮ-ਕਾਂਡ ਕਰਨੇ, ਏਥੋਂ ਤੱਕ ਕਿ ਤੀਰਥਾਂ 'ਤੇ ਜਾਣਾ ਆਦਿ ਵੀ ਸਿੱਖ ਧਰਮ ਵਿਚ ਕੋਈ ਮਹੱਤਵ ਨਹੀਂ ਸਨ ਰੱਖਦੇ। ਸਦੀਆਂ ਤੋਂ ਬ੍ਰਾਹਮਣ ਦੇ ਕਰਮਕਾਂਡਾਂ ਦੇ ਸਤਾਏ ਹੋਏ ਖੱਤਰੀਆਂ ਨੂੰ ਸਿੱਖ

ਧਰਮ ਵਿਚ ਆ ਕੇ ਬਹੁਤ ਰਾਹਤ ਮਹਿਸੂਸ ਹੋਈ। ਦੂਜੀ ਗੱਲ ਇਹ ਸੀ ਕਿ ਖੱਤਰੀ ਕਿਸੇ ਵੀ ਰੂਪ ਵਿਚ ਸਿੱਖ ਧਰਮ ਵਿਚ ਆ ਸਕਦੇ ਸਨ। ਇਸ ਤਰ੍ਹਾਂ ਸਿੱਖੀ ਵਿਚ ਆਉਣਾ ਉਹਨਾਂ ਨੂੰ ਖਰਮ ਪਰਿਵਰਤਨ ਵੀ ਨਹੀਂ ਸੀ ਲਗਦਾ। ਸੋ ਇਹ ਕੰਮ ਸਹਿਜ ਸੁਭਾਅ ਹੀ ਹੁੰਦਾ ਗਿਆ।

ਪਰ ਇਕ ਸਮਾਂ ਆਇਆ ਜਦੋਂ ਇਹੋ ਹਿੰਦੂ ਖੱਤਰੀ ਛਾਲ ਮਾਰ ਕੇ ਸਿੱਖੀ ਵਿਚੋਂ ਬਾਹਰ ਹੋ ਗਏ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੀਰੀ ਤੇ ਪੀਰੀ ਦੀਆਂ ਦੋ ਕਿਰ..ਾਂ ਪਹਿਨੀਆਂ ਤਾਂ ਹਿੰਦੂਆਂ ਦਾ ਮੱਥਾ ਠਣਕਿਆ ਕਿਉਂਕਿ ਪੰਜਵੇਂ ਗੁਰੂ ਤੱਕ ਤਾਂ ਗੁਰੂ ਜੀ ਆਪ ਵਪਾਰ ਕਰਨ ਦੇ ਤਰੀਕੇ ਸਮਝਾਉਂਦੇ ਰਹੇ ਸਨ ਤੇ ਉਹਨਾਂ ਨੇ ਸਿੱਖਾਂ ਦੀ ਆਰਥਕ ਉੱਨਤੀ ਲਈ ਅਮ੍ਰਿਤਸਰ ਸ਼ਹਿਰ ਤੇ ਗੋਇੰਦਵਾਲ ਦੋ ਵੱਡੀਆਂ ਮੰਡੀਆਂ ਸਥਾਪਤ ਕਰ ਦਿੱਤੀਆਂ ਸਨ। ਪਰ ਛੇਵੇਂ ਗੁਰੂ ਜੀ ਹਿੰਦੁਸਤਾਨ ਦੇ ਬਾਦਸ਼ਾਹ ਜਹਾਂਗੀਰ ਨਾਲ ਦੋ ਦੋ ਹੱਥ ਕਰਨ ਲਈ ਫੌਜੀ ਤਿਆਰੀ ਕਰ ਰਹੇ ਸਨ। ਖੱਤਰੀ ਲੋਕ ਸ਼ੁਰੂ ਤੋਂ ਹੀ ਹਕੂਮਤ ਦੇ ਨੇੜੇ ਰਹੇ ਸਨ ਤੇ ਕਿੱਤੇ ਵਜੋਂ ਵਪਾਰੀ ਸਨ ਤੇ ਪੂਰੀ ਤਰ੍ਹਾ ਸਮਝ ਰਹੇ ਸਨ ਕਿ ਛੇਵੇਂ ਗੁਰੂ ਜੀ ਦਾ ਮੁ.ਗ਼ਲ ਬਾਦਸ਼ਾਹਾਂ ਨਾਲ ਟਕਰਾ ਤਬਾਹੀ ਅਤੇ ਬਰਬਾਦੀ ਹੀ ਲਿਆਵੇਗਾ, ਇਸ ਲਈ ਜਿੰਨਾ ਵੀ ਇਸ ਤੋਂ ਦੂਰ ਰਿਹਾ ਜਾਵੇ, ਓਨਾਂ ਹੀ ਚੰਗਾ ਹੈ। ਇਸ ਖ਼ਿਆਲ ਨਾਲ ਉਨ੍ਹਾਂ ਨੇ ਹੌਲੀ-ਹੌਲੀ ਪੈਰ ਪਿੱਛੇ ਖਿਸਕਾਉਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾ ਸਿੱਖੀ ਧਾਰਨ ਕਰਨ ਵਿਚ ਜੋ ਮੋਹਰੀ ਸਨ, ਛੱਡਣ ਵਿਚ ਵੀ ਮੋਹਰੀ ਹੋ ਗਏ। ਜੇ ਛੇਵੇਂ ਗੁਰੂ ਜੀ ਸਿੱਖੀ ਵਿਚ ਰਾਜਨੀਤੀ ਨੂੰ ਸ਼ਾਮਲ ਨਾ ਕਰਦੇ ਤਾਂ ਖੱਤਰੀ ਅਜੇ ਹੋਰ ਕਾਫੀ ਚਿਰ ਸਿੱਖੀ ਵਿਚ ਰਹਿੰਦੇ। ਕਿਉਂਕਿ ਘੁੰਗਣੀਆਂ ਵੇਚਣ ਤੇ ਲੂਣ-ਤੇਲ ਦੀ ਹੱਟੀ ਕਰਨ ਵਾਲੇ ਘੋੜਿਆਂ ਦੇ ਵਪ ਹੀ ਬਣ ਚੁੱਕੇ ਸਨ। ਇਹਨਾਂ ਦਾ ਵਪਾਰ ਦੂਜੇ ਦੇਸ਼ਾਂ ਤੱਕ ਜਾ ਪਹੁੰਚਿਆ ਸੀ।

ਇਕ ਵੱਡਾ ਧੱਕਾ ਖੱਤਰੀਆਂ ਵਿਚੋਂ ਸਿੱਖ ਬਣੇ ਖੱਤਰੀਆਂ ਨੂੰ ਇਹ ਵੀ ਲੱਗਾ ਕਿ ਜਦੋਂ ਬਾਦਸ਼ਾਹ ਜਹਾਂਗੀਰ ਦਾ ਬਾਗੀ ਪੁੱਤ ਖੁਸਰੋ ਗੁਰੂ ਜੀ ਦੀ ਪਨਾਹ ਹਾਸਲ ਕਰਨ ਆਇਆ ਤੇ ਨਤੀਜੇ ਵਜੋਂ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਤਾਂ ਖੱਤਰੀਆਂ ਵਿਚੋਂ ਹੀ ਇਕ ਕੱਟੜ ਦੀਵਾਨ ਚੰਦੂ ਨੇ ਗੁਰੂ ਜੀ ਦੀ ਸਹਾਇਤਾ ਤਾਂ ਕੀ ਕਰਨੀ ਸੀਂ ਸਗੋਂ ਉਲਟਾ ਉਹਨਾਂ ਦੇ ਭਰਾ ਪ੍ਰਿਥੀ ਚੰਦ ਦੀ ਮਦਦ ਕਰਨ ਲੱਗ ਪਿਆ, ਜਿਸਨੂੰ ਉਹਨਾਂ ਦੇ ਪਿਤਾ ਅਤੇ ਚੱਥ ਗੁਰੂ ਜੀ ਨੇ ਮੀਣਾ ਕਿਹਾ ਸੀ ਤੇ ਸਿੱਖਾਂ ਨੂੰ ਉਸ ਨਾਲੋਂ ਸੰਬੰਧ ਤੋੜ ਲੈਣ ਲਈ ਕਿਹਾ ਸੀ। ਇਸ ਤਰ੍ਹਾਂ ਗੁਰੂ ਘਰ ਵਿਚ ਵੀ ਆਮ ਘਰਾਂ ਵਾਂਗ ਸ਼ਰੀਕਾ ਬਣ ਗਿਆ। ਕਹਿੰਦੇ ਹਨ ਕਿ ਚੰਦੂ ਨੇ ਇਕ ਵਾਰ ਤਾਂ ਹਰਿਮੰਦਰ ਸਾਹਿਬ ਦਾ ਕਬਜਾ ਵੀ ਮੀਣੇ ਪ੍ਰਿਥੀਏ ਨੂੰ ਦਿਵਾ ਦਿੱਤਾ ਸੀ। ਕੁਝ ਹੋਰ ਗੱਲਾਂ ਕਰਕੇ ਵੀ ਗੁਰੂ ਘਰ ਦਿੱਲੀ ਦਰਬਾਰ ਦੀਆਂ ਅੱਖਾਂ ਵਿਚ ਰੜਕਣ ਲੱਗ ਪਿਆ ਸੀ। ਇਹਨਾਂ ਘਟਨਾਵਾਂ ਤੋਂ ਬਾਅਦ ਤਾਂ ਸਿੱਖ ਗੁਰੂਆਂ ਨੂੰ ਦਿੱਲੀ ਦਰਬਾਰ ਵੱਲੋਂ ਕੋਈ ਨਾ ਕੋਈ ਪੇਸ਼ੀ ਦਾ ਸੰਮਣ ਆਇਆ ਹੀ ਰਹਿੰਦਾ ਸੀ। ਰਾਮ ਰਾਏ ਨੇ ਗੁਰਬਾਣੀ ਦੇ ਅਰਥ ਪਲਟਾ ਕੇ ਬਾਦਸ਼ਾਹ ਨੂੰ ਸੁਣਾਏ ਤਾਂ ਉਸ ਨੂੰ ਗੁਰਿਆਈ ਤੋਂ ਹੱਥ ਧੋਣੇ ਪੈ ਗਏ ਪਰ ਓਧਰ ਹਕੂਮਤ ਨੇ ਉਸਨੂੰ ਮਾਲਾਮਾਲ ਕਰ ਦਿੱਤਾ। ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ, ਜਿਹਨਾਂ ਦੀ ਉਮਰ ਅਜੇ ਸਿਰਫ ਅੱਠ ਸਾਲ ਦੀ ਹੀ ਸੀ, ਨੂੰ ਵੀ ਦਿੱਲੀ ਦਰਬਾਰ ਵੱਲੋਂ ਸੰਮਣ ਭੇਜੇ ਗਏ। ਨੌਵੇਂ ਗੁਰੂ ਜੀ 'ਤੇ ਬਗਾਵਤ ਦਾ ਇਲਜ਼ਾਮ ਕੇ ਉਹਨਾਂ ਨੂੰ ਤਿੰਨ ਹੋਰ ਸਿੱਖਾਂ ਸਮੇਤ ਦਿੱਲੀ ਵਿਚ ਸ਼ਹੀਦ ਕਰ ਦਿੱਤਾ ਗਿਆ। ਇਹਨਾਂ ਤਿੰਨਾਂ ਸਿੱਖਾਂ ਵਿਚ ਦੋ ਬ੍ਰਾਹਮਣ ਮੂਲ ਦੇ ਸਿੱਖ ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਜੀ ਵੀ ਸਨ। ਭਾਈ

ਸਤੀ ਦਾਸ ਜੀ ਦੀ ਔਲਾਦ ਵਿਚੋਂ ਪੰਜਾਬ ਦਾ ਰਹਿ ਚੁੱਕਾ ਗਵਰਨਰ (ਜਨਰਲ ਛਿੱਬਰ) ਅੱਜ ਸਿੱਖੀ ਦਾ ਕੱਟੜ ਵਿਰੋਧੀ ਹੈ ਤੇ ਉਸ ਦੇ ਗਵਰਨਰ ਹੁੰਦਿਆਂ, ਉਸਦੇ ਹੁਕਮ ਨਾਲ, ਜਿੰਨਾ ਸਿੱਖ ਨੌਜਵਾਨ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਿਆ ਗਿਆ ਹੈ, ਓਨਾਂ ਪਹਿਲੇ ਗਵਰਨਰਾਂ ਦੇ ਰਾਜ ਵੇਲੇ ਨਹੀਂ ਮਰਿਆ। ਏਸੇ ਤਰ੍ਹਾਂ ਹੀ ਭਾਈ ਮਤੀ ਦਾਸ ਜੀ ਦਾ ਪਰਿਵਾਰ ਕੱਟੜ ਆਰੀਆ ਸਮਾਜੀ ਹੈ, ਜੋ ਸਿੱਖ ਧਰਮ ਦਾ ਵੀ ਕੱਟੜ ਦੁਸ਼ਮਣ ਹੈ। ਉਹਨਾਂ ਵਿਚੋਂ ਹੀ ਪਰਮਾਨੰਦ ਤੇ ਬਾਲਮੁਕੰਦ ਨਾਂਅ ਦੇ ਦੋ ਆਰੀਆ ਸਮਾਜੀ ਲੀਡਰ ਹੋਏ ਹਨ, ਜਿਹੜੇ ਸਿੱਖੀ ਦਾ ਵਿਰੋਧ ਕਰਨ ਲਈ ਹਰ ਹੀਲਾ ਵਸੀਲਾ ਵਰਤਦੇ ਰਹੇ ਹਨ। ਇਸ ਤਰ੍ਹਾਂ ਸਿੱਖੀ ਤੇ ਸਰਕਾਰ ਵਿਚ ਦਿਨ-ਬ-ਦਿਨ ਟਕਰਾਅ ਵਧਦਾ ਗਿਆ ਤੇ ਖੱਤਰੀਆਂ ਦਾ ਸਿੱਖੀ ਵਿਚ ਦਮ ਘੁਟਦਾ ਗਿਆ।

1699 ਈਸਵੀ ਨੂੰ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜ ਕੇ ਮਸੰਦ ਪ੍ਰਣਾਲੀ ਦਾ ਵੀ ਭੋਗ ਪਾ ਦਿੱਤਾ ਤੇ ਐਲਾਨ ਕਰ ਦਿੱਤਾ ਕਿ ਸਿੱਖ ਹੁਣ ਖਾਲਸੇ ਹੋ ਗਏ ਹਨ। 'ਖਾਲਸ' ਫਾਰਸੀ ਦਾ ਸ਼ਬਦ ਹੈ, ਜਿਸਦਾ ਅਰਥ ਹੈ ਸਿੱਧਾ ਟੈਕਸ। ਗੁਰੂ ਜੀ ਨੇ ਮੁਗ਼ਲਾਂ ਨਾਲ ਚੱਲ ਰਹੇ ਟਕਰਾਅ ਅੱਗੇ ਝੁਕਣ ਦੀ ਥਾਂ ਸਗੋਂ ਸਿੱਖਾਂ ਨੂੰ ਹੁਕਮ ਦਿੱਤਾ ਕਿ ਉਹ ਵੀ ਸ਼ਾਹੀ ਲਿਬਾਸ ਪਹਿਨਣਗੇ, ਘੋੜੇ ਤੇ ਸ਼ਸ਼ਤਰ ਰੱਖਣਗੇ, ਹਲਾਲੀ ਨਹੀਂ ਖਾਣਗੇ ਤੇ ਗੱਲ ਕੀ, ਉਹ ਸਭ ਕੰਮ ਕਰਨਗੇ, ਜੋ ਅਜ਼ਾਦ ਕੌਮ ਦੇ ਲੋਕ ਕਰਦੇ ਹਨ। ਇਸਤੋਂ ਪਹਿਲਾਂ ਨਾ ਤਾਂ ਗੈਰ-ਮੁਸਲਮਾਨ ਘੋੜੇ ਦੀ ਸਵਾਰੀ ਕਰ ਸਕਦਾ ਸੀ ਨਾ ਪੱਗ ਬੰਨ੍ਹ ਸਕਦਾ ਸੀ ਨਾ ਸ਼ਸ਼ਤਰ ਰੱਖ ਸਕਦਾ ਸੀ ਤੇ ਨਾ ਹੀ ਹਲਾਲੀ ਤੋਂ ਬਿਨਾਂ ਕਿਸੇ ਹੋਰ ਤਰੀਕੇ ਨਾਲ ਬਣਾਇਆ ਹੋਇਆ ਮਾਸ ਹੀ ਖਾ ਸਕਦਾ ਸੀ। ਗੁਰੂ ਜੀ ਨੇ ਫੌਜ ਰੱਖੀ, ਕਿਲ੍ਹੇ ਬਣਵਾਏ, ਲੜਾਈਆਂ ਲੜੀਆਂ ਤੇ ਜਿੱਤੀਆਂ ਵੀ। ਬਾਅਦ ਵਿਚ ਜਦੋਂ ਗੁਰੂ ਜੀ ਕੋਟਕਪੂਰੇ ਠਹਿਰੇ ਹੋਏ ਸਨ ਤਾਂ ਲਾਹੌਰ ਤੋਂ ਸਹਿਜਧਾਰੀ ਖੱਤਰੀ ਸਿੱਖ ਇਕੱਠੇ ਹੋ ਕੇ ਆਏ ਤੇ ਗੁਰੂ ਜੀ ਨੂੰ ਕਿਹਾ ਕਿ ਅਸੀਂ ਤੁਹਾਡੀ ਮੁਗ਼ਲ ਬਾਦਸ਼ਾਹ ਨਾਲ ਸੁਲ੍ਹਾ ਕਰਵਾ ਦੇਂਦੇ ਹਾਂ। ਗੁਰੂ ਜੀ ਨੇ ਉਹਨਾਂ 'ਤੇ ਵਿਅੰਗ ਕੱਸਿਆ ਤੇ ਕਿਹਾ-"ਵੇਖੋ, ਇਕ ਪਾਸੇ ਤਾਂ ਇਹ ਮੈਨੂੰ ਗੁਰੂ ਕਹਿ ਕੇ ਸੰਬੋਧਨ ਕਰ ਰਹੇ ਹਨ ਤੇ ਦੂਜੇ ਪਾਸੇ ਮੈਨੂੰ ਉਪਦੇਸ਼ ਦੇ ਰਹੇ ਹਨ। ਮੱਤ ਇਹਨਾਂ ਨੇ ਮੇਰੇ ਕੋਲੋਂ ਲੈਣੀ ਹੈ ਜਾਂ ਇਹਨਾਂ ਨੇ ਮੈਨੂੰ ਮੱਤ ਦੇਣੀ ਹੈ? ਹੋਈ ਕਿ ਨਾ 'ਉਲਟੇ ਬਾਂਸ ਬਰੇਲੀ ਨੂੰ' ਵਾਲੀ ਗੱਲ।" ਗੁਰੂ ਜੀ ਦਾ ਇਹ ਸਪਸ਼ਟ ਉੱਤਰ ਸੁਣ ਕੇ ਉਹ ਵਾਪਸ ਤਾਂ ਆ ਗਏ ਪਰ ਰਤਨ ਸਿੰਘ ਭੰਗੂ ਅਨੁਸਾਰ ਖੱਤਰੀਆਂ ਨੇ ਖਾਲਸੇ ਨੂੰ 'ਮਰੇਲਾ ਗੁਰੂ' ਯਾਨੀ ਲੜਾਕੂ ਗੁਰੂ ਦੇ ਸਿੱਖ ਕਹਿ ਕੇ ਚਿੜਾਉਣਾ ਸ਼ੁਰੂ ਕਰ ਦਿੱਤਾ। ਅੱਜ ਕਲ ਵੀ ਦਿੱਲੀ ਵਿਚ ਕਈ ਭਾਪੇ ਸਿੱਖ ਦਸਵੇਂ ਗੁਰੂ ਜੀ ਨੂੰ ਅੰਗਰੇਜ਼ੀ ਵਿਚ 'ਐਂਗਰੀ ਯੰਗ ਮੈਨ' ਕਹਿ ਕੇ ਦੰਦੀਆਂ ਕੱਢ ਕੇ ਹੱਸਦੇ ਹਨ। ਇਹ ਗਲ ਹੁਣ ਏਥੋਂ ਤਕ ਜਾ ਪਹੁੰਚੀ ਹੈ ਕਿ ਸ਼ਹਿਰੀ ਸਿੱਖ ਚੋਣ ਜਿੱਤਣ ਲਈ ਘੋੜੇ ਦੇ ਨਿਸ਼ਾਨ ਨੂੰ ਗੁਰੂ ਜੀ ਦੇ ਨੀਲੇ ਘੋੜੇ ਦਾ ਨਿਸ਼ਾਨ ਸਮਝ ਕੇ ਮਹਿਸੂਸ ਕਰਦੇ ਹਨ ਕਿ ਇਸ ਨਿਸ਼ਾਨ ਨੂੰ ਹਿੰਦੂ ਵੋਟ ਨਹੀਂ ਪਾਉਣਗੇ ਤੇ ਅਸੀਂ ਹਾਰ ਜਾਵਾਂਗੇ।

1996 ਦੀ ਸ਼੍ਰੋਮਣੀ ਕਮੇਟੀ ਦੀ ਚੋਣ ਵਿਚ ਅਕਾਲੀ ਦਲ (ਮਾਨ) ਨੂੰ ਘੋੜਾ ਚੋਣ ਨਿਸ਼ਾਨ ਮਿਲਿਆ। ਸਟੇਜ 'ਤੇ ਬੋਲਦੇ ਕਈ ਬੁਲਾਰੇ ਆਪਣੇ ਉਮੀਦਵਾਰ ਦੇ ਹੱਕ ਵਿਚ ਕਹਿ ਦੇਂਦੇ-"ਖਾਲਸਾ ਜੀ, ਗੁਰੂ ਜੀ ਦਾ ਨੀਲਾ ਘੋੜਾ ਯਾਦ ਰੱਖਿਓ ਤੇ 'ਘੋੜਾ' ਚੋਣ ਨਿਸ਼ਾਨ 'ਤੇ ਮੋਹਰ ਲਾ ਕੇ ਫਲਾਣਾ ਸਿੰਘ ਜੀ ਨੂੰ ਕਾਮਯਾਬ ਕਰਿਓ।" ਇਕ ਦਿਨ ਮੇਰੇ ਕੋਲ

ਸਟੇਜ 'ਤੇ ਬੈਠੇ ਇਕ ਨੱਬੇ ਕੁ ਸਾਲ ਦਾ ਬਜ਼ੁਰਗ, ਜਿਸਦਾ ਮੈਨੂੰ ਬਾਅਦ ਵਿਚ ਪਤਾ ਲੱਗਾ ਕਿ ਉਹਨਾਂ ਦਾ ਨਾਂਅ ਬਾਪੂ ਕੇਸਰ ਸਿੰਘ ਹੈ, ਆਏ ਤੇ ਕਹਿਣ ਲੱਗੇ,"ਹੁਣ ਕੇ ਆਖੋਗੇ, ਨੀਲੇ ਘੋੜੇ ਨੂੰ ਵੋਟ ਪਾਓ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਵੀ ਨਾਂਅ ਲੈਸੋ ?"

ਮੈਂ ਕਿਹਾ-"ਹਾਂ ਜੀ।"

ਤਾਂ ਉਹ ਕਹਿਣ ਲੱਗੇ-"ਜੇ ਗੁਰੂ ਗੋਬਿੰਦ ਸਿੰਘ ਜੀ ਦਾ ਨਾਂਅ ਲਿਆ ਤੇ ਨੀਲੇ ਘੋੜੇ ਦੀ ਗੱਲ ਕੀਤੀ ਤਾਂ ਇਕ ਵੀ ਸਹਿਜਧਾਰੀ ਵੋਟ ਤੁਹਾਡੇ ਉਮੀਦਵਾਰ ਜਗਜੀਤ ਸਿੰਘ ਗਾਬਾ ਨੂੰ ਨਹੀਂ ਜੇ ਮਿਲਣੀ।"

ਇਹ ਬਜ਼ੁਰਗ ਹਰ ਅਕਾਲੀ ਮੋਰਚੇ ਵਿਚ ਜੇਲ੍ਹ ਜਾਂਦੇ ਰਹੇ ਸਨ। ਪੱਕੇ ਆਕਾਲੀ ਤੇ ਗੁਰੂ ਘਰ ਦੇ ਸ਼ਰਧਾਲੂ ਸਨ ਪਰ ਸਹਿਜਧਾਰੀ ਖੱਤਰੀਆਂ ਵਿਚ ਰਹਿੰਦਿਆਂ ਉਹਨਾਂ ਨੂੰ ਉਹਨਾਂ ਦੀ ਸੋਚ ਦਾ ਪਤਾ ਸੀ। ਏਸੇ ਲਈ ਹੀ ਉਹ ਸਾਨੂੰ ਸੁਚੇਤ ਕਰ ਰਹੇ ਸਨ।

ਇਸ ਤੋਂ ਹੀ ਅੰਦਾਜਾ ਲੱਗਦਾ ਹੈ ਕਿ ਅੱਜ ਸਹਿਜਧਾਰੀ ਸਿੱਖ ਗੁਰੂ ਗੋਬਿੰਦ ਸਿੰਘ ਤੇ ਨੀਲੇ ਘੋੜੇ ਦਾ ਨਾਂਅ ਸੁਣ ਕੇ ਵੀ ਰਾਜੀ ਨਹੀਂ।

ਕਵੀ ਸੈਨਾਪਤੀ ਕਰਤਾ 'ਸ੍ਰੀ ਗੁਰੂ ਸੋਭਾ' ਲਿਖਦਾ ਹੈ ਕਿ ਦਿੱਲੀ ਦੇ ਕੁਝ ਖੱਤਰੀ ਤੇ ਬ੍ਰਾਹਮਣ ਸਿੱਖਾਂ ਨੇ ਖਾਲਸਿਆਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਏਥੋਂ ਤੱਕ ਕਿ ਖਾਲਸਿਆਂ ਦੀਆਂ ਦੁਕਾਨਾਂ ਬੰਦ ਕਰਵਾਈਆਂ ਤੇ ਉਨ੍ਹਾਂ ਦਾ ਬਾਈਕਾਟ ਕੀਤਾ। ਸਰਕਾਰ ਦੀ ਮਨਾਹੀ ਦੇ ਬਾਵਜੂਦ ਹਥਿਆਰ ਰੱਖਣੇ, ਉਹਨਾਂ ਨੂੰ ਨਿਰੀ ਮੌਤ ਨੂੰ 'ਵਾਜਾਂ ਮਾਰਨ ਵਰਗੀ ਗੱਲ ਲੱਗੀ। ਕਿਉਂਕਿ ਉਹ ਹੁਣ ਸਿੱਖੀ ਵਿਚੋਂ ਵੀ ਪੈਰ ਪਿਛਾਂਹ ਖਿਸਕਾਉਣਾ ਚਾਹੁੰਦੇ ਸਨ, ਇਸ ਲਈ ਉਹਨਾਂ ਨੇ ਇਹ ਬਹਾਨਾ ਲੱਭ ਲਿਆ ਕਿ ਪਿਓ ਮਰਨ 'ਤੇ ਵੀ ਬੰਦਾ ਕਿਵੇਂ ਸਿਰ ਨਾ ਮਨਾਵੇ, ਸਾਨੂੰ ਸਿੱਖ ਧਰਮ ਦੀ ਇਹ ਗੱਲ ਜੱਚਦੀ ਨਹੀਂ। ਹਿੰਦੂ ਸੰਸਕਾਰਾਂ ਨੂੰ ਅਸੀਂ ਕਿਵੇਂ ਛੱਡ ਦੇਈਏ। ਗੁਰੂ ਜੀ ਤਾਂ ਕਹਿੰਦੇ ਹਨ ਕਿ ਅਸਥ ਵੀ ਹਰਦੁਆਰ ਗੰਗਾ ਜੀ ਵਿਚ ਨਾ ਪਾਓ। ਭਲਾ ਇਸ ਤਰ੍ਹਾਂ ਸਾਡੇ ਵਡੇਰਿਆਂ ਦੀ ਗਤੀ ਕਿਵੇਂ ਹੋਵੇਗੀ? ਇਹ ਬਿਲਕੁਲ ਉਸ ਤਰ੍ਹਾਂ ਦੀ ਗੱਲ ਸੀ, ਜਿਵੇਂ ਕਿਸੇ ਪਿੰਡ ਵਿਚ ਇਕ ਬੰਦਾ ਵਿਆਹ ਵਿਚ ਨਿਉਂਦਾ ਨਹੀਂ ਸੀ ਪਾਉਣਾ ਚਾਹੁੰਦਾ। ਉਹ ਵਿਆਹ ਵਾਲੇ ਘਰ ਗਿਆ ਤੇ ਛੱਤ ਥੱਲੇ ਗੱਡੀ ਹੋਈ ਥੰਮ੍ਹੀ ਨਾਲ ਢੋਅ ਲਾ ਕੇ ਬਹਿ ਗਿਆ। ਹਨੇਰਾ ਹੋਣ ਕਰਕੇ ਘਰ ਵਾਲੇ ਕੋਲੋਂ ਪਛਾਣਿਆਂ ਨਾ ਗਿਆ ਤੇ ਓਹਨੇ ਕਿਹਾ-"ਆਹ ਕਿਹੜਾ ਬੈਠਾ ਹੈ ਬਈ?"

ਬਸ ਏਸੇ ਗੱਲ ਤੋਂ ਹੀ ਉਹ ਬੰਦਾ ਉੱਠ ਕੇ ਦਰਵਾਜਿਓਂ ਬਾਹਰ ਤੁਰਿਆ ਜਾਂਦਾ ਆਖੀ ਜਾਵੇ-"ਲਓ ਸੁਣ ਲਓ ਭਾਊ ਦੀ ਗੱਲ ਹੁਣ ਅਸੀਂ ਕਿਹੜੇ ਹੋ ਗਏ ! ਚੰਗਾ ਫਿਰ ਕਿਹੜੇ ਤੇ ਕਿਹੜੇ ਈ ਸਹੀ।" ਤੇ ਇਸ ਤਰ੍ਹਾਂ ਉਹ ਨਿਉਂਦਾ ਪਾਏ ਬਗੈਰ ਹੀ ਦਰਵਾਜਿਓਂ ਬਾਹਰ ਚਲਾ ਗਿਆ।

ਹਿੰਦੂ ਖੱਤਰੀਆਂ ਨੇ ਵੀ ਏਸੇ ਤਰ੍ਹਾਂ ਹੀ ਕੀਤੀ। ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗ਼ਲਾਂ ਨਾਲ ਫਸਵੀਂ ਟੱਕਰ ਲਈ ਤਾਂ ਉਸ ਵੇਲੇ ਤੱਕ ਕਾਫੀ ਖੱਤਰੀ ਸਿੱਖ ਸਿੱਖੀ ਤਿਆਗ ਚੁੱਕੇ ਸਨ। ਸੱਯਦ ਮੁਹੰਮਦ ਲਤੀਫ਼ ਤੇ ਹੋਰ ਇਤਿਹਾਸਕਾਰਾਂ ਦੀਆਂ ਲਿਖਤਾਂ ਤੋਂ ਪਤਾ ਲੱਗਦਾ ਹੈ ਕਿ ਉਸ ਵੇਲੇ ਤੱਕ ਸ਼ੂਦਰ ਅਤੇ ਦੱਬੀਆਂ-ਕੁਚਲੀਆਂ ਹੋਰ ਜਾਤਾਂ ਦੇ ਲੋਕਾਂ ਤੋਂ ਬਣੇ ਹੋਏ ਸਿੱਖ ਹੀ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਸਨ। ਪਰ ਇਸ ਦਾ ਇਹ ਮਤਲਬ ਨਹੀਂ ਕਿ ਸਾਰੇ ਖੱਤਰੀ ਸਿੱਖ ਹੀ ਸਿੱਖੀ

ਤਿਆਗ ਗਏ ਸਨ। ਸਿੱਦਕਵਾਨ ਸਿੱਖ ਤਾਂ ਅਜੇ ਵੀ ਸਿੱਖੀ ਵਿਚ ਮੌਜੂਦ ਹਨ ਪਰ ਇਹ ਗਿਣਤੀ ਕੁਲ ਸਿੱਖਾਂ ਦੀ ਗਿਣਤੀ ਦੇ ਦੋ ਫੀਸਦੀ ਤੋਂ ਵੱਧ ਨਹੀਂ।

ਸਿੱਖੀ ਨੂੰ ਇਕ ਧੱਕਾ ਹੋਰ ਓਦੋਂ ਲੱਗਾ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖ ਦਿੱਤੇ ਗਏ ਤੇ ਸਿੱਖਾਂ ਦੇ ਸਿਰਾਂ ਦੇ ਮਿਨਾਰ ਚਿਣੇ ਜਾਣ ਲੱਗੇ। ਫੇਰ ਤਾਂ ਕੋਈ ਵਿਰਲਾ ਹੀ ਦੁਕਾਨਦਾਰ ਸਿੱਖ ਬਚਿਆ ਹੋਵੇਗਾ। ਸਿੱਖ ਜਾਂ ਤਾਂ ਨੱਸ ਕੇ ਜੰਗਲਾਂ ਵਿਚ ਜਾ ਛੁੱਪੇ ਤੇ ਜਾਂ ਸਿਰ ਮੁਨਾ ਕੇ ਪਹਿਲਾਂ ਵਰਗੇ ਹੀ ਹੋ ਗਏ। ਅਲਬਰੂਨੀ ਦੀ 'ਕਿਤਾਬ-ਉਲ-ਹਿੰਦ' ਅਨੁਸਾਰ ਬਾਦਸ਼ਾਹ ਨੇ ਇਹ ਹੁਕਮ ਕਰ ਦਿੱਤਾ ਕਿ ਸਾਰੀ ਜਨਤਾ ਹਜਾਮਤ ਕਰਵਾ ਲਵੇ ਤਾਂ ਕਿ ਸਿੱਖ ਪਛਾਣੇ ਜਾ ਸਕਣ। ਇਸ ਹੁਕਮ ਤੋਂ ਬਾਅਦ ਤਾਂ ਨਾਈਆਂ ਦੀ ਚਾਂਦੀ ਹੋ ਗਈ। ਹੁਣ ਤਾਂ ਸਿੱਖਾਂ ਕੋਲ ਇਕ ਹੀ ਚਾਰਾ ਸੀ ਜਾਂ ਸਿਰ ਮੁਨਾਓ ਜਾਂ ਫਿਰ ਭਗੌੜੇ ਹੋ ਕੇ ਜੱਥਿਆਂ ਨਾਲ ਜਾ ਰਲੋ। ਸਰਕਾਰੀ ਮੁਲਾਜਮ, ਵਪਾਰੀਆਂ ਤੇ ਹੋਰ ਸ਼ਹਿਰੀਆਂ ਨੇ ਤਾਂ ਬਗੈਰ ਕਿਸੇ ਹੀਲ-ਹੁੱਜਤ ਤੋਂ ਸਿਰ ਮੁਨਾ ਲਿਆ ਤੇ ਦੂਜੇ 'ਨੰਗਾ ਪੁੱਤ ਚੋਰਾਂ ਵਿਚ ਖੇਡੇ' ਵਾਂਗ ਜੱਥਿਆਂ ਨਾਲ ਰਲ ਕੇ ਸ਼ਾਹੀ ਖਜਾਨੇ ਲੁੱਟਣ ਲੱਗੇ। ਰਹੀ ਪੇਂਡੂ ਸਿੱਖਾਂ ਦੀ ਗੱਲ, ਤਾਂ ਉਹਨਾਂ ਨੂੰ ਕਿਹੜਾ ਦੁਕਾਨਾਂ ਖੁੱਸਣ ਤੇ ਵਪਾਰ ਤਬਾਹ ਹੋਣ ਦਾ ਖ਼ਤਰਾ ਸੀ? ਇਸ ਤਰ੍ਹਾਂ ਸਿੱਖਾਂ ਦੇ ਦੋ ਧੜੇ ਜਹੇ ਕਾਇਮ ਹੋ ਗਏ ਜੋ ਅਜੇ ਤੱਕ ਮੌਜੂਦ ਹਨ।

ਉਹਨਾਂ ਦਿਨਾਂ ਵਿਚ ਹੀ ਲੱਖਪਤ ਰਾਏ ਤੇ ਜਸਪੱਤ ਰਾਏ ਦੋ ਖੱਤਰੀ ਭਰਾਵਾਂ ਨੇ ਸਹੁੰ ਖਾ ਲਈ ਕਿ ਅਸਾਂ ਸਿੱਖਾਂ ਦਾ ਖੁਰਾਖੋਜ ਮਿਟਾ ਕੇ ਹੀ ਹਟਣਾ ਹੈ। ਉਹਨਾਂ ਨੇ ਐਲਾਨ ਕੀਤਾ ਕਿ ਇਕ ਖੱਤਰੀ ਨਾਨਕ ਨੇ ਸਿੱਖੀ ਦਾ ਮੁੱਢ ਬੱਧਾ ਸੀ ਤੇ ਦੂਸਰਾ ਖੱਤਰੀ ਲੱਖਪਤ ਇਸਦੀ ਜੜ੍ਹ ਉਖਾੜੇਗਾ। ਜੰਗਲ ਵਿਚ ਰਹਿੰਦੇ ਸਿੱਖਾਂ ਨੇ ਗੁਰੂ ਦਾ ਵਾਸਤਾ ਵੀ ਦਿੱਤਾ ਪਰ ਉਹਨਾਂ ਨੂੰ ਕੋਈ ਫਰਕ ਨਾ ਪਿਆ। ਕਹਿੰਦੇ ਹਨ ਪਹਿਲਾਂ ਇਹ ਦੋਵੇਂ ਭਰਾ ਵੀ ਸਿੰਘ ਸੱਜੇ ਹੋਏ ਸਨ ਪਰ ਮੌਜੂਦਾ ਸੰਘਰਸ਼ ਵਿਚ ਖਾੜਕੂਆਂ ਵਿਚੋਂ 'ਪੁਲਿਸ ਕੈਟ' ਬਣਨ ਵਾਂਗ ਇਹ ਸਰਕਾਰੀ ਹੱਥਾਂ ਵਿਚ ਚਲੇ ਗਏ ਤੇ ਆਪਣੇ ਹੀ ਭਰਾਵਾਂ ਦੇ ਦੁਸ਼ਮਣ ਬਣ ਗਏ। ਇਹਨਾਂ ਦਿਨਾਂ ਵਿਚ ਹੀ ਸ਼ਬਦ 'ਗੁੜ' ਕਹਿਣ 'ਤੇ ਪਾਬੰਦੀ ਲੱਗ ਗਈ ਸੀ ਕਿਉਂਕਿ ਇਸ ਉਚਾਰਨ ਨਾਲ 'ਗੁਰ' ਦਾ ਭੁਲੇਖਾ ਪੈਂਦਾ ਸੀ। ਤਾਂ ਹੀ ਲੋਕ ਗੁੜ ਨੂੰ ਭੇਲੀ ਜਾਂ ਰੋੜੀ ਕਹਿਣ ਲੱਗ ਪਏ ਸਨ। ਪਰ ਦੀਵਾਨ ਕੌੜਾ ਮੱਲ ਵਰਗੇ ਖੱਤਰੀ ਵੀ ਹੋਏ ਹਨ, ਜਿਹੜੇ ਸਰਕਾਰੀ ਅਹਿਲਕਾਰ ਹੁੰਦਿਆਂ ਹੋਇਆਂ ਵੀ ਸਿੱਖਾਂ ਦੇ ਹਿਮਾਇਤੀ ਸਨ। ਸਿੱਖਾਂ ਦੀ ਹਿਮਾਇਤ ਕਾਰਨ ਹੀ ਦੀਵਾਨ ਕੌੜਾ ਮੱਲ ਨੂੰ ਵੀ ਸ਼ਹੀਦ ਹੋਣਾ ਪਿਆ ਸੀ। ਖੱਤਰੀ ਆਪਣੇ ਆਪ ਨੂੰ ਬੜੇ ਜ਼ੋਰਾਂ ਵਿਚ ਹਿੰਦੂ ਸਾਬਤ ਕਰਨ 'ਤੇ ਲੱਗੇ ਹੋਏ ਸਨ। ਜਿਵੇਂ ਅੱਜਕਲ੍ਹ ਅਕਾਲੀ ਆਪਣੇ ਆਪ ਨੂੰ ਦੇਸ਼ਭਗਤ ਸਾਬਤ ਕਰਨ ਵਿਚ ਲੱਗੇ ਹੋਏ ਹਨ। ਪੰਜਾਹ-ਸੱਠ ਸਾਲਾਂ ਵਿਚ ਉਹਨਾਂ ਨੇ ਸਰਕਾਰ ਨੂੰ ਯਕੀਨ ਦੁਆ ਦਿੱਤਾ ਕਿ ਉਹ ਸਿੱਖਾਂ ਨਾਲੋਂ ਬਿਲਕੁਲ ਅਲੱਗ ਹਨ। ਏਥੋਂ ਤੱਕ ਕਿ ਜਿਸ ਖੱਤਰੀ ਦੇ ਚਾਰ ਪੁੱਤ ਹੁੰਦੇ ਜੇ ਕੋਈ ਉਸ ਨੂੰ ਪੁੱਛਦਾ, ਕਿ ਲਾਲਾ ਜੀ ਸੁੱਖ ਨਾਲ ਕਿੰਨੇ ਪੁੱਤ ਹਨ ਤੁਹਾਡੇ? ਤਾਂ ਉਹ ਕਹਿੰਦਾ-"ਜੀ ਚਾਰ ਸਨ, ਇਕ ਪਿਛਲੇ ਸਾਲ ਗੁਜਰ ਗਿਆ ਸੀ, ਇਕ ਸਿੱਖ ਬਣ ਗਿਆ ਹੈ, ਦੋ ਅਜੇ ਜੀਂਦੇ ਹਨ।" ਅਰਥਾਤ ਉਹ ਜੀਂਦੇ ਸਿੱਖ ਪੁੱਤ ਨੂੰ ਵੀ ਮਰੇ ਹੋਏ ਪੁੱਤ ਨਾਲ ਹੀ ਗਿਣਦਾ ਸੀ। ਉਹਨਾਂ ਦਿਨਾਂ ਵਿਚ ਪੁੱਤ ਦਾ ਮਰ ਜਾਣਾ ਜਾਂ ਸਿੱਖ ਹੋ ਜਾਣਾ ਇਕ ਬਰਾਬਰ ਸੀ ਤੇ ਇਸ ਦੇ ਪਿੱਛੇ ਹਕੂਮਤ ਦੇ ਡਰ ਦੀ ਭਾਵਨਾ ਸੀ। ਖੱਤਰੀਆਂ ਵਿਚ ਪਏ ਇਸ ਮੋੜੇ ਨੂੰ ਵੇਖ ਕੇ ਤੇ ਹਾਲਾਤ ਸਾਜ਼ਗਾਰ ਵੇਖ ਕੇ, ਪਹਾੜਾਂ ਤੋਂ ਡੋਗਰੇ

ਬ੍ਰਾਹਮਣ ਉੱਤਰ ਆਏ ਤੇ ਨਵੇਂ ਬਣੇ ਪੰਜਾਬੀ ਹਿੰਦੂਆਂ ਨੂੰ ਪੁਰਾਣੀਆਂ ਕਥਾਵਾਂ ਤੇ ਸ਼ੇਰਾਂ ਵਾਲੀ ਮਾਤਾ ਦੀਆਂ ਭੇਟਾ ਗਾ ਕੇ, ਜਗਰਾਤੇ ਕਰ ਕੇ ਤੇ ਰਾਸ ਲੀਲ੍ਹਾ ਰਚਾ-ਰਚਾ ਕੇ ਨਾਲੇ ਤਾਂ ਉਹਨਾਂ ਦਾ ਮਨੋਰੰਜਨ ਕੀਤਾ ਤੇ ਉਹਨਾਂ ਨੂੰ ਆਪਣੇ ਮੁਢਲੇ ਧਰਮ ਨਾਲ ਜੋੜਿਆ ਤੇ ਨਾਲੇ ਆਪਣੀ ਗਰੀਬੀ ਵੀ ਦੂਰ ਕੀਤੀ। ਥੋੜ੍ਹੇ ਸਮੇਂ ਲਈ ਸਿੱਖ ਰਾਜ ਆਇਆ, ਜਿਸ ਵਿਚ ਹਿੰਦੂ ਖੱਤਰੀ ਫਿਰ ਭੱਜ ਕੇ ਮੋਹਰੇ ਹੋ ਗਿਆ। ਉੱਚੇ ਅਹੁਦੇ ਵੀ ਲਏ ਤੇ ਵਪਾਰ ਵੀ ਵਧਾਇਆ। ਪਰ ਇਸ ਵਾਰ ਉਸਨੇ ਸਿਰਫ ਸਿੱਖ ਦਾ ਭੇਸ ਹੀ ਧਾਰਨ ਕੀਤਾ। ਸਿੱਖੀ ਨੂੰ ਉਸਦੇ ਅਸਲੀ ਰੂਪ ਵਿਚ ਨਾ ਅਪਨਾਇਆ। ਸਿੱਖ ਦਾ ਓਹੀ ਭੇਸ ਹੁਣ ਤੱਕ ਚਲਿਆ ਆ ਰਿਹਾ ਹੈ, ਜਿਸ ਵਿਚ ਭੇਖ ਜ਼ਿਆਦਾ ਤੇ ਸਿੱਖੀ ਨਾਮਾਤਰ ਹੈ।

ਜਦੋਂ ਅੰਗਰੇਜ਼ ਦਾ ਰਾਜ ਆਇਆ ਤਾਂ ਉਹ ਸਿੱਖਾਂ ਦੀ ਬਹਾਦਰੀ ਤੋਂ ਬਹੁਤ ਪ੍ਰਭਾਵਤ ਹੋਏ। ਆਪਣੀ ਫੌਜ ਵਿਚ ਬਹੁਤੀ ਭਰਤੀ ਉਨ੍ਹਾਂ ਨੇ ਪੇਂਡੂ ਹਲਕਿਆਂ ਵਿਚੋਂ ਹੀ ਕੀਤੀ। ਅੰਗਰੇਜ਼ ਬਾਖੂਬੀ ਸਮਝਦਾ ਸੀ ਕਿ ਜਿਹੜਾ ਬੰਦਾ ਆਪਣੇ ਧਰਮ ਵਿਚ ਪੱਕਾ ਨਾਂ ਹੋਵੇ, ਉਹ ਕਿਸੇ ਗੈਰ ਲਈ ਲੜ ਕੇ ਨਹੀਂ ਮਰ ਸਕਦਾ। ਦੂਸਰਾ ਉਹਨਾਂ ਨੂੰ ਸਿੱਖ ਧਰਮ ਨਾਲ ਕੋਈ ਵਿਰੋਧਤਾ ਵੀ ਨਹੀਂ ਸੀ। ਅੰਗਰੇਜ਼ ਇਹ ਸਮਝਦਾ ਸੀ ਕਿ ਕੋਈ ਅੰਗਰੇਜ਼ ਤਾਂ ਸਿੱਖੀ ਤੋਂ ਪ੍ਰਭਾਵਤ ਹੋ ਕੇ ਸਿੱਖ ਬਣ ਸਕਦਾ ਹੈ ਪਰ ਕੋਈ ਵੀ ਸਿੱਖ ਈਸਾਈਅਤ ਤੋਂ ਪ੍ਰਭਾਵਤ ਹੋ ਕੇ ਈਸਾਈ ਨਹੀਂ ਬਣ ਸਕਦਾ। ਏਸੇ ਕਰਕੇ ਅੰਗਰੇਜ਼ ਕਈ ਵਾਰ ਸਿੱਖਾਂ ਨੂੰ ਟਕੋਰਾਂ ਵੀ ਲਾ ਦੇਂਦੇ ਸਨ ਤੇ ਕਹਿੰਦੇ ਸਨ ਕਿ ਸਾਡਾ ਇਕ ਯਸੂ ਫਾਂਸੀ ਲੱਗਾ, ਅੱਜ ਦੁਨੀਆਂ ਵਿਚ ਸਾਡਾ ਧਰਮ ਸਭ ਤੋਂ ਵੱਡਾ ਹੈ ਪਰ ਤੁਹਾਡੇ ਹਜ਼ਾਰਾਂ ਯਸੂ ਹੋ ਚੁੱਕੇ ਹਨ, ਫਿਰ ਵੀ ਤੁਸੀਂ ਦਿਨੋਂ-ਦਿਨ ਘਟਦੇ ਜਾਂਦੇ ਹੋ। ਕਹਿੰਦੇ ਹਨ ਕਿ ਸਿੱਖ ਰਜਮੈਂਟਾਂ ਦੇ ਅੰਗਰੇਜ਼ ਕਰਨਲ ਹਰ ਅੱਠਵੇਂ-ਦਸਵੇਂ ਦਿਨ ਇਹ ਤਸੱਲੀ ਕਰਦੇ ਸਨ ਕਿ ਕਿਸੇ ਸਿੱਖ ਨੇ ਦਾੜ੍ਹੀ ਜਾਂ ਰੋਮ ਤਾਂ ਨਹੀਂ ਕੱਟੇ? ਜਦਕਿ ਹੁਣ ਅਜ਼ਾਦ ਭਾਰਤ ਵਿਚ ਸਿੱਖਾਂ ਨੂੰ ਇਹ ਕਹਿ ਕੇ ਦਾੜ੍ਹੀ ਕੱਟਣ ਦੀ ਛੋਟ ਦੇ ਦਿੱਤੀ ਜਾਂਦੀ ਹੈ ਕਿ ਮੂੰਹ ਖੂਬਸੂਰਤ ਲੱਗਣਾ ਚਾਹੀਦਾ ਹੈ ਤੇ ਉਹਨਾਂ ਅਫਸਰਾਂ ਨੂੰ ਕੱਟੀ ਹੋਈ ਦਾੜ੍ਹੀ ਵਾਲਾ ਮੂੰਹ ਹੀ ਖੂਬਸੂਰਤ ਲੱਗਦਾ ਹੈ। ਕੁਝ ਵੀ ਹੋਵੇ ਉਸਤੋਂ ਬਾਅਦ ਸਿੱਖੀ ਬਹੁਤੀ ਨਹੀਂ ਵਧੀ ਫੁੱਲੀ। 1950 ਵਿਚ ਸਿੱਖਾਂ ਦੀ ਜਿੰਨੀ ਗਿਣਤੀ ਸੀ, 1981 ਦੀ ਮਰਦਮਸ਼ੁਮਾਰੀ ਵਿਚ ਘਟ ਕੇ ਅੱਧੀ ਰਹਿ ਗਈ ਸੀ।

ਦਇਆਨੰਦ ਨੇ ਹਿੰਦੂਆਂ ਨੂੰ ਆਪਣੇ ਸਨਾਤਨ ਧਰਮ ਨਾਲ ਜੋੜਨ ਲਈ ਮੁਹਿੰਮ ਚਲਾਈ ਪਰ ਉਸਨੂੰ ਕੋਈ ਹੁੰਗਾਰਾ ਨਾ ਮਿਲਿਆ। ਅਖੀਰ ਪੰਜਾਬ ਵਿਚ ਆ ਕੇ ਉਸਨੇ ਇਹ ਮੁਹਿੰਮ ਗੁਰਦੁਆਰਿਆਂ ਤੋਂ ਸ਼ੁਰੂ ਕੀਤੀ। ਇਕ ਈਸ਼ਵਰ ਦੀ ਗੱਲ ਕਰਦਾ-ਕਰਦਾ ਉਹ ਸਿੱਖ ਗੁਰੂਆਂ ਦੇ ਹੀ ਖਿਲਾਫ ਹੋ ਗਿਆ ਤੇ ਕਹਿਣ ਲੱਗ ਪਿਆ, ਜੋ ਗੁਰੂ ਨਾਨਕ ਨੇ ਕਿਹਾ ਹੈ, ਉਹ ਵੇਦਾਂ ਵਿਚ ਪਹਿਲਾਂ ਹੀ ਲਿਖਿਆ ਹੋਇਆ ਹੈ। ਅਨੇਕਾਂ ਪਰਿਵਾਰਾਂ ਨੂੰ ਉਹਨਾਂ ਨੇ ਸਿੱਖੀ ਤੋਂ ਲਾਂਭੇ ਕਰਕੇ ਆਰੀਆ ਸਮਾਜੀ ਬਣਾ ਲਿਆ ਤੇ ਹੋਰ ਵੀ ਕਈ ਕਹਿੰਦੇ ਕਹਾਉਂਦੇ ਸਿੱਖਾਂ ਨੂੰ ਆਰੀਆ ਸਮਾਜ ਵਿਚ ਲਿਆਂਦਾ। ਅਣਵੰਡੇ ਪੰਜਾਬ ਵਿਚ ਸ਼ੁਰੂ ਤੋਂ ਹੀ ਖੱਤਰੀ ਮਹਾਜਨ ਨੂੰ ਲੁੱਟ ਦਾ ਪ੍ਰਤੀਕ ਮੰਨਿਆ ਗਿਆ ਹੈ। ਮੁਸਲਮਾਨ ਸਿੱਖਾਂ ਨੂੰ ਛੱਡਣਾ ਨਹੀਂ ਸੀ ਚਾਹੁੰਦਾ ਤੇ ਹਿੰਦੂਆਂ ਨਾਲ ਰਹਿਣਾ ਨਹੀਂ ਸੀ ਚਾਹੁੰਦਾ। ਨਤੀਜੇ ਵਜੋਂ ਪਾਕਿਸਤਾਨ ਹੋਂਦ ਵਿਚ ਆ ਗਿਆ। ਵੱਖਰਾ ਮੁਸਲਮਾਨ ਦੇਸ਼ ਬਨਾਉਣ ਲਈ ਜਿੰਨਾ ਜ਼ੋਰ ਪੰਜਾਬੀ ਖੱਤਰੀ ਹੱਥੋਂ ਸਤਾਏ ਹੋਏ ਪੰਜਾਬੀ ਮੁਸਲਮਾਨ ਨੇ ਲਾਇਆ ਹੈ,. ਏਨਾਂ ਹੋਰ ਕਿਸੇ ਸੂਬੇ ਦੇ ਮੁਸਲਮਾਨ ਨੇ

ਨਹੀਂ ਲਾਇਆ। ਖੱਤਰੀ ਮਹਾਜਨਾਂ ਦੀ ਲੁੱਟ ਬਾਰੇ ਇਹ ਗੱਲ ਮਸ਼ਹੂਰ ਹੈ ਕਿ ਇਹ ਦੇਂਦੇ ਹਨ ਧੇਲੀ ਤੇ ਲਿਖਵਾ ਲੈਂਦੇ ਹਨ ਹਵੇਲੀ। ਭਲਾ ਏਹੋ ਜਹੇ ਲੁਟੇਰਿਆਂ ਨਾਲ ਕੌਣ ਰਹਿ ਕੇ ਰਾਜੀ ਹੁੰਦਾ?

ਮਾਸਟਰ ਤਾਰਾ ਸਿੰਘ ਆਪ ਹਿੰਦੂ ਸੀ ਤੇ ਪਹਿਲੀ ਪੀੜ੍ਹੀ ਵਿਚ ਹੀ ਸਿੰਘ ਸੱਜਿਆ ਸੀ। ਉਸਦੇ ਸਿੰਘ ਸੱਜਣ, 'ਤੇ ਉਸਦੇ ਭਰਾ ਅਤੇ ਉਸਦੇ ਪਿਤਾ ਨੇ ਏਨਾਂ ਬੁਰਾ ਮਨਾਇਆ ਸੀ ਕਿ ਉਹ ਇਸ ਨਾਲ ਬੋਲਣੋਂ ਵੀ ਹਟ ਗਏ ਸਨ। ਨਾਲੇ ਖੱਤਰੀ ਮਾਰਚ 1947 ਵਿਚ ਹੀ ਭਾਰਤ ਵਾਲੇ ਪਾਸੇ ਆਉਣੇ ਸ਼ੁਰੂ ਹੋ ਗਏ ਸਨ। ਅਰਥਾਤ ਵੰਡ ਤੋਂ ਪੰਜ ਮਹੀਨੇ ਪਹਿਲਾਂ ਹੀ। ਇਹ ਕਰਕੇ ਉਹਨਾਂ ਨੇ ਇਹ ਸਾਬਤ ਕਰ ਦਿੱਤਾ ਕਿ ਆਪਣੇ ਤਬਕੇ ਦੇ ਹਿੱਤਾਂ ਦੇ ਸਾਹਮਣੇ ਆਪਣੀ ਜਨਮ ਭੌਂ ਨੂੰ ਛੱਡਣ ਦਾ ਮੋਹ ਤੁੱਛ ਹੈ।

1947 ਤੋਂ ਬਾਅਦ ਇਹ ਖੱਤਰੀ ਕਿਸੇ ਗੱਲ ਵਿਚ ਵੀ ਸਿੱਖਾਂ ਦੇ ਭਾਈਵਾਲ ਨਹੀਂ ਹੋਏ। ਇਨ੍ਹਾਂ ਵਾਂਗ ਹੀ ਕਾਂਗਰਸੀ ਸਿਖ ਵੀ ਜਦੋਂ ਕਿਤੇ ਹਿੰਦੂ ਸਰਕਾਰ ਵਿਚ ਟਕਰਾਅ ਆਉਂਦਾ ਹੈ ਤਾਂ ਫੱਟ ਆਪਣੇ ਆਪ ਨੂੰ ਸਿਖਾਂ ਨਾਲੋਂ ਵਖ ਕਰ ਲੈਂਦੇ ਹਨ। ਅਜ ਤੱਕ ਕਿਸੇ ਵੀ ਹੱਕ ਲੈਣ ਵਾਲੇ ਮੋਰਚੇ ਵਿਚ ਕਾਂਗਰਸੀ ਸਿਖ ਭਾਈਵਾਲ ਨਹੀਂ ਬਣੇ। ਪਰ ਹਿੰਦੂ ਤਾਂ ਇਨਾਂ ਕਾਂਗਰਸੀਆਂ ਨਾਲੋਂ ਵੀ ਦੋ ਹੱਥ ਅਗਾਂਹ ਹੋ ਕੇ ਵਗੇ ਹਨ। ਜੇ ਗੱਲ ਪੰਜਾਬੀ ਭਾਸ਼ਾ ਦੀ ਚੱਲੀ ਤਾਂ ਇਹਨਾਂ ਨੇ ਆਪਣੀ ਬੋਲੀ ਹਿੰਦੀ ਲਿਖਵਾ ਲਈ। ਜੇ ਗੱਲ ਪਾਣੀਆਂ ਦੀ ਚੱਲੀ ਤਾਂ ਇਹਨਾਂ ਨੇ ਕਿਹਾ ਪਾਣੀ ਕਿਤੇ ਬਾਹਰ ਥੋੜ੍ਹਾ ਜਾਣਾ ਹੈ, ਭਾਰਤ ਵਿਚ ਹੀ ਰਹਿਣਾ ਹੈ। ਜੇ ਗੱਲ ਚੰਡੀਗੜ੍ਹ ਦੀ ਚੱਲੀ ਤਾਂ ਇਹਨਾਂ ਨੇ ਕਿਹਾ ਇਹ ਯੂ. ਟੀ. (ਕੇਂਦਰ ਸ਼ਾਸਤ) ਹੀ ਰਹੇ। ਜੇ ਸਿੱਖਾਂ ਨੇ ਕਿਹਾ ਕਿ ਦਰਬਾਰ ਸਾਹਿਬ ਤੋਂ ਸ਼ਬਦ ਕੀਰਤਨ ਰਿਲੇ ਕਰੋ ਤਾਂ ਇਹਨਾਂ ਨੇ ਕਿਹਾ ਕਾਂਸ਼ੀ ਤੇ ਹਰਦੁਆਰ ਤੋਂ ਵੀ ਕਰੋ। ਜੇ ਸਿੱਖਾਂ ਨੇ ਕਿਹਾ ਕਿ ਅਮ੍ਰਿਤਸਰ ਸ਼ਹਿਰ ਵਿਚ ਬੀੜੀ ਸਿਗਰਟ 'ਤੇ ਪਾਬੰਦੀ ਲਾਈ ਜਾਵੇ ਤਾਂ ਇਹਨਾਂ ਨੇ ਸੋਟੀਆਂ 'ਤੇ ਸਿਗਰਟਾਂ ਦੀਆਂ ਡੱਬੀਆਂ ਟੰਗ ਕੇ ਜਲੂਸ ਕੱਢਿਆ ਤੇ ਨਾਅਰੇ ਲਾਏ–'ਬੀੜੀ ਸਿਗਰਟ ਪੀਏਂਗੇ, ਐਸ਼ ਸੇ ਜੀਏਂਗੇ।' ਜੇ ਸਿੱਖਾਂ ਨੇ ਕਿਹਾ ਸਿਖ ਇਕ ਵੱਖਰੀ ਕੌਮ ਹੈ ਤਾਂ ਇਹ ਕਹਿੰਦੇ ਹਨ ਕਿ ਨਹੀਂ ਇਹ ਹਿੰਦੂਆਂ ਦਾ ਹੀ ਅੰਗ ਹਨ। ਸਿੱਖੀ ਦੀ ਵਿਰੋਧਤਾ ਇਹਨਾਂ ਵਿਚਾਰਿਆਂ ਨੇ ਬੜੀ ਮਿਹਨਤ ਨਾਲ ਕੀਤੀ ਹੈ ਤੇ ਤਨੋ-ਮਨੋ ਹੋ ਕੇ ਕੀਤੀ ਹੈ। ਜਿਹੜਾ ਕੰਮ ਏਨੀ ਲਗਨ ਨਾਲ ਕੀਤਾ ਜਾਵੇ, ਉਸ ਵਿਚ ਕਾਮਯਾਬੀ ਤਾਂ ਲਾਜ਼ਮੀ ਹੁੰਦੀ ਹੀ ਹੈ। ਇਸ ਵਿਚ ਲੱਗਭਗ ਇਹ ਕਾਮਯਾਬ ਹੋ ਹੀ ਗਏ ਹਨ ਤੇ ਜਿਸ ਤਰ੍ਹਾਂ ਇਹਨਾਂ ਨੇ ਛੱਬੀ ਸੌ ਸਾਲ ਦੇ ਬਣੇ ਹੋਏ ਪਹਿਲੇ ਦੋ ਧਰਮ ਜੈਨੀ ਤੇ ਬੋਧੀ ਨਿਗਲੇ ਹਨ, ਏਸੇ ਤਰ੍ਹਾਂ ਹੀ ਸਿੱਖੀ ਨੂੰ ਵੀ ਨਿਗਲ ਗਏ ਹਨ।

ਜਵਾਹਰ ਲਾਲ ਨਹਿਰੂ ਆਗਰੇ ਦੇ ਪਾਗਲਖਾਨੇ 1947 ਵਿਚ ਪਾਕਿਸਤਾਨ ਤੋਂ ਲਿਆਂਦੇ ਹਿੰਦੂ ਪਾਗਲਾਂ ਨੂੰ ਵੇਖਣ ਗਏ। ਡਾਕਟਰ ਨੇ ਇਕ ਪਾਗਲ ਨਾਲ ਪੰਡਿਤ ਜੀ ਦੀ ਜਾਣ-ਪਛਾਣ ਕਰਵਾਈ ਕਿ ਇਹ ਪ੍ਰਧਾਨ ਮੰਤਰੀ ਸਾਹਿਬ ਹਨ। ਉਸ ਪਾਗਲ ਨੇ ਆਪਣੇ ਹੱਥ ਦੀ ਮੁੱਠੀ ਵੱਟ ਕੇ ਕਿਹਾ, 'ਆਹ ਲਓ ਜੀ ਮੂੜ੍ਹਾ, ਬਹਿ ਜਾਓ।' ਉਸ ਪਾਗਲ ਨੂੰ ਇਹ ਤਾਂ ਪਤਾ ਸੀ ਕਿ ਜਦੋਂ ਕੋਈ ਘਰ ਆਵੇ ਤਾਂ ਉਸ ਨੂੰ ਬੈਠਣ ਲਈ ਮੂੜ੍ਹਾ ਦੇਈਦਾ ਹੈ ਪਰ ਉਸ ਕੋਲ ਮੂੜ੍ਹਾ ਹੈ ਹੀ ਨਹੀਂ ਸੀ, ਦੇਣਾ ਕੀ ਸੀ? ਸਿੱਖਾਂ ਦਾ ਰਾਜ ਕਰੇਗਾ ਖਾਲਸਾ ਵੀ ਉਸ ਮੂੜ੍ਹੇ ਵਰਗਾ ਹੀ ਹੈ, ਜਿਹੜਾ ਹੈ ਨਹੀਂ, ਸਿਰਫ ਦਿਮਾਗ ਵਿਚ ਹੀ ਸਿਰਜ ਲਿਆ ਗਿਆ ਹੈ। ਜਦੋਂ ਰਾਜ ਕਰਨ ਲਈ ਨਹੁੰ 'ਤੇ ਪਾਉਣ ਜੋਗੀ ਵੀ ਭੂਮੀ ਨਹੀਂ ਤਾਂ ਰਾਜ ਕਰਨਾ ਕਿੱਥੇ ਹੈ? ਇਹ

ਦਿਮਾਗ ਦੀ ਸਿਰਜੀ ਹੋਈ ਹੀ ਇਕ ਕਲਪਨਾ ਹੈ। ਇਕ ਪਾਸੇ ਸਿੱਖ ਰਾਜ ਕਰਨ ਲਈ ਲਲਾਇਤ ਹੈ। ਸਰਪੰਚੀ, ਨੰਬਰਦਾਰੀ, ਮੈਂਬਰੀ, ਬੋਰਡਾਂ ਦੀ ਮੈਂਬਰੀ, ਚੇਅਰਮੈਨੀ, ਗੁਰਦੁਆਰੇ ਦੀ ਪ੍ਰਧਾਨਗੀ, ਇਹ ਸਭ ਰਾਜ ਦੀਆਂ ਲਾਲਸਾਵਾਂ ਹੀ ਹਨ। ਐਮ. ਐਲ. ਏ., ਐਮ. ਪੀ., ਮੰਤਰੀ ਸਭ ਰਾਜਿਆਂ ਦੇ ਹੀ ਲਕਬ ਹਨ, ਜਿਨ੍ਹਾਂ ਲਈ ਸਿੱਖ ਲੱਖਾਂ ਰੁਪਏ ਰੋੜ੍ਹ ਦੇਂਦੇ ਹਨ। ਗੁਰਦੁਆਰਾ ਇਸ ਕਰਕੇ ਨਹੀਂ ਬਣਾਉਂਦੇ ਕਿ ਉਹ ਕਈ ਪੁੰਨ ਖੱਟਣਾ ਚਾਹੁੰਦੇ ਹਨ, ਸਗੋਂ ਇਸ ਲਈ ਬਣਾਉਂਦੇ ਹਨ ਕਿ ਉਸ ਦਾ ਪ੍ਰਧਾਨ ਬਣਿਆ ਜਾ ਸਕੇ। ਏਹੋ ਜਹੀ ਸੱਤਾ ਦੀ ਲਾਲਚੀ ਕੌਮ ਨਿਸ਼ਚੇ ਹੀ ਰਾਜ ਕਰਨ ਲਈ ਲਲਾਇਤ ਹੈ ਪਰ ਉਨ੍ਹਾਂ ਨੂੰ ਇਹ ਵੀ ਪਤਾ ਹੈ ਕਿ ਅਜਾਦ ਖੁਦਮੁਖਤਿਆਰ ਸਿੱਖ ਰਾਜ ਨਹੀਂ ਬਣ ਸਕਦਾ। ਇਸ ਲਈ ਉਨ੍ਹਾਂ ਰਾਜ ਕਰਨ ਦਾ ਇਕ ਵੱਖਰਾ ਰਾਹ ਲੱਭ ਲਿਆ ਹੈ ਤੇ ਉਹ ਹੈ ਸਿੱਖੀ ਦਾ ਵਿਰੋਧ। ਇਸ ਨਾਲ ਉਨ੍ਹਾਂ ਨੂੰ ਉਨ੍ਹਾਂ ਵਰਗੇ ਹੋਰ ਸਿੱਖਾਂ ਦੇ ਵੋਟਾਂ ਨਾਲ ਹਿੰਦੂਆਂ ਦੇ ਵੋਟ ਵੀ ਮਿਲ ਜਾਂਦੇ ਹਨ ਤੇ ਉਹ ਰਾਜ ਦੀ ਕੁਰਸੀ 'ਤੇ ਜਾ ਬੈਠਦੇ ਹਨ। ਇਹ ਕੁਰਸੀ ਭਾਵੇਂ ਪੂਰੀ ਕੌਮ ਲਈ ਗੁਲਾਮੀ ਹੋ ਨਿਬੜਦੀ ਹੈ ਪਰ ਫਿਰ ਵੀ ਉਹ ਰਾਜ ਕਰਨ ਦਾ ਮਜਾ ਤਾਂ ਲੈ ਹੀ ਲੈਂਦੇ ਹਨ, ਜਿਹੜਾ ਕਿ ਸਿੱਖ ਰਹਿ ਕੇ ਉਨ੍ਹਾਂ ਨੂੰ ਨਹੀਂ ਮਿਲ ਸਕਦਾ।

ਅੱਜ ਜਿਹੜਾ ਸਿੱਖ ਇਹ ਸਮਝਦਾ ਹੈ ਕਿ ਉਹ ਆਜ਼ਾਦ ਹੈ, ਉਹ ਬੇਵਕੂਫ ਤਾਂ ਹੈ ਹੀ, ਸਗੋਂ ਪਾਗਲ ਵੀ ਹੈ। ਕੋਈ ਸਿੱਖ ਜਿੰਨਾ ਮਰਜ਼ੀ 'ਪੇਮੀ ਦਾ ਨਿਆਣਾ' ਬਣੀ ਜਾਵੇ। ਉਹ ਭਾਰਤ ਦੀ ਸਰਕਾਰ ਭਾਵੇਂ ਉਹ ਕਿਸੇ ਵੀ ਪਾਰਟੀ ਦੀ ਹੋਵੇ ਦੀ ਨਜ਼ਰ ਵਿਚ ਸ਼ੱਕੀ ਹੀ ਰਹੇਗਾ। ਬਿਲਕੁਲ ਓਸੇ ਤਰ੍ਹਾਂ ਜਿਸ ਤਰ੍ਹਾਂ ਇਕ ਮੁਸਲਮਾਨ ਵੀਹ ਕੁਰਾਨ ਸਿਰ 'ਤੇ ਚੁੱਕ ਕੇ ਕਸਮ ਖਾਵੇ ਕਿ ਮੈਂ ਭਾਰਤ ਦਾ ਵਫਾਦਾਰ ਹਾਂ ਪਰ ਭਾਰਤ ਦੇ ਹਿੰਦੂਆਂ ਲਈ ਉਹ ਕਤਈ ਮੰਨਣਯੋਗ ਗੱਲ ਨਹੀਂ। ਪੰਜਾਬ ਤੋਂ ਬਾਹਰ ਦੇ ਸਿੱਖ ਤਾਂ ਆਪਣੇ-ਆਪ ਦਾ ਹਿੰਦੂਕਰਨ ਕਰ ਹੀ ਚੁੱਕੇ ਹਨ। ਪੰਜਾਬ ਦੇ ਸਿੱਖਾਂ ਦੀ ਹਾਲਤ ਵੀ ਹੋਰ ਪੰਜ-ਸੱਤ ਸਾਲ ਤੱਕ ਓਸੇ ਤਰ੍ਹਾਂ ਦੀ ਹੀ ਹੋ ਜਾਵੇਗੀ। ਹੁਣ ਵੀ ਪੰਜਾਹ ਫੀਸਦੀ ਸਿੱਖ ਤਾਂ ਪਾਨੀ ਬਣ ਹੀ ਚੁੱਕਾ ਹੈ। ਬਾਕੀਆਂ ਨੂੰ ਵੀ ਹੁਣ ਬਹੁਤੀ ਦੇਰ ਨਹੀਂ ਲਗਣੀ। ਆਉਣ ਵਾਲੇ ਸਮੇਂ ਵਿਚ ਭਾਰਤ ਵਿਚ ਸਿੱਖਾਂ ਦਾ ਰਹਿਣਾ ਬਹੁਤ ਮੁਸ਼ਕਿਲ ਹੋ ਜਾਵੇਗਾ। ਦਿੱਲੀ ਦਾ ਸਿੱਖ ਹਿੰਦੂ ਧਰਮ ਦੇ ਬਹੁਤ ਨੇੜੇ ਪਹੁੰਚ ਚੁੱਕਾ ਹੈ। ਉਹ ਸ਼ਕਲ ਤੋਂ ਹੀ ਸਿੱਖ ਹੈ। ਰੀਤੀ-ਰਿਵਾਜਾਂ ਵਿਚ ਦਿੱਲੀ ਤੇ ਹੋਰ ਸੂਬਿਆਂ ਦਾ ਸਿੱਖ ਉਹ ਹੀ ਕਰਦਾ ਹੈ, ਜੋ ਹਿੰਦੂ ਧਰਮ ਵਾਲੇ ਉਸ ਦੇ ਗੁਆਂਢੀ ਕਰਦੇ ਹਨ। ਹੁਣ ਪੰਜਾਬ ਦਾ ਸਿੱਖ ਵੀ ਨਿਘਰ ਗਿਆ ਹੈ।

ਮੈਂ ਸੁਪਰੀਮ ਕੋਰਟ ਦੇ ਰਿਟਾਇਰਡ ਜੱਜ ਸ. ਕੁਲਦੀਪ ਸਿੰਘ ਜੀ ਨੂੰ ਮਿਲਣ ਚੰਡੀਗੜ੍ਹ ਗਿਆ, ਮੇਰੇ ਨਾਲ ਤਿੰਨ ਸਿੰਘ ਹੋਰ ਵੀ ਸਨ। ਸਿੱਖ ਦੇ ਨਿਗਲੇ ਜਾਣ ਦੀ ਗੱਲ ਚਲੀ ਤਾਂ ਜੱਜ ਸਾਹਿਬ ਨੇ ਕਿਹਾ "ਨਿਗਲੇ ਹੀ ਚਲੇ ਹਨ, ਕਲ੍ਹ ਕਰਵਾਚੌਥ ਦਾ ਵਰਤ ਸੀ, ਅੱਸੀ ਫੀਸਦੀ ਸਿੱਖ ਔਰਤਾਂ ਨੇ ਚੰਡੀਗੜ੍ਹ ਦੇ ਗੁਰਦੁਆਰਿਆਂ ਵਿਚ ਕਰਵੜਾ ਵਟਾਇਆ ਹੈ।" ਦਿਵਾਲੀ ਤੋਂ ਤਿੰਨ ਦਿਨ ਪਹਿਲਾਂ ਅਲਫਾ ਟੀ. ਵੀ. ਦੀ ਇਕ ਪੱਤਰਕਾਰ ਨੇ ਦਰਬਾਰ ਸਾਹਿਬ ਅਮ੍ਰਿਤਸਰ ਦੀ ਪਰਿਕਮਾਂ ਵਿਚ ਖਲੋ ਕੇ ਦੀਵਾਲੀ ਦੇ ਸਬੰਧ ਵਿਚ ਓਥੇ ਆਏ ਸ਼ਰਧਾਲੂਆਂ ਨੂੰ ਸੁਆਲ ਪੁੱਛੇ ਤਾਂ ਬਹੁਤੇ ਲੋਕਾਂ ਨੂੰ ਇਹ ਤਾਂ ਪਤਾ ਸੀ ਕਿ 'ਦਾਲ ਰੋਟੀ ਘਰ ਦੀ, ਦੀਵਾਲੀ ਅੰਬਰਸਰ ਦੀ' ਪਰ 75 ਫੀਸਦੀ ਲੋਕਾਂ ਨੂੰ ਦਸਾਂ ਗੁਰੂਆਂ ਦੇ ਨਾਂ ਨਹੀਂ ਸਨ ਆਉਂਦੇ। ਬੱਚਿਆਂ ਵਿਚੋਂ ਤਾਂ ਸੌ ਫੀਸਦੀ ਨੂੰ ਹੀ ਦਸਾਂ ਗੁਰੂਆਂ ਦਾ ਪਤਾ ਨਹੀਂ ਸੀ। ਕਈ

ਪਹਿਲਾ ਗੁਰੂ ਗੁਰੂ ਗੋਬਿੰਦ ਸਿੰਘ ਜੀ ਨੂੰ ਦਸਦੇ ਸਨ।

ਸਿੱਖ ਹਰ ਰੋਜ਼ ਅਰਦਾਸ ਕਰਦੇ ਹਨ, 'ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ'। ਆਕੀ ਹੋਣ ਦੀ ਗੱਲ ਕਰੀਏ, ਤਾਂ ਅੱਜ ਭਾਰਤ ਦਾ ਕੋਹੜਾ, ਮੰਗਤਾ, ਦੱਲਾ, ਤੇ ਹਰ ਰਿਹਾ-ਖਿਹਾ ਬੰਦਾ ਵੀ ਸਿੱਖਾਂ ਤੋਂ ਆਕੀ ਹੈ। ਸਿੱਖ ਤਾਂ ਅੱਜ ਦੜ ਵੱਟ ਕੇ ਦਿਨ ਕੱਟ ਰਿਹਾ ਹੈ। ਕਿਸੇ ਸਿੱਖ ਦੀ ਵੀ ਅੱਜ ਇਹ ਜੁਅਰਤ ਹੈ ਕਿ ਉਹ ਕਿਸੇ ਹੱਕੀ ਗੱਲ ਵਾਸਤੇ ਕਿਸੇ ਅੱਗੇ ਅੜੇ? 'ਉਹ ਫਿਰੇ ਨੱਥ ਘੜਾਉਣ ਨੂੰ ਉਹ ਫਿਰੇ ਨੱਕ ਵਢਾਉਣ ਨੂੰ, ਵਾਂਗ ਸਿੱਖ ਕਹਿੰਦੇ ਹਨ 'ਅਸੀਂ ਵੱਖਰੀ ਕੌਮ ਹਾਂ।' ਦੇਸ਼ ਦੇ ਮਾਲਕ ਕਹਿੰਦੇ ਹਨ, 'ਤੁਸੀਂ ਵੀ ਸਾਡੇ ਵਾਂਗ ਰਾਮ ਚੰਦਰ ਦੀ ਔਲਾਦ ਹੋ। ਰਾਮ ਚੰਦਰ ਤਾਂ ਕੀ ਅਗਾਂਹ ਉਹਦੀ ਵੀ ਔਲਾਦ ਦੀ ਔਲਾਦ ਹੋ।' ਪਹਿਲੇ ਸਿੱਖ ਮਾਯੂਸ ਹੋ ਕੇ ਸਿੱਖੀ ਛੱਡੀ ਜਾਂਦੇ ਹਨ। ਤਿਆਗੀ ਹਿੰਦੂ ਖੱਤਰੀਆਂ ਦੀ ਨਵੀਂ ਪੀੜ੍ਹੀ ਰਾਸ਼ਟਰੀ ਸਿੱਖ ਸੰਗਤ ਦੇ ਰੂਪ ਵਿਚ ਸਿੱਖੀ ਵਿਚ ਪ੍ਰਵੇਸ਼ ਕਰੀ ਜਾਂਦੀ ਹੈ। ਇਸ ਤਰ੍ਹਾਂ ਸਿੱਖੀ ਦਾ ਨਵੀਨੀਕਰਨ ਉਨ੍ਹਾਂ ਦੀ ਹਸਬ-ਮਨਸ਼ਾ ਹੋ ਗਿਆ ਹੈ ਤੇ ਨਿਵੇਕਲੀ ਤੇ ਬਿਲਕੁਲ ਵੱਖਰੀ ਕੌਮ ਹਿੰਦੂ ਸਮਾਜ ਦਾ ਅੰਗ ਬਣ ਗਈ ਹੈ।

ਜਿਹੜੀ ਰਾਸ਼ਟਰੀ ਸਿੱਖ ਸੰਗਤ ਅੱਜ ਗੁਰੂ ਗੋਬਿੰਦ ਸਿੰਘ ਜੀ ਦੀ ਫੋਟੋ ਮਹਾਰਾਣਾ ਪ੍ਰਤਾਪ ਤੇ ਸ਼ਿਵਾ ਜੀ ਮਰਹੱਟਾ ਨਾਲ ਲਾਉਂਦੀ ਹੈ, ਕੱਲ੍ਹ ਨੂੰ ਪਹਾੜੀ ਰਾਜੇ ਭੀਮ ਚੰਦ ਤੇ ਹਰੀ ਚੰਦ ਹੰਡੂਰੀਏ ਨਾਲ ਕਿਉਂ ਨਹੀਂ ਲਾਵੇਗੀ? ਇਸ ਗੱਲ ਦੀ ਸਿੱਖਾਂ ਕੋਲ ਕੀ ਗਾਰੰਟੀ ਹੈ? ਜਦੋਂ ਸ਼ਿਵਾ ਜੀ ਮਰਹੱਟਾ ਨੇ ਰਾਜ ਗੱਦੀ 'ਤੇ ਬੈਠਣਾ ਸੀ ਤਾਂ ਸ਼ੂਦਰ ਹੋਣ ਕਰਕੇ ਕੋਈ ਵੀ ਪੰਡਤ ਉਸਨੂੰ ਹੱਥ ਨਾਲ ਰਾਜ ਤਿਲਕ ਦੇਣ ਨੂੰ ਤਿਆਰ ਨਹੀਂ ਸੀ। ਇਕ ਪੰਡਤ ਨੇ ਖੱਬੇ ਪੈਰ ਦੇ ਅੰਗੂਠੇ ਨਾਲ ਸ਼ਿਵਾ ਜੀ ਦੇ ਮੱਥੇ 'ਤੇ ਰਾਜ ਤਿਲਕ ਲਾਇਆ ਸੀ। ਪਰ ਅਜ ਸਿੱਖਾਂ ਨੂੰ ਨੀਵਾਂ ਵਖਾਉਣ ਵਾਸਤੇ ਓਸੇ ਹੀ ਸ਼ਿਵਾਜੀ ਮਰਹੱਟੇ ਦੀ ਫੋਟੋ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਰਾਬਰ ਲਾ ਕੇ ਸਿੱਖਾਂ ਨੂੰ ਜਲੀਲ ਕਰਨ ਦੀ ਚਾਲ ਚੱਲੀ ਆ ਰਹੀ ਹੈ। ਨਹੀਂ ਤਾਂ ਸ਼ਿਵਾਜੀ ਮਰਹੱਟਾ ਤੇ ਰਾਣਾ ਪ੍ਰਤਾਪ ਗੁਰੂ ਜੀ ਦੇ ਸਾਹਮਣੇ ਸ਼ੈਅ ਹੀ ਕੀ ਹਨ? ਜੇ ਰਾਸ਼ਟਰੀ ਸਿੱਖ ਸੰਗਤ ਪੱਕੀ ਝੱਲੀ ਪਿੰਡ ਦੇ ਰੇਸ਼ਮ ਸਿੰਘ ਨਾਂਅ ਦੇ ਸਾਧ ਨੂੰ ਜੁੱਤੀਆਂ ਸਮੇਤ ਗੁਰਦੁਆਰਾ ਟਿੱਬੀ ਸਾਹਿਬ ਵਿਚ ਭੇਜ ਸਕਦੀ ਹੈ, ਗੁਰੂ ਗੋਬਿੰਦ ਸਿੰਘ ਵਾਂਗ ਉਸ ਸਾਧ ਕੋਲੋਂ ਪੰਜ ਪਿਆਰੇ ਬਣਵਾ ਕੇ ਅੰਮ੍ਰਿਤ ਛਕਵਾ ਸਕਦੀ ਹੈ, ਨਾਨਕਸਰੀਏ ਸਾਧ ਗੁਰਬਖਸ਼ ਸਿੰਘ ਲੱਡੂ ਕੋਲੋਂ ਬੁੱਤਸ਼ਿਕਨ ਗੁਰੂ ਗੋਬਿੰਦ ਸਿੰਘ ਜੀ ਦਾ ਹੀ ਬੁੱਤ ਬਣਵਾ ਸਕਦੀ ਹੈ ਤਾਂ ਹੋਰ ਕੀ ਨਹੀਂ ਕਰਵਾ ਸਕਦੀ? ਕਿਸੇ ਵੇਲੇ ਗੁਰੂ ਜੀ ਦੇ ਬੋਲ 'ਚਿੜੀਓਂ ਸੇ ਮੈਂ ਬਾਜ ਤੁੜਾਊ ਤਬੇ ਗੋਬਿੰਦ ਸਿੰਘ ਨਾਮ ਕਹਾਊਂ' ਦੀ ਥਾਂ ਕਿਹਾ ਜਾਏਗਾ 'ਗੋਬਿੰਦ ਸਿੰਘ ਕਾ ਹੀ ਬੁੱਤ ਬਣਵਾਊਂ, ਜੁਤੀਆਂ ਸਮੇਤ ਗੁਰਦੁਆਰੇ ਜਾਊਂ, ਤਬੇ ਰਾਸ਼ਟਰੀ ਸਿੱਖ ਸੰਗਤ ਅਖਵਾਊਂ।' ਇਸ ਮੁਕਾਮ ਤੱਕ ਪਹੁੰਚਣ ਲਈ ਹੋਰ ਕਿੰਨੀ ਕੁ ਦੇਰ ਲੱਗੇਗੀ? ਬਸ ਮੁਕਾਮ ਨੇੜੇ ਹੀ ਹੈ।

ਸਿੱਖ ਆਪਣੀ ਆਜ਼ਾਦ ਹੋਂਦ (ਇਕ ਕੌਮ) ਦੀ ਲੜਾਈ ਤਾਂ ਓਸੇ ਦਿਨ ਹੀ ਹਾਰ ਗਏ ਸਨ, ਜਿਸ ਦਿਨ ਨਵੇਂ ਬਣੇ ਸੰਵਿਧਾਨ ਵਿਚ ਸਿੱਖਾਂ ਨੂੰ ਹਿੰਦੂ ਹੀ ਐਲਾਨ (Declare) ਕਰ ਦਿੱਤਾ ਗਿਆ ਸੀ। ਪਰ ਗਿਆਨੀ ਪੂਰਨ ਸਿੰਘ ਨੇ ਤਾਂ ਬਤੌਰ ਜਥੇਦਾਰ ਅਕਾਲ ਤਖ਼ਤ ਇਹ ਬਿਆਨ ਦੇ ਕੇ ਕਿ ਸਿੱਖ ਲਵ ਕੁਸ਼ ਦੀ ਔਲਾਦ ਹਨ ਪਿਛਲੇ ਸਾਰੇ ਸੰਘਰਸ਼ ਵਿਚ ਹੋਈਆਂ ਸ਼ਹੀਦੀਆਂ 'ਤੇ ਹੀ ਪਾਣੀ ਫੇਰ ਦਿੱਤਾ ਹੈ। ਉਸਦੇ ਇਸ ਕਥਨ ਬਾਰੇ ਬਾਕੀ ਜਥੇਦਾਰਾਂ ਨੇ ਵੀ ਮੂੰਹ ਵਿਚ ਘੁੰਗਣੀਆਂ ਪਾਈਆਂ ਹੋਈਆਂ ਹਨ ਸਗੋਂ ਇਕ ਪ੍ਰਸਿੱਧ ਲੇਖਕ ਸ. ਗੁਰਬਖਸ਼

ਸਿੰਘ ਕਾਲਾ ਅਫਗਾਨਾ ਦੀਆਂ ਪੁਸਤਕਾਂ 'ਤੇ ਪਾਬੰਦੀ ਲਾ ਕੇ ਇਨ੍ਹਾਂ ਜਥੇਦਾਰਾਂ ਨੇ ਸਿੱਧ ਹੀ ਕਰ ਦਿੱਤਾ ਹੈ ਕਿ ਦਸਮ ਗ੍ਰੰਥ ਵਿਚ ਬ੍ਰਾਹਮਣ ਨੇ ਜੋ ਰਲਾ ਪਾਇਆ ਹੈ, ਉਹ ਸਿੱਖ ਕੌਮ ਨੂੰ ਪ੍ਰਵਾਨ ਹੈ ਤੇ ਕਿਸੇ ਕਿਸਮ ਦੀ ਹੀਲਹੁਜਤ ਬਗੈਰ ਬ੍ਰਾਹਮਣੀ ਸਾਹਿਤ ਸਵੀਕਾਰਨਾ ਪਵੇਗਾ। ਸਿੱਖ ਗੁਰੂਆਂ ਨੇ ਅਖੌਤੀ ਹਿੰਦੂ ਦੇਵਤਿਆਂ ਤੇ ਅਵਤਾਰਾਂ ਨਾਲ ਲੀਕ ਖਿੱਚ ਦਿੱਤੀ ਸੀ ਪਰ ਉਨ੍ਹਾਂ ਦੇ ਸਿੱਖ ਆਪਣੇ ਗੁਰੂਆਂ ਵਾਲੇ ਪਾਸੇ ਖਲੋਣ ਦੀ ਥਾਂ ਭੱਜ-ਭੱਜ ਕੇ ਉਨ੍ਹਾਂ ਹਿੰਦੂ ਅਵਤਾਰਾਂ ਤੇ ਦੇਵਤਿਆਂ ਨਾਲ ਹੀ ਖਲੋਂਦੇ ਹਨ, ਜਿਨ੍ਹਾਂ ਨਾਲ ਗੁਰੂਆਂ ਨੇ ਸਪੱਸ਼ਟ ਲੀਕ ਖਿੱਚੀ ਸੀ ਤੇ ਕਿਹਾ ਸੀ 'ਹਮਰਾ ਝਗਰਾ ਰਹਾ ਨਾ ਕੋਊ॥ ਪੰਡਤ ਮੁਲਾਂ ਛਾਡੇ ਦੋਊ॥

ਪੰਜਾਬ ਦੇ ਹਿੰਦੂ ਨੇ ਤਾਂ ਇਹ ਵੀ ਸਹੁੰ ਖਾ ਲਈ ਹੈ ਕਿ ਉਸਨੇ ਹਿੰਦੁਸਤਾਨ ਦੀ ਹਰ ਜਾਇਜ ਨਜਾਇਜ ਗੱਲ ਨੂੰ ਠੀਕ ਹੀ ਕਹਿਣਾ ਹੈ ਤੇ ਕਿਸੇ ਗਲਤ ਗਲ ਲਈ ਵੀ ਭਾਰਤ ਦੀ ਆਲੋਚਨਾ ਨਹੀਂ ਕਰਨੀ ਸਗੋਂ ਹਰ ਹਾਲਤ ਵਿਚ ਸਿੱਖੀ ਦਾ ਵਿਰੋਧ ਕਰਨਾ ਹੈ। ਜਦੋਂ ਇੰਦਰਾ ਗਾਂਧੀ ਦੀ ਸਰਕਾਰ ਨੇ 1984 ਵਿਚ ਦਰਬਾਰ ਸਾਹਿਬ 'ਤੇ ਹਮਲਾ ਕਰਕੇ ਅਕਾਲ ਤਖ਼ਤ ਢਾਹ ਕੇ, ਹਜਾਰਾਂ ਸਿਖਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਤੇ ਸਿੱਖ ਮਾਨਸਿਕਤਾ ਨੂੰ ਲਹੂ ਲੁਹਾਨ ਕੀਤਾ ਤਾਂ ਮਲ੍ਹਮ ਲਾਉਣ ਦੀ ਗਲ ਵੀ ਸਰਕਾਰ ਨੇ ਇਹਨਾਂ ਹਿੰਦੂਆਂ ਦੇ ਮੂੰਹੋ ਹੀ ਅਖਵਾਈ ਤੇ ਇਸ ਗਲ ਦਾ ਅਖਬਾਰਾਂ ਤੇ ਟੀ. ਵੀ. ਵਗੈਰਾ ਮੀਡੀਏ 'ਤੇ ਏਨਾਂ ਪ੍ਰਚਾਰ ਕੀਤਾ ਕਿ ਸਿਖ ਬੌਂਦਲ ਗਏ। ਸਿਖਾਂ ਨੂੰ ਸਮਝ ਨਹੀਂ ਸੀ ਆਉਂਦੀ ਕਿ ਉਹ ਹਿੰਦੂਆਂ ਪ੍ਰਤੀ ਆਪਣੇ ਮਨ ਵਿਚ ਕੀ ਵਿਚਾਰ ਬਨਾਉਣ। ਇਕ ਪਾਸੇ ਤਾਂ ਮੀਡੀਆ ਕਹਿੰਦਾ ਸੀ ਅੱਤਵਾਦ ਨੂੰ ਸਖ਼ਤੀ ਨਾਲ ਕੁਚਲ ਦਿਓ, ਜਿਸ ਦਾ ਮਤਲਬ ਸੀ ਕਿ ਸਿਖਾਂ ਨੂੰ ਹੋਰ ਮਾਰੋ ਤੇ ਦੂਜੇ ਪਾਸੇ ਕਹਿੰਦਾ ਸੀ ਸਿਖਾਂ ਦੇ ਜਖਮਾਂ 'ਤੇ ਮਲ੍ਹਮ ਲਾਉਣੀ ਚਾਹੀਦੀ ਹੈ।

ਇਕ ਕੁੱਤਾ ਕਿਸੇ ਘਰ ਆਏ ਬੰਦੇ ਨੂੰ ਜੋਰ ਜੋਰ ਨਾਲ ਮੂੰਹੋਂ ਭੌਂਕੀ ਵੀ ਜਾ ਰਿਹਾ ਸੀ ਤੇ ਨਾਲ ਨਾਲ ਪੂਛ ਵੀ ਹਿਲਾ ਰਿਹਾ ਸੀ। ਘਰ ਵਾਲੇ ਨੇ ਕਿਹਾ "ਡਰੋ ਨਹੀਂ ਕੁਝ ਨਹੀਂ ਕਹਿੰਦਾ।" ਬੰਦੇ ਨੇ ਅਗੋਂ ਪੁਛਿਆ "ਮੈਂ ਇਹਦੇ ਮੂੰਹ ਦਾ ਇਤਬਾਰ ਕਰਾਂ ਕਿ ਇਹਦੀ ਪੂਛ ਦਾ"। ਬਸ ਏਹੋ ਹਾਲ ਓਦੋਂ ਸਿਖਾਂ ਦਾ ਸੀ। ਪਰ ਅਸਲ ਵਿਚ ਇਹ ਵੀ ਚਾਣਕੀਆ ਨੀਤੀ ਹੈ। ਭਾਂਵੇ ਰਹਿਣਾ ਤਾਂ ਸਿੱਖ ਵੀ ਹਿੰਦੁਸਤਾਨ ਨਾਲ ਹੀ ਚਾਹੁੰਦੇ ਹਨ ਪਰ ਪੰਜਾਬੀ ਹਿੰਦੂ ਕਹਿੰਦਾ ਹੈ, 'ਤੁਹਾਨੂੰ ਜੁੱਤੀ ਨਾਲ ਥੱਲੇ ਰੱਖਣਾ ਹੈ।' ਸਿੱਖ ਇਸ ਤਰ੍ਹਾਂ ਵੀ ਰਹਿਣ ਲਈ ਲਗਪਗ ਤਿਆਰ ਹੀ ਹਨ ਪਰ ਹੁਣ ਉਨ੍ਹਾਂ ਦਾ ਵਿਚਾਰ ਇਸ ਤੋਂ ਅੱਗੇ ਹੈ। ਪੰਜਾਬ ਦਾ ਹਿੰਦੂ ਚਾਹੁੰਦਾ ਹੈ ਕਿ ਉਹ ਸ਼ਹਿਰਾਂ ਤੱਕ ਸੀਮਤ ਨਾ ਰਹਿ ਕੇ ਪਿੰਡਾਂ ਤੱਕ ਵੀ ਆਪਣੇ ਧਰਮ ਵਿਚ ਆਪਣੇ ਹੀ ਚੌਥੇ ਵਰਣ ਨੂੰ ਪਹਿਲਾਂ ਵਾਂਗ ਆਪਣੇ ਗੁਲਾਮ ਬਣਾ ਕੇ ਰੱਖੇ। ਹਿੰਦੂ ਨੇਂ ਸ਼ੂਦਰਾਂ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਪਰ ਸਿੱਖ ਨੇ ਤਾਂ ਆਪਣੇ ਧਰਮ ਦੀ ਨੀਂਹ ਹੀ ਚਾਰ ਦਰਵਾਜੇ ਖੁੱਲ੍ਹੇ ਰੱਖ ਕੇ ਕੀਤੀ ਹੈ। ਦਰਬਾਰ ਸਾਹਿਬ ਦਾ ਨੀਂਹ-ਪੱਥਰ ਵੀ ਇਕ ਮੁਸਲਮਾਨ ਫਕੀਰ ਨੇ ਰੱਖਿਆ, ਜਿਸ ਮੁਸਲਮਾਨ ਧਰਮ ਨੂੰ ਹਿੰਦੂ ਮਲੇਸ਼ ਕਹਿੰਦੇ ਹਨ ਪਰ ਆਪ ਇਨ੍ਹਾਂ ਮਲੇਸ਼ਾਂ ਨੂੰ ਉਹ ਕੁੜੀਆਂ ਦੇ ਰਿਸ਼ਤੇ ਵੀ ਕਰਦੇ ਰਹੇ ਹਨ।

ਭਾਰਤ ਵਿਚ ਰਹਿ ਕੇ ਮਨੂੰ ਦਾ ਬਣਾਇਆ ਜਾਤਪਾਤ ਦਾ ਵਿਧਾਨ ਤੋੜਨਾ ਉਨ੍ਹਾਂ ਨੂੰ ਪਸੰਦ ਨਹੀਂ। ਏਸੇ ਲਈ ਹੀ ਅੰਗਰੇਜ਼ਾਂ ਦੀ ਗੁਲਾਮੀ ਤਾਂ ਸਾਰੇ ਹਿੰਦੁਸਤਾਨ ਨੇ ਹੰਢਾਈ ਪਰ ਹਿੰਦੂਆਂ ਦੀ ਗੁਲਾਮੀ ਸਿੱਖਾਂ ਸਮੇਤ ਸਾਰੀਆਂ ਘੱਟ-ਗਿਣਤੀਆਂ ਨੂੰ ਹੰਢਾਉਣੀ ਪੈ ਰਹੀ ਹੈ। ਜੇ ਕੋਈ ਬੰਦਾ ਜੇਲ੍ਹ ਵਿਚ ਹੋਵੇ ਤਾਂ ਆਪਣੇ-ਆਪ ਨੂੰ ਕੈਦੀ ਸਮਝ ਕੇ ਆਪਣੇ

ਮਨ ਨੂੰ ਸਮਝਾ ਸਕਦਾ ਹੈ ਪਰ ਜੇ ਕੋਈ ਹੋਵੇ ਵੀ ਜੇਲ੍ਹੋਂ ਬਾਹਰ ਤੇ ਹੋਵੇ ਵੀ ਕੈਦੀ, ਫਿਰ ਕਿਸੇ ਦੇ ਸਮਝਾਇਆਂ, ਉਹਦਾ ਮਨ ਇਹ ਨਹੀਂ ਸਮਝ ਸਕਦਾ ਕਿ ਉਹ ਕੈਦੀ ਨਹੀਂ। ਸਿੱਖਾਂ ਨਾਲ ਵੀ ਕੁਝ ਐਸਾ ਹੀ ਹੈ। ਸਿੱਖਾਂ 'ਤੇ ਜਿੰਨਾ ਜ਼ੁਲਮ ਹਿੰਦੂ ਰਾਜ ਦੇ ਭੂਏਂ ਚੜ੍ਹਾਏ ਹੋਏ ਸਿੱਖ ਪੁਲਿਸ ਅਫਸਰਾਂ ਨੇ ਕੀਤਾ ਹੈ, ਓਨਾਂ ਕਿਸੇ ਹੋਰ ਨੇ ਨਹੀਂ ਕੀਤਾ। ਕਿਉਂਕਿ ਗੁਲਾਮ ਮਾਨਸਿਕਤਾ ਦੇ ਲੋਕ ਹੋਰ ਲੋਕਾਂ ਨੂੰ ਗੁਲਾਮ ਬਨਾਉਣ ਦਾ ਜਿੰਮਾਂ ਵੀ ਆਪਣੇ-ਆਪ ਹੀ ਲੈ ਲੈਂਦੇ ਹਨ। ਗੋਲੇ ਕਬੂਤਰ ਜਿਨ੍ਹਾਂ ਨੂੰ ਆਜ਼ਾਦੀ ਤੇ ਗੁਲਾਮੀ ਦਾ ਮਨੁੱਖਾਂ ਵਾਂਗ ਗਿਆਨ ਨਹੀਂ ਉਹ ਵੀ ਹੋਰ ਕਬੂਤਰਾਂ ਨੂੰ ਆਪਣੇ ਨਾਲ ਗੁਲਾਮ ਬਨਾਉਣ ਦਾ ਕਰਤੱਵ ਨਿਭਾਉਂਦੇ ਹਨ। ਅਸਮਾਨ ਵਿਚ ਫਿਰਦੇ ਹੋਰ ਕਬੂਤਰਾਂ ਨੂੰ ਵੀ ਉਹ ਆਪਣੇ ਮਾਲਕ ਦੀਆਂ ਬਖਸ਼ਿਸ਼ਾਂ ਦੱਸ-ਦੱਸ ਕੇ ਭੁਚਲਾਉਂਦੇ ਹਨ ਤੇ ਅਖੀਰ ਲਾਲਚੀ ਸੁਭਾਅ ਦੀ ਫਿਤਰਤ, ਉਨ੍ਹਾਂ ਨੂੰ ਵੀ ਗੁਲਾਮੀ ਲਈ ਰਾਜ਼ੀ ਕਰ ਲੈਂਦੀ ਹੈ।

***

# ਬ੍ਰਾਹਮਣ

ਬ੍ਰਾਹਮਣ ਵਿਚ ਕੀ ਗੁਣ ਹਨ, ਜਿਸ ਕਰਕੇ ਉਸ ਨੇ ਭਾਰਤ ਦੇ ਤਿੰਨ ਵੱਡੇ ਏਥੇ ਜਨਮੇ ਧਰਮਾਂ ਨੂੰ ਨਿਗਲ ਲਿਆ ਹੈ। ਬੁੱਧ, ਜੈਨ ਅਤੇ ਸਿੱਖ ਤਿੰਨ ਐਸੇ ਧਰਮ ਹਨ, ਜਿਹੜੇ ਬ੍ਰਾਹਮਣ ਦੀ ਬ੍ਰਾਹਮਣੀ ਪ੍ਰਥਾ ਦਾ ਵਿਰੋਧ ਕਰਨ ਲਈ ਹੀ ਪੈਦਾ ਹੋਏ ਸਨ। ਜੈਨ ਧਰਮ ਦੇ ਗ੍ਰੰਥਾਂ ਵਿਚ ਲਿਖਿਆ ਹੋਇਆ ਹੈ ਕਿ 'ਜੇ ਤੁਹਾਡੇ ਮਗਰ ਪਾਗਲ ਹਾਥੀ ਪੈ ਜਾਵੇ, ਲਾਗੇ ਹੀ ਕੋਈ ਹਿੰਦੂ ਮੰਦਰ ਹੋਵੇ, ਤੁਸੀਂ ਭੱਜ ਕੇ ਮੰਦਰ ਵਿਚ ਵੜ ਕੇ ਜਾਨ ਬਚਾ ਸਕਦੇ ਹੋਵੋ ਤਾਂ ਵੀ ਹਾਥੀ ਦੇ ਪੈਰਾਂ ਥੱਲੇ ਤਾਂ ਭਾਵੇਂ ਕੁਚਲੇ ਜਾਇਓ ਪਰ ਮੰਦਰ ਵਿਚ ਨਾ ਵੜਿਓ। ਬੁੱਧ ਧਰਮ ਦੇ ਤਾਂ ਇਸ ਤੋਂ ਵੀ ਸਖਤ ਉਪਦੇਸ਼ ਹਨ। ਬੋਧੀ ਗ੍ਰੰਥ ਕਹਿੰਦੇ ਹਨ, ਤੁਹਾਨੂੰ ਨਰਕ ਤੇ ਸਵਰਗ ਦੇ ਝਾਂਸਿਆਂ ਵਿਚ ਫਸਾਉਣ ਲਈ ਬ੍ਰਾਹਮਣ ਕੋਈ ਵੀ ਤਸੀਹੇ ਦੇਵੇ, ਝੱਲ ਲਿਓ ਪਰ ਉਸ ਦੇ ਸਿਰਜੇ ਹੋਏ ਸਵਰਗ ਵਿਚ ਜਾਣੋਂ ਨਾਂਹ ਕਰ ਦਿਓ। ਸਿੱਖ ਧਰਮ ਦਾ ਉਪਦੇਸ਼ ਵੀ ਕੁਝ ਏਸੇ ਤਰ੍ਹਾਂ ਦਾ ਹੀ ਹੈ, ਸਗੋਂ ਏਥੇ ਤਾਂ ਗੁਰੂ ਸਾਹਿਬ, ਸਿੱਧਾ ਫੈਸਲਾ ਹੀ ਕਰ ਦਿੱਤਾ ਹੈ। ਗੁਰੂ ਜੀ ਕਹਿੰਦੇ ਹਨ, 'ਹਮਰਾ ਝਗਰਾ ਰਹਾ ਨਾ ਕੋਊ ਪੰਡਤ ਮੁਲਾਂ ਛਾਡੇ ਦੋਊ। ਪੰਡਤ ਮੁਲਾਂ ਜੋ ਲਿਖ ਦੀਆ ਛਾਡ ਦੀਆ ਹਮ ਸਾਥ ਨਾ ਲੀਆ।' ਪੰਡਿਤ ਦੀ ਸਿੱਖਿਆ ਨੂੰ ਅੰਨ੍ਹਿਆਂ ਤੁੱਲ ਤੇ ਮੁਸਲਮਾਨ ਦੀ ਕਾਣੇ ਦੇ ਬਰਾਬਰ ਦੱਸਦਿਆਂ ਕਿਹਾ ਹੈ, 'ਹਿੰਦੂ ਅੰਨ੍ਹਾ ਤੁਰਕੂ ਕਾਣਾ ਦੋਹਾਂ ਤੇ ਗਿਆਨੀ ਸਿਆਣਾ।' ਭਗਤ ਕਬੀਰ ਜੀ ਨੇ ਤਾਂ ਬ੍ਰਾਹਮਣ ਨੂੰ ਠੱਗ ਤਕ ਕਹਿ ਦਿੱਤਾ ਹੈ;

*ਗਜ਼ ਸਾਢੇ ਤ੍ਰੈਅ ਤ੍ਰੈਅ ਧੋਤੀਆਂ ਤੇਹਰੇ ਪਾਇਨ ਤੱਗ।*
*ਗਲੀ ਜਿਨਾ ਜਪਮਾਲੀਆਂ, ਲੋਟੇ ਹਥ ਨ ਬੱਗ।*
*ਉਇ ਹਰ ਕੈ ਸੰਤ ਨ ਆਖੀਐ ਬਨਾਰਸ ਕੇ ਠੱਗ।*

ਪਰ ਫਿਰ ਵੀ ਸਿੱਖ ਅੱਜ ਤਕ ਬ੍ਰਾਹਮਣ ਦੇ ਚੁੰਗਲ ਵਿਚੋਂ ਨਹੀਂ ਨਿਕਲ ਸਕਿਆ। ਇਨ੍ਹਾਂ ਸਾਰੇ ਧਰਮਾਂ ਦੇ ਸਪੱਸ਼ਟ ਸੰਦੇਸ਼ਾਂ ਦੇ ਬਾਵਜੂਦ ਵੀ ਤਿੰਨੇ ਧਰਮਾਂ ਨੂੰ ਮੰਨਣ ਵਾਲੇ ਲੋਕ ਬ੍ਰਾਹਮਣ ਦੇ ਝਾਂਸੇ ਵਿਚ ਕਿਵੇਂ ਆ ਗਏ, ਇਹ ਵਿਚਾਰਨ ਦੀ ਗੱਲ ਹੈ। ਇਸ ਸਭ ਕੁਝ ਨੂੰ ਸਮਝਣ ਲਈ ਪਹਿਲਾਂ ਬ੍ਰਾਹਮਣ ਨੂੰ ਸਮਝਣਾ ਜ਼ਰੂਰੀ ਹੈ, ਉਸ ਤੋਂ ਬਾਅਦ ਉਸ ਦੇ ਕੰਮ ਕਰਨ ਦੇ ਢੰਗ ਨੂੰ ਤੇ ਉਸ ਤੋਂ ਬਾਅਦ ਆਉਣ ਵਾਲੇ ਸਮੇਂ ਦੀ ਨੀਤੀ ਨੂੰ।

ਪਹਿਲੀ ਗੱਲ ਤਾਂ ਇਹ ਹੈ ਕਿ ਮਨੂੰ ਜੋ ਬ੍ਰਾਹਮਣੀ ਸੋਚ ਦਾ ਅਸਲ ਜਨਮ ਦਾਤਾ ਸੀ, ਬਹੁਤ ਸਪੱਸ਼ਟ ਹੋ ਕੇ ਵਿਚਰਿਆ ਹੈ। ਉਸ ਨੇ ਜਦੋਂ ਚਾਰ ਵਰਣ ਬਣਾ ਕੇ ਬਰਾਬਰ ਦੇ ਇਨਸਾਨਾਂ ਨੂੰ ਚਾਰ ਭਾਗਾਂ ਵਿਚ ਵੰਡਿਆ ਤਾਂ ਇਸ ਵੰਡ ਨੂੰ ਦੁਨੀਆਂ ਦੇ ਕਾਰਵਿਹਾਰ ਚਲਾਉਣ ਵਾਲੀ ਵੰਡ ਦੱਸਿਆ ਪਰ ਇਸ ਵੰਡ ਦਾ ਆਧਾਰ ਇਸ ਸੰਸਾਰ ਨਾਲ ਨਹੀਂ ਸਗੋਂ ਸੰਸਾਰ ਨੂੰ ਬਨਾਉਣ ਵਾਲੇ ਅਖੌਤੀ ਭਗਵਾਨ ਨਾਲ ਜੋੜ ਦਿੱਤਾ। ਉਸ ਨੇ ਸਪੱਸ਼ਟ ਵੰਡ ਕੀਤੀ। ਪਹਿਲਾ ਦਰਜਾ ਉਸ ਨੇ ਬ੍ਰਾਹਮਣ ਨੂੰ ਦਿੱਤਾ, ਜਿਹੜਾ ਕਿ ਉਹ ਆਪ ਹੀ ਸੀ ਤੇ

ਆਪਣਾ ਸਬੰਧ ਸ੍ਰਿਸ਼ਟੀ ਰਚਣ ਵਾਲੇ ਦੇ ਮੂੰਹ ਨਾਲ ਜੋੜਿਆ। ਦੂਸਰਾ ਦਰਜਾ ਉਸ ਨੇ ਰਾਜੇ ਨੂੰ ਦਿੱਤਾ ਕਿਉਂਕਿ ਉਸ ਦੀ ਸ਼ਕਤੀ ਤੋਂ ਬਿਨਾਂ ਬ੍ਰਾਹਮਣ ਇਕ ਕੌਡੀ ਦਾ ਨਹੀਂ ਸੀ। ਰਾਜੇ ਕੋਲ ਸ਼ਕਤੀ ਹੁੰਦੀ ਹੈ ਇਸ ਲਈ ਉਸ ਨੂੰ ਧਰਤੀ ਦੇ ਬਨਾਉਣ ਵਾਲੇ ਦੀਆਂ ਬਾਹਵਾਂ ਨਾਲ ਜੋੜਿਆ। ਬਾਕੀ ਰਹਿ ਗਈ ਰਹਿੰਦ-ਖੂੰਹਦ ਤੋਂ ਬਿਨਾਂ ਤਾਂ ਸੰਸਾਰ ਹੋਂਦ ਵਿਚ ਹੀ ਨਾ ਰਹਿੰਦਾ, ਇਸ ਲਈ ਇਸ ਨੂੰ ਬ੍ਰਹਮਾ ਦੀਆਂ ਜਾਂਘਾਂ ਨਾਲ ਜੋੜ ਦਿੱਤਾ ਤੇ ਚੌਥੇ ਦਰਜੇ ਨੂੰ ਸਦਾ ਲਈ ਗੁਲਾਮ ਤੇ ਕੈਦੀ ਬਣਾ ਕੇ ਬਾਕੀ ਤਿੰਨਾਂ ਦੀ ਸੇਵਾ ਕਰਨ ਲਈ ਬ੍ਰਹਮਾ ਦੇ ਪੈਰਾਂ ਨਾਲ ਬੰਨ੍ਹ ਦਿੱਤਾ। ਚੌਥੇ ਦਰਜੇ 'ਤੇ ਉਸ ਨੇ ਬਾਕਾਇਦਾ ਲੜਾਈ ਕਰਕੇ ਉਸ 'ਤੇ ਜਿੱਤ ਪ੍ਰਾਪਤ ਕੀਤੀ ਸੀ। ਇਸ ਲਈ ਉਸ ਨੂੰ ਮਧੋਲਣਾ ਤੇ ਮਧੋਲ ਕੇ ਖਤਮ ਕਰਨਾ ਵੀ ਜ਼ਰੂਰੀ ਕੰਮਾਂ ਵਿਚ ਸ਼ਾਮਲ ਸੀ। ਏਸੇ ਲਈ ਹੀ ਬ੍ਰਾਹਮਣ ਦਾ ਜਿੰਨਾ ਜ਼ੋਰ ਚੌਥੇ ਵਰਣ 'ਤੇ ਚੜ੍ਹਿਆ ਹੈ, ਬਾਕੀ ਦੇ ਦੋਵਾਂ 'ਤੇ ਨਹੀਂ ਚੜ੍ਹਿਆ। ਕਿਉਂਕਿ ਬਾਕੀ ਦੇ ਦੋ ਤੇ ਤੀਜਾ ਉਹ ਆਪ ਇਕੋ ਨਸਲ ਵਿਚੋਂ ਸਨ ਪਰ ਵਿਚਾਰਾ ਏਥੋਂ ਦਾ ਮੂਲ ਵਸਨੀਕ, ਜਿਸ ਨੂੰ ਉਸ ਨੇ ਸ਼ੂਦਰ ਕਿਹਾ, ਉਹ ਓਪਰਾ ਤੇ ਹਾਰ ਕੇ ਗੁਲਾਮ ਹੋ ਚੁੱਕੀ ਨਸਲ ਵਿਚੋਂ ਸੀ। ਇਸ ਲਈ ਉਸ ਨਾਲ ਉਸ ਨੇ ਜੰਗੀ ਕੈਦੀਆਂ ਵਾਲਾ ਸਲੂਕ ਕੀਤਾ, ਜੋ ਓਦੋਂ ਕੀਤਾ ਹੀ ਜਾਂਦਾ ਸੀ। ਇਸ ਗੱਲ ਨੂੰ ਬਹੁਤ ਵਿਸਥਾਰ ਵਿਚ ਲਿਜਾਣ ਦੀ ਲੋੜ ਨਹੀਂ। ਇਹ ਸਭ ਕੁਝ ਦਲਿਤ ਲੋਕ ਆਪਣੇ ਪਿੰਡੇ 'ਤੇ ਹੰਡਾ ਚੁੱਕੇ ਹਨ ਤੇ ਹੁਣ ਵੀ ਹੰਡਾ ਰਹੇ ਹਨ।

ਬ੍ਰਾਹਮਣ ਦਾ ਕੰਮ ਸੀ ਪਾਠ-ਪੂਜਾ ਕਰਨੀ ਤੇ ਬਾਕੀ ਦੋਵਾਂ ਵਰਣਾਂ ਦੀ ਭਲਾਈ ਬਾਰੇ ਸੋਚਣਾਂ, ਜਦੋਂ ਕਿ ਚੌਥੇ ਵਰਣ ਦੀ ਬੁਰਾਈ ਬਾਰੇ ਸੋਚਣਾ ਤੇ ਇਹ ਕੰਮ ਪੰਡਿਤ ਨੇ ਬਾਖੂਬੀ ਨਿਭਾਇਆ। ਭਾਰਤ ਵਿਚ ਬ੍ਰਾਹਮਣ ਬਹੁਤ ਉੱਚੇ ਅਹੁਦਿਆਂ 'ਤੇ ਰਿਹਾ ਹੈ ਤੇ ਵਜ਼ੀਰ ਤਾਂ ਆਮ ਤੌਰ 'ਤੇ ਬ੍ਰਾਹਮਣ ਹੀ ਹੁੰਦੇ ਸਨ। ਜਿਸ ਤਰ੍ਹਾਂ ਇੱਲ ਅਸਮਾਨ ਵਿਚ ਜਿੰਨਾਂ ਮਰਜੀ ਉੱਚੀ ਉੱਡੇ, ਉਸਦਾ ਧਿਆਨ ਥੱਲੇ ਜਮੀਨ 'ਤੇ ਮਰੇ ਹੋਏ ਚੂਹੇ ਵਲ ਹੀ ਰਹਿੰਦਾ ਹੈ। ਏਸੇ ਤਰ੍ਹਾਂ ਹੀ ਬ੍ਰਾਹਮਣ ਨੇ ਹੇਠਲੇ ਪੱਧਰ (ਗ੍ਰਾਸ ਰੂਟ ਲੈਵਲ) ਆਪਣਾ ਪਰਭਾਵ ਰੱਖਿਆ ਤੇ ਲੋਕਾਂ ਨਾਲ ਮੇਲ-ਮਿਲਾਪ ਰੱਖਣ ਲਈ ਘਰ ਘਰ ਵਿਚ ਜਾ ਕੇ ਹੰਦੇ ਮੰਗ ਕੇ ਲਿਆਉਂਦਾ ਰਿਹਾ।(ਜਿਸ ਤਰ੍ਹਾਂ ਗੁਰਦੁਆਰੇ ਦੇ ਗ੍ਰੰਥੀ ਘਰਾਂ ਵਿਚੋਂ ਰੋਟੀਆਂ ਮੰਗ ਕੇ ਲਿਆਉਂਦੇ ਹਨ) ਤਾਂ ਕਿ ਉਸਦਾ ਲੋਕਾਂ ਨਾਲੋਂ ਸੰਪਰਕ ਨਾ ਟੁੱਟੇ।

ਆਪਣੇ ਕੋਲ ਉਸ ਨੇ ਸ਼ਕਤੀਆਂ ਤੇ ਕੰਮਾਂ ਦੀ ਵੰਡ ਕਰਦੇ ਵੇਲੇ ਏਨੀਆਂ ਸ਼ਕਤੀਆਂ ਤੇ ਸਹੂਲਤਾਂ ਰੱਖੀਆਂ ਕਿ ਕਸ਼ੱਤਰੀ ਤਾਂ ਸਿਰਫ ਰਾਜ ਹੀ ਕਰਦੇ ਸਨ, ਉਂਗਲੀ ਬ੍ਰਾਹਮਣ ਦੀ ਹੀ ਚਲਦੀ ਸੀ। ਰਾਜੇ ਦੇ ਨਾਲ ਵਜ਼ੀਰਾਂ ਦੀ ਚੋਣ ਇਸ ਢੰਗ ਨਾਲ ਕੀਤੀ ਗਈ ਕਿ ਸਭ ਕੁਝ ਆਪਣੇ ਆਪ ਹੀ ਬ੍ਰਾਹਮਣ ਦੇ ਹੱਥ ਆ ਗਿਆ। ਮਿਸਾਲ ਦੇ ਤੌਰ 'ਤੇ ਬ੍ਰਾਹਮਣ ਨੇ ਸਾਦੇ ਜੀਵਨ ਦਾ ਏਨਾਂ ਪ੍ਰਚਾਰ ਕੀਤਾ ਕਿ ਉਸਦੀ ਮਰਜੀ ਦੇ ਲੋਕ ਹੀ ਰਾਜ ਦਰਬਾਰ ਵਿਚ ਸ਼ਾਮਲ ਹੋਣ ਦੇ ਯੋਗ ਮਿਥੇ ਗਏ। ਕੋਈ ਸ਼ਰਾਬ ਨਾ ਪੀਂਦਾ ਹੋਵੇ, ਸਾਦਾ ਜੀਵਨ ਜਿਉਂਦਾ ਹੋਵੇ, ਸਾਗ ਸਬਜ਼ੀ ਖਾਂਦਾ ਹੋਵੇ, ਰੋਜ ਪੂਜਾ-ਪਾਠ ਕਰਦਾ ਹੋਵੇ, ਗੱਲ ਕੀ ਐਸੇ ਐਸੇ ਆਧਾਰ ਤਿਆਰ ਕੀਤੇ ਗਏ ਕਿ ਸਿਆਣੇ ਤੋਂ ਸਿਆਣੇ ਲੋਕ ਵੀ ਰਾਜਿਆਂ ਦੇ ਦਰਬਾਰ ਦੇ ਨੇੜੇ ਨਹੀਂ ਸਨ ਲੱਗ ਸਕਦੇ, ਹਾਲਾਂਕਿ ਸਵੇਰੇ ਉੱਠ ਕੇ ਇਸ਼ਨਾਨ ਨਾ ਕਰਨਾ, ਮਾਸ ਨਾ ਖਾਣਾ, ਸ਼ਰਾਬ ਨਾ ਪੀਣੀ ਮਹਾਂਪੁਰਖ ਜਾਂ ਸਿਆਣੇ ਹੋਣ ਦੀ ਕਸਵੱਟੀ ਨਹੀਂ ਪਰ ਫੇਰ ਵੀ ਦੇਸੀ ਦੁਆਈਆਂ ਦੇਣ ਵਾਲੇ, ਮੁੰਡੇ ਜੰਮਣ ਦੀਆਂ ਦਵਾਈਆਂ ਦੇਣ ਵਾਲੇ ਤੇ ਇਸ ਕਿਸਮ ਦੇ ਹੋਰ ਚਾਲੂ ਲੋਕਾਂ

ਨੂੰ ਵਿਦਵਾਨ ਬਣਾ ਕੇ ਬ੍ਰਾਹਮਣ ਨੇ ਐਸੇ ਢੰਗ ਨਾਲ ਰਾਜ ਦਰਬਾਰ ਵਿਚ ਪਹੁੰਚਾਇਆ ਕਿ ਸਾਧਾਰਨ ਕਿਸਮ ਦਾ ਜੀਵਨ ਜੀਉਣ ਵਾਲੇ ਲੋਕਾਂ ਨੂੰ ਆਪਣੇ ਆਪ 'ਤੇ ਹੀ ਆਤਮ ਗਿਲਾਨੀ ਹੋਣ ਲੱਗ ਪਈ। ਉਹ ਆਪਣੇ ਆਪ ਨੂੰ ਪਾਪੀ ਤੇ ਬ੍ਰਾਹਮਣ ਤੇ ਬ੍ਰਾਹਮਣ ਦੁਆਰਾ ਥਾਪੇ ਹੋਏ ਲੋਕਾਂ ਨੂੰ ਸਤਿਕਾਰਯੋਗ ਸਮਝਣ ਲੱਗ ਪਏ। ਸਿੱਖਾਂ ਵਿਚ ਹੁਣ ਵੀ ਬ੍ਰਾਹਮਣ ਦੀ ਤੈਅ ਕੀਤੀ ਹੋਈ ਕਾਬਲੀਅਤ ਹੀ ਅੱਜ ਤਕ ਪ੍ਰਚੱਲਤ ਹੈ। ਭਾਵੇਂ ਕਿ ਨਿਖੇੜ ਕੇ ਬਣਾਏ ਗਏ ਇਸ ਧਰਮ ਵਿਚ ਬ੍ਰਾਹਮਣ ਜ਼ੀਰੋ ਹੈ ਪਰ ਫਿਰ ਵੀ ਬ੍ਰਾਹਮਣ ਸਭ ਕੁਝ ਹੈ।

ਕਸ਼ੱਤਰੀ ਰਾਜਾ ਭਾਵੇਂ ਹੋਰ ਜਿੰਨੀਆਂ ਮਰਜ਼ੀ ਔਰਤਾਂ ਨਾਲ ਭੋਗ ਕਰ ਲਵੇ ਪਰ ਬ੍ਰਾਹਮਣੀ ਨੂੰ ਉਂਗਲੀ ਨਹੀਂ ਸੀ ਲਾ ਸਕਦਾ। ਬ੍ਰਾਹਮਣ ਦਾ ਇਹ ਅਧਿਕਾਰ ਬਾਕੀ ਦੇ ਤਿੰਨਾਂ ਵਰਣਾਂ 'ਤੇ ਰਾਖਵਾਂ ਸੀ। ਜੇ ਰਾਜੇ ਨੂੰ ਦੱਬਿਆ ਧਨ ਮਿਲੇ ਤਾਂ ਅੱਧਾ ਬ੍ਰਾਹਮਣ ਨੂੰ ਦੇਵੇ, ਜੇ ਕੋਈ ਬ੍ਰਾਹਮਣ ਦੇ ਖਿਲਾਫ ਅਨਾਪ-ਸ਼ਨਾਪ ਬੋਲ ਦੇਵੇ ਤਾਂ ਰਾਜੇ ਦਾ ਪਵਿੱਤਰ ਫਰਜ਼ ਬਣਦਾ ਸੀ ਕਿ ਬ੍ਰਾਹਮਣ ਦੇ ਆਖੇ ਤੋਂ ਬਿਨਾਂ ਹੀ ਉਹਦੇ ਮੂੰਹ ਵਿਚ ਨੌਂ ਉਂਗਲਾਂ ਲੰਮਾ ਲੋਹੇ ਦਾ ਕਿੱਲਾ ਠੋਕ ਦੇਵੇ, ਜੇ ਕੋਈ ਸ਼ੂਦਰ ਮੰਤਰਾਂ ਦਾ ਜਾਪ ਹੁੰਦਾ ਚੋਰੀ-ਛੁਪੇ ਸੁਣ ਲਵੇ ਤਾਂ ਰਾਜੇ ਦਾ ਫਰਜ਼ ਬਣਦਾ ਸੀ ਕਿ ਉਸ ਦਾ ਸਿਰ ਕਲਮ ਕਰੇ ਜਾਂ ਉਸ ਦੇ ਕੰਨਾਂ ਵਿਚ ਪਿਘਲਦਾ ਸ਼ੀਸ਼ਾ ਭਰਵਾਵੇ। ਏਸੇ ਨਿਯਮ ਦੇ ਤਹਿਤ ਰਾਮ ਕੋਲੋਂ ਸ਼ੰਭੂਕ ਨਾਂ ਦਾ ਸ਼ੂਦਰ ਮਰਵਾਇਆ ਗਿਆ ਸੀ। ਜੰਗੀ ਵਿੱਦਿਆ ਲੈਣ ਦਾ ਸ਼ੂਦਰ ਨੂੰ ਕੋਈ ਹੱਕ ਨਹੀਂ ਸੀ। ਦਰੋਣਾਚਾਰੀਆ ਨੇ ਏਕਲਵਯਾ ਨੂੰ ਧਨੁਸ਼ ਵਿੱਦਿਆ ਸਿਖਾਉਣ ਤੋਂ ਨਾਂਹ ਕਰ ਦਿੱਤੀ, ਫਿਰ ਵੀ ਉਸ ਨੇ ਉਸ ਦੀ ਮੂਰਤੀ ਬਣਾ ਕੇ ਧਨੁਸ਼ ਵਿੱਦਿਆ ਸਿੱਖ ਲਈ। ਉਹ ਏਨਾਂ ਮਾਹਿਰ ਹੋ ਗਿਆ ਕਿ ਇਕ ਕੁੱਤਾ ਭੌਂਕਿਆ, ਉਸ ਨੇ ਤੀਰ ਚਲਾ-ਚਲਾ ਕੇ ਕੁੱਤੇ ਦਾ ਮੂੰਹ ਭਰ ਦਿੱਤਾ ਤੇ ਕੁੱਤੇ ਨੂੰ ਤੀਰ ਦੀ ਚੁੰਝ ਦੀ ਝਰੀਟ ਵੀ ਨਾ ਲੱਗਣ ਦਿੱਤੀ। ਇਹ ਪ੍ਰਦਰਸ਼ਨ ਕਰਕੇ ਏਕਲਵਯ ਨੇ ਬੜੇ ਚਾਅ ਨਾਲ ਦਰੋਣਾਚਾਰੀਆ ਨੂੰ ਦੱਸਿਆ ਤੇ ਉਸ ਨੇ ਗੁਰੂ ਦਖਸ਼ਣਾ ਬਦਲੇ ਉਸ ਦਾ ਅੰਗੂਠਾ ਮੰਗ ਲਿਆ।

ਇਸ ਸਾਰੀ ਕਹਾਣੀ ਤੋਂ ਪਤਾ ਲਗਦਾ ਹੈ ਕਿ ਸ਼ੂਦਰ ਬਹੁਤ ਕਮ-ਅਕਲ ਵੀ ਹੋ ਚੁੱਕੇ ਸਨ, ਨਹੀਂ ਤਾਂ ਏਕਲਵਯ ਨੂੰ ਦਰੋਣਾਚਾਰੀਆ ਦਾ ਬੁੱਤ ਬਨਾਉਣ ਦੀ ਕੀ ਲੋੜ ਸੀ? ਧਨੁਸ਼ ਵਿੱਦਿਆ ਤਾਂ ਅਭਿਆਸ ਕਰਨ ਨਾਲ ਆਉਂਦੀ ਹੈ (Practise makes a man Perfect)। ਦੂਜੀ ਗੱਲ ਇਹ ਕਿ ਉਹਦੇ ਸਾਹਮਣੇ ਪ੍ਰਦਰਸ਼ਨ ਦੀ ਕੀ ਲੋੜ ਸੀ? ਤੀਜਾ ਜਦੋਂ ਉਹਨੇ ਅੰਗੂਠਾ ਮੰਗਿਆ ਸੀ ਤਾਂ ਇਕ ਤੀਰ ਉਹਦੀ ਵੱਖੀ ਥਾਣੀ ਕਿਉਂ ਨਾ ਲੰਘਾਇਆ? ਉਹ ਉਸ ਨੂੰ ਇਹ ਤਾਂ ਪੁੱਛ ਹੀ ਸਕਦਾ ਸੀ ਕਿ ਬਾਹਮਣਾਂ ਮੈਂ ਜਦੋਂ ਤੈਨੂੰ ਗੁਰੂ ਧਾਰਨ ਗਿਆ ਸਾਂ ਤਾਂ ਤੂੰ ਸ਼ੂਦਰ ਨੂੰ ਨਫਰਤ ਕਰਦਾ ਹੋਣ ਕਰਕੇ ਮੈਨੂੰ ਸਵੀਕਾਰ ਨਾ ਕੀਤਾ, ਹੁਣ ਮੈਂ ਜਦੋਂ ਅਭਿਆਸ ਕਰ-ਕਰਕੇ ਨਿਪੁੰਨ ਧਨੁਸ਼ਧਾਰੀ ਬਣ ਗਿਆ ਹਾਂ ਤਾਂ ਤੂੰ ਅੰਗੂਠਾ ਮੰਗਣ ਲੱਗ ਪਿਆ ਹੈਂ, ਤੂੰ ਮਾਮਾ ਲਗਦਾ ਹੈਂ ਮੇਰੇ ਅੰਗੂਠੇ ਦਾ, ਤੇਰਾ-ਮੇਰਾ ਰਿਸ਼ਤਾ ਹੀ ਕੀ ਹੈ? ਚੁੱਪ ਕਰਕੇ ਚਲਾ ਜਾ ਨਹੀਂ ਤਾਂ ਐਸ ਕੁੱਤੇ ਵਾਲਾ ਹੀ ਹਾਲ ਕਰੂੰ ਤੇਰਾ ਵੀ, ਆਖੇਂ ਤਾਂ ਵਿਖਾਵਾਂ ਤੈਨੂੰ ਨਮੂਨਾ। ਲੈ ਭੱਜੇ ਜਾਂਦੇ ਉਸ ਬ੍ਰਾਹਮਣ ਰਿਸ਼ੀ ਨੂੰ ਰਾਹ ਨਹੀਂ ਸੀ ਲੱਭਣਾ ਪਰ ਗੁਲਾਮੀ ਨੇ ਸ਼ੂਦਰ ਨੂੰ ਏਨਾਂ ਬੇਬਸ ਕਰ ਦਿੱਤਾ ਸੀ ਤੇ ਉਸ ਦੀ ਸੋਚਣ-ਸਮਝਣ ਦੀ ਸ਼ਕਤੀ ਨੂੰ ਇਸ ਹੱਦ ਤਕ ਕਮਜ਼ੋਰ ਕਰ ਦਿੱਤਾ ਸੀ ਕਿ ਉਹ ਤਰਕ ਦੇ ਕੇ ਆਪਣੇ-ਆਪ ਨੂੰ ਸੱਚਾ ਤੇ ਉਸ ਨੂੰ ਝੂਠਾ ਵੀ ਸਾਬਤ ਨਾ ਕਰ ਸਕਿਆ। ਕਿਸੇ 'ਤੇ ਕਾਬੂ ਪਾਉਣ ਲਈ ਸ਼ਕਤੀ ਦੀ ਲੋੜ ਹੁੰਦੀ ਹੈ।

ਹੈ, ਉਹ ਏਕਲਵਯ ਮਿਹਨਤ ਨਾਲ ਪ੍ਰਾਪਤ ਕਰ ਹੀ ਚੁੱਕਾ ਸੀ, ਫਿਰ ਉਸ ਨੂੰ ਬ੍ਰਾਹਮਣ ਦੀ ਮੁਥਾਜਗੀ ਕਾਹਦੀ ਸੀ? ਹੁਣ ਵੀ ਕਈ ਵਾਰ ਅਖਬਾਰ ਵਿਚ ਆਉਂਦਾ ਹੈ ਕਿ ਫਲਾਣੇ ਮੰਦਰ ਦਾ ਦਰਵਾਜਾ ਸ਼ੂਦਰਾਂ ਵਾਸਤੇ ਵੀ ਖੋਲ੍ਹਿਆ ਜਾਣਾ ਚਾਹੀਦਾ ਹੈ। ਕੀ ਬੇਹੂਦਾ ਮੰਗ ਹੈ ਸ਼ੂਦਰਾਂ ਦੀ। ਬੰਦਾ ਪੁੱਛੇ ਜਿਨ੍ਹਾਂ ਮੰਦਰਾਂ ਨੇ ਤੁਹਾਡੇ ਨਾਲ ਪੰਜ ਹਜ਼ਾਰ ਸਾਲ ਤੋਂ ਕੁੱਤਿਆਂ ਤੋਂ ਵੀ ਭੈੜਾ ਵਿਹਾਰ ਕੀਤਾ ਹੈ, ਜਿਨ੍ਹਾਂ ਮੰਦਰਾਂ ਵਿਚ ਕੁੱਤੇ ਤਾਂ ਜਾ ਸਕਦੇ ਸਨ, ਪਰ ਜਿਉਂਦਾ ਜਾਗਦਾ ਮਨੁੱਖ ਦਲਿਤ ਨਹੀਂ ਸੀ ਜਾ ਸਕਦਾ, ਤੁਸੀਂ ਅੱਗ ਲਾਉਣੀ ਹੈ, ਉਨ੍ਹਾਂ ਮੰਦਰਾਂ ਨੂੰ? ਸਗੋਂ ਉਹ ਤਾਂ ਤੁਹਾਡੀਆਂ ਮਿੰਨਤਾਂ ਵੀ ਕਰਨ ਕਿ ਸਾਡੇ ਮੰਦਰ ਵਿਚ ਜ਼ਰੂਰ ਆਓ ਤਾਂ ਤੁਸੀਂ ਠੋਕਰ ਮਾਰ ਕੇ ਕਹੋ, 'ਅਸੀਂ ਤੁਹਾਡੇ ਮੰਦਰ ਵੱਲ ਵੇਖਣਾ ਵੀ ਨਹੀਂ, ਆਉਣ ਦੀ ਤਾਂ ਗੱਲ ਹੀ ਦੂਰ ਹੈ। ਅਸਲ ਵਿਚ ਦਲਿਤ ਵੀ ਗੁਲਾਮੀ ਦਾ ਆਦੀ ਹੋ ਚੁੱਕਾ ਹੈ ਨਹੀਂ ਤਾਂ ਜਦੋਂ ਪਾਕਿਸਤਾਨ ਬਣਿਆ ਸੀ ਤਾਂ ਇਨ੍ਹਾਂ ਨੂੰ ਮੁਸਲਮਾਨ ਬਣ ਕੇ ਉਧਰ ਰਹਿਣ ਵਿਚ ਕੀ ਹਰਜ ਸੀ? ਮੁਸਲਮਾਨਾਂ ਵਿਚ ਨਾ ਕੋਈ ਊਚਨੀਚ ਤੇ ਨਾ ਹੀ ਜਾਤਪਾਤ ਹੈ, ਇਕੋ ਥਾਂ ਤੋਂ ਹੀ ਚੁੱਕ ਚੁੱਕ ਕੇ ਰੋਟੀਆਂ ਖਾ ਲੈਂਦੇ ਹਨ ਤੇ ਕੋਈ ਛੂਆਛਾਤ ਨਹੀਂ ਕਰਦੇ।

ਬ੍ਰਾਹਮਣ ਨੇ ਲੋਕਾਂ ਨੂੰ ਨਿਤਾਣਾ ਕਰਨ ਲਈ ਬੜੀਆਂ ਵਚਿੱਤਰ ਖੇਡਾਂ ਖੇਡੀਆਂ ਹਨ। ਇਕ ਮੌਸਿਚ (Mosoch) ਨਾਂਅ ਦਾ ਲੇਖਕ ਹੋਇਆ ਹੈ। ਉਸੇ ਤੋਂ ਹੀ ਮੌਸੋਚਿਜ਼ਮ Mosochism) ਬਣਿਆ ਹੈ। ਇਸ ਦਾ ਅਰਥ ਹੈ ਆਪਣੇ ਆਪ ਨੂੰ ਦੁੱਖ ਦੇਣਾ। ਇਹ ਲੇਖਕ ਆਪਣੇ ਆਪ ਨੂੰ ਕੋੜੇ ਮਾਰਦਾ ਸੀ ਤੇ ਆਪਣੇ ਸਰੀਰ ਵਿਚ ਕਿੱਲ ਚੁਭੋਂਦਾ ਸੀ। ਇਹ ਇਕ ਤਰ੍ਹਾਂ ਦੀ ਬਿਮਾਰੀ ਹੈ। ਮੰਦਰਾਂ, ਗੁਰਦੁਆਰਿਆਂ ਤੇ ਮਸਜਿਦਾਂ ਵਿਚ ਇਸ ਤਰ੍ਹਾਂ ਦੇ ਮਾਨਸਿਕ ਰੋਗੀ ਬਹੁਤ ਹੁੰਦੇ ਹਨ, ਜਿਨ੍ਹਾਂ ਨੂੰ ਲੋਕ ਪੂਜਦੇ ਹਨ। ਪਰ ਅਸਲ ਵਿਚ ਇਹ ਬਿਮਾਰ ਹੁੰਦੇ ਹਨ। ਇਹਨਾਂ ਬਿਮਾਰਾਂ ਨੂੰ ਆਪਣੇ ਆਪ ਨੂੰ ਤੰਗ ਕਰਨ ਵਿਚ ਬੜਾ ਮਜ਼ਾ ਆਉਂਦਾ ਹੈ। ਇਹੋ ਜਿਹੇ ਲੋਕਾਂ ਨੂੰ ਪੂਜਣਾ ਜਾਂ ਉਹਨਾਂ ਦੀ ਇੱਜ਼ਤ ਕਰਨੀ ਵੱਡਾ ਪਾਪ ਹੈ। ਗੁਰਬਾਣੀ ਵਿਚ ਸਤਗੁਰਾਂ ਨੇ ਕਿਹਾ ਹੈ-ਨਾ ਬੰਦਾ ਆਪਣੇ ਆਪ ਨੂੰ ਸਤਾਵੇ ਤੇ ਨਾ ਹੀ ਕਿਸੇ ਹੋਰ ਨੂੰ ਸਤਾਵੇ। ਨਾ ਤਾਂ ਆਪ ਡਰੇ ਤੇ ਨਾ ਹੀ ਕਿਸੇ ਹੋਰ ਨੂੰ ਡਰਾਵੇ। ਪਰ ਬ੍ਰਾਹਮਣ ਨੇ ਸਦੀਆਂ ਤੋਂ ਇਸ ਤਰ੍ਹਾਂ ਦੇ ਬੰਦਿਆਂ ਨੂੰ ਭੂਏ ਚੜ੍ਹਾਈ ਰੱਖਿਆ ਹੈ। ਕਿਉਂਕਿ ਇਹ ਕਮਲੇ ਜਿਹੇ ਲੋਕ ਬ੍ਰਾਹਮਣ ਦੀ ਹੀ ਸਹਿਯੋਗੀ ਜੁੰਡਲੀ ਦੇ ਮੈਂਬਰ ਹੁੰਦੇ ਹਨ, ਜਿਨ੍ਹਾਂ ਦੇ ਅਬਲ ਟਬਲ ਬੋਲ ਕਈ ਵਾਰ ਸਹਿਵਨ ਪੂਰੇ ਵੀ ਹੋ ਜਾਂਦੇ ਹਨ। ਕਿਉਂਕਿ ਇਹ ਲੋਕ ਸਾਰਾ ਦਿਨ ਬੱਕੜਵਾਹ ਕਰਦੇ ਰਹਿੰਦੇ ਹਨ, ਜੇ ਸੌ ਗੱਲਾਂ ਵਿਚੋਂ ਇਕ ਗੱਲ ਵੀ ਪੂਰੀ ਹੋ ਜਾਵੇ ਤਾਂ ਸਮਝਿਆ ਜਾਂਦਾ ਹੈ ਕਿ ਇਹ ਰੱਬ ਨੂੰ ਪਹੁੰਚਿਆ ਹੋਇਆ ਫ਼ਕੀਰ ਹੈ। ਹਾਲਾਂ ਕਿ ਉਹ ਵਿਚਾਰਾ ਮਾਨਸਿਕ ਰੋਗ ਤੋਂ ਪੀੜਤ ਹੁੰਦਾ ਹੈ। ਉਸਦਾ ਇਲਾਜ ਹੋਣਾ ਚਾਹੀਦਾ ਹੈ। ਪਰ ਬ੍ਰਾਹਮਣ ਕਹਿੰਦਾ ਹੈ,"ਕਿਆ ਜਾਨੇ ਕਿਸ ਭੇਸ ਮੇਂ ਬਾਬਾ ਮਿਲ ਜਾਏ ਭਗਵਾਨ ਰੇ।" ਬ੍ਰਾਹਮਣ ਹਮੇਸ਼ਾਂ ਗੈਬੀ ਸ਼ਕਤੀ ਦਾ ਡਰ ਬਣਾਈ ਰੱਖਦਾ ਹੈ। ਅੱਜ ਕਲ ਸਿੱਖ ਵੀ ਏਸੇ ਰਾਹ ਤੁਰ ਪਏ ਹਨ।

ਕਿਉਂਕਿ ਮੰਦਰਾਂ, ਮਸਜਿਦਾਂ ਅਤੇ ਗੁਰਦੁਆਰਿਆਂ ਵਿਚ ਡਰੇ ਹੋਏ ਅਤੇ ਝੁਕੇ ਹੋਏ ਲੋਕ ਜਾਂਦੇ ਹਨ, ਉਹ ਆਪਣੇ ਘਰ ਤੇ ਬਾਲ ਬੱਚੇ ਦੀ ਸੁੱਖ ਸੁਖੀਲੀ ਲਈ ਟੱਲ ਵਜਾਉਣ ਤੋਂ ਲੈ ਕੇ ਸਰਦਲਾਂ 'ਤੇ ਨੱਕ ਰਗੜਨ ਤਕ ਵੀ ਜਾਂਦੇ ਹਨ। ਉਹਨਾਂ ਨੂੰ ਹਰ ਵੇਲੇ ਡਰ ਲੱਗਾ ਰਹਿੰਦਾ ਹੈ ਕਿ ਕਿਤੇ ਮੇਰੇ ਪਰਿਵਾਰ ਦਾ ਕੋਈ ਜੀਅ ਮੈਥੋਂ ਵਿੱਛੜ ਨਾ ਜਾਵੇ(ਮਰ ਨਾ ਜਾਵੇ) ਜਾਂ ਮੇਰਾ ਕਾਰੋਬਾਰ ਠੀਕ ਹੋ ਜਾਵੇ ਜਾਂ ਠੀਕ ਹੈ ਤੇ ਏਸੇ ਤਰ੍ਹਾਂ ਹੀ ਚਲਦਾ ਰਹੇ। ਫਿਰ ਉਸਨੂੰ

ਇਹ ਵੀ ਡਰ ਰਹਿੰਦਾ ਹੈ ਕਿ ਕਿਤੇ ਮੈਂ ਹੀ ਨਾ ਮਰ ਜਾਵਾਂ। ਇਸ ਤਰ੍ਹਾਂ ਹਰ ਮਨੁੱਖ ਦੇ ਬਹੁਤ ਸਾਰੇ ਡਰ ਹੁੰਦੇ ਸਨ। ਉਹ ਰੱਬ ਅੱਗੇ ਨਹੀਂ ਸਗੋਂ ਆਪਣੇ ਡਰ ਅੱਗੇ ਝੁਕੇ ਹੋਏ ਹੁੰਦੇ ਹਨ। ਝੁਕਣਾ ਹਾਰ ਦੀ ਨਿਸ਼ਾਨੀ ਹੈ ਤੇ ਇਹ ਹਾਰੇ ਹੋਏ ਲੋਕ ਹੀ ਬ੍ਰਾਹਮਣ ਦਾ ਅਸਲ ਸ਼ਿਕਾਰ ਹੁੰਦੇ ਹਨ।

ਏਸੇ ਤਰ੍ਹਾਂ ਹੀ ਮੰਗਣਾ ਵੀ ਇਸ ਦੇਸ਼ ਦੀ ਸੰਸਕ੍ਰਿਤੀ ਦੀ ਆਤਮਾ ਬਣ ਚੁੱਕੀ ਹੈ। ਤਾਂ ਹੀ ਤਾਂ ਲੋਹੜੀ ਵਰਗੇ ਫਜ਼ੂਲ ਜਹੇ ਤਿਓਹਾਰ ਇਜ਼ਾਦ ਕੀਤੇ ਗਏ ਹਨ ਤਾਂ ਕਿ ਸਾਲ ਵਿਚ ਇਕ ਵਾਰ ਅਮੀਰ ਵੀ ਮੰਗ ਕੇ ਆਪਣੇ ਦਿਲ ਦਾ ਉਬਾਲ ਕੱਢ ਸਕਣ। ਏਸੇ ਲਈ ਹੀ ਭਾਰਤ ਵਿਚ ਗਰੀਬੀ ਦੀ ਜਕੜ ਗਹਿਰੀ ਹੁੰਦੀ ਗਈ ਹੈ। ਅਮੀਰ ਹੋ ਕੇ ਵੀ ਲੋਕ ਅਮੀਰੀ ਨਹੀਂ ਭੋਗ ਸਕੇ ਤੇ ਕੰਜੂਸ ਹੁੰਦੇ ਗਏ। ਪੂਰੀ ਦੁਨੀਆਂ ਵਿਚ ਪੈਸੇ ਤੇ ਲਿੰਗ ਦੀ ਪੂਜਾ ਕਿਤੇ ਨਹੀਂ ਹੁੰਦੀ ਪਰ ਭਾਰਤ ਵਿਚ ਬ੍ਰਾਹਮਣ ਨੇ ਲੋਕਾਂ ਦੀ ਨਾਸੀਂ ਧੂੰ ਦੇ ਕੇ ਇਹ ਪੂਜਾ ਕਰਵਾਈ ਹੈ। ਇਸ ਲਈ ਬ੍ਰਾਹਮਣ ਦੀ ਸਿਰਜੀ ਹੋਈ ਗਰੀਬੀ ਦੀ ਕਮਜ਼ੋਰੀ ਨੂੰ ਛੁਪਾਉਣ ਲਈ ਸਾਦਗੀ, ਸਰਲਤਾ ਆਦਿ ਦਾ ਨਾਂਅ ਦਿੱਤਾ ਗਿਆ ਹੈ। ਜਦੋਂ ਭਾਰਤ ਆਜ਼ਾਦ ਹੋ ਗਿਆ ਤਾਂ ਵਾਇਸਰਾਏ ਦੇ ਮਹੱਲ ਨੂੰ ਰਾਸ਼ਟਰਪਤੀ ਭਵਨ ਦਾ ਨਾਂਅ ਦਿੱਤਾ ਗਿਆ। ਆਜ਼ਾਦ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਨੇ ਰਾਸ਼ਟਰਪਤੀ ਭਵਨ ਵਿਚ ਰਹਿਣ ਤੋਂ ਇਨਕਾਰ ਕਰ ਦਿੱਤਾ। ਅਖੇ ਨਹੀਂ ਮੈਂ ਤਾਂ ਝੌਂਪੜੀ ਵਿਚ ਹੀ ਰਹਿਣਾ ਹੈ। ਨਵੀਂ-ਨਵੀਂ ਬਣੀ ਭਾਰਤ ਸਰਕਾਰ ਨੂੰ ਆਣ ਵਖ਼ਤ ਪਿਆ। ਰਾਸ਼ਟਰਪਤੀ ਦੀ ਝੁੱਗੀ ਦਿੱਲੀ ਵਿਚ ਕਿਥੇ ਬਣਾਈ ਜਾਵੇ? ਅਖੀਰ ਸੋਚ-ਸੋਚ ਕੇ ਕਾਰੀਗਰਾਂ ਨੂੰ ਬੁਲਾ ਕੇ ਰਾਸ਼ਟਰਪਤੀ ਭਵਨ ਦੇ ਹੀ ਇਕ ਕਮਰੇ ਨੂੰ ਝੁੱਗੀ ਦਾ ਰੂਪ ਦਿੱਤਾ ਗਿਆ। ਕਮਰੇ ਵਿਚ ਹੀ ਕਾਨਿਆਂ ਦੀ ਝੁੱਗੀ ਬਣਾਈ ਗਈ। ਜਿਸ 'ਤੇ ਕਾਨਿਆਂ ਸਮੇਤ ਉਸ ਭਲੇ ਜ਼ਮਾਨੇ ਵਿਚ ਚਾਰ ਲੱਖ ਰੁਪਏ ਖ਼ਰਚਾ ਆਇਆ। ਇਹ ਸਾਰੀ ਬ੍ਰਾਹਮਣ ਦੀ ਖ਼ਚਰ ਵਿਦਿੱਆ ਦਾ ਹੀ ਨਤੀਜਾ ਸੀ।

ਬ੍ਰਾਹਮਣ ਕੀ ਕਹਿ ਕੇ ਲੋਕਾਂ ਨੂੰ ਨਿਤਾਣਾ ਕਰਦਾ ਹੈ? ਬ੍ਰਾਹਮਣ ਕਹਿੰਦਾ ਹੈ ਕਿ ਏਥੇ ਇਸ ਦੁਨੀਆਂ ਵਿਚ ਤੁਸੀਂ ਮੈਨੂੰ ਦਾਨ ਦਿਓ, ਮੈਨੂੰ ਦਿੱਤਾ ਹੋਇਆ ਦਾਨ ਕਈ ਗੁਣਾ ਵੱਧ ਹੋ ਕੇ ਤੁਹਾਨੂੰ ਸਵਰਗ ਵਿਚ ਮਿਲੇਗਾ। ਏਸੇ ਤਰ੍ਹਾਂ ਹੀ ਕਥਾ ਕਰਦਾ ਭਾਈ ਤੇ ਕੀਰਤਨ ਕਰਦਾ ਕੀਰਤਨੀਆ ਕਹਿੰਦਾ ਹੈ ਕਿ 'ਹੇ ਭਾਈ, ਜੇ ਤੂੰ ਭਵਸਾਗਰ ਤੋਂ ਪਾਰ ਲੰਘਣਾ ਹੈ ਤਾਂ ਕੀਰਤਨੀਆਂ ਦੀ ਸੇਵਾ ਕਰ।' ਜੇ ਤਾਂ ਵਾਹਵਾ ਪੈਸੇ ਹੋ ਜਾਣ ਤਾਂ ਕੀਰਤਨੀਆਂ ਪੂਰੇ ਜੋਸ਼ ਵਿਚ ਆ ਕੇ ਹਰਮੋਨੀਅਮ ਵਾਜਾ ਵਜਾਉਂਦਾ ਹੈ ਤੇ ਸ਼ਬਦ ਪੜ੍ਹਦਾ ਹੈ 'ਘਰ ਬੈਠਿਆਂ ਨੌ ਨਿਧ ਪਾਈਂ ਜੀ ਘਰ ਬੈਠਿਆਂ' ਪਰ ਜੇ ਵਾਜੇ 'ਤੇ ਪੈਸੇ ਥੋੜ੍ਹੇ ਹੋਣ ਤਾਂ ਵਾਜਾ ਇਸ ਤਰ੍ਹਾਂ ਵਜਾਉਂਦਾ ਹੈ ਜਿਵੇਂ ਗੁੱਟ ਦੁੱਖਦੇ ਹੋਣ। ਸ਼ਬਦ ਵੀ ਢਹਿੰਦੀਕਲਾ ਵਾਲਾ ਪੜ੍ਹਦਾ ਹੈ। "ਅਸੀਂ ਜਨਮ ਕਰਮ ਦੇ ਹੀਣੇ ਜੀ, ਅਸੀਂ ਜਨਮ ਕਰਮ ਦੇ ਹੀਣੇਂ"। ਬ੍ਰਾਹਮਣ ਨੇ ਲੋਕਾਂ ਨੂੰ ਇਹ ਗੱਲ ਇਸ ਤਰੀਕੇ ਨਾਲ ਸਮਝਾਈ ਹੈ ਕਿ ਉਨ੍ਹਾਂ ਨੂੰ ਭੁੱਲਦੀ ਨਹੀਂ। ਚਾਣਕੀਆ ਨੇ ਕਿਹਾ ਹੈ ਕਿ ਸ਼ੈਤਾਨ ਆਪਣੀ ਗੱਲਬਾਤ ਵਿਚ ਧਾਰਮਕ ਪੁਸਤਕਾਂ ਦੇ ਹਵਾਲੇ ਬਹੁਤ ਦੇਂਦਾ ਹੈ। ਏਸੇ ਤਰ੍ਹਾਂ ਹੀ ਬ੍ਰਾਹਮਣ ਸ਼ਲੋਕ ਉਚਾਰਣ ਕਰ ਕਰ ਕੇ ਦਸਦਾ ਹੈ ਕਿ ਜੇ ਤੁਸੀਂ ਗਰੀਬ ਹੋ ਤਾਂ ਇਸ ਕਰਕੇ ਨਹੀਂ ਕਿ ਅਮੀਰ ਤੁਹਾਨੂੰ ਲੁੱਟਦੇ ਹਨ ਸਗੋਂ ਇਸ ਕਰਕੇ ਗਰੀਬ ਹੋ ਕਿ ਪਿਛਲੇ ਜਨਮ ਵਿਚ ਤੁਸੀਂ ਮਾੜੇ ਕਰਮ ਕੀਤੇ ਸਨ। ਬ੍ਰਾਹਮਣ ਇਕ ਜਨਮ ਪਿਛਲਾ ਤੇ ਇਕ ਜਨਮ ਅਗਲਾ ਏਸੇ ਹੀ ਜਨਮ ਦਾ ਭਾਗ ਮੰਨਦਾ ਹੈ। ਉਹ ਕਹਿੰਦਾ ਹੈ ਕਿ ਪਿਛਲੇ ਜਨਮ ਕਰਕੇ ਤੂੰ

ਇਸ ਜਨਮ ਵਿਚ ਗਰੀਬ ਹੈਂ, ਜੇ ਇਸ ਜਨਮ ਵਿਚ ਪੰਗਾ ਲਿਆ ਤਾਂ ਅਗਲੇ ਜਨਮ ਵਿਚ ਵੀ ਆਨੇ-ਆਨੇ ਦਾ ਮੁਥਾਜ ਹੋਵੇਂਗਾ ਤੇ ਦੁੱਖ ਭੋਗੇਂਗਾ, ਚੰਗਾ ਏਹੋ ਹੀ ਹੈ ਕਿ ਇਸ ਜਨਮ ਵਾਂਗ ਅਗਲਾ ਵੀ ਖਰਾਬ ਨਾ ਕਰ। ਮੇਰੀ ਗਰੰਟੀ ਹੈ ਕਿ ਜੇ ਤੂੰ ਮੇਰੇ ਆਖੇ ਲੱਗੇਂਗਾ ਤਾਂ ਤੇਰੇ ਵਾਰੇ-ਨਿਆਰੇ ਹੋ ਜਾਣਗੇ, ਨਹੀਂ ਤਾਂ ਤੂੰ ਆਪਣੇ ਆਪ ਨੂੰ ਖਤਮ ਸਮਝ। ਬ੍ਰਾਹਮਣ ਦੀਆਂ ਇਹ ਗੱਲਾਂ ਏਨੀਆਂ ਸ਼ਕਤੀਸ਼ਾਲੀ ਨਿਕਲੀਆਂ ਕਿ ਲੋਕਾਂ ਨੇ ਅਸਹਿ ਤੇ ਅਕਹਿ ਦੁੱਖ ਝੱਲਦੇ ਹੋਏ ਵੀ ਭਾਰਤ ਵਿਚ ਕੋਈ ਕ੍ਰਾਂਤੀ ਨਹੀਂ ਕੀਤੀ।

ਪਿਛਲੇ ਪੰਜ ਹਜ਼ਾਰ ਸਾਲ ਤੋਂ ਬ੍ਰਾਹਮਣ ਨੇ ਦੋ ਪੱਕੇ ਧੜੇ ਤਿਆਰ ਕੀਤੇ ਹੋਏ ਹਨ, ਇਕ ਲੁੱਟਣ ਵਾਲਾ, ਦੂਜਾ ਲੁੱਟ ਹੋਣ ਵਾਲਾ। ਲੁੱਟਣ ਵਾਲਾ ਧੜਾ ਤੇ ਬ੍ਰਾਹਮਣ ਦੋਵੇਂ ਘਿਓ ਖਿਚੜੀ ਹਨ। ਲੁੱਟਣ ਵਾਲਾ ਧੜਾ ਲੁੱਟ ਨੂੰ ਆਪਣਾ ਹੱਕ ਸਮਝਦਾ ਹੈ ਤੇ ਲੁੱਟ ਹੋਣ ਵਾਲਾ ਆਪਣਾ ਨਸੀਬ। ਫਿਰ ਕੋਈ ਕ੍ਰਾਂਤੀ ਕਿਵੇਂ ਹੋ ਸਕਦੀ ਹੈ? ਵਿਦਰੋਹ ਮਨ ਵਿਚ ਨਾ ਹੋਵੇ ਤਾਂ ਬਾਹਰ ਕਿਵੇਂ ਆ ਸਕਦਾ ਹੈ? ਬਿਲਕੁਲ ਇਹੋ ਹੀ ਤਰੀਕਾ ਸਿੱਖਾਂ ਦੇ ਸਾਧਾਂ ਦਾ ਹੈ। ਦੁੱਖਾਂ ਦੇ ਮਾਰੇ ਜੀ ਭਿਆਣੇ ਲੋਕ ਆਪਣਾ ਧਿਆਨ ਹੋਰ ਥਾਂ ਪਾਉਣ ਲਈ ਸਾਧਾਂ ਦੁਆਰਾ ਰੱਖੇ ਕੀਰਤਨਾਂ ਤੇ ਜਲੂਸਾਂ ਵਿਚ ਸ਼ਾਮਲ ਹੁੰਦੇ ਹਨ, ਚੜ੍ਹਾਵਾ ਚੜ੍ਹਾਉਂਦੇ ਹਨ, ਸੁੱਖਣਾ ਸੁੱਖਦੇ ਹਨ ਤੇ ਮੁੜ ਆਉਂਦੇ ਹਨ। ਜੇ ਸੁੱਖਣਾ ਪੂਰੀ ਹੋ ਗਈ ਤਾਂ ਪਹਿਲੀ ਦਾ ਭਾਰ ਲਾਹ ਕੇ ਅੱਗੋਂ ਹੋਰ ਸੁੱਖ ਲੈਂਦੇ ਹਨ। ਇਸ ਤਰ੍ਹਾਂ 'ਭੰਡਾ-ਭੰਡਾਰੀਆ ਕਿੰਨਾ ਕੁ ਭਾਰ, ਇਕ ਮੁੱਠੀ ਚੁੱਕ ਲਾ, ਦੂਜੀ ਤਿਆਰ' ਤੇ ਇਸ ਤਰ੍ਹਾਂ ਹੀ ਜੀਵਨ ਲੀਲ੍ਹਾ ਖਤਮ ਹੋ ਜਾਂਦੀ ਹੈ। ਅਗਲੀ ਪੀੜ੍ਹੀ ਫਿਰ ਓਸੇ ਡੇਰੇ ਦੀ ਗੁਲਾਮ ਬਣ ਕੇ ਆਪਣਾ ਫਰਜ਼ ਨਿਭਾਉਣ ਆ ਜਾਂਦੀ ਹੈ।

ਬ੍ਰਾਹਮਣ ਨੇ ਲੁੱਟਣ ਲੱਗਿਆਂ ਗਰੀਬ ਬੰਦੇ ਦਾ ਲਿਹਾਜ਼ ਤਾਂ ਭਾਵੇਂ ਕਦੇ ਨਹੀਂ ਕੀਤਾ ਪਰ ਫਿਰ ਵੀ ਉਸਨੂੰ ਇੱਜ਼ਤ ਦਾ ਨਾਂਅ "ਦਰਿੱਦਰ ਨਾਰਾਇਣ" ਦਿੱਤਾ ਹੈ। ਬ੍ਰਾਹਮਣ ਕਹਿੰਦਾ ਹੈ ਕਿ ਗਰੀਬ ਬੰਦਾ ਪਰਮਾਤਮਾ ਦੇ ਜ਼ਿਆਦਾ ਨੇੜੇ ਹੁੰਦਾ ਹੈ ਕਿਉਂਕਿ ਕਿਸੇ ਨੂੰ ਗਰੀਬ ਤੇ ਅਮੀਰ ਬਨਾਉਣਾ ਪਰਮਾਤਮਾ ਲਈ ਚੁਟਕੀ ਦਾ ਕੰਮ ਹੈ, ਇਸ ਲਈ ਹਰ ਬੰਦੇ ਨੂੰ ਪਰਮਾਤਮਾ ਦੀ ਕਰੋਪੀ ਤੋਂ ਬਚਣ ਲਈ ਬ੍ਰਾਹਮਣ ਦਾ ਸਹਾਰਾ ਲੈਣਾ ਚਾਹੀਦਾ ਹੈ ਤਾਂ ਕਿ ਹਵਨ ਯਗ ਤੇ ਪੂਜਾ ਪਾਠ ਕਰਕੇ ਬ੍ਰਾਹਮਣ ਉਸ ਨੂੰ ਮਾੜੇ ਗ੍ਰਹਿਆਂ ਦੇ ਬੁਰੇ ਪ੍ਰਭਾਵਾਂ ਤੋਂ ਬਚਾਈ ਰੱਖੇ ਪਰ ਫਿਰ ਵੀ ਜੇ ਕੋਈ ਗਰੀਬ ਹੋ ਜਾਂਦਾ ਹੈ ਤਾਂ ਉਸਦੇ ਪੂਰਬਲੇ ਕਰਮਾਂ ਦਾ ਅਸਰ ਵੀ ਹੋ ਸਕਦਾ ਹੈ। ਇਸ ਤਰ੍ਹਾਂ ਦੇ ਕਈ ਰਾਹ ਖੋਲ੍ਹ ਕੇ ਬ੍ਰਾਹਮਣ ਆਪਣੇ ਆਪ ਨੂੰ ਬਰੀ ਕਰ ਲੈਂਦਾ ਹੈ ਤੇ ਏਸੇ ਤਰ੍ਹਾਂ ਹੀ ਅੱਜ ਸਿੱਖਾਂ ਦੇ ਸੰਤ ਸਾਧ ਗੁਰਦੁਆਰਿਆਂ ਦੇ ਗ੍ਰੰਥੀ ਤੇ ਕਥਾ ਵਾਚਕ ਕਰ ਰਹੇ ਹਨ। ਜਿਥੇ ਹਿੰਦੂਆਂ ਦੇ ਬ੍ਰਾਹਮਣ ਦਾ ਜ਼ਿਕਰ ਹੈ, ਪੜ੍ਹ ਕੇ ਸਮਝ ਲਿਆ ਜਾਣਾ ਚਾਹੀਦਾ ਹੈ ਕਿ ਸਿੱਖਾਂ ਲਈ ਉਪਰੋਕਤ ਸਾਧ ਸੰਤ ਵਗੈਰਾ ਬ੍ਰਾਹਮਣ ਦਾ ਹੀ ਰੂਪ ਹਨ। ਜੇ ਗਰੀਬੀ ਨੂੰ ਖ਼ਤਮ ਕਰਨਾ ਹੋਵੇ ਤਾਂ ਗਰੀਬੀ ਨੂੰ ਨਫਰਤ ਕੀਤੀ ਜਾਣੀ ਚਾਹੀਦੀ ਹੈ, ਬਿਲਕੁਲ ਓਸੇ ਤਰ੍ਹਾਂ ਹੀ ਜਿਵੇਂ ਚੇਚਕ ਨੂੰ ਨਫਰਤ ਕੀਤੀ ਗਈ ਸੀ ਤਾਂ ਉਹ ਦੁਨੀਆਂ ਤੋਂ ਖ਼ਤਮ ਹੋ ਗਈ। ਨਹੀਂ ਤਾਂ ਪਹਿਲਾਂ ਲੋਕ ਉਸਨੂੰ ਬ੍ਰਾਹਮਣ ਦਾ ਦਿੱਤਾ ਹੋਇਆ ਧਾਰਮਕ ਨਾਂਅ "ਮਾਤਾ" ਕਹਿ ਕੇ ਪੂਜਦੇ ਵੀ ਰਹੇ ਹਨ। ਪਰ ਹੁਣ ਕੰਧਾਂ 'ਤੇ ਲਿਖਿਆ ਹੋਇਆ ਹੈ ਕਿ ਚੇਚਕ ਦੀ ਖ਼ਬਰ ਦਿਓ ਤੇ ਇਨਾਮ ਪਾਓ।

ਸਿੱਖ ਧਰਮ ਵਿਚ ਸਤਿਗੁਰਾਂ ਨੇ ਗਰੀਬੀ ਨਾਲ ਪੂਰੀ ਪੂਰੀ ਨਫਰਤ ਕੀਤੀ। ਕਿਉਂਕਿ ਉਹਨਾਂ ਨੂੰ ਪਤਾ ਸੀ ਕਿ ਗਰੀਬੀ ਨਿਰੀ ਮੌਤ ਅਤੇ ਲਾਹਨਤ ਹੈ ਤੇ ਇਸਨੂੰ ਖ਼ਤਮ ਕਰਨ

ਨਾਲ ਹੀ ਮਨੁੱਖਤਾ ਦਾ ਭਲਾ ਹੋ ਸਕਦਾ ਹੈ। ਪਹਿਲੇ ਗੁਰੂਆਂ ਨੇ ਲੰਗਰ ਦੀ ਪ੍ਰਥਾ ਚਲਾ ਕੇ ਹਰ ਬੰਦੇ ਲਈ ਮੁਢਲੀ ਲੋੜ ਭੁੱਖ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ। ਨਾਲ ਹੀ ਜਿਸਦੀ ਭੁੱਖ ਦੂਰ ਕੀਤੀ ਉਸਨੂੰ ਕਿਰਤ ਕਰਨ ਅਤੇ ਹੋਰ ਲੋਕਾਂ ਵਿਚ ਵੰਡ ਛਕਣ ਦਾ ਵੀ ਹੁਕਮ ਕੀਤਾ। ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮ ਦਾਸ ਜੀ ਨੇ ਇਕਪੂਰਾ ਤਿਜਾਰਤੀ ਸ਼ਹਿਰ ਅਮ੍ਰਿਤਸਰ ਹੀ ਵਸਾ ਦਿੱਤਾ। ਲੂਣ ਮੰਡੀ, ਘਾਹ ਮੰਡੀ, ਭਾਂਡਿਆ ਾਲਾ ਬਜ਼ਾਰ, ਕੱਪੜਿਆਂ ਵਾਲਾ ਬਜ਼ਾਰ ਤੇ ਹਰ ਤਰ੍ਹਾਂ ਦੀ ਤਿਜ਼ਾਰਤ ਲਈ ਇਕ ਵਪਾਰਕ ਕੇਂਦਰ ਸਥਾਪਤ ਕਰ ਦਿੱਤਾ। ਗੁਰੂ ਜੀ ਖ਼ੁਦ ਆਪ ਸਿੱਖਾਂ ਨੂੰ ਘੋੜਿਆਂ ਦੀਆਂ ਨਸਲਾਂ ਪਰਖਣ ਤੇ ਉਹਨਾਂ ਦਾ ਵਪਾਰ ਕਰਨ ਦੀ ਟ੍ਰੇਨਿੰਗ ਦੇਂਦੇ ਸਨ ਤਾਂ ਕਿ ਸਿੱਖ ਰੁਜਗਾਰ ਦੇ ਮਾਮਲੇ ਵਿਚ ਆਤਮ ਨਿਰਭਰ ਹੋ ਜਾਣ ਤੇ ਵਧੀਆ ਜੀਵਨ ਗੁਜ਼ਾਰਨ ਪਰ ਉਸਤੋਂ ਪਹਿਲਾਂ ਬ੍ਰਾਹਮਣ ਨੇ ਕਦੇ ਵੀ ਇਸ ਤਰ੍ਹਾਂ ਦਾ ਉਪਰਾਲਾ ਨਹੀਂ ਸੀ ਕੀਤਾ। ਜੇ ਕੋਈ ਗਰੀਬ ਸੀ ਤਾਂ ਰੱਬ ਦੀ ਮਰਜ਼ੀ, ਜੇ ਕੋਈ ਅਮੀਰ ਸੀ ਤਾਂ ਰੱਬ ਦੀ ਮਰਜ਼ੀ। ਏਹੋ ਜਹੇ ਰੱਬ ਨੂੰ ਅੱਗੋਂ ਤੋਂ ਖੁਸ਼ ਰਖਣ ਲਈ ਗਰੀਬ ਤੇ ਅਮੀਰ ਦੋਹਾਂ ਦੀ ਹੀ ਪੱਕੀ ਡਿਊਟੀ ਬ੍ਰਾਹਮਣ ਦੀ ਸੇਵਾ ਵਿਚ ਰਹਿਣ ਦੀ ਸੀ। ਨਹੀਂ ਤਾਂ ਗਰੀਬ ਦੇ ਅਗਲੇ ਜਨਮ ਵਿਚ ਵੀ ਗਰੀਬ ਹੀ ਪੈਦਾ ਹੋਣ ਦਾ ਡਰ ਸੀ ਤੇ ਚੰਗਾ ਭਲਾ ਅਮੀਰ ਏਸੇ ਜੀਵਨ ਵਿਚ ਹੀ ਗਰੀਬ ਹੋ ਸਕਦਾ ਸੀ। ਬੱਸ ਡਰਾ ਕੇ ਰੱਖਣਾ ਹੀ ਬ੍ਰਾਹਮਣ ਦਾ ਸਿਧਾਂਤ ਸੀ। ਉਹ ਹੀ ਡਰਾਵਾ ਹੁਣ ਦੇ ਸਾਧ, ਸੰਤ, ਭਾਈ ਤੇ ਕੀਰਤਨੀਏ ਦੇ ਰਹੇ ਹਨ।

ਪੰਜ ਹਜ਼ਾਰ ਸਾਲਾਂ ਤੋਂ ਬ੍ਰਾਹਮਣ ਨੇ ਕੋਈ ਵੱਡੀ ਲੜਾਈ ਨਹੀਂ ਹੋਣ ਦਿੱਤੀ। ਉਸ ਦਾ ਕਾਰਨ ਇਹ ਸੀ ਕਿ ਉਨ੍ਹਾਂ ਦੇ ਹੀ ਬਣਾਏ ਹੋਏ ਦੂਜੇ ਵਰਗ ਅਰਥਾਤ ਕਸ਼ੱਤਰੀ ਨੇ ਬ੍ਰਾਹਮਣਾਂ ਨੂੰ ਬਹੁਤ ਸਤਿਕਾਰ ਦਿੱਤਾ। ਬ੍ਰਾਹਮਣ ਦੇ ਆਖੇ ਉਹ ਕੁਝ ਵੀ ਕਰਦੇ ਰਹੇ। ਉਨ੍ਹਾਂ ਦੀ ਕਾਰਗੁਜ਼ਾਰੀ ਤੋਂ ਬ੍ਰਾਹਮਣ ਪੂਰੀ ਤਰ੍ਹਾਂ ਸੰਤੁਸ਼ਟ ਸੀ। ਜੇ ਕਿਤੇ ਕਿਸੇ ਰਾਜੇ ਦਾ ਰਾਜ ਬਦਲ ਵੀ ਜਾਂਦਾ ਤਾਂ ਬ੍ਰਾਹਮਣ ਫੱਟ ਪਹਿਲੇ ਰਾਜੇ ਨੂੰ ਭੁੱਲ ਕੇ ਦੂਜੇ ਨਾਲ ਜਾ ਲਗਦੇ। ਏਥੋਂ ਤੱਕ ਕਿ ਜੇ ਕੋਈ ਗੈਰ ਕਸ਼ੱਤਰੀ ਵੀ ਰਾਜਾ ਬਣ ਜਾਂਦਾ ਤਾਂ ਉਹ ਉਸ ਦੇ ਵੀ ਓਨੇਂ ਹੀ ਸ਼ੁਭਚਿੰਤਕ ਬਣ ਜਾਂਦੇ, ਜਿੰਨੇ ਕਸ਼ੱਤਰੀ ਰਾਜੇ ਦੇ ਸਨ। ਜੇ ਰਾਜਾ ਮਾਨ ਸਿੰਘ ਨੇ ਅਕਬਰ ਨੂੰ ਆਪਣੀ ਭੈਣ ਦਾ ਡੋਲਾ ਦੇਣ ਦੀ ਬ੍ਰਾਹਮਣ ਨਾਲ ਸਲਾਹ ਕੀਤੀ ਤਾਂ ਉਸ ਨੇ ਇਸ ਕੰਮ ਨੂੰ ਸ਼ੁੱਭ ਕਹਿ ਕੇ ਝੱਟ ਮਨਜ਼ੂਰੀ ਦੇ ਦਿੱਤੀ।

ਹੁਣ ਸਿੱਖਾਂ ਦੇ ਭਾਈਆਂ ਤੇ ਗ੍ਰੰਥੀਆਂ ਦੀ ਵੀ ਇਹ ਹੀ ਗੱਲ ਹੈ। ਜਿਸ ਤਰ੍ਹਾਂ ਬ੍ਰਾਹਮਣਾਂ ਨੂੰ ਪਤਾ ਸੀ ਕਿ ਅਸੀਂ ਮੌਕੇ ਦੇ ਰਾਜਿਆਂ ਦੇ ਆਸਰੇ ਹੀ ਹਾਂ, ਏਸੇ ਤਰ੍ਹਾਂ ਹੀ ਸਾਧਾਂ-ਸੰਤਾਂ ਨੂੰ ਪਤਾ ਹੈ ਕਿ ਅਸੀਂ ਮੌਕੇ ਦੀ ਹਕੂਮਤ ਨਾਲ ਰਹਾਂਗੇ ਤਾਂ ਸੁਖ ਭੋਗਾਂਗੇ। ਏਸੇ ਸੁੱਖ ਕਰਕੇ ਹੀ ਇਨ੍ਹਾਂ ਸਾਧਾਂ ਨੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦਾ ਸਾਥ ਨਹੀਂ ਦਿੱਤਾ ਸਗੋਂ ਬਰਨਾਲੇ, ਬੇਅੰਤ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਦਾ ਪੂਰਾ ਸਾਥ ਦਿੱਤਾ। ਨੌਜਵਾਨ ਖਾੜਕੂਆਂ ਨੂੰ ਇਨ੍ਹਾਂ ਨੇ ਆਪਣੇ ਡੇਰਿਆਂ ਦੀ ਚੌਗਾਠ ਨਹੀਂ ਟੱਪਣ ਦਿੱਤੀ ਸਗੋਂ ਜਾਲਮ ਪੁਲਸੀਆਂ ਤੇ ਮੰਤਰੀਆਂ ਦੇ ਘਰ ਸੰਪਟ ਪਾਠ ਕੀਤੇ ਤੇ ਉਨ੍ਹਾਂ ਦੀ ਚੜ੍ਹਦੀ ਕਲਾ ਲਈ ਅਰਦਾਸਾਂ ਕੀਤੀਆਂ।

ਕਹਿੰਦੇ ਹਨ ਸਿਕੰਦਰ ਜਦੋਂ ਭਾਰਤ ਨੂੰ ਜਿੱਤਦਾ ਹੋਇਆ ਵਾਪਸ ਆਪਣੇ ਦੇਸ਼ ਨੂੰ ਮੁੜਨ ਲੱਗਾ ਤਾਂ ਉਸ ਨੇ ਇਕ ਸੰਤ ਨੂੰ ਆਪਣੇ ਨਾਲ ਆਪਣੇ ਦੇਸ਼ ਲਿਜਾਣ ਦੀ ਸੋਚੀ ਤਾਂ ਕਿ ਓਥੇ ਜਾ ਕੇ ਲੋਕਾਂ ਨੂੰ ਦਿਖਾਇਆ ਜਾਵੇ ਕਿ ਭਾਰਤ ਵਿਚ ਏਦਾਂ ਦੇ ਸੰਤ ਹੁੰਦੇ ਹਨ। ਉਸ

ਨੂੰ ਇਕ ਸੰਤ ਦੀ ਦੱਸ ਪਈ। ਫੌਜ ਦੇ ਅਫਸਰ ਨੇ ਸਮਰਾਟ ਸਿਕੰਦਰ ਦੀ ਇੱਛਾ ਉਸ ਸੰਤ ਨੂੰ ਦੱਸੀ ਤੇ ਕਿਹਾ ਕਿ ਤੂੰ ਜਲਦੀ ਯੂਨਾਨ ਜਾਣ ਦੀ ਤਿਆਰੀ ਕਰ, ਤੇਰੀ ਕਿਸਮਤ ਖੁੱਲ੍ਹ ਗਈ ਹੈ। ਸੰਤ ਨੇ ਜੁਆਬ ਦਿੱਤਾ ਕਿ ਭਾਂਵੇ ਸਮਰਾਟ ਸਾਰੀ ਦੁਨੀਆਂ ਜਿੱਤ ਲਵੇ ਪਰ ਉਹ ਸੰਤ ਨੂੰ ਨਹੀਂ ਜਿੱਤ ਸਕਦਾ। ਇਹ ਕਹਿ ਕੇ ਸੰਤ ਨੇ ਜਾਣ ਤੋਂ ਨਾਂਹ ਕਰ ਦਿੱਤੀ। ਫਿਰ ਸਿਕੰਦਰ ਨੂੰ ਆਪ ਆਉਣਾ ਪਿਆ। ਸੰਤ ਨੇ ਸਿਕੰਦਰ ਨੂੰ ਵੀ ਨਾਂਹ ਕਰ ਦਿੱਤੀ ਤਾਂ ਸਿਕੰਦਰ ਨੇ ਕਿਰਪਾਨ ਕੱਢ ਲਈ ਤੇ ਕਿਹਾ, 'ਸੰਤਾ ਜੇ ਹੁਣ ਨਾਂਹ ਕੀਤੀ ਤਾਂ ਸਿਰ ਧੜ ਤੋਂ ਵੱਖ ਸਮਝੀਂ। ਸੰਤ ਨੇ ਕਿਹਾ, "ਤੂੰ ਸਿਰ ਵੱਢੇਂਗਾ ਕੀਹਦਾ? ਮੈਂ ਤਾਂ ਆਪਣਾ ਸਿਰ ਪਹਿਲਾਂ ਹੀ ਵੱਢਿਆ ਹੋਇਆ ਹੈ, ਜਿਸ ਨੇ ਆਪਣੇ-ਆਪ ਨੂੰ ਜਿੱਤ ਲਿਆ ਹੋਵੇ, ਉਹਨੂੰ ਵੀ ਕੋਈ ਜਿੱਤ ਸਕਦਾ ਹੈ? ਸਮਰਾਟ ਤੂੰ ਲੋਕਾਂ ਨੂੰ ਜਿੱਤ ਸਕਦਾ ਹੈਂ, ਸੰਤਾਂ ਨੂੰ ਨਹੀਂ।"

ਪਰ ਅੱਜ ਦੇ ਸੰਤ ਵਿਦੇਸ਼ਾਂ ਦਾ ਵੀਜਾ ਲਵਾਉਣ ਲਈ ਟੁੱਚੇ ਜਹੇ ਮੰਤਰੀਆਂ ਤੇ ਅਫਸਰਾਂ ਦੀ ਜੁੱਤੀ ਦੇ ਤਲਵੇ ਚੱਟਣ ਤਾਂਈ ਜਾਂਦੇ ਹਨ। ਅਖੇ ਅਸੀਂ ਵਿਦੇਸ਼ਾਂ ਵਿਚ ਸਿੱਖੀ ਦਾ ਪ੍ਰਚਾਰ ਕਰਨ ਜਾਣਾ ਹੈ। ਕੋਈ ਪੁਛੇ ਪਈ ਓਥੇ ਸਿੱਖੀ ਦਾ ਪ੍ਰਚਾਰ ਕਰਨ ਲਈ ਤੇ ਤਾਂ ਜਾਓ ਜੇ ਤੁਸੀਂ ਏਥੇ ਪੂਰੀਆ ਪਾ ਲਈਆਂ ਹੋਣ। ਜਿੱਦਾਂ ਦਾ ਗੰਦ ਤੁਸੀਂ ਏਥੇ ਘੋਲਦੇ ਹੋ ਓਹੋ ਜਿਹਾ ਹੀ ਵਿਦੇਸ਼ਾਂ ਵਿਚ ਘੋਲਦੇ ਹੋ। ਜੇ ਅਮਰੀਕਾ ਵਿਚ ਡਾਲਰ ਦੀ ਕੀਮਤ 48 ਰੁਪਏ ਤੇ ਇੰਗਲੈਂਡ ਵਿਚ ਪੌਂਡ ਦੀ 70 ਰੁਪਏ ਨਾ ਹੋਵੇ ਤਾਂ ਤੁਸੀਂ ਕਦੇ ਓਧਰ ਮੂੰਹ ਵੀ ਨਾ ਕਰੋ। ਜਿਨ੍ਹਾਂ ਦੇਸ਼ਾਂ ਵਿਚ ਕਰੰਸੀ ਦੀ ਕੀਮਤ ਭਾਰਤੀ ਕਰੰਸੀ ਜਿੰਨੀ ਹੀ ਹੈ ਜਾਂ ਇਸ ਤੋਂ ਘੱਟ ਹੈ, ਓਥੇ ਤਾਂ ਤੁਸੀਂ ਕਦੇ ਨਹੀਂ ਗਏ। ਭੱਜ ਭੱਜ ਅਮਰੀਕਾ, ਕਨੇਡਾ ਤੇ ਇੰਗਲੈਂਡ ਹੀ ਜਾਂਦੇ ਹੋ। ਕੀ ਏਥੇ ਸਾਰੇ ਸਿੱਖ ਅਮ੍ਰਿਤਧਾਰੀ ਹੋ ਗਏ ਹਨ, ਜਿਹੜਾ ਵਿਦੇਸ਼ਾਂ ਵਲ ਮੂੰਹ ਕਰ ਲਿਆ ਜੇ? ਏਥੇ ਸੰਤ ਪਹਿਲਾਂ ਹੀ ਉਠ ਕੇ ਐਲਾਨ ਕਰ ਦੇਂਦੇ ਹਨ ਕਿ ਇਹ ਸੰਤਾਂ ਦੀ ਸਟੇਜ ਹੈ ਨਿਰੋਲ ਧਾਰਮਕ ਗੱਲਾਂ ਹੀ ਹੋ ਸਕਦੀਆਂ ਹਨ, ਕੋਈ ਵੀ ਸੱਜਣ ਰਾਜਨੀਤਕ ਗੱਲ ਨਹੀਂ ਕਰ ਸਕਦਾ। ਇਹ ਗੱਲ ਕਰਨ ਲੱਗੇ ਇਹ ਉੱਕਾ ਭੁੱਲ ਜਾਂਦੇ ਹਨ ਕਿ ਸਿੱਖ ਦਾ ਧਰਮ ਤੇ ਰਾਜਨੀਤੀ ਇਕੱਠੀ ਹੈ। ਜੇ ਕੋਈ ਵਿਅਕਤੀ ਰਾਜਨੀਤੀ ਤੋਂ ਵੱਖ ਹੁੰਦਾ ਹੈ ਤਾਂ ਆਪਣੇ-ਆਪ ਹੀ ਧਰਮ ਤੋਂ ਵੀ ਵੱਖ ਹੋ ਜਾਂਦਾ ਹੈ। ਕਿਉਂਕਿ, ਰਾਜਨੀਤੀ ਨੂੰ ਧਰਮ ਨਾਲ ਚਲਾਉਣਾ ਸਿੱਖੀ ਦੀ ਅਟੁੱਟ ਕੜੀ ਹੈ। ਇਹ ਗੁਰੂਆਂ ਦਾ ਸਿਧਾਂਤ ਹੈ, ਜਿਸ ਨੂੰ ਸਾਧ-ਸੰਤ ਰੋਜ਼ ਤੋੜਦੇ-ਮਰੋੜਦੇ ਹਨ। ਉਹ ਸੰਤ ਤਾਂ ਸਿਕੰਦਰ ਨਾਲ ਨਹੀਂ ਗਿਆ ਪਰ ਸਾਡੇ ਸੰਤ ਤਾਂ ਰੋਜ਼ ਹਾਕਮਾਂ ਨੂੰ ਮਿਲਣ ਲਈ ਲਿਲਕੜੀਆਂ ਕੱਢਦੇ ਹਨ ਤੇ ਜਾ ਕੇ ਉਨ੍ਹਾਂ ਦੀਆਂ ਬਰੂਹਾਂ ਉੱਤੇ ਬਹਿਣ ਨੂੰ ਵੀ ਤਿਆਰ ਹਨ। ਜਿਨ੍ਹਾਂ ਸੰਤਾਂ ਨੇ ਸਰਕਾਰ ਨੂੰ ਦਬਕ ਕੇ ਸਿੱਖੀ ਦਾ ਬਚਾਅ ਕਰਨਾ ਸੀ, ਉਹ ਆਪ ਬ੍ਰਾਹਮਣ ਰੂਪ ਹੋ ਕੇ ਲੋਕਾਂ ਨੂੰ ਲੁੱਟਣ ਤੇ ਗੁੰਮਰਾਹ ਕਰਨ ਲਈ ਲੰਗੋਟੇ ਲਾਈ ਫਿਰਦੇ ਹਨ। ਜੇ ਨਿਰੇ ਸਿੱਖ ਡੇਰੇ ਵੀ ਹੁੰਦੇ ਤਾਂ ਸ਼ਾਇਦ ਸਿੱਖੀ ਦਾ ਏਨਾਂ ਨੁਕਸਾਨ ਨਾ ਹੁੰਦਾ ਤੇ ਬਹੁਤੀ ਢਾਅ ਨਾ ਲਗਦੀ ਪਰ ਹੁਣ ਇਹ ਡੇਰੇ ਲੁਬਾਣਿਆਂ, ਰਵਿਦਾਸੀਆਂ, ਸ਼ਹੀਦਾਂ, ਬਾਲਮੀਕੀਆਂ, ਗੁਰੂ ਜੀ ਦੇ ਵੇਲੇ ਘੁੰਗਣੀਆਂ ਵੇਚਣ ਵਾਲੇ ਸੋਮੇ ਸ਼ਾਹ ਜਾਂ ਹੋਰ ਐਸੀਆਂ ਜਾਤਾਂ 'ਤੇ ਵੀ ਆਧਾਰਿਤ ਹਨ। ਹਰ ਡੇਰੇ ਦੀ ਆਪਣੀ ਮਰਿਆਦਾ ਤੇ ਆਪਣੇ ਹੀ ਬਾਣੀ ਦੇ ਅਰਥ ਹਨ।

ਸਿੱਖ ਅੱਜ ਪੂਰਾ ਬ੍ਰਾਹਮਣਵਾਦ ਦੀ ਲੀਹ 'ਤੇ ਚਲਦਾ ਹੈ। ਜਦੋਂ ਕੌਰਵਾਂ ਦੇ ਦਰਬਾਰ ਵਿਚ ਦਰੋਪਤੀ ਦੀ ਸਾੜ੍ਹੀ ਲਾਹੀ ਜਾ ਰਹੀ ਸੀ ਤਾਂ ਉਹ ਬੇਬੱਸ ਆਪਣੇ ਪਤੀਆਂ ਵੱਲ ਵੇਖ ਰਹੀ ਸੀ ਪਰ ਜਦੋਂ ਉਸ ਨੂੰ ਯਕੀਨ ਹੋ ਗਿਆ ਕਿ ਇਨ੍ਹਾਂ ਜੁਆਰੀਆਂ ਨੇ ਤਾਂ ਆਪ

ਮੈਨੂੰ ਦਾਅ 'ਤੇ ਲਾਇਆ ਹੈ, ਇਹ ਮੈਨੂੰ ਨਹੀਂ ਬਚਾਉਣਗੇ ਤਾਂ ਉਸ ਨੂੰ ਪੂਰਾ ਭਰੋਸਾ ਸੀ ਕਿ ਭੀਸ਼ਮ ਪਿਤਾਮਾ ਵਰਗੇ ਬਜ਼ੁਰਗ ਦੇ ਹੁੰਦਿਆਂ ਕੋਈ ਮੇਰੀ ਹਵਾ ਵੱਲ ਵੀ ਨਹੀਂ ਵੇਖ ਸਕਦਾ। ਇਹ ਕਿਵੇਂ ਹੋ ਸਕਦਾ ਹੈ ਕਿ ਉਸ ਸਤਿਕਾਰਯੋਗ ਬਜ਼ੁਰਗ ਦੇ ਹੁੰਦਿਆਂ ਕੋਈ ਮੈਨੂੰ ਬੇਇੱਜ਼ਤ ਕਰਨ ਦੀ ਜੁਅੱਰਤ ਕਰੇ। ਉਸ ਨੇ ਬੜੀਆਂ ਤਰਸ ਭਰੀਆਂ ਨਜ਼ਰਾਂ ਨਾਲ ਭੀਸ਼ਮ ਪਿਤਾਮਾ ਤੇ ਹੋਰ ਰਿਸ਼ੀਆਂ-ਮੁਨੀਆਂ ਵੱਲ ਵੇਖਿਆ। ਉਨ੍ਹਾਂ ਵਿਚ ਦਰੋਣਾਚਾਰੀਆ ਵੀ ਬੈਠਾ ਸੀ, ਜਿਹੜਾ ਪਾਂਡਵਾਂ ਤੇ ਕੌਰਵਾਂ ਦੋਵਾਂ ਦਾ ਹੀ ਗੁਰੂ ਸੀ। ਦਰੋਪਤੀ ਦੀ ਨਜ਼ਰ ਜਦੋਂ ਸਭ ਤੋਂ ਹੁੰਦੀ ਹੋਈ ਦਰੋਣਾਚਾਰੀਆ ਦੇ ਚਿਹਰੇ 'ਤੇ ਪਈ ਤਾਂ ਦਰੋਣਾਚਾਰੀਆ ਨੇ ਅੱਖਾਂ ਥੱਲੇ ਕਰ ਲਈਆਂ। ਦਰੋਪਤੀ ਸਮਝ ਗਈ ਕਿ ਇਨ੍ਹਾਂ ਬੁੱਢੂਆਂ ਨੇ ਮੇਰਾ ਬਚਾਅ ਨਹੀਂ ਕਰਨਾ। ਪਤਾ ਨਹੀਂ ਮਹਾਂਭਾਰਤ ਦੀ ਦਰੋਪਤੀ ਦੀ ਪੱਤ ਬਚੀ ਕਿ ਨਹੀਂ ਪਰ ਸਿੱਖ ਸੰਘਰਸ਼ ਵੇਲੇ ਏਥੋਂ ਵਾਲੀ ਕਿਸੇ ਦਰੋਪਤੀ ਦੀ ਪੱਤ ਨਹੀਂ ਬਚੀ ਹੋਣੀ। ਕਿਉਂਕਿ ਉਸ ਦਰੋਪਤੀ ਦੀ ਸਾੜ੍ਹੀ ਲੱਥਣ ਵੇਲੇ ਬਹੁਤ ਲੋਕ ਮੌਜੂਦ ਸਨ ਪਰ ਥਾਣਿਆਂ ਵਿਚ ਸਾੜ੍ਹੀ ਲਾਹੁਣ ਵਾਲਿਆਂ ਤੋਂ ਬਗੈਰ ਹੋਰ ਓਥੇ ਕੋਈ ਨਹੀਂ ਸੀ ਹੁੰਦਾ। ਓਧਰ ਹਾਲਾਤ ਏਨੇ ਸਾਜਗਾਰ ਸਨ ਕਿ ਆਵਾਜ਼ ਬਾਹਰ ਜਾਵੇ ਵੀ ਤਾਂ ਕਿਸੇ ਨੂੰ ਸੁਣੇ ਨਾ। (ਗੁਰਦੁਆਰਿਆਂ ਦੀਆਂ ਅਵਾਜਾਂ ਦੀ ਕਾਂਵਾਰੌਲੀ ਪਈ ਹੁੰਦੀ) ਗੁਰਬਾਣੀ ਦਾ ਉੱਚੀ ਧੁਨ ਵਿਚ ਕੀਰਤਨ ਹੋ ਰਿਹਾ ਹੈ, ਰਹਿਰਾਸ ਹੋ ਰਹੀ ਹੈ, 'ਅਨੰਦ ਭਇਆ ਮੇਰੀ ਮਾਏ' ਪੜ੍ਹਿਆ ਜਾ ਰਿਹਾ ਹੈ। ਓਧਰ ਇਕ ਅਬਲਾ ਵੀਹ-ਵੀਹ ਪੁਲਿਸ ਵਾਲਿਆਂ ਦੇ ਜ਼ੁਲਮ ਦਾ ਸ਼ਿਕਾਰ ਹੋ ਰਹੀ ਹੁੰਦੀ ਅਤੇ ਏਧਰ ਸ਼ਹਿਰ ਦੇ ਗੁਰਦੁਆਰਿਆਂ ਵਿਚ ਕੰਘੀ-ਪੱਟੀ ਕਰਕੇ ਗਲਵੇਂ ਵਿਚ ਪਾਊਡਰ ਪਾਈ ਸ਼ਹਿਰੀ ਸਿੱਖ ਬੀਬੀਆਂ ਗੁਰਬਾਣੀ ਸੁਣ ਰਹੀਆਂ ਹੁੰਦੀਆਂ। ਲੱਖ ਲਾਹਣਤ ਏ ਏਹੋ ਜਿਹੀ ਕੌਮ ਦੇ, ਜਿਹੜੀ ਦੋ ਭਾਗਾਂ ਵਿਚ ਜ਼ਿੰਦਗੀ ਜਿਉ ਰਹੀ ਹੈ। ਪੰਜਾਬ ਸਮੱਸਿਆ ਵੇਲੇ ਕਈ ਬੀਬੀਆਂ ਨੂੰ ਡੇਰਿਆਂ ਦੇ ਗੁਆਂਢੋਂ ਗੁੱਤਾਂ ਮਰੋੜ-ਮਰੋੜ ਕੇ ਪੁਲਿਸ ਗੱਡੀਆਂ ਵਿਚ ਸੁੱਟ ਕੇ ਲੈ ਗਈ ਪਰ ਇਹ ਕੜਾਹ-ਖਾਣੇ, ਰੇਸ਼ਮੀ ਰਜ਼ਾਈਆਂ ਵਿਚ ਸੌਣ ਵਾਲੇ ਸਾਧ ਟੱਸ ਤੋਂ ਮੱਸ ਨਾ ਹੋਏ ਸਗੋਂ ਲਾਊਡ ਸਪੀਕਰ ਉੱਚੀ ਕਰਕੇ ਸੰਘ ਪਾੜਨ ਲੱਗ ਪੈਂਦੇ ਤਾਂ ਕਿ ਜੇ ਕੋਈ ਪੁੱਛੇਗਾ ਤਾਂ ਅਸੀਂ ਆਖਾਂਗੇ, "ਅਸੀਂ ਤਾਂ ਪਾਠ ਕਰਦੇ ਸਾਂ। ਪੁਲਿਸ ਕਦੋਂ ਆਈ, ਕਦੋਂ ਗਈ, ਸਾਨੂੰ ਪਤਾ ਈ ਨਹੀਂ ਲੱਗਾ।"

ਇਨ੍ਹਾਂ ਡੇਰੇਦਾਰਾਂ ਨੇ ਬੀਬੀਆਂ ਦੀ ਇੱਜ਼ਤ-ਪੱਤ ਬਚਾਉਣ ਲਈ ਕੁਝ ਨਾ ਕੀਤਾ। ਕਈ ਤਾਂ ਪੁਲਿਸ ਵਾਲਿਆਂ ਦੇ ਘਰੀਂ ਓਦੋਂ ਅਖੰਡ ਪਾਠ ਰੱਖੀ ਬੈਠੇ ਸਨ। ਲੋਹੀਆਂ ਲਾਗੇ ਪਿੰਡ ਵਿਚੋਂ ਪੁਲਿਸ ਇਕ ਬੀਬੀ ਨੂੰ ਫੜ ਕੇ ਲੈ ਗਈ, ਉਸ ਦਾ ਬਾਪ ਉਸ ਨੂੰ ਮਿਲਣ ਆਇਆ, ਉਹਨੂੰ ਵੀ ਫੜ ਲਿਆ। ਮੈਂ ਓਦੋਂ ਅਕਾਲੀ ਦਲ ਦਾ ਜ਼ਿਲ੍ਹਾ ਪ੍ਰਧਾਨ ਸੀ। ਜਦੋਂ ਮੈਂ ਰਾਤ ਨੂੰ ਸੱਤ ਕੁ ਵਜੇ ਲੋਹੀਆਂ ਥਾਣੇ ਪਹੁੰਚਿਆ ਤਾਂ ਥਾਣੇਦਾਰ ਥਾਣੇ ਵਿਚ ਹੀ ਬੈਠਾ ਸੀ। ਮੈਂ ਉਸ ਨੂੰ ਉਸ ਬੀਬੀ ਤੇ ਬਜ਼ੁਰਗ ਬਾਰੇ ਪੁੱਛਿਆ ਤਾਂ ਉਹਨੇ ਕਿਹਾ ਇਨ੍ਹਾਂ ਦੇ ਘਰ ਇਕ ਖਾੜਕੂ ਨੇ ਕਿਸੇ ਦਾ ਕਤਲ ਕਰ ਦਿੱਤਾ ਹੈ। ਮੈਂ ਪੁੱਛਿਆ, 'ਉਹ ਕਤਲ ਏਸ ਕੁੜੀ ਜਾਂ ਇਹਦੇ ਪਤੀ ਨੇ ਕੀਤਾ ਹੈ?' ਥਾਣੇਦਾਰ ਸੁੱਚਾ ਸਿੰਘ ਨੇ ਕਿਹਾ, 'ਨਹੀਂ, ਏਹਦਾ ਪਤੀ ਓਦੋਂ ਘਰ ਨਹੀਂ ਸੀ।' ਮੈਂ ਪੁੱਛਿਆ, 'ਖਾੜਕੂ ਤੋਂ ਡਰਦਾ ਓਹਦਾ ਸਕਾ ਚਾਚਾ ਭੱਜਾ-ਭੱਜਾ ਜਾਂਦਾ, ਜੇ ਇਨ੍ਹਾਂ ਦੇ ਘਰ ਵੜ ਗਿਆ ਤੇ ਉਤੋਂ ਉਹਦੇ ਸਕੇ ਭਤੀਜੇ ਖਾੜਕੂ ਨੇ ਗੋਲੀ ਚਲਾ ਕੇ ਉਹਨੂੰ ਮਾਰ ਦਿੱਤਾ ਤਾਂ ਏਸ ਬੀਬੀ ਤੇ ਬਜ਼ੁਰਗ ਨੂੰ ਫੜਨ ਦੀ ਕੀ ਤੁਕ ਸੀ?' ਮੈਂ ਉਸ ਨੂੰ ਕਿਹਾ, 'ਉਸ ਕੁੜੀ ਨੂੰ ਬੁਲਾ, ਮੈਂ ਉਹਨੂੰ ਸਾਰੀ ਗੱਲ ਪੁੱਛਾਂ।' ਥਾਣੇਦਾਰ ਦੇ ਕਹਿਣ 'ਤੇ ਸਪੈਹਣ ਕੁੜੀ ਨੂੰ

ਲੈ ਕੇ ਆਈ। ਉਹ ਕੁੜੀ ਵੀਹਾਂ ਇੱਕੀਆਂ ਸਾਲਾਂ ਦੀ ਸੀ ਤੇ ਸਪੈਹਣ ਵੀ ਏਨੀਂ ਕੁ ਹੀ ਉਮਰ ਦੀ ਸੀ। ਸਪੈਹਣ ਏਨੀ ਸ਼ਰਾਬੀ ਸੀ ਕਿ ਉਸ ਕੋਲੋਂ ਸਿੱਧਾ ਹੋ ਕੇ ਖਲੋਤਾ ਵੀ ਨਹੀਂ ਸੀ ਜਾਂਦਾ। ਮੂੰਹ ਖੋਲ੍ਹਦੀ ਤਾਂ ਸ਼ਰਾਬ ਦੀ ਬੋ ਦਾ ਭਬਾਕਾ ਨਿਕਲਦਾ। ਉਸ ਬੀਬੀ ਨੂੰ ਮੈਂ ਪੁੱਛਿਆ, 'ਤੇਰਾ ਬਾਪ ਇਹਨਾਂ ਕਿੱਥੇ ਰੱਖਿਆ ਹੈ?' ਉਹ ਕਹਿਣ ਲੱਗੀ, 'ਜੀ ਸਾਨੂੰ ਲਿਆਏ ਇਕੱਠਿਆਂ ਨੂੰ ਸੀ, ਜਿੱਪਸੀ ਵਿਚੋਂ ਲਾਹ ਕੇ ਉਹਨੂੰ ਕਿੱਥੇ ਲੈ ਗਏ, ਮੈਨੂੰ ਨਹੀਂ ਪਤਾ।' ਸੁੱਚਾ ਸਿੰਘ ਇੰਸਪੈਕਟਰ ਨੇ ਕਿਹਾ, 'ਉਹਨੂੰ ਬੰਦਿਆਂ ਵਾਲੇ ਪਾਸੇ ਰੱਖਿਆ ਹੈ। ਮੈਂ ਕਿਹਾ, 'ਇਹ ਸਪੈਹਣ ਇਹਦੀ ਰਾਖੀ ਲਈ ਹੈ? ਤੁਸੀਂ ਪੁਲਿਸ ਵਾਲੇ ਵੀ ਧੀਆਂ-ਭੈਣਾਂ ਵਾਲੇ ਹੋ। ਕੁਝ ਤਾਂ ਸ਼ਰਮ ਕਰੋ। ਤੁਹਾਡੀ ਇਹ ਸਪੈਹਣ ਗਸਤੀ ਤਾਂ ਆਪਣੀ ਇੱਜ਼ਤ ਵੀ ਰੋਲੀ ਫਿਰਦੀ ਹੈ। ਇਹ ਤਾਂ ਮਰਦ ਸਿਪਾਹੀਆਂ ਨਾਲ ਗਲਾਸ ਨਾਲ ਗਲਾਸ ਖੜਕਾ ਕੇ ਦਾਰੂ ਪੀਂਦੀ ਆਈ ਹੈ। ਇਹਨੇ ਇਸ ਗਰੀਬਣੀ ਦੀ ਇੱਜਤ ਕੀ ਬਚਾਉਣੀ ਹੈ, ਜਿਹੜੀ ਆਪਣੀ ਲਾਹ ਕੇ ਹੱਥ ਵਿਚ ਫੜੀ ਫਿਰਦੀ ਹੈ।' ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਇਸ ਇਲਾਕੇ ਵਿਚ ਬਹੁਤ ਸਾਰੇ ਸਾਧਾਂ-ਸੰਤਾਂ ਦੇ ਡੇਰੇ ਤੇ ਪੰਚ-ਸਰਪੰਚ ਸਨ ਪਰ ਕੋਈ ਉਸ ਬੇਕਸੂਰ ਬੀਬੀ ਨੂੰ ਬਚਾਉਣ ਲਈ ਨਾ ਬਹੁੜਿਆ।

ਬ੍ਰਾਹਮਣ ਨੇ ਪੰਜ ਹਜ਼ਾਰ ਸਾਲ ਤੋਂ ਦਲਿਤਾਂ ਨੂੰ ਆਪਣੇ ਗੁਲਾਮ ਬਣਾ ਕੇ ਰੱਖਿਆ ਹੈ ਤੇ ਅੱਜ ਵੀ ਉਸ ਨੂੰ ਉਠਣ ਨਹੀਂ ਦੇ ਰਿਹਾ ਬਲਕਿ ਉਠਣ ਜੋਗਾ ਹੀ ਨਹੀਂ ਛੱਡਿਆ। ਰਾਜਸਥਾਨ ਵਿਚ ਅਜੇ ਵੀ ਦਲਿਤ ਲੜਕੀਆਂ ਦੇ ਡੋਲੇ ਪਹਿਲਾਂ ਓਥੋਂ ਦੇ ਉੱਚ ਜਾਤੀਆਂ ਦੇ ਘਰਾਂ ਵਿਚ ਜਾਂਦੇ ਹਨ। ਬਿਹਾਰ ਵਿਚ ਅਜੇ ਵੀ ਕੋਈ ਦਲਿਤ ਚੁਬਾਰਾ ਨਹੀਂ ਪਾ ਸਕਦਾ। ਇਸ ਦੀ ਸਜ਼ਾ ਮੌਤ ਵੀ ਹੋ ਸਕਦੀ ਹੈ। ਇਹ ਦੁਖਦਾਈ ਕਾਂਡਾ ਵਾਲੀ ਕਹਾਣੀ ਛੇਤੀ ਮੁੱਕਣ ਵਾਲੀ ਨਹੀਂ। ਜੈਨੀ, ਬੋਧੀ ਤੇ ਪਾਰਸੀ ਇਸ ਵਿਰਾਟ ਅਜਗਰ ਨੇ ਨਿਗਲ ਲਏ ਹਨ। ਸਿੱਖ ਇਸ ਦੇ ਵਲੇਵੇਂ ਵਿਚ ਆ ਚੁੱਕਾ ਹੈ ਤੇ ਹੁਣ ਇਸ ਦੇ ਨਿਗਲੇ ਜਾਣ ਤੋਂ ਬਚਣ ਦਾ ਕੋਈ ਰਾਹ ਨਹੀਂ। ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਏਨੇਂ-ਏਨੇਂ ਵੱਡੇ ਧਰਮ ਇਸ ਦੇ ਢਹੇ ਕਿਵੇਂ ਚੜ੍ਹੇ? ਜੇ ਕੋਈ ਸਿੱਖ ਆਪਣੀ ਵਾਕ ਚਾਤਰੀ ਨਾਲ ਆਪਣੇ ਕਿਸੇ ਕਕਾਰ ਨੂੰ ਬਰਕਰਾਰ ਰੱਖਣ ਵਿਚ ਕਾਮਯਾਬ ਹੋ ਜਾਂਦਾ ਹੈ ਤਾਂ ਉਹ ਇਹ ਕਿਉਂ ਭੁੱਲ ਜਾਂਦਾ ਹੈ ਕਿ ਸਾਰੇ ਇਸ ਤਰ੍ਹਾਂ ਨਹੀਂ ਕਰ ਸਕਦੇ? ਇਕ ਇਸਾਈ ਪਾਦਰੀ ਨੇ ਮੈਨੂੰ ਮੇਰੇ ਘਰ ਆ ਕੇ ਉਲਾਂਭਾ ਦਿੱਤਾ ਕਿ ਤੁਸੀਂ 'ਵਿਸ਼ਵ ਸਿੱਖ ਕੌਂਸਲ ਦੇ ਚੇਅਰਮੈਨ' ਬਣੇ ਫਿਰਦੇ ਹੋ, ਤੁਹਾਡੇ ਪੰਗਿਆਂ ਦੀ ਚਪੇਟ ਵਿਚ ਤਾਂ ਅਸੀਂ ਵੀ ਆ ਗਏ ਹਾਂ। ਮੈਂ ਕਿਹਾ, 'ਤੁਹਾਡੇ ਚਿਤੜਾਂ 'ਤੇ ਵੀ ਪਟੇ ਵੱਜਣ ਲੱਗ ਪਏ ਹਨ? 'ਉਸ ਕਿਹਾ, 'ਨਹੀਂ' ਇਸ ਤੋਂ ਵੀ ਭੈੜਾ ਹੋ ਰਿਹਾ ਹੈ। ਇਕ ਜਹਾਜ਼ ਵਿਚ ਇਕ ਸਿੱਖ ਪਟਿਆਲਵੀ ਮਿਰਚ ਜਿਡੀ ਕਿਰਪਾਨ ਗਲ ਵਿਚ ਪਾ ਕੇ ਜਹਾਜ਼ 'ਤੇ ਚੜ੍ਹਨਾ ਚਾਹੁੰਦਾ ਸੀ, ਮੈਂ ਵੀ ਓਸੇ ਜਹਾਜ਼ ਵਿਚ ਸਾਂ, ਮੇਰੇ ਗਲ ਵਿਚ ਵੀ ਸਲੀਬ ਸੀ। ਜਦੋਂ ਜਹਾਜ਼ ਵਾਲਿਆਂ ਸਿੱਖ ਦੀ ਮਿਰਚ ਵਰਗੀ ਗਲ ਪਰੋ ਕੇ ਪਾਈ ਹੋਈ ਕਿਰਪਾਨ ਲੁਹਾ ਲਈ ਤਾਂ ਉਨ੍ਹਾਂ ਨੇ ਇਸ ਗੱਲ ਨੂੰ ਠੀਕ ਸਿੱਧ ਕਰਨ ਲਈ ਮੇਰੀ ਸਲੀਬ ਵੀ ਲੁਹਾ ਲਈ। ਉਸ ਨੇ ਮੈਨੂੰ ਫਲਾਈਟ ਨੰਬਰ ਤੇ ਤਾਰੀਖ ਵੀ ਦਿੱਤੀ। ਮੇਰੇ ਹਿਸਾਬ ਨਾਲ ਇਹ ਮਾਮੂਲੀ ਗੱਲ ਸੀ।

ਜਦੋਂ ਅਸੀਂ ਪਾਰਲੀਮੈਂਟ ਉਡਾਉਣ ਵਾਲੇ ਕੇਸ ਵਿਚ ਜੇਲ੍ਹ ਵਿਚ ਬੰਦ ਸਾਂ ਤੇ ਸਾਨੂੰ ਪਟਿਆਲਾ ਹਾਊਸ ਵਿਚ ਸ੍ਰੀ ਭਾਰਤ ਭੂਸ਼ਣ ਦੀ ਅਦਾਲਤ ਵਿਚ ਮਿਲਣ ਲਈ ਸ: ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਏ ਤਾਂ ਉਨ੍ਹਾਂ ਨੂੰ ਮੈਟਲ

ਡਿਟੈਕਟਰ ਤੋਂ ਅੱਗੇ ਜਾਣ ਲਈ ਪੰਦਰਾਂ-ਵੀਹ ਮਿੰਟ ਤੋਂ ਵੀ ਵੱਧ ਸਮਾਂ ਲੱਗ ਗਿਆ। ਉਨ੍ਹਾਂ ਨੂੰ ਸਮੇਤ ਕਿਰਪਾਨ ਅੰਦਰ ਤਾਂ ਜਾ ਲੈਣ ਦਿੱਤਾ ਗਿਆ ਪਰ ਜੱਜ ਸਾਹਿਬ ਦੀ ਇਜਾਜ਼ਤ ਲੈ ਕੇ। ਜਦੋਂ ਕਿ ਕਿਰਪਾਨ ਪਾਉਣੀ ਤੇ ਕਿਤੇ ਵੀ ਨਾਲ ਲੈ ਕੇ ਜਾਣਾ ਸਿੱਖ ਦਾ ਸਵਿਧਾਨਕ ਹੱਕ ਹੈ। ਜਿੰਨਾ ਚਿਰ ਉਹ ਅੰਦਰ ਰਹੇ ਦੋ ਸਿਪਾਹੀ ਉਨ੍ਹਾਂ ਦੇ ਸੱਜੇ-ਖੱਬੇ ਖੜ੍ਹੇ ਰਹੇ ਕਿਉਂਕਿ ਉਨ੍ਹਾਂ ਨੇ ਕਿਰਪਾਨ ਗਾਤਰੇ ਪਾਈ ਹੋਈ ਸੀ।

ਬੁੱਧ, ਜੈਨ ਤੇ ਸਿੱਖ ਇਨ੍ਹਾਂ ਤਿੰਨਾਂ ਧਰਮਾਂ ਵਿਚ ਹੀ ਬ੍ਰਾਹਮਣ ਦੇ ਘੁਸਣ ਦੀ ਮਨਾਹੀ ਨਹੀਂ ਸੀ। ਕੋਈ ਵੀ ਬ੍ਰਾਹਮਣ ਸੌਖਾ ਇਹਨਾਂ ਤਿੰਨਾਂ ਵਿਚ ਹੀ ਭੇਸ ਵਟਾ ਕੇ ਆ ਸਕਦਾ ਸੀ। ਬ੍ਰਾਹਮਣ ਆਇਆ ਤੇ ਇਨ੍ਹਾਂ ਤਿੰਨਾਂ ਧਰਮਾਂ ਦਾ ਬੇੜਾ ਗਰਕ ਕਰ ਦਿੱਤਾ। ਪਰ ਮੁਸਲਮਾਨ ਤੇ ਈਸਾਈ ਧਰਮਾਂ ਨੇ ਬ੍ਰਾਹਮਣ ਨੂੰ ਨੇੜੇ ਨਹੀਂ ਫਟਕਣ ਦਿੱਤਾ। ਸਭ ਤੋਂ ਵੱਡਾ ਕਾਰਨ ਇਹ ਵੀ ਸੀ ਕਿ ਈਸਾਈ ਧਰਮ ਵਿਚ ਸ਼ਰਾਬ ਪੀਤੀ ਜਾਂਦੀ ਹੈ ਤੇ ਕਈ ਧਾਰਮਕ ਰਸਮਾਂ ਵੀ ਸ਼ਰਾਬ ਨਾਲ ਕੀਤੀਆਂ ਜਾਂਦੀਆਂ ਹਨ। ਗਾਂ ਅਤੇ ਸੂਰ ਦਾ ਮਾਸ ਖਾਣ ਦੀ ਵੀ ਮਨਾਹੀ ਨਹੀਂ। ਓਧਰ ਮੁਸਲਮਾਨ ਧਰਮ ਵਿਚ ਸ਼ਰਾਬ ਦੀ ਤਾਂ ਮਨਾਹੀ ਹੈ ਪਰ ਸੂਰ ਨੂੰ ਛੱਡ ਕੇ ਹੋਰ ਹਰ ਜਾਨਵਰ ਦਾ ਮਾਸ ਖਾਣਾ ਧਾਰਮਕ ਰਸਮਾਂ ਵਿਚ ਸ਼ਾਮਿਲ ਹੈ, ਜਿਵੇਂ ਈਦ-ਬਕਰੀਦ ਵਗੈਰਾ। ਬ੍ਰਾਹਮਣ ਦਾ ਇਨ੍ਹਾਂ ਧਰਮਾਂ ਵਿਚ ਦਾਖ਼ਲ ਹੋਣਾ ਬਹੁਤ ਔਖਾ ਸੀ, ਕਿਉਂਕਿ ਇਹਨਾਂ ਦੋਹਾਂ ਧਰਮਾਂ ਵਿਚ ਸਰੀਰਕ ਤਬਦੀਲੀ (Physical Change) ਤੇ ਨਾਂਅ ਤਕ ਦੀ ਤਬਦੀਲੀ ਕਰਨੀ ਪੈਂਦੀ ਸੀ। ਤਾਰਾ ਰਾਮ ਤੋਂ ਤਾਰਾ ਸਿੰਘ ਬਣਨਾ ਸੌਖਾ ਸੀ ਪਰ ਤਾਰਾ ਮਸੀਹ ਬਣਨ ਲਈ ਬਪਤਿਸਮਾ ਲੈਣਾ ਪੈਂਦਾ ਸੀ। ਏਸੇ ਤਰ੍ਹਾਂ ਮੁਸਲਮਾਨ ਬਣਨ ਲਈ ਸੁੰਨਤ ਕਰਵਾਉਣੀ ਜ਼ਰੂਰੀ ਸੀ। ਨਾਂਅ ਵੀ ਉਹਨਾਂ ਆਪਣੀ ਮਰਜ਼ੀ ਦਾ ਹੀ ਰੱਖਣਾ ਸੀ। ਹੋ ਸਕਦਾ ਹੈ ਮੁਹੰਮਦ ਅਸਲਮ ਰੱਖ ਦੇਂਦੇ। 'ਨੱਥਾ ਸਿੰਘ ਐਂਡ ਪ੍ਰੇਮ ਸਿੰਘ ਵਨ ਐਂਡ ਦੀ ਸੇਮ ਥਿੰਗ' ਵਾਲੀ ਗੱਲ ਦੂਜੇ ਦੋਹਾਂ ਵਿਦੇਸ਼ੀ ਧਰਮਾਂ ਵਿਚ ਨਹੀਂ ਸੀ। ਉਹ ਤਾਂ ਬੂਰੇ ਦੇ ਘਰ ਤੱਕ ਅੱਪੜਦੇ ਸਨ ਤੇ ਆਪਣੇ ਵਿਚ ਜਜ਼ਬ ਕਰਕੇ ਰਿਸ਼ਤਾ ਦੇਂਦੇ ਲੈਂਦੇ ਸਨ। ਬਲਕਿ ਕੁੜੀ ਦਾ ਰਿਸ਼ਤਾ ਤਾਂ ਲੈਂਦੇ ਹੀ ਸਨ ਦੇਣ ਲੱਗੇ ਸੌ ਵਾਰੀ ਸੋਚਦੇ ਸਨ। ਪਰ ਬੋਧੀਆਂ ਤੇ ਸਿੱਖਾਂ ਵਿਚ ਕੋਈ ਬੰਦਸ਼ ਨਹੀਂ ਸੀ। ਸਿੱਖ, ਸਹਿਜਧਾਰੀ ਸਿੱਖ, ਤੇ ਸਿੰਘ ਇਕੋ ਹੀ ਮੁੱਢ ਨੂੰ ਪੇਂਦ ਕਰਨ ਵਾਲੀ ਗੱਲ ਸੀ। ਮੁਸਲਮਾਨ ਬਣਨ ਲਈ ਇਕੱਲਾ ਸੁੰਨਤ ਹੀ ਨਹੀਂ, ਬਿੱਲੇ ਕੱਢਣੇ, ਖ਼ਤ ਕੱਢ ਕੇ ਦਾੜ੍ਹੀ ਮੁੰਨਣੀ, ਨਮਾਜ਼ ਪੜ੍ਹਨੀ, ਸੌ ਯੱਭ ਸਨ। ਈਸਾਈਆਂ ਨੂੰ ਬਹੁਤਾ ਹੁੰਗਾਰਾ ਦਖਣੀ ਭਾਰਤ ਵਿਚੋਂ ਮਿਲਿਆ। ਉਤਰੀ ਭਾਰਤ ਵਿਚ ਉਨ੍ਹਾਂ ਦਾ ਅਸਰ ਬਹੁਤ ਹੀ ਗਰੀਬ ਲੋਕਾਂ ਤਕ ਸੀਮਤ ਸੀ। ਬਹੁਤੇ ਸ਼ੂਦਰ ਅਖਵਾਉਣ ਵਾਲੇ ਲੋਕ ਹੀ ਇਸਾਈ ਬਣੇ। ਪਰ ਆਪਣੇ ਆਪ ਨੂੰ ਇਸਾਈ ਅਖਵਾਉਣ 'ਤੇ ਅੱਜ ਵੀ ਉਨ੍ਹਾਂ ਨੂੰ ਸੰਗ ਆਉਂਦੀ ਹੈ। ਉਹਨਾਂ ਦਾ ਇਹ ਧਰਮ ਪਰਿਵਰਤਨ (Conversion) ਬਿਲਕੁਲ ਓਦਾਂ ਦੀ ਹੈ ਜਿਵੇਂ ਕੋਈ ਸਿੱਖ ਕਮਿਊਨਿਸਟ ਵਿਚਾਰਧਾਰਾ ਅਪਣਾ ਲਵੇ ਤਾਂ ਉਸਦੀ ਪਿੰਡਾਂ ਵਿਚ ਬੜੀ ਭੰਡੀ ਹੁੰਦੀ ਹੈ;

"ਅਖੇ ਸੁਣਿਆ ਫਲਾਣਾ ਕੌਮਨਿਸਟ ਹੋ ਗਿਆ ਹੈ?" ਬਾਲਮੀਕੀਆਂ ਵਿਚੋਂ ਹੀ ਇਸਾਈ ਜ਼ਿਆਦਾ ਬਣੇ ਹਨ। ਦੂਜੀਆਂ ਦਲਿਤ ਜਾਤਾਂ ਜਿਵੇਂ ਰਵਿਦਾਸੀਆਂ ਵਿਚੋਂ ਨਹੀਂ।

ਕਦੀ ਘੱਟ ਹੀ ਸੁਣਿਆ ਹੈ ਬਲਕਿ ਕਦੀ ਨਹੀਂ ਸੁਣਿਆ ਕਿ ਕਿਸੇ ਮੁਸਲਮਾਨ ਨੇ ਕਿਸੇ ਹਿੰਦੂ ਨੂੰ ਆਪਣੀ ਬੇਟੀ ਦਿੱਤੀ ਹੋਵੇ। ਜੇ ਦਿੱਤੀ ਵੀ ਹੋਵੇਗੀ ਤਾਂ ਪਹਿਲਾਂ ਉਸ ਹਿੰਦੂ ਨੂੰ ਆਪਣੇ ਦੀਨ ਵਿਚ ਲਿਆ ਕੇ ਮੁਸਲਮਾਨ ਬਣਾ ਕੇ ਫੇਰ ਹੀ ਦਿੱਤੀ ਹੋਵੇਗੀ। ਅੱਜ ਤੱਕ

ਇਕ ਵੀ ਐਸਾ ਕੇਸ ਨਹੀਂ ਵੇਖਿਆ ਜਿਥੇ ਹਿੰਦੂ ਦੇ ਘਰ ਮੁਸਲਮਾਨੀ ਵਸਦੀ ਹੋਵੇ। ਪਰ ਇਤਿਹਾਸ ਭਰਿਆ ਪਿਆ ਹੈ ਕਿ ਹਿੰਦੂਆਂ ਨੇ ਕਈਆਂ ਮੁਸਲਮਾਨਾਂ ਨੂੰ ਬਗੈਰ ਹਿੰਦੂ ਬਣਾਏ ਆਪਣੀਆਂ ਬੇਟੀਆਂ ਦਿੱਤੀਆਂ। ਅਕਬਰ ਦੇ ਘਰ ਹਿੰਦੂ ਰਾਣੀ ਜੋਧਾਂ ਬਾਈ, ਜਿਸ ਵਿਚੋਂ ਸਲੀਮ ਪੈਦਾ ਹੋਇਆ, ਜੋ ਜਹਾਂਗੀਰ ਦੇ ਨਾਂ ਨਾਲ ਬਾਦਸ਼ਾਹ ਬਣਿਆ, ਰਾਜਪੂਤ ਰਾਜਾ ਮਾਨ ਸਿੰਘ ਦੀ ਸਕੀ ਭੈਣ ਸੀ। ਹਿੰਦੂ ਏਸੇ ਕਰਕੇ ਹੀ ਅਕਬਰ ਦੀਆਂ ਸਿਫ਼ਤਾਂ ਕਰਦੇ ਨਹੀਂ ਰੱਜਦੇ ਕਿ ਉਹ ਇਕ ਵਾਰ ਮਾਤਾ ਦੇ ਦਰਸ਼ਨ ਕਰਨ ਗਿਆ ਸੀ ਤੇ ਓਥੇ ਜਾ ਕੇ ਉਸ ਨੇ ਮਾਤਾ ਦੇ ਦਰਬਾਰ ਵਿਚ ਛਤਰ ਝੁਲਾਇਆ ਸੀ। ਇਸ ਤਰ੍ਹਾਂ ਤਾਂ ਸਿੱਖਾਂ ਦੇ ਲੀਡਰ ਸਰਦਾਰ ਸੁਰਜੀਤ ਸਿੰਘ ਬਰਨਾਲਾ ਤੇ ਸ. ਪ੍ਰਕਾਸ਼ ਸਿੰਘ ਬਾਦਲ ਕਈ ਵਾਰ ਦੇਵੀ ਦਰਸ਼ਨਾ ਨੂੰ ਗਏ ਹਨ। ਸਗੋਂ ਬਾਦਲ ਸਾਹਿਬ ਨੇ ਤਾਂ ਤਾਂਤ੍ਰਿਕ ਚੰਦਰਾ ਸਵਾਮੀ ਕੋਲੋਂ ਹਵਨ ਯੱਗ ਵੀ ਕਰਵਾਏ ਹਨ।

ਕਹਿੰਦੇ ਹਨ ਰਾਜ ਦਾ ਤ੍ਰਿਸਕਾਰਿਆ ਬਾਗੀ, ਸਮਾਜ ਦਾ ਤ੍ਰਿਸਕਾਰਿਆ ਫਿਲਾਸਫਰ ਤੇ ਪਰਿਵਾਰ ਦਾ ਤ੍ਰਿਸਕਾਰਿਆ ਸਾਧ ਬਣਦਾ ਹੈ। ਪਿੰਡਾਂ ਦਾ ਸਮਾਜ ਇਨ੍ਹਾਂ ਤਿੰਨਾਂ ਗੱਲਾਂ ਦਾ ਹੀ ਸਾਹਮਣਾ ਕਰਦਾ ਹੈ। ਸ਼ਹਿਰੀ ਸਿੱਖ ਬ੍ਰਾਹਮਣ ਅੱਗੇ ਕਦੇ ਨਹੀਂ ਅੜਿਆ, ਨਾ ਹੀ ਅੜਨਾ ਉਸ ਦੇ ਸੁਭਾਅ ਵਿਚ ਹੈ ਪਰ ਜੱਟ ਤੇ ਪੇਂਡੂ ਸਿੱਖ ਬਹੁਤ ਵਾਰ ਬ੍ਰਾਹਮਣ ਅੱਗੇ ਅੜਿਆ ਹੈ। ਜੱਟ ਦਾ ਜ਼ਿੰਦਗੀ ਦਾ ਤਜਰਬਾ ਵੀ ਸ਼ਹਿਰੀ ਸਿੱਖ ਦੇ ਮੁਕਾਬਲੇ ਬੜਾ ਕੁਰੱਖਤ ਹੈ। ਪਹਿਲੀ ਗੱਲ ਤਾਂ ਸ਼ਹਿਰੀ ਸਿੱਖ ਬ੍ਰਾਹਮਣ ਨੂੰ ਪੰਡਿਤ ਜੀ ਕਹਿੰਦਾ ਹੈ ਪਰ ਪੇਂਡੂ ਸਦਾ ਕਹਿੰਦਾ ਹੈ "ਓਏ ਬਾਹਮਣਾ"। ਜਦੋਂ-ਜਦੋਂ ਵੀ ਪੇਂਡੂ ਸਿੱਖ ਨੂੰ ਜਾਤੀ ਤੰਗੀ ਆਉਂਦੀ, ਉਹ ਬ੍ਰਾਹਮਣ ਅੱਗੇ ਅੜ ਖਲੋਂਦਾ ਹੈ।

ਇਕ ਜੱਟ ਦੀ ਬਹੁਤ ਸੁੰਦਰ ਸਜਰ ਸੂਈ ਗਾਂ ਬ੍ਰਾਹਮਣ ਦੀ ਨਜ਼ਰੀਂ ਪੈ ਗਈ। ਲਾਲਚ ਦੀ ਲਹਿਰ ਬ੍ਰਾਹਮਣ ਦੇ ਸਿਰ ਤੋਂ ਲੈ ਕੇ ਪੈਰਾਂ ਦੇ ਨਹੁੰਆਂ ਤੱਕ ਕੌਂਦ ਗਈ। ਆਪਮੁਹਾਰੇ ਹੀ ਜੱਟ ਨੂੰ ਸੰਬੋਧਨ ਕਰਕੇ ਪੰਡਿਤ ਜੀ ਨੇ ਕਿਹਾ, 'ਜਜਮਾਨ ਇਹ ਮੈਂ ਕੀ ਵੇਖ ਰਿਹਾ ਹਾਂ, ਤੇਰੇ ਪਿਤਾ ਜੀ ਤਾਂ ਅੱਧ ਵਿਚ ਹੀ ਫਸੇ ਬੈਠੇ ਹਨ ਨਾ ਸਵਰਗ ਤੇ ਨਾ ਨਰਕ। ਕਿੰਨਾ ਕੁ ਚਿਰ ਤੇਰਾ ਬਾਪੂ ਅੱਧ ਵਿਚ ਪੁਠਾ ਲਟਕਿਆ ਰਹੂ?' ਜੱਟ ਦੇ ਪਿਓ ਦਾ ਮਾਮਲਾ ਸੀ, ਬੜਾ ਫਿਕਰਮੰਦ ਹੋ ਕੇ ਪੁੱਛਿਆ, 'ਪੰਡਿਤ ਜੀ ਕੋਈ ਉਪਾਅ?' ਬ੍ਰਾਹਮਣ ਨੇ ਟੇਵੇ-ਟੂਵੇ ਲਾ ਕੇ ਕਿਹਾ, 'ਸਜਰ ਸੂਈ ਗਾਂ ਦੀ ਪੂਛ ਫੜ ਕੇ ਉਹ ਸਿੱਧਾ ਸਵਰਗ ਵਿਚ ਪ੍ਰਵੇਸ਼ ਕਰ ਸਕਦਾ ਹੈ।' ਹੁਣ ਪਿਓ ਨਾਲੋਂ ਕੀ ਚੰਗਾ ਸੀ, ਨਾ ਚਾਹੁੰਦਿਆਂ ਵੀ ਜੱਟ ਨੇ ਹੱਥੀਂ ਖੋਲ੍ਹ ਕੇ ਵੱਛੀ ਸਮੇਤ ਗਾਂ ਪੰਡਿਤ ਨੂੰ ਫੜਾ ਦਿੱਤੀ। ਸਾਰੀ ਰਾਤ ਜੱਟ ਨੂੰ ਨੀਂਦ ਨਾ ਆਵੇ। ਮਸਾਂ-ਮਸਾਂ ਘਰ ਲਵੇਰਾ ਆਇਆ ਸੀ। ਦੁੱਧ ਦੀ ਛਿੱਟ ਪੀਆ ਕਰਦੇ, ਨਿਆਣੇ ਵੀ ਦੁੱਧ ਨੂੰ ਤਰਸ ਗਏ ਹਨ। ਸਾਲਾ ਬਾਹਮਣ ਗਾਂ ਲੈ ਗਿਆ। ਤਿੰਨ ਕੁ ਦਿਨ ਜੱਟ ਨੇ ਔਖੇ-ਸੌਖੇ ਹੋ ਕੇ ਕੱਢੇ। ਚੌਥੇ ਦਿਨ ਸਿੱਧਾ ਪੰਡਿਤ ਦੇ ਘਰ ਗਿਆ। ਪੁੱਛਿਆ, 'ਮਹਾਰਾਜ ਜੀ ਮੇਰੇ ਬਾਪੂ ਦਾ ਕੀ ਬਣਿਆ?' 'ਜਜਮਾਨ ਉਹ ਤੇ ਓਦਣ ਈ ਗਾਂ ਦੀ ਪੂਛ ਫੜ ਕੇ ਸਵਰਗ ਅੰਦਰ ਪਹੁੰਚ ਗਿਆ ਸੀ।' 'ਅੱਛਾ ਤੇ ਫੇਰ ਏਹਨੂੰ ਮਾਂ ਨੂੰ ਏਥੇ ਕਾਹਨੂੰ ਬੰਨ੍ਹ ਕੇ ਬੈਠੈਂ?' ਗਾਂ ਦਾ ਰੱਸਾ ਖੋਲ੍ਹ ਕੇ ਜੱਟ ਅਹੁ ਗਿਆ। ਬ੍ਰਾਹਮਣ ਵੇਂਹਦਾ ਹੀ ਰਹਿ ਗਿਆ।

ਸਿਆਣੇ ਕਹਿੰਦੇ ਹਨ, 'ਤੁਸੀਂ ਮੁਸੀਬਤ ਦੇ ਪੰਛੀ ਨੂੰ ਆਪਣੇ ਸਿਰ ਉੱਤੋਂ ਦੀ ਉਡਾਰੀ ਮਾਰਨ ਲੱਗੇ ਨੂੰ ਨਹੀਂ ਰੋਕ ਸਕਦੇ ਪਰ ਸਿਰ 'ਤੇ ਆਲ੍ਹਣਾ ਪਾਉਣ ਤੋਂ ਤਾਂ ਰੋਕ ਹੀ

ਸਕਦੇ ਹੋ।' ਜੱਟ ਨੇ ਵੀ ਏਸੇ ਤਰ੍ਹਾਂ ਹੀ ਕੀਤਾ। ਨਾ ਕਰਦਾ ਤਾਂ ਬ੍ਰਾਹਮਣ ਮੌਜ ਕਰਦਾ, ਜੱਟ ਦੁੱਧ ਦੀ ਬੂੰਦ ਨੂੰ ਤਰਸਦਾ। ਪੇਂਡੂ ਸਿੱਖ ਦੇ ਆਮਦਨ ਦੇ ਵਸੀਲੇ ਬਹੁਤ ਘੱਟ ਹੁੰਦੇ ਹਨ। ਇਨ੍ਹਾਂ ਥੋੜ੍ਹੇ ਜਿਹੇ ਵਸੀਲਿਆਂ ਨੂੰ ਵੀ ਕਈ ਬਿਜਾਂ ਪੈਣ ਨੂੰ ਤਿਆਰ ਰਹਿੰਦੀਆਂ ਹਨ। ਕਾਂ, ਕੁੱਤੇ, ਬਿੱਲੀਆਂ, ਸਰਕਾਰੀ ਕਰਮਚਾਰੀ, ਪਟਵਾਰੀ, ਬ੍ਰਾਹਮਣ ਸਾਰੇ ਅੱਖ ਗੱਡੀ ਰੱਖਦੇ ਹਨ। ਕਈ ਵਾਰ ਕੰਮ ਕਰਨ ਵਿਚ ਰੁਕਾਵਟ ਵੀ ਖੜ੍ਹੀ ਕਰਦੇ ਹਨ, ਜੋ ਜੱਟ ਨੂੰ ਉੱਕਾ ਨਹੀਂ ਭਾਉਂਦੀ। ਜੱਟ ਤੜਕੇ ਉਠ ਕੇ ਹਲ ਵਾਹੁਣ ਲਈ ਹਰਨਾੜੀ ਲੈ ਕੇ ਚਲਿਆ ਤਾਂ ਚੌਕ ਵਿਚ ਬੌਲਦ ਪੈਰ ਨਾ ਅਗਾਂਹ ਪੁੱਟਣ। ਵੇਖਿਆ ਤਾਂ ਚੌਕ ਵਿਚ ਬੈਠਾ ਬ੍ਰਾਹਮਣ ਟੱਲੀਆਂ ਵਜਾ ਕੇ ਪੂਜਾ ਕਰ ਰਿਹਾ ਸੀ। ਜੱਟ ਨੇ ਆਵਾਜ਼ ਦੇ ਕੇ ਕਿਹਾ, 'ਪੰਡਤਾ ਮੈਨੂੰ ਲੰਘ ਲੈਣ ਦੇ, ਫੇਰ ਆਹ ਟੁਣ-ਟੁਣ ਕਰੀਂ, ਬੌਲਦ ਡਰਦੇ ਆ।' ਬ੍ਰਾਹਮਣ ਅੱਗੋਂ ਪੈ ਗਿਆ, 'ਅੰਨ੍ਹਾਂ ਹੈ, ਰਾਮ ਪਿਆਰੀਆਂ ਨੂੰ ਟੁਣ-ਟੁਣ ਦੱਸਦੈਂ, ਦਿਸਦਾ ਨਹੀਂ, ਆਰਤੀ ਉਤਾਰ ਰਿਹਾਂ।' ਜੱਟ ਨੇ ਫੱਟ ਅੱਗੋਂ ਕਿਹਾ, 'ਜੇ ਉਤਾਰਨੀ ਹੀ ਸੀ ਤੇ ਫੇਰ ਮਾਂ ਨੂੰ ਪਹਿਲਾਂ ਚੜ੍ਹਾਇਆ ਈ ਕਿਉਂ ਸੀ?'

ਸਾਧਾਂ ਨਾਲ ਵੀ ਜੱਟਾਂ ਦਾ ਇੱਟਖੜਿੱਕਾ ਆਮ ਹੋ ਜਾਂਦਾ ਹੈ। ਇਕ ਦਿਨ ਇਕ ਜੱਟ ਸਵੇਰੇ ਮੂੰਹ-ਹਨੇਰੇ ਈ ਸਾਧ ਦੇ ਡੇਰੇ 'ਤੇ ਗਿਆ ਤੇ ਕਿਹਾ, 'ਗੱਲ ਸੁਣ ਬਈ ਸਾਧਾ, ਅੱਜ ਤੂੰ ਮੇਰੇ ਮੱਥੇ ਲੱਗਾਂ ਤੇ ਮੈਂ ਤੇਰੇ, ਅੱਜ ਜਾਂ ਤੇ ਮੈਂ ਵੀ ਦੁੱਧ ਮਲਾਈਆਂ ਛਕੂੰ ਤੇ ਬੀਬੀਆਂ ਮੇਰੀਆਂ ਲੱਤਾਂ ਘੁੱਟਣਗੀਆਂ ਤੇ ਜਾਂ ਤੂੰ ਵੀ ਮੇਰੇ ਵਾਂਗ ਵਾਹਣਾਂ ਵਿਚ ਧੱਕੇ ਖਾਏਂਗਾ ਤੇ ਧੁੱਪੇ ਮਰੇਂਗਾ। ਵੇਖ ਲਾ ਹੁਣ ਜਿੱਦਾਂ ਕਰਨੀ ਆ।' ਸਾਧ ਨੂੰ ਅੱਗੋਂ ਗੱਲ ਨਾ ਆਵੇ।

ਇਕ ਵਾਰ ਇਕ ਜੱਟ ਨੇ ਬ੍ਰਾਹਮਣ ਨੂੰ ਕਿਹਾ, 'ਪੰਡਿਤ ਜੀ ਵੇਖ ਲਓ, ਅਸੀਂ ਤੁਹਾਨੂੰ ਪ੍ਰਸ਼ਾਦੇ ਛਕਾਉਂਦੇ ਹੀ ਰਹਿੰਦੇ ਆਂ, ਕਦੇ ਤੁਸਾਂ ਵੀ ਸਾਨੂੰ ਰੋਟੀ ਦੀ ਬੁਰਕੀ ਖੁਆਈ ਆ?' ਪੰਡਿਤ ਨੇ ਸੋਚਿਆ ਚਲੋ ਇਹ ਤਾਂ ਸ਼ਿਸ਼ਟਾਚਾਰ ਦੀ ਗੱਲ ਹੈ। ਅੱਜ ਇਹਨੂੰ ਰੋਟੀ ਖਵਾ ਦੇਂਦੇ ਆਂ। ਭਲਕੇ ਮੱਕੀ ਦੀਆਂ ਦੋ ਬੋਰੀਆਂ ਚੁੱਕ ਲਿਆਵਾਂਗੇ। ਫਾਇਦਾ ਈ ਹੋਊ, ਇਹਨੂੰ ਰੋਟੀ ਖਵਾਉਣ ਦਾ ਤੇ ਇਹ ਸੋਚ ਕੇ ਪੰਡਿਤ ਨੇ ਜੱਟ ਨੂੰ ਦੁਪਹਿਰ ਦੀ ਰੋਟੀ ਖਾਣ ਦਾ ਸੱਦਾ ਦੇ ਦਿੱਤਾ। ਜੱਟ ਰੋਟੀ ਖਾਣ ਲੱਗ ਪਿਆ। ਪੰਡਤਾਣੀ ਪਕਾਈ ਜਾਵੇ ਤੇ ਬ੍ਰਾਹਮਣ ਲਿਆ-ਲਿਆ ਰੱਖੀ ਜਾਵੇ। ਇਸ ਤਰ੍ਹਾਂ ਦੀ ਆਓ ਭਗਤ ਜੱਟ ਦੀ ਜ਼ਿੰਦਗੀ ਦੀ ਪਹਿਲੀ ਘਟਨਾ ਸੀ। ਉਸ ਨੂੰ ਲੋੜ ਤੋਂ ਜ਼ਿਆਦਾ ਭੁੱਖ ਲੱਗੀ ਮਹਿਸੂਸ ਹੋਈ। ਜਦੋਂ ਅੱਧੀ ਪਰਾਤ ਦੇ ਆਟੇ ਦੀਆਂ ਰੋਟੀਆਂ ਜੱਟ ਤੜਕੇ ਵਾਲੀ ਦਾਲ ਨਾਲ ਖਾ ਹਟਿਆ ਤਾਂ ਅਜੇ ਹੋਰ ਦੱਬੀ ਜਾਂਦਾ ਵੇਖ ਕੇ ਪੰਡਿਤ ਨੇ ਕਿਹਾ, 'ਡਾਕਟਰ ਕਹਿੰਦੇ ਹਨ, ਬੰਦੇ ਵਿਚ ਬਾਰਾਂ ਉਂਗਲਾਂ ਨਾੜੀ ਹੁੰਦੀ ਹੈ, ਜਿਸ ਵਿਚ ਚਾਰ ਉਂਗਲਾਂ ਅੰਨ, ਚਾਰ ਉਂਗਲਾਂ ਪਾਣੀ ਤੇ ਚਾਰ ਉਂਗਲਾਂ ਸਾਹ ਆਉਣ ਲਈ ਥਾਂ ਰਹਿਣਾ ਚਾਹੀਦਾ ਹੈ।' ਜੱਟ ਨੇ ਕਿਹਾ, 'ਸਾਡਾ ਏਸ ਗੱਲ ਨਾਲੋਂ ਕੁਝ ਫਰਕ ਹੈ। ਅਸੀਂ ਤਾਂ ਬਾਰਾਂ ਉਂਗਲਾਂ ਵਿਚ ਈ ਅੰਨ, ਪਾਣੀ ਤੇੜਾਂ ਥਾਣੀ ਤੇ ਰਹੀ ਸਾਹ ਦੀ ਗੱਲ, ਉਹ ਤਾਂ ਸਤਿਗੁਰਾਂ ਦੀ ਦੇਣ ਐ, ਆਵੇ-ਆਵੇ, ਨਾ ਆਵੇ-ਨਾ ਆਵੇ।' ਜੱਟ ਪੂਰੀ ਪਰਾਤ ਆਟਾ ਤੇ ਪੂਰਾ ਪਤੀਲਾ ਦਾਲ ਖਾ ਕੇ ਈ ਉਠਿਆ। ਬ੍ਰਾਹਮਣ ਵੇਂਹਦਾ ਰਹਿ ਗਿਆ।

ਹਿੰਦੂ ਧਰਮ ਵਿਚ ਕਿਸੇ ਵਿਧਵਾ ਦਾ ਵਿਆਹ ਨਹੀਂ ਹੋ ਸਕਦਾ ਪਰ ਪੇਂਡੂ ਸਮਾਜ ਵਿਚ ਇਸ ਤਰ੍ਹਾਂ ਦੀ ਕੋਈ ਪਾਬੰਦੀ ਨਹੀਂ ਤਾਂ ਹੀ ਪੇਂਡੂ ਕੁੜੀਆਂ ਨੇ ਗਿਧੇ ਦੀ ਬੋਲੀ ਬਣਾ ਲਈ, ਅਖੇ ਜਟੀਆਂ ਨੇ ਜੱਟ ਕਰ ਲਏ, ਰੰਡੀ ਬਾਹਮਣੀ ਕਿਧਰ ਨੂੰ ਜਾਵੇ।" ਜੇ ਸਿਖ ਰਾਜ ਭਾਗ ਤੋਂ ਵਾਂਝੇ ਰਹਿ ਗਏ ਤਾਂ ਪੇਂਡੂ ਕੁੜੀਆਂ ਨੇ ਫੱਟ ਸਿੱਖਾਂ ਦੀ ਨਲਾਇਕੀ ਦੀ ਬੋਲੀ ਬਣਾ

ਲਈ "ਸਿੱਖ ਰਹਿ ਗਏ ਕਛਹਿਰਿਆਂ ਜੋਗੇ ਤੇ ਬਾਹਮਣਾ ਨੇ ਰਾਜ ਸਾਂਭਿਆਂ"

ਅਸਲ ਵਿਚ ਬ੍ਰਾਹਮਣ ਦੇ ਜਾਲ ਦੀਆਂ ਤੰਦਾਂ ਬਹੁਤ ਮਜ਼ਬੂਤ ਤੇ ਅਦਿੱਖ ਹਨ। ਆਮ ਨਜ਼ਰ ਨਾਲ ਵੇਖਣ 'ਤੇ ਇਹ ਮਜ਼ਬੂਤ ਜਾਲ ਨਜ਼ਰ ਨਹੀਂ ਆਉਂਦਾ। ਵਿਰਲੇ-ਵਿਰਲੇ ਲੋਕ ਬ੍ਰਾਹਮਣ ਦਾ ਮੌਜੂ ਬਣਾਉਂਦੇ ਰਹੇ ਹਨ ਪਰ ਬਹੁਤੇ ਇਹਦੇ ਪਾਖੰਡਾਂ ਦੇ ਥੱਲੇ ਲੱਗੇ ਰਹੇ ਹਨ। ਸਿੱਖ ਸਮਾਜ ਰੂਪੀ ਸਰੀਰ ਦੇ ਬਹੁਤੇ ਅੰਗ ਇਸ ਨੇ ਵਿਚੋ-ਵਿਚ ਨਕਾਰਾ ਕਰ ਦਿੱਤੇ ਹਨ। ਬ੍ਰਾਹਮਣ ਆਪਣੇ ਲਈ ਕਦੀ ਨਹੀਂ ਮੰਗਦਾ, ਉਹ ਤਾਂ ਪ੍ਰਮਾਤਮਾ ਦੀ ਮਿਹਰ ਤੁਹਾਡੇ 'ਤੇ ਕਰਵਾਉਣ ਲਈ ਤੁਹਾਨੂੰ ਦਾਨ ਦਾ ਰਾਹ ਦੱਸ ਰਿਹਾ ਹੁੰਦਾ ਹੈ। ਬ੍ਰਾਹਮਣ ਦਾ ਇਹ ਫਾਰਮੂਲਾ ਏਨਾਂ ਕਾਮਯਾਬ ਹੈ ਕਿ ਉਹ ਬਲਾਤਕਾਰ ਤੱਕ ਰੱਬ ਦਾ ਨੁਮਾਇੰਦਾ ਮਾਤਰ ਬਣ ਕੇ ਕਰਦਾ ਹੈ। ਕੰਨਿਆ ਦਾ ਵਿਆਹ ਪੱਥਰ ਦੀ ਮੂਰਤੀ ਨਾਲ ਗੱਜ-ਵੱਜ ਕੇ ਉਸ ਦੇ ਘਰ ਦਿਆਂ ਦੇ ਸਾਹਮਣੇ ਤੇ ਉਨ੍ਹਾਂ ਦੀ ਸਹਿਮਤੀ ਨਾਲ ਹੁੰਦਾ ਹੈ। ਕੰਨਿਆ ਦਾਨ ਵੀ ਉਹਦਾ ਪਿਓ ਖੁਦ ਕਰਦਾ ਹੈ ਪਰ ਰਾਤ ਨੂੰ ਭੋਗ ਪੰਡਿਤ ਲਾਉਂਦਾ ਹੈ।

ਜਦੋਂ ਸਿੱਖ ਇਹ ਮੰਨ ਕੇ ਚਲਦੇ ਹਨ ਕਿ ਸਿੱਖ ਧਰਮ ਵਿਚ ਵਰ, ਸਰਾਪ, ਜਾਦੂ-ਟੂਣੇ ਤੇ ਕਰਾਮਾਤਾਂ ਆਦਿ ਦਾ ਕੋਈ ਸਥਾਨ ਨਹੀਂ ਤੇ ਫੇਰ ਬਾਬਾ ਬੁੱਢਾ ਜੀ ਦੀ ਸਾਧਾਰਨ ਕਹੀ ਹੋਈ ਗੱਲ ਏਨੀਂ ਕਾਟ ਕਿਉਂ ਕਰ ਗਈ ਕਿ ਸਰਾਪ ਕਾਰਨ ਗੁਰੂ ਜੀ ਨੂੰ ਇਕ ਵਾਰ ਸੱਚਮੁੱਚ ਹੀ ਉੱਜੜਨਾ ਪਿਆ ਤੇ ਦੂਸਰੇ ਵਰ ਵਜੋਂ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਜਨਮ ਹੋਇਆ। ਇਸ ਦਾ ਮਤਲਬ ਇਹ ਹੋਇਆ ਕਿ ਬ੍ਰਾਹਮਣ ਵਾਲਾ ਵਰ ਸਰਾਪ ਕਰਾਮਾਤਾਂ ਤੇ ਹੋਰ ਸਭ ਕੁਝ ਸਿੱਖ ਧਰਮ ਵਿਚ ਵੀ ਆ ਚੁੱਕਾ ਹੈ। ਜੇ ਕਿਸੇ ਸਿੱਖ ਪ੍ਰਚਾਰਕ ਨੂੰ ਪੁੱਛਿਆ ਜਾਵੇ ਕਿ ਸਿੱਖਾਂ ਵਿਚ ਵਰ ਸਰਾਪ ਹੈ ? ਤਾਂ ਉਸਦਾ ਜਵਾਬ ਹੋਵੇਗਾ-"ਨਹੀਂ"।

ਜੇ ਦੂਜਾ ਸਵਾਲ ਕੀਤਾ ਜਾਵੇ ਕਿ ਫਿਰ ਗੁਰੂ ਹਰਗੋਬਿੰਦ ਸਾਹਿਬ ਕਿਉਂ ਉੱਜੜੇ? ਤਾਂ ਉਸ ਨੂੰ ਕੋਈ ਜਵਾਬ ਨਹੀਂ ਆਵੇਗਾ। ਜੇ ਉਸਨੂੰ ਤੀਜਾ ਸਵਾਲ ਕੀਤਾ ਜਾਵੇ ਕਿ ਕੀ ਗੁਰੂ ਹਰਗੋਬਿੰਦ ਸਾਹਿਬ ਦਾ ਜਨਮ ਬਾਬਾ ਬੁੱਢਾ ਜੀ ਦੇ ਵਰ ਕਾਰਨ ਹੋਇਆ ਸੀ ? ਜੇ ਪ੍ਰਚਾਰਕ ਸਿੱਖੀ ਅਸੂਲਾਂ ਤੋਂ ਜਾਣੂ ਹੋਵੇਗਾ ਤਾਂ ਉਹ ਕਹੇਗਾ-"ਨਹੀਂ, ਮਰਨਾ ਤੇ ਜੰਮਣਾ ਸਿਰਫ ਅਕਾਲ ਪੁਰਖ਼ ਦੇ ਹੱਥ ਹੈ।" ਨਹੀਂ ਤਾਂ ਉਹ ਏਧਰ ਓਧਰ ਦੀਆਂ ਅਬਲ-ਟਬਲੀਆਂ ਮਾਰ ਕੇ ਗੱਲ ਹੋਰ ਪਾਸੇ ਲੈ ਜਾਵੇਗਾ। ਕਿਉਂਕਿ ਗਿਆਨ ਦੇ ਗਲ ਵਿਚ ਰੱਸਾ ਹੁੰਦਾ ਹੈ ਤੇ ਬਹਿਸ ਕਰਨ ਨਾਲ ਸਵਾਲਾਂ ਦੇ ਜਵਾਬ ਨਹੀਂ ਮਿਲਦੇ।

ਅਸਲ ਵਿਚ ਬ੍ਰਾਹਮਣ ਤਪਦਿਕ ਦਾ ਉਹ ਜਰਾਸੀਮ ਹੈ ਜੋ ਪੰਜਾਹ ਸਾਲ ਬਾਅਦ ਵੀ ਟੀ. ਬੀ. ਕਰਨ ਦੀ ਸਮਰੱਥਾ ਰੱਖਦਾ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜ਼ੁਲਮ ਦੇ ਖ਼ਿਲਾਫ ਲੜਾਈ ਲੜਨ ਦਾ ਢੰਗ ਦੱਸਣ ਇਸ ਸੰਸਾਰ 'ਤੇ ਆਏ ਤੇ ਇਹ ਢੰਗ ਉਹਨਾਂ ਨੇ ਬਾਖ਼ੂਬੀ ਦੱਸਿਆ। ਗੁਰੂ ਜੀ ਨੇ ਬ੍ਰਾਹਮਣ ਦੁਆਰਾ ਨਿਤਾਣੇ ਕਰ ਦਿੱਤੇ ਗਏ ਲੋਕਾਂ ਵਿਚ ਬੀਰਰਸ ਦੀ ਐਸੀ ਸ਼ਕਤੀ ਭਰੀ ਕਿ ਉਹ ਨਿਤਾਣੇ ਤੇ ਅਦਨੇ ਨਾ ਰਹੇ ਸਗੋਂ ਮੌਤ ਨੂੰ ਮਖੌਲ ਕਰਨ ਲੱਗ ਪਏ। ਗੁਰੂ ਜੀ ਨੇ ਚੰਗੀ ਤਰ੍ਹਾਂ ਪਤਾ ਲਾ ਲਿਆ ਸੀ ਕਿ ਇਨ੍ਹਾਂ ਲੋਕਾਂ ਨੂੰ ਨਿਤਾਣੇ ਤੇ ਡਰਪੋਕ ਬਨਾਉਣ ਪਿੱਛੇ ਬ੍ਰਾਹਮਣ ਦਾ ਹੱਥ ਹੈ। ਇਸ ਲਈ ਸਭ ਤੋਂ ਪਹਿਲਾਂ ਉਹਨਾਂ ਨੇ ਦੁਸ਼ਾਲੇ ਤੇ ਹੋਰ ਕੀਮਤੀ ਸਮਾਨ, ਜਿਹੜੇ ਬ੍ਰਾਹਮਣ ਗੁਰੂ ਘਰ ਤੋਂ ਲੈਂਦੇ ਰਹੇ ਸਨ, ਦੀ ਥਾਂ ਉਹਨਾਂ ਦੇ ਪੱਲੇ ਮਾਂਹ ਪਾ ਕੇ ਉਹਨਾਂ ਨੂੰ ਆਪਣੇ ਮਹੱਲਾਂ ਵਿਚੋਂ ਕੱਢਿਆ। ਜਦੋਂ ਉਹਨਾਂ ਨੇ ਇਕ ਇਕ ਪੜੋਪੀ (ਪੰਜ ਸੇਰ) ਮਾਂਹ ਬ੍ਰਾਹਮਣਾਂ ਦੇ ਪੱਲਿਆਂ ਵਿਚ ਪਾਏ ਤਾਂ

ਉਹਨਾਂ ਨੇ ਓਥੇ ਹੀ ਢੇਰੀ ਕਰ ਦਿੱਤੇ। ਇਹ ਮਾਂਹ ਲੈਣ ਤੋਂ ਉਹਨਾਂ ਨੇ ਇਨਕਾਰ ਤਾਂ ਕੀਤਾ ਹੀ ਸਗੋਂ ਮਾਤਾ ਜੀ ਕੋਲ ਵੀ ਜਾ ਸ਼ਿਕਾਇਤ ਕੀਤੀ ਕਿ ਗੁਰੂ ਜੀ ਸਾਡੇ ਨਾਲ ਚੰਗਾ ਵਿਹਾਰ ਨਹੀਂ ਕਰ ਰਹੇ। ਓਧਰ ਜਦੋਂ ਗੁਰੂ ਜੀ ਨੂੰ ਸਿੰਘਾਂ ਨੇ ਦੱਸਿਆ ਕਿ ਬ੍ਰਾਹਮਣ ਮਾਂਹ ਢੇਰੀ ਕਰ ਗਏ ਹਨ ਤਾਂ ਗੁਰੂ ਜੀ ਨੇ ਹੱਸ ਕੇ ਕਿਹਾ, ਚਲੋ ਇਹ ਵੀ ਚੰਗਾ ਹੋਇਆ। ਫਿਰ ਗੁਰੂ ਜੀ ਨੇ ਸਿੰਘਾਂ ਨੂੰ ਪੁੱਛਿਆ,

"ਸਰੋਂ ਦਾ ਤੇਲ ਹੈ ?" ਤਾਂ ਉਹਨਾਂ ਕਿਹਾ,"ਹਾਂ ਜੀ, ਬਹੁਤ ਹੈ।"

ਗੁਰੂ ਜੀ ਨੇ ਹੁਕਮ ਕੀਤਾ ਰਾਤ ਨੂੰ ਮਾਂਹ ਭਿਉਂ ਦਿੱਤੇ ਜਾਣ ਤੇ ਸਵੇਰੇ ਇਨ੍ਹਾਂ ਦੇ ਵੜੇ ਤੱਲ ਕੇ ਸੰਗਤ ਨੂੰ ਛਕਾਏ ਜਾਣ।

ਇਹ ਬੇਇਜ਼ਤੀ ਭਰੀ ਘਟਨਾ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘਾਂ ਨੂੰ ਤਾਂ ਭੁੱਲ ਗਈ ਪਰ ਬ੍ਰਾਹਮਣ ਨੇ ਯਾਦ ਰੱਖੀ। ਉਹ ਬਹੁਤ ਸਮਾਂ ਘੇਸ ਵੱਟ ਕੇ ਪਿਆ ਰਿਹਾ, ਜਿਵੇਂ ਨਵੀਂ ਬੀਮਾਰੀ ਏਡਜ਼ ਦੇ ਜਰਮ ਪਏ ਰਹਿੰਦੇ ਹਨ ਤੇ ਜਦੋਂ ਸਰਗਰਮ ਹੋ ਜਾਂਦੇ ਹਨ ਤਾਂ ਸਰੀਰ ਦੀ ਸਾਰੀ ਰੱਖਿਆ ਪੰਗਤੀ ਨੂੰ ਤਹਿਸ-ਨਹਿਸ ਕਰ ਦਿੰਦੇ ਹਨ। ਬ੍ਰਾਹਮਣ ਵਿਚ ਇਹ ਗੁਣ ਹੈ ਕਿ ਉਹ ਕੋਈ ਵੀ ਕੰਮ ਚੁੱਪ ਚਪੀਤੇ ਹੀ ਕਰਦਾ ਹੈ ਤੇ ਕੰਮ ਹੋ ਜਾਣ ਤੋਂ ਬਾਅਦ ਵੀ ਉਹ ਕਿਸੇ ਕੋਲ ਧੂੰ ਨਹੀਂ ਕੱਢਦਾ ਕਿ ਇਹ ਕੰਮ ਮੈਂ ਕੀਤਾ ਹੈ। ਜਿਵੇਂ ਮੁਰਗੀ ਇਕ ਆਂਡਾ ਦੇਂਦੀ ਹੈ ਤੇ ਉੱਚੀ ਉੱਚੀ ਕੜੈਂ ਕੜੈਂ ਕਰਕੇ ਕਈ ਘਰਾਂ ਵਿਚ ਸੁਣਾ ਦੇਂਦੀ ਹੈ ਕਿ ਮੈਂ ਆਂਡਾ ਦਿੱਤਾ ਹੈ। ਮੂਰਖ ਤੇ ਬੇਵਕੂਫ ਕੌਮਾਂ ਏਸੇ ਤਰ੍ਹਾਂ ਹੀ ਕਰਦੀਆਂ ਹਨ। ਮੱਛੀ ਪਾਣੀ ਵਿਚ ਹਜਾਰਾਂ ਆਂਡੇ ਦੇਂਦੀ ਹੈ ਪਰ ਕਿਸੇ ਨੂੰ ਕੰਨੋਂ-ਕੰਨ ਖ਼ਬਰ ਨਹੀਂ ਹੁੰਦੀ। ਬਸ ਇਹ ਹੀ ਕੰਮ ਕਰਨ ਦਾ ਤਰੀਕਾ ਬ੍ਰਾਹਮਣ ਦਾ ਹੈ, ਉਸਨੇ ਕਈ ਧਰਮਾਂ ਦੇ ਗ੍ਰੰਥਾਂ ਵਿਚ ਰਲਾ ਪਾਇਆ ਪਰ ਕਿਸੇ ਨੂੰ ਵੀ ਪਤਾ ਨਾਂ ਲਗਾ।

ਅੰਦਰ ਹੀ ਅੰਦਰ ਬ੍ਰਾਹਮਣ ਨੇ ਐਸਾ ਸਾਹਿਤ ਰਚਿਆ, ਜਿਹੜਾ ਐਟਮ ਬੰਬ ਬਣ ਕੇ ਹੁਣ ਸਿੱਖਾਂ ਵਿਚ ਚੱਲਿਆ ਹੈ; ਅਗਾਂਹ ਹੋਰ ਵੀ ਚੱਲੇਗਾ। ਬ੍ਰਾਹਮਣ ਦਾ ਜਾਨਸ਼ੀਨ ਰਾਸ਼ਟਰੀ ਸਿੱਖ ਸੰਗਤ ਦੇ ਰੂਪ ਵਿਚ ਹੁਣ ਸਿੱਖਾਂ ਸਾਹਮਣੇ ਰੂ-ਬ-ਰੂ ਹੋਇਆ ਹੈ। ਬ੍ਰਾਹਮਣ ਦਾ ਤਿਆਰ ਕੀਤਾ ਹੋਇਆ ਸਾਰਾ ਅਸਲ੍ਹਾ ਹੁਣ ਵਾਰੀ ਵਾਰੀ ਦਾਗਿਆ ਜਾਵੇਗਾ। ਇਸ ਕੰਮ ਵਿਚ ਪੰਜਾਬ ਤੇ ਪੰਜਾਬੋਂ ਬਾਹਰ ਰਹਿੰਦੇ ਸੰਤਾਂ ਦੇ ਭੇਸ ਤੇ ਮੂੰਹ-ਮੁਹਾਂਦਰੇ ਵਾਲੇ ਡੇਰੇਦਾਰ ਸਾਧ ਵੀ ਹੱਥ ਵਟਾਉਣਗੇ। ਨਾਨਕਸਰੀਏ ਗੁਰਦੁਆਰਿਆਂ ਵਿਚ ਦਸਵੇਂ ਗੁਰੂ ਦਾ ਬਖ਼ਸ਼ਿਆ ਨਿਸ਼ਾਨ ਸਾਹਿਬ ਤਾਂ ਲਾਉਂਦੇ ਨਹੀਂ ਤੇ ਨਾ ਹੀ ਲੰਗਰ ਦੀ ਪ੍ਰਥਾ ਵਿਚ ਯਕੀਨ ਕਰਦੇ ਹਨ ਪਰ ਦਸਵੇਂ ਗੁਰੂ ਦਾ ਹੱਥ ਵਿਚ ਬਾਜ ਫੜਿਆ ਤੇ ਕਲਗੀ ਲੱਗਾ, ਘੋੜੇ 'ਤੇ ਸਵਾਰ ਦਾ ਬੁੱਤ ਬਣਵਾਉਂਦੇ ਹਨ ਤੇ ਫਿਰ ਰੌਲਾ ਪੈ ਜਾਣ 'ਤੇ ਬੁੱਤ ਤੋੜਦੇ ਨਹੀਂ ਸਗੋਂ ਸ਼ਰਧਾ ਨਾਲ ਜਲਪ੍ਰਵਾਹ ਕਰਦੇ ਹਨ। ਇਹ ਜਲਪ੍ਰਵਾਹ ਕਰਨ ਦਾ ਨੁਸਖਾ ਵੀ ਕਾਇਮ-ਮੁਕਾਮ ਜੱਥੇਦਾਰ ਅਕਾਲ ਤਖ਼ਤ, ਜਿਸਨੂੰ ਸਰਕਾਰ ਨੇ ਏਹੋ ਜਿਹੇ ਕੰਮਾਂ ਲਈ ਹੀ ਇਸ ਅਹੁਦੇ 'ਤੇ ਬਿਠਾਇਆ ਹੈ, ਨੇ ਦੱਸਿਆ ਹੈ, ਜਿਸ ਤਖ਼ਤ ਤੋਂ ਲੋਕ ਉਮੀਦ ਕਰਦੇ ਸਨ ਕਿ ਦੋਸ਼ੀ ਸਾਧ ਨੂੰ ਅਕਾਲ ਤਖ਼ਤ 'ਤੇ ਤਲਬ ਕਰਕੇ ਸਜ਼ਾ ਲੱਗੇਗੀ ਤੇ ਇਹ ਸਜ਼ਾ ਇਬਰਤਨਾਕ ਹੋਵੇਗੀ। ਪਰ ਸਿੱਖ ਸੰਗਤ ਨੂੰ ਇਹ ਗੱਲ ਸਮਝਣ ਵਿਚ ਬਹੁਤੀ ਦੇਰ ਨਾ ਲੱਗੀ ਕਿ ਚੋਰ ਤੇ ਕੁੱਤੀ ਰਲ ਕੇ ਖੇਡਾਂ ਕਰ ਰਹੇ ਹਨ। ਜੇ ਅੱਜ ਦੇ ਪੜ੍ਹੇ ਲਿਖੇ ਯੁੱਗ ਵਿਚ ਜਦੋਂ ਸਾਰਾ ਸੰਸਾਰ ਇੰਟਰਨੈੱਟ 'ਤੇ ਹੈ, ਕੋਈ ਟੁੱਚੀ ਜਿਹਾ ਨਾਨਕਸਰੀਆ ਸਾਧ ਬੁੱਤ ਤੋੜਕ ਗੁਰੂ ਗੋਬਿੰਦ ਸਿੰਘ ਦਾ ਬੁੱਤ ਬਣਾ ਸਕਦਾ ਹੈ ਤਾਂ

ਅਨਪੜ੍ਹਤਾ ਦੇ ਯੁੱਗ ਵਿਚ ਘਰਾਂ ਤੋਂ ਬੇਘਰ ਹੋਏ ਲੁੱਕ-ਛਿਪ ਕੇ ਦਿਨ ਕੱਟਣ ਤੇ ਸਿਰਾਂ ਦੇ ਮੁੱਲ ਪੈਣ ਦੇ ਦੌਰ ਵਿਚ ਬ੍ਰਾਹਮਣ ਨੇ ਕਿਉਂ ਆਪਣੀਆਂ ਬਣਾਵਟੀ ਲਿਖਤਾਂ ਦਾ ਰਲਾ ਗੁਰ ਇਤਿਹਾਸ ਵਿਚ ਨਾ ਪਾਇਆ ਹੋਵੇਗਾ? ਓਦੋਂ ਉਹਨਾਂ ਨੂੰ ਰੋਕਣ ਵਾਲਾ ਕੌਣ ਸੀ?

ਦਸਮ ਗ੍ਰੰਥ ਨਾਂਅ ਦੀ ਵਿਵਾਦਿਤ ਪੁਸਤਕ ਬਾਰੇ ਕਈ ਲੱਲੀ-ਛੱਲੀ ਵਿਦਵਾਨ ਇਹ ਵੀ ਕਹਿੰਦੇ ਹਨ ਕਿ ਗੁਰੂ ਜੀ ਆਪਣੇ ਪੁੱਤਰਾਂ ਵਰਗੇ ਖਾਲਸਾ ਪੰਥ ਨੂੰ ਸਾਰੀਆਂ ਬਾਰੀਕੀਆਂ ਸਮਝਾਉਣੀਆਂ ਚਾਹੁੰਦੇ ਸਨ, ਏਸੇ ਲਈ ਹੀ "ਚਰਿਤਰੋਪਾਖਿਆਨ" ਵੀ ਲਿਖ ਦਿੱਤਾ ਤਾਂ ਕਿ ਪੁੱਤਰਾਂ ਵਰਗਾ ਪੰਥ ਸਾਰੀ ਗੱਲ ਸਮਝ ਜਾਵੇ। ਇਹ ਕਿੰਨੀ ਹਾਸੋਹੀਣੀ ਗੱਲ ਹੈ। ਸਿੱਖ ਸਮਾਜ ਵਿਚ ਰੋਜ਼ ਮੁੰਡੇ ਤੇ ਕੁੜੀਆਂ ਦੇ ਵਿਆਹ ਹੁੰਦੇ ਹਨ। ਵਿਆਹ ਦੇ ਸਮਾਗਮ ਕਈ ਦਿਨ ਪਹਿਲਾਂ ਹੀ ਸ਼ੁਰੂ ਹੋ ਜਾਂਦੇ ਹਨ। ਫਿਰ ਕਿਉਂ ਨਹੀਂ ਕੁੜੀ ਨੂੰ ਮਹਿੰਦੀ ਲਾਉਣ ਤੋਂ ਪਹਿਲਾਂ ਤੇ ਮੁੰਡੇ ਨੂੰ ਸੇਹਰਾ ਬੰਨਣ ਤੋਂ ਪਹਿਲਾਂ "ਚਰਿਤਰੋਪਾਖਿਆਨ" ਪੜ੍ਹਾਇਆ ਜਾਂ ਸੁਣਾਇਆ ਜਾਂਦਾ ਤਾਂ ਕਿ ਉਹ ਕਿਤੇ ਜ਼ਿੰਦਗੀ ਦੇ ਜ਼ਰੂਰੀ ਗਿਆਨ ਤੋਂ ਵਾਂਝੇ ਤੇ ਅਣਜਾਣ ਰਹਿ ਕੇ ਧੋਖਾ ਨਾ ਖਾ ਜਾਣ।

ਗੂੰਗਾ ਪਹਿਲਵਾਨ ਬੜਾ ਮਸ਼ਹੂਰ ਪਹਿਲਵਾਨ ਹੋਇਆ ਹੈ। ਆਮ ਤੌਰ 'ਤੇ ਗੂੰਗਾ ਉਹ ਹੁੰਦਾ ਹੈ, ਜਿਹੜਾ ਬੋਲਾ ਵੀ ਹੋਵੇ। ਸਿਰਫ ਇਸ਼ਾਰਿਆਂ 'ਤੇ ਹੀ ਜਿੰਦਗੀ ਕੱਟਦਾ ਗੂੰਗਾ ਪਹਿਲਵਾਨ ਆਮ ਪਹਿਲਵਾਨਾਂ ਤੋਂ ਪਹਿਲਵਾਨੀ ਵਿਚ ਬਹੁਤ ਅਗੇ ਲੰਘ ਗਿਆ। ਉਹ ਬਹੁਤ ਖਾਂਦਾ, ਬਹੁਤ ਕਸਰਤ ਕਰਦਾ ਤੇ ਫਿਰ ਦੂਜੇ ਪਹਿਲਵਾਨ ਤੋਂ ਜਿਤ ਜਾਂਦਾ। ਕਹਿੰਦੇ ਹਨ ਉਸ ਨੂੰ ਏਨਾਂ ਚਰਬ ਚੜ੍ਹ ਗਿਆ ਕਿ ਉਸਦਾ ਸਰੀਰ ਫੁੱਟਣ ਲਗ ਪਿਆ। ਹਕੀਮਾਂ ਨੇ ਸਲਾਹ ਦਿੱਤੀ ਕਿ ਇਸ ਦਾ ਵਿਆਹ ਹੋਣਾ ਜਰੂਰੀ ਹੈ। ਏਡੇ ਬੇਸੁਰੇ ਤੇ ਮੋਟੇ ਪਹਿਲਵਾਨ ਨੂੰ ਕੋਈ ਕੁੜੀ ਕਿਵੇਂ ਦੇ ਸਕਦਾ ਸੀ? ਫਿਰ ਉਸਦੀ ਸਕੀ ਮਾਸੀ ਅਗੇ ਆਈ ਅਤੇ ਆਪਣੀ ਕੁੜੀ ਦਾ ਨਿਕਾਹ ਉਸ ਨਾਲ ਕਰਵਾਇਆ। ਗੂੰਗੇ ਨੂੰ ਨਾਂ ਬੋਲਣਾ ਆਵੇ ਨਾ ਕੁਝ ਸੁਣੇ। ਪਰ ਕੁਦਰਤ ਨੇ ਐਸੇ ਅਸੂਲ ਬਣਾਏ ਹਨ, ਜਿਵੇਂ ਮੱਛੀ ਦੇ ਬਚੇ ਨੂੰ ਤੈਰਨਾਂ ਤੇ ਗਾਂ ਦੇ ਬਚੇ ਨੂੰ ਮਾਂ ਦੇ ਥਣਾ ਦਾ ਦੁਧ ਪੀਣਾਂ ਕੌਣ ਸਿਖਾਉਂਦਾ ਹੈ? ਗੂੰਗੇ ਪਹਿਲਵਾਨ ਨੇ ਹੱਥ ਦੇ ਇਸ਼ਾਰੇ ਕਰ ਕਰ ਕੇ ਆਪਣੀ ਪਤਨੀ ਨੂੰ ਆਪਣੇ ਮੰਜੇ 'ਤੇ ਆਉਣ ਲਈ ਕਿਹਾ ਪਰ ਨਾਰੀ ਲੱਜਾ ਦ। ਇਕ ਕੁਦਰਤੀ ਅਸੂਲ ਹੈ, ਉਹ ਇਸ ਅਸੂਲ ਦੀ ਉਲੰਘਣਾ ਕਰਕੇ ਨਾਂ ਆਈ। ਗੂੰਗੇ ਪਹਿਲਵਾਨ ਦੀ ਮਰਦਾਨਗੀ ਨੇ ਵੀ ਉਸਨੂੰ ਅਪਣੀ ਪਤਨੀ ਦੇ ਮੰਜੇ 'ਤੇ ਜਾਣ ਤੋਂ ਰਕਿਆ ਫਿਰ ਗੂੰਗੇ ਨੇ ਆਪਣੇ ਨਾਲ ਦੇ ਮੰਜੇ ਤੇ ਪਈ ਪਤਨੀ ਵਲ ਸੱਜੀ ਲੱਤ ਵਧਾਈ ਤੇ ਉਸ ਦੇ ਪਤਲੇ ਲਕ ਥਲੇ ਆਪਣਾ ਪੈਰ ਅੜਾ ਕੇ ਲੱਤ ਉਤਾਂਹ ਚੁਕ ਕੇ ਇਸ ਤਰ੍ਹਾਂ ਅਡੋਲ ਆਪਣੇ ਮੰਜੇ 'ਤੇ ਲਿਆ ਸੁਟਿਆ। ਇਹ ਉਸਦੀ ਗ੍ਰਿਹਸਥੀ ਦੀ ਪਹਿਲੀ ਸ਼ੁਰੂਆਤ ਸੀ। ਕੀ ਉਸਨੇ ਦਸਮ ਗ੍ਰੰਥ ਪੜਿਆ ਸੀ? ਇਹ ਸਾਰੀਆਂ ਗਲਾਂ ਕੁਦਰਤੀ ਵਰਤਾਰੇ ਹਨ। ਇਹ ਸਿਖਾਉਣ ਦੀ ਲੋੜ ਨਹੀਂ ਪੈਂਦੀ। ਚਿੜੀਆਂ ਤੇ ਕਾਵਾਂ ਦੇ ਬਚਿਆਂ ਨੂੰ ਉਡਣਾ ਕੌਣ ਸਿਖਾਉਂਦਾ ਹੈ? ਹਰ ਔਰਤ ਇਕੋ ਜਹੀ ਹੁੰਦੀ ਹੈ, ਹਰ ਮਰਦ ਇਕੋ ਜਿਹਾ ਹੁੰਦਾ ਹੈ। ਜਾਤ ਧਰਮ ਸ਼ਹਿਰੀ ਪੇਂਡੂ ਜੰਗਲੀ ਕੋਈ ਫਰਕ ਨਹੀਂ ਹੁੰਦਾ। ਸਭ ਕੁਝ ਕੁਦਰਤ ਨੇ ਇਕ ਅਸੂਲ ਦੇ ਤਹਿਤ ਬਣਾਇਆ ਹੈ। ਕੁੱਤਾ ਭਾਵੇਂ ਭਾਰਤ ਦਾ ਹੋਵੇ, ਅਮਰੀਕਾ ਜਾਂ ਇੰਗਲੈਂਡ ਦਾ ਲੱਤ ਚੁਕ ਕੇ ਹੀ ਮੂਤਦਾ ਹੈ। ਫਿਰ ਇਕ ਸੂਬੇ ਦੀ ਰਹਿਣੀ ਰਹਿਣ ਵਾਲੀ ਤਖਾਣੀ ਤੇ ਜੱਟੀ ਦੇ ਇਸ਼ਕ ਵਿਚ ਕੀ ਫਰਕ ਹੋ ਸਕਦਾ ਹੈ? ਜਿਵੇਂ ਦਸਮ ਗ੍ਰੰਥ 'ਚ ਲਿਖਿਆ ਹੈ, ਇਸ਼ਕ ਤਖਾਣੀ ਦਾ, ਇਸ਼ਕ ਜੱਟੀ ਦਾ,

ਇਸ਼ਕ ਫਲਾਣੀ ਦਾ, ਇਸ਼ਕ ਢੀਂਗੜੀ ਦਾ, ਇਸ਼ਕ ਤਾਂ ਇਸ਼ਕ ਹੈ। ਯੂਰਪ ਤੇ ਅਮਰੀਕਾ ਵਿਚ ਕਾਮ ਵਿਦਿਆ ਪੜ੍ਹਾਈ ਜਾਂਦੀ ਹੈ ਪਰ ਕੀ ਉਹਨਾਂ ਨੇ ਦਸਮ ਗ੍ਰੰਥ ਪੜ੍ਹ ਕੇ ਐਸਾ ਕੀਤਾ ਹੈ? ਜਿਹੜੇ ਸਿੱਖ ਇਹ ਕਹਿੰਦੇ ਹਨ ਕਿ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਜਾਗਰੂਕ ਕਰਨ ਲਈ ਇਹ ਲਿਖਿਆ ਹੈ ਇਹ ਗਲ ਮੰਨਣਯੋਗ ਨਹੀਂ। ਗੁਰੂ ਜੀ ਦੀਵਾਨ ਲਾਉਂਦੇ ਸਨ ਦੀਵਾਨਾਂ ਵਿਚ ਇਹ ਗਲ ਆਪਣੇ ਸਿੱਖਾਂ ਨੂੰ ਸਮਝਾ ਸਕਦੇ ਸਨ। ਜਾਅਲੀ ਨੋਟ ਛਾਪਣ ਵਾਲੇ ਐਸੇ ਤਰੀਕੇ ਨਾਲ ਜਾਅਲੀ ਨੋਟ ਛਾਪਦੇ ਹਨ ਕਿ ਕਈ ਵਾਰ ਬੈਂਕ ਵਾਲੇ ਵੀ ਧੋਖਾ ਖਾ ਜਾਂਦੇ ਹਨ। ਅਜੇ ਹੁਣੇ ਜਹੇ ਹੀ ਗਾਂਧੀ ਦੀ ਫੋਟੋ ਵਾਲੇ ਪੰਜ ਪੰਜ ਸੌ ਰੁਪਏ ਦੇ ਜਾਅਲੀ ਨੋਟ ਛਪੇ ਸਨ ਜੋ ਧੜੱਲੇ ਨਾਲ ਪੂਰੇ ਭਾਰਤ ਵਿਚ ਚਲਦੇ ਰਹੇ। ਬੈਂਕਾ ਵਾਲੇ ਵੀ ਅਸਲੀ ਨਕਲੀ ਦਾ ਧੋਖਾ ਖਾ ਜਾਂਦੇ ਸਨ। ਅਖੀਰ ਸਰਕਾਰ ਨੂੰ ਨੋਟਾਂ ਦੀਆਂ ਕਈ ਸੀਰੀਜ਼ (ਲੜੀਆਂ) ਬੰਦ ਕਰਨੀਆਂ ਪਈਆਂ। ਜੇ ਅੱਜਕਲ ਦੇ ਯੁਗ ਵਿਚ ਜਾਅਲੀ ਨੋਟ ਬਣ ਸਕਦੇ ਹਨ ਤਾਂ ਜਾਅਲੀ ਸਾਹਿਤ ਛਾਪਣ ਵਿਚ ਕੀ ਦਿੱਕਤ ਸੀ? ਖਾਸ ਕਰਕੇ ਅਨਪੜ੍ਹਤਾ ਦੇ ਯੁੱਗ ਵਿਚ ਰੋਕਣ ਵਾਲਾ ਕੌਣ ਸੀ? ਪਰ ਫਿਰ ਵੀ ਸਿੱਖ ਇਹ ਗੱਲ ਮੰਨਣ ਨੂੰ ਤਿਆਰ ਨਹੀਂ।

ਕਈ ਸਜਣ ਪੁਰਸ਼ ਕਹਿੰਦੇ ਹਨ ਕਿ ਪੜ੍ਹੇ ਲਿਖੇ ਤੇ ਵਿਦਵਾਨ ਸਿੱਖ ਵੀ ਮੰਨਦੇ ਹਨ ਕਿ ਦਸਮ ਗ੍ਰੰਥ ਗੁਰੂ ਜੀ ਨੇ ਹੀ ਲਿਖਿਆ ਹੈ। ਭਾਰਤ ਵਿਚ ਸਤੀ ਪ੍ਰਥਾ ਪ੍ਰਚਲਤ ਸੀ। ਉਸ ਨੂੰ ਵੀ ਬੜੇ ਬੜੇ ਵਿਦਵਾਨਾਂ ਤੇ ਪੜ੍ਹਿਆਂ ਲਿਖਿਆਂ ਦੀ ਸਰਪ੍ਰਸਤੀ ਹਾਸਲ ਸੀ। ਪਰ ਅੰਗਰੇਜਾਂ ਨੇ ਝੱਟ ਪਾਬੰਦੀ ਲਾ ਦਿੱਤੀ। ਪਾਗਲ ਸੋਚ ਤਾਂ ਕਿਸੇ ਦੀ ਵੀ ਹੋ ਸਕਦੀ ਹੈ। ਕੀ ਪੜ੍ਹੇ ਲਿਖੇ ਲੋਕ ਪਾਗਲ ਨਹੀਂ ਹੁੰਦੇ? ਪਾਗਲ ਦਾ ਇਲਾਜ ਕਰਵਾਇਆ ਜਾਂਦਾ ਹੈ। ਉਨ੍ਹਾਂ ਦੀਆਂ ਪਾਗਲਪਣ ਵਿਚ ਕਹੀਆਂ ਹੋਈਆਂ ਗਲਾਂ ਨੂੰ ਦੂਸਰੇ ਲੋਕਾਂ 'ਤੇ ਲਾਗੂ ਕਰਨਾ ਠੀਕ ਨਹੀਂ। ਗੰਦੀ ਤੇ ਅਸ਼ਲੀਲ ਭਾਸ਼ਾ ਨੂੰ ਕਦੇ ਪੁਰਸਕਾਰ ਨਹੀਂ ਮਿਲਦੇ। ਜੇ ਮਿਲਦੇ ਹੁੰਦੇ ਤਾਂ ਬੁਕ ਸਟਾਲਾਂ ਤੇ ਰੇਲਵੇ ਸਟੇਸ਼ਨਾਂ 'ਤੇ ਬਹੁਤ ਸਾਰਾ ਗੰਦਾ ਸਾਹਿਤ ਮਿਲਦਾ ਹੈ। ਹੁਣ ਤੱਕ ਕਈਆਂ ਨੂੰ ਸਾਹਿਤ ਅਕੈਡਮੀ ਦਾ ਐਵਾਰਡ ਮਿਲ ਚੁੱਕਾ ਹੁੰਦਾ। ਅਸ਼ਲੀਲ ਸਾਹਿਤ ਕਿਸੇ ਕਿਤਾਬ ਵਿਚ ਵੀ ਹੋਵੇ ਤ੍ਰਿਸਕਾਰਿਆ ਜਾਂਦਾ ਹੈ। ਦਸਮ ਗ੍ਰੰਥ ਦੇ ਤ੍ਰੀਆਂ ਚਰਿਤਰ ਨੂੰ ਵੀ ਸਾਹਿਤ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ ਪਰ ਡਾਕਟਰ ਤੇ ਹੋਰ ਵਿਦਵਾਨ ਵਿਦਵਤਾ ਕਰਕੇ ਨਹੀਂ ਲਾਲਚ ਕਰਕੇ ਇਸ ਦੀ ਸਿਫਤ ਦੇ ਪੁਲ ਬੰਨਦੇ ਹਨ। ਜੇ ਇਹ ਜਰੂਰੀ ਹੋਵੇ ਤਾਂ ਹਰ ਮਾਂ ਪਿਓ ਇਸ ਦੀ ਸਿਖਿਆ ਦੇਵੇ।

ਜਿਸ ਨੋਟ ਦੇ ਜਾਅਲੀ ਹੋਣ ਦਾ ਸ਼ਕ ਹੋਵੇ ਉਸਨੂੰ ਕੋਈ ਮੂੰਹ ਨਹੀਂ ਲਾਉਂਦਾ। ਪਰ ਜਿਹੜੀਆਂ ਸਿੱਖ ਲਿਖਤਾਂ ਏਨੀਆਂ ਸ਼ਕੀ ਹਨ ਕਿ ਇਨ੍ਹਾਂ 'ਤੇ ਇਤਬਾਰ ਕਰਨ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ, ਉਹ ਵੀ ਸਿਖਾਂ ਨੇ ਮਰੇ ਹੋਏ ਬਾਂਦਰ ਦੇ ਬੱਚੇ ਵਾਂਗ ਢਿੱਡ ਨਾਲ ਕਿਉਂ ਲਾਈਆਂ ਹੋਈਆਂ ਹਨ? ਕਹਿੰਦੇ ਹਨ ਕਿ ਬਾਂਦਰੀ ਆਪਣੇ ਮਰੇ ਹੋਏ ਬੱਚੇ ਨੂੰ ਕਦੀ ਨਹੀਂ ਛਡਦੀ। ਇਕ ਹਥ ਨਾਲ ਫੜ ਕੇ ਚੰਬੇੜੀ ਫਿਰਦੀ ਹੈ। ਪਰ ਇਕ ਕ੍ਰਾਂਤੀ ਹੁੰਦੀ ਹੈ। ਜਦੋਂ ਕੋਈ ਅਖੜ ਤੇ ਕ੍ਰਾਂਤੀਕਾਰੀ ਬਾਂਦਰ ਉਸ ਬਾਂਦਰੀ ਦੇ ਬੱਚੇ ਨੂੰ ਆਪਣੀ ਬੁਧੀ ਅਨੁਸਾਰ ਵਾਧੂ ਸਮਝਦਾ ਹੈ ਤਾਂ ਉਸਦਾ ਦਿਮਾਗ ਉਸਨੂੰ ਰੱਦ ਕਰ ਦੇਂਦਾ ਹੈ ਤੇ ਉਹ ਉਸ ਮਰੇ ਹੋਏ ਸੁਕੇ ਬੱਚੇ ਨੂੰ ਬਾਂਦਰੀ ਦੇ ਵਿਰੋਧ ਦੇ ਬਾਵਜੂਦ ਵਗਾਹ ਕੇ ਪਰ੍ਹਾਂ ਮਾਰਦਾ ਹੈ। ਬੱਸ ਏਥੇ ਹੀ ਕ੍ਰਿਸ਼ਮਾ ਹੋ ਜਾਂਦਾ ਹੈ, ਬਾਂਦਰੀ ਵੀ ਆਪਣੀ ਭੁੱਲ ਸਮਝ ਜਾਂਦੀ ਹੈ ਤੇ ਉਸ ਮਰੇ ਹੋਏ ਬੱਚੇ ਨੂੰ ਭੁਲ ਕੇ ਨਵੀਂ ਜਿਦੰਗੀ ਜੀਂਦੀ ਹੈ। ਫਿਰ ਉਹ ਉਸ ਡਿਗੇ ਹੋਏ ਸੁਕੇ ਮਰੇ ਬੱਚੇ ਨੂੰ ਮੁੜ ਕੇ ਨਹੀਂ ਚੁਕਦੀ। ਪਰ

ਸਿੱਖਾਂ ਦੀ ਬਦਕਿਸਮਤੀ ਕਿ ਉਹ ਬ੍ਰਾਹਮਣ ਦੁਆਰਾ ਪਾਏ ਹੋਏ ਰਲੇ ਵਾਲੇ ਸਾਹਿਤ ਨੂੰ ਅਸਲੀ ਨਾਲੋਂ ਵਖਰਾ ਨਹੀਂ ਕਰ ਸਕੇ। ਬੱਸ ਹਿੰਦੂ ਅਜਗਰ ਦੁਆਰਾ ਨਿਗਲੇ ਜਾਣ ਦਾ ਸਭ ਤੋਂ ਵੱਡਾ ਕਾਰਣ ਇਹ ਹੀ ਬਣਿਆ ਹੈ। ਪਰ ਏਥੇ ਤਾਂ ਏਸ ਸਾਹਿਤ ਦੇ ਅਧਾਰ 'ਤੇ ਹੇਮ-ਕੁੰਟ ਵਰਗਾ ਤੀਰਥ ਅਸਥਾਨ ਵੀ ਬਣ ਚੁੱਕਾ ਹੈ। ਬ੍ਰਾਹਮਣ ਦੀ ਚਾਲ ਸਫ਼ਲ ਹੋ ਚੁੱਕੀ ਹੈ। ਰਾਸ਼ਟਰੀ ਸਿੱਖ ਸੰਗਤ ਹੁਣ ਦਸਮ ਗ੍ਰੰਥ ਨੂੰ ਚਾਰ ਭਾਸ਼ਾਵਾਂ ਵਿਚ ਛਪਵਾ ਕੇ ਦੇਸ਼ ਵਿਦੇਸ਼ ਵਿਚ ਵੰਡਣ ਦੇ ਆਹਰ ਵਿਚ ਹੈ। ਸਮਝੋ ਗਿਆਨ ਦਾ ਪ੍ਰਕਾਸ਼ ਘਰ ਘਰ ਪਹੁੰਚਣ ਵਾਲਾ ਹੈ। ਸਿੱਖ ਗਿਆਨ ਲੈਣ ਵਾਲੇ ਬਣਨ ਉਨ੍ਹਾਂ ਨੇ ਤਾਂ ਇਹ ਗਿਆਨ ਵੰਡਣ ਲਈ ਹੀ ਤਿਆਰ ਕੀਤਾ ਹੈ। ਥੱਲੇ ਇਕ ਨਮੂਨਾ ਦਿੱਤਾ ਗਿਆ ਹੈ, ਜਿਸ ਤੋਂ ਉਪਰੋਕਤ ਗੱਲ ਛੇਤੀ ਸਮਝ ਆਵੇਗੀ ਜੋ ਬ੍ਰਾਹਮਣ ਗੁਰੂ ਨਾਨਕ ਦੇ ਚਰਿੱਤਰ 'ਤੇ ਚਿੱਕੜ ਸੁਟਣੋਂ ਨਹੀਂ ਹਟਿਆ ਤਾਂ ਹੋਰ ਉਹਨੇ ਕਿਹੜੇ ਸਿੱਖ ਨੂੰ ਬਖਸ਼ਣਾ ਸੀ? ਹੇਠਾਂ ਲਿਖਿਆ ਪੜ੍ਹ ਕੇ ਵੇਖੋ ਕਿਵੇਂ ਸ਼ਰਮ ਨਾਲ ਸਿਰ ਝੁਕਦਾ ਹੈ?

"ਜਨਮ ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਨ ਤੇ ਆਲੋਚਨਾਤਮਕ ਸੰਪਾਦਨ" ਖੋਜਕਾਰ ਗੁਰਬਚਨ ਕੌਰ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੇ ਨਿਗਰਾਨ ਪ੍ਰੋ. ਪ੍ਰੀਤਮ ਸਿੰਘ ਮੁਖੀ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਸਾਲ 1978 ਨੰ. T-5681 (ਭਾਈ ਬਾਲੇ ਦੀ ਜਨਮ ਸਾਖੀ 'ਤੇ ਉਪਰੋਕਤ ਬੀਬੀ ਨੇ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ ਹੈ।)

ਭਾਈ ਬਾਲੇ ਦੀ ਜਨਮ ਸਾਖੀ ਵਿਚ ਗੁਰੂ ਨਾਨਕ ਜੀ ਬਾਰੇ ਕੀ ਲਿਖਿਆ ਹੈ, ਇੰਨ ਬਿੰਨ ਥੱਲੇ ਦਿੱਤਾ ਜਾ ਰਿਹਾ ਹੈ,

"ਹੈ ਤਾ ਸਭ ਕੁੱਝ ਕਰਤਾਰ ਦਾ ਪਰ ਦੇਹ ਦੁਨੀਆਂ ਦੀ ਵਰਤਨਿ ਹੈ॥ ਮੇਰੀ ਧੀ ਆਹੀ ਜੋ ਨਜਰਿ ਗੁਰੂ ਨਾਨਕ ਦੀ ਪਈ॥ ਤਾਂ ਗੁਰੂ ਨਾਨਕ ਕਹਿਆ ਬਚਾ ਆਪਣੀ ਧੀ ਨੂੰ ਰਾਤੀ ਬਣਾਇ ਕੇ ਲੈ ਆਵੇ॥ ਮੈ ਸੀ ਨ ਕੀਤੀ ਰਾਤਿ ਨੂੰ ਬਣਾਇ ਕੇ ਲੈ ਆਇਆ॥ ਤਾ ਗੁਰੂ ਨਾਨਕ ਕਹਿਆ ਤੂ ਜਾਹਿ ਬਚਾਂ ਤਾ ਮੈ ਆਖਿਆ ਜੀ ਮੈ ਇਸ ਤਾਈ ਨਾਲੇ ਲੈ ਜਾਸਾਂ॥ ਤਾ ਗੁਰੂ ਨਾਨਕ ਕਹਿਆ ਜਾ ਬਚਾ ਬਹਿ ਰਹੁ ਬਾਹਰਿ॥ ਤਾ ਮੈ ਬਹਿਰ ਡਿਉਡੀ ਵਿਚ ਆਇ ਬੈਠਾ॥ ਤਾ ਗੁਰੂ ਸੰਗ ਲਗਾ ਕਰਨਿ ਤਾ ਮੰਜੀ ਦੀ ਹੀਂਹ ਟੁੱਟ ਗਈ ਤਾ ਗੁਰੂ ਨਾਨਕ ਆਪਣੇ ਖਿਆਲ ਵਿਚ ਆਹਾ ਮੈ ਜਾਤਾ ਜੋ ਗੁਰੂ ਨਾਨਕ ਦੇ ਸਹਜ ਵਿਚਿ ਕੁਸਹਜ ਹੋਇ ਜਾਂਦਾ ਹੈ ਤਾ ਮੈ ਉਸ ਹੀਂਹ ਦੀ ਜਾਹਗਾ ਆਪਣੀ ਢੂਹੀ ਦਿਤੀ॥" ਇਹ ਸਾਰੇ ਸਿੱਖਾਂ ਲਈ ਚੱਪਣੀ ਵਿਚ ਪਾਣੀ ਪਾ ਕੇ ਨੱਕ ਡੋਬ ਕੇ ਮਰਨ ਵਾਲੀ ਗਲ ਹੈ ਕਿ ਨਹੀਂ?

ਇਸ ਸਾਖੀ ਅਨੁਸਾਰ ਤਾਂ ਸਿਖਾਂ ਦੇ ਪਹਿਲੇ ਗੁਰੂ ਜੀ ਦਾ ਚਰਿਤਰ ਬੜਾ ਦਾਗੀ ਸੀ। ਬ੍ਰਾਹਮਣ ਨੇ ਕਿਸ ਤਰ੍ਹਾਂ ਚਿੱਕੜ ਸੁਟਿਆ ਹੈ ਗੁਰੂ ਜੀ 'ਤੇ, ਤੇ ਅਸੀਂ ਏਹੋ ਜਹੇ ਗੰਦ ਨੂੰ ਪੁਰਾਤਨ ਸਾਖੀਆਂ ਦਾ ਨਾਂ ਦੇ ਕੇ ਸਾਂਭੀ ਬੈਠੇ ਹਾਂ।

ਸੌ ਫੀਸਦੀ ਵਿਦਵਾਨ ਮੰਨਦੇ ਹਨ ਕਿ ਗੁਰੂ ਨਾਨਕ ਜੀ ਦੇ ਵੇਲੇ ਬਾਲਾ ਨਾਂ ਦਾ ਕੋਈ ਵੀ ਬੰਦਾ ਨਹੀਂ ਸੀ, ਜਿਹੜਾ ਗੁਰੂ ਜੀ ਨਾਲ ਰਿਹਾ ਹੋਵੇ। ਭਾਈ ਮਰਦਾਨਾਂ ਹੀ ਗੁਰੂ ਜੀ ਦੇ ਨਾਲ ਰਿਹਾ ਹੈ ਤੇ ਉਨ੍ਹਾਂ ਦਾ ਇਕ ਸ਼ਬਦ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਫਿਰ ਇਹ ਬਾਲਾ ਨਾਂ ਦਾ ਬੰਦਾ ਕਿਥੋਂ ਆ ਗਿਆ? ਜੋ ਗੁਰੂ ਜੀ ਨੂੰ ਚੌਰ ਕਰਦਾ ਹੁੰਦਾ ਸੀ। ਇਸ

ਬਾਲੇ ਨਾਂ ਦੇ ਬੰਦੇ ਦੀ ਏਨੀ ਮਸ਼ਹੂਰੀ ਹੋ ਚੁਕੀ ਹੈ ਕਿ ਸ਼ਹਿਰਾਂ ਤੇ ਪਿੰਡਾਂ ਦੇ ਲੋਕ ਇਹ ਨਹੀਂ ਮੰਨਦੇ ਕਿ ਬਾਲਾਂ ਨਾਂ ਦਾ ਕੋਈ ਬੰਦਾ ਹੋਇਆ ਈ ਨਹੀਂ। ਮੈਂ ਆਪਣੀ ਬੁੱਢੀ ਮਾਂ ਨੂੰ ਕਿੰਨਾ ਕਿੰਨਾ ਚਿਰ ਲਾ ਕੇ ਇਹ ਸਮਝਾਉਂਦਾ ਪਰ ਅਖੀਰ 'ਤੇ ਉਹਨੇ ਕਹਿਣਾ, "ਨਹੀਂ ਨਹੀਂ ਤੈਨੂੰ ਕੀ ਪਤਾ ਭਾਈ ਬਾਲਾ ਤੇ ਗੁਰੂ ਜੀ ਨੂੰ ਚੌਰ ਕਰਦਾ ਹੁੰਦਾ ਸੀ, ਪਾਕਿਸਤਾਨ ਵਿਚ ਸਾਡੇ ਘਰ ਫੋਟੋ ਹੁੰਦੀ ਸੀ, ਬਾਲਾ ਗੁਰੂ ਦੇ ਸੱਜੇ ਪਾਸੇ ਬੈਠਾ ਸੀ ਤੇ ਮਰਦਾਨਾਂ ਖੱਬੇ ਪਾਸੇ ਬੈਠਾ ਰਬਾਬ ਵਜਾਉਂਦਾ ਸੀ।" ਅਮਰੀਕਾ ਦੇ ਦੋ ਗੁਰਦੁਆਰਿਆਂ ਵਿਚ ਬਿਜਲੀ ਨਾਲ ਚੱਲਣ ਵਾਲੀਆਂ ਫੋਟੋ ਲਗੀਆਂ ਹਨ, ਜਿਸ ਵਿਚ ਮਰਦਾਨੇ ਦੇ ਹਥ ਦੀਆਂ ਉਂਗਲਾ ਰਬਾਬ ਵਜਾਉਂਦੀਆਂ ਹਨ ਤੇ ਬਾਲੇ ਦਾ ਚੌਰ ਵੀ ਆਪਣੇ ਆਪ ਚਲਦਾ ਹੈ। ਗੁਰੂ ਨਾਨਕ ਜੀ ਦਾ ਮੂੰਹ ਵੀ ਵਿਚ ਵਿਚ ਹਿਲਦਾ ਹੈ। ਜਿਸ ਬੰਦੇ ਨੇ ਇਹ ਬੁੱਤ ਰੂਪੀ ਫੋਟੋ ਜਹੀ ਬਣਾਈ ਹੈ, ਕਹਿੰਦੇ ਹਨ ਉਸਨੇ ਹਜਾਰਾਂ ਡਾਲਰ ਕਮਾਏ ਹਨ ਤੇ ਉਸਨੂੰ ਇਕ ਗੁਰਦੁਆਰੇ ਨੇ ਉਸਦੀ ਇਸ ਸੇਵਾ ਬਦਲੇ ਸਰੋਪਾ ਵੀ ਦਿੱਤਾ ਹੈ। ਜਦੋਂ ਕੈਂਸਰ ਸਾਰੇ ਸ਼ਰੀਰ ਵਿਚ ਫੈਲ ਗਈ ਹੋਵੇ ਤਾਂ ਫਿਰ ਇਲਾਜ ਕਾਫੀ ਮੁਸ਼ਕਲ ਹੋ ਜਾਂਦਾ ਹੈ, ਬਸ ਇਹ ਹਾਲਤ ਅੱਜ ਸਿੱਖ ਦੀ ਹੈ। ਬਾਲੇ ਨਾਂ ਦੇ ਇਕ ਕਲਪਿਤ ਬੰਦੇ ਨੂੰ ਗੁਰੂ ਜੀ ਦੇ ਨਾਲ ਲਾਉਣਾ ਬ੍ਰਾਹਮਣੀ ਚਾਲ ਹੈ। ਜਦੋਂ ਗੁਰੂ ਜੀ ਨੇ ਜੰਞੂ ਨਹੀਂ ਸੀ ਪਾਇਆ, ਬ੍ਰਾਹਮਣ ਦਾ ਮੱਥਾ ਓਦੋਂ ਹੀ ਠਣਕਿਆ ਸੀ। ਜੇ ਇਕਲਾ ਮੁਸਲਮਾਨ ਮਰਦਾਨਾਂ ਹੀ ਗੁਰੂ ਜੀ ਨਾਲ ਹੁੰਦਾ ਤਾਂ ਸਿੱਖਾਂ ਦਾ ਝੁਕਾਅ ਮੁਸਲਮਾਨਾਂ ਵਲ ਹੋ ਜਾਣ ਦਾ ਡਰ ਸੀ। ਇਸ ਲਈ ਸੰਤੁਲਨ ਕਾਇਮ ਰਖਣ ਲਈ ਇਕ ਹਿੰਦੂ ਦਾ ਨਾਲ ਹੋਣਾ ਅਤੀ ਜਰੂਰੀ ਸੀ, ਸੋ ਬ੍ਰਾਹਮਣ ਨੇ ਉਹ ਕਲਪਿਤ ਬੰਦਾ ਗੁਰੂ ਜੀ ਨਾਲ ਲਾ ਦਿੱਤਾ ਜੋ ਪੱਕਾ ਹੀ ਲਗ ਚੁੱਕਾ ਹੈ ਤੇ ਸਿੱਖ ਏਨੇਂ ਬੇਵਕੂਫ ਜਾਂ ਅਣਭੋਲ ਹਨ ਕਿ ਉਸਨੂੰ ਵਖਰਾ ਕਰਨ ਨੂੰ ਤਿਆਰ ਨਹੀਂ। ਹਿੰਦੂਆਂ ਨੇ ਇਹ ਕਹਾਣੀ ਵੀ ਘੜ ਲਈ ਹੈ ਕਿ ਜਦੋਂ ਗੁਰੂ ਜੀ ਜੋਤੀ ਜੋਤ ਸਮਾਏ ਤਾਂ ਪਿਛੇ ਇਕ ਚਾਦਰ ਹੀ ਰਹਿ ਗਈ ਸੀ, ਜੋ ਅੱਧੀ ਮੁਸਲਮਾਨਾਂ ਨੇ ਤੇ ਅੱਧੀ ਹਿੰਦੂਆਂ ਨੇ ਵੰਡ ਲਈ। ਹਿੰਦੂਆਂ ਨੇ ਸਸਕਾਰ ਕਰ ਦਿੱਤਾ ਤੇ ਮੁਸਲਮਾਨਾਂ ਨੇ ਉਹ ਚਾਦਰ ਜਮੀਨ ਵਿਚ ਦਫਨਾ ਦਿੱਤੀ। ਏਥੇ ਵੀ ਸੰਤੁਲਨ ਬਰਾਬਰ ਕੀਤਾ ਗਿਆ ਹੈ।

ਬ੍ਰਾਹਮਣ ਨੂੰ ਛੱਬੀ ਸੌ ਸਾਲ ਪਹਿਲਾਂ ਦਾ ਜੈਨੀਆਂ ਤੇ ਬੋਧੀਆਂ ਦਾ ਤਜਰਬਾ ਸੀ। ਸਿੱਖ ਧਰਮ ਦੀ ਗਲ ਤਾਂ ਸਾਰੀ ਪੰਜ ਸੌ ਸਾਲ ਹੀ ਪੁਰਾਣੀ ਹੈ। ਓਸੇ ਤਜਰਬੇ ਦੇ ਅਧਾਰ 'ਤੇ ਜਿਵੇਂ ਬ੍ਰਾਹਮਣ ਨੇ ਬੋਧੀਆਂ ਤੇ ਜੈਨੀਆਂ ਵਿਚ ਘੁਸਪੈਠ ਕਰਕੇ ਸਾਰੀ ਦੀ ਸਾਰੀ ਸਟੇਜ ਹੀ ਆਪਣੇ ਹੱਥ ਕਰ ਲਈ ਸੀ ਏਸੇ ਤਰ੍ਹਾਂ ਹੀ ਸਿੱਖ ਸਾਹਿਤ ਤੇ ਇਤਿਹਾਸ ਨੂੰ ਵੀ ਉਨ੍ਹਾਂ ਨੇ ਆਪਣੇ ਹੱਥ ਥਲੇ ਕਰ ਲਿਆ। ਸਿੱਖ ਹੁਣ ਜਿਨ੍ਹਾਂ ਮਰਜੀ ਕਲਪੀ ਜਾਣ ਚਿਟੇ 'ਤੇ ਕਾਲਾ ਪਿਆ ਕਿਤੇ ਧੋਤਾ ਜਾ ਸਕਦਾ ਹੈ? ਨਾਲੇ ਕਿਥੇ ਕਿਥੇ ਧੋਣਗੇ? ਗੁਰੂ ਹਰਗੋਬਿੰਦ ਸਾਹਿਬ ਦੇ ਜਨਮ ਦੀ ਹੀ ਗੱਲ ਲੈ ਲਓ। ਇਹ ਕਥਾ ਗਹੁ ਨਾਲ ਪੜ੍ਹਨ 'ਤੇ ਕੰਧ ਵਿਚ ਮੱਥਾ ਮਾਰਨ ਨੂੰ ਜੀਅ ਕਰਦਾ ਹੈ। ਖਾਸ ਤੌਰ 'ਤੇ ਇਹ ਸੋਚ ਕੇ ਕਿ ਚਲੋ ਬ੍ਰਾਹਮਣ ਨੇ ਤਾਂ ਰਲਾ ਪਾਇਆ ਹੀ ਸੀ ਅਕਾਲ ਤਖ਼ਤ ਦੇ ਕਾਇਮ ਮੁਕਾਮ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੇ ਕੀ ਸੋਚ ਕੇ ਗੁਰਬਿਲਾਸ ਪਾਤਸ਼ਾਹੀ ਛੇਵੀਂ ਆਪ ਛਪਵਾਈ। ਜਥੇਦਾਰ ਅਕਾਲ ਤਖਤ ਦੁਆਰਾ ਲਿਖੀ ਇਸ ਕਿਤਾਬ 'ਤੇ ਹੁਣ ਸ਼੍ਰੋਮਣੀ ਕਮੇਟੀ ਨੇ ਪਾਬੰਦੀ ਲਾ ਦਿੱਤੀ ਹੈ ਪਰ ਜਿਹੜੀ ਹਜਾਰਾਂ ਦੀ ਗਿਣਤੀ ਵਿਚ ਕਿਤਾਬ ਲੋਕਾਂ ਦੇ ਘਰਾਂ 'ਚ ਪਈ ਹੈ ਉਸਦਾ ਕੀ ਬਣੇਗਾ? ਜਥੇਦਾਰ ਨੂੰ ਤਾਂ ਚਾਹੀਦਾ ਸੀ ਕਿ ਏਹੋ ਜਹੀ ਕਿਤਾਬ ਨੂੰ ਹੀ ਨਹੀਂ ਸਗੋਂ ਸਾਰੇ ਹੀ ਐਸੇ ਸਾਹਿਤ ਨੂੰ, ਜਿਸ

ਵਿਚ ਬ੍ਰਾਹਮਣਵਾਦੀ ਮਿਲਾਵਟ ਹੈ, ਮਿੱਟੀ ਦਾ ਤੇਲ ਪਾ ਕੇ ਅੱਗ ਲਾ ਦੇਂਦਾ ਤਾਂ ਕਿ ਸਿੱਖੀ ਵਰਗੇ ਨਿਰੋਲ ਤੇ ਪਵਿਤਰ ਧਰਮ ਵਿਚ ਕੋਈ ਰਲਾ ਨਾਂ ਪਾ ਸਕਦਾ।

ਗੁਰਬਿਲਾਸ ਪਾਤਸ਼ਾਹੀ ਛੇਂਵੀ ਕਿਤਾਬ ਜਿਸ ਨੂੰ ਸਿੱਖ ਬੜੀ ਸ਼ਰਧਾ ਨਾਲ ਪੜ੍ਹਦੇ ਤੇ ਕਈ ਗ੍ਰੰਥੀ ਇਸ ਵਿਚੋਂ ਕਥਾ ਕਰਦੇ ਹਨ, ਬਹੁਤ ਹੀ ਸਿਖ ਵਿਰੋਧੀ ਭਾਵਨਾਵਾਂ ਨਾਲ ਭਰੀ ਪਈ ਹੈ। ਗੁਰੂ ਹਰਗੋਬਿੰਦ ਸਾਹਿਬ ਦੇ ਜਨਮ ਬਾਰੇ ਲਿਖਿਆ ਹੈ ਕਿ ਦੁਖੀ ਪ੍ਰਿਥਵੀ ਗਾਂ ਬਣ ਕੇ ਬ੍ਰਹਮਾਂ ਨੂੰ ਨਾਲ ਲੈ ਕੇ ਅਕਾਲ ਪੁਰਖ ਪਾਸ ਗਈ। ਉਸ ਦੀ ਬੇਨਤੀ 'ਤੇ ਅਕਾਲ ਪੁਰਖ ਨੇਂ ਛੇਵੇਂ ਗੁਰੂ ਦਾ ਰੂਪ ਧਾਰਿਆ। ਇਸ ਤੋਂ ਪਹਿਲਾਂ ਉਹ ਚਹੁੰ ਬਾਹਵਾਂ ਵਾਲੇ ਸਨ। ਕਿਸ ਤਰ੍ਹਾਂ ਲਿਖਾਰੀ ਨੇ ਗੁਰਮਤਿ ਵਿਰੁਧ ਅਕਾਲ ਪੁਰਖ ਨੂੰ ਜਨਮ ਮਰਨ ਵਾਲਾ, ਚੌਂਹ ਬਾਹਵਾਂ ਵਾਲਾ ਦਸਿਆ ਹੈ ਤੇ ਪਹਿਲੇ ਪੰਜ ਗੁਰੂਆਂ ਨੂੰ ਨਿਕੰਮੇ ਕਿਹਾ ਹੈ ਕਿਉਂਕਿ ਉਨ੍ਹਾਂ ਦੇ ਹੁੰਦਿਆਂ ਹੋਇਆਂ ਧਰਤੀ 'ਤੇ ਪਾਪਾਂ ਦਾ ਭਾਰ ਵਧ ਗਿਆ ਸੀ। ਏਸੇ ਕਿਤਾਬ ਵਿਚ ਹੀ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ 'ਤੇ ਸਿਆਪਾ ਹੋਇਆ ਤੇ ਗੁਰੂ ਹਰਗੋਬਿੰਦ ਜੀ ਬਹੁਤ ਰੋਏ। ਇਹ ਸਾਰਾ ਰਲਾ ਬ੍ਰਾਹਮਣ ਤੋਂ ਬਿਨਾਂ ਹੋਰ ਕੌਣ ਪਾ ਸਕਦਾ ਹੈ? ਥੱਲੇ ਰਲਾ ਪਾਉਣ ਦੇ ਹੋਰ ਵੇਰਵੇ ਦਿੱਤੇ ਜਾ ਰਹੇ ਹਨ;

ਨਕਲ : ਗੁਰੂ ਅਰਜਨ ਕੋ ਕਹਾ ਸੁਨਾਈ।
ਬ੍ਰਹਮ ਭੋਜ ਕਰੀਏ ਸੁਖ ਪਾਈ॥

ਅਸਲ : ਗੁਰ ਅਰਜਨ ਕੋ ਕਹਾ ਸੁਨਾਈ।
ਸਿਖਨ ਕੋ ਪ੍ਰਸਾਦੁ ਕਰਾਈ॥

***

ਨਕਲ : ਭਾਂਤਿ ਭਾਂਤਿ ਪਕਵਾਨ ਸੈਭਿ ਭਏ ਤਯਾਰ ਜਬ ਆਇ॥
ਤਬ ਨਿਵਤੇ ਬ੍ਰਹਮਨ ਸਗਲ ਮਨ ਮੈ ਅਨੰਦ ਪਾਇ॥

ਅਸਲ : ਭਾਂਤਿ ਭਾਂਤਿ ਪਕਵਾਨ ਤਬ ਭਏ ਤਯਾਰ ਲਖਿ ਪਾਇ।
ਤਬ ਸਿੱਖਨ ਸੰਗਤਿ ਸਗਲ ਮਨ ਮੈ ਅਨੰਦ ਪਾਇ॥

***

ਨਕਲ : ਤਬ ਦਿਜ ਸਗਲ ਬੁਲਾਇ ਕੈ ਪੰਗਤ ਬਹੁਤ ਬਹਾਇ॥

ਅਸਲ : ਛਤਬ ਸਿਖ ਸਗਲ ਬੁਲਾਇ ਕੈ ਪੰਗਤ ਦੀਨ ਬਹਾਇ॥

***

ਨਕਲ : ਹੁਇ ਸਬ ਤ੍ਰਿਪਤ ਉਠੇ ਦਿਜ ਰਾਈ॥ ਭਾਂਤਿ ਭਾਂਤਿ ਕੀ ਦਛਨਾ ਪਾਈ॥
ਮੁਖ ਸੋ ਸਭਿ ਦਿਜ ਐਸ ਉਚਾਰਾ। ਚਿਰ ਜੀਵੈ ਸੁਤ ਬਲੀ ਤੁਮਾਰਾ॥

ਅਸਲ : ਆਨੰਦ ਪੜ੍ਹ ਦੀਓ ਵਰਤਾਇ। ਹੁਇ ਸਭਿ ਤ੍ਰਿਪਤ ਉਠੇ ਸੁਖ ਪਾਇ॥
ਭਾਂਤਿ ਭਾਂਤਿ ਕੇ ਸਬਦ ਉਠਾਵੈ। ਮਾਤ ਗੰਗ ਬਲਿ ਬਲਿ ਜਾਵੈ॥
ਫਿਰ ਸੰਗਤਿ ਅਰਦਾਸਿ ਕਰਾਈ। ਸ੍ਰੀ ਗੁਰੂ ਕੇ ਚਰਨਨ ਮਨ ਲਾਈ॥
ਸਭਿ ਸਿਖਨ ਮਿਲਿ ਐਸ ਉਚਾਰਾ। ਹਰਿਗੁਵਿੰਦ ਜੀਵੇ ਜੁਗ ਚਾਰਾ॥

***

ਨਕਲ : ਸਭੈ ਆਇ ਇਕਠੇ ਭਏ ਮਨ ਮੈ ਆਨੰਦ ਅਪਾਰ॥
ਤਬੈ ਬੁਲਾਯੋ ਬਿਪ੍ਰ ਸੋ ਨਾਈ ਯੁਤ ਤਿਹ ਵਾਰ॥

*ਗਨਕ ਚੌਕ ਪੂਰਨ ਲਗੋ ਹਰਗੋਬਿੰਦ ਸੁਖਖਾਨ॥*
*ਪਹਿਰ ਨਵੀਨ ਪੁਸ਼ਾਕ ਕੋ ਪਟੜੀ ਪਰਿ ਪਗ ਠਾਨ॥*

ਅਸਲ : *ਪਖੰਡ ਭਰਮ ਗਵਾਇਆ ਹਉਮੈ ਪਰ ਨ ਹੋਇ।*
*ਸੁਖੁ ਪਾਇਆ ਮਿਲਿ ਸਾਧ ਸੰਗ ਦੁਖ ਸਰੀਰੋਂ ਖੋਇ।*

***

ਨਕਲ : *ਜਗ ਮ੍ਰਿਜਾਦ ਕਰਿ ਕੈ ਤਬੈ ਬਦੀ ਧਰੀ ਬਨਾਇ।*
*ਬਿਪ੍ਰ ਬੰਦ ਬੈਠਤ ਭਏ ਸ੍ਰੀ ਗੁਰ ਮਨਿ ਸੁਖ ਪਾਇ।*

ਅਸਲ : *ਰਾਮਦਾਸ ਗੁਰ ਲਾਵ ਉਚਾਰੀ। ਸੂਹੀ ਰਾਗ ਮਾਹਿ ਨਿਰਧਾਰੀ॥*
*ਹਰਿਗੋਬਿੰਦ ਤਬ ਲਾਵਾ ਲੀਨੀਂ। ਪਾਨ ਗ੍ਰਹਿਣ ਤਬਹੀ ਗੁਰ ਕੀਨੀ॥*

***

ਨਕਲ : *ਚੰਦਨ ਕੀ ਗੁਰ ਚਿਤਾ ਬਨਾਈ। ਉਪਰਿ ਮਹਾਂਦੇਵ ਦੇਹ ਪਾਇ॥*
*ਲਾਂਬੂ ਸ੍ਰੀ ਗੁਰੂ ਨਿਜ ਕਰ ਲਾਯੋ। ਸਗਲ ਰੀਤੀ ਗੁਰ ਆਪ ਕਰਾਯੋ॥*
*ਮੋਹਰੀ ਦਾਤੂ ਲਾਇ ਦੀਵਾਨੁ। ਕੀਰਤਨ ਸੁਨਤ ਪ੍ਰੀਤਿ ਮਨ ਮਾਨੁ॥*
*ਕਪਾਲ ਕ੍ਰਿਆ ਕਰਿ ਗੁਰੂ ਨਹਾਏ। ਦੇ ਤਿਲਾਂਜਲ ਦੀਵਾਨ ਮਧ ਆਏ॥*

ਅਸਲ : *ਚੰਦਨ ਕੀ ਗੁਰ ਚਿਖਾ ਬਨਾਈ। ਮਹਾਂਦੇਵ ਤਨੁ ਦੀਯੋ ਧਰਾਈ॥*
*ਲਾਂਬੂ ਸ੍ਰੀ ਗੁਰ ਨਿਜ ਕਰ ਲਾਯੋ। ਸਤਿਨਾਮ ਪੜ੍ਹਿ ਮੰਤ੍ਰ ਸੁਹਾਯੋ॥*
*ਮੋਹਰੀ ਦਾਤੂ ਲਾਇ ਦੀਵਾਨੁ। ਕੀਰਤਨੁ ਸੁਨਤ ਅਖੰਡ ਮਹਾਨੁ॥*
*ਕਰਿ ਸਸਕਾਰ ਗੁਰੂ ਜੀ ਨਾਏ। ਦੀਵਾਨ ਮਧਿ ਤਬ ਸਤਿਗੁਰ ਆਏ॥*

ਬ੍ਰਾਹਮਣਵਾਦ ਦੁਆਰਾ ਹੋਰ ਕਈ ਗ੍ਰੰਥਾਂ ਵਿਚ ਵੀ ਇਸ ਤਰ੍ਹਾਂ ਦਾ ਬਹੁਤ ਰਲਾ ਪਾਇਆ ਗਿਆ ਹੈ ਤੇ ਇਸ ਰਲੇ ਨਾਲ ਸਿੱਖੀ ਦਾ ਅਸਲ ਸੰਕਲਪ ਹੀ ਬਦਲ ਗਿਆ ਹੈ। ਦੂਜੇ ਧਰਮਾਂ ਨੂੰ ਆਪਣੇ ਵਿਚ ਸਮੋਅ ਕੇ ਉਨ੍ਹਾਂ ਦੀ ਹੋਂਦ ਨੂੰ ਖਤਮ ਕਰ ਦੇਣ ਵਿਚ ਬ੍ਰਾਹਮਣਵਾਦ ਬਹੁਤ ਹੀ ਮਾਹਿਰ ਹੈ

***

# ❐ ਪਿੰਡ ਬੜੂ ਕਿ ਬੜੂ ਸਾਹਿਬ

ਇਕਬਾਲ ਸਿੰਘ ਨਾਂਅ ਦਾ ਇਕ ਵਿਅਕਤੀ ਹਿਮਾਚਲ ਪ੍ਰਦੇਸ਼ ਦੇ ਸੂਬਾ ਬਣਨ 'ਤੇ ਇਸ ਸੂਬੇ ਦੇ ਖੇਤੀਬਾੜੀ ਵਿਭਾਗ ਦੇ ਬਾਗਬਾਨੀ ਵਿੰਗ ਵਿਚ ਇੰਸਪੈਕਟਰ ਸਨ। ਬਾਅਦ ਵਿਚ ਸ਼ਾਇਦ ਹੋਰ ਤਰੱਕੀ ਕਰ ਗਏ ਹੋਣਗੇ। ਵਿਆਹ ਨਹੀਂ ਕਰਵਾਇਆ ਜਾਂ ਹੋਇਆ ਨਹੀਂ, ਇਸ ਗੱਲ ਵਿਚੋਂ ਕਿਸੇ ਨੇ ਕੀ ਕੱਢਣਾ ਪਾਉਣਾ ਹੈ? ਵੈਸੇ ਵਿਆਹ ਨਾ ਹੋਣ ਦੇ ਦੋ ਕਾਰਨ ਹੁੰਦੇ ਹਨ ਜਾਂ ਤਾਂ ਕਿਸੇ ਨੇ ਕੁੜੀ ਨਾ ਦਿੱਤੀ ਹੋਵੇ ਤੇ ਜਾਂ ਬੰਦਾ ਨਾਮਰਦ ਹੋਵੇ। ਨਹੀਂ ਤਾਂ ਤੀਜਾ ਹੋਰ ਕੋਈ ਕਾਰਨ ਹੋ ਹੀ ਨਹੀਂ ਸਕਦਾ। ਹਾਂ, ਗਿਆਨ ਦੇ ਗਲ ਵਿਚ ਰੱਸਾ ਪਾ ਕੇ ਭਾਵੇਂ ਕੋਈ ਜੋ ਕੁਝ ਮਰਜ਼ੀ ਆਖੀ ਜਾਵੇ ਕਿ ਬਚਪਨ ਵਿਚ ਹੀ ਪ੍ਰਭੂ ਦੀ ਲਗਨ ਲੱਗ ਗਈ ਸੀ। ਬੰਦਾ ਪੁੱਛੇ ਕਿ ਇਹਨਾਂ ਨੂੰ ਪ੍ਰਭੂ ਦੀ ਲਗਨ ਦਸਾਂ ਗੁਰੂਆਂ ਨਾਲੋਂ ਵੱਧ ਲੱਗ ਗਈ ਸੀ ? ਸਾਰੇ ਗੁਰੂਆਂ ਨੇ ਵਿਆਹ ਕਰਵਾਏ ਤੇ ਗ੍ਰਿਹਸਤ ਮਾਰਗ ਨੂੰ ਹੀ ਉੱਤਮ ਦੱਸਿਆ ਹੈ। ਕਈ ਕਹਿ ਦਿੰਦੇ ਹਨ, ਲੋਕ ਸੇਵਾ ਕਰਕੇ ਵਿਆਹ ਨਹੀਂ ਕਰਵਾਇਆ ਜਾਂ ਹੋਰ ਕੁਝ ਵੀ ਕੋਈ ਕਹਿ ਸਕਦਾ ਹੈ ਪਰ ਇਹ ਸਾਰੀ ਬਹਾਨੇਬਾਜੀ ਹੈ।

ਜਦੋਂ ਸ. ਇਕਬਾਲ ਸਿੰਘ ਜੀ ਖੇਤੀਬਾੜੀ ਮਹਿਕਮੇ ਵਿਚੋਂ ਰਿਟਾਇਰ ਹੋਏ ਤਾਂ ਨਵੇਂ ਸਿਰਿਓਂ ਜ਼ਿੰਦਗੀ ਜੀਣ ਦੀ ਸਮੱਸਿਆ ਉਹਨਾਂ ਦੇ ਸਾਹਮਣੇ ਸੀ। ਹਿਮਾਚਲ ਦੇ ਚੱਪੇ-ਚੱਪੇ ਦੇ ਉਹ ਜਾਣੂ ਸਨ। ਇਕ ਪਿੰਡ ਕਈ ਸਾਲਾਂ ਤੋਂ ਦੋ ਪਿੰਡਾਂ ਜਾਂ ਪਰਿਵਾਰਾਂ ਦੀ ਦੁਸ਼ਮਣੀ ਦਾ ਕਾਰਨ ਸੀ। ਪੰਜਾਬ ਦੇ ਪਿੰਡਾਂ ਵਾਂਗ ਹੀ ਏਹੋ ਜਿਹੇ ਝਗੜੇ ਦਾ ਅੰਤ ਇਕ ਪਾਰਟੀ ਦੇ ਕਿਨਾਰਾ ਕਰਕੇ ਕਿਤੇ ਦੂਰ ਚਲੇ ਜਾਣ ਨਾਲ ਹੀ ਹੁੰਦਾ ਹੈ। ਨਹੀਂ ਤਾਂ ਕਦੀ ਏਧਰੋਂ ਤੇ ਕਦੀ ਓਧਰੋਂ ਕਿਸੇ ਨਾ ਕਿਸੇ ਦਾ ਕਤਲ ਹੁੰਦਾ ਹੀ ਰਹਿੰਦਾ ਹੈ। ਸ. ਇਕਬਾਲ ਸਿੰਘ ਜੀ ਨੇ ਸੇਵਾ ਮੁਕਤ ਹੋਣ ਤੋਂ ਬਾਅਦ ਮਿਲੀ ਰਕਮ ਨਾਲ ਇਹ ਪਿੰਡ ਖਰੀਦ ਲਿਆ। ਇਸ ਪਿੰਡ ਦਾ ਨਾਂਅ ਬੜੂ ਸੀ। ਹੁਣ ਜੇ ਕੋਈ ਪੁੱਛੇ ਕਿ ਇਹ ਬੜੂ ਤੋਂ ਬੜੂ ਸਾਹਿਬ ਕਿਵੇਂ ਬਣ ਗਿਆ ਤਾਂ ਬਿਲਕੁਲ ਓਸੇ ਤਰ੍ਹਾਂ ਹੀ ਬਣਿਆ, ਜਿਵੇਂ ਸਾਡਾ ਇਕ ਜਿਲ੍ਹੇ ਦਾ ਜਨਰਲ ਸਕੱਤਰ ਹਰ ਗੱਲ ਨਾਲ ਸਾਹਿਬ ਲਾ ਦੇਂਦਾ ਹੈ। ਪੀੜ੍ਹੀ ਸਾਹਿਬ, ਥੜ੍ਹਾ ਸਾਹਿਬ, ਹਸਪਤਾਲ ਸਾਹਿਬ ਤੇ ਬਿਰਧ ਆਸ਼ਰਮ ਸਾਹਿਬ। ਏਸੇ ਤਰ੍ਹਾਂ ਹੀ ਇਹ ਬੜੂ ਸਾਹਿਬ ਬਣ ਗਿਆ। ਇਸ ਜ਼ਮੀਨ ਦਾ ਵਾਧਾ ਇਹ ਸੀ ਕਿ ਇਸ ਦੇ ਵਿਚੋਂ ਦੀ ਇਕ ਝਰਨਾਂ ਵਗਦਾ ਹੈ, ਜਿਹੜਾ ਸਾਰਾ ਸਾਲ ਵਗਦਾ ਰਹਿੰਦਾ ਹੈ। ਪਹਾੜਾਂ ਵਿਚ ਪਾਣੀ ਦਾ ਹੋਣਾ ਬਹੁਤ ਵੱਡੀ ਗੱਲ ਹੁੰਦੀ ਹੈ ਕਿਉਂਕਿ ਪਹਾੜਾਂ ਵਿਚ ਤਾਂ ਟੂਟੀ ਦਾ ਕੁਨੈਕਸ਼ਨ ਲੈਣ ਲਈ ਵੀ ਵਜੀਰਾਂ ਤੱਕ ਦੀ ਸਿਫਾਰਸ਼ ਪੁਆਉਣੀ ਪੈਂਦੀ ਹੈ।

ਸਭ ਤੋਂ ਪਹਿਲਾਂ ਇਸ ਥਾਂ 'ਤੇ ਬਿਰਧ ਆਸ਼ਰਮ ਬਣਾਇਆ ਗਿਆ। ਸ. ਇਕਬਾਲ ਸਿੰਘ ਵੀ ਆਪਣੀ ਬਿਰਧ ਅਵਸਥਾ ਦਾ ਹੱਲ ਏਸੇ ਨੂੰ ਹੀ ਸਮਝ ਰਹੇ ਸਨ। ਪੰਜਾਬ ਦੇ । ਡਾਂ

ਤੋਂ ਬਿਰਧ ਇਕੱਠੇ ਕਰਕੇ ਲਿਆਂਦੇ ਗਏ। ਇਹ ਸਥਾਨ ਪਹਾੜਾਂ ਵਿਚ ਉਥੇ ਹੈ, ਜਿਥੇ ਕੋਈ ਸੜਕ ਜਾਂ ਡਾਕ-ਤਾਰ ਆਦਿ ਦਾ ਕੋਈ ਪ੍ਰਬੰਧ ਨਹੀਂ। ਪਹਿਲਾਂ ਪਹਿਲਾਂ ਤਾਂ ਏਨੀ ਛੋਟੀ ਸੜਕ ਸੀ ਕਿ ਸਿਰਫ ਇਕ ਜੀਪ ਜਾਂ ਇਕ ਬਸ ਹੀ ਸੜਕ ਤੋਂ ਲੰਘ ਸਕਦੀ ਸੀ, ਦੂਜੀ ਨੂੰ ਖਲੋਣਾ ਪੈਂਦਾ ਸੀ। ਸੜਕ ਦੇ ਉੱਪਰ ਪਹਾੜ ਸਨ। ਜੇ ਰੱਬ ਨਾ ਕਰੇ ਪਹਾੜ ਦੇ ਪੱਥਰ ਕਿਸੇ ਵਜ੍ਹਾ ਨਾਲ ਸੜਕ ਵਿਚ ਡਿੱਗ ਪੈਣ ਤਾਂ ਫੌਜ ਹੀ ਉਹ ਰਾਹ ਚਾਲੂ ਕਰ ਸਕਦੀ ਸੀ। ਸਿਵਲ ਪ੍ਰਬੰਧਕਾਂ ਦੇ ਵਸ ਦਾ ਕੰਮ ਨਹੀਂ ਸੀ। ਚੁਣ-ਚੁਣ ਕੇ ਇਕੱਠੇ ਕਰਕੇ ਲਿਆਂਦੇ ਹੋਏ ਬਿਰਧ ਹਫਤਾ, ਦੋ ਹਫਤੇ ਹੀ ਇਥੇ ਰਹੇ। ਪੰਜਾਬ ਦੇ ਛਟੇ ਫੂਕੇ ਹੋਏ ਬੁੱਢੇ, ਜਿਹੜੇ ਹਰ ਕਿਸੇ ਨਾਲ ਆਹਡਾ ਲੈਣ ਗਿਝੇ ਹੋਏ ਹੋਣ ਤੇ ਨੂਹਾਂ ਜਾਂ ਪੁੱਤਾਂ ਦੀ ਧੀ ਦੀ ਭੈਣ ਦੀ ਕਰਨ ਵਾਲੇ ਹੋਣ, ਕਿੰਨਾਂ ਕੁ ਚਿਰ ਇਹਨਾਂ ਬੀਆਬਾਨ ਪਹਾੜਾਂ ਵਿਚ ਰਹਿ ਸਕਦੇ ਸਨ। ਛੇਤੀ ਹੀ ਉਹਨਾਂ ਨੂੰ ਪੋਤੇ-ਪੋਤੀਆਂ ਤੇ ਪਰਿਵਾਰ ਦੀ ਯਾਦ ਸਤਾਉਣ ਲੱਗ ਪਈ। ਇਕ-ਇਕ ਕਰਕੇ ਉਹ ਸਾਰੇ ਬੁੱਢੇ ਪੱਤਰਾ ਵਾਚ ਗਏ ਤੇ ਬਣਾਈ ਹੋਈ ਬਿਰਧ ਆਸ਼ਰਮ ਦੀ ਇਮਾਰਤ ਵਿਚ ਉੱਲੂ ਬੋਲਣ ਲੱਗ ਪਏ। ਸ. ਇਕਬਾਲ ਸਿੰਘ, ਜਿਨ੍ਹਾਂ ਦੀ ਸਭ ਛੱਲੀ-ਪੂਣੀ ਇਸ ਥਾਂ 'ਤੇ ਲੱਗ ਚੁੱਕੀ ਸੀ ਨੂੰ ਬੜੀ ਚਿੰਤਾ ਹੋਈ। ਕਿਸੇ ਸਿਆਣੇ ਸੱਜਣ ਪੁਰਸ਼ ਨੇ ਸਲਾਹ ਦਿੱਤੀ ਕਿ ਓਥੇ ਬੱਚਿਆਂ ਦਾ ਸਕੂਲ ਬਣਾ ਦਿਓ, ਬੁੱਢੇ ਤਾਂ ਭੱਜ ਗਏ ਹਨ, ਛੋਟੇ-ਛੋਟੇ ਬੱਚਿਆਂ ਨੇ ਭੱਜ ਕੇ ਕਿਹੜੀ ਮਾਂ ਕੋਲ ਜਾਣਾ ਹੈ। ਉਹਨਾਂ ਨੂੰ ਇਹ ਗੱਲ ਜਚ ਗਈ ਤੇ ਉਹ ਬਿਰਧ ਆਸ਼ਰਮ ਸਕੂਲ ਬਣ ਗਿਆ ਖਰ ਨਾਲ ਗੁਰਦੁਆਰਾ ਤਿਆਰ ਕਰਵਾ ਕੇ ਉਸ ਦਾ ਨਾਂਅ ਬੜੂ ਸਾਹਿਬ ਰੱਖ ਦਿੱਤਾ ਗਿਆ, ਜੋ ਚੱਲ ਨਿਕਲਿਆ। ਹੁਣ ਸਾਰੇ ਇਸਨੂੰ ਬੜੂ ਸਾਹਿਬ ਹੀ ਕਹਿੰਦੇ ਹਨ ਪਰ ਇਹ ਗੱਲ ਪੱਕੀ ਹੈ ਕਿ ਇਸਦਾ ਕੋਈ ਵੀ ਹੋਰ ਇਤਿਹਾਸਕ ਪਿਛੋਕੜ ਨਹੀਂ। ਪੰਜਾਬ ਵਿਚ ਜੋ ਵੀ ਸਾਧ ਨਵਾਂ ਗੁਰਦੁਆਰਾ ਬਣਾਉਂਦਾ ਹੈ, ਇਹ ਝੂਠੀ ਅਫਵਾਹ ਵੀ ਉਡਾ ਦੇਂਦਾ ਹੈ ਕਿ ਇਸ ਪਵਿੱਤਰ ਅਸਥਾਨ 'ਤੇ ਗੁਰੂ ਜੀ ਆਏ ਸਨ ਜਾਂ ਕਹਿ ਦੇਂਦਾ ਹੈ ਦੋ ਗੁਰੂ ਜੀ ਆਏ ਸਨ। ਕਈ ਤਾਂ ਏਥੋਂ ਤੱਕ ਵੀ ਕਹਿ ਦੇਂਦੇ ਹਨ ਕਿ ਏਥੇ ਤਿੰਨ ਗੁਰੂ ਸਾਹਿਬਾਨ ਆਏ ਸਨ ਤਾਂ ਕਿ ਲੋਕ ਸਮਝਣ ਕਿ ਇਹ ਬਹੁਤ ਹੀ ਜਾਹਰੀ ਥਾਂ ਹੈ। ਅੱਜਕਲ ਬਾਬੇ ਇਕਬਾਲ ਸਿੰਘ ਨੇ ਵੀ ਕਿਤਾਬਚੇ ਜਹੇ ਛਪਵਾਏ ਹੋਏ ਹਨ, ਜਿਨ੍ਹਾਂ ਵਿਚ ਲਿਖਿਆ ਹੋਇਆ ਹੈ ਕਿ ਭੰਗਾਣੀ ਦਾ ਯੁੱਧ ਲੜਨ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬੜੂ ਪਿੰਡ ਵਿਚ ਆਏ ਸਨ ਤੇ ਉਨ੍ਹਾਂ ਦੇ ਚਰਨਾਂ ਦੀ ਛੋਹ ਇਸ ਪਵਿਤਰ ਧਰਤੀ ਨੂੰ ਪ੍ਰਾਪਤ ਹੈ। ਇਹ ਗਲ ਨਿਰੀ ਬਕਵਾਸ ਅਤੇ ਝੂਠੀ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸੁਰਖਿਆ ਦਾ ਏਡਾ ਵੱਡਾ ਮਸਲਾ ਸੀ ਕਿ ਉਹ ਸਾਰੀ ਉਮਰ ਅਮ੍ਰਿਤਸਰ ਹਰਿਮੰਦਰ ਸਾਹਿਬ ਵੀ ਨਹੀਂ ਜਾ ਸਕੇ ਤੇ ਸੁਰਖਿਆ ਨੂੰ ਧਿਆਨ ਵਿਚ ਰਖਦੇ ਹੋਏ, ਅਨੰਦਪੁਰ ਸਾਹਿਬ ਦੇ ਨੇੜੇ ਤੇੜੇ ਹੀ ਰਹੇ। 'ਤੇ ਸਿੱਖਾਂ ਦੇ ਦਸ ਗੁਰੂ ਸਾਹਿਬਾਨ ਪੰਜਾਬ ਦੀ ਧਰਤੀ ਹੋਏ ਹਨ ਤੇ ਉਹ ਅਕਸਰ ਏਸੇ ਧਰਤੀ 'ਤੇ ਹੀ ਵਿਚਰਦੇ ਰਹੇ ਹਨ। ਪੰਜਾਬ ਦੀ ਧਰਤੀ ਦੇ ਚੱਪੇ-ਚੱਪੇ ਨੂੰ ਉਹਨਾਂ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ। ਏਸੇ ਲਈ ਹੀ ਲੋਕ ਇਹਨਾਂ ਸਾਧਾਂ ਦਾ ਜਰਮਨੀ ਦੇ ਗੋਇਬਲਜ਼ ਵਾਲਾ ਝੂਠ ਸੱਚ ਮੰਨ ਜਾਂਦੇ ਹਨ। ਕੀ ਫਿਰ ਸਾਰਾ ਪੰਜਾਬ ਗੁਰਦੁਆਰਿਆਂ ਵਿਚ ਹੀ ਤਬਦੀਲ ਨਹੀਂ ਕਰ ਦੇਣਾ ਚਾਹੀਦਾ?

ਇਕੱਲੇ ਸਿੱਖਾਂ ਦੀ ਹੀ ਗੱਲ ਨਹੀਂ ਕਿਸੇ ਨੂੰ ਵੀ ਪੁੱਛੋ ਕਿ ਤੁਸੀਂ ਕਾਕੇ ਜਾਂ ਗੁੱਡੀ ਨੂੰ ਕੀ ਬਨਾਉਣਾ ਚਾਹੁੰਦੇ ਹੋ ਤਾਂ ਕੋਈ ਕਹਿੰਦਾ ਹੈ ਡੀ. ਸੀ., ਕੋਈ ਕਹਿੰਦਾ ਹੈ ਐਸ. ਪੀ., ਕੋਈ ਕਹਿੰਦਾ ਹੈ ਡਾਕਟਰ ਤੇ ਕੋਈ ਕਹਿੰਦਾ ਹੈ ਇੰਜੀਨੀਅਰ। ਕੋਈ ਇਕ ਵੀ ਐਸਾ ਇਨਸਾਨ

ਨਹੀਂ ਮਿਲਦਾ, ਜਿਹੜਾ ਆਖੇ ਕਿ ਮੈਂ ਆਪਣੇ ਪੁੱਤ ਨੂੰ ਚੰਗਾ ਇਨਸਾਨ ਬਨਾਉਣਾ ਚਾਹੁੰਦਾ ਹਾਂ। ਫਿਰ ਸਾਡੇ ਸਮਾਜ 'ਤੇ ਬੰਬਈਆ ਫਿਲਮਾਂ ਦਾ ਵੀ ਬੜਾ ਅਸਰ ਹੈ। ਹਰ ਮਾਂ ਪਿਓ ਚਾਹੁੰਦਾ ਹੈ ਕਿ ਮੇਰਾ ਪੁੱਤ ਜਾਂ ਧੀ ਪੜ੍ਹਾਈ ਵਿਚੋਂ ਪਹਿਲੇ ਨੰਬਰ 'ਤੇ ਆਵੇ, ਖੇਡਾਂ ਵਿਚ ਵੀ ਅੱਵਲ ਹੋਵੇ ਤੇ ਹੋਰ ਗੀਤ-ਸੰਗੀਤ ਆਦਿ ਵਿਚ ਵੀ ਪਹਿਲੇ ਨੰਬਰ 'ਤੇ ਹੋਵੇ ਪਰ ਸਿੱਖ ਪਰਿਵਾਰ ਇਸ ਤੋਂ ਵੀ ਇਕ ਕਦਮ ਅਗਾਂਹ ਲੰਘ ਜਾਂਦੇ ਹਨ ਤੇ ਖਾਹਸ਼ ਰੱਖਦੇ ਹਨ ਕਿ ਸਾਡੇ ਬੱਚੇ ਸਿੱਖੀ ਵਿਚ ਵੀ ਪਰਪੱਕ ਹੋ ਜਾਣ, ਸ਼ਬਦ ਕੀਰਤਨ ਵੀ ਕਰਨ ਤੇ ਦੋ ਵੇਲੇ ਪੰਜਾਂ ਬਾਣੀਆਂ ਦੇ ਨਿੱਤਨੇਮੀ ਹੋਣ ਤੋਂ ਇਲਾਵਾ ਸਿੱਖ ਇਤਿਹਾਸ ਤੋਂ ਵੀ ਪੂਰੀ ਤਰ੍ਹਾਂ ਜਾਣੂ ਹੋਣ ਤਾਂ ਕਿ ਅਸੀਂ ਸਿੱਖ ਸਮਾਜ ਵਿਚ ਆਪਣੇ ਬੱਚਿਆਂ ਦੀ ਲਿਆਕਤ ਦੀਆਂ ਡੀਂਗਾ ਮਾਰ ਸਕੀਏ। ਇਹ ਸਾਰੀਆਂ ਖਾਹਸ਼ਾਂ ਉਸ ਨੌਜਵਾਨ ਲੜਕੀ ਦੀਆਂ ਖਾਹਸ਼ਾਂ ਵਾਂਗ ਹਨ, ਜਿਸ ਦੇ ਸਿਰ 'ਤੇ ਬੰਬਈਆਂ ਫਿਲਮਾਂ ਦਾ ਭੂਤ ਸਵਾਰ ਹੋਇਆ ਹੋਵੇ ਤੇ ਉਹ ਆਖੇ ਮੈਂ ਓਸ ਮੁੰਡੇ ਨਾਲ ਵਿਆਹ ਕਰਵਾਉਣਾ ਹੈ, ਜਿਹੜਾ ਫਿਲਮਾਂ ਦੇ ਹੀਰੋ ਵਾਂਗ ਅਮੀਰ ਹੋਵੇ, ਪਾਰਟੀਆਂ ਵਿਚ ਗਾਣਾ ਗਾਵੇ ਤੇ ਚਲਦੇ ਜਹਾਜ ਵਿਚੋਂ ਛਾਲ ਮਾਰ ਦੇਵੇ ਤੇ ਉਸ ਨੂੰ ਝਰੀਟ ਵੀ ਨਾ ਆਵੇ ਅੱਗ ਵਿਚੋਂ ਲੰਘ ਜਾਵੇ, ਸਮੁੰਦਰ ਤਰ ਕੇ ਪਾਰ ਕਰ ਲਵੇ, ਇਕੱਲਾ ਹੀ ਵੀਹਾਂ-ਵੀਹਾਂ 'ਤੇ ਭਾਰੂ ਹੋਵੇ, ਡਿਸ਼ਕੂੰ-ਡਿਸ਼ਕੂੰ ਕਰਕੇ ਲੋਕਾਂ ਦੇ ਨੱਕਾਂ 'ਤੇ ਮੁੱਕੇ ਮਾਰੇ, ਉਹ ਸਾਰੇ ਬੇਹੋਸ਼ ਹੋ ਕੇ ਸੜਕ ਵਿਚ ਲੰਮੇ ਪੈ ਜਾਣ ਪਰ ਮੇਰਾ ਹੀਰੋ ਹੱਥ 'ਤੇ ਹੱਥ ਮਾਰ ਕੇ ਮਿੱਟੀ ਝਾੜ ਕੇ ਮੇਰੇ ਨਾਲ ਘੋੜੇ ਦੀ ਸਵਾਰੀ ਕਰਕੇ ਔਹ ਜਾਵੇ। ਇਸ ਤਰ੍ਹਾਂ ਦੀਆਂ ਖਾਹਸ਼ਾਂ ਹੀ ਬੱਚਿਆਂ ਦੇ ਮਾਂ-ਪਿਓ ਨੂੰ ਸਾਰੇ ਨਾਚ ਨਚਾਉਂਦੀਆਂ ਹਨ, ਨਹੀਂ ਤਾਂ ਇਹ ਪ੍ਰਮਾਣੀਕ ਸੱਚ ਹੈ ਕਿ ਆਈ. ਏ. ਐੱਸ. ਤੇ ਆਈ. ਪੀ. ਐੱਸ., ਆਈ. ਐੱਫ. ਐੱਸ , ਆਈ. ਆਰ. ਐਸ. ਆਦਿ ਤੇ ਹੋਰ ਜਿੰਨੇ ਵੀ ਉੱਚ ਮੁਕਾਬਲੇ ਦੇ ਇਮ੍ਤਿਹਾਨ ਹਨ ਵਿਚ ਨੱਬੇ ਫੀਸਦੀ ਅਫਸਰ ਆਨੇ-ਟਕੇ ਫੀਸ ਵਾਲੇ ਤਪੜਾਂ 'ਤੇ ਬੈਠ ਕੇ ਪੜ੍ਹਾਈ ਕਰਵਾਉਣ ਵਾਲੇ ਸਕੂਲਾਂ ਵਿਚੋਂ ਹੀ ਆਉਂਦੇ ਹਨ।

ਜਦੋਂ ਸਕੂਲ ਚਾਲੂ ਹੋ ਗਿਆ ਤਾਂ ਕੁਝ ਬੱਚੇ ਐਸੇ ਛਾਂਟੇ ਗਏ, ਜਿਹੜੇ ਪੜ੍ਹਾਈ ਵਿਚੋ ਵੀ ਚੰਗੇ ਸਨ, ਸਰੀਰਕ ਪੱਖੋਂ ਰਿਸ਼ਟ-ਪੁਸ਼ਟ ਤੇ ਹਰਮੋਨੀਅਮ ਤੇ ਤਬਲਾ ਆਦਿ ਵਜਾ ਕੇ ਸ਼ਬਦ ਕੀਰਤਨ ਵੀ ਬੜਾ ਸੁਰੀਲਾ ਕਰਦੇ ਸਨ। ਇਸ ਕੰਮ ਲਈ ਦਸ ਕੁ ਬੱਚੇ ਹੀ ਟਰੇਂਡ ਕੀਤੇ ਗਏ ਪਰ ਜਿਥੇ-ਜਿਥੇ ਵੀ ਜਿਹੜੇ-ਜਿਹੜੇ ਗੁਰਦੁਆਰੇ ਉਹਨਾਂ ਬੱਚਿਆਂ ਨੇ ਕੀਰਤਨ ਕੀਤਾ, ਸ਼ਹਿਰੀ ਭਾਪੇ ਸਿੱਖ ਝੂਮ ਉੱਠੇ। ਦਿੱਲੀ, ਚੰਡੀਗੜ੍ਹ, ਹਰਿਆਣਾ ਤੇ ਪੰਜਾਬ ਵਿਚੋਂ ਲੋਕਾਂ ਨੇ ਧੜਾਧੜ ਬੱਚੇ 'ਬੜੂ ਸਾਹਿਬ' ਦਾਖ਼ਲ ਕਰਵਾ ਦਿੱਤੇ। "ਚਲੋ ਸਿੰਘੋਂ ਰਲ ਦਰਸ਼ਨ ਕਰੀਏ, ਗੁਰੂ ਗੋਬਿੰਦ ਸਿੰਘ ਆਏ ਨੇ" ਦੇ ਉਤਸ਼ਾਹ ਵਾਂਗ ਲੋਕ ਬੜੇ ਉਤਸ਼ਾਹਤ ਸਨ ਕਿ ਜਿਥੇ ਸਾਡੇ ਬੱਚੇ ਪੜ੍ਹਾਈ ਵਿਚ ਇਕ ਨੰਬਰ 'ਤੇ ਆਉਣਗੇ, ਓਥੇ ਗੁਰਸਿੱਖ ਵੀ ਉੱਚਕੋਟੀ ਦੇ ਬਣਨਗੇ ਤੇ ਕੀਰਤਨ ਕਰਨ ਵਾਲੀਆਂ ਤਾਂ ਹੱਦਾਂ ਹੀ ਮੁਕਾ ਦੇਣਗੇ। 'ਅੰਨੇ ਜਾਣ ਡਰੋਲੀ ਮੇਲਾ ਮੁਖਸਰ ਦਾ' ਵਾਂਗ ਲੋਕਾਂ ਨੇ ਬਿਨਾਂ ਸੋਚੇ ਸਮਝੇ ਝੱਟ ਆਪਣੇ ਨਿਆਣੇ ਦਾਖਲ ਕਰਵਾਉਣ ਦੀ ਕੀਤੀ।

ਮੇਰੇ ਰਿਸ਼ਤੇਦਾਰਾਂ ਦੇ ਦੋ ਬੱਚੇ ਇਕ ਮੁੰਡਾ ਤੇ ਇਕ ਕੁੜੀ ਵੀ ਆਪੇ ਬਣਾਏ ਹੋਏ 'ਬੜੂ ਸਾਹਿਬ' ਵਿਚ ਪੜ੍ਹਦੇ ਸਨ। ਮੇਰੇ ਰਿਸ਼ਤੇਦਾਰ (ਕੁੜਮ ਤੇ ਕੁੜਮਣੀ ਸਾਹਿਬਾ) ਇਕ ਦਿਨ ਆਏ ਤੇ ਕਹਿਣ ਲੱਗੇ ਚਲੋ ਤੁਹਾਨੂੰ ਵੀ ਸੈਰ ਕਰਵਾ ਲਿਆਈਏ। ਅਸੀਂ ਵੀ ਉਹਨਾਂ ਨਾਲ ਚਲੇ ਗਏ। ਪਹਾੜੀ ਰਸਤਾ ਓਨਾ ਕੁ ਹੀ ਸੀ, ਜਿਥੋਂ ਦੀ ਮਸਾਂ ਇਕ ਗੱਡੀ ਲੰਘਦੀ ਸੀ।

ਸ਼੍ਰੀਨਗਰ ਜਾਂਦਿਆਂ ਖ਼ੂਨੀ ਨਾਲੇ ਦੇ ਪੁਲ ਵਾਲਾ ਰਸਤਾ ਤਾਂ ਸ਼ਾਇਦ ਥੋੜ੍ਹਾ ਚੌੜਾ ਹੋਵੇ ਪਰ ਇਹ ਰਾਹ ਤਾਂ ਉਸ ਤੋਂ ਵੀ ਘੱਟ ਚੌੜਾ ਸੀ।

ਸਕੂਲ ਵਿਚ ਗੁਰਦੁਆਰਾ ਪਹਿਲੀ ਮੰਜ਼ਲ 'ਤੇ ਬਣੇ ਹਾਲ ਵਿਚ ਬਣਾਇਆ ਹੋਇਆ ਹੈ, ਇਕ ਬੁੱਢਾ ਝਾਂਗੀ ਸਿੱਖ ਇਕ ਦਰਖ਼ਤ ਦੇ ਆਲੇ-ਦੁਆਲੇ ਬਣੇ ਥੜ੍ਹੇ 'ਤੇ ਬੈਠਾ ਝਾਂਗੀ ਬੋਲੀ ਵਿਚ ਹੀ ਕਹਾਣੀ ਸੁਣਾ ਰਿਹਾ ਸੀ—"ਅਖੇ ਇਥੋਂ ਦੇ ਲੋਕ (ਪਹਾੜੀਏ) ਬਹੁਤ ਚੰਗੇ ਹੈਨ। ਹਿੱਕ ਦਿਨ ਹਿੱਕ ਬੁੱਢਾ ਪਹਾੜੀਆ ਆਇਆ ਤੇ ਆਖਿਓਸੂ, ਮੈਂ ਬਾਬਾ ਜੀ ਨੂੰ ਮਿਲਣਾ ਹੈ। ਮੈਂ ਕਿਹਾ ਬਾਬਾ ਜੀ ਬਾਹਰ ਵਿਦੇਸ਼ ਗਏ ਹੋਏ ਨੇ। ਉਸ ਨੇ ਕਿਹਾ,"ਨਹੀਂ ਮੈਂ ਵੱਡੇ ਬਾਬਾ ਜੀ ਨੂੰ ਮਿਲਣਾ ਹੈ।" ਮੈਂ ਸਮਝ ਗਿਆ ਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰਨਾ ਚਾਹੁੰਦਾ ਹੈ। ਮੈਂ ਉੱਪਰ ਲੈ ਗਿਆ ਤਾਂ ਉਸਨੇ ਦੋ ਕੇਲੇ, ਜੋ ਉਹ ਨਾਲ ਲਿਆਇਆ ਸੀ, ਰੱਖ ਕੇ ਮੱਥਾ ਟੇਕਿਆ ਤੇ ਮੂੰਹ ਵਿਚ ਕੁਝ ਚਿਰ ਬੁੜਬੁੜਾਉਂਦਾ ਰਿਹਾ; ਫਿਰ ਚਲਾ ਗਿਆ।" ਫਿਰ ਉਸਨੇ ਸਾਰੇ ਆਲੇ-ਦੁਆਲੇ ਇਕੱਠੇ ਹੋਏ ਲੋਕਾਂ ਨੂੰ ਦੱਸਿਆ ਕਿ ਇਹ ਬੜੀ ਜਾਹਰੀ ਜਗ੍ਹਾ ਹੈ। ਏਥੇ ਸੈਂਕੜੇ ਹੀ ਦੇਵਤਿਆਂ ਨੇ ਸਮੇਂ-ਸਮੇਂ ਸਿਰ ਤੱਪ ਕੀਤਾ ਹੈ। ਜਦੋਂ ਨੀਹਾਂ ਪੁੱਟਦੇ ਸਾਂ ਤਾਂ ਓਦੋਂ ਧੂਣੇ ਤੇ ਪੁਰਾਤਨ ਸਮੇਂ ਦੀਆਂ ਖੜਾਵਾਂ ਨਿਕਲਦੀਆਂ ਸਨ। ਬਹੁਤ ਹੀ ਜਾਹਰੀ ਥਾਂ ਹੈ, ਇਹ। ਬਾਬਾ ਜੀ ਨੇ ਐਵੇਂ ਈ ਨਹੀਂ ਏਥੇ ਗੁਰਦੁਆਰਾ ਤੇ ਸਕੂਲ ਬਣਾਇਆ। ਬੰਦੇ ਤੇ ਬੰਦੇ ਜਾਨਵਰ ਤਕ ਇਸ ਅਸਥਾਨ ਦੇ ਦਰਸ਼ਨ ਕਰਨ ਆਉਂਦੇ ਹਨ। ਫਿਰ ਉਸ ਨੇ ਇਕ ਹੋਰ ਕਰਾਮਾਤੀ ਗੱਲ ਸੁਣਾਈ, ਅਖੇ ਇਕ ਦਿਨ ਇਕ ਸੱਪ ਸਿੱਧਾ ਪੌੜੀਆਂ ਚੜ੍ਹ ਕੇ ਬਾਬਾ ਜੀ ਦੇ ਕਮਰੇ ਵਿਚ ਚਲਾ ਗਿਆ। ਉਹ ਸੱਪ ਓਧਰੋਂ ਆਇਆ ਸੀ, ਉਸ ਨੇ ਹੱਥ ਨਾਲ ਇਕ ਉੱਚੀ ਪਹਾੜੀ ਚੋਟੀ ਵੱਲ ਇਸ਼ਾਰਾ ਕਰ ਕੇ ਦਸਿਆ। ਫਿਰ ਉਹ ਲੋਕਾਂ ਨੂੰ ਕਹਿਣ ਲੱਗਾ,"ਤੁਹਾਨੂੰ ਤਾਂ ਪਤਾ ਹੀ ਹੈ ਕਿ ਸੱਪ ਪੌੜੀਆਂ ਨਹੀਂ ਚੜ੍ਹ ਸਕਦਾ ਫਿਰ ਓਧਰੋਂ ਪਾਣੀ ਲੰਘ ਕੇ ਤਾਂ ਸੱਪ ਉਂਜ ਵੀ ਇਸ ਇਮਾਰਤ ਵੱਲ ਨਹੀਂ ਆ ਸਕਦਾ। ਮੇਰੇ ਨਾਲ ਇਕ ਹੋਰ (ਇਕ ਕਮਲੇ ਜਹੇ ਸਿੱਖ ਵੱਲ ਇਸ਼ਾਰਾ ਕਰਕੇ, ਜਿਸਨੂੰ ਕਈ ਵਾਰ ਪਾਗਲਪਣ ਦੇ ਦੌਰੇ ਪੈ ਚੁੱਕੇ ਸਨ ਤੇ ਬਿਜਲੀਆਂ ਵਗੈਰਾ ਵੀ ਲਗਦੀਆਂ ਰਹੀਆਂ ਸਨ, ਉਸ ਸਿੱਖ ਦੀ ਭੈਣ ਵੀ ਉਸ ਸਕੂਲ ਵਿਚ ਮਾਸਟਰਾਣੀ ਲੱਗੀ ਹੋਈ ਸੀ ਤੇ ਉਹ ਸਿੰਘ ਵੀ ਓਥੇ ਸੇਵਾ ਕਰਦਾ ਸੀ ਤੇ ਕਹਿੰਦੇ ਹਨ ਕਿ ਜਦੋਂ ਦਾ ਏਥੇ ਆਇਆ ਸੀ ਹੁਣ ਉਹਨੂੰ ਕਦੇ ਕਮਲ ਨਹੀਂ ਕੁੱਦਿਆ ਤੇ ਬਿਲਕੁਲ ਠੀਕ-ਠਾਕ ਹੈ। ਇਹ ਸਭ ਕੁਝ ਵੀ ਉਸ ਬੁੱਢੇ ਝਾਂਗੀ ਸਿੱਖ ਦੇ ਦੱਸਣ ਅਨੁਸਾਰ ਬਾਬਾ ਜੀ ਦੇ ਤੇਜ-ਤਪ ਤੇ ਇਸ ਥਾਂ ਦੀ ਛੋਹ ਪ੍ਰਾਪਤ ਕਰਨ ਨਾਲ ਹੋਇਆ ਹੈ) ਸਿੰਘ ਵੀ ਸੀ ਤੇ ਉਸ ਨੂੰ ਹੱਥ ਦੇ ਇਸ਼ਾਰੇ ਨਾਲ ਆਪਣੇ ਕੋਲ ਸੱਦ ਲਿਆ ਤੇ ਉਹਨੂੰ ਆਪਣੀ ਗੱਲ ਦੀ ਚਸ਼ਮਦੀਦ ਦੇ ਤੌਰ 'ਤੇ ਗਵਾਹੀ ਦੇਣ ਲਈ ਕਿਹਾ—"ਕਿਉਂ ਬਈ .... ਸਿਆਂ ਉਹ ਸੱਪ ਵਾਲੀ ਗੱਲ, ਜਿਹੜਾ ਆਪਣੇ ਸਾਹਮਣੇ ਉੱਪਰ ਜਾ ਕੇ ਬਾਬਾ ਜੀ ਨੂੰ ਮੱਥਾ ਟੇਕ ਕੇ ਬਹਿ ਗਿਆ ਸੀ ਤੇ ਫਿਰ ਸ਼ਬਦ ਕੀਰਤਨ ਸੁਣਨ ਤੋਂ ਬਾਅਦ ਭੋਗ ਪਏ 'ਤੇ ਆਪੇ ਈ ਥੱਲੇ ਆ ਗਿਆ ਸੀ ਤੇ ਰਵਾਂ-ਰਵੀਂ ਜਿਧਰੋਂ ਆਇਆ ਸੀ, ਓਧਰ ਈ ਚਲਾ ਗਿਆ ਸੀ।"

ਉਹ ਸਿੱਖ ਇਕ ਮੰਜੇ ਹੋਏ ਗਵਾਹ ਵਾਂਗ ਬੋਲਿਆ,"ਉਹ ਸੱਪ ਤੇ ਹੁਣ ਵੀ ਕਈ ਵਾਰ ਸਾਨੂੰ ਔਸ ਪਹਾੜੀ 'ਤੇ ਦਿਸਦਾ ਹੁੰਦਾ ਹੈ, ਜਦੋਂ ਵੀ ਮਿਲੇ ਇਕ ਵਾਰ ਫਨ ਉਤਾਂਹ ਚੁੱਕ ਕੇ ਸਾਨੂੰ ਪਛਾਣ ਕੇ ਪਰ੍ਹਾਂ ਨੂੰ ਚਲਾ ਜਾਂਦਾ ਹੈ।"

ਲੋਕ (ਪੜ੍ਹਨ ਵਾਲੇ ਬੱਚਿਆਂ ਦੇ ਮਾਤਾ-ਪਿਤਾ ਤੇ ਉਹਨਾਂ ਨਾਲ ਆਏ ਉਹਨਾਂ ਦੇ

ਰਿਸ਼ਤੇਦਾਰ) ਬੜੀ ਸ਼ਰਧਾ ਤੇ ਧਿਆਨ ਨਾਲ ਉਹਨਾਂ ਦੀ ਗੱਲ ਸੁਣ ਰਹੇ ਸਨ ਤੇ ਵਿਚ-ਵਿਚ ਮੂੰਹੋਂ ਸਤਿਨਾਮ ਵਾਹਿਗੁਰੂ ਵੀ ਕਹਿੰਦੇ ਸਨ। ਉਹਨਾਂ ਦੋਹਾਂ ਸੇਵਾਦਾਰਾਂ ਦੀ ਗੱਲ ਸੁਣ ਕੇ ਮੇਰਾ ਹਾਸਾ ਨਿਕਲ ਗਿਆ।

ਗੱਪੀ ਲੋਕਾਂ ਦੀ ਵੀ ਆਪਣੀ ਹੀ ਇਕ ਦੁਨੀਆਂ ਹੁੰਦੀ ਹੈ। ਇਕ ਸਾਧੂ ਕਹਿਣ ਲੱਗਾ, "ਮੇਰੀ ਉਮਰ ਸੱਤ ਸੌ ਸਾਲ ਹੈ।" ਇਕ ਵਿਅਕਤੀ ਦਾ ਇਹ ਗੱਲ ਮੰਨਣ ਨੂੰ ਜੀਅ ਨਾ ਕੀਤਾ। ਉਹਨੇ ਉਸਦੇ ਚੇਲੇ ਨੂੰ ਪੁੱਛਿਆ, "ਕੀ ਸਾਧੂ ਜੀ ਦੀ ਉਮਰ ਸੱਚ-ਮੁੱਚ ਹੀ ਸੱਤ ਸੌ ਸਾਲ ਹੈ ?" ਉਹਨੇ ਅੱਗੋਂ ਬੜੇ ਭੋਲੇ ਭਾਅ ਉੱਤਰ ਦਿੱਤਾ–"ਮੈਂ ਤਾਂ ਸਿਰਫ ਤਿੰਨ ਸੌ ਸਾਲ ਤੋਂ ਹੀ ਸਾਧੂ ਜੀ ਦੇ ਨਾਲ ਹਾਂ। ਮੈਨੂੰ ਉਹਨਾਂ ਦੀ ਪੂਰੀ ਉਮਰ ਦਾ ਪਤਾ ਨਹੀਂ।"

ਅਸਲ ਵਿਚ ਇਹ ਠੱਗਾਂ ਦੇ ਟੋਲੇ ਦੇ ਜਾਲ ਵਰਗਾ ਇਕ ਤਾਣਾ-ਬਾਣਾ ਹੈ, ਜਿਸਨੂੰ ਇਕ ਸਾਧ ਨੇ ਨਹੀਂ ਕਰੀਬ ਨੱਬੇ ਫੀ ਸਦੀ ਸਾਧਾਂ ਨੇ ਆਪਣੇ ਆਲੇ-ਦੁਆਲੇ ਬਣਾਇਆ ਹੋਇਆ ਹੈ। ਮੁਸਲਮਾਨਾਂ ਵਿਚੋ ਪੁਰਾਣੇ ਪੀਰਾਂ ਦੀ ਔਲਾਦ ਹੁਣ ਵੀ ਆਪਣੇ ਆਪ ਨੂੰ ਪੀਰ ਸਾਂਈ ਅਖਵਾਉਂਦੀ ਹੈ। ਫ਼ਰੰਟੀਅਰ ਦੇ ਬਹੁਤ ਸਾਰੇ ਪੀਰ ਤੇ ਵਡੇਰੇ ਅੱਜਕਲ੍ਹ ਰਾਜਨੀਤੀ ਵਿਚ ਵੀ ਹਨ, ਜਿਵੇਂ ਸਿੱਖਾਂ ਵਿਚ ਵੀ ਬਹੁਤ ਸਾਰੇ ਸੰਤ-ਸਾਧ ਰਾਜਨੀਤੀ ਦਾ ਚਸਕਾ ਵੀ ਰੱਖਦੇ ਹਨ ਤੇ ਡੇਰਿਆਂ ਦੇ ਮਾਲਕ ਵੀ ਹਨ। ਉਹਨਾਂ ਪੀਰਾਂ ਤੇ ਵਡੇਰਿਆਂ ਨੂੰ ਹਰ ਵੇਲੇ ਇਹ ਖ਼ਤਰਾ ਲੱਗਾ ਰਹਿੰਦਾ ਹੈ ਕਿ ਰਾਜਨੀਤੀ ਵਿਚ ਆਉਣ ਕਰਕੇ ਸਾਡੀ ਧਾਰਮਕ ਮਾਨਤਾ ਕਿਤੇ ਲੋਕਾਂ ਵਿਚ ਘੱਟ ਨਾ ਹੋ ਜਾਵੇ। ਉਹ ਇਕ ਐਸਾ ਹੀ ਤਾਣਾ-ਬਾਣਾ ਆਪਣੀ ਧਾਰਮਕ ਥਾਂ ਤੋਂ ਇਲਾਵਾ ਆਪਣੀ ਰਿਹਾਇਸ਼ਗਾਹ 'ਤੇ ਵੀ ਬਣਾ ਲੈਂਦੇ ਹਨ ਤੇ ਦੋ ਚਾਰ ਕਮਲੇ ਜਹੇ ਰੱਖ ਕੇ, ਉਹਨਾਂ ਨੂੰ ਅਜੀਬ ਜਿਹੇ ਹਰੇ ਰੰਗ ਦੇ ਕੱਪੜੇ ਪੁਆ ਦੇਂਦੇ ਹਨ ਤੇ ਗਲ਼ ਵਿਚ ਮੋਟੇ-ਮੋਟੇ ਰੰਗ ਬਰੰਗੇ ਬੌਲਦਾਂ ਦੇ ਗਲ਼ਾਂ ਵਿਚ ਪਾਉਣ ਵਰਗੇ ਮਣਕਿਆਂ ਦੀ ਮਾਲਾ ਪੁਆ ਦੇਂਦੇ ਹਨ। ਕਿਸੇ ਦੇ ਹੱਥ ਵਿਚ ਮੋਰਾਂ ਦੇ ਖੰਭਾਂ ਦਾ ਝਾੜੂ ਜਿਹਾ ਤੇ ਕਿਸੇ ਦੇ ਹੱਥ ਘੁੰਗਰੂ ਲੱਗਾ ਘੋਟਣੇ ਵਰਗਾ ਸੋਟਾ ਜਿਹਾ ਫੜਾ ਦੇਂਦੇ ਹਨ। ਜਦੋਂ ਮਿਲਣ ਵਾਲੇ ਸਮੇਂ ਵਿਚ ਆਮ ਜਨਤਾ ਪੀਰ ਜੀ ਨੂੰ ਮਿਲਣ ਆਉਂਦੀ ਹੈ ਤਾਂ ਉਹ ਮਸਤ ਮਲੰਗ ਕਮਲੇ ਜਿਹੇ ਭੁੜਕ ਭੁੜਕ ਕੇ ਨਾਲੇ ਘੁੰਗਰੂ ਛਣਕਾਉਂਦੇ ਹਨ ਤੇ ਨਾਲੇ ਗਾਉਂਦੇ ਹਨ–"ਪੀਰ ਸਾਂਈ ਆਇਐ, ਮਿੱਠੇ ਚੌਲ ਖਾਦੈ, ਪੀਰ ਸਾਂਈ ਆਇਐ, ਮਿੱਠੇ ਚੌਲ ਖਾਦੈ।" ਤੇ ਪਤਾ ਨਹੀਂ ਏਦਾਂ ਦਾ ਹੋਰ ਕੀ ਕੀ ਬਕੜਵਾਹ ਕਰਦੇ ਰਹਿੰਦੇ ਹਨ। ਅਸਲ ਵਿਚ ਇਹ ਸਾਰਾ ਆਡੰਬਰ ਪੀਰ ਜੀ ਦੀ ਰੂਹਾਨੀ ਸਖਸ਼ੀਅਤ ਉਭਾਰਨ ਲਈ ਕੀਤਾ ਜਾਂਦਾ ਹੈ ਤੇ ਇਉਂ ਲੋਕਾਂ 'ਤੇ ਮਨੋਵਿਗਿਆਨਕ ਪ੍ਰਭਾਵ ਪਾਇਆ ਜਾਂਦਾ ਹੈ ਕਿ ਪੀਰ ਜੀ ਬਹੁਤ ਜਾਹਰੇ ਤੇ ਰਿੱਧੀਆਂ-ਸਿੱਧੀਆਂ ਕਰ ਸਕਣ ਦੇ ਯੋਗ ਹਨ। ਲੋਕ ਉਹਨਾਂ ਨਾਲ ਰਾਜਨੀਤਕ ਗਿਲ੍ਹਾ ਸ਼ਿਕਵਾ ਕਰਕੇ ਧਾਰਮਕ ਪ੍ਰਭਾਵ ਥੱਲੇ ਬਾਕੀ ਕੰਮ ਭੁੱਲ ਹੀ ਜਾਂਦੇ ਹਨ ਤੇ ਉਹਨਾਂ ਦੇ ਚੌਂਰਨਾਂ 'ਤੇ ਢਹਿ ਪੈਂਦੇ ਹਨ ਤੇ ਪੀਰ ਜੀ ਕੋਲੋਂ ਅਸ਼ੀਰਵਾਦ ਲੈ ਕੇ ਘਰਾਂ ਨੂੰ ਚਲੇ ਜਾਂਦੇ ਹਨ। ਇਲਾਕੇ ਦੇ ਵਿਕਾਸ ਜਾਂ ਹੋਰ ਸਰਕਾਰੀ ਕੰਮ ਪੀਰ ਜੀ ਦੀ ਇੱਛਾ 'ਤੇ ਹੀ ਛੱਡ ਦਿੱਤੇ ਜਾਂਦੇ ਹਨ। ਇਹ ਕਮਲੇ ਜਹੇ ਲੋਕ ਪੀਰ ਜੀ ਦਾ ਏਨਾਂ ਪ੍ਰਭਾਵ ਬਣਾ ਦੇਂਦੇ ਹਨ ਕਿ ਜੇ ਪੀਰ ਜੀ ਕਿਸੇ ਦੀ ਧੀ ਭੈਣ ਨੂੰ ਵੀ ਹੱਥ ਪਾ ਲਵੇ ਤਾਂ ਮਜਲੂਮਾਂ ਦੀ ਅਵਾਜ਼ ਘੁੰਗਰੂਆਂ ਦੀ ਛਣਕਾਰ ਥੱਲੇ ਹੀ ਦੱਬੀ ਜਾਂਦੀ ਹੈ। ਲੋਕ ਇਸ ਨੂੰ ਰੱਬ ਦੀ ਰਜ਼ਾ ਸਮਝ ਕੇ ਭੁੱਲ ਜਾਂਦੇ ਹਨ ਤੇ ਪੀਰ ਜੀ ਸਿੱਖਾਂ ਦੇ ਸਾਧਾਂ-ਸੰਤਾਂ ਵਾਂਗ ਐਸ਼ਾਂ ਲੁੱਟੀ ਜਾਂਦੇ ਹਨ। ਜਿਨ੍ਹਾਂ ਸਿੱਖ-ਸਾਧਾਂ ਦੇ ਡੇਰਿਆਂ 'ਤੇ ਕੋਈ ਬੱਚਾ ਹੋਣ ਦੀ ਅਭਿਲਾਸ਼ਾ ਲੈ ਕੇ

ਆਉਂਦਾ ਹੈ, ਓਥੇ ਵੀ ਏਦਾਂ ਦੇ ਚੇਲੇ ਪਹਿਲਾਂ ਹੀ ਸਾਰੀ ਗੱਲ ਸਮਝ ਜਾਂਦੇ ਹਨ ਤੇ ਉਸ. ਪਰਿਵਾਰ ਨੂੰ ਐਸੀਆਂ-ਐਸੀਆਂ ਕਹਾਣੀਆਂ ਸੁਣਾਉਂਦੇ ਹਨ ਕਿ ਬੱਚਾ ਸ਼ਾਖਸਾਤ ਉਹਨਾਂ ਦੀਆਂ ਬਾਹਵਾਂ ਵਲ ਉਲ੍ਹਾਰ ਮਾਰਦਾ ਦਿਸਦਾ ਹੈ ਕਿ ਮੈਨੂੰ ਚੁੱਕ ਲਓ।

ਸਾਧ ਦੇ ਚੇਲੇ ਜਹੇ ਕਹਿੰਦੇ ਹਨ —"ਲਓ ਜੀ, ਆਹ ਅਜੇ ਪਿਛਲੇ ਹਫਤੇ ਦੀ ਗੱਲ ਹੈ, ਫਿਰ ਲੋਕਾਂ ਨੂੰ ਯਕੀਨ ਦੁਆਉਣ ਲਈ ਆਪਣੇ ਨਾਲ ਦੇ ਨੂੰ ਪੁੱਛਣ ਲੱਗ ਪੈਣਗੇ 'ਕਿਉਂ ਬਈ ਫਲਾਣਿਆਂ ਉਹ ਜਿਹੜੇ ਬੰਬਈਓਂ ਆਏ ਸੀ, ਭਲਾ ਐਸ ਹਫਤੇ ਦੀ ਗੱਲ ਐ ਕਿ ਪਿਛਲੇ ਐਤਵਾਰ ਦੀ ?"

ਉਹ ਅੱਗੋਂ ਕਹਿੰਦਾ ਹੈ, "ਏਸੇ ਐਤਵਾਰ ਦੀ ਕਿ, ਪਿਛਲੇ ਹਫਤੇ ਤੇ ਬਾਬਾ ਜੀ ਯੂ. ਪੀ. ਗਏ ਹੋਏ ਸੀ।" ਸੁਣਨ ਵਾਲੇ ਨੂੰ ਕਾਫੀ ਹੱਦ ਤੱਕ ਯਕੀਨ ਬੱਝ ਜਾਂਦਾ ਹੈ ਕਿ ਜਦੋਂ ਦਿਨਾਂ ਤੱਕ ਦਾ ਭੁਲੇਖਾ ਵੀ ਕੱਢ ਰਹੇ ਹਨ ਤਾਂ ਇਹਨਾਂ ਦੀ ਗੱਲ ਬਿਲਕੁਲ ਸੋਲਾਂ ਆਨੇ ਸੱਚੀ ਹੀ ਹੋਵੇਗੀ।

"ਲਓ ਜੀ ਤੁਸਾਂ ਯਕੀਨ ਨਹੀਂ ਕਰਨਾ, ਬੰਬਈਓਂ ਆਈ ਇਕ ਬੀਬੀ ਬਾਬਾ ਜੀ ਦੇ ਚਰਨਾਂ 'ਤੇ ਢਹਿ ਕੇ ਰੋਈ ਜਾਏ, ਬਾਬਾ ਜੀ ਨੇ ਆਖਿਆ—"ਵਾਹਿਗੁਰੂ-ਵਾਹਿਗੁਰੂ ਬੋਲੋ। ਦਸੋ ਕਸ਼ਟ ਕੀ ਹੈ ?"

ਉਹਨਾਂ ਆਖਿਆ—"ਬਾਬਾ ਜੀ ਆਹ ਸਾਡੀ ਗੁੱਡੀ ਵਿਆਹੀ ਨੂੰ ਯਾਰਾਂ ਸਾਲ ਹੋ ਗਏ ਹਨ, ਗੋਦ ਹਰੀ ਨਹੀਂ ਹੁੰਦੀ। ਬਾਬਾ ਜੀ ਸਾਡੀ ਧੀ ਨੂੰ ਆਪਣੇ ਘਰ ਵਿਚ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ, ਬਸ ਨਿੱਕੀ ਜਿਹੀ ਜਿੰਦ ਕਿਤੇ ਇਹਨਾਂ ਦੇ ਘਰ ਆ ਜਾਵੇ ਤੇ ਸਾਰੇ ਕਸ਼ਟ ਕੱਟੇ ਜਾਣ।"

ਬਾਬਾ ਜੀ ਨੇ ਆਖਿਆ, "ਵਾਹਿਗੁਰੂ ਭਲੀ ਕਰੂ।"

ਫਿਰ ਉਹ ਖਹਿੜੇ ਈ ਪੈ ਗਏ—"ਬਾਬਾ ਜੀ ਹੋਰ ਨਹੀਂ ਤੇ ਤੁਸੀਂ ਇਹਨਾਂ ਦੇ ਘਰ ਚਰਨ ਪਾਓ।"

ਬਾਬਾ ਜੀ ਨੇ ਹਾਂ ਕਰ ਦਿੱਤੀ। ਓਦਣ ਕਿਤੇ ਮੇਹਰਾਂ ਦੇ ਘਰ ਵਿਚ ਆਏ ਹੋਏ ਸੀ। ਨਹੀਂ ਤੇ ਇਹ ਤੇ·ਥੋੜ੍ਹੇ ਕੀਤੇ ਕਿਸੇ ਦੇ ਜਾਂਦੇ ਈ ਨਹੀਂ। ਅਜੇ ਸੱਤ ਦਿਨ ਹੋਏ ਈ ਉਹਨਾਂ ਨੂੰ ਏਥੋਂ ਗਿਆਂ ਨੂੰ ਤੇ ਬਾਬਾ ਜੀ ਤੇ ਪੰਜ ਹੋਰ ਸਿੰਘਾਂ ਦੀਆਂ ਹਵਾਈ ਜਹਾਜ ਦੀਆਂ ਟਿਕਟਾਂ ਅੱਜ ਆ ਵੀ ਗਈਆਂ ਜੇ। ਬਸ ਆਹ ਤੁਹਾਡੇ ਆਉਣ ਤੋਂ ਵੀਹ ਮਿੰਟ ਪਹਿਲਾਂ ਡਾਕੀਆ ਦੇ ਕੇ ਗਿਆ ਜੇ।"

ਜੇ ਇਹ ਚੇਲੇ ਪਿਛਲੇ ਸਾਲ ਦੀ ਗੱਲ ਕਰਨ ਤੇ ਆਖਣਗੇ—"ਪਿਛਲੇ ਸਾਲ ਆਏ ਸੀ, ਬਾਬਾ ਜੀ ਬੱਚਾ ਨਹੀਂ ਹੁੰਦਾ, ਕਿਰਪਾ ਕਰੋ ਤੇ ਆਹ ਐਤਕੀਂ ਆਏ ਈ ਵੱਡਿਆਂ ਬਾਬਿਆਂ ਦੀ ਬਰਸੀ 'ਤੇ। ਅਖਰੋਟਾਂ ਵਰਗੇ ਦੋ ਮੁੰਡੇ ਚੁੱਕੀ ਆਉਣ। ਨਾਲੇ ਤੇ ਬਾਬਾ ਜੀ ਦੇ ਕਮਰੇ ਵਿਚ ਏ. ਸੀ. ਲਵਾ ਕੇ ਗਏ ਈ ਤੇ ਨਾਲੇ ਆਂਹਦੇ ਸੀ, ਬਾਬਾ ਜੀ ਕਾਰ ਕਿਹੜੀ ਘੱਲੀਏ।" ਕਈ ਵਾਰ ਤਾਂ ਇਹ ਵੀ ਕਹਿ ਦੇਂਦੇ ਹਨ, ਬਾਬਾ ਜੀ ਨੇ ਕਿਰਪਾ ਕੀਤੀ, ਪਹਿਲਾਂ ਛੇ ਕੁੜੀਆਂ ਸੀ ਬਾਬਾ ਜੀ ਨੇ ਆਖਿਆ "ਜਾਓ ਅਸਾਂ ਬਚਨ ਕਰ ਦਿੱਤੇ ਜੇ, ਐਤਕੀਂ ਮੁੰਡਾ ਹੋਊ ਤੇ ਐਤਕੀਂ ਮੁੰਡਾ ਜੰਮ ਪਿਆ।" ਲਾਗੇ ਖਲੋਤਾ ਕੋਈ ਬਾਬੇ ਦਾ ਈ ਧੂਤਾ ਜਿਹਾ ਆਖੂ "ਲਓ ਜੀ ਬਾਬਾ ਜੀ ਦੀ ਨਿਗਾਹ ਸਵੱਲੀ ਹੋ ਜਾਏ ਤੇ ਫੇਰ ਕਾਹਦਾ ਘਾਟਾ।"

ਏਸੇ ਤਰ੍ਹਾਂ ਹੀ ਏਥੇ ਵੀ ਐਸੇ ਲੋਕ ਹਨ ਜੋ ਝੂਠੀਆਂ ਸੱਚੀਆਂ ਗੱਲਾਂ ਕਰਕੇ ਲੋਕਾਂ

ਦੀ ਸ਼ਰਧਾ ਬਣਾਉਂਦੇ ਹਨ। ਜੇ ਇਹ ਟੁੱਚੀ ਜਹੇ ਲੋਕ ਅਸਲੀਅਤ ਵਿਚ ਸ਼ਰਧਾ ਦਾ ਘੋਲ ਨਾ ਪਾਉਣ ਤਾਂ ਸ਼ਾਇਦ ਬਹੁਤ ਸਾਰੇ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਇਸ ਸਕੂਲ ਵਿਚੋਂ ਕਢਾ ਕੇ ਹੀ ਲੈ ਜਾਣ। ਕਈ ਸਿੱਖ ਤਾਂ ਏਨੇ ਸ਼ਰਧਾ ਵਿਚ ਡੁੱਬ ਗਏ ਹਨ ਕਿ ਢਾਈ ਕੁ ਸਾਲ ਤੱਕ ਦੇ ਬੱਚੇ ਨੂੰ ਵੀ ਇਸ ਸਕੂਲ ਵਿਚ ਪਾ ਦੇਂਦੇ ਹਨ।

ਉਥੇ ਬਹੁਤ ਸਾਰੇ ਬੱਚੇ ਓਦੋਂ ਢਾਈ ਸਾਲ, ਪੌਣੇ ਤਿੰਨ ਸਾਲ, ਤਿੰਨ ਸਾਲ ਤੱਕ ਦੇ ਸਨ। ਕਰੀਬ-ਕਰੀਬ ਨੱਬੇ ਪਚਾਨਵੇਂ ਫੀਸਦੀ ਬੱਚਿਆਂ ਦੇ ਸਿਰ ਵਿਚ ਜੂੰਆਂ ਪਈਆਂ ਹੋਈਆਂ ਸਨ 'ਤੇ ਲੱਗਭਗ ਸਾਰੇ ਹੀ ਬੱਚਿਆਂ ਨੂੰ ਸਕੈਬੀ (ਖੁਰਕ ਪਈ) ਹੋਈ ਸੀ। ਇਸਦਾ ਸਿੱਧਾ ਕਾਰਨ ਸਫਾਈ ਦਾ ਨਾ ਹੋਣਾ ਹੈ। ਘਰਾਂ ਵਿਚ ਮਾਵਾਂ ਆਪਣੇ ਬੱਚਿਆਂ ਨੂੰ ਮਲ-ਮਲ ਕੇ ਨੁਹਾਉਂਦੀਆਂ ਹਨ ਪਰ ਏਥੇ ਦਾ ਤਾਂ ਮੈਂ ਅਜੀਬ ਨਜ਼ਾਰਾ ਵੇਖਿਆ। ਕੋਈ ਸੌ ਕੁ ਟੂਟੀ ਇਕ ਲਾਈਨ ਵਿਚ ਲੱਗੀ ਹੋਈ ਹੈ। ਕਹਿੰਦੇ ਹਨ ਤੱਤੇ ਪਾਣੀ ਦਾ ਪ੍ਰਬੰਧ ਕੀਤਾ ਹੋਇਆ ਹੈ ਪਰ ਦਿਸਿਆ ਕਿਤੇ ਨਹੀਂ। ਟੂਟੀਆਂ ਵਿਚ ਪਾਣੀ ਵੀ ਬਸ ਧਾਗੇ ਵਰਗਾ ਹੀ ਆਉਂਦਾ ਹੈ। ਬੱਚਿਆਂ ਦੀ ਸਾਂਭ ਵਾਸਤੇ ਜਿਹੜੀਆਂ ਔਰਤਾਂ ਰੱਖੀਆਂ ਹੋਈਆਂ ਹਨ ਉਹ ਘੂਕ ਸੁੱਤੇ ਪਏ ਬੱਚੇ ਨੂੰ ਇਕ ਬਾਂਹ ਤੋਂ ਫੜ ਕੇ ਉਤਾਂਹ ਚੁੱਕ ਦੇਂਦੀਆਂ ਹਨ। ਬੱਚੇ ਅੱਬੜਵਾਹੇ ਜਾਗ ਪੈਂਦੇ ਹਨ। ਉਹ ਔਰਤਾਂ ਉਹਨਾਂ ਦੇ ਕੱਪੜੇ ਇਸ ਤਰ੍ਹਾਂ ਲਾਹੁੰਦੀਆਂ ਹਨ ਜਿਵੇਂ ਕੇਲਾ ਛਿਲੀਦਾ ਹੈ। ਨੰਗ-ਮੁਨੰਗਾ ਬੱਚਾ ਭੱਜ ਕੇ ਆਪਣਾ ਮੱਗ ਪਾਣੀ ਦੀ ਟੂਟੀ ਥੱਲੇ ਰੱਖ ਦੇਂਦਾ ਹੈ, ਕਿੰਨੇ ਹੀ ਚਿਰ ਬਾਅਦ ਮੱਗ ਭਰਦਾ ਹੈ। ਬੱਚਾ ਠਰੂੰ-ਠਰੂੰ ਕਰਦਾ ਇਕ ਮੱਗ ਪਾਣੀ ਦਾ ਪਿੰਡੇ 'ਤੇ ਪਾ ਕੇ ਫੇਰ ਟੂਟੀ ਥੱਲੇ ਰੱਖ ਦੇਂਦਾ ਹੈ। ਓਧਰ ਕਹਿਰ ਦੀ ਸਰਦੀ ਦੰਦੋੜਿਕਾ ਵੱਜਦੇ-ਵੱਜਦੇ ਦੋ ਤਿੰਨ ਮੱਗ ਪਾ ਕੇ ਉਰ੍ਹੇ ਨੂੰ ਭੱਜ ਆਉਂਦਾ ਹੈ। ਨਾ ਕੋਈ ਸਾਬਣ ਲਾਉਣਾ ਨਾ ਕੋਈ ਸਫਾਈ ਕਰਨੀ, ਬਸ ਗਿੱਲੇ ਸੁੱਕੇ ਜਹੇ ਨੂੰ ਪੂੰਝ ਕੇ ਕੱਪੜੇ ਪਾ ਕੇ ਪਟਕਾ ਬੰਨ੍ਹ ਦੇਣਾ ਤੇ ਦਰਬਾਰ ਵਿਚ ਭੇਜ ਦੇਣਾ। ਇਹ ਕੰਮ ਸਵੇਰੇ ਸਾਢੇ ਤਿੰਨ ਵਜੇ ਤੱਕ ਮੁੱਕ ਜਾਂਦਾ ਹੈ। ਬੱਚੇ ਮੱਥਾ ਟੇਕ ਕੇ ਬੈਠ ਜਾਂਦੇ ਹਨ। ਕੀਰਤਨ ਸ਼ੁਰੂ ਹੋ ਜਾਂਦਾ ਹੈ। ਉਹਨਾਂ ਬੱਚਿਆਂ ਨੂੰ ਹੱਥ ਜੋੜ ਕੇ ਸ਼ਰਧਾ ਨਾਲ ਬੈਠਣਾ ਸਿਖਾਇਆ ਜਾਂਦਾ ਹੈ। ਇਸ ਸਾਰੇ ਕੰਮ ਦੀ ਨਿਗਰਾਨੀ ਵੱਡੀਆਂ ਕਲਾਸਾਂ ਦੇ ਬੱਚੇ (ਮੁੰਡੇ ਤੇ ਕੁੜੀਆਂ) ਕਰਦੇ ਹਨ।

ਕੀਰਤਨ ਸੁਣਦੇ-ਸੁਣਦੇ ਅੱਸੀ ਸਾਲ ਦੇ ਬੁੱਢੇ ਵੀ ਸੌਂ ਜਾਂਦੇ ਹਨ। ਢਾਈ ਤਿੰਨ ਸਾਲ ਦੇ ਬੱਚੇ ਨੂੰ ਨੀਂਦ ਬਹੁਤ ਪਿਆਰੀ ਹੁੰਦੀ ਹੈ। ਵਿਚਾਰਿਆਂ ਦੀ ਬੈਠੇ-ਬੈਠੇ ਝਪਕੀ ਲੱਗ ਜਾਂਦੀ ਹੈ। ਓਧਰ ਦਰਬਾਰ ਵਿਚ ਜੇਲ੍ਹ ਦੇ ਲੰਬਰਦਾਰਾਂ ਵਾਂਗ ਜਦੋਂ ਹੀ ਵੱਡੇ ਬੱਚਿਆਂ ਦੀ ਨਿਗ੍ਹਾ ਸੁੱਤੇ ਪਏ ਬੱਚੇ 'ਤੇ ਪੈਂਦੀ ਹੈ, ਉਹ ਆ ਕੇ ਸਿਰ ਵਿਚ ਪਟੋਕੀ ਮਾਰ ਕੇ ਜਗਾ ਦੇਂਦੇ ਹਨ। ਇਸ ਤਰ੍ਹਾਂ ਪੰਜ ਸਾਢੇ ਪੰਜ ਵਜੇ ਤੱਕ ਹੁੰਦਾ ਰਹਿੰਦਾ ਹੈ। ਫੇਰ ਪ੍ਰਸ਼ਾਦ ਵਰਤਾਇਆ ਜਾਂਦਾ ਹੈ ਤੇ ਅਰਦਾਸ ਵੀ ਕਦੀ ਕਿਸੇ ਬੱਚੇ ਕੋਲੋਂ ਤੇ ਦੂਜੇ ਦਿਨ ਦੂਜੇ ਬੱਚੇ ਕੋਲੋਂ ਕਰਵਾਈ ਜਾਂਦੀ ਹੈ। ਇਹਨਾਂ ਬੱਚਿਆਂ ਦੇ ਵਿਚ ਹੀ ਬੱਚਿਆਂ ਨੂੰ ਮਿਲਣ ਆਏ ਮਾਂ-ਪਿਓ ਤੇ ਉਹਨਾਂ ਦੇ ਰਿਸ਼ਤੇਦਾਰ ਸੰਗਤ ਰੂਪ ਵਿਚ ਬੈਠੇ ਹੁੰਦੇ ਹਨ ਪਰ ਇਹ ਲੋਕ ਏਨੇ ਬੁੱਚੜ ਤੇ ਘੋਗੜਕੰਨੇ ਹੋ ਚੁੱਕੇ ਹਨ ਕਿ ਇਸਨੂੰ ਗੁਰਬਾਣੀ ਪੜ੍ਹਾਉਣ ਦਾ ਨਾਂਅ ਦੇ ਰਹੇ ਹੁੰਦੇ ਹਨ ਤੇ ਭੁੱਲ ਜਾਂਦੇ ਹਨ ਕਿ ਢਾਈ ਤਿੰਨ ਸਾਲ ਦੇ ਬੱਚੇ ਦੀ ਉਮਰ ਪੜ੍ਹਨ ਵਾਲੀ ਨਹੀਂ ਹੁੰਦੀ। ਪੂਰੀ ਦੁਨੀਆਂ ਦੇ ਕਿਸੇ ਵੀ ਦੇਸ਼ ਵਿਚ ਪੰਜ ਸਾਲ ਤੋਂ ਥੱਲੇ ਦਾ ਬੱਚਾ ਸਕੂਲ ਵਿਚ ਦਾਖਲ ਕਰਨਾਂ ਜਾਂ ਕਰਵਾਉਣਾ ਕਾਨੂੰਨੀ ਜੁਰਮ ਹੈ ਕਿਉਂਕਿ ਮੈਡੀਕਲ ਸਾਇੰਸ ਕਹਿੰਦੀ ਹੈ ਕਿ ਬੱਚੇ ਦਾ ਦਿਮਾਗ ਪੰਜ ਸਾਲ ਦੀ ਉਮਰ ਵਿਚ

ਜਾ ਕੇ ਹੀ ਕੁਝ ਯਾਦ ਰੱਖ ਸਕਣ ਦੇ ਕਾਬਲ ਹੁੰਦਾ ਹੈ। ਉਸ ਤੋਂ ਛੋਟੇ ਬੱਚੇ ਦੇ ਦਿਮਾਗ 'ਚ ਯਾਦਾਂ ਦੀਆਂ ਲਹਿਰਾਂ ਜਿਹੀਆਂ ਉੱਠਦੀਆਂ ਰਹਿੰਦੀਆਂ ਹਨ ਤੇ ਉਸ ਨੂੰ ਬਹੁਤ ਘਟ ਗੱਲਾਂ ਯਾਦ ਰਹਿੰਦੀਆਂ ਹਨ। ਕੁਝ ਗੱਲਾਂ ਨੂੰ ਛੱਡ ਕੇ ਬਾਕੀ ਦੀਆਂ ਤਕਰੀਬਨ ਸਾਰੀਆਂ ਹੀ ਗੱਲਾਂ ਉਹ ਕੁਝ ਹੀ ਮਿੰਟਾਂ ਵਿਚ ਭੁੱਲ ਜਾਂਦਾ ਹੈ। ਰਹੀ ਢਾਈ ਤਿੰਨ ਸਾਲ ਦੇ ਬੱਚੇ ਦੀ ਗੱਲ ਤਾਂ ਏਡੇ ਬੱਚੇ ਨੂੰ ਦਿਨ ਵਿਚ ਘੱਟ ਤੋਂ ਘੱਟ ਪੰਦਰਾਂ-ਸੋਲੋਂ ਘੰਟੇ ਨੀਂਦ ਜ਼ਰੂਰ ਚਾਹੀਦੀ ਹੈ। ਤੜਕੇ ਬੱਚੇ ਨੂੰ ਉਠਾਉਣਾ, ਉਸ 'ਤੇ ਬੁੱਚੜਪੁਣਾ ਕਰਨ ਦੇ ਬਰਾਬਰ ਹੈ। ਜਿਸ ਤਰੀਕੇ ਨਾਲ ਏਡੇ ਬੱਚੇ ਨੂੰ ਜਗਾਇਆ ਜਾਂਦਾ ਹੈ, ਉਹ ਵੀ ਕਿਸੇ ਤਰ੍ਹਾਂ ਦੇ ਟਾਰਚਰ (ਤਸ਼ੱਦਦ) ਤੋਂ ਘੱਟ ਨਹੀਂ। ਵੱਡੇ ਬੱਚਿਆਂ ਨੂੰ ਵੀ ਸਵੇਰੇ-ਸਵੇਰੇ ਉਠਾਉਣ ਲਈ ਮਾਵਾਂ ਨੂੰ ਬੜੇ ਪਾਪੜ ਵੇਲਣੇ ਪੈਂਦੇ ਹਨ। ਪਹਿਲਾਂ ਮਾਂ ਉਸ ਬੱਚੇ ਨਾਲ ਲੰਮੀ ਪੈਂਦੀ ਹੈ, ਉਸ ਦਾ ਮੱਥਾ ਚੁੰਮਦੀ ਹੈ, ਫਿਰ ਹੌਲੀ-ਹੌਲੀ ਉਸਦੇ ਸਾਰੇ ਸਰੀਰ 'ਤੇ ਹੱਥ ਫੇਰੀ ਜਾਂਦੀ ਹੈ, ਨਾਲੇ ਆਖੀ ਜਾਂਦੀ ਹੈ, ਉੱਠ ਮੇਰਾ ਬੇਟਾ ਅੱਜ ਤੇਰੇ ਪਾਪਾ ਆਪ ਤੈਨੂੰ ਲੈਣ ਆਉਣਗੇ ਫਿਰ ਆਪਾਂ ਬਜਾਰ ਚੱਲਾਂਗੇ। ਇਸ ਤਰ੍ਹਾਂ ਕਰਦਿਆਂ-ਕਰਦਿਆਂ ਕਿੰਨੇ ਚਿਰ ਤੱਕ ਬੱਚਾ ਊਂ-ਊਂ ਕਰਦਾ ਰਹਿੰਦਾ ਹੈ। ਫਿਰ ਕਹਿੰਦਾ ਹੈ, ਮੈਂ ਆਈਸਕਰੀਮ ਵੀ ਖਾਣ ਜਾਊਂਗਾ। ਮਾਂ ਹੋਰ ਕਈ ਲਾਲਚ ਦੇਂਦੀ ਹੈ, ਫੇਰ ਕਿਤੇ ਜਾ ਕੇ ਕਈ ਚੋਹਲਾਂ-ਮੋਹਲਾਂ ਨਾਲ ਬੱਚਾ ਉੱਠਦਾ ਹੈ।

ਲੁਧਿਆਣੇ ਤੋਂ ਆਏ ਇਕ ਸੱਜਣ ਮੈਨੂੰ ਸੰਗਤ ਵਿਚ ਬੈਠਿਆਂ ਈ ਕਹਿਣ ਲੱਗੇ —"ਮੈਨੂੰ ਤਾਂ ਏਦਾਂ ਲੱਗਦਾ ਹੈ ਜਿੱਦਾਂ ਇਹ ਸਾਰੇ ਬੱਚੇ ਯਤੀਮ ਹੋਣ ਤੇ ਇਹਨਾਂ ਦੇ ਮਾਂ ਪਿਓ ਇਹਨਾਂ ਦੇ ਨਿਕੇ ਹੁੰਦਿਆਂ ਹੀ ਮਰ ਗਏ ਹੋਣ। ਸਾਲੇ ਪੜ੍ਹਾਈਆਂ ਕਰਾਉਣ ਦੇ। ਕੋਈ ਛਿੱਤਰ ਲਵੇ ਲਾਹ ਤੇ ਦੇਹ ਜਿੱਧਰ ਪੈਂਦੀ ਐ। ਆਹ ਜਿਹੜਾ ਸਾਰੀ ਜ਼ਿੰਦਗੀ ਨੌਕਰੀ ਕਰਦਾ ਰਿਹਾ ਹੈ, ਇਹਨੇ ਭਲਾ ਜਿੰਦਗੀ ਵਿਚ ਕਦੇ ਝੂਠ ਨਾ ਬੋਲਿਆ ਹੋਊ। ਕਿਹੜਾ ਸਰਕਾਰੀ ਕਰਮਚਾਰੀ ਹੈ, ਜਿਸਨੂੰ ਨੌਕਰੀ ਕਰਦਿਆਂ ਝੂਠ ਨਾ ਬੋਲਣਾ ਪਿਆ ਹੋਵੇ ? ਨੌਕਰੀ ਕਰਨ ਵਾਲਾ ਧਰਮ ਪੁੱਤਰ ਯੁਧਿਸ਼ਟਰ ਕਿਵੇਂ ਹੋ ਸਕਦਾ ਹੈ ? ਸਾਰੀ ਜਿੰਦਗੀ ਟੀ. ਏ. ਡੀ. ਏ. ਲੈਂਦਾ ਰਿਹਾ ਈ, ਹੁਣ ਵਿਆਹ ਕਰਵਾਇਆ ਨਹੀਂ, ਖਵਰਿਆ ਹੋਇਆ ਨਹੀਂ ਕਿ ਰੱਬ ਜਾਣੇ ਪੱਲੇ ਈ ਕੁਝ ਨਹੀਂ ਤੇ ਇਹ ਬਾਂਬਾ ਬਣ ਗਿਆ ਈ, ਅਖੇ ਮੈਂ ਇਹ ਗੁਰਬਾਣੀ ਦੇ ਬੰਬ ਬਨਾਉਣੇ ਹਨ। ਬੰਬ ਇਹਨੇ ਸਵਾਹ ਬਨਾਉਣੇ ਆ, ਇਹ ਬੱਚੇ ਵਿਚਾਰੇ ਕੀੜੇ ਮਕੌੜੇ ਤੇ ਮਲ੍ਹੱਪ ਬਣਨਗੇ। ਸਿਰਾਂ ਵਿਚ ਪਟੋਕੀਆਂ ਮਾਰ-ਮਾਰ ਕੇ ਇਹਨਾਂ ਨੇ ਬਚਿਆਂ ਦਾ ਦਿਮਾਗ ਹਿਲਾ ਦੇਣਾ ਹੈ। ਇਹਨਾਂ ਵਿਚਾਰਿਆਂ ਨੇ ਪੜ੍ਹਾਈ ਕਾਹਦੀ ਕਰਨੀ ਹੈ, ਇਹ ਤੇ ਵੱਡੇ ਹੋ ਕੇ ਆਪਣਾ ਨਾਂਅ ਵੀ ਚੇਤੇ ਰੱਖ ਲੈਣ ਏਨਾਂ ਈ ਬੜਾ ਹੈ।"

ਉਸ ਸੱਜਣ ਦੀ ਗੱਲ ਸੁਣ ਕੇ ਮੈਨੂੰ ਵੀ ਖਿਆਲ ਆਇਆ ਕਿ ਡਾਕਟਰ ਕਹਿੰਦੇ ਹਨ ਕਿ ਛੋਟੇ ਬੱਚੇ ਨੂੰ ਹਵਾ ਵਿਚ ਨਹੀਂ ਉਛਾਲਣਾ ਚਾਹੀਦਾ, ਜਿਵੇਂ ਆਮ ਲੋਕ ਲਾਡ ਨਾਲ ਬੱਚੇ ਨੂੰ ਹਵਾ ਵਿਚ ਉਛਾਲਦੇ ਹਨ ਤੇ ਖੁਸ਼ ਹੁੰਦੇ ਹਨ। ਪਰ ਉਹਨਾਂ ਨੂੰ ਇਹ ਨਹੀਂ ਪਤਾ ਕਿ ਬੱਚੇ ਦੇ ਨਾਜ਼ੁਕ ਦਿਮਾਗ 'ਤੇ ਇਸਦਾ ਕਿੰਨਾ ਬੁਰਾ ਅਸਰ ਪੈ ਸਕਦਾ ਹੈ? ਜੇ ਕੋਈ ਵਿਅਕਤੀ ਕੈਲਕੂਲੇਟਰ ਨੂੰ ਝਟਕੇ ਦੇਵੇ ਜਾਂ ਉਹ ਥੱਲੇ ਡਿੱਗ ਪਵੇ ਤਾਂ ਕੰਮ ਕਰਨੋਂ ਹਟ ਜਾਂਦਾ ਹੈ। ਏਸੇ ਤਰ੍ਹਾਂ ਹੀ ਬੱਚੇ ਦਾ ਦਿਮਾਗ ਹੁੰਦਾ ਹੈ। ਕਈ ਬੱਚੇ ਸੁੱਤੇ ਸੁੱਤੇ ਮੰਜੇ ਤੋਂ ਭੁੰਜੇ ਡਿੱਗ ਪੈਂਦੇ ਹਨ। ਬਾਅਦ ਵਿਚ ਪਤਾ ਲੱਗਦਾ ਹੈ ਕਿ ਉਹਨਾਂ ਦਾ ਦਿਮਾਗ ਸੱਟ ਲੱਗਣ ਕਾਰਨ ਯਾਦਸ਼ਕਤੀ ਗੁਆ ਚੁੱਕਾ ਹੈ ਤੇ ਉਹ ਕੋਈ ਵੀ ਦਿਮਾਗੀ ਗੱਲ ਯਾਦ ਰੱਖਣ ਦੇ ਕਾਬਲ ਨਹੀਂ

ਰਹਿੰਦੈ। ਏਸੇ ਕਰਕੇ ਹੀ ਅੱਜਕਲ੍ਹ ਬੱਚਿਆਂ ਦੇ ਸੌਣ ਵਾਲੇ ਮੰਜਿਆਂ ਨਾਲ ਦੋ ਕੁ ਫੁੱਟ ਉੱਚੀ ਰੇਲਿੰਗ ਲਾਈ ਜਾਂਦੀ ਹੈ। ਡਾਕਟਰ ਤਾਂ ਇਹ ਵੀ ਕਹਿੰਦੇ ਹਨ ਕਿ ਬੱਚੇ ਦੇ ਮੂੰਹ 'ਤੇ ਚਪੇੜ ਮਾਰਨ ਨਾਲ ਵੀ ਦਿਮਾਗ ਹਿੱਲ ਜਾਂਦਾ ਹੈ।

ਫਿਰ ਉਹ ਮੈਨੂੰ ਉਠਾ ਕੇ ਕਮਰੇ ਵਿਚ ਲੈ ਆਇਆ। ਮੈਨੂੰ ਵੀ ਉਹਦੀਆਂ ਗੱਲਾਂ ਬੜੀਆਂ ਸੱਚੀਆਂ ਲੱਗੀਆਂ। ਉਹ ਮੈਨੂੰ ਦਸਦੇ ਰਹੇ, "ਯੂਰਪ ਦੇ ਮੁਲਕਾਂ ਵਿਚ ਪਹਿਲਾਂ ਕਾਨੂੰਨ ਸੀ ਕਿ ਕਿਸੇ ਬੱਚੇ ਦੀ ਗੱਲ੍ਹ 'ਤੇ ਚਪੇੜ ਨਹੀਂ ਮਾਰੀ ਜਾ ਸਕਦੀ। ਜੇ ਕੋਈ ਮਾਰੇ ਤਾਂ ਉਸ ਮਾਸਟਰ ਜਾਂ ਜੋ ਵੀ, ਭਾਵੇਂ ਪਿਓ ਜਾਂ ਮਾਂ ਵੀ ਮਾਰੇ, ਤਾਂ ਉਸ 'ਤੇ ਮੁਕਦਮਾ ਚੱਲ ਸਕਦਾ ਹੈ। ਜੇ ਬੱਚਾ ਪੁਲਿਸ ਕੋਲ ਸ਼ਿਕਾਇਤ ਕਰ ਦੇਵੇ ਤਾਂ ਭਾਵੇਂ ਉਸਦਾ ਮਾਂ ਪਿਓ ਹੀ ਉਹਨੂੰ ਝਿੜਕਦਾ ਹੋਵੇ, ਸਿਰਫ ਇਕ ਵਾਰਨਿੰਗ ਪੁਲਿਸ ਦੇਂਦੀ, ਦੂਜੀ ਵਾਰੀ ਬੱਚੇ ਨੂੰ ਲੈ ਜਾਂਦੀ ਤੇ ਹੋਸਟਲ ਵਿਚ ਪਾ ਕੇ ਖਰਚੇ ਦਾ ਬਿੱਲ ਮਾਂ-ਪਿਓ ਨੂੰ ਭੇਜ ਦੇਂਦੀ ਤੇ ਉਹਨਾਂ ਨੂੰ ਦੱਸ ਦੇਂਦੇ ਕਿ ਤੁਸਾਂ ਬੱਚਾ ਜੰਮ ਤਾਂ ਲਿਆ ਹੈ ਪਰ ਤੁਹਾਨੂੰ ਪਾਲਣਾ ਨਹੀਂ ਆਉਂਦਾ, ਇਸ ਕਰਕੇ ਅਸੀ ਐਸਾ ਕੀਤਾ ਹੈ। ਅੱਗੇ ਇਹ ਸੀ ਕਿ ਗੱਲ੍ਹ 'ਤੇ ਤਾਂ ਨਹੀਂ ਮਾਰ ਸਕਦੇ, ਪੋਲਾ ਜਿਹਾ ਧੱਫਾ ਬੱਚੇ ਦੇ ਚਿੱਤੜ 'ਤੇ ਮਾਰ ਸਕਦੇ ਸਨ ਪਰ ਹੁਣ ਉਹਨਾਂ ਸਾਰੇ ਹੀ ਦੇਸ਼ਾਂ ਵਿਚ ਇਹ ਕਾਨੂੰਨ ਵੀ ਬਦਲ ਗਿਆ ਹੈ। ਹੁਣ ਤਾਂ ਚਿੱਤੜ 'ਤੇ ਧੱਫਾ ਵੀ ਨਹੀਂ ਮਾਰਿਆ ਜਾ ਸਕਦਾ। ਕਾਨੂੰਨ ਦੀ ਉਲੰਘਣਾ ਕਰਨ ਵਾਲੇ ਦਾ ਕੁੱਤੇ ਤੋਂ ਵੀ ਭੈੜਾ ਹਸ਼ਰ ਕਰਦੇ ਹਨ। ਏਥੇ ਆਹ ਸਾਲੇ, ਦਾਹੜੀਆਂ ਕੱਢ ਕੇ ਕੋਲ ਬਹਿ ਕੇ, ਕੁਟਵਾਉਣ ਡਹੇ ਹੋਏ ਨੇ।" ਗੱਲਾਂ ਕਰਦਿਆਂ ਉਹਨੇ ਉਹਨਾਂ ਮਾਵਾਂ ਨੂੰ ਵੀ ਬੜੀ ਗਾਲ੍ਹ ਵਾਹੀ, ਜਿਹਨਾਂ ਜੰਮ ਕੇ ਸੁੱਟ ਤਾਂ ਨਾ ਦਿੱਤੇ ਪਰ ਹੁਣ ਐਸ ਬੁੱਚੜਖਾਨੇ ਘੱਲ ਦਿੱਤੇ ਹਨ। ਇਹਦੇ ਨਾਲੋਂ ਤਾਂ ਜੰਮਦਿਆਂ ਦਾ ਈ ਗਲ ਘੁਟ ਦੇਂਦੇ।

ਏਸੇ ਹੀ ਸਕੂਲ ਦੀ ਗੱਲ ਹੈ ਕਿ ਇਕ ਮਾਸਟਰਾਣੀ ਬੱਚਿਆਂ ਨੂੰ ਸੋਟੀ ਨਾਲ ਕੁੱਟ ਰਹੀ ਸੀ ਕਿ ਅਮਰਜੀਤ ਸਿੰਘ ਤਾਨ, ਜਿਹੜੇ ਪਰਸਿੱਧ ਰਾਗੀ ਹਨ, ਦੇ ਮੁੰਡੇ ਦੀ ਅੱਖ 'ਤੇ ਵੱਜ ਗਈ ਤੇ ਉਹਦਾ ਕੋਰਨੀਆਂ ਖਰਾਬ ਹੋ ਗਿਆ ਤੇ ਅੱਖ 'ਤੇ ਬੜਾ ਭਾਰੀ ਜਖਮ ਹੋ ਗਿਆ।

ਜਲਪਾਣੀ ਛੱਕ ਕੇ ਅਸੀਂ ਥੱਲੇ ਆਏ ਤਾਂ ਓਸੇ ਹੀ ਬੁੱਢੇ ਝਾਂਗੀ ਦੀ ਉਹ ਹੀ ਮਹਿਫਲ ਜੰਮੀ ਹੋਈ ਸੀ। ਗੱਲਾਂ ਵੀ ਲਗਭਗ ਉਹ ਹੀ ਸਨ, ਜਿਹੜੀਆਂ ਕੱਲ ਸਾਨੂੰ ਸੁਣਾਈਆਂ ਸਨ। ਉਹ ਲੁਧਿਆਣੇ ਵਾਲੇ ਸੱਜਣ ਉਹਦੀਆਂ ਗੱਲਾਂ ਸੁਣਨ ਲਈ ਖਲੋ ਗਏ ਪਰ ਉਹਨਾਂ ਨੇ ਉਸ ਬੁੱਢੇ ਨੂੰ ਲੰਮੇ ਹੱਥੀਂ ਲਿਆ। ਜਦੋਂ ਉਹਨੇ ਕਿਹਾ ਸੱਪ ਓਸ ਪਹਾੜ ਤੋਂ ਏਧਰ ਕਿਵੇਂ ਆ ਗਿਆ ਤਾਂ ਉਹ ਲੁਧਿਆਣੇ ਵਾਲੇ ਸਰਦਾਰ ਸਾਹਿਬ ਕਹਿਣ ਲੱਗੇ,"ਕਿਉਂ ਉਹਨੇ ਏਧਰ ਆਉਣ ਲੱਗੇ ਨੇ ਵੀਜ਼ਾ ਲੈ ਕੇ ਆਉਣਾ ਸੀ ? ਉਹਨੂੰ ਏਧਰ ਆਉਣ ਵਿਚ ਕੀ ਰੁਕਾਵਟ ਸੀ?"

ਫਿਰ ਜਦੋਂ ਉਸਨੇ ਕਿਹਾ—"ਹੁਣ ਵੀ ਉਸ ਪਹਾੜ 'ਤੇ ਉਹ ਸੱਪ ਮਿਲਦਾ ਹੈ" ਤਾਂ ਉਹ ਸਰਦਾਰ ਸਾਹਿਬ ਫਿਰ ਹੱਸੇ ਤੇ ਕਹਿਣ ਲੱਗੇ," ਤੁਸਾਂ ਬਜ਼ੁਰਗੋ ਕਿਵੇਂ ਪਛਾਣ ਲਿਆ ਪਈ ਇਹ ਓਦਣ ਵਾਲਾ ਹੀ ਸੱਪ ਹੈ, ਉਹਦੇ ਮੌਢੇ 'ਤੇ ਉਹਦਾ ਨਾਂਅ ਲਿਖਿਆ ਹੋਇਆ ਹੈ?"

"ਸੱਪਾਂ ਬਾਰੇ ਮਾਹਿਰਾਂ ਨੇ ਇਹ ਤੱਥ ਕੱਢੇ ਹੋਏ ਹਨ ਕਿ ਸੱਪ ਆਪਣੀ ਥਾਂ ਦੀ

ਵਿਸ਼ੇਸ਼ ਪਛਾਣ ਬਣਾ ਕੇ ਨਹੀਂ ਰੱਖਦਾ ਤੇ ਤੁਰਿਆ-ਤੁਰਿਆ ਕਿਧਰ ਦਾ ਕਿਧਰ ਚਲਾ ਜਾਂਦਾ ਹੈ। ਨਾਲੇ ਬਾਬੇ ਇਕਬਾਲ ਸਿੰਘ ਵਾਂਗ ਉਹਨੇ ਕਿਹੜਾ ਜ਼ਮੀਨ ਲੈ ਕੇ ਸਕੂਲ ਬੱਣਾਇਆ ਹੋਇਆ ਹੈ, ਪਈ ਤੁਹਾਨੂੰ ਕਈ ਵਾਰ ਮਿਲਿਆ ਹੈ। ਰਹੀ ਗੱਲ ਮੱਥਾ ਟੇਕਣ ਦੀ ਤੇ ਸੱਪ, ਜਾਨਵਰ ਜਾਂ ਡੰਗਰ ਬੰਦਿਆਂ ਵਾਂਗ ਇਹ ਖੇਖਣ ਨਹੀਂ ਜਾਣਦੇ ਤੇ ਨਾ ਹੀ ਉਹਨਾਂ ਨੂੰ ਦੋ ਅਤੇ ਦੋ ਚਾਰ ਦਾ ਪਤਾ ਹੁੰਦਾ ਹੈ। ਨਾਲੇ ਸੱਪ ਨੂੰ ਕੀ ਪਤਾ ਇਹ ਗੁਰਦੁਆਰਾ ਹੈ ਕਿ ਗੁਰੂ ਗ੍ਰੰਥ ਸਾਹਿਬ ਹੈ। ਉਹ ਸੱਪ ਕੋਈ ਸਿੱਖ ਸੀ, ਜਿਹਦੀ ਮਾਂ ਨੇ ਸਿੱਖ ਹੋਣ ਨਾਤੇ ਉਹਨੂੰ ਮੱਥਾ ਟੇਕਣਾ ਸਿਖਾਇਆ ਹੋਵੇ, ਪਈ ਪੁੱਤ ਗੁਰੂ ਮਹਾਰਾਜ ਨੂੰ ਮੱਥਾ ਟੇਕੀਦਾ ਹੈ ! ਰਹੀ ਕੀਰਤਨ ਹੁੰਦੇ ਤੇ ਬੈਠੇ ਰਹਿਣ ਦੀ ਗੱਲ ਤਾਂ ਇਹ ਤਾਂ ਅੱਜ ਕਲ੍ਹ ਦਾ ਬੱਚਾ-ਬੱਚਾ ਜਾਣਦਾ ਹੈ ਕਿ ਸੱਪ ਦੇ ਕੰਨ ਨਹੀਂ ਹੁੰਦੇ। ਕੀਰਤਨ ਉਸ ਕਾਹਦੇ ਨਾਲ ਸੁਣਨਾ ਸੀ ? ਪਰਲੇ ਪਾਸੇ ਬੰਦੇ ਬੈਠੇ ਸੀ। ਉਰਲਾ ਪੌੜੀਆਂ ਵਾਲਾ ਪਾਸਾ ਵਿਹਲਾ ਸੀ। ਉਹ ਪੌੜੀਆਂ ਉੱਤਰ ਆਇਆ ਤੇ ਤੂੰ ਬਜ਼ੁਰਗਾ. ਕਹਿੰਦਾ ਹੈਂ ਸੱਪ ਪੌੜੀਆਂ ਨਹੀਂ ਚੜ੍ਹ ਸਕਦਾ। ਮੈਂ ਤੇ ਦਰੱਖਤਾਂ 'ਤੇ ਭੱਜੇ ਫਿਰਦੇ ਸੱਪ ਵੇਖੇ ਹਨ। ਜੇ ਤੈਨੂੰ ਹੁਣ ਕਿਤੇ ਮਿਲਿਆ ਤਾਂ ਹੱਥ ਮਿਲਾ ਕੇ ਵੇਖ ਲਈਂ ਉਹਦਾ ਸੁਆਦ !"

ਫਿਰ ਉਹ ਸਰਦਾਰ ਸਾਹਿਬ ਉਸ ਬੁੱਢੇ ਨੂੰ ਸਿੱਧੇ ਹੀ ਹੋ ਪਏ ਤੇ ਕਿਹਾ—"ਓਏ ਤੁਹਾਨੂੰ ਲੋਕਾਂ ਨੂੰ ਸ਼ਰਮ ਨਹੀਂ ਆਉਂਦੀ, ਇਹੋ ਜਹੀਆਂ ਗੱਲਾਂ ਕਰਦਿਆਂ ਨੂੰ। ਕਿਉਂ ਲੋਕਾਂ ਦਾ ਬੇੜਾ ਗਰਕ ਕਰਨ ਲੱਗੇ ਓ। ਸਿੱਖ ਇਤਿਹਾਸ ਵਿਚ ਵੀ ਤੇਰੇ ਵਰਗਿਆਂ ਨੇ ਸਾਖੀਆਂ ਬਣਾ ਧਰੀਆਂ ਹਨ ਅਖੇ ਸੱਪ ਸੁੱਤੇ ਪਏ ਗੁਰੂ ਨਾਨਕ ਦੇ ਚਿਹਰੇ 'ਤੇ ਫੱਨ ਖਿਲਾਰ ਕੇ ਛਾਂ ਕਰਨ ਲਈ ਬੈਠਾ ਸੀ। ਭਲਾ ਕੋਈ ਪੁੱਛੇ ਕਿ ਸੱਪ ਦੀ ਫੱਨ ਨੇ ਕਿੰਨੀ ਕੁ ਛਾਂ ਕਰ ਦਿੱਤੀ ਹੋਵੇਗੀ, ਉਹ ਕੋਈ ਛਤਰੀ ਸੀ ਜੀਹਦੇ ਨਾਲ ਚਿਹਰੇ 'ਤੇ ਛਾਂ ਹੋ ਗਈ! ਕੀ ਪਤਾ ਸੱਪ ਲੜਨ ਲਈ ਹੀ ਬੈਠਾ ਹੋਵੇ ਤੇ ਜੇ ਗੁਰੂ ਜੀ ਸੁੱਤੇ-ਸੁੱਤੇ ਪਾਸਾ ਮੋੜਦੇ ਜਾਂ ਲੱਤ ਬਾਂਹ ਹਿਲਾਉਂਦੇ ਤਾਂ ਉਹ ਲੜ ਹੀ ਜਾਂਦਾ !"

ਗੱਲ ਕਰਦਿਆਂ ਵਿਚੋਂ ਹੀ ਇਕ ਸਰਦਾਰ ਸਾਹਿਬ ਨੇ ਕਿਹਾ—"ਗੁਰੂ ਜੀ ਪਰਮਾਤਮਾ ਦਾ ਰੂਪ ਸਨ, ਏਸੇ ਲਈ ਹੀ ਸੱਪ ਉਹਨਾਂ ਦੀ ਸੇਵਾ ਵਿਚ ਹਾਜਰ ਹੋਇਆ ਸੀ।"

ਇਹ ਸੁਣ ਕੇ ਪਹਿਲੇ ਸਰਦਾਰ ਸਾਹਿਬ ਫਿਰ ਕਹਿਣ ਲੱਗੇ—"ਗੁਰੂ ਜੀ ਦੇ ਪਿਤਾ ਮਹਿਤਾ ਕਾਲੂ ਜੀ ਨੂੰ, ਜੋ ਪਟਵਾਰੀ ਹੋਣ ਕਰਕੇ ਬੜੇ ਸਿਆਣੇ ਸਨ, ਤਾਂ ਪਤਾ ਨਾ ਲੱਗਾ ਕਿ ਮੇਰੇ ਘਰ ਪਰਮਾਤਮਾ ਨੇ ਜਨਮ ਲਿਆ ਹੈ ਤੇ ਵੀਹਾਂ ਰੁਪਈਆਂ ਦਾ ਨੁਕਸਾਨ ਹੋ ਜਾਣ 'ਤੇ ਗੁਰੂ ਜੀ ਨੂੰ ਕੁੱਟਣ ਤੱਕ ਤਿਆਰ ਹੋ ਗਏ ਸਨ ਪਰ ਅਨਪੜ੍ਹ ਸੱਪ ਨੂੰ ਕਿੱਥੋਂ ਪਤਾ ਲੱਗ ਗਿਆ ਕਿ ਇਹ ਸੁੱਤਾ ਪਿਆ ਵਿਅਕਤੀ ਰੱਬ ਦਾ ਰੂਪ ਹੈ ? ਬ੍ਰਾਹਮਣਾਂ ਤੇ ਤੁਹਾਡੇ ਵਰਗੇ ਸਿੱਖਾਂ ਨੇ ਏਦਾਂ ਦੀਆਂ ਗੱਲਾਂ ਕਰਕੇ ਸਿੱਖ ਇਤਿਹਾਸ ਦਾ ਬਥੇਰਾ ਬੇੜਾ ਗਰਕ ਕੀਤਾ ਹੈ। ਗੁਰੂ ਜੀ ਸੋਲਾਂ ਸਾਲ ਪੈਦਲ ਤੁਰ ਕੇ ਦੂਰ-ਦੁਰਾਡੇ ਦੇ ਦੇਸ਼ਾਂ ਵਿਚ ਗਏ ਤੇ ਉਹਨਾਂ ਨੇ ਪੈਂਤੀ ਹਜ਼ਾਰ ਮੀਲ ਦਾ ਸਫਰ ਪੈਦਲ ਕੀਤਾ ਤੇ ਤੁਸੀਂ ਕਹਿ ਦੇਂਦੇ ਹੋ ਮਰਦਾਨਿਆਂ ਅੱਖਾਂ ਮੀਟ, ਮਰਦਾਨੇ ਨੇ ਅੱਖਾਂ ਮੀਟੀਆਂ ਤੇ ਸਕਿੰਟ ਵਿਚ ਬਾਬਾ ਜੀ ਮੱਕੇ ਪਹੁੰਚੇ ਗਏ, ਕਦੇ ਅਸਾਮ ਪਹੁੰਚ ਗਏ। ਏਨੀਂ ਨਾਲ ਤਾਂ ਰਾਕਟ ਵੀ ਨਹੀਂ ਉੱਡਦਾ? ਜੇ ਉਹ ਏਡੀ ਛੇਤੀ ਹਰ ਥਾਂ ਪਹੁੰਚ ਜਾਂਦੇ ਸਨ ਤਾਂ ਫੇਰ ਉਹਨਾਂ ਨੂੰ ਕੁਝ ਥਾਵਾਂ 'ਤੇ ਜਾਣ ਲਈ ਸੋਲਾਂ ਸਾਲ ਕਿਉਂ ਲੱਗੇ ?"

ਬਾਬੇ ਦੀ ਖੁੰਬ ਠੱਪੀ ਗਈ ਤੇ ਉਹ ਪਰ੍ਹਾਂ ਨੂੰ ਚਲਾ ਗਿਆ ਪਰ ਦੂਜਾ ਕਮਲਾ ਜਿਹਾ ਮੈਨੂੰ ਆ ਕੇ ਕਹਿਣ ਲੱਗਾ—"ਜੀ ਸਾਡੇ ਸਾਰੇ ਮਜ਼ਦੂਰ ਪਹਾੜ ਦੇ ਹਨ। ਤੁਹਾਡੀਆਂ ਬੰਦੂਕਾਂ

ਵੇਖ ਕੇ ਕਲ੍ਹ ਦਾ ਇਹਨਾਂ ਵਿਚ ਕੁਝ ਤਣਾਓ ਜਿਹਾ ਆ ਗਿਆ ਹੈ ਕਿਉਂਕਿ ਜਦੋਂ 1984 ਵਿਚ ਵੀ ਬਾਕੀ ਥਾਵਾਂ 'ਤੇ ਕਤਲੋਗਾਰਤ ਹੋਈ ਸੀ ਤਾਂ ਏਥੇ ਵਾਹਿਗੁਰੂ ਦੀ ਕਿਰਪਾ ਹੀ ਰਹੀ ਸੀ, ਤੁਸੀਂ ਇਹ ਬੰਦੂਕਾਂ ਸਾਡੇ ਕੋਲ ਜਮਾਂ ਕਰਵਾ ਦਿਓ ਕਿਉਂਕਿ ਇਸ ਤਰ੍ਹਾਂ ਤਣਾਅ ਵਧਣ ਦਾ ਡਰ ਹੈ।

ਮੈਂ ਕਿਹਾ, "ਜਾਹ ਉਸ ਬੁੱਢੇ ਰਚੜ ਨੂੰ ਸੱਦ ਕੇ ਲਿਆ, ਜਿਹੜਾ ਕੱਲ ਆਂਹਦਾ ਸੀ, ਇਹ ਪਹਾੜੀਏ ਭੋਲੇ ਈ ਬਹੁਤ ਨੇ, ਕੇਲਾ ਰੱਖ ਕੇ ਮੱਥਾ ਟੇਕਦੇ ਹਨ ਪਰ ਪ੍ਰਸ਼ਾਦ ਨਹੀਂ ਲੈਂਦੇ ਕਿਉਂਕਿ ਇਹਨਾਂ ਨੂੰ ਕਿਸੇ ਨੇ ਪ੍ਰਸ਼ਾਦ ਲੈਣਾ ਸਿਖਾਇਆ ਈ ਨਹੀਂ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਜਿੰਦਗੀ ਵਿਚ ਚੌਦਾਂ ਲੜਾਈਆਂ ਲੜੀਆਂ। ਤੇਰਾਂ ਇਹਨਾਂ ਪਹਾੜੀਆਂ ਨਾਲ ਤੇ ਚੌਧਵੀਂ ਔਰੰਗਜੇਬ ਨਾਲ। ਉਹ ਵੀ ਇਹ ਪਹਾੜੀਏ ਈ ਉਹਨੂੰ ਸ਼ਿਕਾਇਤਾਂ ਕਰ-ਕਰ ਕੇ ਚੜ੍ਹਾ ਕੇ ਲਿਆਏ ਸਨ। ਜੇ ਏਥੇ ਏਡਾ ਈ ਖਤਰਾ ਹੈ ਤਾਂ ਫਿਰ ਆਹ ਛੇ ਸੌ ਚੋਣਵੇਂ ਪਰਿਵਾਰਾਂ ਦੇ ਬੱਚੇ ਏਥੇ ਕਿਉਂ ਰੱਖੇ ਹੋਏ ਜੇ ? ਜੇ ਇਹਨਾਂ ਪਹਾੜੀਆਂ ਨੇ ਇਹਨਾਂ ਨੂੰ ਯਰਗਮਾਲ ਬਣਾ ਲਿਆ, ਫੇਰ ਕੀ ਕਰੋਗੇ ? ਪੰਜਾਬ ਵਿਚ ਤੇ ਹੱਕ ਲੈਣ ਦੀ ਲੜਾਈ ਚੱਲ ਰਹੀ ਹੈ। ਪਤਾ ਨਹੀਂ ਹੋਰ ਕਿੰਨਾ ਕੁ ਚਿਰ ਚੱਲੇ, ਇਹਨਾਂ ਮਾਸੂਮਾਂ ਨੂੰ ਕਿਉਂ ਭੱਠੀ ਵਿਚ ਝੋਕਣ ਲੱਗੇ ਓ ?" ਅਸਲ ਵਿਚ ਮੈਂ ਉਸ ਡੌਰਭੌਰੇ ਜਿਹੇ ਕਮਲੇ ਸਿੱਖ ਨਾਲ ਇਹ ਗੱਲਾਂ ਨਹੀਂ ਸੀ ਕਰ ਰਿਹਾ, ਉਥੇ ਖਲੋਤੇ ਬੱਚਿਆਂ ਦੇ ਮਾਂ-ਪਿਓ ਤੇ ਰਿਸ਼ਤੇਦਾਰਾਂ ਨਾਲ ਗੱਲ ਕਰ ਰਿਹਾ ਸੀ।

ਮੈਂ ਉਸਨੂੰ ਕਿਹਾ –"ਨਾਲੇ ਤੁਸੀਂ ਕਹਿੰਦੇ ਓ, ਇਹਨਾਂ ਨਿਆਣਿਆਂ ਨੂੰ ਬਹਾਦਰ ਬਣਾਉਣਾ ਹੈ। ਪਰ ਓਧਰ ਮੇਰੀਆਂ ਬੰਦੂਕਾਂ ਵੇਖ ਵੇਖ ਕੇ ਤੁਹਾਡੀ ਸਾਰਿਆਂ ਦੀ ਟੱਟੀ ਨਿਕਲਣ ਨੂੰ ਕਰਦੀ ਹੈ। ਚਲ ਭੱਜ ਜਾ ਕਿਤੇ ਛਿੱਤਰ ਨਾ ਖਾਈਂ" ਤੇ ਉਹ ਕੰਨ ਵਲ੍ਹੇਟ ਕੇ ਪਰ੍ਹਾਂ ਨੂੰ ਚਲਾ ਗਿਆ।

ਅਸੀਂ ਵਾਪਸ ਆਉਣ ਲੱਗੇ ਤਾਂ ਇਕ ਤੀਹ ਪੈਂਤੀ ਸਾਲ ਦਾ ਪੜ੍ਹਿਆ ਲਿਖਿਆ ਸਿੱਖ ਤੇ ਉਸਦੀ ਠੀਕ-ਠਾਕ ਪੜ੍ਹੀ ਲਿਖੀ ਪਤਨੀ ਸਾਡੀ ਕਾਰ ਕੋਲ ਆ ਕੇ ਸਾਨੂੰ ਕਹਿਣ ਲੱਗੇ–"ਅਸੀਂ ਆਪਣੇ ਬੱਚੇ ਏਥੇ ਪੜ੍ਹਾਉਣ ਲਈ ਕਲ੍ਹ ਲਿਆਂਦੇ ਸੀ (ਦੋ ਮੁੰਡਿਆਂ ਦਾ) ਅਸਾਂ ਵੀਹ ਹਜ਼ਾਰ ਰੁਪਈਆ ਵੀ ਪ੍ਰਿੰਸੀਪਲ ਕੋਲ ਜਮਾਂ ਕਰਵਾ ਦਿੱਤਾ ਹੈ ਪਰ ਕੱਲ੍ਹ ਦੇ ਕਿੰਨੇ ਹੀ ਨਿਆਣੇ ਅਸਾਂ ਵੇਖੇ ਹਨ, ਜਿਹੜੇ ਖੁਰਕ ਦੇ ਮਾਰੇ ਹੋਏ ਤੇ ਜੂੰਆਂ ਨਾਲ ਭਰੇ ਹੋਏ ਹਨ। ਕਈਆਂ ਦੇ ਗਿੱਟਿਆਂ 'ਤੇ ਮੈਲ ਦੇ ਉਛਾੜ ਚੜ੍ਹੇ ਹੋਏ ਹਨ। ਅਸਾਂ ਫੈਸਲਾ ਕਰ ਲਿਆ ਹੈ ਕਿ ਬੱਚੇ ਏਥੇ ਨਹੀਂ ਪੜ੍ਹਾਉਣੇ ਤੇ ਆਪਣੀਆਂ ਅੱਖਾਂ ਸਾਹਮਣੇ ਰੱਖਣੇ ਹਨ। ਸਾਨੂੰ ਏਡੀ ਮਹਿੰਗੀ ਸਿੱਖੀ ਨਹੀਂ ਚਾਹੀਦੀ। ਪਰ ਹੁਣ ਪ੍ਰਿੰਸੀਪਲ ਸਾਡੀ ਜਮਾਂ ਕਰਾਈ ਹੋਈ ਫੀਸ ਨਹੀਂ ਮੋੜਦਾ ਤੇ ਸਗੋਂ ਬਾਕੀ ਦੀ ਰਹਿੰਦੀ ਫੀਸ ਦਾ ਵੀਹ ਹਜਾਰ ਹੋਰ ਮੰਗਦਾ ਹੈ।"

ਮੈਂ ਟਾਲਾ ਵੱਟਣਾ ਚਾਹੁੰਦਾ ਸਾਂ ਪਰ ਮਜਬੂਰਨ ਮੈਨੂੰ ਉਹਨਾਂ ਨਾਲ ਜਾਣਾ ਪਿਆ। ਹਲਕੀ ਜਿਹੀ ਉਮਰ ਦਾ ਪ੍ਰਿੰਸੀਪਲ ਕਹਿਣ ਲੱਗਾ ਬਾਬਾ ਜੀ ਤਾਂ ਵਿਦੇਸ਼ ਗਏ ਹੋਏ ਹਨ, ਆਉਣਗੇ ਤਾਂ ਤੁਹਾਡਾ ਫੈਸਲਾ ਕਰਨਗੇ। ਵੀਹ ਹਜ਼ਾਰ ਰੁਪਿਆ ਤੁਹਾਡਾ ਫੀਸਾਂ ਦਾ ਆਇਆ ਹੈ ਤੇ ਵੀਹ ਹੋਰ ਰਹਿੰਦਾ ਹੈ। ਉਹ ਜਮ੍ਹਾਂ ਕਰਵਾ ਦਿਓ ਤੇ ਬੱਚੇ ਲੈ ਜਾਓ। ਇਸ ਗੱਲ ਤੋਂ ਮੈਨੂੰ ਉਹ ਪ੍ਰਿੰਸੀਪਲ ਦੀ ਥਾਂ ਇਕ ਮੂਰਖ, ਬਦਮਾਸ਼ ਛੁਰੀਮਾਰ ਇਨਸਾਨ ਕੁਰਸੀ 'ਤੇ ਬੈਠਾ ਨਜ਼ਰ ਆਇਆ। ਮੈਂ ਪੁੱਛਿਆ–"ਤੇ ਜੇ ਇਹ, ਵੀਹ ਹਜ਼ਾਰ ਹੋਰ ਨਾ ਦੇਣ, ਤਾਂ ਫੇਰ ਤੁਸੀਂ ਇਹਨਾਂ ਦੇ ਬੱਚੇ ਸਕੂਲੋਂ ਬਾਹਰ ਨਹੀਂ ਜਾਣ ਦਿਓਗੇ ?"

"ਕਿਵੇਂ ਜਾ ਸਕਦੇ ਹਨ ? ਅਸਾਂ ਇਹਨਾਂ ਦੇ ਬੱਚਿਆਂ ਨੂੰ ਸਕੂਲ ਵਿਚ ਬਾਕਾਇਦਾ ਦਾਖਲਾ ਦਿੱਤਾ ਹੈ, ਬਾਕੀ ਦੀ ਫੀਸ ਤਾਂ ਜਮ੍ਹਾਂ ਕਰਵਾਉਣੀ ਹੀ ਪਵੇਗੀ।"

ਮੈਂ ਕਿਹਾ,"ਪ੍ਰਿੰਸੀਪਲ ਸਾਹਿਬ ਤੁਸਾਂ ਕਦੇ ਕੋਈ ਜਾਇਦਾਦ ਵੇਚੀ ਜਾਂ ਖਰੀਦੀ ਹੋਵੇ ਤਾਂ ਤੁਹਾਨੂੰ ਪਤਾ ਹੋਵੇਗਾ ਕਿ ਬਿਆਨਾ ਦੇਣ ਤੋਂ ਬਾਅਦ ਜੇ ਕੋਈ ਬਾਕੀ ਦੀ ਰਕਮ ਚੁਕਤਾ ਨਾ ਕਰੇ ਤਾਂ ਬਿਆਨਾ ਜਬਤ ਹੋ ਜਾਂਦਾ ਹੈ, ਏਦੂੰ ਵਧ ਕੋਈ ਕੁਝ ਨਹੀਂ ਕਰ ਸਕਦਾ। ਇਹਨਾਂ ਤੁਹਾਡੇ ਕੋਲ ਕੋਈ ਜਾਇਦਾਦ ਵੇਚੀ ਜਾਂ ਲਈ ਨਹੀਂ ਪਰ ਫਿਰ ਵੀ ਬੱਚੇ ਨਾ ਪੜ੍ਹਾਉਣਾ ਚਾਹੁਣ ਤਾਂ ਵੱਧ ਤੋਂ ਵੱਧ ਤੁਸੀਂ ਇਹਨਾਂ ਦੀ ਜਮ੍ਹਾਂ ਕਰਵਾਈ ਹੋਈ ਫੀਸ ਮਾਰ ਸਕਦੇ ਹੋ, ਹੋਰ ਪੈਸੇ ਨਹੀਂ ਮੰਗ ਸਕਦੇ।"

ਉਹ ਕਹਿਣ ਲੱਗਾ—"ਚਲੋ ਫੇਰ ਜਮ੍ਹਾਂ ਕਰਵਾਈ ਫੀਸ ਨਹੀਂ ਮਿਲ ਸਕਦੀ। ਬੱਚੇ ਲੈ ਜਾਣ।" ਬੱਚਿਆਂ ਦਾ ਬਾਪ ਵਿਚਾਰਾ ਇਹ ਗੱਲ ਵੀ ਮੰਨ ਗਿਆ ਤੇ ਪ੍ਰਿੰਸੀਪਲ ਦੇ ਸਾਹਮਣੇ ਹੀ ਕਹਿਣ ਲੱਗਾ,"ਚਲੋ ਜੀ, ਵਾਰ ਕੇ ਸੁੱਟਿਆ ਮੈਂ ਆਪਣੇ ਪੁੱਤਾਂ ਦੇ ਸਿਰ ਉੱਤੋਂ ਦੀ ਵੀਹ ਹਜ਼ਾਰ ਪਰ ਇਹ ਤੇ ਪਤਾ ਲੱਗ ਗਿਆ ਪਈ ਇਹ ਸੰਤ-ਸਾਧ ਨਹੀਂ, ਇਕ ਨੰਬਰ ਦੇ ਠੱਗ ਹਨ।"

ਮੈਂ ਉਹਨਾਂ ਨੂੰ ਹੌਸਲਾਂ ਰੱਖਣ ਅਤੇ ਬੈਠ ਜਾਣ ਲਈ ਕਿਹਾ ਤੇ ਪੁੱਛਿਆ,"ਬਾਬਾ ਜੀ ਕਦੋਂ ਆਉਣਗੇ, ਪ੍ਰਿੰਸੀਪਲ ਸਾਹਿਬ ?"

ਉਹ ਕਹਿਣ ਲੱਗੇ,"ਅਜੇ ਮਹੀਨਾ ਲੱਗ ਜਾਏਗਾ।"

ਓਨੀ ਦੇਰ ਨੂੰ ਦੂਸਰੇ ਸਰਦਾਰ ਜੀ ਵੀ ਆ ਗਏ। ਮੈਂ ਦਿਲ ਵਿਚ ਸੋਚਿਆ ਹੁਣ ਕੰਮ ਬਣ ਗਿਆ ਸਮਝੋ। ਉਹਨਾਂ ਆਉਂਦਿਆਂ ਹੀ ਪੁੱਛਿਆ,"ਇਹ ਸਕੂਲ ਕੀਹਦਾ ਹੈ ? ਬਾਬਾ ਜੀ ਦਾ ਕਿ ਤੁਹਾਡਾ ?"

ਪ੍ਰਿੰਸੀਪਲ ਦੇ ਮੂੰਹੋਂ ਨਿਕਲਿਆ,"ਬਾਬਾ ਜੀ ਦਾ।"

"ਤੁਸਾਂ ਕਿਸ ਅਧਿਕਾਰ ਨਾਲ ਵੀਹ ਹਜ਼ਾਰ ਜਮ੍ਹਾਂ ਕਰਵਾ ਲਿਆ ?"

"ਮੈਂ ਇਸ ਸਕੂਲ ਦਾ ਬਾਬਾ ਜੀ ਦੁਆਰਾ, ਨਾਮਜਦ ਕੀਤਾ ਹੋਇਆ, ਉਹਨਾਂ ਦੇ ਪ੍ਰਤੀਨਿਧ ਵਜੋਂ ਹਰ ਕੰਮ ਕਰ ਸਕਦਾ ਹਾਂ।"

"ਉਸੇ ਹੀ ਪ੍ਰਤੀਨਿਧ ਦੇ ਅਧਿਕਾਰ ਵਜੋਂ ਇਹਨਾਂ ਦਾ ਵੀਹ ਹਜ਼ਾਰ ਕਿਉਂ ਨਹੀਂ ਮੋੜਦੇ ? ਬਾਬਾ ਜੀ ਦੇ ਆਉਣ ਤੱਕ ਇੰਤਜ਼ਾਰ ਕਰਨ ਨੂੰ ਕਿਉਂ ਕਹਿੰਦੇ ਹੋ ? ਲਿਆਓ ਇਹਨਾਂ ਦੇ ਪੈਸੇ ਮੋੜੋ, ਵੱਧ ਤੋਂ ਵੱਧ ਰਾਤ ਦੀਆਂ ਖਾਧੀਆਂ ਰੋਟੀਆਂ, ਸਵੇਰ ਦੀ ਦੋ ਕੱਪ ਚਾਹ ਤੇ ਕਮਰੇ ਵਿਚ ਭੁੰਜੇ ਸੌਣ ਦੇ ਪੈਸੇ ਕੱਟ ਲਓ ਨਹੀਂ ਤੇ ਪੁਲਿਸ ਕੇਸ ਬਣੇਗਾ, ਕਿਤੇ ਖਲੋਣ ਜੋਗੇ ਨਾ ਰਹਿ ਜਾਓਗੇ। ਐਸਾ ਕੋਈ ਕਾਨੂੰਨ ਨਹੀਂ ਕਿ ਕੋਈ ਰਾਤ ਨੂੰ ਬੱਚੇ ਪੜ੍ਹਾਉਣ ਦੀ ਫੀਸ ਜਮ੍ਹਾਂ ਕਰਵਾ ਕੇ ਸਵੇਰੇ ਆਪਣਾ ਇਰਾਦਾ ਬਦਲ ਲਵੇ ਤਾਂ ਉਸ ਨੂੰ ਪੈਸੇ ਵਾਪਸ ਨਾ ਮਿਲਣ। ਹਾਂ ਜੋ ਖਰਚਾ ਆਇਆ ਹੈ, ਉਹ ਕੱਟ ਲਓ।"

ਲਓ ਜੀ ਇਸ ਤਰ੍ਹਾ ਦੀ ਕਿੰਨੀ ਸਾਰੀ ਬੱਕ-ਬੱਕ ਹੋਣ ਤੋਂ ਬਾਅਦ ਉਹਨਾਂ ਵਿਚਾਰਿਆਂ ਦੇ ਪੈਸੇ ਵਾਪਸ ਹੋਏ। ਹੁਣ ਇਹ ਫੈਸਲਾ ਕਰਨਾਂ ਬਾਕੀ ਹੈ ਕਿ ਇਹੋ ਜਿਹੇ ਲੋਕ ਜੋ ਅਸਲ ਵਿਚ ਪੈਸੇ ਦੇ ਲਾਲਚੀ ਭੇੜੀਏ ਬਣ ਚੁੱਕੇ ਹਨ, ਉੱਪਰੋਂ ਸਿੱਖੀ ਦਾ ਬਾਣਾ ਪਾ ਕੇ ਸੰਤ ਬਣੇ ਹੋਏ ਹਨ ਬਾਰੇ ਸਿੱਖਾਂ ਨੂੰ ਕੀ ਐਕਸ਼ਨ ਲੈਣਾ ਚਾਹੀਦਾ ਹੈ ਕਿ ਉਹ ਇਸ ਤਰ੍ਹਾਂ ਦੀ ਬਦਮਾਸ਼ੀ ਛੱਡ ਕੇ ਸਿਧੇ ਰਾਹ 'ਤੇ ਆ ਜਾਣ।

ਜਲੰਧਰ ਸ਼ਹਿਰ ਦੇ ਵਪਾਰੀ ਤੇ ਗੁਰਦੁਆਰਾ ਗੁਰੂ ਤੇਗ ਬਹਦਰ ਤੇ ਹਸਪਤਾਲ ਦੇ ਪ੍ਰਧਾਨ ਸ. ਜਗਜੀਤ ਸਿੰਘ ਗਾਬਾ ਤੇ ਉਹਨਾਂ ਦੇ ਦੋ ਛੋਟੇ ਭਰਾਵਾਂ ਦੇ ਬੱਚੇ ਵੀ ਉਹਨਾਂ ਨੇ ਖੁਰਕ ਤੇ ਜੂੰਆਂ ਪੈਣ ਕਰਕੇ ਹੀ ਉਸ ਸਕੂਲ ਵਿਚੋਂ ਕਢਵਾਏ ਸਨ। ਬਾਬਾ ਇਕਬਾਲ ਸਿੰਘ ਜੀ ਪੜ੍ਹੇ ਲਿਖੇ ਆਦਮੀ ਹਨ ਪਰ ਜਿਹੜੀ ਉਸ ਸਕੂਲ ਦੀ ਇਮਾਰਤ ਬਣ ਰਹੀ ਸੀ, ਉਸ ਦਾ ਤਰੀਕਾ ਤੇ ਬਨਾਉਣ ਦਾ ਢੰਗ ਅਨਾੜੀਆਂ ਵਾਲਾ ਹੀ ਸੀ। ਸੀਮੇਂਟ ਰੇਤ ਤੇ ਬਜਰੀ ਦੀਆਂ ਪਹਿਲਾਂ ਇੱਟਾਂ ਪੱਥੀਆਂ ਜਾਂਦੀਆਂ ਸਨ ਫੇਰ ਉਹਨਾਂ ਦੀ ਚਿਣਾਈ ਕੀਤੀ ਜਾਂਦੀ ਸੀ। ਜੇ ਏਡਾ ਪੁਆੜਾ ਜੁ ਕਰਨਾ ਹੈ ਤਾਂ ਸਿੱਧੀ ਆਰ. ਸੀ. ਸੀ. ਉਸਾਰੀ ਕਰਨ ਵਿਚ ਕੀ ਹਰਜ ਹੈ? ਨਾਲੇ ਇਮਾਰਤ ਹੋਰ ਮਜਬੂਤ ਬਣਦੀ।

ਬਾਬਾ ਇਕਬਾਲ ਸਿੰਘ ਜੀ ਦਾ ਪੈਸੇ ਇਕੱਠੇ ਕਰਨ ਦਾ ਢੰਗ ਵੀ ਬੜਾ ਨਿਰਾਲਾ ਹੈ। ਪਹਿਲਾਂ ਦੱਸੇ ਅਨੁਸਾਰ ਪੂਰੇ ਸਕੂਲ ਵਿਚੋਂ ਦਸਾਂ ਯਾਰਾਂ ਬੱਚਿਆਂ 'ਤੇ ਖੂਬ ਮਿਹਨਤ ਕਰਕੇ ਉਹਨਾਂ ਨੂੰ ਕੀਰਤਨ ਸਿਖਾਇਆ ਜਾਂਦਾ ਹੈ ਤੇ ਫੇਰ ਵਿਦੇਸ਼ਾਂ ਦੇ ਵੀਜ਼ੇ ਲਵਾ ਕੇ ਉਹਨਾਂ ਨੂੰ ਅਮਰੀਕਾ, ਕਨੇਡਾ ਦੇ ਗੁਰਦੁਆਰਿਆਂ ਵਿਚ ਲਿਜਾ ਕੇ ਕੀਰਤਨ ਕਰਵਾਇਆ ਜਾਂਦਾ ਹੈ। ਲੋਕਾਂ ਦਾ ਬੱਚਿਆਂ ਦੁਆਰਾ ਕੀਤੇ ਕੀਰਤਨ 'ਤੇ ਮੋਹਿਤ ਤੇ ਪ੍ਰਭਾਵਿਤ ਹੋਣਾ ਕੁਦਰਤੀ ਗੱਲ ਹੈ। ਬਾਬਾ ਜੀ ਉੱਠ ਕੇ ਖਲੋਂਦੇ ਤੇ ਬੱਚਿਆਂ ਵੱਲ ਹੱਥ ਕਰਕੇ ਬੜੀ ਕਰੁਣਾਮਈ ਅਵਾਜ ਵਿਚ ਕਹਿੰਦੇ,"ਸਾਧ ਸੰਗਤ ਜੀ ਇਹ ਬੱਚੇ 1984 ਵਿਚ ਦਿੱਲੀ ਕਤਲੇਆਮ ਦੇ ਯਤੀਮ ਹਨ। ਇਹਨਾਂ ਦੇ ਪਾਲਣਪੋਸਣ 'ਤੇ ਬਹੁਤ ਖਰਚਾ ਹੁੰਦਾ ਹੈ। ਆਪਣੇ-ਆਪਣੇ ਖੀਸੇ ਵਿਚ ਹੱਥ ਪਾਓ ਤੇ ਜੋ ਕੁਝ ਤੁਹਾਡੇ ਕੋਲ ਹੈ, ਇਹਨਾਂ ਬੱਚਿਆਂ ਦੀ ਸਹਾਇਤਾ ਤੇ ਪੜ੍ਹਾਈ ਲਈ ਦਾਨ ਦਿਓ। ਤੁਹਾਡਾ ਇਨਾਂ ਗਰੀਬ ਬਚਿਆਂ ਨੂੰ ਦਿੱਤਾ ਹੋਇਆ ਦਾਨ ਨਕਾਰਥ ਨਹੀਂ ਜਾਵੇਗਾ, ਵਾਹਿਗੁਰੂ ਤੁਹਾਨੂੰ ਵੱਧ ਦੇਵੇਗਾ।" ਪਹਿਲਾਂ ਗਿਆਨੀ ਲੋਕ ਕਹਿੰਦੇ ਹੁੰਦੇ ਸਨ ਕਿ ਸੰਤ ਸਵਰਗ ਨਹੀਂ ਜਾਂਦੇ। ਉਹ ਜਿਥੇ ਹੁੰਦੇ ਹਨ, ਉਥੇ ਹੀ ਸਵਰਗ ਹੁੰਦਾ ਹੈ ਪਰ ਹੁਣ ਦੇ ਸੰਤ ਤਾਂ ਜਿਥੇ ਵੀ ਜਾਂਦੇ ਹਨ, ਉਥੇ ਗੰਦ ਹੀ ਘੋਲਦੇ ਹਨ ਤੇ ਝੂਠ ਬੋਲ ਕੇ ਲੋਕਾਂ ਨੂੰ ਲੁਟਦੇ ਹਨ। ਮੇਰੇ ਰਿਸ਼ਤੇਦਾਰਾਂ ਦੀ ਨੌਂਵੀ ਜਾਂ ਦਸਵੀਂ ਵਿਚ ਪੜ੍ਹਦੀ ਬੱਚੀ ਵੀ ਉਸ ਟੀਮ ਵਿਚ ਸ਼ਾਮਲ ਸੀ। ਹੋਰ ਤਿੰਨ ਚਾਰ ਕੁੜੀਆਂ ਵੀ ਉਸੇ ਦੀ ਕਲਾਸ ਦੀਆਂ ਹੀ ਸਨ। ਸੁਖੀ ਸਾਂਦੀ ਚੰਗੇ ਭਲੇ ਮਾਂ ਪਿਉ ਜਿਉਂਦੇ ਹੋਣ 'ਤੇ ਵੀ ਮਰੇ ਹੋਣ ਦੀ ਗੱਲ ਸੁਣ ਕੇ ਉਹ ਰੋਣ ਲੱਗ ਪਈਆਂ ਕਿਉਂਕਿ ਨੌਵੀਂ ਦਸਵੀਂ ਵਿਚ ਪੜ੍ਹਦੀਆਂ ਕੁੜੀਆਂ ਕਾਫੀ ਸਿਆਣੀਆਂ ਹੁੰਦੀਆਂ ਹਨ ਤੇ ਹਰ ਗੱਲ ਦਾ ਅਰਥ ਸਮਝਦੀਆਂ ਹਨ। ਉਨ੍ਹਾਂ ਨੂੰ ਰੋਂਦੀਆਂ ਵੇਖ ਕੇ ਲੋਕਾਂ ਨੂੰ ਬਾਬਾ ਜੀ ਦੀ ਕਹੀ ਹੋਈ ਗੱਲ ਦੀ ਪੱਕੀ ਪੁਸ਼ਟੀ ਹੋ ਗਈ ਤੇ ਕਿਸੇ ਨੂੰ ਬੱਚਿਆਂ ਦੇ ਯਤੀਮ ਹੋਣ ਬਾਰੇ ਕੋਈ ਸ਼ੱਕ ਨਾ ਰਿਹਾ। ਬਸ ਵੇਖਦਿਆਂ-ਵੇਖਦਿਆਂ ਹੀ ਮਾਇਆ ਦੇ ਢੇਰ ਲੱਗ ਗਏ। ਸੱਜਣ ਠੱਗ ਵੀ ਇਨ੍ਹਾਂ ਸਿੱਖ ਬਾਬਿਆਂ ਨਾਲੋਂ ਕਿੱਡਾ ਕੁ ਵਧ ਸਿਆਣਾ ਹੋਵੇਗਾ ? ਅਸਲੀਅਤ ਇਹ ਹੈ ਕਿ ਕਤਲੇਆਮ ਦੇ ਸ਼ਿਕਾਰ ਹੋਏ ਤੇ ਖਾੜਕੂਆਂ ਦੇ ਯਤੀਮ ਬੱਚਿਆਂ ਦੀ ਵੀ ਇਹ ਸਕੂਲ ਠੋਕ ਕੇ ਫੀਸ ਮੰਗਦਾ ਰਿਹਾ ਹੈ। ਸੱਚੀ ਗੱਲ ਤਾਂ ਇਹ ਹੈ ਕਿ ਇਸ ਨੇ ਕਿਸੇ ਏਹੋ ਜਹੇ ਬੱਚੇ ਨੂੰ ਇਸ ਸਕੂਲ ਵਿਚ ਦਾਖਲ ਹੀ ਨਹੀਂ ਕੀਤਾ।

ਮਾਇਆ ਇਕੱਠੀ ਕਰਨ ਦਾ ਇਕ ਹੋਰ ਤਰੀਕਾ ਇਹ ਕੱਢਿਆ ਗਿਆ ਹੈ ਕਿ ਜਿਨ੍ਹਾਂ ਜਿਨ੍ਹਾਂ ਬੱਚਿਆਂ ਦੇ ਮਾਤਾ-ਪਿਤਾ ਕਿਸਾਨ ਹਨ, ਉਹਨਾਂ ਕੋਲੋਂ ਕਣਕ ਇਕੱਠੀ ਕਰਨ ਲਈ ਆਪਣੇ ਵਿਹਲੜ ਜਹੇ ਚੇਲੇ ਘੱਲ ਦੇਂਦੇ ਹਨ ਤੇ ਕਹਿੰਦੇ ਹਨ ਕਿ ਬੱਚਿਆਂ ਦੇ ਖਾਣ

ਲਈ ਹੱਕ ਹਲਾਲ ਦੀ ਕਮਾਈ ਦੀ ਕਣਕ ਲੰਗਰ ਵਾਸਤੇ ਇਕੱਠੀ ਕਰ ਰਹੇ ਹਾਂ। ਹੈ ਕਿ ਨਹੀਂ ਕਿਸਾਨਾਂ ਵਿਚਾਰਿਆਂ ਨੂੰ ਠੱਗਣ ਦਾ ਇਕ ਨਵਾਂ ਹੀ ਢੰਗ! ਇਹ ਉਗਰਾਹੀ ਕਰਨ ਦਾ ਤਰੀਕਾ ਇਕ ਸਾਧ ਨੇ ਨਹੀਂ ਸੌ ਫੀਸਦੀ ਸਾਧਾਂ ਨੇ ਹੀ ਅਪਣਾਇਆ ਹੋਇਆ ਹੈ। ਇਸ ਬਹਾਨੇ ਨਾਲ ਹਜ਼ਾਰਾਂ ਬੋਰੀਆਂ ਕਣਕ, ਝੋਨਾ ਤੇ ਆਲੂ ਇਕ ਸੀਜਨ ਵਿਚ ਇਕੱਠੇ ਕੀਤੇ ਜਾਂਦੇ ਹਨ।

ਰਈਏ ਦੀ ਮੰਡੀ ਜੋ ਜੀ. ਟੀ. ਰੋਡ ਦੇ ਬਿਲਕੁਲ ਉੱਪਰ ਹੈ, ਅਮ੍ਰਿਤਸਰ ਜਾਂਦਿਆਂ ਇਕ ਵਾਹਵਾ ਛੋਟੇ ਪਹਾੜ ਜਿੱਡਾ ਕਣਕ ਦਾ ਢੇਰ ਲੱਗਾ ਮੈਂ ਵੇਖਿਆ ਤਾਂ ਘੜੀ-ਮੁੜੀ ਵਿਚਾਰ ਆਵੇ ਕਿ ਕਿਸ ਕਿਸਾਨ ਦਾ ਏਡਾ ਵੱਡਾ ਢੇਰ ਹੋਵੇਗਾ? ਜ਼ਮੀਨ ਤਾਂ ਸੀਲਿੰਗ ਲਗ-ਲਗ ਕੇ ਸਤਾਰਾਂ ਏਕੜ ਫੀ ਪਰਿਵਾਰ ਰਹਿ ਗਈ ਹੈ। ਇਹ ਏਡਾ ਜਿੰਮੀਦਾਰ ਕਿਹੜਾ ਹੋਇਆ ? ਪੁੱਛਣ 'ਤੇ ਪਤਾ ਲੱਗਾ ਕਿ ਇਹ ਢੇਰ ਇਕ ਡੇਰੇ ਵਾਲੇ ਸਾਧ ਦਾ ਹੈ। ਸੱਚ-ਮੁੱਚ ਹੀ ਏਡਾ ਢੇਰ ਪੰਜਾਬ ਦੇ ਕਿਸੇ ਕਿਸਾਨ ਦਾ ਹੋ ਹੀ ਨਹੀਂ ਸਕਦਾ। ਏਹੋ ਹੀ ਸਾਧ, ਲੋਕਾਂ ਨੂੰ ਪ੍ਰਵਚਨ ਕਰਦੇ ਹਨ ਕਿ ਲਾਲਚ ਨਹੀਂ ਕਰਨਾ ਚਾਹੀਦਾ, ਨਾ ਹੀ ਮਾਇਆ ਦਾ ਮੋਹ ਹੀ ਕਰਨਾ ਚਾਹੀਦਾ ਹੈ ਪਰ ਵੇਖ ਲਓ, ਲੰਗਰ ਦਾ ਨਾਂਅ ਲੈ ਕੇ ਇਕੱਠੀ ਕੀਤੀ ਕਣਕ ਹੁਣ ਮੰਡੀ ਵਿਚ ਵੇਚ ਕੇ ਪੈਸੇ ਕਮਾਏ ਜਾ ਰਹੇ ਹਨ। ਲਾਲਚ ਨਾ ਕਰਨ ਦਾ ਉਪਦੇਸ਼ ਦੇਣ ਵਾਲੇ ਲਾਲਚੀ ਪੰਜਾਬ ਦੀ ਧਰਤੀ ਦੇ ਚੱਪੇ-ਚੱਪੇ 'ਤੇ ਦਨਦਨਾਉਂਦੇ ਫਿਰਦੇ ਹਨ ਤੇ ਵਿਚਾਰੇ ਕਿਸਾਨ ਨਾ ਚਾਹੁੰਦੇ ਹੋਏ ਵੀ ਇਹਨਾਂ ਦੀ ਇੱਛਾ ਅੱਗੇ ਸਿਰ ਝੁਕਾਉਂਦੇ ਹਨ। ਜੇ ਹੁਣ ਗੁਰੂ ਗੋਬਿੰਦ ਸਿੰਘ ਜੀ ਆਪ ਆ ਜਾਣ ਤਾਂ ਮਸੰਦਾਂ ਨੂੰ ਸਾੜਨ ਵਾਂਗ ਮਿੱਟੀ ਦੇ ਤੇਲ ਦੇ ਪੀਪੇ ਇਕੱਠੇ ਕਰਵਾਉਣ ਕਿ ਨਾ? ਕਈਆਂ ਨੂੰ ਤਾਂ ਚੇਤੂ ਮਸੰਦ ਵਾਂਗ ਤੱਤਾ ਤੱਤਾ ਗੁੜ ਸਿਰ ਵਿਚ ਪਾ ਕੇ ਮਾਰਨ।

***

# ❑ ਧਿਆਨ ਸਿੰਘ ਸਾਧ ਕਿ ਸਾਨ੍ਹ

ਖਾੜਕੂਵਾਦ ਦੇ ਦਿਨਾਂ ਵਿਚ ਪੰਜਾਬ ਵਿਚ ਵਾਪਰਦੀ ਹਰ ਘਟਨਾਂ ਖਾੜਕੂਆਂ ਦੇ ਪੇਟੇ ਹੀ ਪੈਂਦੀ ਸੀ ਭਾਂਵੇ ਉਨ੍ਹਾਂ ਵਿਚਾਰਿਆਂ ਨੂੰ ਕਿਸੇ ਘਟਨਾਂ ਦਾ ਚਿੱਤਚੇਤਾ ਵੀ ਨਾ ਹੋਵੇ ਪਰ ਪੁਲਿਸ ਉਨ੍ਹਾਂ ਦੇ ਹੀ ਮਗਰ ਪੈਂਦੀ ਸੀ। ਪੰਜਾਬ ਦੀਆਂ ਬਹੁਤ ਸਾਰੀਆਂ ਮਾੜੀਆਂ ਘਟਨਾਵਾਂ ਵਿਚ ਸਾਧਾਂ ਜਾਂ ਉਨ੍ਹਾਂ ਦੇ ਡੇਰਿਆਂ ਦਾ ਸਿਧਾ ਜਾਂ ਅਸਿੱਧਾ ਸਬੰਧ ਜਰੂਰ ਹੁੰਦਾ ਸੀ। ਦੁੱਧ ਮਲਾਈਆਂ ਤੇ ਹੋਰ ਪਦਾਰਥ ਖਾ ਖਾ ਕੇ ਸਾਧ ਮੋਟੇ ਦੁੰਬੇ ਬਣੇ ਪਏ ਸਨ। ਉਨ੍ਹਾਂ ਦੇ ਚੇਲੇ ਚਾਂਟੇ ਤੇ ਹੋਰ ਬਦਮਾਸ਼ ਜਹੇ ਲੋਕ ਡੇਰੇ ਦੇ ਲਾਗੇ ਲਾਗੇ ਦੇ ਪਿੰਡਾਂ ਦੀ ਭੋਲੀ ਭਾਲੀ ਜਨਤਾ ਦਾ ਲਹੂ ਪੀਂਦੇ ਸਨ ਤੇ ਧੀਆਂ ਭੈਣਾਂ ਦੀ ਇਜ਼ਤ ਵੀ ਮਹਿਫੂਜ ਨਹੀਂ ਸੀ। ਏਸੇ ਤਰ੍ਹਾਂ ਦੀ ਹੀ ਇਕ ਘਟਨਾਂ ਦਾ ਜ਼ਿਕਰ ਮੈਂ ਏਥੇ ਕਰ ਰਿਹਾਂ ਹਾਂ। ਪਾਠਕ ਆਪ ਅੰਦਾਜਾ ਲਾਉਣ ਕਿ ਸਿੱਖ ਅਜੇ ਨਿਗਲੇ ਗਏ ਹਨ ਕਿ ਨਹੀਂ।

ਜਲੰਧਰ ਤੋਂ ਅਮ੍ਰਿਤਸਰ ਜਾਂਦੀ ਸੜਕ ਜੀ. ਟੀ. ਰੋਡ 'ਤੇ ਇਕ ਮਸ਼ਹੂਰ ਕਸਬਾ ਕਰਤਾਰਪੁਰ ਹੈ। ਇਹ ਇਤਿਹਾਸਕ ਸ਼ਹਿਰ ਹੈ। ਦੋ ਇਤਿਹਾਸਕ ਗੁਰਦੁਆਰੇ ਵੀ ਏਥੇ ਸਥਿੱਤ ਹਨ। ਸ਼੍ਰੋਮਣੀ ਕਮੇਟੀ ਦੇ ਮੈਂਬਰ ਸ. ਸਤਨਾਮ ਸਿੰਘ ਦੀਆਂ ਕੋਸ਼ਿਸ਼ਾਂ ਨਾਲ ਸ਼੍ਰੋਮਣੀ ਕਮੇਟੀ ਨੇ ਤਿੰਨ ਏਕੜ ਜ਼ਮੀਨ ਤੇ ਨੌਂ ਲੱਖ ਰੁਪਿਆ ਨਕਦ ਕਸਬੇ ਕਰਤਾਰਪੁਰ ਵਿਚ ਬੱਚਿਆਂ ਦਾ ਸਕੂਲ ਬਨਾਉਣ ਲਈ ਮਨਜ਼ੂਰ ਕੀਤੇ ਸਨ। ਸ਼੍ਰੋਮਣੀ ਕਮੇਟੀ ਏਹੋ ਜਹੇ ਕੰਮ ਕਾਰਸੇਵਾ ਵਾਲ ਬਾਬਿਆਂ ਕੋਲੋਂ ਹੀ ਕਰਵਾਉਂਦੀ ਹੈ, ਇਸ ਲਈ ਬਾਬਾ ਉੱਤਮ ਸਿੰਘ ਖਡੂਰ ਸਾਹਿਬ ਵਾਲਿਆਂ ਨੂੰ ਇਹ ਕਾਰਸੇਵਾ ਸੌਂਪੀ ਗਈ। ਸਥਾਨਕ ਲੋਕਾਂ ਨੂੰ ਸਕੂਲ ਬਣਨ ਦਾ ਬੜਾ ਚਾਅ ਸੀ, ਇਸ ਕਰਕੇ ਨਾਲ ਲਗਦੇ ਸਾਰੇ ਪਿੰਡਾਂ ਨੇ ਹੁੰਮ ਹੁੰਮਾ ਕੇ ਕਾਰਸੇਵਾ ਵਿਚ ਭਾਗ ਲਿਆ। ਬਾਬਾ ਉੱਤਮ ਸਿੰਘ ਦਾ ਚੇਲਾ ਧਿਆਨ ਸਿੰਘ ਏਥੋਂ ਦੀ ਕਾਰਸੇਵਾ ਦਾ ਮੁਖੀ ਬਣਾ ਕੇ ਭੇਜਿਆ ਗਿਆ ਸੀ। ਸਭ ਤੋਂ ਪਹਿਲਾਂ ਤਾਂ ਮਿੱਟੀ ਆਦਿ ਭਰਤੀ ਪਾਈ ਗਈ, ਫੇਰ ਬਾਬੇ ਨੇ ਸਾਰੇ ਪੇਂਡੂਆਂ ਨੂੰ ਵਰਗਲਾਇਆ ਕਿ ਸਕੂਲ ਬਹੁਤ ਵੱਡਾ ਬਣਨਾ ਚਾਹੀਦਾ ਹੈ ਪਰ ਪੈਸੇ ਥੋੜ੍ਹੇ ਹਨ ਕਿਉਂ ਨਾ ਸੜਕਾਂ 'ਤੇ ਖਲੋਤੀਆਂ ਸੁੱਕੀਆਂ ਟਾਹਲੀਆਂ ਵੱਢ ਲਿਆਇਆ ਕਰੀਏ, ਲੱਕੜੀ ਮੁਫਤ ਦੀ ਹੋ ਜਾਏਗੀ ਤੇ ਏਹੋ ਪੈਸੇ ਆਪਾਂ ਹੋਰ ਕਿਤੇ ਖਰਚ ਕਰ ਲਵਾਂਗੇ। ਵਿਚਾਰੇ ਪਿੰਡਾਂ ਦੇ ਲੋਕਾਂ ਨੂੰ ਉਸ ਦੀ ਇਹ ਗੱਲ ਵੀ ਜਚ ਗਈ ਤੇ ਸੜਕਾਂ 'ਤੇ ਖਲੋਤੀਆਂ ਸਰਕਾਰੀ ਟਾਹਲੀਆਂ ਵੱਢਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇਹ ਗੱਲ ਕੋਈ 1984-85 ਦੀ ਹੈ। ਓਦੋਂ ਕੁਝ ਹਾਲਾਤ ਵੀ ਏਹੋ ਜਹੇ ਹੀ ਸਨ। ਮਹਿਕਮਾ ਜੰਗਲਾਤ ਵੀ ਚੁੱਪ ਰਿਹਾ ਤੇ ਕਈਂ ਟਰਾਲੀਆਂ ਮੋਟੀਆਂ ਮੋਟੀਆਂ ਟਾਹਲੀਆਂ ਤੇ ਸਫੈਦਿਆਂ ਦੀਆਂ ਵੱਢ-ਵੱਢ ਕੇ ਲੈ ਆਂਦੀਆ ਗਈਆਂ। ਸਫੈਦੇ ਤਾਂ ਸਿੱਧੇ ਹੀ ਬਾਬਾ ਉੱਤਮ ਸਿੰਘ ਦੇ ਡੇਰੇ 'ਤੇ ਭੇਜੇ ਜਾਇਆ ਕਰਨ ਤੇ ਟਾਹਲੀ ਦੀ ਲੱਕੜ ਸੀਜ਼ਨ ਹੋਣ ਲਈ ਪਤੜਕਲਾਂ ਪਿੰਡ ਦੇ ਛੱਪੜ ਵਿਚ ਸੁੱਟ ਦਿਆ

ਕਰਨ। ਲਾ ਕਿਸ਼ਨਗੜ੍ਹ ਤਕ ਤੇ ਓਧਰੋਂ ਭੁਲੱਥ ਤਕ ਕਈ ਟਾਹਲੀਆਂ ਵੱਢ ਕੇ ਲਿਆਂਦੀਆਂ ਗਈਆਂ। ਰਾਤ ਨੂੰ ਟਿੱਡੀ ਦਲ (ਬਾਬਾ ਧਿਆਨ ਸਿੰਘ ਦੇ ਚੇਲੇ ਤੇ ਪੇਂਡੂ) ਪਿਆ ਕਰੇ, ਟਾਹਲੀ ਵੱਢ ਕੇ ਮੋਛੇ ਪਾ ਕੇ ਲੱਦ ਕੇ ਛੱਪੜ 'ਚ ਸੁੱਟ ਆਇਆ ਕਰਨ। ਬਾਅਦ ਵਿਚ ਕੁਝ ਲੱਕੜ ਸਕੂਲ 'ਤੇ ਲੱਗੀ ਬਾਕੀ ਸਾਰੀ ਨੂੰ ਬਾਬਾ ਧਿਆਨ ਸਿੰਘ ਤੇ ਉਹਦੇ ਚੇਲੇ ਡਕਾਰ ਗਏ। ਜੇ ਕੋਈ ਪੁੱਛੇ, "ਬਾਬਾ ਜੀ ਇਹ ਟਾਹਲੀ ਕਿਥੇ ਲੈ ਚੱਲੇ ਓ ?" ਤਾਂ ਉਹ ਆਖਿਆ ਕਰੇ, "ਖਡੂਰ ਸਾਹਿਬ ਆਪਣਾ ਆਰਾ ਜੂ ਲੱਗਾ ਹੋਇਐ, ਓਥੋਂ ਚਿਰਾ ਕੇ ਲੈ ਆਵਾਂਗੇ, ਕਿਹੜਾ ਦੂਰ ਹੈ। ਐਵੇਂ ਏਥੇ ਚਰਾਈ ਦੇ ਪੈਸੇ ਭਰਾਂਗੇ, ਉਹਦਾ ਕੀ ਫਾਇਦਾ।" ਇਸ ਤਰ੍ਹਾਂ ਕਰਕੇ ਸਾਰੀ ਲੱਕੜ ਖੁਰਦਬੁਰਦ ਹੋ ਗਈ ਪਰ ਪੇਂਡੂ ਸੰਗਤਾਂ ਪੂਰੇ ਉਤਸ਼ਾਹ ਨਾਲ ਕਾਰਸੇਵਾ ਲਈ ਡਟੀਆਂ ਰਹੀਆਂ।

ਪਹਿਲਾਂ ਗੁਰਦੁਆਰਾ ਬਣਾਇਆ ਗਿਆ ਕਿਉਂਕਿ ਇਹ ਬਾਬੇ ਬ੍ਰਾਹਮਣਾਂ ਵਾਂਗ ਹੀ ਆਉਣ ਵਾਲੀਆਂ ਪੁਸ਼ਤਾਂ ਦੀ ਆਮਦਨ ਦਾ ਪ੍ਰਬੰਧ ਬਾਕੀ ਸਭ ਕੰਮਾਂ ਨਾਲੋਂ ਪਹਿਲਾਂ ਕਰਦੇ ਹਨ। ਸਕੂਲ-ਸਕਾਲ ਬਨਾਉਣੇ ਤਾਂ ਐਵੇਂ ਵਾਧੂ ਕੰਮਾਂ ਵਿਚ ਹੀ ਗਿਣਦੇ ਹਨ। ਜਿਥੇ ਡੇਰਾ ਬਣ ਜਾਵੇ ਓਥੇ ਆਲੇ ਦੁਆਲੇ ਦੇ ਪਿੰਡਾਂ ਤੋਂ ਦੁੱਧ ਵੀ ਜ਼ਰੂਰ ਇਕੱਠਾ ਕਰਦੇ ਹਨ। ਬਾਬੇ ਨੇ ਇਕ ਦੋ ਘਰਾਂ ਦੀਆਂ ਜਨਾਨੀਆਂ ਨਾਲ ਸੰਬੰਧ ਪੈਦਾ ਕਰ ਲਏ ਤੇ ਉਹਨਾਂ ਨੂੰ ਦੁੱਧ, ਮੱਖਣ ਤੇ ਪੈਸੇ ਦੇ ਦਿਆ ਕਰੇ। ਉਹ ਬਾਬੇ ਨੂੰ ਖੁਸ਼ ਕਰ ਦਿਆ ਕਰਨ। ਇਕ ਦਿਨ ਭਾਣਾ ਇਹ ਵਾਪਰਿਆ ਕਿ ਬਾਬੇ ਦੀ ਯਰਾਨੇਦਾਰ ਜਦੋਂ ਉਹਦੇ ਕਮਰੇ ਵਿਚ ਆਈ ਤਾਂ ਕੁਝ ਬੰਦਿਆਂ ਨੇ ਵੇਖ ਲਈ। ਪਿੰਡਾਂ ਤੇ ਕਸਬਿਆਂ ਦਾ ਇਹ ਰਿਵਾਜ ਹੈ ਕਿ ਏਹੋ ਜਹੇ ਕੰਮ ਵਿਰੁੱਧ ਸਵੇਰੇ ਪੰਚਾਇਤ ਜ਼ਰੂਰ ਸੱਦੀ ਜਾਂਦੀ ਹੈ। ਬਾਬੇ ਨੇ ਵੇਖ ਲੈਣ ਵਾਲਿਆਂ ਦੇ ਇਕ ਮੋਹਤਬਰ ਸ. ਸਰੂਪ ਸਿੰਘ ਪਿੰਡ ਬਿਸਰਾਮਪੁਰ ਕੋਲ ਮਿੰਨਤ ਤਰਲਾ ਕੀਤਾ ਕਿ ਮੇਰੀ ਮਿੱਟੀ ਨਾ ਪੁੱਟ ਤੇ ਮੈਨੂੰ ਮੁਆਫੀ ਦੇ ਦਿਓ, ਮੈਂ ਤੁਹਾਡੀ ਗਾਂ ਬਣ ਕੇ ਰਹਾਂਗਾ ਜੇ ਆਖੋਗੇ ਤਾਂ ਕਾਰਸੇਵਾ ਵੀ ਛੱਡ ਕੇ ਚਲਾ ਜਾਵਾਂਗਾ।

ਓਧਰ ਕੁਝ ਦਿਨਾਂ ਤੋਂ ਪਿੰਡਾਂ ਵਿਚ ਇਕ ਹੋਰ ਮਸਲਾ ਬੜਾ ਭਖਿਆ ਪਿਆ ਸੀ। ਕਿਸੇ ਨੇ ਪਤੜਕਲਾਂ ਪਿੰਡ ਜੋ ਦੁਆਬੇ ਦਾ ਬਹੁਤ ਵੱਡਾ ਪਿੰਡ ਹੈ, ਦੇ ਇਕ ਕਿਸਾਨ ਬਹਾਦਰ ਸਿੰਘ ਨੂੰ ਫਿਰੌਤੀ ਦੀ ਚਿੱਠੀ ਪਾ ਕੇ ਪੰਜਾਹ ਹਜ਼ਾਰ ਰੁਪਏ ਦੀ ਮੰਗ ਕੀਤੀ ਹੋਈ ਸੀ ਤੇ ਧਮਕੀ ਵਜੋਂ ਉਹਦਾ ਸਾਰਾ ਪਰਿਵਾਰ ਮਾਰ ਦੇਣ ਦੀ ਗੱਲ ਲਿਖੀ ਹੋਈ ਸੀ, ਜੇ ਪੁਲਿਸ ਨੂੰ ਦੱਸਿਆ ਤਾਂ ਵੀ ਮਾੜੇ ਹਸ਼ਰ ਦੀ ਚੇਤਾਵਨੀ ਸੀ। ਬਹਾਦਰ ਸਿੰਘ ਦੇ ਘਰ ਦੇ ਨਾਲ ਹੀ ਪੰਜ ਛੇ ਘਰ ਹਨ ਤੇ ਪਿੰਡੋਂ ਬਾਹਰਵਾਰ ਇਕ ਸਲੋਆਣਾ ਨਾਂਅ ਦਾ ਛੋਟਾ ਜਿਹਾ ਗੁਰਦੁਆਰਾ ਹੈ, ਜੋ ਜਠੇਰਿਆਂ ਕਰਕੇ ਮਾਨਤਾ ਰੱਖਦਾ ਹੈ ਤੇ ਲੋਕ ਓਥੇ ਮੱਥਾ ਟੇਕਣ ਆਉਂਦੇ ਹਨ। ਬਹਾਦਰ ਸਿੰਘ ਵਿਚਾਰੇ ਨੇ ਕਦੇ ਪੰਜਾਹ ਹਜ਼ਾਰ ਰੁਪਈਆਂ ਹਥ ਵਿਚ ਫੜ ਕੇ ਵੀ ਨਹੀਂ ਸੀ ਵੇਖਿਆ, ਦੇਣਾ ਕਿਥੋਂ ਸੀ? ਚਿੱਠੀ ਪੜ੍ਹਦੇਸਾਰ ਹੀ ਉਸ ਨੂੰ ਦਿਲ ਦਾ ਦੌਰਾ ਪੈ ਗਿਆ ਪਰ ਡਾਕਟਰੀ ਸਹਾਇਤਾ ਵੇਲੇ ਸਿਰ ਮਿਲ ਜਾਣ ਕਰਕੇ ਉਹ ਬਚ ਗਿਆ। ਇਸ ਘਟਨਾ ਦੀ ਵੀ ਸਾਰੇ ਪਿੰਡਾਂ ਵਿਚ ਬਹੁਤ ਚਰਚਾ ਸੀ। ਓਧਰੋਂ ਧਿਆਨ ਸਿੰਘ ਦੀ ਬਦਕਾਰੀ ਵਾਲੀ ਗੱਲ ਚੱਲ ਪਈ। ਸਰੂਪ ਸਿੰਘ ਬਿਸਰਾਮਪੁਰ ਨੇ ਕਿਹਾ– "ਤੇਰੀ ਪਹਿਲੀ ਗਲਤੀ ਹੈ ਤੈਨੂੰ ਮੁਆਫੀ ਤਾਂ ਦਿੱਤੀ ਜਾ ਸਕਦੀ ਹੈ ਪਰ ਇਕ ਤਾਂ ਲਿਖਤੀ ਮੁਆਫੀ ਮੰਗ ਤੇ ਇਕ ਇਹ ਕਾਰਸੇਵਾ ਛੱਡ ਕੇ ਏਥੋਂ ਦਫਾ ਹੋ ਜਾ।" ਅਸਲ ਵਿਚ ਇਹ ਫੈਸਲਾ ਮੂੰਹੋਂ ਤਾਂ ਸਰੂਪ ਸਿੰਘ ਦੇ ਅਖਵਾਇਆ

ਗਿਆ, ਵੈਸੇ ਇਹ ਫੈਸਲਾ ਸਾਰੇ ਹੀ ਲਾਗੇ-ਲਾਗੇ ਦੇ ਪਿੰਡਾਂ ਦੇ ਮੋਹਤਬਰਾਂ ਦਾ ਸੀ। ਜਦੋਂ ਧਿਆਨ ਸਿੰਘ ਮੁਆਫੀਨਾਮਾ ਲਿਖਣ ਲੱਗਾ ਤਾਂ ਅਜੇ ਉਸ ਨੇ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ ਹੀ ਲਿਖੀ ਸੀ ਕਿ ਲਾਗੇ ਬੈਠੇ ਇਕ ਪੜ੍ਹੇ ਲਿਖੇ ਕਿਸਾਨ ਨੇ ਬੜੇ ਧਿਆਨ ਨਾਲ ਲਿਖਾਈ ਵੇਖੀ ਤੇ ਉਹ ਇਹ ਕਹਿ ਕੇ ਉੱਠ ਕੇ ਚਲਾ ਗਿਆ ਕਿ ਮੈਂ ਹੁਣੇ ਆਉਂਦਾ ਹਾਂ। ਉਹ ਸਕੂਟਰ 'ਤੇ ਜਾ ਕੇ ਬਹਾਦਰ ਸਿੰਘ ਵਾਲੀ ਫਿਰੌਤੀ ਦੀ ਚਿੱਠੀ ਲੈ ਆਇਆ ਤੇ ਲਿਆ ਕੇ ਸਰੂਪ ਸਿੰਘ ਦੇ ਹੱਥ ਫੜਾ ਦਿੱਤੀ। ਜਦੋਂ ਦੋਵੇਂ ਚਿੱਠੀਆਂ ਮੇਲ ਕੇ ਵੇਖੀਆਂ ਗਈਆਂ ਤਾਂ ਉਹ ਵੀ ਧਿਆਨ ਸਿੰਘ ਦੇ ਹੱਥਾਂ ਦੀ ਹੀ ਲਿਖੀ ਹੋਈ ਸੀ। ਸਾਰੀ ਪੰਚਾਇਤ ਫੇਰ ਬਹਿ ਗਈ। ਜਦੋਂ ਉਹਨੂੰ ਚਿੱਠੀ ਬਾਰੇ ਪੁੱਛਿਆ ਗਿਆ ਤਾਂ ਹਿੰਦੀ ਦੀ ਕਹਾਵਤ ਵਾਂਗ 'ਕਾਟੋ ਤੋ ਕਤਰਾ ਖ਼ੂਨ ਕਾ ਨਾ ਥਾ' ਵਾਲੀ ਗੱਲ ਸੀ। ਧਿਆਨ ਸਿੰਘ ਪੈਰਾਂ ਤੋਂ ਸਿਰ ਉਤਾਂਹ ਨਾ ਚੁੱਕੇ। ਸਰੂਪ ਸਿੰਘ ਨੇ ਪੁੱਛਿਆ,"ਹੋਰ ਕਿਨਿੰਆਂ ਨੂੰ ਇਹ ਚਿੱਠੀਆਂ ਪਾਈਆਂ ਈ ?"

ਉਹਨੇ ਕਿਹਾ,"ਇਕ ਬਾਬੇ ਬਕਾਲੇ ਦੇ ਇਕ ਬੰਦੇ ਨੂੰ ਤੇ ਇਕ ਹਮੀਰੇ ਲਾਗੇ ਦਿਆਲਪੁਰ ਪਿੰਡ ਦੇ ਮੰਗੀ ਨਾਂ ਦੇ ਵਲੈਤੀਏ ਨੂੰ।"

ਕਈ ਆਖਣ ਪੁਲਿਸ ਨੂੰ ਫੜਾਈਏ, ਕਈ ਆਖਣ ਝੱਗਾ ਚੁਕਾਂਗੇ ਤਾਂ ਆਪਣਾ ਢਿੱਡ ਨੰਗਾ ਹੋਊ, ਗੱਲ ਅਕਾਲ ਤਖ਼ਤ ਸਾਹਿਬ 'ਤੇ ਲੈ ਚੱਲੋ। ਬਾਬੇ ਉੱਤਮ ਸਿੰਘ ਨੂੰ ਵੀ ਉਥੇ ਬੁਲਾਇਆ ਗਿਆ। ਪਰ ਉਹ ਤਾਂ ਮੰਨਿਆ ਪ੍ਰਮੰਨਿਆ ਰਹਿ ਚੁੱਕਾ ਕਬਜ਼ੇਬਾਜ ਤੇ ਪੁਲਿਸ ਤੇ ਸਰਕਾਰ ਦਾ ਟਾਊਟ ਸੀ। ਓਧਰ ਮਝੈਲਾਂ ਨੂੰ ਉਦੋਂ ਇਹ ਬੜਾ ਭੁਲੇਖਾ ਹੁੰਦਾ ਸੀ ਪਈ ਦੁਆਬੀਏ ਐਵੇਂ ਡਰਪੋਕ ਜਹੇ ਹੁੰਦੇ ਹਨ। ਬਾਬੇ ਉੱਤਮ ਸਿੰਘ ਨੇ ਆਖਿਆ,"ਮੁਆਫੀ ਧਿਆਨ ਸੁੰਹ ਮੰਗ ਲੈਂਦਾ ਹੈ ਪਰ ਜੇ ਆਖੋ ਕਾਰਸੇਵਾ ਦਾ ਡੰਡਾ ਡੇਰਾ ਪੁੱਟੋ ਤਾਂ ਉਹ ਗੱਲ ਨਹੀਂ ਜੇ ਹੋਣੀ।" ਉਹਨੇ ਹਾਜਰ ਲੋਕਾਂ ਸਾਹਮਣੇ ਆਪਣਾ ਝੱਗਾ ਉਤਾਂਹ ਚੁੱਕ ਕੇ ਕਿਹਾ, "ਲਾ ਲਓ ਜਿਹੜਾ ਜ਼ੋਰ ਲਗਦਾ ਜੇ।" (ਇਹਦਾ ਮਤਲਬ ਕੀ ਹੁੰਦਾ ਹੈ ਸਾਰੇ ਜਾਣਦੇ ਹਨ)

ਇਸ ਤਰ੍ਹਾਂ ਹੁੰਦਿਆਂ ਕਰਦਿਆਂ ਸਮਾਂ ਲੰਘਦਾ ਗਿਆ। ਸਕੂਲ ਬਣ ਕੇ ਤਿਆਰ ਹੋ ਗਿਆ ਤੇ ਚਲਣ ਵੀ ਲੱਗ ਪਿਆ। ਧਿਆਨ ਸਿੰਘ ਹੁਣ ਸਕੂਲ ਦੀਆਂ ਮਾਸਟਰਾਣੀਆਂ ਦੇ ਵਿਚਕਾਰ ਬਹਿ ਕੇ ਬਦਾਮ ਤੇ ਕਾਜੂ ਖਾਇਆ ਕਰੇ। ਜਿਹੜੀ ਮਾਸਟਰਾਣੀ ਨੂੰ ਜੀ ਕਰੇ ਕੱਢ ਦਿਆ ਕਰੇ। ਜੀਹਨੂੰ ਜੀ ਕਰੇ ਰੱਖ ਲਿਅ ਕਰੇ। ਅਮ੍ਰਿਤਸਰੋਂ ਲਿਆ ਕੇ ਪੰਜ ਸੱਤ ਧੂਤੇ ਜਹੇ ਵੀ ਰੱਖ ਲਏ। ਲੋਕ ਢਿੱਡੋਂ ਔਖੇ ਤਾਂ ਬਹੁਤ ਸਨ ਪਰ ਕਰ ਕੁਝ ਨਹੀ ਸੀ ਸਕਦੇ। ਧਿਆਨ ਸਿੰਘ ਹੁਣ ਬਹੁਤ ਸ਼ਕਤੀਸ਼ਾਲੀ ਬਣ ਚੁੱਕਾ ਸੀ ਤੇ ਪੁਲਿਸ ਨਾਲ ਵੀ ਚੰਗੀ ਘੂੰ-ਘਾਂ ਬਣਾ ਲਈ ਸੀ। ਪੁਲਿਸ ਨੂੰ ਕੰਮ ਦੇਣ ਲੱਗ ਪਿਆ ਸੀ ਤੇ ਆਮ ਫਿਰੌਤੀਆਂ ਵਸੂਲਣ ਤੇ ਹੋਰ ਸਹੂਲਤਾਂ ਲੈਣ ਲੱਗ ਪਿਆ ਸੀ।

ਉਨ੍ਹਾਂ ਦਿਨਾਂ ਵਿਚ ਜਦੋਂ ਖਾੜਕੂ ਵੀ ਪੂਰੇ ਜੋਰ ਵਿਚ ਸਨ, ਬੱਕਰੇ ਦੀ ਮਾਂ ਕਿੰਨੇ ਕੁ ਦਿਨ ਖੈਰ ਮਨਾ ਸਕਦੀ ਸੀ। ਇਕ ਦਿਨ ਧਿਆਨਾ ਸਾਧ ਮਾਰਿਆ ਗਿਆ ਪਰ ਨਾਲ ਉਸ ਨੂੰ ਮਾਰਨ ਵਾਲੇ ਦੋ ਨੌਜਵਾਨ ਖਾੜਕੂ ਵੀ ਓਸੇ ਦਿਨ ਹੀ ਮਾਰੇ ਗਏ। ਸੱਚੀ ਗੱਲ ਤਾਂ ਇਹ ਹੈ ਕਿ ਸਿੱਖ ਹੁਣ ਬਹੁਤ ਚਵਲ ਹੋ ਚੁੱਕੇ ਹਨ। ਜੇ ਇਹਨਾ ਅੱਤ ਦਰਜ਼ੇ ਦੀ ਬਹਾਦਰੀ ਕੀਤੀ ਹੈ ਤਾਂ ਅੱਤ ਦਰਜ਼ੇ ਦੀ ਮੁਖ਼ਬਰੀ ਕਰਨ ਦੇ ਵੀ ਇਹ ਮਾਹਰ ਹਨ। ਦੋ ਅਣਖੀਲੇ ਨੌਜਵਾਨ, ਜਿਨ੍ਹਾਂ ਵਿਚ ਇਕ ਬਿਸਰਾਮਪੁਰ ਪਿੰਡ ਦਾ ਗੁਰਮੇਜ ਸਿੰਘ ਗੇਜਾ ਤੇ ਦੂਸਰਾ ਦਰਸ਼ਨ ਸਿੰਘ

ਪਿੰਡ ਉਸਮਾਨ ਸ਼ਹੀਦ ਤਹਿਸੀਲ ਦਸੂਹਾ ਜਿਲ੍ਹਾ ਹੁਸ਼ਿਆਰਪੁਰ ਸੀ, ਜਦੋਂ ਧਿਆਨੇ ਸਾਧ ਨੂੰ ਮਾਰਨ ਗਏ ਤਾਂ ਧਿਆਨ ਸਿੰਘ ਦੇ ਡੇਰੇ ਦੇ ਬਿਲਕੁਲ ਸਾਹਮਣੇ ਘਰ ਵਿਚ ਗਏ। ਓਹਨਾਂ ਦਾ ਖਿਆਲ ਸੀ ਕਿ ਅਸੀਂ ਬਹੁਤ ਨੇਕੀ ਦਾ ਕੰਮ ਕਰਨ ਆਏ ਹਾਂ, ਇਸ ਲਈ ਸਾਨੂੰ ਕਿਸੇ ਨੇ ਕੀ ਆਖਣਾ ਹੈ? ਸਗੋਂ ਲੋਕ ਤਾਂ ਸਾਡੇ ਨਾਲ ਹਮਦਰਦੀ ਕਰਨਗੇ। ਫਿਰ ਉਹਨਾਂ ਨੂੰ ਖ਼ਿਆਲ ਆਇਆ ਕਿ ਇਹ ਵਿਚਾਰੇ ਘਰ ਵਾਲੇ ਕਿਤੇ ਐਵੇਂ ਹੀ ਕਾਬੂ ਨਾ ਆ ਜਾਣ ਇਸ ਲਈ ਉਹਨਾਂ ਘਰ ਵਾਲਿਆਂ ਨੂੰ ਸਿਰਫ ਏਨਾਂ ਹੀ ਪੁੱਛਿਆ ਕਿ ਧਿਆਨ ਸਿੰਘ ਅੰਦਰੇ ਹੀ ਹੈ ਕਿ ਨਹੀਂ ?

ਘਰ ਵਿਚ ਚਰਖਾ ਕੱਤਦੀ ਬੁੱਢੀ ਨੇ ਕਿਹਾ,"ਅੰਦਰੇ ਹੀ ਹੈ" ਪਰ ਨਾਲ ਹੀ ਉਸ ਬੁੱਢੀ ਨੂੰ ਸ਼ੱਕ ਪਿਆ ਤੇ ਉਹਨਾਂ ਮੁੰਡਿਆਂ ਦੇ ਜਾਣ ਤੋਂ ਬਾਅਦ ਉਹ ਬਾਹਰ ਸੜਕ 'ਤੇ ਆ ਕੇ ਹਲਵਾਈ ਦੀ ਦੁਕਾਨ 'ਤੇ ਦੁੱਧ ਪਾਉਣ ਗਏ ਆਪਣੇ ਮੁੰਡੇ ਨੂੰ ਉਡੀਕਣ ਲੱਗ ਪਈ। ਉਹ ਸਕੂਟਰ 'ਤੇ ਆਇਆ ਤਾਂ ਉਹਨੇ ਉਹਨੂੰ ਪੁਲਸ ਨੂੰ ਇਤਲਾਹ ਕਰਨ ਭੇਜ ਦਿੱਤਾ। ਇਸ ਗੱਲ ਦਾ ਖਾੜਕੂਆਂ ਨੂੰ ਚਿੱਤਚੇਤਾ ਵੀ ਨਹੀਂ ਸੀ। ਉਹ ਤਾਂ ਸਗੋਂ ਉਸ ਘਰ ਦਾ ਭਲਾ ਕਰਦੇ ਕਰਦੇ ਹੀ ਆਪ ਉਹਨਾਂ ਹੱਥੋਂ ਫਸ ਚਲੇ ਸਨ। ਥੋੜ੍ਹੇ ਚਿਰ ਬਾਅਦ ਹੀ ਉਹਨਾਂ ਖਾੜਕੂਆਂ ਨੇ ਡੇਰੇ ਦਾ ਦਰਵਾਜ਼ਾ ਖੁੱਲਵਾ ਕੇ ਧਿਆਨ ਸਿੰਘ ਨੂੰ ਬੁਰੀ ਮੌਤੇ ਮਾਰਿਆ। ਹੱਥ ਜੋੜਦਾ ਤਰਲੇ ਕਰਦਾ ਆਪਣੇ ਸਾਰੇ ਗੁਨਾਹ ਮੰਨਦਾ ਉਹ ਜੀਪ ਦੇ ਦੁਆਲੇ-ਦੁਆਲੇ ਨੱਠਾ ਫਿਰਦਾ ਰਿਹਾ ਤੇ ਅਖੀਰ ਇਕ ਹੀ ਏ. ਕੇ. ਸੰਤਾਲੀ ਦੇ ਬਰੱਸਟ ਨਾਲ ਠੰਡਾ ਹੋ ਗਿਆ।

ਨੌਜਵਾਨ ਧਿਆਨੇ ਨੂੰ ਮਾਰ ਕੇ ਪੈਦਲ ਹੀ ਖੇਤਾਂ ਵਿਚ ਨੂੰ ਹੋ ਗਏ। ਓਨੇ ਚਿਰ ਤਕ ਉਸ ਚਵਲ ਬੁੱਢੀ ਦੀ ਬੁਲਾਈ ਹੋਈ ਪੁਲਿਸ ਵੀ ਆ ਚੁੱਕੀ ਸੀ ਤੇ ਉਹਨਾਂ ਦੇ ਮਗਰ ਲੱਗ ਚੁੱਕੀ ਸੀ। ਥੋੜ੍ਹਾ ਅੱਗੇ ਜਾ ਕੇ ਨੌਜਵਾਨਾਂ ਨੇ ਖੇਤ ਵਿਚ ਵਗਦਾ ਇਕ ਟਰੈਕਟਰ ਖੋਹਿਆ ਤੇ ਟਰੈਕਟਰ ਵਾਲੇ ਨੂੰ ਦਸ ਦਿੱਤਾ ਕਿ ਦੋ ਮੀਲ 'ਤੇ ਫਲਾਣੇ ਥਾਂ ਤੇਰਾ ਟਰੈਕਟਰ ਖੜਾ ਹੋਵੇਗਾ, ਫਿਕਰ ਨਾ ਕਰੀਂ ਤੇ ਓਥੋਂ ਲੈ ਆਵੀਂ, ਤੇਰੀ ਮਿਹਰਬਾਨੀ। ਇਹ ਚੀਮੇਂ ਪਿੰਡ ਵਾਲਿਆਂ ਦਾ ਟਰੈਕਟਰ ਸੀ। ਨੌਜਵਾਨ ਹੁਣ ਪੁਲਿਸ ਤੋਂ ਕਾਫੀ ਅਗਾਂਹ ਨਿਕਲ ਚੁੱਕੇ ਸਨ। ਜਦੋਂ ਮਗਰ ਲੱਗੀ ਪੁਲਿਸ ਉਸ ਥਾਂ ਦੇ ਨੇੜੇ ਆਈ, ਜਿਥੋਂ ਉਹਨਾਂ ਖਾੜਕੂਆਂ ਨੇ ਟਰੈਕਟਰ ਖੋਹਿਆ ਸੀ, ਤਾਂ ਉਸ ਟਰੈਕਟਰ ਵਾਲੇ ਨੇ ਬਾਹਵਾਂ ਮਾਰ-ਮਾਰ ਕੇ ਰੋਕ ਕੇ ਪੁਲਿਸ ਨੂੰ ਦੱਸਿਆ ਕਿ ਖਾੜਕੂ ਔਹ ਜਾਂਦੇ ਹਨ ਤੇ ਮੇਰਾ ਟਰੈਕਟਰ ਉਹਨਾਂ ਦੇ ਥੱਲੇ ਹੈ। ਜੇ ਉਹ ਨਾ ਦਸਦਾ ਤਾਂ ਪੁਲਿਸ ਨੂੰ ਕੋਈ ਪਤਾ ਨਹੀਂ ਸੀ ਕਿ ਟਰੈਕਟਰ 'ਤੇ ਕੌਣ ਜਾ ਰਿਹਾ ਹੈ ਤੇ ਹਾਦਸੇ ਨਾਲ ਸੰਬੰਧਤ ਖਾੜਕੂ ਕਿੱਥੇ ਚਲੇ ਗਏ ਹਨ। ਮੁਕਾਬਲਾ ਹੋ ਗਿਆ। ਪੁਲਿਸ ਦੇ ਕੱਟਕ ਚੜ੍ਹੇ ਪਏ ਸਨ ਤੇ ਉਹ ਵਿਚਾਰੇ ਦੋ, ਨਾਲੇ ਬਹੁਤ ਘੱਟ ਅਸਲ੍ਹੇ ਨਾਲ ਕਿੰਨਾ ਕੁ ਚਿਰ ਲੜ ਸਕਦੇ ਸਨ, ਦੋਵੇਂ ਮਾਰੇ ਗਏ। ਪਰ ਬਾਅਦ ਵਿਚ ਉਹਨਾਂ ਦੇ ਸਾਥੀ ਖਾੜਕੂਆਂ ਨੇ ਪੁਲਿਸ ਲਿਆਉਣ ਵਾਲੇ ਮੁੰਡੇ ਤੇ ਚੀਮਿਆਂ ਦਾ ਸਾਰਾ ਪਰਿਵਾਰ ਵੀ ਉਸੇ ਰਾਹ ਹੀ ਤੋਰ ਦਿੱਤਾ, ਜਿੱਧਰ ਉਨ੍ਹਾਂ ਦੇ ਸਾਥੀ ਗਏ ਸਨ। ਕਈ ਭੋਲੂ ਸਿੱਖ ਬਿਨਾਂ ਸੋਚੇ ਸਮਝੇ ਕਹਿ ਦੇਂਦੇ ਹਨ "ਖਾੜਕੂ ਐਵੇਂ ਭੋਲੇ ਭਾਲੇ ਲੋਕਾਂ ਨੂੰ ਮਾਰ ਦੇਂਦੇ ਸਨ।" ਹੁਣ ਅੰਦਾਜਾ ਲਾਓ ਕਿ ਜਿਨ੍ਹਾਂ ਨੂੰ ਖਾੜੂਕਆਂ ਨੇ ਮਾਰਿਆ ਉਹ ਕਿੰਨੇ ਕੁ ਭੋਲੇ ਸਨ।

ਸਾਧ ਧਿਆਨ ਸਿੰਘ ਤੇ ਦੋਹਾਂ ਮੁੰਡਿਆਂ ਗੁਰਮੇਜ ਸਿੰਘ ਗੇਜਾ ਤੇ ਦਰਸ਼ਨ ਸਿੰਘ ਦੀਆਂ ਲਾਸ਼ਾਂ ਨੂੰ ਇਕੱਠਿਆਂ ਹੀ ਜਲੰਧਰ ਸਿਵਲ ਹਸਪਤਾਲ ਲਿਆ ਕੇ ਪੋਸਟ ਮਾਰਟਮ

ਕਰਵਾਇਆ ਗਿਆ। ਮੇਰੇ ਕੋਲ ਸ. ਸਰੂਪ ਸਿੰਘ, ਜੋ ਓਦੋਂ ਸ਼੍ਰੋਮਣੀ ਅਕਾਲੀ ਦਲ ਕਰਤਾਰਪੁਰ ਦੇ ਸਰਕਲ ਜੱਥੇਦਾਰ ਸਨ ਤੇ ਜ਼ਿਲਾ ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ਸ. ਜਗੀਰ ਸਿੰਘ ਵਡਾਲਾ ਆਏ ਤੇ ਸਾਰੀ ਗੱਲ ਦਸੀ। ਓਸੇ ਵੇਲੇ ਅਸੀਂ ਜਲੰਧਰ ਸਿਵਲ ਹਸਪਤਾਲ ਗਏ। ਸਾਡੇ ਜਾਂਦਿਆਂ ਨੂੰ ਪੋਸਟ ਮਾਰਟਮ ਹੋ ਚੁੱਕੇ ਸਨ ਤੇ ਇਕ ਸਵਰਾਜ ਮਾਜਦਾ 'ਤੇ ਧਿਆਨ ਸਿੰਘ ਦੀ ਲਾਸ਼ ਤੇ ਦੂਸਰੀ ਸਵਰਾਜ ਮਾਜਦਾ, ਜੋ ਪੁਲਿਸ ਦੀ ਸੀ, ਵਿਚ ਦੋਹਾਂ ਨੌਜਵਾਨ ਖਾੜਕੂਆਂ ਦੀਆਂ ਲਾਸ਼ਾਂ ਰੱਖੀਆਂ ਹੋਈਆਂ ਸਨ। ਸਿਵਲ ਹਸਪਤਾਲ ਵਿਚ ਪੁਲਿਸ ਹੀ ਪੁਲਿਸ ਸੀ ਤੇ ਬੇਬੱਹਾ ਪੁਲਿਸ ਤੇ ਪੁਲਿਸ ਅਫਸਰ ਮੁਰਦਾਘਰ ਵਾਲੀ ਗਰਾਉਂਡ ਵਿਚ ਖੜ੍ਹੇ ਸਨ। ਮੇਰੀ ਨਜ਼ਰ ਐਸ. ਪੀ. ਡੀ. ਜੋ ਜਲੰਧਰ ਪੁਲਿਸ ਨਾਲ ਸੰਬੰਧਤ ਸਨ 'ਤੇ ਪਈ। ਅਸਲ ਵਿਚ ਇਹ ਸਾਰਾ ਕੁਝ ਉਹਨਾਂ ਦੀ ਦੇਖਰੇਖ ਹੇਠ ਹੀ ਹੋ ਰਿਹਾ ਸੀ। ਜਿਲ੍ਹਾ ਪ੍ਰਧਾਨ ਹੋਣ ਦੇ ਨਾਤੇ ਮੈਨੂੰ ਬੇਦੀ ਸਾਹਿਬ ਨੂੰ ਦਿਨ ਵਿਚ ਇਕ ਦੋ ਵਾਰ ਤਾਂ ਮਿਲਣਾ ਹੀ ਪੈਂਦਾ ਸੀ ਕਿਉਂਕਿ ਸ਼੍ਰੋਮਣੀ ਅਕਾਲੀ ਦਲ, ਜਿਸ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਜੀ ਮਾਨ ਸਨ, ਹੀ ਇਕੋ ਇਕ ਮਾਨਤਾ ਪ੍ਰਾਪਤ ਅਕਾਲੀ ਦਲ ਸੀ। ਸੁਰਜੀਤ ਸਿੰਘ ਬਰਨਾਲੇ ਤੇ ਸ. ਪ੍ਰਕਾਸ਼ ਸਿੰਘ ਬਾਦਲ ਵਾਲੇ ਅਕਾਲੀ ਦਲ ਦੀ ਓਦੋਂ ਕੋਈ ਹੋਂਦ ਨਹੀਂ ਸੀ। ਉਹਨਾਂ ਦਿਨਾਂ ਵਿਚ ਹੀ ਬਾਦਲ ਸਾਹਿਬ ਨੇ ਬਿਆਨ ਦਿੱਤਾ ਸੀ ਕਿ ਮੈਂ ਨੰਗੇ ਪੈਰੀਂ ਮਾਨ ਦਲ ਵਿਚ ਆਉਣ ਲਈ ਤਿਆਰ ਹਾਂ। ਬਰਨਾਲੇ ਵਾਲੇ ਦਲ ਦੇ ਅਹੁਦੇਦਾਰ ਜਾਂ ਤਾਂ ਸਾਡੇ ਵਾਲੇ ਦਲ ਵਿਚ ਰਲ ਚੁੱਕੇ ਸਨ ਤੇ ਉਹਨਾਂ ਵਿਚੋਂ ਬਹੁਤੇ ਹੇਠਲੇ ਅਹੁਦਿਆਂ 'ਤੇ ਕੰਮ ਕਰ ਰਹੇ ਸਨ, ਜਿਥੇ ਉਹਨਾਂ ਦੀ ਕੋਈ ਖਾਸ ਇੱਜ਼ਤ ਨਹੀਂ ਸੀ ਤੇ ਜਾਂ ਖਾੜਕੂਆਂ ਕੋਲੋਂ ਆਪਣੀ ਜਾਨ ਬਚਾਉਂਦੇ ਫਿਰਦੇ ਸਨ। ਇਸ ਗੱਲ ਦਾ ਹਿਸਾਬ ਤਾਂ ਏਥੋਂ ਹੀ ਲਾਇਆ ਜਾ ਸਕਦਾ ਹੈ ਕਿ ਸ. ਜਤਿੰਦਰ ਸਿੰਘ ਕਰੀਹਾ, ਜੋ ਨਵਾਂ ਸ਼ਹਿਰ ਹਲਕੇ ਤੋਂ ਐਮ. ਐਲ. ਏ. ਸਨ ਤੇ ਸ. ਸਤਨਾਮ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ, ਮੇਰੇ ਸਹਾਇਕ ਦੇ ਤੌਰ 'ਤੇ ਜਿਲ੍ਹੇ ਦੇ ਮੀਤ ਪ੍ਰਧਾਨ ਸਨ।

ਹਾਲਾਤ ਓਦੋਂ ਇਹ ਸਨ ਕਿ ਪੁਲਿਸ ਦੇ ਜ਼ੁਲਮ ਤੋਂ ਡਰਦੇ ਲੋਕ ਕਿਸੇ ਵੱਡੇ ਤੋਂ ਵੱਡਾ ਭਾਣਾ ਵਾਪਰ ਜਾਣ 'ਤੇ ਵੀ ਇਕੱਠੇ ਨਹੀਂ ਸਨ ਹੁੰਦੇ ਤੇ ਅਕਾਲੀ ਦਲ ਨਾਲ ਸਬੰਧਤ ਪਾਰਟੀ ਦੇ ਬੰਦਿਆਂ ਨੂੰ ਬੁਲਾਉਣ ਲਈ ਸਮਾਂ ਬਹੁਤ ਥੋੜ੍ਹਾ ਸੀ। ਸਿਰਫ ਅਸੀਂ ਨੌਂ ਕੁ ਜਾਣੇ ਹੀ ਓਥੇ ਇਕੱਠੇ ਹੋ ਸਕੇ। ਸਿਵਲ ਹਸਪਤਾਲ ਵਿਚ ਬਥੇਰੇ ਸਿੱਖ ਤੁਰੇ ਫਿਰਦੇ ਸਨ ਪਰ ਸਾਡੇ ਜਾਣ 'ਤੇ ਉਹ ਵੀ ਸਗੋਂ ਆਸੇ ਪਾਸੇ ਹੋ ਗਏ। ਲੋਕ ਸਮਝਦੇ ਸਨ ਕਿ ਹੁਣ ਨੀਲੀਆਂ ਪੱਗਾਂ ਵਾਲਿਆਂ ਦੇ ਆਉਣ 'ਤੇ ਏਥੇ ਗੋਲੀ ਚੱਲੀ ਕਿ ਚੱਲੀ। ਪੁਲਿਸ ਦਾ ਡੰਗ ਓਦੋਂ ਬਹੁਤ ਤੇਜ਼ ਸੀ ਤੇ ਜੇ ਕਿਤੇ ਉਹ ਏਹੋ ਜਿਹੀ ਛੋਟੀ ਮੋਟੀ ਮਾਰ-ਮਾਰ ਲੈਣ ਤਾਂ ਸ਼ੇਰ ਹੋ ਜਾਂਦੇ ਸਨ। ਪਰ ਖਾੜਕੂਆਂ ਤੋਂ ਡਰਦੇ ਮਾਰੇ ਹੀ ਅਕਾਲੀ ਦਲ ਮਾਨ ਦੇ ਆਗੂਆਂ ਦਾ ਵਿਚ-ਵਿਚ ਕਹਿਣਾ ਵੀ ਮੰਨ ਲੈਂਦੇ ਸਨ। ਕਿਉਂਕਿ 1989 ਦੀਆਂ ਚੋਣਾਂ ਵਿਚ ਪੰਜਾਬ ਦੇ ਤੇਰ੍ਹਾਂ ਵਿਚੋਂ ਯਾਰਾਂ ਮੈਂਬਰ ਪਾਰਲੀਮੈਂਟ ਸਾਡੀ ਪਾਰਟੀ ਨਾਲ ਹੀ ਸਬੰਧਤ ਸਨ। ਇਹ ਵੱਖਰੀ ਗੱਲ ਹੈ ਕਿ ਉਹ ਰੋਸ ਵਜੋਂ ਪਾਰਲੀਮੈਂਟ ਵਿਚ ਨਹੀਂ ਸਨ ਗਏ। ਬਾਦਲ ਅਕਾਲੀ ਦਲ ਤੇ ਬਰਨਾਲਾ ਅਕਾਲੀ ਦਲ ਦੇ ਕਿਸੇ ਵੀ ਉਮੀਦਵਾਰ ਦੀ ਪੰਜਾਬ ਵਿਚ ਕਿਤੇ ਵੀ ਜ਼ਮਾਨਤ ਨਹੀਂ ਸੀ ਬਚੀ। ਪੁਲਿਸ ਨੂੰ ਇਹ ਵੀ ਪਤਾ ਸੀ ਕਿ ਜੇ ਪੰਜਾਬ ਅਸੈਂਬਲੀ ਦੀ ਚੋਣ ਹੋਈ ਤਾਂ ਅਕਾਲੀ ਦਲ ਮਾਨ ਹੀ ਜਿੱਤੇਗਾ। ਇਸ ਕਰਕੇ ਭਾਵੇਂ ਪੁਲਿਸ ਖਾੜਕੂਆਂ ਨਾਲ ਡਹਿ ਕੇ ਲੜਾਈ ਲੜ ਰਹੀ ਸੀ ਪਰ ਆਪਣੇ ਭਵਿੱਖ ਤੋਂ ਸਾਡੇ ਵੱਲੋਂ ਚਿੰਤਤ ਵੀ ਸੀ ਕਿਉਂਕਿ ਸਾਡੀ ਪਾਰਟੀ ਹਰ ਤਰ੍ਹਾਂ

ਨਾਲ ਖਾੜਕੂਆਂ ਦੀ ਪਿੱਠ 'ਤੇ ਸੀ ਤੇ ਸਾਡੀ ਪਾਰਟੀ ਨੇ ਖੁੱਲਮ-ਖੁੱਲ੍ਹਾ ਐਲਾਨ ਕੀਤਾ ਹੋਇਆ ਸੀ ਕਿ ਸਾਡੀ ਸਰਕਾਰ ਆਉਣ 'ਤੇ ਦੋਸ਼ੀ ਪੁਲਿਸ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ, ਜਦੋਂ ਕਿ ਕਾਨੂੰਨ ਤੇ ਕਾਇਦੇ ਵਿਚ ਰਹਿ ਕੇ ਪੁਲਿਸ ਦੀ ਡਿਊਟੀ ਨਿਭਾਉਣ ਵਾਲਿਆਂ ਨੂੰ ਸਰਕਾਰ ਸਨਮਾਨਤ ਕਰੇਗੀ। ਖਾੜਕੂਆਂ ਨੂੰ ਵੀ ਸਾਡੀ ਪਾਰਟੀ ਬਹੁਤ ਝਿੜਕਦੀ ਸੀ ਕਿ ਜੇ ਕਿਸੇ ਨੇ ਕਿਸੇ ਬੇਦੋਸ਼ੇ ਨੂੰ ਨੁਕਸਾਨ ਪਹੁੰਚਾਇਆ ਤਾਂ ਸਾਡੀ ਸਰਕਾਰ ਉਹਨਾਂ ਨੂੰ ਵੀ ਅਦਾਲਤਾਂ ਵਿਚੋਂ ਸਜ਼ਾ ਦਵਾਏਗੀ। ਪਰ ਸਿੱਧੀ ਲੜਾਈ ਵਿਚ ਪੁਲਿਸ ਵਾਲੇ ਖਾੜਕੂਆਂ ਦੇ ਹਮਲਿਆਂ ਤੋਂ ਵੀ ਬੌਂਦਲੇ ਹੋਏ ਸਨ। ਖਾੜਕੂ ਬਿਲਕੁਲ ਪੁਲਿਸ ਨਾਲ ਪੰਗਾ ਲੈ ਕੇ ਰਾਜੀ ਨਹੀਂ ਸਨ ਪਰ ਕਈ ਥਾਵਾਂ 'ਤੇ ਕਈ ਪੁਲਿਸ ਅਫਸਰ ਸਾਰੇ ਕਾਨੂੰਨ ਛਿੱਕੇ ਟੰਗ ਕੇ ਤੇ ਕੇਂਦਰ ਸਰਕਾਰ ਦੇ ਭੂਏ ਚੜ੍ਹਾਏ ਹੋਏ, ਸਿੱਖ ਨੌਜਵਾਨਾਂ ਦੇ ਲਹੂ ਦੇ ਤਿਹਾਏ ਹੋਏ ਪਏ ਸਨ ਤੇ ਘਰੇ ਬੈਠੇ ਬੇਦੋਸ਼ਿਆਂ 'ਤੇ ਵੀ ਅੰਨ੍ਹਾ ਜ਼ੁਲਮ ਕਰਦੇ ਸਨ। ਏਥੋਂ ਤਕ ਕਿ ਥਾਣੇ ਫੜ ਕੇ ਲਿਆਂਦੀਆਂ ਬੇਦੋਸ਼ੀਆਂ ਸਿੱਖ ਬੀਬੀਆਂ ਨਾਲ ਵੀ ਦੁਰਵਿਹਾਰ ਤੇ ਬਲਾਤਕਾਰ ਤਕ ਕਰਦੇ ਸਨ। ਏਸੇ ਲਈ ਹੀ ਏਦਾਂ ਦੇ ਕਈ ਪੁਲਿਸ ਅਫਸਰ ਖਾੜਕੂਆਂ ਹਥੋਂ ਮਾਰੇ ਵੀ ਗਏ ਸਨ।

ਐਸ. ਪੀ. ਬੇਦੀ ਨੂੰ ਮੈਂ ਕਿਹਾ,"ਇਹਨਾਂ ਦੋਹਾਂ ਮੁੰਡਿਆਂ ਦੇ ਮਾਤਾ ਪਿਤਾ ਇਹਨਾਂ ਦੇ ਮ੍ਰਿਤਕ ਸ਼ਰੀਰ ਲੈਣ ਆਏ ਹੋਏ ਹਨ ਜੇ ਪੋਸਟ ਮਾਰਟਮ ਤੇ ਪੁਲਿਸ ਦੀ ਕਾਰਵਾਈ ਪੂਰੀ ਹੋ ਗਈ ਹੈ ਤਾਂ ਲਾਸ਼ਾਂ ਇਹਨਾਂ ਨੂੰ ਦੇ ਦਿੱਤੀਆਂ ਜਾਣ ਤਾਂ ਕਿ ਇਹ ਹਨੇਰਾ ਹੋਣ ਤੋਂ ਪਹਿਲਾਂ ਪਹਿਲਾਂ ਅੰਤਮ ਸੰਸਕਾਰ ਕਰ ਲੈਣ।"

ਉਹ ਕਹਿਣ ਲੱਗੇ,"ਨਹੀਂ, ਇਹਨਾਂ ਦਾ ਸੰਸਕਾਰ ਸਾਡੀ ਦੇਖ ਰੇਖ ਵਿਚ ਜਲੰਧਰ ਮਿਊਨਸਿਪਲ ਕਮੇਟੀ ਵਾਲੇ ਕਰਨਗੇ। ਲਾਸ਼ਾਂ ਅਸਾਂ ਕਿਸੇ ਨੂੰ ਨਹੀਂ ਦੇਣੀਆਂ।"

ਮੈਂ ਕਿਹਾ,"ਬੇਦੀ ਸਾਹਿਬ ਜਦੋਂ ਕੋਈ ਮਨੁੱਖ ਇਸ ਦੁਨੀਆਂ ਤੋਂ ਚਲਾ ਜਾਵੇ ਤਾਂ ਉਹਦੇ ਸਾਰੇ ਗਿਲ੍ਹੇ-ਸ਼ਿਕਵੇ ਵੀ ਉਹਦੇ ਸਾਹਾਂ ਨਾਲ ਹੀ ਮੁੱਕ ਜਾਂਦੇ ਹਨ, ਹਰ ਕਾਨੂੰਨ ਦੀ ਕਿਤਾਬ ਵੀ ਇਹੋ ਹੀ ਕਹਿੰਦੀ ਹੈ, ਨਾਲੇ ਕਮੇਟੀ ਵਾਲੇ ਤਾਂ ਸੰਸਕਾਰ ਤਦ ਕਰਨ ਜੇ ਉਹ ਅਣਪਛਾਤੇ ਹੋਣ ਤੇ ਉਹਨਾਂ ਦੀਆਂ ਲਾਸ਼ਾਂ ਨੂੰ ਕੋਈ ਲੈਣ ਨਾ ਆਵੇ, ਏਥੇ ਤਾਂ ਉਹਨਾਂ ਦੇ ਪਰਿਵਾਰ ਵਾਲੇਂ ਔਹ ਖੜ੍ਹੇ ਹਨ।" (ਇਕ ਦਾ ਭਰਾ ਤੇ ਮਾਂ ਹੀ ਖੜੇ ਸਨ। ਪਿੰਡ ਓਸਮਾਨ ਸ਼ਹੀਦ ਵਾਲਿਆਂ ਨੂੰ ਤਾਂ ਆਪਣੇ ਪੁੱਤ ਦੇ ਮਾਰੇ ਜਾਣ ਦਾ ਵੀ ਪਤਾ ਨਹੀਂ ਸੀ)

ਏਨੇ ਨੂੰ ਧਿਆਨ ਸਿੰਘ ਦੀ ਲਾਸ਼ ਵਾਲਾ ਟਰੱਕ ਸਟਾਰਟ ਹੋਇਆ ਤੇ ਛੇ ਕੁ ਜਣੇ, ਉਹਦੇ ਬੁਰਸ਼ੇ ਜਿਹੇ ਚੇਲੇ, ਉਹਨੂੰ ਲੈ ਕੇ ਚਲੇ ਗਏ।

ਐਸ. ਪੀ. ਡੀ. ਨੇ ਮੇਰੀ ਗੱਲ ਨੂੰ ਜਾਂ ਤਾਂ ਅਣਗੌਲਿਆਂ ਕਰ ਦਿੱਤਾ ਜਾਂ ਮੇਰੀ ਅਵਾਜ਼ ਟਰੱਕ ਸਟਾਰਟ ਹੋਣ ਦੇ ਰੌਲੇ ਥੱਲੇ ਦੱਬੀ ਗਈ। ਉਹਨੇ ਦੂਸਰੇ ਟਰੱਕ ਦੇ ਪੁਲਸੀਏ ਡਰਾਈਵਰ ਨੂੰ ਵੀ ਹੱਥ ਨਾਲ ਚੱਲਣ ਦਾ ਇਸ਼ਾਰਾ ਕੀਤਾ।

ਮੈਂ ਕਿਹਾ,"ਬੇਦੀ ਸਾਹਿਬ ਇਹ ਤੁਸੀਂ ਬੇਵਿਹਾਰੀ ਗੱਲ ਕਰਨ ਲੱਗੇ ਓ, ਏਦਾਂ ਅੱਗੇ ਕਦੇ ਹੋਇਆ ਨਹੀਂ। ਤੁਸੀਂ ਨਵੀਂ ਰਿਰਤ ਪਾਉਣ ਲੱਗੇ ਹੋ। ਅੰਗਰੇਜ਼ਾਂ ਨੇ ਸ਼ਹੀਦ ਭਗਤ ਸਿੰਘ ਹੋਰਾਂ ਦੀਆਂ ਲਾਸ਼ਾਂ ਨਹੀਂ ਸੀ ਦਿੱਤੀਆਂ ਤੇ ਆਪਾਂ ਭਾਰਤੀ ਅੱਜ ਤਕ ਕੱਟੇ ਵਾਂਗ ਸਟੇਜਾਂ 'ਤੇ ਅੜਿੰਗਦੇ ਆਂ ਪਈ ਉਹਨਾਂ ਜਬਰਦਸਤੀ ਸੰਸਕਾਰ ਕਰ ਦਿੱਤੇ ਸੀ। ਅੰਗਰੇਜ਼ਾਂ ਵਾਲਾ ਕੰਮ ਈ ਅੱਜ ਤੁਸੀਂ ਕਰਨ ਲੱਗੇ ਓ?" (ਮੇਰੀ ਆਵਾਜ਼ ਵਿਚ ਗੁੱਸਾ, ਲਾਚਾਰੀ, ਗਿਲ੍ਹਾ, ਕਾਨੂੰਨ ਸਭ ਕੁਝ ਮਿਲਿਆ-ਜੁਲਿਆ ਜਿਹਾ ਸੀ)

ਐਸ. ਪੀ. ਬੇਦੀ ਕਹਿਣ ਲੱਗਾ, "ਉਹ ਤੇ ਚੋਰੀ ਲੈ ਗਏ ਸਨ ਅਸੀਂ ਤੇ ਸਾਹਮਣੇ ਲੈ ਕੇ ਚੱਲੇ ਆਂ।"

ਮੈਂ ਕਿਹਾ, "ਉਹਨਾਂ ਚੋਰੀ ਕੀਤੀ ਸੀ, ਤੁਸੀਂ ਡਾਕਾ ਮਾਰਨ ਲੱਗੇ ਓ, ਫਰਕ ਤੇ ਕੋਈ ਨਹੀਂ।" ਫਿਰ ਮੈਨੂੰ ਪਤਾ ਨਹੀਂ ਕੀ ਸੁੱਝਾ, ਮੈਂ ਆਪਣੇ ਸਾਥੀਆਂ ਨੂੰ ਕਿਹਾ, "ਆਓ ਬਈ ਟਰੱਕ ਅੱਗੇ ਲੰਮੇ ਪਈਏ ਆਪਣੇ ਉੱਤੋਂ ਦੀ ਲੰਘਾ ਕੇ ਲੈ ਜਾਣਗੇ ਤਾਂ ਲੈ ਜਾਣ, ਐਂ ਤੇ ਫੇਰ ਨਹੀਂ ਜਾਣ ਦੇਂਦੇ।" ਮੇਰੇ ਕਹਿਣ ਦੀ ਹੀ ਦੇਰ ਸੀ ਕਿ ਅਸੀਂ ਸਾਰੇ ਫੌਜੀਆਂ ਦੇ ਹੁਕਮ 'ਤੇ ਲੰਮੇ ਪੈਣ ਵਾਂਗ ਝੱਟ ਕਤਾਰ ਦੀ ਕਤਾਰ ਨੌਂ ਜਾਣੇ ਟਰੱਕ ਅੱਗੇ ਲੰਮੇ ਪੈ ਗਏ। ਮੇਰੇ ਨਾਲ ਕਪੂਰਥਲੇ ਜਿਲ੍ਹੇ ਦਾ ਪ੍ਰਧਾਨ ਤਾਂ ਮੇਰੇ ਹੀ ਅਹੁਦੇ ਦੇ ਬਰਾਬਰ ਸੀ ਪਰ ਉਹ ਵਿਚਾਰਾ ਵੀ ਮੇਰੀ ਆਵਾਜ਼ ਨਾਲ ਹੀ ਲੰਮਾ ਪੈ ਗਿਆ।

ਸਾਨੂੰ ਓਦੋਂ ਮਰਨ ਦਾ ਡਰ ਬਿਲਕੁਲ ਨਹੀਂ ਆਇਆ ਪਰ ਹੈਰਾਨੀ ਇਹ ਹੋਈ ਜਦੋਂ ਐਸ. ਪੀ. ਬੇਦੀ ਨੇ ਮੇਰੇ ਲੰਮੇ ਪਏ ਕੋਲ ਆ ਕੇ ਨਿਉਂ ਕੇ ਮੇਰਾ ਹੱਥ ਫੜ ਕੇ ਉਤਾਂਹ ਨੂੰ ਖਿੱਚਿਆ ਤੇ ਫਿਰ ਪੂਰੀ ਮਝੈਲੀ ਬੋਲੀ (ਬੇਦੀ ਵੀ ਅੰਮ੍ਰਿਤਸਰ ਦੇ ਸਰਹੱਦੀ ਪਿੰਡਾਂ ਦਾ ਹੈ) ਵਿਚ ਬੜੀ ਮਨਾਉਣ ਜਹੀ ਵਾਲੀ ਤਰਜ਼ ਨਾਲ ਕਿਹਾ, "ਪ੍ਰਧਾਨ ਜੀ ਕੀ ਕਰਨ ਡਹੇ ਜੇ ਐਵੇਂ ਲੋਕਾਂ ਨੂੰ ਡਹੇ ਜੇ ਤਮਾਸ਼ਾ ਵਿਖਾਉਣ। ਗੱਲ ਮੂੰਹ ਨਾਲ ਕਰੀਦੀ ਐ ਕਿ ਐਵੇਂ ਏਤਰਾਂ ਭੌਂ ਤੇ ਲੰਮੇ ਪੈ ਜਾਈਦੈ, ਹੱਦ ਹੋ ਗਈ ਆ ਤੁਹਾਡੀ ਵੀ, ਪਈ ਬੰਦਾ ਥੋੜ੍ਹਾ ਜਿਹਾ ਧੀਰਜ ਤੇ ਰੱਖੇ, ਉੱਠੋ!" ਉਹਨੇ ਮੇਰੀ ਬਾਂਹ ਜ਼ੋਰ ਨਾਲ ਉਤਾਂਹ ਨੂੰ ਖਿੱਚੀ ਤੇ ਮੈਂ ਉੱਠ ਪਿਆ ਪਰ ਬੋਲਿਆ ਕੁਝ ਨਾ। ਫਿਰ ਉਹਨੇ ਆਪ ਈ ਆਖਿਆ, "ਆਪਾਂ ਏਤਰਾਂ ਕਰਦੇ ਆਂ ਪਈ ਐਸ. ਐਸ. ਪੀ ਸਾਹਿਬ ਕੋਲ ਚਲੇ ਚਲਦੇ ਆਂ, ਜਿਤਰਾਂ ਉਹ ਆਖਣਗੇ ਓਤਰਾਂ ਕਰ ਲਾਂਗੇ।" ਮੈਨੂੰ ਇਸ ਵਿਚ ਕੁਝ ਵੀ ਇਤਰਾਜ਼ਯੋਗ ਨਾ ਲੱਗਾ ਤੇ ਮੈਂ ਹਾਂ ਵਿਚ ਸਿਰ ਹਿਲਾ ਦਿੱਤਾ। ਮੇਰੇ ਨਾਲ ਦੇ ਵੀ ਉੱਠ ਕੇ ਬਹਿ ਗਏ। ਘਾਹ 'ਤੇ ਲੰਮੇ ਪੈਣ ਕਰਕੇ ਮਿੱਟੀ ਤੇ ਕੱਖ ਜਹੇ ਸਾਰਿਆਂ ਦੇ ਲੀੜਿਆਂ ਨੂੰ ਲੱਗ ਗਏ ਸਨ ਪਰ ਕਿਸੇ ਨੇ ਓਧਰ ਧਿਆਨ ਨਾ ਦਿੱਤਾ। ਏਹੋ ਜਿਹੇ ਵੇਲੇ ਜਿਥੇ ਸਿਰ ਧੜ ਦੀਆਂ ਬਾਜੀਆਂ ਲੱਗੀਆਂ ਹੋਣ ਲੀੜਿਆਂ ਨੂੰ ਕੌਣ ਪੁੱਛਦਾ ਹੈ?

ਐਸ. ਐਸ. ਪੀ. ਜਲੰਧਰ ਦੇ ਦਫਤਰ ਪਹਿਲਾਂ ਮਿਸਟਰ ਬੇਦੀ ਨੇ ਪੈਰ ਰੱਖਿਆ ਤੇ ਉਹਨਾਂ ਦੇ ਪਿਛੇ ਮੈਂ ਅੰਦਰ ਵੜਿਆ। ਐਸ. ਐਸ. ਪੀ ਕੁਝ ਲਿਖਣ ਵਿਚ ਰੁੱਝਾ ਹੋਇਆ ਸੀ। ਬੇਦੀ ਨੇ ਸਲੂਟ ਮਾਰਿਆ ਤਾਂ ਉਹਨਾਂ ਨੇ ਸਿਰ ਹਿਲਾ ਕੇ ਸਵੀਕਾਰ ਕੀਤਾ ਤੇ ਉਹਨਾਂ ਨਾਲ ਗੱਲ ਕਰਨ ਦੀ ਥਾਂ ਮੇਰੇ ਵੱਲ ਮੂੰਹ ਕਰਕੇ ਮੈਨੂੰ ਪੁੱਛਿਆ, "ਆ ਗਏ ਓਹਨਾਂ ਦੀਆਂ ਡੈੱਡ ਬਾਡੀਜ਼ (ਲਾਸ਼ਾਂ) ਲੈਣ ? ਇਸ ਮੁਡੀਰ ਨੂੰ ਕੁਝ ਸਮਝਾਓ ਅੱਗੇ ਆਮ ਲੋਕਾਂ ਨੂੰ ਮਾਰਦੇ ਸੀ ਹੁਣ ਸੰਤਾਂ-ਮਹਾਤਮਾਵਾਂ ਵਲ ਵੀ ਹੋ ਗਏ ਹਨ, ਸੰਤ ਧਿਆਨ ਸਿੰਘ ਨੇ ਕੀ ਵਿਗਾੜਿਆ ਸੀ ਉਹਨਾਂ ਦਾ ?" ਤੇ ਨਾਲ ਈ ਮੈਨੂੰ ਹੱਥ ਨਾਲ ਬੈਠਣ ਦਾ ਇਸ਼ਾਰਾ ਕੀਤਾ।

ਮੈਂ ਬੈਠ ਗਿਆ ਤੇ ਗਲਾ ਸਾਫ ਕਰਕੇ ਕਿਹਾ, "ਗੱਲ ਇਹ ਹੈ ਜੀ ਕਿ ਰਾਵਣ ਉੱਚ ਕੁਲ ਬ੍ਰਾਹਮਣ ਸੀ। ਦਸਾਂ ਵੇਦਾਂ ਦਾ ਗਿਆਤਾ ਸੀ। ਸੋਨੇ ਦੀ ਉਹਦੀ ਲੰਕਾ ਸੀ, ਇੰਦਰ ਵਰਗੇ ਦੇਵਤੇ ਵੀ ਉਹਦੇ ਕੋਲੋਂ ਡਰਦੇ ਤੇ ਥਰ-ਥਰ ਕੰਬਦੇ ਸਨ। ਉਹ ਵੀ ਤਾਂ ਆਪਣੀ ਕਰਤੂਤ ਕਰਕੇ ਈ ਮਾਰਿਆ ਗਿਆ ਸੀ। ਇਹ ਤੇ ਸ਼ੈਅ ਈ ਕੋਈ ਨਹੀਂ ਸੀ।"

"ਸੰਤ ਧਿਆਨ ਸਿੰਘ ਨੇ ਇਹੋ ਜਿਹਾ ਕੀ ਕੀਤਾ ਸੀ ? ਸਕੂਲ ਚਲਾਉਂਦਾ ਸੀ, ਵਿਦਿਆ ਪੜ੍ਹਾਉਂਦਾ ਸੀ, ਹੋਰ ਉਹ ਵਿਚਾਰਾ ਕਿਸੇ ਨੂੰ ਕੀ ਕਹਿੰਦਾ ਸੀ?"

"ਰਾਵਣ ਤੇ ਸਿਰਫ ਮਾਤਾ ਸੀਤਾ ਨੂੰ ਚੁੱਕ ਕੇ ਈ ਲੈ ਗਿਆ ਸੀ ਤੇ ਉਹਨਾਂ ਦੇ ਬਿਆਨਾਂ ਅਨੁਸਾਰ ਉਹਨੇ ਕੀਤਾ ਵੀ ਕੁਝ ਨਹੀਂ ਸੀ (ਸੀਤਾ ਨਾਲ ਮਾਤਾ ਮੈਂ ਜਾਣ ਕੇ ਲਾ ਦਿੱਤਾ ਤਾਂ ਕਿ ਗੱਲਬਾਤ ਵਿਚ ਦੋਹਾਂ ਹਿੰਦੂ ਅਫਸਰਾਂ ਨੂੰ ਮਿਰਚਾਂ ਜ਼ਰਾ ਘੱਟ ਲੜਨ ਤੇ ਮੈਂ ਆਪਣੀ ਗੱਲ ਪੂਰੀ ਕਹਿ ਸਕਾਂ) ਪਰ ਇਸ ਰਾਵਣ ਨੇ ਤਾਂ, ਜਿਹੜੀ ਉਹਦੇ ਢਹੇ ਚੜ੍ਹ ਗਈ ਲਗਦੇ ਵਾਹ ਛੱਡੀ ਈ ਕੋਈ ਨਹੀਂ। ਰਹੀ ਗੱਲ ਵਿਦਿਆ ਪੜ੍ਹਾਉਣ ਦੀ ਤਾਂ ਵਿਦਿੱਆ ਓਥੇ ਘੱਟ ਪੜ੍ਹਾਈ ਜਾਂਦੀ ਸੀ ਤੇ ਬਦਫੈਲੀ ਜ਼ਿਆਦਾ ਹੁੰਦੀ ਸੀ। ਐਹੋ ਜਿਹੀ ਵਿਦਿਆ ਪੜ੍ਹਾਉਣ ਵਾਲੀ ਸੰਸਥਾ ਨੂੰ ਅੱਗ ਲਾਉਣੀ ਹੈ, ਜਿਥੇ ਕਿਸੇ ਦੀ ਧੀ ਭੈਣ ਦੀ ਇੱਜ਼ਤ ਈ ਮਹਿਫੂਜ਼ ਨਾ ਹੋਵੇ। ਮੈਂ ਇਹ ਸਭ ਕੁਝ ਕਹੀ ਗਿਆ ਤੇ ਐਸ. ਐਸ. ਪੀ. ਸਭ ਕੁਝ ਧਿਆਨ ਨਾਲ ਸੁਣੀ ਗਿਆ। ਫਿਰ ਉਹਨਾਂ ਨੇ ਐਸ. ਪੀ. ਡੀ. ਵੱਲ ਮੂੰਹ ਕਰਕੇ ਪੁੱਛਿਆ, "ਇਹ ਧਿਆਨ ਸਿੰਘ ਕੋਈ ਮਾੜਾ ਬੰਦਾ ਸੀ?" ਬੇਦੀ ਨੇ ਕਿਹਾ, "ਮੇਰੇ ਤੇ ਸੁਣਨ ਵਿਚ ਕੋਈ ਗੱਲ ਨਹੀਂ ਆਈ। ਇਹਨਾਂ ਦੀ ਗੱਲ ਸੁਣ ਕੇ ਤੇ ਮੈਂ ਵੀ ਹੈਰਾਨ ਆਂ।"

ਮੈਂ ਪੁਛਿਆ, "ਤੁਸੀਂ ਮਾੜਾ ਕੀਹਨੂੰ ਗਿਣਦੇ ਓ? ਜਿਹੜਾ ਲੋਕਾਂ ਨੂੰ ਧਮਕੀ ਭਰੀਆਂ ਚਿੱਠੀਆਂ ਲਿਖ ਲਿਖ ਕੇ ਫਿਰੌਤੀ ਵਸੂਲੇ, ਉਹ ਚੰਗੇ ਵਿਚ ਆਉਂਦਾ ਹੈ ਕਿ ਮਾੜੇ ਵਿਚ ?"

ਐਸ. ਐਸ. ਪੀ. ਨੇ ਕਿਹਾ, "ਬਹੁਤ ਮਾੜੇ ਵਿਚ।"

ਮੈਂ ਕਿਹਾ, "ਨੇੜੇ ਤੇੜੇ ਦੇ ਸਭ ਲੋਕਾਂ ਨੂੰ ਚਿੱਠੀਆਂ ਇਹ ਧਿਆਨਾ ਸਾਧ ਪਾਉਂਦਾ ਸੀ। ਇਕ ਵਿਚਾਰਾ ਤੇ ਚਿੱਠੀ ਪੜ੍ਹ ਕੇ ਈ ਮਰ ਗਿਆ ਸੀ। (ਬਾਬੇ ਬਕਾਲੇ ਵਾਲੇ ਕੋਲੋਂ ਜਦੋਂ ਸਾਧ ਦੇ ਚੇਲੇ ਪੈਸੇ ਲੈ ਆਏ ਤਾਂ ਉਹ ਵਿਚਾਰਾ ਕੁੱਝ ਦਿਨਾਂ ਬਾਅਦ ਸਦਮੇ ਨਾਲ ਈ ਮਰ ਗਿਆ ਸੀ) ਤੁਹਾਡੀ ਕਰਤਾਰਪੁਰ ਵਾਲੀ ਪੁਲਿਸ ਉਹਦੇ ਨਾਲ ਰਲ ਕੇ ਚਲਦੀ ਸੀ। ਇਹ ਝੂਠੀ ਸੱਚੀ ਮੁਖ਼ਬਰੀ ਕਰਦਾ ਸੀ ਨਾਲੇ ਫਿਰੌਤੀ ਲੈ ਲੈਂਦਾ ਸੀ ਨਾਲੇ ਪੁਲਿਸ ਕੋਲੋਂ ਦਬਕਾ ਮਰਵਾ ਦੇਂਦਾ ਸੀ। ਬਦਫੈਲੀ ਕਰਦਾ ਵੀਹਾਂ ਪਿੰਡਾਂ ਦੀ ਪੰਚਾਇਤ ਨੇ ਸਿਰੋਂ ਫੜਿਆ ਸੀ। ਕਾਰਸੇਵਾ ਉਹਨੇ ਜੁੱਤੀ ਨਾਲ ਕੀਤੀ ਹੈ, ਬਦਮਾਸ਼ ਹਰ ਵੇਲੇ ਆਪਣੇ ਕੋਲ ਰੱਖਦਾ ਸੀ।"

ਦੋਵੇਂ ਅਫਸਰ ਬੜੇ ਹੈਰਾਨ ਹੋਏ। ਹੋ ਸਕਦਾ ਹੈ ਜਾਣਬੁੱਝ ਕੇ ਹੈਰਾਨ ਹੋਣ ਦੀ ਐਕਟਿੰਗ ਕਰਦੇ ਹੋਣ ਪਰ ਐਸ. ਐਸ. ਪੀ. ਨੇ ਮੈਨੂੰ ਪੁੱਛਿਆ, "ਸਕੂਲ ਵਿਚ ਉਹ ਬਦਮਾਸ਼ੀ ਕਿਵੇਂ ਕਰ ਸਕਦਾ ਸੀ ?"

ਮੈਂ ਕਿਹਾ, "ਐਸ. ਐਸ. ਪੀ. ਸਾਹਿਬ ਤੁਸੀਂ ਜਲੰਧਰ ਦੀ ਪੁਲਿਸ ਦੇ ਮੁਖੀ ਓ ਤੇ ਮੈਂ ਇਕ ਵੱਡੀ ਸਿਆਸੀ ਪਾਰਟੀ ਦਾ ਮੁਖੀ ਹਾਂ। ਜਾਂ ਤੁਸੀਂ ਬੈਠੋ ਮੇਰੀ ਗੱਡੀ ਵਿਚ ਤੇ ਜਾਂ ਮੈਂ ਬਹਿਨਾਂ ਤੁਹਾਡੀ ਗੱਡੀ ਵਿਚ। ਆਪਾਂ ਚਲਦੇ ਆਂ ਧਿਆਨੇ ਵਾਲੇ ਸਕੂਲ ਵਿਚ, ਰਜਿਸਟਰ ਵਿਚ ਕੁਝ ਕੁੜੀਆਂ (ਮਾਸਟਰਾਣੀਆਂ) ਤਾਂ ਨੌਕਰੀ ਮਿਲਣ ਤੋਂ ਪੰਜੀ ਛੇਈਂ ਦਿਨੀਂ ਹੀ ਨੌਕਰੀ ਛਡ ਗਈਆਂ। ਕਈਆਂ ਨੇ ਕੁਝ ਮਹੀਨੇ ਕੱਢੇ ਤੇ ਕਈ ਅਜੇ ਤਕ ਟਿਕੀਆਂ ਆਉਂਦੀਆਂ ਹਨ। ਉਹਨਾਂ ਸਾਰੀਆਂ ਨੂੰ ਇਕੱਲੀ ਇਕੱਲੀ ਨੂੰ ਪੁਛਿਓ–"ਪਈ ਬੀਬਾ ਨੌਕਰੀ ਤੇ ਅੱਜਕਲ੍ਹ ਕਿਤੇ ਮਿਲਦੀ ਹੀ ਨਹੀਂ ਤੇ ਤੂੰ ਗੁੱਡੀ ਛੇਈਂ ਦਿਨੀਂ ਹੀ ਆਪਣੀ ਨੌਕਰੀ ਕਿਉਂ ਛਡ ਆਈ ਹੈਂ ?" ਉਹ ਰੋ ਰੋ ਕੇ ਤੁਹਾਨੂੰ ਦਸੂਗੀ ਪਈ ਜਿਹੜਾ ਕੰਮ ਇਹ ਧਿਆਨਾ ਮੈਨੂੰ ਆਂਹਦਾ ਸੀ ਉਹ ਮੈਨੂੰ ਮਨਜ਼ੂਰ ਨਹੀਂ ਸੀ, ਇਸ ਲਈ ਆਪਣੀ ਇੱਜ਼ਤ ਬਚਾਉਣ ਲਈ ਮੈਂ ਘਰ ਬਹਿ ਗਈ ਆਂ। ਕੁਝ ਮਹੀਨਿਆਂ ਵਾਲੀ ਦੱਸੂਗੀ ਬਈ ਮੈਂ ਔਖੀ ਸੌਖੀ ਹੋ ਕੇ ਨੱਪ ਘੁੱਟ ਕੇ ਜਿੰਨਾ ਕੁ ਚਿਰ ਕਲੰਕਤ ਹੋਏ ਤੋਂ ਬਗੈਰ ਕੱਢ ਸਕੀ ਕਢਿਆ ਤੇ ਹੁਣ ਪਾਣੀ ਸਿਰ ਤੋਂ ਟੱਪ

ਗਿਆ ਸੀ, ਇਸ ਲਈ ਮੈਂ ਨੌਕਰੀ ਛੱਡ ਦਿੱਤੀ। ਕੀ ਕਰਦੀ ਹੋਰ? ਤੀਜੀ ਤਰ੍ਹਾਂ ਦੀਆਂ ਵਿਚ ਦੋ ਤਰ੍ਹਾਂ ਦੀਆਂ ਕੁੜੀਆਂ ਹੋਣਗੀਆਂ, ਇਕ ਤੇ ਉਹ ਜਿਹੜੀਆਂ ਬਹੁਤ ਮਜ਼ਬੂਰ ਹਨ, ਪਤੀ ਬਿਮਾਰ ਹੈ, ਚਾਰ ਬੱਚੇ ਹਨ, ਨੌਕਰੀ ਛੱਡਿਆਂ ਗੁਜ਼ਾਰਾ ਨਹੀਂ, ਵਿਚਾਰੀਆਂ ਮਰਦੀਆਂ ਅੱਕ ਚੱਬੀ ਜਾਂਦੀਆਂ ਹਨ। ਦੂਸਰੀਆਂ ਉਹ ਜਿਹੜੀਆਂ ਗਸ਼ਤੀਆਂ ਬਣ ਕੇ ਉਹਦੇ ਨਾਲ ਰਲ ਚੁੱਕੀਆਂ ਹਨ ਸਗੋਂ ਉਹਦੇ ਇਸ਼ਾਰੇ 'ਤੇ ਚੱਲ ਕੇ ਹੋਰ ਵੀ ਕਈਆਂ ਨੂੰ ਖਰਾਬ ਕਰਦੀਆਂ ਹਨ।" ਮੈਨੂੰ ਇਕ ਹੋਰ ਗੱਲ ਯਾਦ ਆਈ। ਮੈਂ ਕਿਹਾ—"ਤੁਸਾਂ ਅੱਜ ਤੱਕ ਕੋਈ ਐਸਾ ਸਕੂਲ ਵੇਖਿਆ ਹੈ, ਜਿਹੜਾ ਹੋਵੇ ਤਾਂ ਮੁੰਡਿਆਂ ਦਾ ਪਰ ਮਾਸਟਰ ਓਥੇ ਇਕ ਵੀ ਨਾ ਹੋਵੇ ਤੇ ਪੀ. ਟੀ. ਮਾਸਟਰ ਵੀ ਇਕ ਮਾਸਟਰਾਣੀ ਈ ਹੋਵੇ?" ਆਪਣੀ ਤਰ੍ਹਾਂ ਦਾ ਇਹ ਪਹਿਲਾ ਸਕੂਲ ਸੀ, ਜਿਸ ਵਿਚ ਸਾਰੀਆਂ ਮਾਸਟਰਾਣੀਆਂ ਸਨ ਤੇ ਮਾਸਟਰ ਓਥੇ ਇਕ ਵੀ ਨਹੀਂ ਸੀ। ਕੁੜੀਆਂ ਦੇ ਸਕੂਲ ਵਿਚ ਵੀ ਇਕ ਅੱਧਾ ਸਾਇੰਸ ਜਾਂ ਹਿਸਾਬ ਆਦਿ ਦਾ ਮਾਸਟਰ ਹੁੰਦਾ ਹੀ ਹੈ ਪਰ ਏਥੇ ਜਾਂ ਤਾਂ ਮਾਸਟਰਾਣੀਆਂ ਸਨ ਤੇ ਜਾਂ ਇਹ ਸਾਧ ਸੀ।

ਮੇਰੀਆਂ ਗੱਲਾਂ ਨੂੰ ਸੁਣ ਕੇ ਐਸ. ਐਸ. ਪੀ. ਨੇ ਕਿਹਾ,"ਬੇਦੀ ਸਾਹਿਬ ਕੌੜਾ ਸਾਹਿਬ ਤਾਂ ਬੜੀਆਂ ਅਜੀਬ ਗੱਲਾਂ ਦਸ ਰਹੇ ਨੇ, ਜਿਹੜੀਆਂ ਸਾਨੂੰ ਪਤਾ ਈ ਨਹੀਂ ਸੀ।"

ਬੇਦੀ ਸਾਹਿਬ ਤਾਂ ਚੁੱਪ ਰਹੇ ਮੈਂ ਕਿਹਾ,"ਜੀ ਓਹਦਾ ਇਕ ਭਰਾ ਵੀ ਪੁਲਿਸ ਵਿਚ ਥਾਣੇਦਾਰ ਹੈ, ਓਥੋਂ ਦੀ ਲੋਕਲ ਪੁਲਿਸ ਤਾਂ ਉਹਦੀ ਹਰ ਤਰ੍ਹਾਂ ਨਾਲ ਭਾਈਵਾਲ ਹੈ। ਜੇ ਭਾਈਵਾਲ ਨਾ ਹੁੰਦੀ ਤਾਂ ਜਦੋਂ ਫਿਰੌਤੀ ਦਾ ਏਡਾ ਰੌਲਾ ਪਿਆ ਸੀ ਤੇ ਕਈ ਪਿੰਡਾਂ ਦੀਆਂ ਪੰਚਾਇਤਾਂ ਤੇ ਮੋਹਤਬਰ ਬਾਬਾ ਉੱਤਮ ਸਿੰਘ ਕੋਲ ਵੀ ਗਏ ਸਨ ਤਾਂ ਕਰਤਾਰਪੁਰ ਦੀ ਪੁਲਿਸ ਨੂੰ ਪਤਾ ਕਿਉਂ ਨਾ ਲੱਗਾ? ਇਹ ਮੁੰਡੇ ਤਾਂ ਦੋਵੇਂ ਹੀਰੇ ਨਿਕਲੇ, ਜਿਨ੍ਹਾਂ ਇਸ ਭੂਤਰੇ ਸਾਨ੍ਹ (ਸਾਧ) ਨੂੰ ਮਾਰ ਕੇ ਲੋਕਾਂ ਨੂੰ ਰਾਹਤ ਦਿਵਾਈ ਹੈ। ਨਹੀਂ ਤੇ ਪਤਾ ਨਹੀਂ ਕਿੰਨੀਆਂ ਕੁ ਸੀਤਾ ਵਿਚਾਰੀਆਂ ਨੂੰ ਇਹ ਰਾਵਣ ਖਰਾਬ ਕਰਦਾ।"

ਐਸ. ਐਸ. ਪੀ. ਸਾਹਿਬ ਨੇ ਬੇਦੀ ਨੂੰ ਕਿਹਾ,"ਦੇ ਦਿਓ ਇਹਨਾਂ ਨੂੰ ਲਾਸ਼ਾਂ" ਫਿਰ ਮੈਨੂੰ ਕਹਿਣ ਲੱਗੇ,"ਜਲਸੇ ਜਲੂਸ ਨਾ ਕਢਿਓ, ਜਾਂਦੇ ਈ ਸਸਕਾਰ ਕਰ ਦਿਓ।"

ਮੈਂ ਕਿਹਾ,"ਐਸ. ਐਸ. ਪੀ ਸਾਹਿਬ ਅਸੀਂ ਏਡੇ ਚਵਲ ਨਹੀਂ, ਜਿਹੜੇ ਮੁਰਦਿਆਂ ਦਾ ਜਲੂਸ ਕੱਢਦੇ ਫਿਰਾਂਗੇ। ਅਸਾਂ ਕਦੇ ਸ਼ਹੀਦਾਂ ਦੇ ਜਲੂਸ ਨਹੀਂ ਕੱਢੇ, ਏਹੋ ਜਹੇ ਵੇਲੇ ਅਕਾਲ ਪੁਰਖ ਦਾ ਭਾਣਾ ਮੰਨਦੇ ਹਾਂ। ਇਸ ਗੱਲ ਤੋਂ ਤੁਸੀਂ ਬੇਫਿਕਰ ਰਹੋ ਸਗੋਂ ਮੈਂ ਤਾਂ ਤੁਹਾਨੂੰ ਇਹ ਵੀ ਕਹਾਂਗਾ ਕਿ ਚਲੋ ਜੀਂਦੇ ਜੀ ਤੇ ਪੁਲਿਸ ਇਹਨਾਂ ਸੂਰਮਿਆਂ ਨੂੰ ਸਨਮਾਨਤ ਨਹੀਂ ਕਰ ਸਕੀ, ਹੁਣ ਮਰਨ ਉਪਰੰਤ ਈ ਇਹਨਾਂ ਨੂੰ ਪੁਲਿਸ ਦੀ ਟੁਕੜੀ ਕੋਲੋਂ ਸਲਾਮੀ ਦਿਵਾ ਦਿਓ ਤਾਂ ਕਿ ਲੋਕਾਂ ਨੂੰ ਪਤਾ ਤੇ ਲੱਗੇ ਪਈ ਕਰਤਾਰਪੁਰ ਵਿਚ ਅੱਜ ਇਕ ਹੋਰ ਰਾਵਣ ਮਾਰਿਆ ਗਿਆ ਹੈ।" ਗੱਲ ਕਰ ਕੇ ਮੈਂ ਖਲੋਤਾ ਰਿਹਾ ਤੇ ਐਸ. ਐਸ. ਪੀ ਸਾਹਿਬ ਸੋਚ ਵਿਚ ਡੁੱਬੇ ਰਹੇ। ਫਿਰ ਉਹਨਾਂ ਇਕ ਦੱਮ ਕਿਹਾ,"ਬੇਦੀ ਸਾਹਿਬ, ਲੈ ਜਾਓ ਇਹਨਾਂ ਨੂੰ ਤੇ ਲਾਸ਼ਾਂ ਦੇ ਦਿਓ", ਫਿਰ ਥੋੜ੍ਹਾ ਜਿਹਾ ਮੁਸਕਰਾ ਕੇ ਬੋਲੇ,"ਮੈਨੂੰ ਗੱਲਾਂ-ਗੱਲਾਂ ਵਿਚ ਹੀ ਜਜ਼ਬਾਤੀ ਕਰ ਦੇਣ ਲੱਗੇ ਸੀ।"

ਮੈਂ ਕਿਹਾ,"ਜੀ ਚਲੋ ਗੋਲੀਆਂ ਦੇ ਪੈਸੇ ਅਸੀਂ ਦੇ ਦਿਆਂਗੇ (ਅਕਾਲੀ ਦਲ ਵਲੋਂ) ਤੁਹਾਡੇ ਇਸ ਫੈਸਲੇ ਨਾਲ ਪੂਰਾ ਇਲਾਕਾ ਕਰਤਾਰਪੁਰ ਤੁਹਾਡੀ ਪ੍ਰਸ਼ੰਸਾ ਕਰੇਗਾ।" ਇਹ ਗੱਲ ਉਹਨਾਂ ਦਿਨਾਂ ਵਿਚ ਪੁਲਿਸ ਦੇ ਮੰਨਣਯੋਗ ਹੋ ਹੀ ਨਹੀਂ ਸੀ ਸਕਦੀ ਤੇ ਨਾ ਹੀ ਹੋਈ।

ਹਸਪਤਾਲ ਆ ਕੇ ਮੈਂ ਆਪਣੇ ਸਾਥੀਆਂ ਨੂੰ ਕਿਹਾ, "ਕੋਈ ਗੱਡੀ ਮੰਗਵਾ ਕੇ ਇਹਨਾਂ ਹੀਰਿਆਂ ਦੇ ਸਰੀਰ ਇਹਨਾਂ ਦੇ ਪਿੰਡਾਂ ਵਿਚ ਪਹੁੰਚਾ ਦਿਓ।" ਜੱਥੇਦਾਰ ਸਰੂਪ ਸਿੰਘ ਬਿਸਰਾਮਪੁਰ ਰੈੱਡ-ਕ੍ਰਾਸ ਦੀ ਗੱਡੀ ਮੰਗਵਾਉਣ ਲੱਗੇ ਤਾਂ ਐਸ. ਪੀ. ਬੇਦੀ ਨੇ ਕਿਹਾ,"ਸਾਡੀ ਗੱਡੀ ਹੀ ਲੈ ਜਾਓ, ਜੀਹਦੇ ਵਿਚ ਇਹ ਲਾਸ਼ਾਂ ਪਈਆਂ ਹਨ।" ਠੰਡ ਠੰਡੋਲਾ ਵੇਖ ਕੇ ਬਹੁਤ ਸਾਰੇ ਹੋਰ ਲੋਕ ਖਾਸ ਕਰ ਸਿੱਖ ਵੀ ਗੱਡੀ ਕੋਲ ਆ ਚੁੱਕੇ ਸਨ ।ਮੈਂ ਕਿਹਾ,"ਬੇਦੀ ਸਾਹਿਬ ਇਹ ਕੌਮ ਦੇ ਹੀਰੇ ਹਨ, ਕੌਮ ਦੀ ਅਣਖ ਲਈ ਤੇ ਨੇਕ ਕੰਮ ਲਈ ਸ਼ਹੀਦ ਹੋਏ ਹਨ। ਇਹਨਾਂ ਨੂੰ ਅਸੀਂ ਆਪਣੀਆਂ ਗੱਡੀਆਂ ਦਾ ਪ੍ਰਬੰਧ ਕਰ ਕੇ ਭੇਜਾਂਗੇ। ਅਸੀਂ ਘਿਓ ਦੇ ਦੋ ਪੀਪੇ ਸੰਸਕਾਰ ਕਰਨ ਲਈ ਮੰਗਵਾਏ ਤੇ ਸਾਡੇ ਬੰਦੇ ਜਾ ਕੇ ਨਵੀਆਂ ਨਕੋਰ ਚਾਦਰਾਂ ਲਾਸ਼ਾਂ ਉੱਪਰ ਪਾਉਣ ਲਈ ਲਿਆਏ ਤੇ ਸੈਂਟ ਦੀਆਂ ਦੋ ਸ਼ੀਸ਼ੀਆਂ ਲਿਆ ਕੇ ਉੱਪਰ ਛਿੜਕ ਕੇ ਲਾਸ਼ਾਂ ਉਹਨਾਂ ਦੇ ਪਿੰਡ ਭੇਜੀਆਂ ਗਈਆਂ (ਕਿਉਂਕਿ ਗਰਮੀਆਂ ਦੇ ਦਿਨ ਹੋਣ ਕਰਕੇ ਲਾਸ਼ਾਂ ਕੁਝ ਖਰਾਬ ਹੋ ਗਈਆਂ ਸਨ) ਜਿਥੇ ਉਹਨਾਂ ਦੇ ਸੰਸਕਾਰ ਕੀਤੇ ਗਏ। ਇਸ ਸੰਤ ਦਾ ਇਖ਼ਲਾਕ ਵੀ ਪੜ੍ਹਨ ਵਾਲੇ ਧਿਆਨ ਵਿਚ ਰੱਖਣਾ ਇਹ ਤਾਂ ਸਿਰਫ ਇਕ ਸੰਤ ਦੀ ਗੱਲ ਹੈ ਪਰ ਸੌ ਵਿਚੋਂ ਨੱਬੇ ਫੀ ਸਦੀ ਸੰਤ ਏਸੇ ਤਰ੍ਹਾਂ ਦੇ ਹੀ ਹਨ।

***

## ਸਾਧ ਕਿਵੇਂ ਪੈਸਾ ਉਜਾੜਦੇ ਹਨ ਤੇ ਸੰਗਤਾਂ ਨਾਲ ਦੁਰਵਿਹਾਰ ਕਰਦੇ ਹਨ

'ਸੰਤ ਕਾ ਨਿੰਦਕੁ ਮਹਾ ਹਤਿਆਰਾ। ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਲਿਖਿਆ ਸੁਖਮਨੀ ਸਾਹਿਬ ਦੇ ਇਸ ਸ਼ਬਦ ਦਾ ਅੱਜ ਹਰ ਗਲੀ-ਮੁਹੱਲੇ ਵਿਚ ਬੀਬੀਆਂ ਤੇ ਸੰਗਤਾਂ ਦੁਆਰਾ ਪਾਠ ਕਰਕੇ ਅਨੰਦ ਮਾਣਿਆ ਜਾਂਦਾ ਹੈ। ਜਦੋਂ ਸਤਿਗੁਰਾਂ ਨੇ ਇਹ ਬਾਣੀ ਉਚਾਰਣ ਕੀਤੀ ਸੀ, ਓਦੋਂ ਕਿੰਨੇ ਕੁ ਸੰਤ ਹੋਣਗੇ? ਬਹੁਤ ਹੀ ਘੱਟ ਸੰਤ ਹੋਣਗੇ ਤੇ ਹੋਣਗੇ ਵੀ ਬਹੁਤ ਹੀ ਜੀਵਨ ਵਾਲੇ। ਉਹ ਜ਼ਰੂਰ ਹੀ ਨਿਰਭਉ, ਨਿਰਵੈਰ ਤੇ ਮਨੁੱਖਤਾ ਦਾ ਭਲਾ ਸੋਚਣ ਵਾਲੇ ਹੋਣਗੇ। ਉਨ੍ਹਾਂ ਦੇ ਉੱਚੇ-ਸੁੱਚੇ ਜੀਵਨ ਨੂੰ ਧਿਆਨ ਵਿਚ ਰੱਖ ਕੇ ਹੀ ਸਤਿਗੁਰਾਂ ਨੇ ਸੰਤਾਂ-ਸਾਧਾਂ ਦੀ ਸਿਫਤ ਵਿਚ ਬਾਣੀ ਉਚਾਰੀ ਹੋਵੇਗੀ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਨਿਰਲੇਪ ਸੰਤ-ਮਹਾਤਮਾ ਸਿੱਖ ਸੰਗਤਾਂ ਲਈ ਚਾਨਣ ਮੁਨਾਰੇ ਦਾ ਕੰਮ ਦੇਂਦੇ ਹੋਣਗੇ। ਉਨ੍ਹਾਂ ਦੇ ਉੱਚੇ-ਸੁੱਚੇ ਜੀਵਨ ਤੋਂ ਆਮ ਲੋਕਾਂ ਨੂੰ ਤੇ ਸਿੱਖ ਸੰਗਤ ਨੂੰ ਸੋਝੀ ਮਿਲਦੀ ਹੋਵੇਗੀ। ਸੰਤ ਮਹਾਤਮਾ ਗੁਰਬਾਣੀ ਅਨੁਸਾਰ ਜੀਵਨ ਜਿਉਂਦੇ ਹੋਣਗੇ ਤਾਂ ਹੀ ਉਨ੍ਹਾਂ ਨੇ ਸਤਿਗੁਰਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹੋਣਗੀਆਂ।

ਕੀ ਅੱਜ ਦਾ ਸੰਤ ਵੀ ਉਹ ਹੀ ਸੰਤ ਹੈ, ਜਿਸ ਦੀ ਮਹਿਮਾ ਸੁਖਮਨੀ ਸਾਹਿਬ ਵਿਚ ਕੀਤੀ ਗਈ ਹੈ? ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਵੇਲੇ ਪੂਰੇ ਪੰਜਾਬ ਵਿਚ ਪੰਜ-ਦਸ-ਪੰਦਰਾਂ ਜਾਂ ਵੀਹ ਸੰਤ ਹੋਣਗੇ ਪਰ ਅੱਜ ਇਹ ਗਿਣਤੀ ਹਜ਼ਾਰਾਂ ਵਿਚ ਹੈ। ਹਰ ਦੂਜੇ-ਤੀਜੇ-ਪੰਜਵੇਂ ਕਿਲੋਮੀਟਰ 'ਤੇ ਕਿਸੇ ਨਾ ਕਿਸੇ ਸਾਧ ਦਾ ਡੇਰਾ ਹੈ। ਮੁੱਠੀ ਭਰ ਪੰਜਾਬ ਜਿਹੜਾ ਵਾਹਗੇ ਤੋਂ ਸ਼ੁਰੂ ਹੁੰਦਾ ਹੈ ਤੇ ਰਾਜਪੁਰੇ ਜਾ ਕੇ ਖਤਮ ਹੋ ਜਾਂਦਾ ਹੈ, ਦੇ ਕੁੱਲ 14300 ਪਿੰਡਾਂ (ਵਿਚੇ ਹੀ ਬੇਚਰਾਗ ਪਿੰਡਾਂ ਦੀ ਗਿਣਤੀ ਪਾ ਕੇ, ਬੇਚਰਾਗ ਪਿੰਡਾਂ ਤੋਂ ਭਾਵ ਹੈ ਕਿ ਪਟਵਾਰੀ ਦੇ ਕਾਗਜ਼ਾਂ ਵਿਚ ਜਿਹਨਾਂ ਪਿੰਡਾਂ ਦੇ ਨਾਂਅ 'ਤੇ ਜ਼ਮੀਨ ਤਾਂ ਹੋਵੇ ਪਰ ਓਥੇ ਦੀਵਾ ਨਾ ਜਗਦਾ ਹੋਵੇ ਅਰਥਾਤ ਉਸ ਪਿੰਡ ਦੀ ਕੋਈ ਅਬਾਦੀ ਨਾ ਹੋਵੇ, ਪੰਜਾਬ ਵਿਚ ਐਸੇ ਪਿੰਡ ਬਹੁਤ ਹਨ) ਵਿਚ ਕਈ ਹਜ਼ਾਰ ਸਾਧ ਹਨ। ਪੰਜਾਬੀ ਦੇ ਅਖਾਣ 'ਇਕ ਇਟ ਪੁਟੋ ਤਾਂ ਥੱਲਿਓਂ ਸਾਧ ਨਿਕਲਦਾ ਹੈ' ਬੜਾ ਵਿਸ਼ਾਲ ਰੂਪ ਧਾਰਨ ਕਰ ਚੁੱਕਾ ਹੈ। ਅੱਜ ਇਕ ਇੱਟ ਪੁੱਟੋ ਤਾਂ ਥੱਲਿਓਂ ਦਸ ਸਾਧ ਨਿਕਲਦੇ ਹਨ ਸਗੋਂ ਹੋਰ ਦਸ ਓਸੇ ਹੀ ਇੱਟ ਦੇ ਉੱਤੇ ਵੀ ਬੈਠੇ ਦਿਸਦੇ ਹਨ। ਪਾਕਿਸਤਾਨ ਬਣਨ ਤੋਂ ਬਾਅਦ ਤੇ ਖਾਸ ਤੌਰ 'ਤੇ ਪਿਛਲੇ ਵੀਹਾਂ ਕੁ ਸਾਲਾਂ ਵਿਚ ਸਿੱਖ ਸਾਧਾਂ-ਸੰਤਾਂ ਦੀ ਗਿਣਤੀ ਬਹੁਤ ਹੀ ਤੇਜ਼ੀ ਨਾਲ ਵਧੀ ਹੈ। ਏਨੀ ਤੇਜ਼ੀ ਨਾਲ ਇਸ ਵਾਧੇ ਦੇ ਕੀ ਕਾਰਨ ਹੋ ਸਕਦੇ ਹਨ, ਇਸ 'ਤੇ ਵੀ ਵਿਚਾਰ ਕਰਨੀ ਬਣਦੀ ਹੈ। ਪਰ ਇਹ ਵਿਚਾਰ

ਵਾਦ-ਵਿਵਾਦ ਨੂੰ ਜਨਮ ਦੇਂਦਾ ਹੈ, ਇਸ ਲਈ ਇਸ ਪਾਸੇ ਪੈਣ ਦੀ ਜ਼ਰੂਰਤ ਹੀ ਨਹੀਂ ਸਮਝੀ ਜਾਂਦੀ।

ਇਹ ਤਾਂ ਹਰ ਕੋਈ ਮੰਨਦਾ ਹੈ ਕਿ ਸਾਧਾਂ ਦੇ ਹਜ਼ਾਰਾਂ ਡੇਰੇ ਬਣ ਚੁੱਕੇ ਹਨ ਤੇ ਬਹੁਤ ਹੀ ਤੇਜੀ ਨਾਲ ਹੋਰ ਬਣ ਰਹੇ ਹਨ। ਕਾਰਸੇਵਾ ਵਾਲੇ ਸਾਧਾਂ ਕੋਲ ਅੱਜ ਜਿੰਨੀਆਂ ਕਹੀਆਂ, ਬਾਟੇ, ਮਿਕਸਚਰ ਮਸ਼ੀਨਾਂ, ਟਰੱਕ ਤੇ ਹੋਰ ਮਸ਼ੀਨਰੀ ਹੈ, ਓਨੀਆਂ ਪੰਜਾਬ ਸਰਕਾਰ ਦੇ ਮਹਿਕਮੇ ਪੀ. ਡਬਲਿਊ. ਡੀ. (ਪਬਲਿਕ ਵਰਕਸ ਡਿਪਾਰਟਮੈਂਟ) ਕੋਲ ਵੀ ਨਹੀਂ ਹਨ। ਜਦੋਂ ਵੀ ਕਿਤੇ ਸ਼੍ਰੋਮਣੀ ਕਮੇਟੀ ਨੇ ਕੋਈ ਨਵੀਂ ਇਮਾਰਤ ਬਨਾਉਣੀ ਹੋਵੇ, ਠੇਕੇਦਾਰਾਂ ਦੇ ਟੈਂਡਰ ਖੁੱਲ੍ਹਣ ਵਾਂਗ ਇਨ੍ਹਾਂ ਕਾਰ ਸੇਵਾ ਵਾਲਿਆਂ ਵਿਚ ਏਨਾਂ ਮੁਕਾਬਲਾ ਹੋ ਜਾਂਦਾ ਹੈ, ਜਿਸ ਦੀ ਕੋਈ ਹੱਦ ਨਹੀਂ। ਕਹਿੰਦੇ ਹਨ ਕਿ ਕੋਈ ਵੀ ਕਾਰਸੇਵਾ ਲੈਣ ਵਾਸਤੇ ਸ਼੍ਰੋਮਣੀ ਕਮੇਟੀ ਨੂੰ ਅੱਛੀ-ਖਾਸੀ ਰਕਮ ਦੇਣੀ ਪੈਂਦੀ ਹੈ ਜਿਹੜਾ ਵੀ ਵੱਧ ਰਕਮ ਦੇਵੇ, ਓਸੇ ਨੂੰ ਹੀ ਸੇਵਾ ਮਿਲਦੀ ਹੈ। ਹੁਣ ਏਥੇ ਇਹ ਸਵਾਲ ਉਠਦਾ ਹੈ ਕਿ ਜੇ ਸਚਮੁਚ ਹੀ ਕਾਰਸੇਵਾ ਕਰਕੇ ਪੁੰਨ ਖੱਟਣਾ ਹੀ ਮਕਸਦ ਹੈ ਤੇ ਆਪਣਾ ਅੱਗਾ ਸਫਲ ਕਰਨ ਦੀ ਹੀ ਗੱਲ ਹੈ ਤਾਂ ਫਿਰ ਮੁਲ ਸੇਵਾ ਲੈਣ ਦੀ ਕੀ ਲੋੜ ਹੈ? ਫਿਰ ਸ਼੍ਰੋਮਣੀ ਕਮੇਟੀ ਨੂੰ ਦੇਣ ਲਈ ਪੈਸੇ ਆਏ ਕਿੱਥੋਂ? ਕਿਉਂਕਿ ਸੰਤ ਕਿਸੇ ਖੰਡ ਮਿੱਲ ਜਾਂ ਕੱਪੜੇ ਦੀ ਮਿੱਲ ਦਾ ਮਾਲਕ ਤਾਂ ਹੁੰਦਾ ਨਹੀਂ। ਉਸ ਸੰਤ ਦਾ ਵੀ ਜਵਾਬ ਇਹ ਹੀ ਹੋਵੇਗਾ ਕਿ ਪੈਸਾ ਸੰਗਤਾਂ ਦਾ ਹੈ, ਮੈਂ ਤਾਂ ਗਰੀਬ ਆਦਮੀ ਹਾਂ ਤੇ ਗੁਰੂ ਘਰ ਦਾ ਅਦਨਾ ਜਿਹਾ ਸੇਵਕ ਹਾਂ। ਜਾਂ ਉਹ ਆਖੇਗਾ ਕੂਕਰ ਹਾਂ। ਉਸ ਨੂੰ ਇਹ ਵੀ ਸੁਆਲ ਕੀਤਾ ਜਾ ਸਕਦਾ ਹੈ ਕਿ ਜੇ ਪੈਸਾ ਸੰਗਤਾਂ ਦਾ ਹੈ ਤਾਂ ਤੂੰ ਇਸ ਨੂੰ ਖਰਚਣ ਦਾ ਮਾਮਾ ਲਗਦਾ ਹੈਂ। ਤੈਨੂੰ ਇਹ ਹੱਕ ਕੀਹਨੇ ਦਿੱਤਾ ਕਿ ਤੂੰ ਲੋਕਾਂ ਦੇ ਚੜ੍ਹਾਏ ਹੋਏ ਪੈਸੇ ਨਾਲ ਕਾਰਸੇਵਾ ਖਰੀਦੇਂ ਤੇ ਫਿਰ ਉਸ ਕਾਰਸੇਵਾ ਵਿਚੋਂ ਲੱਖਾਂ ਰੁਪਏ ਹੋਰ ਕਮਾਵੇਂ? ਅੱਵਲ ਤਾਂ ਦੋ ਡੇਰੇ ਨਹੀਂ ਤਾਂ ਇਕ ਨਿਜੀ ਡੇਰਾ ਤਾਂ ਤੂੰ ਆਪਣਾ ਕਾਰਸੇਵਾ ਚਲਦੀ-ਚਲਦੀ ਵਿਚ ਬਨਾਉਣਾ ਹੀ ਹੈ। ਫਿਰ ਕਾਰਸੇਵਾ ਦਾ ਕੰਮ ਤਾਂ ਸਾਲ-ਡੇਢ ਸਾਲ ਜਾਂ ਹੱਦ ਦੋ ਸਾਲ ਵਿਚ ਹੀ ਮੁੱਕਣ ਵਾਲਾ ਹੁੰਦਾ ਹੈ ਪਰ ਇਹ ਦੁੱਧ ਵਿਚ ਪਾਣੀ ਪਾ-ਪਾ ਕੇ ਕੱਚੀ ਲੱਸੀ ਵਾਂਗ ਇਸ ਨੂੰ ਵਧਾਈ ਜਾਂਦੇ ਹਨ ਤੇ ਛੇ-ਛੇ ਸਾਲ ਕੰਮ ਨੂੰ ਮੁੱਕਣ ਨਹੀਂ ਦੇਂਦੇ। ਜਦੋਂ ਡੇਰਾ ਹੋਰ ਬਣ ਜਾਵੇ, ਵੱਡੀ ਕਾਰ ਆ ਜਾਵੇ ਤੇ ਹੋਰ ਸਾਜੋ-ਸਮਾਨ ਬਣ ਜਾਵੇ, ਫੇਰ ਵੀ ਸ਼੍ਰੋਮਣੀ ਕਮੇਟੀ ਨੂੰ ਬੜੇ ਜੋਰ ਨਾਲ ਹੀ ਕਾਰਸੇਵਾ ਵਾਲਾ ਥਾਂ ਖਾਲ੍ਹੀ ਕਰਾਉਣਾ ਪੈਂਦਾ ਹੈ। ਏਸੇ ਹੀ ਗੱਲ ਤੋਂ ਹੁਣ ਤੱਕ ਕਈਆਂ ਸਾਧਾਂ ਨਾਲ ਸ਼੍ਰੋਮਣੀ ਕਮੇਟੀ ਦਾ ਜੂਤ ਖੜਕ ਚੁੱਕਾ ਹੈ।

ਮੈਨੂੰ ਬਹੁਤ ਹੈਰਾਨੀ ਹੋਈ ਜਦੋਂ ਇਕ ਕਾਰਸੇਵਾ ਵਾਲੇ ਸਾਧ ਦੀ ਇਕ ਗੁਰਦੁਆਰੇ ਦੀ ਸੇਵਾ ਮੁੱਕਣ 'ਤੇ ਆਈ ਤਾਂ ਉਸ ਨੂੰ ਬੜਾ ਫਿਕਰ ਲੱਗਾ ਕਿ ਉਸਦੇ ਖਰੀਦੇ ਹੋਏ ਬਾਟੇ ਕਹੀਆਂ, ਮਿਕਸਚਰ ਮਸ਼ੀਨਾਂ ਤੇ ਹੋਰ ਸਮਾਨ ਦਾ ਹੁਣ ਕੀ ਹੋਵੇਗਾ? ਵਿਚੋਂ ਕਈਆਂ ਨੇ ਸੁਝਾਅ ਦਿੱਤਾ ਕਿ ਹੁਣ ਸਾਰੇ ਪੰਜਾਬ ਵਿਚ ਫਿਰ ਨਿਕਲੀਏ ਤੇ ਕਾਰਸੇਵਾ ਹੋਰ ਲੱਭੀਏ। ਬਸ ਏਸੇ ਤਰ੍ਹਾਂ ਹੀ ਠੇਕੇਦਾਰਾਂ ਵਾਂਗ ਇਹ ਇਕ ਧੰਦਾ ਬਣ ਜਾਂਦਾ ਹੈ ਤੇ ਫਿਰ ਅੱਗੇ ਤੋਂ ਅੱਗੇ ਚਲਦਾ ਰਹਿੰਦਾ ਹੈ। ਇਨ੍ਹਾਂ ਦੁਆਰਾ ਬਣਾਈਆਂ ਗਈਆਂ ਇਮਾਰਤਾਂ 'ਤੇ ਵਰਤੇ ਜਾਂਦੇ ਹੋਰ ਇਮਾਰਤੀ ਸਮਾਨ ਦਾ ਵੀ ਵਿਚਾਰ ਕਰਨਾ ਚਾਹੀਦਾ ਹੈ। ਇੰਜੀਨੀਅਰਾਂ ਨੇ ਕਿਹੜੇ ਕੰਮ ਲਈ ਸੀਮੈਂਟ ਕਿੰਨਾ, ਬਜਰੀ ਕਿੰਨੀ, ਰੇਤ ਕਿੰਨੀ ਇਹ ਸਭ ਕਈ-ਕਈ ਸਾਲ ਪੜ੍ਹਾਈ ਕਰਕੇ, ਕਈ-ਕਈ ਕਿਤਾਬਾਂ ਪੜ੍ਹ ਕੇ ਗਿਆਨ ਹਾਸਲ ਕੀਤਾ ਹੁੰਦਾ ਹੈ ਪਰ ਕਰੋੜਾਂ

ਰੁਪਿਆਂ ਦੇ ਪ੍ਰਾਜੈਕਟ ਬਣਾਉਣ ਵਾਲੇ ਸਾਧ ਅੰਗੂਠਾ-ਛਾਪ ਹੁੰਦੇ ਹਨ, ਜਿਹਨਾਂ ਨੇ ਕਦੇ ਆਪਣੇ ਘਰ ਦਾ ਪੱਕਾ ਚੁਲ੍ਹਾ ਨਹੀਂ ਬਣਾਇਆ ਹੁੰਦਾ, ਉਹ ਤਿਮੰਜਲੀਆਂ ਇਮਾਰਤਾਂ ਬਣਾਉਂਦੇ ਹਨ। ਭਵਨ ਉਸਾਰੀ ਦੇ ਅਸੂਲ ਅਨੁਸਾਰ ਸੀਮੈਂਟ ਰੇਤ ਤੇ ਬਜਰੀ ਦਾ ਅਨੁਪਾਤ 1:2:3 ਤੋਂ ਵੱਧ ਹੋ ਹੀ ਨਹੀਂ ਸਕਦਾ ਅਰਥਾਤ ਵੱਧ ਤੋਂ ਵੱਧ ਇਕ ਹਿੱਸਾ ਸੀਮੈਂਟ, ਦੋ ਹਿੱਸੇ ਰੇਤ ਤੇ ਤਿੰਨ ਹਿੱਸੇ ਬਜਰੀ ਤੋਂ ਵੱਧ ਹੁੰਦਾ ਹੀ ਨਹੀਂ। ਇਹ ਅਨੁਪਾਤ ਮਕਿਓਂ ਪਰ੍ਹੇ ਉਜਾੜ ਵਾਲੀ ਗੱਲ ਹੈ ਪਰ ਜਿਹੜਾ ਵੀ ਪ੍ਰਾਜੈਕਟ ਕਾਰਸੇਵਾ ਵਾਲੇ ਸਾਧ ਸ਼ੁਰੂ ਕਰਦੇ ਹਨ, ਆਪਣੀ ਹੀ ਮਰਜੀ ਨਾਲ ਕਰਵਾਉਂਦੇ ਹਨ। ਕਈਆਂ ਥਾਵਾਂ 'ਤੇ ਸੀਮੈਂਟ, ਬਜਰੀ ਤੇ ਰੇਤ ਬਰਾਬਰ-ਬਰਾਬਰ ਤੇ ਕਈ ਥਾਈਂ ਬੇਹਿਸਾਬ ਹੀ ਪਾਈ ਜਾਂਦੇ ਹਨ। ਮਸ਼ੀਨ ਚਲ ਰਹੀ ਹੁੰਦੀ ਹੈ। ਪਿੰਡਾਂ ਦੇ ਸੇਵਾ ਭਾਵ ਨਾਲ ਕੰਮ ਕਰਨ ਆਏ ਹੋਏ ਲੋਕ ਕਾਬੂ ਤੋਂ ਬਾਹਰ ਹੁੰਦੇ ਹਨ। ਜੇ ਬਜਰੀ ਸੁੱਟੀ ਗਏ ਤੇ ਕਈ ਕਈ ਬਾਟੇ ਬਜਰੀ ਹੀ ਸੁੱਟ ਦਿੱਤੀ। ਜੇ ਰੇਤ ਸੁੱਟਣ ਲੱਗੇ ਤੇ ਰੇਤ ਹੀ ਸੁੱਟੀ ਗਏ ਤੇ ਏਸੇ ਤਰ੍ਹਾਂ ਹੀ ਜੇ ਸੀਮੈਂਟ ਨੂੰ ਟੱਕ ਚਾੜ੍ਹ ਲਿਆ ਤੇ ਸੀਮੈਂਟ ਹੀ ਸੁੱਟੀ ਜਾਂਦੇ ਹਨ। ਮਾਲੇ ਮੁਫਤ ਦਿਲੇ ਬੇਰਹਿਮ ਵਾਂਗ ਕਿਹੜਾ ਕਿਸੇ ਦੇ ਜੇਬ ਵਿਚੋਂ ਪੈਸਾ ਜਾਣਾ ਹੈ।

ਲੁਧਿਆਣਾ ਦੇ ਚੌੜਾ ਬਾਜ਼ਾਰ ਵਿਚ ਗੁਰਦੁਆਰਾ ਅਕਾਲਗੜ੍ਹ ਵਿਚ ਅਕਾਲੀ ਦਲ ਦੀ ਮੀਟਿੰਗ ਸੀ। ਮੀਟਿੰਗ ਅਜੇ ਸ਼ੁਰੂ ਨਹੀਂ ਸੀ ਹੋਈ ਕਿ ਠੇਕੇਦਾਰ ਸੁਰਜਣ ਸਿੰਘ ਹੋਰਾਂ ਦੇ ਦਫਤਰ ਬੈਠਿਆਂ ਇਕ ਕਾਰਸੇਵਾ ਵਾਲੇ ਸੰਤ ਦੀ ਉਸਤਤ ਸ਼ੁਰੂ ਹੋ ਗਈ। ਗੱਲ ਸੁਣਾਉਣ ਵਾਲੇ ਸੱਜਣ ਨੇ ਸੰਤਾਂ ਦੀ ਮਹਿਮਾ ਦਾ ਗੁਣਗਾਣ ਕਰਦਿਆਂ ਆਖਿਆ, 'ਕਿ ਇਕ ਦਿਨ ਬਾਬਾ ਜੀ ਆਪਣੇ ਧਿਆਨ ਭਜਨ-ਬੰਦਗੀ ਵਿਚ ਮਘਨ ਸਨ ਕਿ ਸੇਵਾਦਾਰ ਨੇ ਆ ਕੇ ਬੇਨਤੀ ਕੀਤੀ ਕਿ ਬਾਬਾ ਜੀ ਸੇਵਾ ਕਰਨ ਵਾਲੀ ਸੰਗਤ ਦੇ ਤੇ ਕਈ ਟਰੱਕ ਆ ਗਏ ਹਨ ਤੇ ਲੈਂਟਰ ਪਾਉਣ ਦੀ ਵੀ ਪੂਰੀ ਤਿਆਰੀ ਵਗੈਰਾ ਹੋ ਚੁੱਕੀ ਹੈ ਪਰ ਰੇਤ ਦੇ ਟਰੱਕ ਅਜੇ ਨਹੀਂ ਪਹੁੰਚੇ ਤੇ ਸ਼ਾਇਦ ਅੱਜ ਰੇਤ ਆਵੇ ਵੀ ਨਾ ਕਿਉਂਕਿ ਮੀਂਹ ਪੈਣ ਕਰਕੇ ਦਰਿਆ ਵਿਚ ਪਾਣੀ ਚੜ੍ਹਿਆ ਹੋਇਆ ਹੈ ਤੇ ਰੇਤ ਦਾ ਭਰਿਆ ਟਰੱਕ ਬਾਹਰ ਨਹੀਂ ਨਿਕਲਦਾ।' ਸੇਵਾਦਾਰ ਦੀ ਗੱਲ ਸੁਣ ਕੇ ਬਾਬਾ ਜੀ ਨੇ ਨੇਤਰ ਖੋਲ੍ਹੇ ਤੇ ਪੁੱਛਿਆ, 'ਬਜਰੀ ਤੇ ਸੀਮੈਂਟ ਕਿੰਨਾ ਕੁ ਹੈ?' ਸੇਵਾਦਾਰ ਨੇ ਬੇਨਤੀ ਕੀਤੀ ਕਿ ਬਜਰੀ ਤਾਂ ਬੇਅਥਾਹ ਪਈ ਹੈ ਤੇ ਸੀਮੈਂਟ ਨਾਲ ਵੀ ਸਟੋਰ ਭਰਿਆ ਪਿਆ ਹੈ। ਬਾਬਾ ਜੀ ਨੇ ਹੁਕਮ ਕੀਤਾ, 'ਠੀਕ ਹੈ ਫਿਰ ਸੀਮੈਂਟ ਤੇ ਬਜਰੀ ਦਾ ਹੀ ਲੈਂਟਰ ਪਾ ਦਿਓ। ਸਤਿਗੁਰੂ ਭਲੀ ਕਰਨਗੇ।' ਲਓ ਜੀ ਓਸੇ ਵੇਲੇ ਮਸ਼ੀਨਾਂ ਦੀ ਗਿਰੜ-ਗਿਰੜ ਸ਼ੁਰੂ ਹੋ ਗਈ। ਇਸ ਤੋਂ ਪਹਿਲਾਂ ਕਿ ਉਹ ਅਗਲੀ ਗੱਲ ਕਰਦਾ, ਮੈਂ ਉਸ ਸੱਜਣ ਨੂੰ ਵਿਚੋਂ ਹੀ ਟੋਕ ਦਿੱਤਾ ਕਿਉਂਕਿ ਗੱਲ ਸੁਣ ਰਹੇ ਸੱਜਣਾਂ ਵਿਚ ਡਾਕਟਰ, ਇੰਜੀਨੀਅਰ ਤੇ ਕੁਝ ਹਿੰਦੂ ਪੜ੍ਹੇ-ਲਿਖੇ ਵੀ ਸਨ, ਉਹ ਕਿਤੇ ਇਸ ਯੱਭਲੀ ਤੇ ਬੇਥਵੀ ਗੱਲ ਸੁਣ ਕੇ ਸਿੱਖਾਂ ਦੇ ਮੂਰਖ ਕਾਰਸੇਵਾ ਵਾਲੇ ਸਾਧਾਂ ਦਾ ਮਜ਼ਾਕ ਨਾ ਉਡਾਉਣ, ਇਸ ਲਈ ਮੈਂ ਕਿਹਾ, 'ਚਲੋ ਉਹ ਤੇ ਮਹਾਂਪੁਰਖਾਂ ਦੇ ਚੋਜ ਹੁੰਦੇ ਹਨ, ਕਦੇ ਉਹ ਕਿਸੇ ਮੌਜ ਵਿਚ ਹੁੰਦੇ ਹਨ, ਕਦੇ ਕਿਸੇ ਮੌਜ ਵਿਚ ਪਰ ਰੇਤ ਤੋਂ ਬਿਨਾਂ ਲੈਂਟਰ ਉਨ੍ਹਾਂ ਨੇ ਨਹੀਂ ਨਾ ਪੁਆਇਆ ਹੋਣਾ।' ਅਸਲ ਵਿਚ ਮੈਂ ਇਹ ਵਿਸ਼ਾ ਹੀ ਬਦਲ ਦੇਣਾ ਚਾਹੁੰਦਾ ਸਾਂ ਪਰ ਉਹ ਗੱਲ ਸੁਣਾਉਣ ਵਾਲੇ ਸੱਜਣ ਪਹਿਲਾਂ ਨਾਲੋਂ ਵੀ ਜ਼ਿਆਦਾ ਉਤਸ਼ਾਹ ਵਿਚ ਬੋਲੇ, 'ਨਹੀਂ ਜੀ, ਲੈਂਟਰ ਪਾ ਦਿੱਤਾ ਕਿ।'

ਸੱਚ ਪੁੱਛੋ ਮੈਂ ਆਖਾਂ ਕਿ ਜੇ ਧਰਤੀ ਵਿਹਲ ਦੇ ਦੇਵੇ ਤਾਂ ਵਿਚ ਨਿਘਰ ਜਾਈਏ, ਸਾਰੇ ਲੋਕ ਕੀ ਸੋਚਦੇ ਹੋਣਗੇ? ਰੇਤ ਤੋਂ ਬਿਨਾਂ ਲੈਂਟਰ ਇਸ ਤਰ੍ਹਾਂ ਦਾ ਪਵੇਗਾ ਜਿਸ ਤਰ੍ਹਾਂ

ਭੂਡਾ ਦਾ ਖਖਰ ਹੁੰਦਾ ਹੈ ਕਿਉਂਕਿ ਰੇਤ ਬਾਰੀਕ ਹੁੰਦੀ ਹੈ ਤੇ ਹਰ ਉਸ ਥਾਂ 'ਤੇ ਪਹੁੰਚ ਜਾਂਦੀ ਹੈ, ਜਿਥੇ ਬਜਰੀ ਦੇ ਟੁਕੜਿਆਂ ਦੇ ਦਰਮਿਆਨ ਵਿਹਲ ਹੁੰਦਾ ਹੈ। ਏਸੇ ਲਈ ਹੀ ਮਿਸਤਰੀ ਲੈਂਟਰ ਪਾਉਂਦੇ ਵਕਤ ਪਾਣੀ ਦਾ ਡੱਬਾ ਪਾ ਕੇ ਕਈ ਵਾਰ ਖੜ੍ਹੇ ਰੁਖ ਕਾਂਡੀ ਮਾਰਦੇ ਹਨ ਤਾਂ ਕਿ ਰੇਤ ਹਰ ਥਾਂ ਪਹੁੰਚ ਜਾਵੇ, ਵਾਈਬਰੇਟਰ (Vibrator) ਵੀ ਏਸੇ ਕੰਮ ਲਈ ਹੀ ਵਰਤਿਆ ਜਾਂਦਾ ਹੈ ਤਾਂ ਕਿ ਪੋਲ ਨਾ ਰਹੇ। ਰੇਤ ਤੋਂ ਬਿਨਾਂ ਪਾਇਆ ਲੈਂਟਰ ਪਾਟ ਵੀ ਜ਼ਰੂਰ ਜਾਵੇਗਾ। ਉਸ ਦੀ ਉਹ ਤਾਕਤ ਬਣ ਹੀ ਨਹੀਂ ਸਕਦੀ ਜੋ ਰੇਤ ਨਾਲ ਬਣਦੀ ਹੈ। ਅਸਾਂ ਲੋਕਾਂ ਨੇ ਬੇਵਕੂਫ ਤੇ ਮੰਧਬੁੱਧੀ (ਘੱਟ ਬੁੱਧੀ) ਵਾਲੇ ਲੋਕਾਂ ਨੂੰ ਮਹਾਂਪੁਰਖਾਂ ਦਾ ਦਰਜਾ ਦੇ ਦਿੱਤਾ ਹੈ। ਅਸਲ ਵਿਚ ਸਾਧਾਂ ਨੂੰ ਇਮਾਰਤਾਂ ਬਨਾਉਣ ਵਾਸਤੇ ਪੈਸਾ ਦੇਣ ਵਾਲੇ ਤੇ ਸਾਧ ਆਪ ਦੋਵੇਂ ਹੀ ਬਿਮਾਰ ਮਾਨਸਿਕਤਾ ਦੇ ਸ਼ਿਕਾਰ ਹਨ। ਇਹਨਾਂ ਦੀਆਂ ਬਣਾਈਆਂ ਹੋਈਆਂ ਇਮਾਰਤਾਂ ਸਿਰਫ ਤੂੜੀ ਪਾਉਣ ਦੇ ਕੰਮ ਆ ਸਕਦੀਆਂ ਹਨ, ਹੋਰ ਕਿਸੇ ਕੰਮ ਨਹੀਂ। ਕਈ ਡੇਰੇ ਤਾਂ ਐਸੇ ਹਨ ਜਿਵੇਂ ਜੇਲ੍ਹ ਹੋਵੇ। ਸੂਰਜ ਛਿਪਣ ਤੋਂ ਬਾਅਦ ਮੱਥਾ ਟੇਕਣ ਵਾਲਾ ਅੰਦਰ ਵੜਨੋਂ ਡਰਦਾ ਹੈ। ਕੜਾਹ ਖਾ ਖਾ ਕੇ ਕਟਿਆਂ ਵਾਂਗ ਪਲੇ ਹੋਏ ਵਿਹਲੜ ਸਾਧਾਂ ਤੋਂ ਬਿਨਾਂ ਲਾਗੇ ਛਾਗੇ ਕੋਈ ਚਿੜੀ ਪਰਿੰਦਾ ਨਹੀਂ ਹੁੰਦਾ। ਸਰਕਾਰੀ ਮੱਦਦ ਵਾਲੇ ਅਨਪੜ੍ਹ ਤੇ ਹੰਕਾਰ ਵਿਚ ਮੱਥੇ ਹੋਏ ਸਾਧ ਸਿਖੀ ਦੇ ਪ੍ਰਾਚਰ ਦੇ ਰਾਹ ਵਿਚ ਖੜੱਪੇ ਸੱਪ ਵਾਂਗ ਖੜ੍ਹੇ ਹਨ।

ਇਕ ਵਾਰ ਸ:ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼ੋਮਣੀ ਅਕਾਲੀ ਦਲ ਨੇ ਸ: ਸਤਨਾਮ ਸਿੰਘ ਸ਼੍ਰੋਮਣੀ ਕਮੇਟੀ ਮੈਂਬਰ ਤੇ ਮੇਰੀ ਡਿਊਟੀ ਸ: ਗੁਰਚਰਨ ਸਿੰਘ ਟੌਹੜਾ ਨੂੰ ਮਿਲ ਕੇ ਉਨ੍ਹਾਂ ਦਾ ਕੋਈ ਸੁਨੇਹਾ ਦੇਣ ਦੀ ਲਾਈ। ਓਦੋਂ ਖਾੜਕੂਵਾਦ ਦਾ ਬੜਾ ਜ਼ੋਰ ਸੀ ਤੇ ਟੌਹੜਾ ਸਾਹਿਬ ਨੇ ਗੁਰਦੁਆਰਾ ਧਮਧਾਨ ਸਾਹਿਬ ਹਰਿਆਣਾ ਵਿਖੇ ਸ਼੍ਰੋਮਣੀ ਕਮੇਟੀ ਦੀ ਅਗਜ਼ੈਕਟਿਵ ਦੀ ਮੀਟਿੰਗ ਬੁਲਾਈ ਹੋਈ ਸੀ। ਟੌਹੜਾ ਸਾਹਿਬ ਨੇ ਕਿਹਾ, 'ਸੱਜਣੋਂ ਇਹ ਇਸ ਸਾਲ ਦੀ ਆਪਣੀ ਆਖਰੀ ਮੀਟਿੰਗ ਹੈ, ਜਿਊਂਦੇ ਰਹੇ ਤੇ ਅਗਲੇ ਸਾਲ ਫਿਰ ਮਿਲਾਂਗੇ। ਜਦੋਂ ਅਸੀਂ ਸਾਰੇ ਮੱਥਾ ਟੇਕਣ ਗਏ ਤਾਂ ਗੁਰਦੁਆਰਾ ਸਾਹਿਬ ਦੀ ਡਿਉਢੀ ਵਿਚ ਉਪਰਲੇ ਪਾਸੇ ਵੱਡੀਆਂ-ਵੱਡੀਆਂ ਤ੍ਰੇੜਾਂ ਆਈਆਂ ਹੋਈਆਂ ਸਨ। ਮੈਂ ਟੌਹੜਾ ਸਾਹਿਬ ਨੂੰ ਪੁੱਛਿਆ, 'ਪ੍ਰਧਾਨ ਜੀ ਗੁਰੁਦਆਰਾ ਸਾਹਿਬ ਦੀ ਤਾਂ ਅਜੇ ਕਾਰਸੇਵਾ ਚਲ ਰਹੀ ਹੈ ਤੇ ਡਿਉਢੀ ਵੀ ਨਵੀਂ ਹੀ ਬਣੀ ਹੈ ਪਰ ਆਹ ਤ੍ਰੇੜਾਂ ਕਿਉਂ?' ਉਨ੍ਹਾਂ ਨੇ ਬਾਬਾ ਜੀ (ਕਾਰਸੇਵਾ ਵਾਲੇ) ਦੇ ਕਾਰ ਮੁਖਤਾਰ ਨੂੰ ਬੁਲਾ ਕੇ ਪੁੱਛਿਆ ਤਾਂ ਉਸ ਨੇ ਕਿਹਾ, 'ਜੀ ਸਾਨੂੰ ਸਮਝ ਨਹੀਂ ਲੱਗੀ, ਸਗੋਂ ਅਸੀਂ ਤੇ ਸੀਮੈਂਟ, ਰੇਤ ਤੇ ਬਜਰੀ ਵੀ ਬਰਾਬਰ-ਬਰਾਬਰ ਪਾਈ ਹੈ ਤਾਂ ਕਿ ਗੁਰਦੁਆਰਾ ਸਾਹਿਬ ਦਾ ਕੰਮ ਹੈ, ਚੀਜ਼ ਮਜ਼ਬੂਤ ਬਣ ਜਾਵੇ ਤੇ ਤਰਾਈ ਵਾਲੀ ਵੀ ਕੋਈ ਕਸਰ ਨਹੀਂ ਛੱਡੀ।' ਵਿਚੋਂ ਇਕ ਅਗਜ਼ੈਕਟਿਵ ਮੈਂਬਰ ਨੇ ਕਿਹਾ, 'ਬਰਾਬਰ-ਬਰਾਬਰ ਨਾਲ ਈ ਬੇੜਾ ਗਰਕ ਹੋਇਆ ਹੈ।' ਸਾਰਿਆਂ ਨੇ ਵਾਹਿਗੁਰੂ-ਵਾਹਿਗੁਰੂ ਕਿਹਾ ਤੇ ਮੱਥਾ ਟੇਕਣ ਤੁਰ ਪਏ। ਮੈਂ ਉਸ ਸੱਜਣ ਨੂੰ ਪੁੱਛਿਆ, 'ਹੁਣ ਤ੍ਰੇੜਾਂ ਦਾ ਕੀ ਕਰੋਗੇ?' ਤਾਂ ਉਹਨੇ ਕਿਹਾ, 'ਬਾਬਾ ਜੀ ਆਂਹਦੇ ਸੀ ਇਨ੍ਹਾਂ ਵਿਚ ਸੀਮੈਂਟ ਘੋਲ ਕੇ ਪਾ ਦਿਓ ਤੇ ਉਤੋਂ ਟੱਕ ਕੇ ਪਲਸਤਰ ਦੁਬਾਰਾ ਕਰ ਦਿਓ, ਵਾਹਿਗੁਰੂ ਕ੍ਰਿਪਾ ਕਰਨਗੇ। ਕਿਤੇ ਨਹੀਂ ਜਾਂਦੀ।' ਹੋਈ ਨਾ ਉਹੋ ਗੱਲ, ਅਖੇ 'ਨਾਲੇ ਕੰਨ ਪਾਟੇ ਨਾਲੇ ਰੰਨ ਖੋਹੀ। ਤਿੱਗਣਾ-ਚੌਗਣਾ ਪੈਸਾ ਵੀ ਲੱਗ ਗਿਆ ਤੇ ਤ੍ਰੇੜਾਂ ਫੇਰ ਪਾਟ ਗਈਆਂ ਤੇ ਜੇ ਕਿਸੇ ਇਮਾਰਤਸਾਜ਼ ਜਾਂ ਇੰਜੀਨੀਅਰ ਨੂੰ ਬਣਦੀ ਇਮਾਰਤ ਦੇ ਲਾਗੇ ਖਲਾਰਿਆ ਹੁੰਦਾ ਤਾਂ ਉਹ ਵੱਧ ਤੋਂ ਵੱਧ ਦਸ ਹਜ਼ਾਰ ਰੁਪਏ ਮਹੀਨਾ ਲੈ ਲੈਂਦਾ ਤੇ ਕਈ ਲੱਖ ਰੁਪਏ ਸਮਾਨ ਵਿਚੋਂ

ਵੀ ਬਚਾਅ ਦੇਂਦਾ ਤੇ ਇਮਾਰਤ ਵੀ ਅਖਰੋਟ ਵਰਗੀ ਬਣਦੀ।

ਇਕ ਵਾਰ ਮੈਂ ਮਾਰਬਲ ਲੈਣ ਮਕਰਾਣੇ ਗਿਆ। ਮੇਰੇ ਨਾਲ ਅਕਾਲੀ ਲੀਡਰ ਸ: ਬਲਬੀਰ ਸਿੰਘ ਚੀਮਾ ਐਡਵੋਕੇਟ ਵੀ ਸਨ। ਅਕਾਲੀ ਦਲ ਵਿਚ ਹੋਣ ਕਰਕੇ ਅਸੀਂ ਰਵਾਇਤੀ ਕੱਪੜੇ ਕੁਰਤਾ ਪਜਾਮਾ ਤੇ ਨੀਲੀ ਪੱਗ ਬੰਨ੍ਹਦੇ ਸਾਂ। ਮਕਰਾਣੇ ਵਿਚ ਸਭ ਤੋਂ ਵਧੀਆ ਹੋਟਲ, ਸ਼ਾਲੀਮਾਰ ਹੀ ਹੈ, ਇਸ ਲਈ ਅਸੀਂ ਓਸੇ ਵਿਚ ਹੀ ਠਹਿਰੇ। ਆਪਣੇ ਕਮਰੇ ਵਿਚ ਜਾ ਕੇ ਅਸਾਂ ਬਹਿਰੇ ਨੂੰ ਦੋ ਕੱਪ ਚਾਹ ਲਿਆਉਣ ਲਈ ਆਖਿਆ। ਪੂਰੇ ਘੰਟੇ ਬਾਅਦ ਚਾਹ ਆਈ ਤੇ ਉਹ ਵੀ ਸਟੀਲ ਦੇ ਗਲਾਸਾਂ ਵਿਚ। ਚੀਮਾ ਸਾਹਿਬ ਬਹੁਤ ਗੁੱਸੇ ਵਿਚ ਆ ਗਏ ਤੇ ਉਨ੍ਹਾਂ ਨੇ ਬਹਿਰੇ ਨੂੰ ਆਖਿਆ, 'ਜਾ ਕੇ ਮੈਨੇਜਰ ਨੂੰ ਘੱਲ।' ਮੈਨੇਜਰ ਆਇਆ ਤਾਂ ਅਸੀਂ ਵਰ੍ਹ ਪਏ, 'ਪਹਿਲੀ ਗੱਲ ਤਾਂ ਇਹ ਪਈ ਘੰਟੇ ਬਾਅਦ ਚਾਹ ਆਈ ਹੈ ਤੇ ਉਹ ਵੀ ਸਟੀਲ ਦੇ ਗਲਾਸਾਂ ਵਿਚ। ਇਸ ਹੋਟਲ ਵਿਚ ਜੇ ਤੁਸੀਂ ਕੱਪ ਵੀ ਨਹੀਂ ਰੱਖ ਸਕਦੇ ਤਾਂ ਹੋਟਲ ਨੂੰ ਤਾਲਾ ਕਿਉਂ ਨਹੀਂ ਲਾ ਦੇਂਦੇ? ਇਹ ਕਿਹੜੀ ਨਸਲ ਦਾ ਹੋਟਲ ਹੈ, ਜੀਹਦੇ ਵਿਚ ਚਾਹ ਪੀਣ ਲਈ ਕੱਪ ਵੀ ਨਹੀਂ।' ਉਹ ਮੈਨੇਜਰ ਵਿਚਾਰਾ ਹੱਥ ਜੋੜ ਕੇ ਆਖਣ ਲੱਗਾ, 'ਜੀ ਸਾਡੇ ਹੋਟਲ ਵਿਚ ਕੱਪ ਤਾਂ ਅੱਗ ਲਾਇਆਂ ਨਹੀਂ ਮੁੱਕਦੇ, ਇਹ ਗਲਾਸ ਤਾਂ ਮੈਂ ਆਪਣੇ ਘਰੋਂ ਲਿਆਇਆ ਹਾਂ, ਆਹ ਵੇਖੋ ਸਗੋਂ ਸਕੂਟਰ ਤੋਂ ਡਿਗਣ ਕਰਕੇ ਮੈਨੂੰ ਸੱਟ ਵੀ ਲੱਗ ਗਈ ਹੈ', ਮੈਨੇਜਰ ਬਬੋਲਿਕਾ ਜਿਹਾ ਹੋ ਕੇ ਬੋਲਿਆ। ਅਸੀਂ ਵੀ ਕੁਝ ਹੈਰਾਨੀ ਤੇ ਕੁਝ ਉਸ ਦੇ ਵਗਦੇ ਲਹੂ ਵੱਲ ਵੇਖ ਕੇ ਅਫਸੋਸ ਜਿਹੇ ਨਾਲ ਆਖਿਆ, 'ਪਰ ਮੈਨੇਜਰ ਸਾਹਿਬ ਕੱਪ ਹੁੰਦਿਆਂ-ਸੁੰਦਿਆਂ ਤੁਸੀਂ ਸਟੀਲ ਦੇ ਗਲਾਸ ਘਰ ਲੈਣ ਕਿਉਂ ਗਏ?' ਉਹ ਕਹਿਣ ਲੱਗਾ, 'ਜੀ ਪਿਛਲੇ ਮਹੀਨੇ ਪੰਜਾਬ ਵਿਚੋਂ ਇਕ ਬਾਬਾ ਜੀ ਆਏ ਸਨ, ਏਥੇ ਪੱਥਰ ਲੈਣ। ਉਨ੍ਹਾਂ ਦੇ ਕੱਪੜੇ ਵੀ ਤੁਹਾਡੇ ਵਰਗੇ ਈ ਸਨ ਸਗੋਂ ਉਹ ਤੇ ਬਹੁਤ ਹੀ ਖੁੱਲ੍ਹੇ ਜਹੇ ਸਨ, ਮੈਂ ਸਮਝਿਆ ਤੁਸੀਂ ਵੀ ਬਾਬਾ ਜੀ ਵਾਂਗ ਪੱਥਰ ਲੈਣ ਆਏ ਹੋ। ਉਨ੍ਹਾਂ ਨੂੰ ਅਸਾਂ ਕੱਪਾਂ ਵਿਚ ਚਾਹ ਦਿੱਤੀ ਸੀ ਤੇ ਉਨ੍ਹਾਂ ਨੇ ਕੱਪਾਂ ਨੂੰ ਹੱਥ ਵੀ ਨਹੀਂ ਸੀ ਲਾਇਆ। ਅਸਾਂ ਆਖਿਆ ਕੀ ਪਤਾ ਤੁਸੀਂ ਵੀ ਉਨ੍ਹਾਂ ਦੇ ਨਾਲ ਦੇ ਹੀ ਹੋਵੋਗੇ ਤਾਂ ਮੈਂ ਘਰੋਂ ਕੱਪ ਲੈਣ ਗਿਆਂ।' ਅਸੀਂ ਦੋਵੇਂ ਬੜੇ ਸ਼ਰਮਿੰਦੇ ਜਹੇ ਹੋਏ ਤੇ ਉਹਨੂੰ ਪੁੱਛਿਆ, 'ਤੇ ਉਹ ਜਿਹੜੇ ਓਦੋਂ ਦੇ ਸਟੀਲ ਦੇ ਗਲਾਸ ਸੀ, ਉਹ ਕਿਧਰ ਗਏ?' ਮੈਨੇਜਰ ਕਹਿਣ ਲੱਗਾ, 'ਜੀ ਉਨ੍ਹਾਂ ਨਾਲ ਸੱਤ-ਅੱਠ ਬਾਬੇ ਹੋਰ ਸਨ ਤੇ ਜਿੰਨੇ ਦਿਨ ਉਹ ਰਹੇ ਸਟੀਲ ਦੇ ਗਲਾਸ ਵਰਤਦੇ ਰਹੇ। ਫਿਰ........? ਅਸਾਂ ਪੁੱਛਿਆ, 'ਫਿਰ ਕੀ?' ਉਹ ਕਹਿਣ ਲੱਗਾ, 'ਜੀ ਉਨ੍ਹਾਂ ਦੇ ਜਾਣ ਮਗਰੋਂ ਉਹ ਗਲਾਸ ਸਾਨੂੰ ਲੱਭੇ ਨਹੀਂ, ਖਵਰਿਆ ਭੁਲੇਖੇ ਨਾਲ, ਨਾਲ ਈ ਚਲੇ ਗਏ।'

ਦੂਸਰੇ ਦਿਨ ਸਵੇਰੇ ਨਹਾ-ਧੋ ਕੇ ਅਸੀਂ ਬਾਜ਼ਾਰ ਵੱਲ ਨਿਕਲੇ ਤਾਂ ਜਿਹੜੀ ਵੀ ਦੁਕਾਨ 'ਤੇ ਜਾਈਏ 'ਬਾਬਾ ਜੀ ਲੰਘ ਆਓ, ਧੰਨ ਭਾਗ ਸਾਡੇ।' ਕਹਿ ਕੇ ਸਾਡਾ ਸੁਆਗਤ ਕੀਤਾ ਜਾਵੇ। ਜੇ ਅਸੀਂ ਅੱਗੇ ਤੁਰ ਪਈਏ ਤਾਂ ਉਹ ਰਾਜਸਥਾਨੀ ਆਖਣ, 'ਬਾਬਾ ਜੀ ਲਿਓ ਭਾਵੇਂ ਨਾ ਸਾਡੀ ਦੁਕਾਨ ਵਿਚ ਚਰਨ ਪਾ ਕੇ ਪਵਿੱਤਰ ਈ ਕਰ ਜਾਓ।' ਪੂਰੇ ਮਕਰਾਣੇ ਵਿਚ ਯਾਰਾਂ-ਬਾਰਾਂ ਹਜ਼ਾਰ ਤੋਂ ਉਤੇ ਰਜਿਸਟਰਡ ਦੁਕਾਨਾਂ ਮਾਰਬਲ ਦੀਆਂ ਹੋਣਗੀਆਂ। ਅਹਾਤੇ ਜਹੇ ਵਲ-ਵਲ ਕੇ ਸਾਰਿਆਂ ਨੇ ਆਪੋ-ਆਪਣਾ ਪੱਥਰ ਰੱਖਿਆ ਹੋਇਆ ਹੈ। ਘੱਟੋ-ਘੱਟ ਵੀਹ ਕਿਲੋਮੀਟਰ ਇਕ ਪਾਸੇ ਤੇ ਏਨਾ ਕੁ ਹੀ ਦੂਜੇ ਪਾਸੇ ਫੈਲੇ ਇਲਾਕੇ ਵਿਚ ਮਾਰਬਲ ਦੀਆਂ ਖਾਣਾਂ ਹਨ, ਡੁੰਗਰੀ, ਕੁਮਾਰੀ, ਮਾਤਾਵਰ, ਗੁਲਾਬੀ, ਅਲਬਰਟਾ ਪਿੰਕ ਤੇ ਅਲਬਰਟਾ ਵਾਈਟ। ਇਹ ਕਿਸਮਾਂ ਜ਼ਮੀਨ ਦੇ ਥੱਲਿਓਂ ਨਿਕਲਦੀਆਂ ਹਨ, ਕੋਈ ਵੀਹ ਹਜ਼ਾਰ ਤੋਂ ਉੱਤੇ

ਕਰੇਨਾਂ ਡੂੰਘਾਈ ਵਿਚੋਂ ਪੱਥਰ ਕੱਢਣ ਲਈ ਕੰਢਿਆਂ 'ਤੇ ਲਾਈਨਾਂ ਵਿਚ ਫਿੱਟ ਕੀਤੀਆਂ ਹੋਈਆਂ ਹਨ। ਹਰ ਇਕ ਦਾ ਸਮਰੱਥਾ ਅਨੁਸਾਰ ਖੇਤਰ ਹੈ, ਕਿਸੇ ਦਾ ਇਕ ਕਮਰੇ ਜਿੰਨਾ, ਕਿਸੇ ਦਾ ਦੋ ਕਮਰਿਆਂ ਜਿੰਨਾ। ਡੂੰਗਰੀ ਖਾਣ ਤਾਂ ਹੁਣ ਬਹੁਤ ਥੱਲੇ ਜਾ ਚੁੱਕੀ ਹੈ। ਥੱਲਿਓਂ ਪੱਥਰ ਦੀ ਕੁਆਲਿਟੀ ਤਾਂ ਬਹੁਤ ਵਧੀਆ ਹੈ ਪਰ ਕੱਢਣਾ ਹੁਣ ਬਹੁਤ ਔਖਾ ਹੋ ਗਿਆ ਹੈ। ਪੱਥਰ ਦੀ ਕੁਆਲਿਟੀ ਸਾਰੀਆਂ ਖਾਣਾਂ ਦੀ ਉੱਪਰ ਤੋਂ ਥੱਲੇ-ਥੱਲੇ ਜਾਂਦਿਆਂ ਵਧੀਆ ਹੁੰਦੀ ਜਾਂਦੀ ਹੈ। ਪੱਥਰ ਤੋੜਨ ਲਈ ਵੀ ਬੜਾ ਸਿਆਪਾ ਕਰਨਾ ਪੈਂਦਾ ਹੈ। ਪਹਿਲਾਂ ਜਿੱਡੇ ਪੱਥਰ ਦਾ ਟੁਕੜਾ ਕੱਢਣਾ ਹੋਵੇ, ਉਸਦੇ ਆਲੇ ਦੁਆਲੇ ਦੀ ਮਿਣਤੀ ਕਰਕੇ ਚਾਕ ਨਾਲ ਚੌਖਟਾ ਉਲੀਕਿਆ ਜਾਂਦਾ ਹੈ ਤੇ ਫਿਰ ਵੱਡੇ-ਵੱਡੇ ਵਰਮਿਆਂ ਨਾਲ ਇਕ-ਇਕ ਇੰਚ ਦੇ ਛੇਕ ਕੀਤੇ ਜਾਂਦੇ ਹਨ, ਜੋ ਥੱਲੇ ਤੱਕ ਕਾਫੀ ਡੂੰਘੇ ਹੁੰਦੇ ਹਨ। ਉਸ ਤੋਂ ਬਾਅਦ ਕਰੇਨ ਨਾਲ ਜਦੋਂ ਪੱਥਰ ਦਾ ਉਹ ਟੁਕੜਾ ਉੱਪਰ ਨੂੰ ਚੁੱਕਿਆ ਜਾਂਦਾ ਹੈ ਤਾਂ ਆਲੇ-ਦੁਆਲੇ ਛੇਕ ਕੱਢੇ ਹੋਣ ਕਰਕੇ ਪੱਥਰ ਓਥੋਂ ਟੁੱਟ ਜਾਂਦਾ ਹੈ ਤੇ ਥੱਲੇ ਵਾਲੇ ਪੱਥਰ ਨਾਲੋਂ ਵੀ ਵੱਖ ਹੋ ਜਾਂਦਾ ਹੈ। ਇਸ ਤਰ੍ਹਾਂ ਉਹ ਕਰੇਨ ਨਾਲ ਖਿੱਚ ਕੇ ਬਾਹਰ ਕੱਢਿਆ ਜਾਂਦਾ ਹੈ। ਕਾਰਖਾਨਿਆਂ ਵਿਚ ਲੈ ਜਾ ਕੇ ਜਿਥੇ ਹੀਰੇ ਦੀ ਟਿੱਪ ਵਾਲੇ ਪੰਜਾਹ-ਪੰਜਾਹ ਬਲੇਡ ਇਕੱਠੇ ਚਲਦੇ ਹਨ, ਇਸ ਪੱਥਰ ਦੀਆਂ ਡਬਲਰੋਟੀ ਦੇ ਸਲਾਈਸਾਂ ਵਾਂਗ ਪੌਣੀ-ਪੌਣੀ ਇੰਚ ਮੋਟੀਆਂ ਸਲੈਬਾਂ ਚੀਰ ਲਈਆਂ ਜਾਂਦੀਆਂ ਹਨ। ਰਾਜਸਥਾਨ ਸਰਕਾਰ ਨੂੰ ਰਿਆਲਟੀ ਦੇ ਤੌਰ 'ਤੇ ਹੀ ਕਰੋੜਾਂ ਰੁਪਏ ਰੋਜ਼ ਦੀ ਆਮਦਨ ਹੁੰਦੀ ਹੈ।

ਪਤਾ ਨਹੀਂ ਇਸ ਧਰਤੀ ਦੇ ਪੱਥਰ ਵਿਚ ਕੀ ਹੈ, ਇਸ ਨੇ ਸਾਰੇ ਪੰਜਾਬ ਤੇ ਨਾਲ ਲਗਦੇ ਹੋਰ ਸੂਬਿਆਂ ਦੇ ਸਾਧਾਂ ਨੂੰ ਆਪਣੇ ਵੱਸ ਵਿਚ ਕੀਤਾ ਹੋਇਆ ਹੈ। ਏਸ ਪੱਥਰ ਵਿਚ ਸਾਧਾਂ-ਸੰਤਾਂ ਦੀ ਜਾਨ ਹੈ। ਇਨ੍ਹਾਂ ਸੰਤਾਂ ਨੇ ਢੋਅ-ਢੋਅ ਕੇ ਪੱਥਰ ਰਾਜਸਥਾਨ ਦੀ ਜੂਨ ਸੁਆਰ ਦਿੱਤੀ ਹੈ। ਜੇ ਸਰਕਾਰ ਅੱਜ ਐਲਾਨ ਕਰ ਦੇਵੇ ਕਿ ਹੁਣ ਰਾਜਸਥਾਨ ਵਿਚੋਂ ਪੱਥਰ ਪੰਜਾਬ ਵਿਚ ਨਹੀਂ ਆ ਸਕੇਗਾ ਤਾਂ ਹੋ ਸਕਦਾ ਹੈ ਕਿ ਕਈ ਸਾਧ ਖਬਰ ਸੁਣਦਿਆਂ ਹੀ ਸਵਾਸ ਛੱਡ ਜਾਣ। ਬਹੁਤੇ ਕਾਰਸੇਵੀ ਸਾਧ ਤਾਂ ਇਸ ਕਰਕੇ ਵੀ ਸਰਕਾਰ ਦੇ ਜ਼ੁਲਮਾਂ ਅੱਗੇ ਜ਼ਬਾਨ ਨਹੀਂ ਖੋਲ੍ਹਦੇ ਕਿ ਕਿਤੇ ਮਕਰਾਣੇ ਤੋਂ ਆਉਣ ਵਾਲੇ ਪੱਥਰ 'ਤੇ ਸਰਕਾਰ ਪਾਬੰਦੀ ਹੀ ਨਾਂ ਲਾ ਦੇਵੇ। ਬੀਬੀ ਭਾਨੀ ਦਾ ਮਿੱਟੀ ਦਾ ਚੁੱਲ੍ਹਾ, ਜਿਹਦੇ ਲਗਪਗ ਸਾਢੇ ਤਿੰਨ ਸੌ ਸਾਲ ਸੰਗਤਾਂ ਦਰਸ਼ਨ ਕਰਦੀਆਂ ਰਹੀਆਂ ਹਨ, ਢਾਹ ਕੇ ਸੰਗਮਰਮਰ ਦਾ ਬਣਾ ਦਿੱਤਾ ਗਿਆ ਹੈ। ਸਭ ਪੁਰਾਤਨ ਇਤਿਹਾਸਕ ਥਾਵਾਂ 'ਤੇ ਪੱਥਰ ਹੀ ਪੱਥਰ (ਸੰਗਮਰਮਰ) ਥਪ ਦਿੱਤਾ ਗਿਆ ਹੈ। ਸਾਧ ਕਹਿੰਦੇ ਹਨ, ਸੰਗਮਰਮਰ ਤੋਂ ਬਿਨਾਂ ਗੁਰਦੁਆਰਾ ਕਾਹਦਾ? ਅੰਦਰ-ਬਾਹਰ, ਫਰਸ਼ਾਂ ਨੂੰ ਪੱਥਰ ਹੀ ਪੱਥਰ। ਗੁਰ-ਇਤਿਹਾਸ ਦੀ ਪੁਰਾਤਨਤਾ ਪੱਥਰਾਂ ਵਿਚ ਵਲੇਟ ਦਿੱਤੀ ਗਈ ਹੈ ਤੇ ਉਹ ਵੀ ਕਾਰਸੇਵਾ ਦੇ ਨਾਂ ਥੱਲੇ। ਇਹ ਕੰਮ ਤਾਂ ਕੋਈ ਦੁਸ਼ਟ ਤੋਂ ਦੁਸ਼ਟ ਸਰਕਾਰ ਤੇ ਏਥੋਂ ਤੱਕ ਕਿ ਅਹਿਮਦ ਸ਼ਾਹ ਅਬਦਾਲੀ ਤੇ ਮੀਰ ਮਨੂੰ ਵੀ ਨਹੀਂ ਸੀ ਕਰ ਸਕਦੇ, ਜੋ ਇਨ੍ਹਾਂ ਸਾਧਾਂ ਨੇ ਕਰ ਵਿਖਾਇਆ ਹੈ। ਜੇ ਸਤਿਗੁਰਾਂ ਨੂੰ ਪੱਥਰ ਨਾਲ ਕੋਈ ਪਿਆਰ ਹੁੰਦਾ ਤਾਂ ਉਹ ਰਾਜਸਥਾਨ ਵਿਚ ਹੀ ਜਨਮ ਨਾ ਲੈ ਲੈਂਦੇ? ਪਰ ਇਨ੍ਹਾਂ ਕਾਰ ਸੇਵਾ ਵਾਲੇ ਸਾਧਾਂ ਨੇ ਪੱਥਰ ਦਾ ਗੁਰੂ ਘਰ ਨਾਲ ਅਟੁੱਟ ਰਿਸ਼ਤਾ ਬਣਾ ਦਿੱਤਾ ਹੈ। ਸਿੱਖੀ ਨੂੰ ਛੇਤੀ ਹਿੰਦੂਕਰਣ ਵੱਲ ਲਿਜਾਣ ਵਿਚ ਪੱਥਰ ਦਾ ਵੀ ਵੱਡਾ ਹਿੱਸਾ ਹੈ। ਉਹ ਪੱਥਰ ਦੀਆਂ ਮੂਰਤੀਆਂ ਬਣਾਉਂਦੇ ਹਨ ਤੇ ਇਹ ਪਾਲਕੀਆਂ ਤੇ ਥੰਮ ਬਣਾ ਬਣਾ ਕੇ ਪੈਸਾ ਰੋੜ੍ਹੀ ਜਾਂਦੇ ਹਨ।

ਜਦੋਂ ਵੀ ਅਸੀਂ ਕਿਸੇ ਦੁਕਾਨ 'ਤੇ ਜਾਈਏ, ਉਹ ਬਹੁਤ ਪ੍ਰੇਮ ਕਰਨ। ਦੁਪਹਿਰ ਤੱਕ ਸਾਨੂੰ ਪਤਾ ਲਗ ਚੁੱਕਾ ਸੀ ਕਿ ਉਨ੍ਹਾਂ ਪੱਥਰ ਵੇਚਣ ਵਾਲੇ ਦੁਕਾਨਦਾਰਾਂ ਦਾ ਸਾਡੇ ਨਾਲ ਪ੍ਰੇਮ ਕਿਉਂ ਮੁੜਦਾ ਹੈ। ਜਿਵੇਂ ਹਿੰਦੂ ਦਿਵਾਲੀ ਵਾਲੇ ਦਿਨ ਰਾਤ ਨੂੰ ਦਰਵਾਜੇ ਚੌੜ-ਚਪਟ ਖੁੱਲ੍ਹੇ ਰੱਖਦੇ ਹਨ ਕਿ ਰਾਤ ਨੂੰ ਲਛਮੀ ਆਵੇਗੀ ਤੇ ਘਰ ਹੀਰੇ-ਜਵਾਹਰਾਤਾਂ ਤੇ ਧਨ ਨਾਲ ਭਰ ਜਾਵੇਗਾ। ਏਸੇ ਤਰ੍ਹਾਂ ਹੀ ਇਨ੍ਹਾਂ ਨੂੰ ਪਤਾ ਹੈ ਕਿ ਜੇ ਸਿੱਖਾਂ ਨੇ ਅਹਾਤੇ ਵਿਚ ਪੈਰ ਪਾ ਲਿਆ ਤੇ ਅਸਾਂ ਆਪਣੀਆਂ ਚਿਕਨੀਆਂ-ਚੌਪੜੀਆਂ ਤੇ ਧੰਦੇ ਦੀਆਂ ਕਸਮਾਂ ਖਾ-ਖਾ ਕੇ ਇਨ੍ਹਾਂ ਨੂੰ ਭਰਮਾ ਲਿਆ ਤਾਂ ਫਿਰ ਅਗਲੇ ਛੇ ਮਹੀਨੇ ਬਹਿ ਕੇ ਖਾ ਸਕਦੇ ਹਾਂ, ਦੁਕਾਨਦਾਰੀ ਕਰਨ ਤੇ ਦੁਕਾਨ ਖੋਲ੍ਹਣ ਦੀ ਕੋਈ ਲੋੜ ਨਹੀਂ। ਐਸਾ ਚਮਤਕਾਰ ਓਥੇ ਕਈ ਵਾਰ ਹੋ ਚੁੱਕਾ ਹੈ, ਜਦੋਂ ਬਾਬਿਆਂ ਦੀ ਕਿਸੇ 'ਤੇ ਨਜਰ ਸਵੱਲੀ ਹੋਈ ਤਾਂ ਉਨ੍ਹਾਂ ਨੇ ਉਸ ਦੁਕਾਨਦਾਰ ਦੀ ਕਈਆਂ ਸਾਲਾਂ ਦੀ ਬੇਕਾਰ ਪਈ ਰਹਿੰਦ-ਖੂੰਹਦ ਤਿੱਗਣੇ-ਚੌਗਣੇ ਭਾਅ ਦੇ ਕੇ ਖਰੀਦ ਲਈ। ਤੇ ਬਾਬਿਆਂ ਨੂੰ ਖੁਸ਼ ਕਾਹਦੇ ਨਾਲ ਕੀਤਾ, ਬਸ ਸਟੀਲ ਦੇ ਗਲਾਸ, 'ਬਾਬਾ ਜੀ-ਬਾਬਾ ਜੀ' ਵਰਗੇ ਸ਼ਬਦ ਤੇ ਬਾਬਾ ਜੀ ਦੇ ਚਰਨਾਂ 'ਤੇ ਹੱਥ ਲਾ ਕੇ ਤੇ ਆਪਣੇ ਮੱਥੇ 'ਤੇ ਲਾ ਕੇ ਕਿਹਾ, 'ਬਾਬਾ ਜੀ ਅੱਜ ਮੈਂ ਧੰਨ ਹੋ ਗਿਆ ਹਾਂ, ਵੇਖੋ ਮੇਰਾ ਸਰੀਰ ਕਿੱਦਾਂ ਠੰਢਾਠਾਰ ਹੋ ਗਿਆ ਹੈ।' ਉਸ ਨੇ ਕਿਹਾ, 'ਬਾਬਾ ਜੀ ਮੈਂ ਸਾਰੀ ਜ਼ਿੰਦਗੀ ਵਿਚ ਬਹੁਤ ਕਮਾਈ ਕੀਤੀ ਹੈ ਪਰ ਕਸਮ ਹੈ ਧੰਦੇ ਦੀ, ਅੱਜ ਮੈਂ ਤੁਹਾਡੇ ਕੋਲੋਂ ਇਕ ਪੈਸਾ ਵੀ ਨਹੀਂ ਕਮਾਉਣਾ, ਬੱਸ ਮੇਰੇ ਸਿਰ 'ਤੇ ਮਿਹਰ ਭਰਿਆ ਹੱਥ ਰੱਖੋ।' ਕਈ ਬਾਬੇ ਉਨ੍ਹਾਂ ਨੇ ਤਾਜ਼ੀ ਮੁੰਨੀ ਭੇਡ ਵਾਂਗ ਓਥੋਂ ਮੁੰਨ ਕੇ ਘੱਲੇ ਹਨ ਤੇ ਬਾਬਾ ਜੀ ਦਾ ਵੀ ਕੀ ਗਿਆ?

ਇਕ ਵਾਰ ਇਕ ਬਾਬੇ ਨੂੰ ਉਨ੍ਹਾਂ ਨੇ ਕੱਚਾ ਪੱਥਰ ਦੇ ਦਿੱਤਾ। (ਉਹ ਸੰਗਮਰਮਰ ਬਿਲਕੁਲ ਕੱਚਾ ਹੁੰਦਾ ਹੈ ਤੇ ਹੱਥ ਨਾਲ ਭੋਰਿਆਂ ਭੁਰ ਜਾਂਦਾ ਹੈ ਤੇ ਬਿਲਕੁਲ ਖੰਡ ਵਰਗੇ ਦਾਣੇ ਬਣ ਜਾਂਦੇ ਹਨ) ਬਾਬੇ ਨੇ ਬਦਨਾਮੀ ਤੋਂ ਡਰਦੇ ਨੇ ਦੋ ਟਰੱਕ ਮਾਰਬਲ ਵੱਡਾ ਸਾਰਾ ਟੋਆ ਕੱਢਵਾ ਕੇ ਵਿਚ ਨੱਪ ਦਿੱਤਾ ਤੇ ਦੂਜੇ ਦਿਨ ਹੋਰ ਪੱਥਰ ਲੈਣ ਮਕਰਾਣੇ ਚਲਾ ਗਿਆ। ਇਹ ਬਾਬੇ ਤਾਂ ਕੀ ਪੰਜਾਬ ਦਾ ਕੋਈ ਐਸਾ ਮਾਰਬਲ ਵੇਚਣ ਵਾਲਾ ਦੁਕਾਨਦਾਰ ਵੀ ਨਹੀਂ ਹੋਵੇਗਾ, ਜਿਹੜਾ ਛਾਤੀ 'ਤੇ ਹੱਥ ਰੱਖ ਕੇ ਆਖ ਸਕੇ ਕਿ ਮਕਰਾਣੇ ਤੇ ਰਾਜਗੜ੍ਹ ਤੋਂ ਪੱਥਰ ਲਿਆਉਣ ਲਗਿਆਂ ਉਸ ਨਾਲ ਕਦੇ ਕੋਈ ਧੋਖਾ ਨਹੀਂ ਹੋਇਆ। ਮੈਂ ਵੀ ਓਥੋਂ ਕਈ ਵਾਰ ਪੱਥਰ ਲਿਆਇਆ ਹਾਂ ਪਰ ਫਿਰ-ਫਿਰ ਕੇ ਖੁੱਚਾਂ ਨਿਕਲ ਜਾਂਦੀਆਂ ਹਨ। ਪਹਿਲੇ ਚਾਰ ਦਿਨ ਤਾਂ ਦੁਕਾਨ-ਦੁਕਾਨ 'ਤੇ ਜਾ ਕੇ ਭਾਅ ਪੁੱਛ-ਪੁੱਛ ਕੇ ਜਦੋਂ ਪੱਕੀ ਤਸੱਲੀ ਹੋ ਜਾਵੇ ਤਾਂ ਫੇਰ ਵੀ ਇਕ ਦੁਕਾਨ ਤੋਂ ਸਿਰਫ ਇਕ ਟਰੱਕ ਹੀ ਲੈਂਦਾ ਰਿਹਾ ਹਾਂ ਤਾਂ ਜਾ ਕੇ ਕਿਤੇ ਧੋਖਾ ਹੋਣ ਤੋਂ ਬਚਾਅ ਹੁੰਦਾ ਸੀ। ਕਈ ਵਾਰ ਤਾਂ ਕਈਆਂ ਵਪਾਰੀਆਂ ਨਾਲ ਐਸਾ ਵੀ ਹੋਇਆ ਹੈ ਕਿ ਉਨ੍ਹਾਂ ਨੇ ਪੱਥਰ ਪਸੰਦ ਕਰ ਲਿਆ, ਬਲਕਿ ਟਰੱਕਾਂ ਵਿਚ ਲਦਵਾ ਕੇ ਕਾਗਜ਼-ਪੱਤਰ ਤੇ ਬਿਲਟੀਆਂ ਬਣਵਾ ਕੇ ਡਰਾਈਵਰਾਂ ਨੂੰ ਦੇ ਦਿੱਤੀਆਂ ਤੇ ਜਦੋਂ ਟਰੱਕ ਚਾਲ੍ਹੀ-ਪੰਜਾਹ ਕਿਲੋਮੀਟਰ ਮਕਰਾਣੇ ਤੋਂ ਬਾਹਰ ਆ ਗਿਆ ਤਾਂ ਵਪਾਰੀ ਦੇ ਮਨ ਵਿਚ ਖਿਆਲ ਆਇਆ ਕਿ ਹੁਣ ਇਹ ਕੀ ਕਰ ਸਕਦਾ ਹੈ, ਹੁਣ ਕਿਵੇਂ ਹੇਰਾਫੇਰੀ ਹੋ ਸਕਦੀ ਹੈ, ਬੰਦਾ ਨਿਸਚਿੰਤ ਹੋ ਕੇ ਟਰੱਕ ਤੋਂ ਵੱਖ ਹੋ ਗਿਆ ਤੇ ਕਾਰ 'ਤੇ ਘਰ ਆ ਗਿਆ ਪਰ ਜਦੋਂ ਟਰੱਕ ਦਾ ਮਾਲ ਲਾਹਿਆ ਤਾਂ ਸਾਰਾ ਈ ਹੋਰ।

ਹੋਇਆ ਇਹ ਕਿ ਮਾਲਕ ਦੇ ਟਰੱਕ ਤੋਂ ਵੱਖ ਹੁੰਦਿਆਂ ਹੀ ਡਰਾਈਵਰ ਜੋ ਪਹਿਲਾਂ

ਹੀ ਦੁਕਾਨ ਵਾਲਿਆਂ ਨਾਲ ਰਲਿਆ ਹੁੰਦਾ ਹੈ, ਟਰੱਕ ਨੂੰ ਫਿਰ ਮੋੜ ਕੇ ਓਸੇ ਹੀ ਦੁਕਾਨ 'ਤੇ ਲੈ ਜਾਂਦਾ ਹੈ, ਲੱਦਣ ਦੀ ਮਜ਼ਦੂਰੀ ਸਿਰਫ 500 ਰੁਪਏ ਫੀ ਟਰੱਕ ਹੀ ਹੈ। ਇਸ ਤਰ੍ਹਾਂ ਲਾਹ ਕੇ ਦੁਬਾਰਾ ਲੱਦਣ ਦਾ ਇਕ ਹਜ਼ਾਰ ਰੁਪਿਆ ਖਰਚਾ ਪੈ ਗਿਆ ਪਰ ਚਾਰ ਲੱਖ ਵਾਲਾ ਟਰੱਕ ਅੱਸੀ ਹਜ਼ਾਰ ਦੇ ਮਾਲ ਨਾਲ ਬਦਲਿਆ ਗਿਆ। ਟਰੱਕ ਡਰਾਈਵਰ ਨੂੰ ਵੀ ਉਹਦਾ ਹਿੱਸਾ ਮਿਲ ਗਿਆ। ਸਭ ਤੋਂ ਵੱਡੀ ਗੱਲ ਤਾਂ ਇਹ ਹੁੰਦੀ ਹੈ ਕਿ ਬੰਦੇ ਦੇ ਆਪ ਹੀ ਇਹ ਗੱਲ ਮੰਨਣ ਵਿਚ ਨਹੀਂ ਆਉਂਦੀ ਕਿ ਉਸ ਨਾਲ ਕੋਈ ਧੋਖਾ ਹੋਇਆ ਹੈ ਕਿਉਂਕਿ ਉਹੋ ਟਰੱਕ, ਉਹੋ ਬਿਲਟੀਆਂ ਫਿਰ ਟਰੱਕ ਦੇ ਨਾਲ ਉਹ ਆਪ ਆਇਆ ਸੀ। ਮੰਨਣ ਵਿਚ ਆਵੇ ਵੀ ਕਿਵੇਂ? ਹੁਣ ਤਾਂ ਓਥੇ ਇਕ ਗੁਰਦੁਆਰਾ ਵੀ ਬਣ ਗਿਆ ਹੈ। ਸੁਣਿਆ ਹੈ ਕਿ ਉਹਦਾ ਭਾਈ (ਗ੍ਰੰਥੀ) ਵੀ ਦਲਾਲੀ ਕਰਦਾ ਹੈ। ਹਿਸਾਬ ਕਰਨ ਲੱਗਿਆਂ ਵੀ ਲੇਖਿਓਂ-ਭੁਲੇਖਿਓਂ ਹੇਰਾਫੇਰੀ ਹੁੰਦੀ ਹੈ। ਹਿਸਾਬ ਬਨਾਉਣ ਵਾਲਾ ਮੁਨੀਮ ਵੀ ਨਾਲ ਰਲਿਆ ਹੁੰਦਾ ਹੈ। ਜੇ ਕਿਸੇ ਨੇ ਗਲਤੀ ਫੜ ਲਈ ਤਾਂ ਕਹਿ ਦਿੱਤਾ, ਗਲਤੀ ਲੱਗ ਗਈ ਹੈ, ਜੇ ਨਾ ਫੜਿਆ ਜਾਵੇ ਤਾਂ ਟਾਂਕਾ ਲੱਗ ਗਿਆ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਕੱਟਪੀਸ ਮਾਲ, ਜਿਸ ਨੂੰ ਇਹ ਅੰਡਰਸਾਈਜ਼ ਤੇ ਅੜੰਗਾ ਕਹਿੰਦੇ ਹਨ, ਅੱਗੇ ਚੰਗਾ ਤੇ ਪਿੱਛੇ ਸਾਰਾ ਮਾੜਾ ਲੱਗਾ ਹੁੰਦਾ ਹੈ। ਪਮਾਇਸ਼ ਕਰਨ ਵਾਲੇ ਫੀਤੇ ਵਿਚ ਵੀ ਗੜਬੜ ਹੁੰਦੀ ਹੈ। ਇਹ ਫੀਤੇ ਦਿੱਲੀਓਂ ਬੜੀ ਆਸਾਨੀ ਨਾਲ ਹੀ ਮਿਲ ਜਾਂਦੇ ਹਨ, ਜਲੰਧਰ ਵਿਚ ਵੀ ਮਿਲਦੇ ਹਨ ਤੇ ਇਸ ਗੱਲ ਬਾਰੇ ਤਾਂ ਆਮ ਆਦਮੀ ਸੋਚ ਵੀ ਨਹੀਂ ਸਕਦਾ।

ਮੇਰਾ ਇਕ ਮਿੱਤਰ ਪੱਥਰ ਲੈਣ ਲਈ ਮੈਨੂੰ ਨਾਲ ਲੈ ਗਿਆ। ਜਦੋਂ ਪੱਥਰ ਦੀ ਪਮਾਇਸ਼ ਹੋ ਰਹੀ ਸੀ ਤਾਂ ਮੈਨੂੰ ਫੀਤੇ 'ਤੇ ਸ਼ੱਕ ਪਿਆ। ਉਸ ਦਿਨ ਐਤਵਾਰ ਸੀ ਪਰ ਕਰ-ਕਰਾ ਕੇ ਇਕ ਦੁਕਾਨ ਤੋਂ ਨਵਾਂ ਫੀਤਾ ਲੱਭ ਹੀ ਪਿਆ। ਜਦੋਂ ਮਿਣਿਆ ਤਾਂ ਦੁਕਾਨ ਵਾਲੇ ਦੇ ਫੀਤੇ ਦੇ ਪਹਿਲੇ ਤਿੰਨ ਫੁੱਟਾਂ ਵਿਚ ਤਿੰਨ ਇੰਚ ਦਾ ਫਰਕ ਨਿਕਲਿਆ। ਟਰੱਕਾਂ ਦੇ ਹਿਸਾਬ ਨਾਲ ਮਾਲ ਲਿਆ ਜਾਵੇ ਤਾਂ ਹਿਸਾਬ ਲਾਓ ਕਿੰਨੀ ਹੇਰਾਫ਼ੇਰੀ ਹੋਈ? ਮੈਂ ਹਰ ਵਾਰ ਆਪਣੇ ਨਾਲ ਆਪਣਾ ਕੈਲਕੂਲੇਟਰ ਤੇ ਆਪਣਾ ਫੀਤਾ ਲੈ ਕੇ ਜਾਂਦਾ ਰਿਹਾ ਹਾਂ। ਗੁਰੂ ਦੀ ਕ੍ਰਿਪਾ ਨਾਲ ਫੂਕ-ਫੂਕ ਕੇ ਕਦਮ ਰੱਖਣ ਨਾਲ ਤੇ ਕਈ ਦੁਕਾਨਾਂ ਤੋਂ ਥੋੜ੍ਹਾ-ਥੋੜ੍ਹਾ ਮਾਲ ਲੈਣ ਕਰਕੇ ਬਚਾਅ ਹੋ ਜਾਂਦਾ ਰਿਹਾ ਹੈ। ਫਿਰ ਮੇਰੇ ਕੋਲ ਤਾਂ ਆਪਣੀ ਹੱਕ-ਹਲਾਲ ਦੀ ਕਮਾਈ ਦੇ ਪੈਸੇ ਸਨ। ਬਾਬਿਆਂ ਵਾਂਗ ਖੁੱਲ੍ਹਾ ਪੈਸਾ ਤਾਂ ਹੁੰਦਾ ਹੀ ਨਹੀਂ ਸੀ ਕਿ ਗੁਰੂ ਦੇ ਨਾਂਅ 'ਤੇ ਲੁਟਾ ਦਿੱਤਾ ਜਾਂਦਾ। ਕਈ ਵਾਰ ਜਿਨ੍ਹਾਂ ਨਾਲ ਹੇਰਾਫੇਰੀ ਹੁੰਦੀ ਹੈ, ਉਹ ਆਪ ਵੀ ਥੋੜ੍ਹੇ ਜਹੇ ਕਾਣੇ ਹੁੰਦੇ ਹਨ। ਟੈਕਸ ਬਚਾਉਣ ਕਰਕੇ ਡੂੰਗਰੀ ਦੇ ਮਾਰਬਲ ਦੀ ਥਾਂ ਸਭ ਤੋਂ ਘੱਟ ਕੀਮਤ ਵਾਲਾ ਤੇ ਸਸਤਾ ਮਾਰਬਲ ਕੁਮਾਰੀ ਲਿਖਵਾ ਲਿਆ ਜਾਂਦਾ ਹੈ। ਦੁਕਾਨਦਾਰ ਹੀ ਇਹ ਸਲਾਹ ਦੇਂਦਾ ਹੈ। ਟੈਕਸ ਬਚਣ ਦਾ ਲਾਲਚ ਖਰੀਦਦਾਰ ਨੂੰ ਵੀ ਹੁੰਦਾ ਹੈ। ਹੁਣ ਜੇ ਰੌਲਾ ਪੈ ਵੀ ਜਾਵੇ ਤਾਂ ਜੋ ਬਿਲਟੀ 'ਤੇ ਲਿਖਿਆ ਹੁੰਦਾ ਹੈ, ਉਹ ਸਾਮਾਨ ਹੀ ਟਰੱਕ ਵਿਚ ਲੱਦਿਆ ਹੁੰਦਾ ਹੈ। ਏਹੋ ਜਹੇ ਕੇਸ ਦਾ ਬਣਦਾ ਵੀ ਕੁਝ ਨਹੀਂ। ਧੋਖਾ ਕਰਨ ਦਾ ਇਕ ਤਰੀਕਾ ਹੋਰ ਇਹ ਹੈ ਕਿ ਇੰਡਸਟਰੀਅਲ ਏਰੀਏ ਦੇ ਨੇੜੇ ਇਕ ਬਦਿਆਦ ਨਾਂ ਦੇ ਪਿੰਡ ਕੋਲ ਨਵੀਂ ਮਾਰਬਲ ਦੀ ਖਾਣ ਪੁੱਟੀ ਗਈ ਹੈ। ਇਸ ਮਾਰਬਲ ਦਾ ਰੰਗ ਥੋੜ੍ਹਾ ਜਿਹਾ ਭੂਰਾ ਹੈ। ਰਾਜਸਥਾਨ ਸਰਕਾਰ ਦੀ ਨਵੀਂ ਨੀਤੀ ਅਨੁਸਾਰ ਇੰਡਸਟ੍ਰੀਅਲ ਏਰੀਏ ਦੇ ਨਵੇਂ ਅਬਾਦ ਹੋਏ ਇਲਾਕੇ ਵਿਚ ਕੋਈ ਰਿਆਲਟੀ ਜਾਂ ਸੇਲਜ਼ ਟੈਕਸ ਨਹੀਂ ਲਿਆ ਜਾਂਦਾ। ਆਮ ਆਦਮੀ ਨੂੰ ਕਿਉਂਕਿ ਇਸ ਦਾ

ਪਤਾ ਹੀ ਨਹੀਂ, ਇਸ ਲਈ ਸਾਰੇ ਖਰਚੇ ਗਿਣ ਕੇ ਫੀ ਟਰੱਕ ਤੀਹ-ਚਾਲੀ ਹਜ਼ਾਰ ਰੁਪਏ ਸੇਲ ਟੈਕਸ ਤੇ ਰਿਆਲਟੀ ਵੀ ਦੁਕਾਨਦਾਰ ਲੈ ਲੈਂਦਾ ਹੈ। ਬਾਕੀ ਸਾਰੀਆਂ ਬਿਲਟੀਆਂ ਵਗੈਰਾ ਦੀਆਂ ਰਸੀਦਾਂ ਦੇ ਦੇਂਦਾ ਹੈ ਪਰ ਇਹ ਰਸੀਦਾਂ ਦੇਣ ਦੀ ਗੱਲ ਟਾਲ ਜਾਂਦਾ ਹੈ। ਇਸ ਵਿਚ ਵੀ ਦੁਕਾਨਦਾਰ, ਟਰਾਂਸਪੋਰਟਰ, ਮੁਨੀਮ ਤੇ ਸਰਕਾਰੀ ਮਹਿਕਮੇ ਵਾਲੇ ਰਲੇ ਹੁੰਦੇ ਹਨ ਤੇ ਇਸ ਤਰ੍ਹਾਂ ਵੀ ਧੋਖਾ ਹੋ ਜਾਂਦਾ ਹੈ।

ਏਸੇ ਤਰ੍ਹਾਂ ਹੀ ਮਕਰਾਣੇ ਤੋਂ ਕੋਈ ਸੱਠ ਕਿਲੋਮੀਟਰ ਜੈਪੁਰ ਵੱਲ ਨੂੰ ਇਕ ਕਿਸ਼ਨਗੜ੍ਹ ਨਾਂਅ ਦੀ ਮਾਰਬਲ ਦੀ ਬਹੁਤ ਵੱਡੀ ਮੰਡੀ ਹੈ। ਵੱਡੀ ਸੜਕ ਦੇ ਉਤੇ ਹੋਣ ਕਰਕੇ ਇਹ ਮਸ਼ਹੂਰ ਵੀ ਬਹੁਤ ਹੈ। ਏਥੇ ਮਕਰਾਣੇ ਤੋਂ ਕਈ ਗੁਣਾਂ ਵੱਧ ਮਾਰਬਲ ਵਿਕਦਾ ਹੈ ਪਰ ਇਸ ਮੰਡੀ ਦਾ ਕਰੀਬ 95 ਫੀਸਦੀ ਪੱਥਰ ਜਿਸ ਨੂੰ ਮਾਰਬਲ ਹੀ ਕਿਹਾ ਜਾਂਦਾ ਹੈ, ਅਸਲ ਵਿਚ ਮਾਰਬਲ ਨਹੀਂ ਹੁੰਦਾ, ਪੱਥਰ ਹੁੰਦਾ ਹੈ। ਇਸ ਦਾ ਫਰਕ ਇਹ ਹੈ ਕਿ ਇਸ ਮੰਡੀ ਦਾ ਪੱਥਰ ਰਾਜਗੜ੍ਹ ਨਾਂਅ ਦੇ ਇਕ ਮਸ਼ਹੂਰ ਸਥਾਨ ਮੋਰਾਵੜ ਦੀਆਂ ਪਹਾੜੀਆਂ ਵਿਚੋਂ ਨਿਕਲਦਾ ਹੈ। ਇਹ ਹੀ ਦੋਵਾਂ ਦਾ ਫਰਕ ਹੈ। ਇਹ ਪਹਾੜੀਆਂ ਨੂੰ ਤੋੜ ਕੇ ਕੱਢਿਆ ਜਾਂਦਾ ਹੈ। ਅਰਥਾਤ ਜ਼ਮੀਨ ਦੇ ਉਪਰੋਂ ਨਿਕਲਦਾ ਹੈ, ਜਦੋਂ ਕਿ ਮਕਰਾਣੇ ਦਾ ਮਾਰਬਲ ਜ਼ਮੀਨ ਪੁੱਟ ਕੇ ਖਾਣ ਵਾਂਗ ਜ਼ਮੀਨ ਦੇ ਥੱਲਿਓਂ ਕੱਢਿਆ ਜਾਂਦਾ ਹੈ। ਪੱਥਰ ਤੇ ਮਾਰਬਲ ਦਾ ਪਤਾ ਲਾਉਣਾ ਹੋਵੇ ਤਾਂ ਪੱਥਰ 'ਤੇ ਕੋਈ ਵੀ ਪੀਣ ਵਾਲਾ ਪਦਾਰਥ ਜਿਵੇਂ ਕੋਕਾ ਕੋਲਾ, ਪੈਪਸੀ, ਲਿਮਕਾ ਆਦਿ ਡੋਲ੍ਹ ਦਿੱਤਾ ਜਾਵੇ ਤੇ ਉਤੇ ਨਿੰਬੂ ਨਚੋੜ ਦਿੱਤਾ ਜਾਵੇ, ਪੂੰਝਣ 'ਤੇ ਜੇ ਪੀਲਾ ਹੋ ਗਿਆ ਤਾਂ ਸਮਝੋ ਪੱਥਰ ਹੈ। ਜਿਥੋਂ ਇਹ ਪੱਥਰ ਕੱਢਿਆ ਜਾਂਦਾ ਹੈ ਤੇ ਜਿਥੇ ਲਿਆਂ ਕੇ ਵੇਚਿਆ ਜਾਂਦਾ ਹੈ, ਇਸ ਦਾ ਫਾਸਲਾ ਦੋ ਸੌ ਕਿਲੋਮੀਟਰ ਦਾ ਹੈ। ਅਸਲ ਵਿਚ ਇਸ ਸਾਰੇ ਪਥਰ ਦਾ ਏਕਾਅਧਿਕਾਰ ਇਕ ਆਰ.ਕੇ.ਮਾਰਬਲ ਨਾਂਅ ਦੀ ਫਰਮ ਕੋਲ ਹੈ। ਇਹ ਹੀ ਸਾਰੇ ਦੁਕਾਨਦਾਰਾਂ ਨੂੰ ਪੱਥਰ ਅਲਾਟ ਕਰਦੇ ਹਨ। ਇਨ੍ਹਾਂ ਦਾ ਮੁੱਖ ਦਫਤਰ ਕਿਸ਼ਨਗੜ੍ਹ ਵਿਚ ਹੈ ਤੇ ਇਨ੍ਹਾਂ ਦੇ ਦਫਤਰ ਦੀ ਇਮਾਰਤ 'ਤੇ ਚਾਰ ਕਰੋੜ ਰੁਪਿਆ ਲੱਗ ਚੁੱਕਾ ਹੈ ਤੇ ਅਜੇ ਇਸ ਦੀ ਸਾਜ-ਸਜਾਵਟ 'ਤੇ ਕਹਿੰਦੇ ਹਨ ਤਿੰਨ ਕਰੋੜ ਰੁਪਏ ਹੋਰ ਲੱਗਣੇ ਹਨ। ਬਾਕੀ ਸਾਰੇ ਦੁਕਾਨਦਾਰ ਇਕ ਤਰ੍ਹਾਂ ਨਾਲ ਇਨ੍ਹਾਂ ਦੇ ਏਜੰਸੀ ਹੋਲਡਰ ਹਨ।

ਪੱਥਰ ਦੀ ਸਲੈਬ ਦੀ ਮੁਟਾਈ ਛੇ ਸੂਤ ਅਰਥਾਤ 3/4" ਹੁੰਦੀ ਹੈ ਪਰ ਅੱਜਕਲ੍ਹ ਪੰਜ ਸੂਤ ਵੀ ਚੀਰਨ ਲੱਗ ਪਏ ਹਨ। ਚਰਾਈ ਵੀ ਦੋ ਤਰ੍ਹਾਂ ਦੀ ਹੁੰਦੀ ਹੈ, ਇਕ ਸਾਧਾਰਨ ਬਲੇਡਾਂ ਨਾਲ ਤੇ ਦੂਸਰੀ ਹੀਰੇ ਦੇ ਟਿੱਪ ਵਾਲੇ ਬਲੇਡਾਂ ਨਾਲ। ਉਪਰੋਕਤ ਲਿਖੀ ਸਾਰੀ ਬਕਬਕ ਤੋਂ ਕਹਿਣ ਦਾ ਮਤਲਬ ਸਿਰਫ ਇਹ ਹੀ ਹੈ ਕਿ ਇਹ ਇਕ ਬਹੁਤ ਵੱਡਾ ਜਾਲ ਹੈ ਤੇ ਹਰ ਥਾਂ ਧੋਖਾ ਹੋਣ ਦਾ ਡਰ ਹੈ। ਅਨਪੜ੍ਹ ਆਦਮੀ ਦੇ ਵੱਸ ਦਾ ਇਹ ਕੰਮ ਨਹੀਂ। ਹੁਣ ਮੈਂ ਇਹ ਦੱਸਦਾ ਹਾਂ ਕਿ ਕਿੰਨੇ ਸਾਧ ਓਥੇ ਪੱਥਰ ਲੈਣ ਗਏ ਲੁੱਟੇ-ਪੁੱਟੇ ਗਏ ਹਨ ਪਰ ਸ਼ਰਮ ਦੇ ਮਾਰੇ ਇਨ੍ਹਾਂ ਨੇ ਏਥੇ ਆ ਕੇ ਕਿਸੇ ਕੋਲ ਧੂੰ ਨਹੀਂ ਕੱਢਿਆ ਤੇ ਨੁਕਸਾਨ ਜਰ ਲਿਆ। ਕਈਆਂ ਸਾਧਾਂ ਨੇ ਓਥੋਂ ਦੇ ਥਾਣੇ ਵਿਚ ਦੁਕਾਨਾਂਦਾਰਾਂ ਦੇ ਖਿਲਾਫ ਰਿਪੋਰਟਾਂ ਵੀ ਲਿਖਵਾਈਆਂ ਹਨ। ਉਨ੍ਹਾਂ ਫਰਮਾਂ ਨੂੰ ਬਲੈਕ ਲਿਸਟ ਕੀਤਾ ਗਿਆ ਹੈ ਅਤੇ ਉਹਨਾਂ ਦੇ ਖਿਲਾਫ ਪੁਲਿਸ ਨੇ ਵੱਖ-ਵੱਖ ਥਾਣਿਆਂ ਵਿਚ ਧੋਖਾਧੜੀ ਦੇ ਕੇਸ ਦਰਜ ਕੀਤੇ ਹਨ ਪਰ ਫਿਰ ਵੀ ਨਵੇਂ ਆਉਣ ਵਾਲੇ ਲੋਕ ਫਸ ਜਾਂਦੇ ਹਨ। ਇਸ ਲਈ ਇਹ ਸਾਧ ਇਹ ਨਹੀਂ ਕਹਿ ਸਕਦੇ ਕਿ ਇਹਨਾਂ ਨਾਲ ਕਦੀ ਕਿਸੇ ਨੇ ਧੋਖਾ ਨਹੀਂ ਕੀਤਾ। ਇਨ੍ਹਾਂ ਦੁਕਾਨਦਾਰਾਂ ਦੇ ਠੱਗੀ ਦੇ ਢੰਗ ਵੀ ਵੱਖਰੇ-

ਵੱਖਰੇ ਹਨ। ਕੋਈ ਕਹਿੰਦਾ ਹੈ, ਮੈਂ ਇਹ ਕੰਮ ਹੀ ਬੰਦ ਕਰ ਦਿੱਤਾ ਹੈ ਤੇ ਮਾਲ ਵੇਚ ਕੇ ਵਿਹਲਾ ਹੋਣਾ ਚਾਹੁੰਦਾ ਹਾਂ। ਕੋਈ ਕਹਿੰਦਾ ਹੈ ਤਿਉਹਾਰ ਸਿਰ 'ਤੇ ਆ ਗਿਆ ਹੈ ਤੇ ਮਜਦੂਰਾਂ ਨੂੰ ਪੈਸੇ ਦੇਣੇ ਹਨ, ਇੱਜ਼ਤ ਬਚਾਉਣ ਲਈ ਸਸਤਾ ਵੇਚ ਰਿਹਾ ਹਾਂ। ਕੋਈ ਇਕ-ਇਕ ਸਾਹ ਵੀਹ-ਵੀਹ ਸਹੁੰਆਂ ਖਾਂਦਾ ਹੈ। 'ਕਸਮ ਹੈ ਧੰਦੇ ਕੀ', ਇਹ ਆਮ ਗੱਲ ਹੈ।

ਮੇਰੇ ਕੋਲ ਵੀ ਇਕ ਦੁਕਾਨਦਾਰ ਨੇ ਬੜੀਆਂ ਸਹੁੰਆਂ ਖਾਧੀਆਂ ਪਰ ਮੈਂ ਕੋਈ ਧਿਆਨ ਨਾ ਦਿੱਤਾ, ਤਾਂ ਉਸ ਨੇ ਕਿਹਾ ਕਿ ਮੈਂ ਏਨੀਆਂ ਕਸਮਾਂ ਖਾਧੀਆਂ ਹਨ, ਤੁਸੀਂ ਮੇਰੀ ਗੱਲ ਕਿਉਂ ਨਹੀਂ ਮੰਨਦੇ। ਮੈਂ ਕਿਹਾ, 'ਚੋਰਾਂ, ਯਾਰਾਂ, ਆਸ਼ਕਾਂ, ਕਸਮਾਂ ਨਾਲ ਵਿਹਾਰ। ਕਸਮਾਂ ਖਾਣੀਆਂ ਤਾਂ ਤੁਹਾਡਾ ਧੰਦਾ ਹੈ ਪਰ ਇਹ ਹੀ ਕਸਮਾਂ ਜਦੋਂ ਇਹ ਸਾਧਾਂ-ਸੰਤਾਂ ਅੱਗੇ ਖਾਂਦੇ ਹਨ ਤਾਂ ਇਹ ਉਨ੍ਹਾਂ ਦੇ ਧੋਖੇ ਦਾ ਸ਼ਿਕਾਰ ਹੋ ਜਾਂਦੇ ਹਨ। ਦੂਜੀ ਗੱਲ ਇਹ ਕਿ ਸੰਗਤਾਂ ਦਾ ਪੈਸਾ ਹੁੰਦਾ ਹੈ ਤੇ ਇਨ੍ਹਾਂ ਦੇ ਚੋਲੇ ਦੇ ਦੋਹੀਂ ਪਾਸੀਂ ਬੋਝੇ ਏਨੇ-ਏਨੇ ਵੱਡੇ ਹੁੰਦੇ ਹਨ ਕਿ ਚਾਰ-ਪੰਜ ਸਾਲ ਦਾ ਨਿਆਣਾ ਬੋਝੇ ਵਿਚ ਪਾ ਲੈਣ ਤਾਂ ਪਤਾ ਵੀ ਨਾ ਲੱਗੇ। ਹਿਸਾਬ ਲਾਓ ਨੋਟ ਕਿੰਨੇ ਪਾ ਕੇ ਖੜਦੇ ਹੋਣਗੇ-'ਮਾਲੇ ਮੁਫਤ ਦਿਲੇ ਬੇ-ਰਹਿਮ' ਤੇ ਜਿਵੇਂ ਕਿਹਾ ਜਾਂਦਾ ਹੈ ਕਿ ਲਛਮੀ ਸਰਸਵਤੀ ਨੂੰ ਵੀ ਲੱਤ ਮਾਰਨ ਦੀ ਸਮਰਥਾ ਰਖਦੀ ਹੈ। ਨਹੀਂ ਤਾਂ ਜੇ ਇਨ੍ਹਾਂ ਅਨਪੜ੍ਹ ਸਿੱਖਾਂ ਦੀ ਮਾਨਸਿਕ ਉਮਰ, ਜਿਸਨੂੰ ਆਈ ਕਿਊ (IQ) ਕਿਹਾ ਜਾਂਦਾ ਹੈ, ਦੇ ਹਿਸਾਬ ਨਾਲ ਵੇਖੀਏ ਤਾਂ ਇਹ 12-13 ਸਾਲ ਦੇ ਬੱਚੇ ਤੋਂ ਵੱਧ ਨਹੀਂ ਹੋ ਸਕਦੀ, ਆਪ ਭਾਵੇਂ ਇਹ 80 ਸਾਲ ਦੇ ਵੀ ਕਿਉਂ ਨਾ ਹੋਣ। ਉਪਰੋਕਤ ਫਰਮਾਂ ਦੇ ਖਿਲਾਫ ਪੰਜਾਬ ਦੇ ਸਾਧਾਂ ਨੇ ਹੀ ਪੁਲਿਸ ਵਿਚ ਰਿਪੋਰਟਾਂ ਲਿਖਵਾਈਆਂ ਹਨ ਕਿ ਸਾਨੂੰ ਇਨ੍ਹਾਂ ਨੇ ਕੀ-ਕੀ ਝਾਂਸਾ ਦੇ ਕੇ ਠੱਗਿਆ ਹੈ। ਇਹ ਸਾਰੀਆਂ ਗੱਲਾਂ ਮੈਂ ਉਨ੍ਹਾਂ ਰਿਪੋਰਟਾਂ ਦੇ ਆਧਾਰ 'ਤੇ ਹੀ ਏਥੇ ਲਿਖੀਆਂ ਹਨ। ਏਨੇ ਵਰਕੇ ਕਾਲੇ ਕਰਨ ਦਾ ਮਤਲਬ ਸਿਰਫ ਏਨਾ ਹੀ ਸੀ ਕਿ ਪੜ੍ਹਨ ਵਾਲੇ ਨੂੰ ਪਤਾ ਲੱਗ ਜਾਵੇ ਕਿ ਸੰਗਤ ਦੇ ਪੈਸੇ ਨੂੰ ਇਹ ਸਾਧ ਕਿਵੇਂ ਤੰਗਲੀ ਲਾਉਂਦੇ ਹਨ। ਇਨ੍ਹਾਂ ਅਨਪੜ੍ਹ ਸਾਧਾਂ ਨੇ ਇਮਾਰਤਾਂ ਤਾਂ ਬਣਾਈਆਂ ਹਨ ਪਰ ਉਨ੍ਹਾਂ 'ਤੇ ਖਰਚਾ ਤਿੱਗਣਾ-ਚੌਗਣਾ ਜਾਂ ਉਸ ਤੋਂ ਵੀ ਵੱਧ ਕੀਤਾ ਹੈ।

ਪੰਜਾਬ ਦੇ ਇਕ ਬਹੁਤ ਵੱਡੇ ਡੇਰੇ ਵਾਲਿਆਂ ਨੇ, ਜਿਨ੍ਹਾਂ ਦਾ ਪਿਛਲੇ ਸੰਘਰਸ਼ ਦੇ ਸਮੇਂ ਵਿਚ ਬੜਾ ਨਾਂਅ ਰਿਹਾ ਹੈ, ਰੇਲ ਗੱਡੀ ਦੇ ਪੂਰੇ ਤਿੰਨ ਡੱਬੇ (ਕਈ ਟਨ) ਸਾਗਵਾਨ ਦੀ ਲਕੜ ਲਿਆਂਦੀ। ਜਦੋਂ ਡੇਰੇ 'ਤੇ ਲੱਕੜ ਲਾਹੀ ਗਈ ਤਾਂ ਕਿਸੇ ਅਨਪੜ੍ਹ ਸੇਵਕ ਨੇ ਕਿਹਾ, 'ਬਾਬਾ ਜੀ ਇਹਨੂੰ ਕਿਤੇ ਗੋਹੇ ਵਿਚ ਨੱਪ ਦੇਈਏ ਤਾਂ ਲੱਕੜ ਨਿਰੀ ਸੋਨਾ ਬਣ ਜਾਵੇਗੀ। ਫਿਰ ਇਹਨੂੰ ਨਾ ਘੁਣ, ਨਾ ਮੱਖੀ ਅਤੇ ਨਾ ਵਿੰਗੀ ਹੋਣ ਦਾ ਡਰ।' ਬਾਬਾ ਜੀ ਨੇ ਵੀ ਸੁਣਿਆ ਹੋਇਆ ਸੀ ਕਿ ਟਾਹਲੀ ਦੀ ਲੱਕੜ ਗਿੱਲੀ-ਗਿੱਲੀ ਵੱਢ ਕੇ ਛੱਪੜ ਵਿਚ ਸੁੱਟ ਦਿੱਤੀ ਜਾਵੇ ਤਾਂ ਉਹ ਬਹੁਤ ਵਧੀਆ ਬਣ ਜਾਂਦੀ ਹੈ ਤੇ ਪੱਲੇ ਤੇ ਦਰਵਾਜੇ ਵਗੈਰਾ ਬਣਾਇਆਂ ਵਿੰਗੇ ਨਹੀਂ ਹੁੰਦੇ ਪਰ ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਲੂਣ ਵਰਗੀ ਪਹਿਲਾਂ ਹੀ ਸੁੱਕੀ ਹੋਈ ਸਾਗਵਾਨ ਗੋਹੇ ਵਿਚ ਨੱਪਿਆਂ ਗਲ ਕੇ ਪੂੜਾ ਬਣ ਜਾਵੇਗੀ। ਓਸੇ ਵੇਲੇ ਹੀ ਬਾਬਾ ਜੀ ਦੇ ਹੁਕਮ ਦੀ ਤਾਮੀਲ ਹੋਈ ਤੇ ਛੇ ਮਹੀਨੇ ਬਾਅਦ ਜਦੋਂ ਲੱਕੜ ਗੋਹੇ ਵਿਚੋਂ ਬਾਹਰ ਕੱਢੀ ਗਈ ਤਾਂ ਉਹ ਵੀ ਗੋਹਾ ਹੀ ਬਣ ਚੁੱਕੀ ਸੀ। ਬਾਅਦ ਵਿਚ ਹੋਰ ਸਾਗਵਾਨ ਮੰਗਵਾ ਕੇ ਇਮਾਰਤ ਨੂੰ ਲਾਈ ਗਈ।

ਏਸੇ ਤਰ੍ਹਾਂ ਹੀ ਮੇਰੇ ਇਕ ਕਾਰਖਾਨੇਦਾਰ ਮਿੱਤਰ ਨੇ ਕਿਹਾ ਕਿ 'ਵਾਹਿਗੁਰੂ ਦੀ

ਕ੍ਰਿਪਾ ਨਾਲ ਮੇਰਾ ਮਾਲ ਚੰਗੇ ਭਾਅ ਵਿਕ ਗਿਆ ਹੈ ਤੇ ਮੈਂ ਦਸਵੰਧ ਕਢਣਾ ਚਾਹੁੰਦਾ ਹਾਂ, ਤੁਸੀਂ ਦੱਸੋ ਦਸਵੰਧ ਕਿਥੇ ਦਿਆਂ?' ਮੈਂ ਉਸ ਨੂੰ ਕਿਹਾ, 'ਮਹਿਤੇ ਹਸਪਤਾਲ ਬਣ ਰਿਹਾ ਹੈ, ਓਥੇ ਸੀਮੈਂਟ ਤੇ ਸਰੀਏ ਦੀ ਲੋੜ ਹੈ। ਮਨੁੱਖਤਾ ਦੇ ਭਲੇ ਲਈ ਹਸਪਤਾਲ ਬਣ ਰਿਹਾ ਹੈ, ਇਸ ਤੋਂ ਚੰਗਾ ਥਾਂ ਹੋਰ ਕਿਹੜਾ ਹੋਵੇਗਾ?' ਉਹ ਮੰਨ ਗਿਆ ਤੇ ਇਕ ਟਰੱਕ ਸੀਮੈਂਟ ਤੇ ਇਕ ਟਰੱਕ ਸਰੀਆ ਲੈ ਕੇ ਅਸੀਂ ਦੇਣ ਚਲੇ ਗਏ। ਟਰੱਕ ਲਹਿੰਦਿਆਂ ਕਰਦਿਆਂ ਨੂੰ ਸਾਡੇ ਡੇਰੇ ਦੇ ਵਾਕਫ ਮਿੱਤਰ ਚਾਹ ਪਿਆਉਣ ਸਾਨੂੰ ਲੰਗਰ ਦੇ ਪਰਲੇ ਪਾਸੇ ਬਣੇ ਨਵੇਂ ਕਮਰਿਆਂ ਵਿਚ ਲੈ ਗਏ। ਚਾਹ ਪੀ ਰਹੇ ਸਾਂ ਕਿ ਮੇਰੇ ਸ਼ਰਧਾਲੂ ਮਿੱਤਰ ਦੀ ਨਜ਼ਰ ਪੰਦਰਾਂ-ਪੰਦਰਾਂ ਫੁੱਟ ਲੰਮੇ ਤੇ ਬਹੁਤ ਮੋਟੇ ਟਾਹਲੀ ਦੇ ਮੋਛਿਆਂ 'ਤੇ ਪਈ। ਉਹ ਟਾਹਲੀਆਂ ਕਿਤੇ ਅੰਗਰੇਜ਼ਾਂ ਦੇ ਵੇਲੇ ਤੋਂ ਵੀ ਪਹਿਲਾਂ ਦੀਆਂ ਲੱਗੀਆਂ ਹੋਈਆਂ ਸਨ ਤੇ ਏਨੇ ਲਪੇਟ ਦੀਆਂ ਸਨ ਕਿ ਪੰਜ ਫੁੱਟ ਜ਼ਮੀਨ ਤੋਂ ਉੱਚੀਆਂ ਸਨ। ਇੰਜਣ ਨਾਲ ਲੱਗੇ ਚੇਨ ਵਾਲੇ ਆਰੇ ਨਾਲ ਉਨ੍ਹਾਂ ਨੂੰ ਚੀਰਿਆ ਜਾ ਰਿਹਾ ਸੀ ਤੇ ਜਿਵੇਂ ਖੀਰੇ ਦੇ ਸਲਾਦ ਲਈ ਗੋਲ ਡੱਕਰੇ ਕਰੀਦੇ ਹਨ, ਇਸ ਤਰ੍ਹਾਂ ਦੇ ਡੱਕਰੇ ਤਿੰਨ-ਤਿੰਨ, ਚਾਰ-ਚਾਰ ਬੰਦੇ ਚੁੱਕ-ਚੁੱਕ ਕੇ ਵੱਡੇ ਆਰੇ 'ਤੇ ਲਈ ਜਾਂਦੇ ਸਨ ਤੇ ਚੀਰ-ਚੀਰ ਕੇ ਲੋਹ ਥੱਲੇ ਡਾਹੁਣ ਲਈ ਡੱਕ ਜਹੇ ਬਣਾਈ ਜਾ ਰਹੇ ਸਨ। ਇਹ ਵੇਖ ਕੇ ਮੇਰੇ ਕਾਰਖਾਨੇਦਾਰ ਮਿੱਤਰ ਦਾ ਦਿਲ ਘਟਣ ਲੱਗ ਪਿਆ ਤੇ ਉਸਨੇ ਮੈਨੂੰ ਕਿਹਾ, 'ਇਨ੍ਹਾਂ ਨੂੰ ਆਖੋ ਇਸ ਆਬਨੂਸ (ਆਬਨੂਸ ਦੀ ਲੱਕੜ ਕਾਲੇ ਰੰਗ ਦੀ ਏਨੀ ਭਾਰੀ ਹੁੰਦੀ ਹੈ ਕਿ ਪਾਣੀ ਵਿਚ ਡੁੱਬ ਜਾਂਦੀ ਹੈ। ਫਤਿਹਪੁਰ ਸੀਕਰੀ ਵਿਚ ਦਰਵੇਸ਼ ਫਕੀਰ ਸਲੀਮ ਚਿਸ਼ਤੀ ਦੀ ਦਰਗਾਹ ਦੇ ਦਰਵਾਜੇ ਇਸ ਲੱਕੜ ਦੇ ਹਨ। ਅਕਬਰ ਦੇ ਪੁੱਤ ਦਾ ਨਾਂਅ ਸਲੀਮ ਚਿਸ਼ਤੀ ਦੇ ਨਾਂਅ 'ਤੇ ਹੀ ਸਲੀਮ ਰੱਖਿਆ ਗਿਆ ਸੀ।) ਵਰਗੀ ਕਾਲੀ ਟਾਹਲੀ ਦਾ ਸਤਿਆਨਾਸ ਨਾ ਕਰਨ ਤੇ ਇਹ ਟਾਹਲੀ ਮੈਨੂੰ ਦੇ ਦੇਣ ਤੇ ਮੇਰੇ ਕੋਲੋਂ ਚਾਰ ਗੁਣਾਂ ਬਾਲਣ ਇਸ ਟਾਹਲੀ ਵੱਟੇ ਤੋਲ ਕੇ ਲੈ ਲੈਣ।' ਕਹਿ-ਸੁਣ ਕੇ ਮੈਂ ਕੰਮ ਤਾਂ ਬੰਦ ਕਰਵਾ ਦਿੱਤਾ ਪਰ ਬਾਰ-ਬਾਰ ਬੇਨਤੀਆਂ ਕਰਨ 'ਤੇ ਵੀ ਉਨ੍ਹਾਂ ਨੇ ਚਾਰ ਗੁਣਾਂ ਬਾਲਣ ਲੈਣਾ ਮਨਜ਼ੂਰ ਨਾ ਕੀਤਾ ਤੇ ਕਿਹਾ ਕਿ ਟਾਹਲੀ ਦਾ ਏਨਾ ਤਾਅ ਹੁੰਦਾ ਹੈ ਕਿ ਹੋਰ ਕਿਸੇ ਲੱਕੜ ਦਾ ਬਾਲਣ ਇਸ ਤੁਲ ਹੋ ਹੀ ਨਹੀਂ ਸਕਦਾ। ਅਸਾਂ ਇਹ ਵੀ ਸੁਝਾਅ ਦਿੱਤਾ ਕਿ ਹਸਪਤਾਲ ਬਣ ਰਿਹਾ ਹੈ, ਸੈਂਕੜੇ ਕੁਇੰਟਲ ਲੱਕੜ ਦੀ ਲੋੜ ਪੈਣੀ ਹੈ, ਇਸ ਦੀਆਂ ਚੁਗਾਠਾਂ-ਦਰਵਾਜੇ ਬਣਾ ਲਏ ਜਾਣ ਪਰ ਡੇਰੇ ਦੇ ਪ੍ਰਮੁੱਖ ਨਾ ਮੰਨੇ ਤੇ ਅਸੀਂ ਵਾਪਸ ਆ ਗਏ।

ਰਸਤੇ ਵਿਚ ਅਸਾਂ ਦੋਵਾਂ ਨੇ ਕੋਈ ਗੱਲ ਨਾ ਕੀਤੀ ਜਦੋਂ ਮੈਂ ਸੰਤੋਖ ਸਿੰਘ 'ਅਲਫਾ ਰਬੜ ਇੰਡਸਟਰੀ' ਵਾਲੇ ਦੇ ਮੂੰਹ ਵੱਲ ਵੇਖਿਆ ਤਾਂ ਉਸ ਦੀਆਂ ਅੱਖਾਂ ਵਿਚੋਂ ਅੱਥਰੂ ਵਗਣ ਨੂੰ ਕਰ ਰਹੇ ਸਨ। ਉਸ ਨੇ ਮੈਨੂੰ ਇਹ ਵੀ ਆਖਿਆ ਕਿ ਤੁਸਾਂ ਮੇਰੇ ਸੀਮੈਂਟ ਤੇ ਲੋਹੇ ਦੇ ਟਰੱਕ ਖੂਹ ਵਿਚ ਸੁਟਵਾ ਦਿੱਤੇ ਹਨ। ਕਾਰ ਵਿਚ ਆਉਂਦਿਆਂ-ਆਉਂਦਿਆਂ ਹੀ ਉਸ ਨੇ ਭਵਿੱਖਬਾਣੀ ਕੀਤੀ ਕਿ ਅੱਵਲ ਤਾਂ ਇਹ ਹਸਪਤਾਲ ਬਣ ਹੀ ਨਹੀਂ ਸਕਦਾ, ਜੇ ਬਣ ਗਿਆ ਤਾਂ ਚਲ ਨਹੀਂ ਸਕਦਾ ਕਿਉਂਕਿ ਇਹੋ ਜਿਹੇ ਗਾਫਲ ਲੋਕ ਅਕਲਮੰਦੀ ਦਾ ਕੰਮ ਕਰ ਹੀ ਨਹੀਂ ਸਕਦੇ। ਹਸਪਤਾਲ ਬਨਾਉਣਾ ਅਤੇ ਚਲਾਉਣਾ ਅਕਲਮੰਦੀ ਨਾਲ ਸੰਬੰਧਤ ਹੈ ਪਰ ਮੈਂ ਵੇਖਿਆ ਹੈ ਕਿ ਏਥੇ ਅਨਪੜ੍ਹਤਾ ਦਾ ਜ਼ਿਆਦਾ ਬੋਲਬਾਲਾ ਹੈ। ਇਸ ਲਈ ਹਸਪਤਾਲ ਬਣਨਾ ਤੇ ਚੱਲਣਾ ਨਾਮੁਮਕਿਨ ਹੈ। ਸਚਮੁਚ ਉਹੋ ਹੀ ਗੱਲ ਹੋਈ। ਹੁਣ ਹਸਪਤਾਲ ਦੀ ਥਾਂ ਸਕੂਲ ਬਣਿਆ ਹੈ।

*.. ਤੇ ਸਿੱਖ ਵੀ ਨਿਗਲਿਆ ਗਿਆ*

ਕਹਿੰਦੇ ਹਨ, ਜਦੋਂ ਅੰਗਰੇਜ਼ਾਂ ਨੇ ਭਾਰਤ ਨੂੰ ਆਜ਼ਾਦ ਕਰਨਾ ਮੰਨ ਲਿਆ ਤਾਂ ਉਸ ਵੇਲੇ ਦੇ ਗਵਰਨਰ ਜਨਰਲ ਲਾਰਡ ਮਾਊਂਟਬੈਟਨ ਦੇ ਕੋਲ ਕੁਝ ਸੱਜਣ ਬੈਠੇ ਸਨ, ਜਿਨ੍ਹਾਂ ਵਿਚ ਪਾਕਿਸਤਾਨ ਦੇ ਕਾਇਦੇ-ਆਜ਼ਮ ਮੁਹੰਮਦ ਅਲੀ ਜਿਨਾਹ ਵੀ ਸਨ। ਗੱਲਾਂ ਕਰਦਿਆਂ-ਕਰਦਿਆਂ ਲਾਰਡ ਮਾਊਂਟਬੈਟਨ ਦੀਆਂ ਅੱਖਾਂ ਵਿਚ ਪਾਣੀ ਆ ਗਿਆ। ਜਿਨਾਹ ਸਾਹਿਬ ਨੇ ਪੁੱਛਿਆ, 'ਯੂਅਰ ਐਕਸਲੈਂਸੀ, ਆਪ ਨੂੰ ਭਾਰਤ ਛੱਡਣ ਦਾ ਬਹੁਤ ਦੁੱਖ ਹੋਇਆ ਲਗਦਾ ਹੈ।' ਉਸ ਨੇ ਕਿਹਾ, 'ਨਹੀਂ ਜਨਾਬ ਇਸ ਮੁਲਕ ਨੂੰ ਆਜ਼ਾਦ ਕਰ ਦੇਣਾ ਸਾਡੀ ਬਹੁਤ ਸਾਲ ਪਹਿਲਾਂ ਦੀ ਬਣੀ ਹੋਈ ਨੀਤੀ ਅਨੁਸਾਰ ਤਹਿਸ਼ੁਦਾ ਹੈ। ਇਸ ਲਈ ਛੱਡਣ ਦਾ ਅਫਸੋਸ ਕਾਹਦਾ? ਅਫਸੋਸ ਤਾਂ ਇਹ ਹੈ ਕਿ ਇਸ ਮਹਿਲ ਦੀਆਂ ਫਰਸ਼ਾਂ 'ਤੇ ਵਿਛੇ ਕਾਲੀਨ ਹਿੰਦੁਸਤਾਨੀਆਂ ਨੇ ਤੇਲ ਡੋਲ੍ਹ-ਡੋਲ੍ਹ ਕੇ ਗੰਦੇ ਕਰ ਦੇਣੇ ਹਨ ਕਿਉਂਕਿ ਇਹ ਹਰ ਵੇਲੇ ਹੱਥ ਵਿਚ ਤੇਲ ਦੀ ਸ਼ੀਸ਼ੀ ਫੜੀ ਰੱਖਦੇ ਹਨ। ਕਦੇ ਮਾਲਿਸ਼ ਕਰਨ ਲੱਗ ਪੈਂਦੇ ਹਨ ਤੇ ਕਦੇ ਸਿਰ ਨੂੰ ਲਾਉਣ ਲੱਗ ਪੈਂਦੇ ਹਨ। ਹੋਰ ਨਹੀਂ ਤਾਂ ਕੰਨਾਂ ਵਿਚ ਹੀ ਪਾਉਣ ਲੱਗ ਪੈਂਦੇ ਹਨ। ਇਹ ਸੋਚ ਕੇ ਹੀ ਮੇਰਾ ਮਨ ਡਹਿਲ ਜਾਂਦਾ ਹੈ। ਹੋਰ ਕੋਈ ਗੱਲ ਨਹੀਂ।' ਸੰਤੋਖ ਸਿੰਘ ਨੂੰ ਕਈ ਵਾਰ ਉਸ ਤੋਂ ਬਾਅਦ ਵੀ ਮੈਂ ਉਸ ਟਾਹਲੀ ਦਾ ਅਫਸੋਸ ਕਰਦਿਆਂ ਸੁਣਿਆ ਹੈ।

ਇਕ ਵਾਰ ਇਕ ਗੁਰਦੁਆਰੇ ਵਿਚ ਮੈਂ ਆਪ ਵੇਖਿਆ, ਭਾਈ ਜੀ ਨੇ ਮਹਾਰਾਜ ਦੇ ਸੁਖਆਸਣ ਵਾਲੇ ਕਮਰੇ ਵਿਚ ਪਾਣੀ ਦੀ ਗੜਵੀ ਤੇ ਗਲਾਸ ਰੱਖਿਆ। ਮੇਰੇ ਪੁੱਛਣ 'ਤੇ ਉਨ੍ਹਾਂ ਕਿਹਾ-"ਰਾਤ ਨੂੰ ਪਿਆਸ ਲੱਗ ਹੀ ਜਾਂਦੀ ਹੈ, ਆਪਾਂ ਪਰਗਟ ਗੁਰਾਂ ਦੀ ਦੇਹ ਜੁ ਮੰਨਦੇ ਹੋਏ।" ਸਵੇਰੇ ਤਿੰਨ ਵਜੇ ਉੱਠ ਕੇ ਉਸ ਨੇ ਇਸ਼ਨਾਨ ਕੀਤਾ ਤੇ ਦਾਤਣ ਤੇ ਪਾਣੀ ਅੰਦਰ ਰੱਖ ਕੇ ਆਇਆ। ਦੂਜੀ ਵਾਰ ਮੈਂ ਉਸਨੂੰ ਇਹ ਨਹੀਂ ਪੁਛਿਆ ਕਿ ਦਾਤਣ ਅੰਦਰ ਕਿਉਂ ਰੱਖੀ ਹੈ ਕਿਉਂਕਿ ਉਸਨੇ ਓਹੋ-ਜੁਆਬ ਦੇਣਾ ਸੀ, ਜਿਹੜਾ ਪਾਣੀ ਰੱਖਣ ਵੇਲੇ ਦਿੱਤਾ ਸੀ। ਬਹੁਤ ਥਾਵਾਂ 'ਤੇ ਲੋਕ ਘਰਾਂ ਵਿਚ ਮਹਾਰਾਜ ਦੇ ਸਰੂਪ ਦਾ ਪ੍ਰਕਾਸ਼ ਕਰਦੇ ਹਨ। ਇਕ ਵਾਰ ਇਕ ਘਰ ਵਿਚ ਚੌਦਾਂ-ਪੰਦਰਾਂ ਸਾਲ ਦੀ ਕੁੜੀ ਨੂੰ ਉਹਦੇ ਪਿਓ ਨੇ, ਜੋ ਕਿੱਤੇ ਵਜੋਂ ਇੰਜਨੀਅਰ ਹਨ ਤੇ ਚੰਡੀਗੜ੍ਹ ਹੀ ਲਗੇ ਹੋਏ ਹਨ, ਇਸ ਕਰਕੇ ਸਵੇਰੇ-ਸਵੇਰੇ ਦੋ ਕਰਾਰੀਆਂ ਚਪੇੜਾਂ ਮਾਰੀਆਂ ਸਨ ਕਿ ਉਸਨੇ ਭੋਗ ਲਵਾਏ ਤੋਂ ਬਿਨਾਂ ਚਾਹ ਜੂਠੀ ਕਿਉਂ ਕੀਤੀ?

ਕਹਿੰਦੇ ਹਨ ਨਾਨਕਸਰ ਕਲੇਰਾਂ ਵਾਲੇ ਸਤਿਕਾਰਯੋਗ ਬਾਬਾ ਨੰਦ ਸਿੰਘ ਜੀ ਰਾਤ ਨੂੰ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਸਿਰ 'ਤੇ ਚੁੱਕ ਕੇ ਸੈਰ ਕਰਵਾਇਆ ਕਰਦੇ ਸਨ। ਉਹ ਕਹਿੰਦੇ ਸਨ-"ਸਾਰਾ ਦਿਨ ਬੈਠਿਆਂ ਦੀਆਂ ਲੱਤਾਂ ਜੁੜ ਜਾਂਦੀਆਂ ਹਨ, ਸੈਰ ਜ਼ਰੂਰੀ ਹੈ।" ਉਨ੍ਹਾਂ ਦੇ ਸੇਵਕ ਇਹ ਗੱਲ ਵੀ ਬੜੇ ਫ਼ਖ਼ਰ ਨਾਲ ਦਸਦੇ ਹਨ ਕਿ ਗੁਰੂ ਨਾਨਕ ਜੀ ਨੇ ਦੋ ਵਾਰ ਮਨੁੱਖਾ ਦੇਹੀ ਵਿਚ ਆ ਕੇ ਬਾਬਾ ਜੀ ਪਾਸੋਂ ਪ੍ਰਸ਼ਾਦਾ ਛਕਿਆ ਤੇ ਪਾਣੀ ਵੀ ਪੀਤਾ ਸੀ। ਨਾਨਕਸਰ ਵਾਲਿਆਂ ਨੇ ਇਕ ਵਾਰ ਸੰਪਟ ਪਾਠ ਰੱਖਿਆ, ਸਮਾਪਤੀ ਤੋਂ ਬਾਅਦ ਜਦੋਂ ਵਾਕ ਲਿਆ ਤਾਂ ਇਕ ਗ੍ਰੰਥੀ ਨੇ ਵਾਕ ਵਾਲੇ ਥਾਂ ਕਾਗਜ ਦਾ ਟੁਕੜਾ ਵਿਚ ਰੱਖ ਦਿੱਤਾ ਤਾਂ ਕਿ ਘਰ ਵਾਲੇ ਜੋ ਸੰਗਤਾਂ ਦੀ ਸੇਵਾ ਵਿਚ ਲਗੇ ਹੋਏ ਸਨ, ਵਿਹਲੇ ਹੋ ਕੇ ਵਾਕ ਕੀ ਆਇਆ ਹੈ ਪੁੱਛਣ ਤਾਂ ਉਹ ਪੜ੍ਹ ਕੇ ਦਸ ਸਕੇ। ਜਦੋਂ ਇਸ ਗੱਲ ਦਾ ਪਤਾ ਵੱਡਿਆਂ ਬਾਬਿਆਂ ਨੂੰ ਲੱਗਾ ਤਾਂ ਉਹਨਾਂ ਉਸ ਗ੍ਰੰਥੀ ਦੀ ਉਹ ਕੁੱਤੇ ਖਾਣੀ ਕੀਤੀ, ਜਿਹੜੀ ਰਹੇ ਰਬ ਦਾ ਨਾਂ। ਬਾਬਾ ਜੀ ਨੇ ਕਿਹਾ-"ਜੇ ਤੇਰੇ ਦੰਦਾ ਵਿਚ ਟੁੱਕ ਅੜਿਆ ਹੋਵੇ ਤਾਂ ਤੈਨੂੰ ਨੀਂਦ ਆ ਜਾਊ ?" ਉਸ ਗ੍ਰੰਥੀ ਨੇ ਹੱਥ ਜੋੜ ਕੇ ਅਰਜ਼ ਕੀਤੀ-"ਮਹਾਰਾਜ ਮੈਂ ਤਾਂ ਕਾਗਜ਼ਾਂ ਵਿਚ ਹੀ ਕਾਗਜ਼ ਰੱਖਿਆ

ਹੈ। ਇਸ ਗੱਲ ਨੂੰ ਮਨੁੱਖਾ ਸਰੀਰ ਨਾਲ ਕਿਵੇਂ ਮਿਲਾਇਆ ਜਾ ਸਕਦਾ ਹੈ?" ਪਰ ਜਦੋਂ ਸਾਰੇ ਹੀ ਬਾਬੇ ਉਸ ਨੂੰ ਪੈ ਗਏ ਤਾਂ ਉਸ ਵਿਚਾਰੇ ਨੇ ਨਤਮਸਤਕ ਹੋ ਕੇ ਮੁਆਫੀ ਮੰਗੀ ਤਾਂ ਜਾ ਕੇ ਉਸਨੂੰ ਬਖਸ਼ਿਆ ਗਿਆ।

ਇਕ ਹੋਰ ਥਾਂ ਕਿਸੇ ਦੇ ਘਰ ਛੇਆਂ ਕੁੜੀਆਂ ਤੋਂ ਬਾਅਦ ਮੁੰਡਾ ਹੋਇਆ। ਅਖੰਡ ਪਾਠ ਸਾਹਿਬ ਕਰਵਾਏ ਗਏ। ਮੁੰਡੇ ਦੀ ਦਾਦੀ ਨੇ ਕਿਹਾ-"ਲਗਦੇ ਹੱਥ ਨਾਂਅ ਵੀ ਕਢਾ ਲਓ।" ਨਾਂਅ ਦਾ ਅੱਖਰ ਉਹ ਆਇਆ, ਜਿਸ ਤੋਂ ਅਗੇ ਅੱਜ ਕੱਲ੍ਹ ਦੇ ਮਾਡਰਨ ਨਾਂਅ ਨਹੀਂ ਬਣਦੇ। ਘ ਛ ਝ ਕੋਈ ਐਸਾ ਹੀ ਅੱਖਰ ਸੀ। ਘਰ ਵਾਲੇ ਬੜੇ ਪਰੇਸ਼ਾਨ ਹੋਏ। ਉਸ ਬੱਚੇ ਦੀਆਂ ਛੇ ਭੈਣਾਂ ਨੂੰ ਭਰਾ ਦਾ ਵਧੀਆ ਜਿਹਾ ਨਾਂਅ ਰੱਖਣ ਦਾ ਬੜਾ ਚਾਅ ਸੀ ਪਰ ਉਸ ਅਖਰ ਤੋਂ ਗੱਲ ਬਣੇ ਨਾ। ਓਧਰ ਭਾਈ ਜੀ ਆਖਣ ਨਾਂਅ ਦੱਸੋ ਅਰਦਾਸ ਕਰਨੀ ਹੈ। ਦਾਦੀ ਨੇ ਹੀ ਜਾ ਕੇ ਬੇਨਤੀ ਕੀਤੀ-"ਮਹਾਰਾਜ ਨਾਂਅ ਅਹੁੜਦਾ ਨਹੀਂ, ਥੋੜ੍ਹਾ ਜਿਹਾ ਵਕਤ ਮਿਲ ਜਾਂਦਾ ਤਾਂ ਬੱਚੀਆਂ ਸੋਚ ਕੇ ਨਾਂਅ ਰੱਖ ਲੈਂਦੀਆਂ।"

ਉਸ ਬੁੱਢੀ ਦਾ ਜੋ ਹਾਲ ਉਸ ਸਾਧ ਨੇ ਕੀਤਾ ਮੈਂ ਦਸ ਨਹੀਂ ਸਕਦਾ। ਮੈਂ ਉਦੋਂ ਕਾਲਜ ਵਿਚ ਪੜ੍ਹਦਾ ਸੀ ਤੇ ਮੈਨੂੰ ਏਹੋ ਜਹੇ ਲੋਕਾਂ ਨਾਲ ਲੜਨਾ ਨਹੀਂ ਸੀ ਆਉਂਦਾ। ਸਾਧ ਉਨ੍ਹਾਂ ਦੇ ਪਿੰਡ ਲਾਗੇ ਦੇ ਡੇਰੇ ਦਾ ਸੀ, ਜਿਸ ਨੂੰ ਆਲੇ-ਦੁਆਲੇ ਦੇ ਲੋਕ ਬੜਾ ਜਾਹਰਾ ਮੰਨਦੇ ਸਨ। ਉਹ ਧਾਗੇ ਤਵੀਤ ਵੀ ਕਰਦਾ ਸੀ ਤੇ ਮੁੰਡਾ ਜੰਮਣ ਦੀ ਦਵਾ ਵੀ ਦੇਂਦਾ ਸੀ। ਉਸ ਸਾਧ ਨੇ ਸੰਗਤ ਨੂੰ ਸੰਬੋਧਨ ਕਰਕੇ ਆਖਿਆ, "ਸਾਧ ਸੰਗਤ ਜੀ, ਜੇ ਇਹਨਾਂ ਨੇ ਮਹਾਂਰਾਜ ਦਾ ਕੱਢਿਆ ਨਾਂਅ ਨਹੀਂ ਸੀ ਰੱਖਣਾ ਤਾਂ ਇਹਨਾਂ ਪਹਿਲਾਂ ਆਖਿਆ ਹੀ ਕਿਉਂ ਸੀ ? ਹੁਣ ਤਾਂ ਮੁੰਡੇ ਦਾ ਨਾਂਅ ਰੱਖਣਾ ਹੀ ਪੈਣਾ ਹੈ, ਨਹੀਂ ਤੇ ਮੁੰਡੇ ਨੂੰ ਜੇ ਕੋਈ ਹਰਜ-ਮਰਜ ਹੋ ਗਈ ਤਾਂ ਕਸੂਰ ਇਨ੍ਹਾਂ ਘਰ ਵਾਲਿਆਂ ਦਾ ਈ ਹੋਣਾ ਜੇ, ਫਿਰ ਮੈਨੂੰ ਉਲਾਹਮਾ ਨਾ ਦਿਓ ਜੇ।"

ਇਹ ਗੱਲ ਸਾਰੇ ਟੱਬਰ ਨੂੰ ਬਿਜਲੀ ਦੇ 440 ਵੋਲਟ ਦੇ ਕਰੰਟ ਵਾਂਗ ਲੱਗੀ। ਏਥੇ ਵੀ ਪਿੰਡ ਦੇ ਇਕ ਬਜ਼ੁਰਗ ਫੌਜੀ ਪੈਨਸ਼ਨਰ ਦਾ ਹੀ ਖ਼ੂਨ ਖੌਲਿਆ ਤੇ ਉਸ ਨੇ ਉੱਠ ਕੇ ਸਾਧ ਵਲ ਪੰਜਾ ਕਰਕੇ ਕਿਹਾ-"ਚੁਪ ਕਰ ਜਾ ਉਏ ਸਾਧਾ, ਇਕ ਲਫ਼ਜ਼ ਅੱਗੇ ਨਾ ਬੋਲੀਂ, ਨਹੀਂ ਤਾਂ ਮੈਥੋਂ ਬੁਰਾ ਤੈਨੂੰ ਕੋਈ ਨਹੀਓਂ ਲੱਭਣਾ।" ਉਸ ਬਜੁਰਗ ਨੇ ਮਾਈਕ ਉੱਚਾ ਕਰਕੇ ਆਪਣੇ ਬਰਾਬਰ ਲਿਆਂਦਾ ਤੇ ਫੇਰ ਗਰਜ ਕੇ ਕਿਹਾ-"ਗਲ ਸੁਣ ਓਏ ਸਾਧਾ, ਜੇ ਗੁਰੂ ਗੋਬਿੰਦ ਸਿੰਘ ਜੀ ਮਹਾਂਰਾਜ ਮਨੁੱਖਾ ਜਾਮੇਂ ਵਿਚ ਏਥੇ ਮੌਜੂਦ ਹੁੰਦੇ ਤਾਂ ਤੈਨੂੰ ਓਥੇ ਲੈ ਜਾਂਦੇ, ਜਿਥੇ ਗੁੜ ਬਣ ਰਿਹਾ ਹੈ ਤੇ ਤੱਤਾ-ਤੱਤਾ ਗੁੜ ਤੇਰੇ ਸਿਰ ਵਿਚ ਪਾਉਂਦੇ। ਉਹ ਵੀ ਤੇਰੇ ਵਰਗੇ ਈ ਮਸੰਦ ਸੀ, ਜਿਹੜੇ ਮਿਟੀ ਦਾ ਤੇਲ ਪਾ ਕੇ ਲੂਹੇ ਸੀ। ਸਾਧ-ਸੰਗਤ ਜੀ, ਦਾਸ ਫੌਜ ਵਿਚ ਗ੍ਰੰਥੀ ਵੀ ਰਿਹਾ ਹੈ। ਇਸ ਸਾਧ ਨੂੰ ਆਖੋ, ਏਥੋਂ ਚਲਾ ਜਾਵੇ, ਨਹੀਂ ਤਾਂ ਮੈਂ ਇਸ ਸੋਟੇ ਨਾਲ ਇਹਦਾ ਲਿੰਗ ਛਾਂਗ ਦੇਣੈ ਜੇ।"

"ਜੀ ਮਹਾਂਰਾਜ ਦੀ ਦੇਹ ਇਹਨਾਂ ਦੇ ਡੇਰੇ ਤੋਂ ਆਈ ਐ।" ਪਿੰਡ ਦੇ ਇਕ ਬੰਦੇ ਨੇ ਕਿਹਾ। "ਡੇਰੇ ਤੋਂ ਆਈ ਐ ਤਾਂ ਜਾ ਕੇ ਛੱਡ ਆਵਾਂਗੇ। ਬੀਬੀਓ, ਬੱਚੇ ਨੂੰ ਮੇਰੇ ਕੋਲ ਲਿਆਓ"।

ਇਕ ਬੀਬੀ ਨੇ ਜਦੋਂ ਬੱਚਾ ਬਾਬਾ ਜੀ ਨੂੰ ਫੜਾਇਆ ਤਾਂ ਨਾਲ ਹੀ ਉਸ ਦੀਆਂ ਭੁੱਬਾਂ ਨਿਕਲ ਗਈਆਂ। ਸਾਰੇ ਖ਼ੁਸ਼ੀ ਦੇ ਮਾਹੌਲ ਦਾ ਕਬਾੜਾ ਬਣ ਗਿਆ ਸੀ। ਸਾਰਾ ਪ੍ਰੋਗਰਾਮ ਕਚੀਰਾ ਹੋ ਗਿਆ ਸੀ। ਨਾ ਪਰਿਵਾਰ ਰੋਣ ਜੋਗਾ ਸੀ ਤੇ ਨਾ ਹੱਸਣ ਜੋਗਾ। ਬਾਬਾ ਜੀ ਨੇ ਬੱਚੇ

ਦਾ ਮੂੰਹ ਚੁੰਮਿਆ, ਫੇਰ ਘਰ ਵਾਲਿਆਂ ਨੂੰ ਪੁੱਛਿਆ-"ਦਸੋ ਕੋਈ ਹੋਰ ਨਾਂਅ, ਜਿਹੜਾ ਤੁਹਾਨੂੰ ਪਸੰਦ ਹੋਵੇ" ਬਾਬਾ ਜੀ ਨੇ ਹੋਰ ਕਿਹਾ-"ਜੇ ਚੰਗਾ ਨਾਂਅ ਨਹੀਂ ਸੋਚਿਆ ਜਾਂਦਾ ਤਾਂ ਅੱਜ ਕੋਈ ਜਰੂਰੀ ਨਹੀਂ। ਆਪਾਂ ਫੇਰ ਕਿਸੇ ਦਿਨ ਰੱਖ ਲਵਾਂਗੇ। ਸਤਿਗੁਰੂ ਬੱਚੇ ਦਾ ਵਾਲ ਵਿੰਗਾ ਨਹੀਂ ਹੋਣ ਦੇਊਗਾ। ਏਦਾਂ ਦੇ ਟੁਕੜਬੋਚ ਪੈਂਤੀ ਸੋ ਤੁਰੇ ਫਿਰਦੇ ਐ।" ਭਾਈ ਵੱਲ ਬਾਂਹ ਕਰਕੇ ਉਨ੍ਹਾਂ ਕਿਹਾ।

ਘਰ ਵਾਲਿਆਂ ਨੇ ਸਰਬਸੰਮਤੀ ਨਾਲ ਨਾਂਅ ਜਗਵਿੰਦਰ ਸਿੰਘ ਦਸਿਆ। ਬਾਬਾ ਜੀ ਨੇ ਅਰਦਾਸ ਕੀਤੀ-"ਸਤਿਗੁਰੂ ਤੇਰਾ ਓਟ ਆਸਰਾ ਲੋਕ ਆਪਣੀ ਖੁਸ਼ੀ ਵਧਾਉਣ ਤੇ ਤੇਰੀ ਮਿਹਰ ਲੈਣ ਲਈ ਲੈਂਦੇ ਆ, ਮੈਂ ਤਾਂ ਹੁਣ ਬੁੱਢਾ ਹੋ ਗਿਆ ਹਾਂ, ਮੇਰੀ ਉਮਰ ਤਾਂ ਕੋਈ ਜਿਆਦਾ ਨਹੀਂ ਹੋਣੀ ਪਰ ਅਸੀਂ ਸਾਰੇ ਬੁੱਢੇ, ਜਿਹੜੇ ਬੋਹੜ ਥੱਲੇ ਬੈਠੇ ਰਹਿੰਦੇ ਆ, ਸਾਡੀ ਸਾਰਿਆਂ ਦੀ ਉਮਰ ਦੋ ਸੌ ਸਾਲ ਤੋਂ ਘੱਟ ਨਹੀਂ ਹੋਣੀ, ਜੇ ਤੈਨੂੰ ਇਸ ਬਚੇ ਦੀ ਉਮਰ ਵਧਾਉਣ ਦੀ ਲੋੜ ਪਵੇ ਤਾਂ ਸਾਡੀ ਉਮਰ ਵਿਚੋਂ ਲੈ ਕੇ ਇਹਦੀ ਉਮਰ ਵਧਾ ਦੇਈਂ।" ਇਸ ਗੱਲ 'ਤੇ ਸਾਰੀ ਸੰਗਤ ਖਿੜਖਿੜਾ ਕੇ ਹੱਸ ਪਈ, ਗਮਗੀਣ ਮਾਹੌਲ ਖੁਸ਼ੀ ਵਿਚ ਬਦਲ ਗਿਆ। ਪਟਿਆਲੇ ਦੇ ਇਕ ਪਿੰਡ ਵਿਚ ਇਹ ਘਟਨਾ ਵਾਪਰੀ ਸੀ, ਜੋ ਮੈਨੂੰ ਅੱਜ ਤੱਕ ਓਵੇਂ ਹੀ ਯਾਦ ਹੈ।

ਇਕ ਹੋਰ ਘਟਨਾ ਵਿਚ ਜਦੋਂ ਵਿਆਹ ਦਾ ਸੌਦਾ-ਸੂਤ ਲਿਆਂਦਾ ਤਾਂ ਮਹਾਰਾਜ ਲਈ ਰੁਮਾਲਾ ਵੀ ਲਿਆਂਦਾ ਗਿਆ। ਕੁੜੀ ਦੀ ਭੂਆ ਨੇ ਆਪਣੇ ਵਲੋਂ ਸਿਆਣਪ ਕੀਤੀ ਕਿ ਰੇਸ਼ਮੀ ਤਿੱਲੇ ਦੇ ਰੁਮਾਲੇ ਨੂੰ ਕਿਤੇ ਜੂਠੇ, ਥਿੰਦੇ ਜਾਂ ਮਿੱਠੇ ਵਾਲੇ ਹੱਥ ਨਾ ਲੱਗ ਜਾਣ, ਇਸ ਲਈ ਰੁਮਾਲਾ ਚੁੱਕ ਕੇ ਪਰਛੱਤੀ 'ਤੇ ਰੱਖ ਦਿੱਤਾ। ਜਦੋਂ ਭੋਗ ਪਿਆ ਤਾਂ ਮਹਾਂਰਾਜ 'ਤੇ ਦੇਣ ਲਈ ਰੁਮਾਲਾ ਲਿਆ ਕੇ ਖੋਲ੍ਹਿਆ ਗਿਆ ਤਾਂ ਲੋਹੜਾ ਵਜਾ ਪਿਆ ਸੀ। ਚੂਹੇ ਨੇ ਟੁੱਕ ਕੇ ਚਾਰ ਵੱਡੇ-ਵੱਡੇ ਮੋਰੇ ਕਰ ਦਿੱਤੇ ਸਨ। ਰੁਮਾਲਾਂ ਉੱਕਾ ਹੀ ਬੇਕਾਰ ਹੋ ਗਿਆ ਸੀ। ਇਹ ਇਕ ਸਹਿਵਨ ਹਾਦਸਾ ਸੀ, ਜੋ ਕਿਤੇ ਵੀ ਵਾਪਰ ਸਕਦਾ ਹੈ ਪਰ ਅਨਪੜ੍ਹ ਭਾਈ ਲਾਲ-ਲਾਲ ਡੇਲ੍ਹੇ ਕੱਢੇ। ਕੁੜੀ ਦੀ ਭੂਆ ਈ ਕੁੜੀ ਦੇ ਮਗਰ ਬੈਠੀ ਸੀ। ਵਿਚਾਰੀ ਆਪਣੇ ਆਪ ਨੂੰ ਈ ਕੋਸੀ ਜਾਵੇ। ਜੇ ਮੈਨੂੰ ਅੱਗ ਲੱਗਣੀ ਨੂੰ ਪਤਾ ਹੁੰਦਾ ਪਈ ਚੂਹੇ ਨੇ ਟੁੱਕ ਜਾਣਾ ਹੈ ਤਾਂ ਮੈਂ ਪੇਟੀ 'ਚ ਰੱਖ ਦੇਂਦੀ। ਬਰਾਤੀਆਂ ਵਿਚੋਂ ਇਕ ਸਿਆਣਾ ਬੰਦਾ ਉੱਠਿਆ। ਉਸ ਕਿਹਾ-"ਭਾਈ ਜੀ, ਕਿਉਂ ਨਿਕੀ ਜਿਹੀ ਬਾਤ ਦਾ ਬਤੰਗੜ ਬਣਾਈ ਜਾਂਦੇ ਓ। ਤੂੰ ਇਨ੍ਹਾਂ ਪਿੰਡ ਵਾਲਿਆਂ ਦਾ ਭਾਈ ਹੈਂ, ਅਸੀਂ ਤੈਨੂੰ ਕੁਝ ਕਹਿ ਨਹੀਂ ਸਕਦੇ ਜੇ ਤੂੰ ਸਾਡੇ ਪਿੰਡ ਹੁੰਨੋਂ ਤੈਨੂੰ ਹੁਣੇ ਚਲਦਾ ਕਰ ਦੇਂਦੇ। ਜੇ ਇਹ ਰੁਮਾਲਾ ਟੁੱਕਿਆ ਨਾ ਗਿਆ ਹੁੰਦਾ ਤਾਂ ਮਹਾਰਾਜ 'ਤੇ ਦੇ ਕੇ ਤੂੰ ਸ਼ਬਦ ਪੜ੍ਹਨਾ ਸੀ-"ਪ੍ਰੇਮ ਪਟੋਲਾ ਤੈਂਸੋ ਦਿੱਤਾ ਢੱਕਣ ਕੋ ਪੱਤ ਮੇਰੀ" ਤੂੰ ਚੰਗੀ ਪੱਤ ਢੱਕੀ ਆ ਬਈ ਇਹਨਾਂ ਦੀ। ਚੂਹੇ ਨੂੰ ਪਤਾ ਸੀ ਕਿ ਇਨ੍ਹਾਂ ਨੇ ਉਹਨੂੰ ਸਖਾਲਿਆ ਸੀ ਪਈ ਰੁਮਾਲਾ ਟੁੱਕ ਦੇਅ।" ਫਿਰ ਉਸ ਨੇ ਤਰੀਕਾ ਦਸਿਆ, "ਪਹਿਲਾ ਰੁਮਾਲਾ ਈ ਰਹਿਣ ਦੇ ਤੇ ਘਰ ਵਾਲਿਆਂ ਕੋਲੋਂ ਨਵੇਂ ਰੁਮਾਲੇ ਦੇ ਪੈਸੇ ਲੈ ਲੈ। ਤੂੰ ਵੀ ਤੇ ਜਾ ਕੇ ਨਿਆਣਿਆਂ ਦੀਆਂ ਫਰਾਕਾਂ ਈ ਬਨਾਉਣੀਆਂ ਸੀ।" ਸਾਰੀ ਸੰਗਤ ਹੱਸ ਪਈ। ਲੋਕਾਂ ਨੂੰ ਪਤਾ ਸੀ ਪਈ ਭਾਈ ਰੁਮਾਲਿਆਂ ਦੀਆਂ ਫਰਾਕਾਂ ਤੇ ਸੀਅ ਕੇ ਰਜਾਈਆਂ ਤਲਾਈਆਂ ਦੇ ਅਮਰੇ ਬਣਾ ਲੈਂਦਾ ਹੈ।

***

ਗਿਆਨੀ ਸਰੂਪ ਸਿੰਘ ਕਡਿਆਣਾ
ਪੰਥਕ
ਢਾਡੀ ਜਥਾ
98150-03075
ਪਿੰਡ ਕਡਿਆਣਾ ਤਹਿ: ਫਿਲੌਰ (ਜਲੰਧਰ)

## ❑ ਰਾਧਾ ਸਵਾਮੀ, ਨਿਰੰਕਾਰੀ ਆਦਿ

ਜਿਸ ਨੇ ਸ਼ਰਾਬ ਛੱਡਣੀ ਹੋਵੇ ਉਹ ਗੁਰਦੁਆਰੇ ਨਹੀਂ ਜਾਂਦਾ ਰਾਧਾ ਸਵਾਮੀਆਂ ਦੇ ਡੇਰੇ 'ਤੇ ਜਾਂਦਾ ਹੈ। ਹਾਲਾਂਕਿ ਸ਼ਰਾਬ ਪੀਣੀ ਤਾਂ ਗੁਰਦੁਆਰੇ ਵੀ ਨਹੀਂ ਦੱਸਦੇ, ਉਥੇ ਵੀ ਸ਼ਰਾਬ ਨੂੰ ਮਾੜਾ ਹੀ ਕਹਿੰਦੇ ਹਨ, ਫਿਰ ਕੋਈ ਰਾਧਾ ਸਵਾਮੀਆਂ ਦੇ ਡੇਰੇ 'ਤੇ ਹੀ ਕਿਉਂ ਜਾਂਦਾਂ ਹੈ, ਕਿਉਂਕਿ ਉਹਨਾਂ ਨੇ ਲੋਕਾਂ ਵਿਚ ਇਹ ਗੱਲ ਸਾਬਤ ਕਰ ਦਿੱਤੀ ਹੈ ਕਿ ਉਸ ਧਰਮ ਵਿਚ ਸ਼ਰਾਬ ਨਹੀਂ ਪੀਤੀ ਜਾਂਦੀ। ਮਾਲਵੇ ਵਿਚ ਜਿਹੜਾ ਮਲਵਈ ਸ਼ਰਾਬ ਨਾ ਪੀਂਦਾ ਹੋਵੇ ਦੂਜੇ ਕਹਿਣਗੇ, "ਉਹ ਤਾਂ ਬਾਈ ਜਮਾਂ ਰਾਧਾ ਸਵਾਮੀ ਹੋ ਗਿਆ" ਪਰ ਦੂਜੇ ਪਾਸੇ ਕਈ ਲੋਕ ਹਾਸੇ ਨਾਲ ਇਹ ਵੀ ਕਹਿ ਦਿੰਦੇ ਹਨ,"ਰਾਧਾ ਸਵਾਮੀ, ਪਊਆ ਸਵੇਰੇ ਅਧੀਆ ਸ਼ਾਮੀ"।

ਮਜੀਠਾ ਰੋਡ 'ਤੇ ਪਿੰਡ ਨਾਗਾਂ ਵਿਚ ਇਕ ਰਾਧਾ ਸਵਾਮੀ ਪਰਿਵਾਰ ਦੇ ਤੂੜੀ ਦੇ ਸੋਲਾਂ ਕੁੱਪਾਂ (ਮੂਸਲਾਂ) ਨੂੰ ਅੱਗ ਲੱਗ ਗਈ। ਪਿੰਡ ਦੇ ਹੀ ਇਕ ਪਰਿਵਾਰ, ਜਿਹਨਾਂ ਨਾਲ ਰਾਧਾ ਸਵਾਮੀ ਪਰਿਵਾਰ ਦੀ ਲੱਗਦੀ ਸੀ, ਦੇ ਮੁੰਡੇ 'ਤੇ ਕੁੱਪਾਂ ਨੂੰ ਅੱਗ ਲਾਉਣ ਦਾ ਇਲਜ਼ਾਮ ਲੱਗਾ। ਮੁੰਡੇ ਦੇ ਘਰ ਵਾਲਿਆਂ ਉਹਨੂੰ ਭੱਜ ਜਾਣ ਦੀ ਸਲਾਹ ਦਿੱਤੀ ਤਾਂ ਕਿ ਪੁਲਿਸ ਦਾ ਬੇਲੋੜਾ ਕੁਟਾਪਾ ਨਾ ਚੜ੍ਹ ਜਾਵੇ ਪਰ ਉਹ ਮੁੰਡਾ ਘਰੋਂ ਨਾ ਭੱਜਿਆ। ਕਿਉਂਕਿ ਉਹ ਸੱਚਾ ਸੀ, ਏਸੇ ਲਈ ਹੀ ਉਹਨੇ ਸਿਰ 'ਤੇ ਆਏ ਸੰਕਟ ਅੱਗੇ ਖਲੋਣ ਦਾ ਫੈਸਲਾ ਕੀਤਾ। ਪਿੰਡ ਦੇ ਲੋਕਾਂ ਨੂੰ ਵੀ ਪਤਾ ਸੀ ਕਿ ਮੁੰਡਾ ਬੇਕਸੂਰ ਹੈ। ਪਰ ਓਧਰ ਰਾਧਾ ਸੁਆਮੀ ਡੇਰੇ ਵਾਲੇ ਬਾਬੇ ਦਾ ਵੀ ਸਰਕਾਰੇ ਦਰਬਾਰੇ ਏਨਾਂ ਕੁ ਅਸਰ ਰਸੂਖ਼ ਹੈ ਕਿ ਬਿਆਸ ਤੇ ਮਜੀਠਾ ਥਾਣਿਆਂ ਨਾਲ ਸੰਬੰਧਤ ਸਿਪਾਹੀ ਵੀ ਬਾਬੇ ਨੂੰ ਪੁੱਛੇ ਬਗੈਰ ਘਰ ਨਹੀਂ ਜਾਂਦਾ। ਪੁਲਿਸ ਆਈ, ਥਾਣੇਦਾਰ ਨੇ ਸਾਰਾ ਪਿੰਡ ਇਕੱਠਾ ਕਰ ਲਿਆ, ਮੁੰਡਾ ਪੜ੍ਹਿਆ ਲਿਖਿਆ ਸੀ। ਉਹਨੇ ਪੁਲਿਸ ਨੂੰ ਤੇ ਪਿੰਡ ਦੇ ਪਤਵੰਤੇ ਸੱਜਣਾਂ ਨੂੰ ਮੌਕੇ 'ਤੇ ਚੱਲਣ ਦੀ ਬੇਨਤੀ ਕੀਤੀ ਜਿਥੇ ਕੁੱਪ ਸੜੇ ਸਨ। ਲਾਲ ਲਾਲ ਡੇਲੇ ਕੱਢਦਾ ਪੁਲਿਸ ਇੰਸਪੈਕਟਰ ਇਹ ਗੱਲ ਮੰਨ ਤਾਂ ਗਿਆ ਪਰ ਉਸਨੂੰ ਵੱਡੇ ਅਫਸਰਾਂ ਨੇ ਹੁਕਮ ਇਹ ਦਿੱਤਾ ਸੀ ਕਿ ਰਾਧਾ ਸਵਾਮੀ ਦੇ ਪਰਿਵਾਰ ਨਾਲ ਵਿਰੋਧਤਾ ਵਾਲੇ ਪਰਿਵਾਰ ਨੂੰ ਰਗੜਾ ਲਾਉਣਾ ਹੀ ਲਾਉਣਾ ਹੈ। ਮੌਕੇ 'ਤੇ ਜਾ ਕੇ ਪੜ੍ਹੇ ਲਿਖੇ ਲੜਕੇ ਨੇ ਸਾਰਾ ਪਾਸਾ ਹੀ ਪਲਟ ਕੇ ਰੱਖ ਦਿੱਤਾ। ਉਸਨੇ ਇਹ ਕਹਿ ਕੇ ਸਾਰੇ ਸੁੰਨ ਕਰ ਦਿੱਤੇ ਕਿ ਅੱਗ ਇਹਨਾਂ ਰਾਧਾ ਸਵਾਮੀਆਂ ਕੋਲੋਂ ਆਪ ਲੱਗੀ ਹੈ। ਇਹ ਰਾਧਾ ਸਵਾਮੀ ਸ਼ਰਾਬ ਕੱਢ ਰਹੇ ਸਨ। ਜਦੋਂ ਸ਼ਰਾਬ ਕੱਢੀ ਗਈ ਤੇ ਕੰਮ ਨਿੱਬੜ ਗਿਆ ਤਾਂ ਇਹਨਾਂ ਨੇ ਲਾਅਣ ਵਗੈਰਾ ਟਿਕਾਣੇ ਲਾ ਕੇ ਬਲਦੀ ਅੱਗ 'ਤੇ ਪਾਣੀ ਪਾ ਕੇ ਬੁਝਾ ਦਿੱਤੀ ਪਰ ਕਿਤੇ ਇਕ ਅੱਧੀ ਚੰਗਿਆੜੀ ਬਲਦੀ ਰਹਿ ਗਈ। ਤੂੜੀ ਦੀ ਅੱਗ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਛੇਤੀ ਕੀਤੇ ਬੁੱਝਦੀ ਨਹੀਂ ਤੇ ਹਵਾ ਪੈਣ ਨਾਲ ਫਿਰ ਸੁਲਗ ਪੈਂਦੀ ਹੈ। ਸ਼ਰਾਬ ਦੀ ਭੱਠੀ ਦੀਆਂ ਇਟਾਂ ਵੀ ਮੌਕੇ 'ਤੇ

ਮੌਜੂਦ ਸਨ। ਆਡ ਵਿਚ ਡੁੱਲੀ ਹੋਈ ਤਾਜੀ ਲਾਅਣ ਦੀ ਪਰਤ ਵੀ ਬਾਕਾਇਦਾ ਮਿੱਟੀ ਤੇ ਘਾਹ ਉੱਤੇ ਮੌਜੂਦ ਸੀ। ਅੱਗ ਪਹਿਲਾਂ ਜ਼ਮੀਨ 'ਤੇ ਰੇਂਗਦੀ ਰੇਂਗਦੀ ਇਕ ਕੁੱਪ ਨੂੰ ਲੱਗੀ ਫਿਰ ਨਾਲ ਨਾਲ ਦੇ ਸਾਰੇ ਕੁੱਪਾਂ ਨੂੰ ਲੱਗ ਗਈ। ਥਾਣੇਦਾਰ ਦਾ ਰਵਈਆ ਫੱਟ ਬਦਲ ਗਿਆ। ਉਸ ਮੁੰਡੇ ਨੇ ਕਿਹਾ, "ਥਾਣੇਦਾਰ ਸਾਹਿਬ ਆਖੋ ਤਾਂ ਕੱਲ੍ਹ ਦੀ ਕੱਢੀ ਹੋਈ ਸ਼ਰਾਬ ਵੀ ਬਰਾਮਦ ਕਰਵਾ ਸਕਦਾ ਹਾਂ।

ਪੁਲਿਸ ਨੂੰ ਕਰਨੀ ਹੀ ਪੈਣੀ ਸੀ। ਕਣਕ ਦੀਆਂ ਬੋਰੀਆਂ ਦੀ ਠੇਕੀ ਵਿਚੋਂ ਸ਼ਰਾਬ ਵੀ ਬਰਾਮਦ ਹੋ ਗਈ। ਕੇਸ ਦਾ ਕੀ ਬਣਿਆ ਇਹ ਗੱਲ ਤਾਂ ਛੱਡੋ ਪਰ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਰਾਧਾ ਸਵਾਮੀਆਂ ਨੇ ਸ਼ਰਾਬ ਕੀ ਕਰਨੀ ਸੀ? ਸਿਰਫ ਇਕ ਛੋਟੇ ਮੁੰਡੇ ਤੋਂ ਬਗੈਰ ਸਾਰੇ ਟੱਬਰ ਵਿਚੋਂ ਕੋਈ ਵੀ ਸ਼ਰਾਬ ਨੂੰ ਹੱਥ ਨਹੀਂ ਸੀ ਲਾਉਂਦਾ ਪਰ ਉਹ ਮੁੰਡਾ ਤਾਂ ਕਈਆਂ ਦਿਨਾਂ ਦਾ ਘਰ ਹੀ ਨਹੀਂ ਸੀ।

ਅਸਲ ਗੱਲ ਇਹ ਸੀ ਕਿ ਉਹ ਪਰਿਵਾਰ ਤਾਂ ਸ਼ਰਾਬ ਨਹੀਂ ਪੀਂਦਾ ਪਰ ਉਹਨਾਂ ਦੇ ਅੱਗੋਂ ਰਿਸ਼ਤੇਦਾਰ ਸਾਰੇ ਪੀਂਦੇ ਸਨ। ਮੁੰਡਿਆਂ ਦੇ ਸਹੁਰੇ, ਸਾਲੇ, ਕੁੜੀਆਂ ਦੇ ਸਹੁਰੇ, ਪਤੀ ਤੇ ਉਹਨਾਂ ਦੇ ਦਿਓਰ-ਜੇਠ, ਮਾਸੜ, ਫੁੱਫੜ ਸਭ ਪੀਣ ਵਾਲੇ ਸਨ। ਪੰਜਾਬ ਦੇ ਪੇਂਡੂ ਸਮਾਜ ਵਿਚ ਆਪ ਭਾਵੇਂ ਕੋਈ ਨਾ ਪੀਂਦਾ ਹੋਵੇ ਪਰ ਰਿਸ਼ਤੇਦਾਰਾਂ ਨੂੰ ਪਿਆਉਣੀ ਹੀ ਪੈਂਦੀ ਹੈ, ਨਹੀਂ ਤਾਂ ਕੋਈ ਰਿਸ਼ਤੇਦਾਰ ਮਿਲਣ ਹੀ ਨਹੀਂ ਆਉਂਦਾ ਤੇ ਨਾ ਹੀ ਵਿਆਹ ਸ਼ਾਦੀ 'ਤੇ ਆਉਂਦਾ ਹੈ। ਜੇ ਕੋਈ ਆਵੇ ਤਾਂ ਮਰੇ 'ਤੇ ਭਾਵੇਂ ਆ ਜਾਵੇ। ਕਈ ਵਾਰ ਤਾਂ ਪ੍ਰਾਹੁਣੇ ਮੰਗ ਕੇ ਵੀ ਸ਼ਰਾਬ ਪੀਂਦੇ ਹਨ ਤੇ ਜੇ ਘਰ ਵਾਲਾ ਨਾ ਪਿਆਵੇ ਤਾਂ ਭੰਡਣੀ ਕਰਦੇ ਹਨ।

ਇਕ ਵਾਰ ਕਿਸੇ ਪਿੰਡ ਦਾ ਇਕ ਬੰਦਾ ਤਾਰਿਆਂ ਦੀ ਛਾਵੇਂ ਹੀ ਘਰੋਂ ਤੁਰ ਪਿਆ ਤਾਂ ਕਿ ਧੁੱਪ ਚੜਨ ਤੋਂ ਪਹਿਲਾਂ ਹੀ ਟਿਕਾਣੇ 'ਤੇ ਪਹੁੰਚਿਆ ਜਾ ਸਕੇ। ਦਿਨ ਚੜ ਗਿਆ ਧੁੱਪ ਨਿਕਲ ਆਈ। ਕਿਸੇ ਪਿੰਡ ਵਿਚੋਂ ਦੀ ਲੰਘ ਰਿਹਾ ਸੀ ਕਿ ਰਾਹ ਵਿਚ ਫੂਹੜੀ ਵਿਛੀ ਹੋਈ ਸੀ। ਉਹ ਬੰਦਾ ਵੀ ਥੱਕ ਚੁੱਕਾ ਸੀ ਤੇ ਨਾਲੇ ਮਰਗ ਦਾ ਅਫਸੋਸ ਤਾਂ ਹਰ ਇਕ ਨੂੰ ਕਰਨਾ ਹੀ ਬਣਦਾ ਹੈ। ਉਹ ਵੀ ਫੂਹੜੀ 'ਤੇ ਬਹਿ ਗਿਆ ਤੇ ਪੁਛਿਆ "ਕੀ ਗਲ ਹੋਈ ਕੌਣ ਗੁਜਰ ਗਿਆ ਹੈ ਭਾਊ"। ਫੂਹੜੀ 'ਤੇ ਬੈਠੇ ਬੰਦਿਆਂ ਨੇ ਕਿਹਾ, "ਜੀ ਸਾਡਾ ਭਰਾ ਸੀ ਵੱਡਾ, ਗੁਜਰ ਗਿਐ ਪਰਸੋਂ।" ਉਸ ਰਾਹੀ ਨੇ ਪੁਛਿਆ "ਬਿਮਾਰ ਠਮਾਰ ਸੀ?" "ਨਹੀਂ ਜੀ ਬਿਮਾਰ ਵੀ ਏਡਾ ਕੋਈ ਨਹੀਂ ਹੋਇਆ।" ਉਸਨੇ ਫਿਰ ਪੁਛਿਆ "ਕੋਈ ਲੜਾਈ ਭੜਾਈ ਹੋ ਗਈ ਸੀ?" ਨਹੀਂ ਜੀ ਉਹ ਵਿਚਾਰਾ ਤੇ ਭਲਾਮਾਣਸ ਈ ਬੜਾ ਸੀ। "ਕੋਈ ਨਸ਼ਾ ਪੱਤਾ ਕਰਦਾ ਸੀ?" ਕਿਉਂਕਿ ਮਰ ਜਾਣ ਦੇ ਤਾਂ ਇਹ ਹੀ ਕਾਰਣ ਹੁੰਦੇ ਹਨ। ਪਿੰਡ ਵਾਲਿਆਂ ਨੇ ਕਿਹਾ, "ਨਾ ਜੀ ਨਾ, ਨਾ ਮੀਟ ਨਾ ਸ਼ਰਾਬ, ਨਸ਼ਾ ਤੇ ਵਿਚਾਰਾ ਕੋਈ ਕਰਦਾ ਈ ਨਹੀਂ ਸੀ।" ਉਹ ਰਾਹੀ ਪਰਨਾਂ ਮੋਢੇ 'ਤੇ ਸੁੱਟ ਕੇ ਉਠਿਆ ਤੇ ਤੁਰਿਆ ਜਾਂਦਾ ਕਹਿਣ ਲਗਾ "ਮਰਿਆ ਤੇ ਫਿਰ ਚਰੋਕਣਾ ਈ ਸੀ, ਅਜ ਤੇ ਅਫਸੋਸ ਈ ਕਰਨ ਡਹੇ ਹੋਏ ਕਿ।" ਜੁਆਈਆਂ ਭਾਈਆਂ ਤੇ ਨਿੱਘਦੇ ਸਾਕਾਂ ਦੇ ਆਉਣ 'ਤੇ ਘਰ ਵਿਚ ਮਾਸ ਵੀ ਰਿੱਝਦਾ ਹੈ ਤੇ ਸ਼ਰਾਬ ਵੀ ਉੱਡਦੀ ਹੈ। ਪੰਜਾਬ ਦਾ ਸਾਰਾ ਸਮਾਜ ਇਕ ਤਰ੍ਹਾਂ ਨਾਲ ਮਿਲਗੋਭਾ ਜਿਹਾ ਬਣ ਗਿਆ ਹੈ। ਕਈ ਥਾਂਈਂ ਤਾਂ ਰਾਧਾ ਸਵਾਮੀ ਵੀ ਰਿਸ਼ਤੇਦਾਰਾਂ ਦੇ ਪ੍ਰਭਾਵ ਵਿਚ ਆ ਕੇ ਪੀਣ ਲੱਗ ਪੈਂਦੇ ਹਨ ਤੇ ਕਿਤੇ ਪੀਣ ਵਾਲੇ ਰਾਧਾ ਸਵਾਮੀਆਂ ਦੇ ਪਰਭਾਵ ਥੱਲੇ ਆ ਕੇ ਰਾਧਾ ਸਵਾਮੀ ਬਣ ਜਾਂਦੇ ਹਨ ਪਰ ਇਹ ਗਿਣਤੀ ਐਵੇਂ ਕੁਝ ਫੀਸਦੀ ਤੋਂ ਵੱਧ ਨਹੀਂ ਹੁੰਦੀ। ਅੱਜ ਪੰਜਾਬ ਦੇ ਛੋਟੇ ਤੋਂ ਛੋਟੇ ਕਸਬੇ

ਵਿਚ ਵੀ ਰਾਧਾ ਸਵਾਮੀ ਡੇਰਾ ਸਥਾਪਤ ਹੋ ਚੁੱਕਾ ਹੈ ਤੇ ਪੂਰਾ ਪੰਜਾਬ ਉਹਨਾਂ ਨੇ ਰਾਧਾ ਸਵਾਮੀ ਡੇਰਿਆਂ ਨਾਲ ਢੱਕ ਲਿਆ ਹੈ। ਇਸ ਪਿੱਛੇ ਕਿੱਡਾ ਵੱਡਾ ਜਾਲ ਹੈ, ਇਸ 'ਤੇ ਵੀ ਵਿਚਾਰ ਕਰਦੇ ਹਾਂ। ਲੋਕ ਰਾਧਾ ਸਵਾਮੀਆਂ ਵਲ ਕਿਵੇਂ ਖਿਚੇ ਜਾਂਦੇ ਹਨ ਇਹ ਵੀ ਵਿਚਾਰਨ ਵਾਲੀ ਗੱਲ ਹੈ।

1997-98 ਦੀ ਗੱਲ ਹੈ ਕਿ ਇੱਟਾਂ ਦੇ ਭਾਅ ਬਹੁਤ ਵਧ ਗਏ ਸਨ ਤੇ ਚੰਗੀ ਇੱਟ ਮਿਲਦੀ ਵੀ ਘੱਟ ਹੀ ਸੀ। ਮੇਰਾ ਧੰਦਾ ਵੀ ਮਕਾਨ ਬਨਾਉਣ ਨਾਲ ਸੰਬੰਧਤ ਹੈ, ਇਸ ਲਈ ਜਿਵੇਂ ਅਰਬ ਦੇਸ਼ਾਂ ਵਿਚ ਸੀਮੈਂਟ ਦੇ ਤਬੂਕਾਂ ਨਾਲ ਉਸਾਰੀ ਕਰਦੇ ਹਨ, ਮੈਂ ਵੀ ਏਸੇ ਤਰ੍ਹਾਂ ਦੇ ਤਬੂਕ ਬਨਾਉਣਾ ਚਾਹੁੰਦਾ ਸਾਂ। ਪਰ ਇਹ ਜਾਣਕਾਰੀ ਕਿਥੋਂ ਮਿਲੇ, ਇਹ ਇਕ ਸਮੱਸਿਆ ਸੀ। ਮੈਨੂੰ ਇਕ ਰਾਧਾ ਸਵਾਮੀ ਨੇ ਦੱਸਿਆ ਕਿ ਬਿਆਸ ਡੇਰੇ ਦੀ ਆਪਣੀ ਤਬੂਕ ਬਣਾਉਣ ਦੀ ਫੈਕਟਰੀ ਹੈ ਤੇ ਓਥੇ ਇਕੱਲੇ ਤਬੂਕ ਹੀ ਨਹੀਂ ਬਣਦੇ, ਇਮਾਰਤਸਾਜ਼ੀ ਦਾ ਹੋਰ ਵੀ ਹਰ ਤਰ੍ਹਾਂ ਦਾ ਸਮਾਨ ਤਿਆਰ ਹੁੰਦਾ ਹੈ। ਸੀਮੈਂਟ ਦੀਆਂ ਚਾਦਰਾਂ ਤੋਂ ਲੈ ਕੇ ਜਾਲੀਆਂ, ਆਰਜੀ ਪਿਲਰ, ਸਨੋਸਮ, ਅਨੈਮਲ ਪੇਂਟ ਤੇ ਗੱਲ ਕੀ ਉਹ ਸਭ ਕੁਝ ਹੀ ਬਣਦਾ ਹੈ, ਜੋ ਮਕਾਨ ਬਣਾਉਣ ਲਈ ਵਰਤੋਂ ਵਿਚ ਆਉਂਦਾ ਹੈ। ਦੋ ਰਾਧਾ ਸਵਾਮੀ ਜੋ ਉਸ ਡੇਰੇ ਦੇ ਖਾਸ ਵਿਅਕਤੀ ਸਨ, ਮੈਨੂੰ ਡੇਰੇ 'ਤੇ ਲੈ ਗਏ। ਪਹਿਲਾਂ ਮੈਂ ਕਦੇ ਓਥੇ ਨਹੀਂ ਸੀ ਗਿਆ। ਮੇਰੇ ਕੋਲ ਸੈਲੋ ਡੈਵਿਓ ਕਾਰ ਸੀ, ਜਿਸ ਦੇ ਅੱਗੇ ਨੰਬਰ ਪਲੇਟ ਤੇ ਛੋਟੇ ਛੋਟੇ ਅੱਖਰਾਂ ਵਿਚ 'ਚੇਅਰਮੈਨ ਵਰਲਡ ਸਿੱਖ ਕੌਂਸਲ' ਲਿਖਿਆ ਹੋਇਆ ਸੀ। ਭਾਵੇਂ ਇਹ ਲਿਖਾਉਣ ਦਾ ਹੋਰ ਕੋਈ ਫਾਇਦਾ ਤਾਂ ਨਹੀਂ ਪਰ ਚੰਡੀਗੜ੍ਹ ਵਗੈਰਾ ਜਾਈਏ ਤਾਂ ਮਾਮੂਲੀ ਜਿਹਾ ਫਰਕ ਪੈ ਜਾਂਦਾ ਹੈ ਤੇ ਟਰੈਫਿਕ ਵਾਲੇ ਜ਼ਰਾ ਘੱਟ ਪਰੇਸ਼ਾਨ ਕਰਦੇ ਹਨ, ਜਾਂ ਪੈਸੇ ਲੈਣ ਦੀ ਆਸ ਛੱਡ ਕੇ ਜਾ ਲੈਣ ਦੇਂਦੇ ਹਨ। ਜਦੋਂ ਕਾਰ ਗੇਟ ਦੇ ਅੱਗੇ ਜਾ ਕੇ ਰੁਕੀ ਤਾਂ ਅੰਦਰ ਦਾ ਦ੍ਰਿਸ਼ ਇਸ ਤਰ੍ਹਾਂ ਦਾ ਹੈ ਜਿਵੇਂ ਕੋਈ ਯੂਨੀਵਰਸਿਟੀ ਜਾਂ ਪੁਰਾਣੇ ਰਾਜੇ ਮਹਾਰਾਜਿਆਂ ਦਾ ਮਹੱਲ ਹੋਵੇ। ਜੀ. ਟੀ. ਰੋਡ ਤੋਂ ਲੈ ਕੇ ਚੌੜੀ ਤੇ ਸਾਫ ਸੁਥਰੀ ਸੜਕ ਡੇਰੇ ਵੱਲ ਜਾਂਦੀ ਹੈ ਤੇ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਬਿਆਸ ਸ਼ਹਿਰ ਜੀ. ਟੀ. ਰੋਡ 'ਤੇ ਨਹੀਂ ਏਧਰ ਵਸਿਆ ਹੋਇਆ ਹੈ। ਕਾਰ ਰੁਕੀ ਵੇਖ ਕੇ ਡੇਰੇ ਦੇ ਇਕ ਬੰਦੇ ਨੇ ਝੱਟ ਆ ਕੇ ਦਰਵਾਜ਼ਾ ਖੋਲ੍ਹਿਆ ਤੇ ਬੜੇ ਸਲੀਕੇ ਨਾਲ ਫਤਿਹ ਬੁਲਾ ਕੇ ਗੱਲਾਂ ਕਰਨ ਲੱਗ ਪਿਆ। ਬੱਸ ਥੋੜ੍ਹੀ ਦੇਰ ਪਿਛੋਂ ਹੀ ਇਕ ਜਿਪਸੀ ਗੱਡੀ ਆ ਕੇ ਸਾਡੀ ਗੱਡੀ ਦੇ ਅੱਗੇ ਲੱਗ ਗਈ। ਜਿਵੇਂ ਕਿਸੇ ਨੂੰ ਐਸਕਾਰਟ ਕਰਕੇ ਲਿਜਾਣਾ ਹੋਵੇ। ਸੁਭਾਅ ਅਨੁਸਾਰ ਮੈਨੂੰ ਇਹ ਬੜਾ ਖਲਜਗਣ ਜਿਹਾ ਲੱਗਾ। ਅੱਗੇ ਜਾ ਕੇ ਜਦੋਂ ਗੱਡੀ ਖਲ੍ਹਾਰ ਕੇ ਮੈਂ ਨਿਗਾਹ ਮਾਰੀ ਤਾਂ ਮੈਟਲ ਡਿਟੈਕਟਰ ਦਾ ਦਰਵਾਜ਼ਾ ਜਿਹਾ ਬਣਿਆ ਹੋਇਆ ਨਜ਼ਰ ਆਇਆ। ਮੈਂ ਨਾ ਤਾਂ ਕਿਰਪਾਨ ਹੀ ਲਾਹੁਣੀ ਸੀ ਤੇ ਨਾ ਹੀ ਮੇਰਾ ਕਿਸੇ ਨਾਲ ਉਲਝਣ ਦਾ ਵਿਚਾਰ ਸੀ, ਇਸ ਲਈ ਮੈਂ ਆਪਣਾ ਇਰਾਦਾ ਇਕ ਤਰ੍ਹਾਂ ਨਾਲ ਬਦਲ ਹੀ ਲਿਆ ਤੇ ਕਾਰ ਦੇ ਦਰਵਾਜ਼ੇ ਕੋਲ ਖਲੋਤੇ ਬੰਦੇ ਨੂੰ ਕਿਹਾ, "ਚਲੋ ਫੇਰ ਕਦੇ ਸਹੀ,"

ਉਹ ਕਹਿਣ ਲੱਗਾ, "ਜੀ ਕੀ ਗੱਲ ਕੋਈ ਪਰੇਸ਼ਾਨੀ ਹੈ ?"

ਮੈਂ ਕਿਹਾ, "ਮੈਂ ਕਿਰਪਾਨ ਪਾਈ ਹੋਈ ਹੈ, ਇਕ ਮੇਰੇ ਕੋਲ ਰਿਵਾਲਵਰ ਵੀ ਹੈ, ਤੁਹਾਡਾ ਪ੍ਰਬੰਧ ਬੜੀ ਤਕੜੀ ਸੁਰੱਖਿਆ (ਸਕਿਉਰਿਟੀ) ਜਹੀ ਦਾ ਲੱਗ ਰਿਹਾ ਹੈ, ਨਾਲੇ ਕੋਈ ਏਡਾ ਜ਼ਰੂਰੀ ਵੀ ਨਹੀਂ, ਮੈਂ ਤਾਂ ਤੁਹਾਡਾ ਤਬੂਕ ਬਨਾਉਣ ਵਾਲਾ ਢਾਂਚਾ ਹੀ ਵੇਖਣਾ ਸੀ, ਪਤਾ ਨਹੀਂ ਉਹ ਵੀ ਤੁਸੀਂ ਕਿਸੇ ਬਾਹਰਲੇ ਨੂੰ ਵਿਖਾਉਂਦੇ ਹੋ ਕਿ ਨਹੀਂ।"

ਉਹ ਬੰਦਾ ਤੇ ਉਸ ਨਾਲ ਖਲੋਤੇ ਹੋਰ ਚਾਰ-ਪੰਜ ਸੇਵਾਦਾਰ ਇਕੱਠੇ ਹੀ ਬੋਲ ਪਏ,"ਨਹੀਂ ਜੀ ਤੁਹਾਨੂੰ ਸਭ ਕੁਝ ਵਿਖਾ ਦਿਆਂਗੇ, ਬਿਲਕੁਲ ਐਸੀ ਕੋਈ ਗੱਲ ਨਹੀਂ। ਕਿਰਪਾਨ ਤਾਂ ਸਾਡੇ ਡੇਰੇ ਦੇ ਅੰਦਰ ਵੀ ਲੋਕ ਪਾਈ ਫਿਰਦੇ ਹਨ। ਕਿਰਪਾਨ ਨੂੰ ਏਥੇ ਬਿਲਕੁਲ ਨਹੀਂ ਰੋਕਿਆ ਜਾਂਦਾ। ਰਹੀ ਰਿਵਾਲਵਰ ਦੀ ਗੱਲ ਤਾਂ ਆਪ ਜੀ ਇਕ ਵਾਰ ਆ ਕੇ ਸਾਡਾ ਪ੍ਰਬੰਧ ਵੇਖ ਲਓ, ਜੇ ਆਪ ਨੂੰ ਪਸੰਦ ਨਾ ਆਵੇ ਤਦ ਵੱਖਰੀ ਗੱਲ ਹੈ।"

ਉਹਨਾਂ ਦੇ ਬਹੁਤ ਕਹਿਣ 'ਤੇ ਮੈਂ ਅੰਦਰ ਜਾ ਕੇ ਵੇਖਿਆ ਤਾਂ ਉਹਨਾਂ ਨੇ ਇਕ ਵੱਡੀ ਸਾਰੀ ਅਲਮਾਰੀ ਤੇ ਇਕ ਲੈਜਰਨੁਮਾ ਰਜਿਸਟਰ ਰੱਖਿਆ ਹੋਇਆ ਹੈ। ਉਹਨਾਂ ਮੈਨੂੰ ਸਭ ਕੁਝ ਸਮਝਾਇਆ ਕਿ ਕਿਵੇਂ ਰਿਵਾਲਵਰ ਨੂੰ ਇਸ ਰਜਿਸਟਰ ਵਿਚ ਦਰਜ਼ ਕਰਕੇ ਤੁਹਾਨੂੰ ਰਸੀਦ ਦਿਆਂਗੇ ਤੇ ਰਿਵਾਲਵਰ ਉਸ ਅਲਮਾਰੀ ਵਿਚ ਸੇਫ ਪਿਆ ਰਹੇਗਾ, ਵਾਪਸ ਆਉਂਦੇ ਲੈ ਜਾਣਾ। ਮੈਨੂੰ ਇਸ ਤਰ੍ਹਾਂ ਖਾਸ ਇਤਰਾਜ਼ ਵੀ ਨਹੀਂ ਸੀ। ਸੋ ਸਭ ਕੁਝ ਕਰ ਕਰਾ ਕੇ ਅੰਦਰ ਚਲੇ ਗਏ। ਸਸਤੀਆਂ ਦੁਕਾਨਾਂ 'ਤੇ ਕੋਕਾ ਕੋਲਾ ਸ਼ਾਇਦ ਸਾਢੇ ਚਾਰ ਰੁਪਏ ਦਾ, ਫਰੂਟੀ ਵੀ ਏਨੇਂ ਕੁ ਹੀ ਦੀ ਸੀ। ਦੁੱਧ ਆਦਿ ਸਭ ਕੁਝ ਬਗੈਰ ਟੈਕਸੋਂ ਬਹੁਤ ਸਸਤਾ ਸੀ ਤੇ ਏਥੋਂ ਤਕ ਕਿ ਲੋਕ ਘਰਾਂ ਨੂੰ ਵੀ ਲਈ ਜਾਂਦੇ ਸਨ। ਰੋਟੀ ਦੀ ਛੁੱਟੀ ਦਾ ਸਮਾਂ ਸੀ ਤੇ ਤਬੂਕ ਬਨਾਉਣ ਵਾਲਾ ਕਾਰਖ਼ਾਨਾ ਬੰਦ ਸੀ। ਸਮਾਂ ਕੱਟਣ ਲਈ ਮੈਂ ਲਾਇਬ੍ਰੇਰੀ ਦੇ ਬਾਹਰਵਾਰ ਤੁਰ ਫਿਰ ਕੇ ਸ਼ੀਸ਼ੇ ਵਿਚ ਲੱਗੀਆਂ ਕਿਤਾਬਾਂ ਵੇਖਣ ਲੱਗ ਪਿਆ। ਵਿਸ਼ਵ ਸਿੱਖ ਕੌਂਸਲ ਦਾ ਚੇਅਰਮੈਨ ਬਣਨ ਤੋਂ ਪਹਿਲਾਂ ਮੈਂ ਅਕਾਲੀ ਦਲ ਦਾ ਜ਼ਿਲ੍ਹਾ ਪ੍ਰਧਾਨ ਰਹਿ ਚੁੱਕਾ ਸਾਂ। ਉਹ ਵੀ ਉਹਨਾਂ ਸਾਲਾਂ ਵਿਚ ਜਦੋਂ ਬਾਦਲ ਦਲ ਜਾਂ ਕਿਸੇ ਹੋਰ ਅਕਾਲੀ ਦਲ ਦੀ ਕੋਈ ਹੋਂਦ ਨਹੀਂ ਸੀ। ਬਾਅਦ ਵਿਚ ਬਾਦਲ ਅਕਾਲੀ ਦਲ ਦੇ ਜਿਲ੍ਹਾ ਪ੍ਰਧਾਨ ਸਾਡੇ ਨਾਲ ਸੀਨੀਅਰ ਮੀਤ ਪ੍ਰਧਾਨ ਤੇ ਸੁਰਜੀਤ ਸਿੰਘ ਬਰਨਾਲੇ ਦੇ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਬਤੌਰ ਜਨਰਲ ਸਕੱਤਰ ਕੰਮ ਕਰਦੇ ਰਹੇ ਸਨ। ਉਹਨਾਂ ਸਾਲਾਂ ਵਿਚ ਹਰ ਵੇਲੇ ਸਾਡੇ ਆਲੇ ਦੁਆਲੇ ਮੌਤ ਦਾ ਖ਼ਤਰਾ ਮੰਡਰਾਉਂਦਾ ਰਹਿੰਦਾ ਸੀ। ਸਾਡੀ ਵਰਕਿੰਗ ਕਮੇਟੀ ਦੇ ਮੈਂਬਰ ਸ. ਬਲਦੇਵ ਸਿੰਘ ਘੁੰਮਣ ਪੁਲਿਸ ਕ੍ਰੈਟਾਂ ਦੀ ਗੋਲ਼ੀ ਨਾਲ ਮਾਰੇ ਜਾ ਚੁੱਕੇ ਸਨ। ਜਲੰਧਰ ਸ਼ਹਿਰੀ ਦੇ ਪ੍ਰਧਾਨ ਮਾਸਟਰ ਅਮਰੀਕ ਸਿੰਘ ਦੇ ਗੋਲ਼ੀ ਮਾਰੀ ਗਈ ਪਰ ਉਹ ਬਚ ਗਏ। ਕੁਝ ਦਿਨਾਂ ਬਾਅਦ ਕਪੂਰਥਲੇ ਜ਼ਿਲੇ ਵਿਚ ਸ. ਆਤਮਾ ਸਿੰਘ ਸਾਬਕਾ ਵਿਕਾਸ ਮੰਤਰੀ ਦੇ ਘਰ ਗੋਲ਼ੀ ਚਲਾ ਕੇ ਉਹਨਾਂ ਨੂੰ ਜਖ਼ਮੀ ਕਰ ਦਿੱਤਾ ਗਿਆ। ਗੋਲ਼ੀ ਉਹਨਾਂ ਦੇ ਸਿਰ ਵਿਚ ਮਾਰੀ ਗਈ ਸੀ। ਉਹਨਾਂ ਨੇ ਕੁਦਰਤੀ ਹੀ ਮੂੰਹ ਉਤਾਂਹ ਨੂੰ ਚੁੱਕਿਆਂ ਤਾਂ ਗੋਲੀ ਜਬਾੜੇ ਨੂੰ ਚੀਰਦੀ ਹੋਈ ਲੰਘ ਗਈ। ਇਸ ਤਰ੍ਹਾਂ ਚੌਕੰਨੇ ਹੋ ਕੇ ਤੁਰਨ ਤੇ ਹਰ ਵੇਲੇ ਅੱਗਾ ਪਿੱਛਾ ਵੇਖ ਕੇ ਤੁਰਨ ਦੀ ਸਾਨੂੰ ਆਦਤ ਜਹੀ ਹੀ ਪੈ ਗਈ ਸੀ। ਮੈਨੂੰ ਇਸ ਤਰ੍ਹਾਂ ਲੱਗਾ ਜਿਵੇਂ ਕੋਈ ਮੇਰਾ ਪਿੱਛਾ ਕਰ ਰਿਹਾ ਹੋਵੇ। ਆਪਣੇ ਨਾਲ ਦੇ ਦੋ ਰਾਧਾ ਸਵਾਮੀਆਂ ਨੂੰ ਮੈਂ ਇਹ ਖਦਸ਼ਾ ਦੱਸਿਆ ਤਾਂ ਉਹ ਹੱਸ ਪਏ ਤੇ ਕਹਿਣ ਲੱਗੇ,"ਨਹੀਂ ਜੀ ਇਹ ਰੱਬ ਦਾ ਘਰ ਹੈ, ਏਥੇ ਏਦਾਂ ਦੀ ਕੋਈ ਗੱਲ ਨਹੀਂ।" ਪਰ ਕੁਝ ਚਿਰ ਬਾਅਦ ਮੇਰਾ ਸ਼ੱਕ ਪੱਕਾ ਹੋ ਗਿਆ ਤਾਂ ਮੈਂ ਦੂਰ ਖਲੋਤੇ ਇਕ ਬੰਦੇ ਨੂੰ ਹੱਥ ਦਾ ਇਸ਼ਾਰਾ ਕਰਕੇ ਆਪਣੇ ਕੋਲ ਸੱਦਿਆ ਤੇ ਉਸਨੂੰ ਕਿਹਾ,"ਮੈਂ ਤਾਂ ਤੁਹਾਡੇ ਬੰਦਿਆਂ ਨੂੰ ਪਹਿਲਾਂ ਹੀ ਕਿਹਾ ਸੀ ਕਿ ਮੈਂ ਅੰਦਰ ਨਹੀਂ ਜਾਂਦਾ, ਪਰ ਤੁਸਾਂ ਲੋਕਾਂ ਨੇ ਆਪ ਹੀ ਕਿਹਾ ਆਓ, ਆਓ! ਹੁਣ ਇਹ ਦੱਸੋ ਪਈ ਮੈਂ ਤੁਹਾਡਾ ਕੁਝ ਚੁੱਕ ਕੇ ਲੈ ਜਾਣਾ ਹੈ, ਤੁਸੀਂ ਓਦੋਂ ਤੋਂ ਬਰਾਬਰ ਮੇਰਾ ਪਿੱਛਾ ਕਰ ਰਹੇ ਹੋ।"

ਉਸ ਬੰਦੇ ਨੇ ਦੂਰ ਦੂਰ ਖਲੋਤੇ ਚਾਰੇ ਪਾਸਿਆਂ ਦੇ ਬੰਦਿਆਂ ਨੂੰ ਵੀ ਬੁਲਾ ਲਿਆ ਤੇ ਹੱਸ ਕੇ ਮੈਨੂੰ ਕਹਿਣ ਲੱਗਾ,"ਜੀ ਗੁੱਸਾ ਨਾ ਕਰੋ, ਅਸੀਂ ਨੌਂ ਜਣੇ ਤੁਹਾਡੀ ਹਿਫਾਜ਼ਤ ਲਈ ਡਿਊਟੀ 'ਤੇ ਹਾਂ ਕਿਉਂਕਿ ਅਸਾਂ ਤੁਹਾਡਾ ਹਥਿਆਰ ਜੁ ਸੇਫ ਕਸਟਡੀ ਵਿਚ ਰਖਵਾ ਲਿਆ ਹੈ, ਹੁਣ ਤੁਹਾਡੀ ਹਿਫ਼ਾਜ਼ਤ ਦੀ ਜਿੰਮੇਵਾਰੀ ਸਾਡੀ ਹੀ ਬਣਦੀ ਹੈ ਨਾ ? ਜਦੋਂ ਅਸਾਂ ਵੇਖਿਆ ਕਿ ਤੁਹਾਡਾ ਰਿਵਾਲਵਰ ਪਾਬੰਦੀਸ਼ੁਦਾ ਬੋਰ (Prohibited Bore) ਦਾ ਹੈ ਤਾਂ ਸਾਡੇ ਚੀਫ ਸਕਿਊਰਿਟੀ ਕਮਾਂਡਰ ਨੇ ਛੇ ਬੰਦੇ ਹੋਰ ਡਿਊਟੀ 'ਤੇ ਭੇਜ ਦਿੱਤੇ, ਨਹੀਂ ਤਾਂ ਪਹਿਲਾਂ ਤਾਂ ਅਸੀਂ ਤਿੰਨ ਜਣੇ ਹੀ ਸਾਂ। ਉਹਨਾਂ ਮੈਨੂੰ ਇਹ ਵੀ ਦੱਸਿਆ ਕਿ ਰਾਜ ਕ੍ਰਿਸ਼ਨ ਬੇਦੀ ਜਿਹੜੇ ਖੰਨੇ ਪੁਲਿਸ ਜਿਲੇ ਦੇ ਐੱਸ. ਐੱਸ. ਪੀ ਰਹਿ ਚੁੱਕੇ ਹਨ, ਰਿਟਾਇਰ ਹੋ ਕੇ ਏਥੇ ਚੀਫ ਸਕਿਊਰਿਟੀ ਕਮਾਂਡਰ ਹਨ। ਬੇਦੀ ਸਾਹਿਬ ਤਾਂ ਮੈਨੂੰ ਵੀ ਬਹੁਤ ਚੰਗੀ ਤਰ੍ਹਾਂ ਜਾਣਦੇ ਸਨ ਕਿਉਂਕਿ ਜਲੰਧਰ ਉਹ ਐੱਸ. ਪੀ. ਡੀ. ਸਨ ਤੇ ਜਿਲ੍ਹਾ ਪ੍ਰਧਾਨ ਹੋਣ ਦੇ ਨਾਤੇ ਮੈਨੂੰ ਕਈ ਵਾਰ ਫੜ ਕੇ ਲਿਆਂਦੇ ਖਾੜਕੂ ਛੁਡਾਉਣ ਲਈ ਉਹਨਾਂ ਨੂੰ ਮਿਲਣਾ ਪੈਂਦਾ ਸੀ। ਉਹਨਾਂ ਦਾ ਆਪਣਾ ਜੁਆਨ ਲੜਕਾ ਵੀ ਖਾੜਕੂਆਂ ਨੇ ਮਾਰ ਦਿੱਤਾ ਸੀ। ਏਸੇ ਲਈ ਹੀ ਇਸ ਤਰ੍ਹਾਂ ਦੇ ਫੱਟ ਖਾਧੇ ਅਫਸਰਾਂ ਨੂੰ ਸਰਕਾਰ ਨੇ ਚੁਣ-ਚੁਣ ਕੇ ਜਿਲ੍ਹਿਆਂ ਵਿਚ ਲਾਇਆ ਸੀ ਤਾਂ ਕਿ ਇਹ ਖਾੜਕੂਆਂ ਨਾਲ ਦੁਸ਼ਮਣਾਂ ਵਰਗਾ ਵਿਹਾਰ ਕਰਨ ਬਲਕਿ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਮਾਰ ਹੀ ਦੇਣ। ਬੇਦੀ ਸਾਹਿਬ ਅੰਮ੍ਰਿਤਸਰ ਜਿਲ੍ਹੇ ਦੇ ਸਰਹੱਦੀ ਪਿੰਡਾਂ ਦੇ ਹਨ ਤੇ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦੇ ਵੰਸ਼ ਵਿਚੋਂ ਦੱਸਦੇ ਹਨ ਤੇ ਮੂੰਹ ਦੇ ਬਹੁਤ ਮਿੱਠੇ ਹਨ ਪਰ ਕਹਿੰਦੇ ਹਨ ਕਿ ਸ਼ੱਕ ਵਿਚ ਫੜ ਕੇ ਲਿਆਂਦੇ ਨੌਜੁਆਨਾਂ ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਮਾਰਨ ਲੱਗਿਆਂ ਉਹਨਾਂ ਨੇ ਵੀ ਘੱਟ ਨਹੀਂ ਕੀਤੀ। ਏਸੇ ਲਈ ਹੀ ਬਾਅਦ ਵਿਚ ਉਹਨਾਂ ਨੂੰ ਤਰੱਕੀ ਦੇ ਕੇ ਨਵੇਂ ਬਣੇ ਪੁਲਿਸ ਜਿਲ੍ਹੇ ਦਾ ਐੱਸ. ਐੱਸ. ਪੀ ਲਾ ਦਿੱਤਾ ਗਿਆ ਸੀ।

ਜਦੋਂ ਅਸਾਂ ਫਿਰ ਤੁਰ ਕੇ ਸਾਰਾ ਡੇਰਾ ਵੇਖ ਲਿਆ ਤਾਂ ਉਹਨਾਂ ਵਿਚੋਂ ਇਕ ਨੇ ਕਿਹਾ,"ਜੀ ਹੁਣ ਪਰਸ਼ਾਦਾ ਛੱਕ ਲਓ, ਬਸ ਆਹ ਨਾਲ ਹੀ ਮੈੱਸ ਹੈ, ਤੁਹਾਡੇ ਖਾਣੇ ਵਾਸਤੇ ਪਰਚੀਆਂ ਵੀ. ਆਈ. ਪੀ. ਵਿਭਾਗ ਵਿਚੋਂ ਆ ਗਈਆਂ ਹਨ।" ਮੈਨੂੰ ਇਹ ਸਭ ਕੁਝ ਵੇਖ-ਵੇਖ ਕੇ ਤੇ ਸੁਣ-ਸੁਣ ਕੇ ਹੈਰਾਨੀ ਹੋ ਰਹੀ ਸੀ। ਹੱਦ ਹੋ ਗਈ, ਇਸ ਤਰ੍ਹਾਂ ਦੇ ਪ੍ਰੇਮ ਪੂਰਵਕ ਵਿਹਾਰ ਨਾਲ ਕੋਈ ਸਿੱਖ ਕਿਵੇਂ ਨਾ ਰਾਧਾ ਸਵਾਮੀਆਂ ਵੱਲ ਖਿੱਚਿਆ ਜਾਵੇਗਾ? ਸੁੰਦਰਤਾ ਉਹ, ਜਿਹਦੀ ਸੌਕਣ ਵੀ ਤਾਰੀਫ ਕਰੇ। ਮੇਰਾ ਆਪਣਾ ਭਾਈਚਾਰਾ ਕਿਸੇ ਵੱਡੇ ਤੋਂ ਵੱਡੇ ਅਹੁਦੇਦਾਰ ਨੂੰ ਵੀ ਟਕੇ ਸੇਰ ਨਹੀਂ ਪੁੱਛਦਾ ਪਰ ਇਹ ਕਿੰਨਾ ਮਾਣ ਸਤਿਕਾਰ ਦੇ ਰਹੇ ਹਨ। ਫਿਰ ਮੈਂ ਕੰਮ ਤਾਂ ਆਪਣੇ ਆਇਆ ਹਾਂ। ਇਹਨਾਂ ਨੇ ਮੇਰੇ ਕੋਲੋਂ ਕੀ ਲੈਣਾ ਹੈ? ਇਕ ਵੱਡੇ ਸਾਰੇ ਸ਼ੈੱਡ ਵਿਚ ਸਟੀਲ ਦੇ ਮੇਜ ਲੱਗੇ ਹੋਏ ਸਨ। ਸੱਜੀਆਂ ਸਜਾਈਆਂ ਥਾਲੀਆਂ ਹਰ ਬੰਦੇ ਅੱਗੇ ਆ ਜਾਂਦੀਆਂ ਹਨ। ਕਈ ਤਰ੍ਹਾਂ ਦੇ ਲੰਗਰ ਹਨ। ਸਿੱਖਾਂ ਵਾਂਗ ਲੰਗਰ ਮੁਫਤ ਨਹੀਂ, ਪੈਸੇ ਲੈ ਕੇ ਹੈ। ਥਾਲੀਆਂ ਦੇ ਹਿਸਾਬ ਪੈਸੇ ਲੈਂਦੇ ਹਨ। ਪੰਜ ਜਾਂ ਸੱਤ ਰੁਪਏ ਥਾਲੀ। ਵੀਹ ਰੁਪਏ ਕਾਂਟੀਨੈਂਟਲ ਫੂਡ ਦੀ ਥਾਲੀ ਹੈ। ਰੋਟੀਆਂ ਪਕਾਉਣ ਵਾਲਾ ਕੋਈ ਨਹੀਂ, ਮਸ਼ੀਨ ਨਾਲ ਰੋਟੀਆਂ ਪੱਕਦੀਆਂ ਹਨ ਤੇ ਵੱਡੇ ਵੱਡੇ ਬਿਜਲੀ ਦੇ ਪਤੀਲਿਆਂ ਵਿਚ ਸਬਜ਼ੀਆਂ ਬਣਦੀਆਂ ਹਨ। ਇਹ ਬੰਦ ਪਤੀਲੇ ਓਦੋਂ ਖੁੱਲ੍ਹਦੇ ਹਨ ਜਦੋਂ ਸਬਜ਼ੀ ਤਿਆਰ ਹੋ ਜਾਂਦੀ ਹੈ। ਬਣਦੀ ਚੀਜ਼ ਨੂੰ ਕਿਤੇ ਨੰਗਾ ਹੱਥ ਨਹੀਂ ਲੱਗਦਾ। ਬੜੇ ਸਾਫ ਸੁਥਰੇ ਤਰੀਕੇ ਨਾਲ ਖਾਣਾ ਤਿਆਰ ਹੁੰਦਾ ਹੈ। ਇਕ ਚੀਜ਼ ਮੈਂ ਉਚੇਚੇ ਤੌਰ 'ਤੇ ਇਹ ਵੇਖੀ ਕਿ ਹਰ ਕੋਈ ਆਪਣੇ ਧਿਆਨ ਰੋਟੀ ਖਾਈ ਜਾਂਦਾ

ਹੈ ਤੇ ਵਰਤਾਵੇ ਵਰਤਾਈ ਜਾਂਦੇ ਹਨ। ਮੈਨੂੰ ਓਥੇ ਹੀ ਕਿਸੇ ਨੇ ਦੱਸਿਆ ਕਿ ਭੰਡਾਰੇ ਦੇ ਦਿਨਾਂ ਵਿਚ ਦਸ ਲੱਖ ਬੰਦਾ ਥਾਲੀਆਂ, ਗਲਾਸਾਂ ਤੇ ਕੌਲੀਆਂ ਨਾਲ ਇਕੋ ਵਾਰ ਪੰਗਤ ਲੱਗ ਕੇ ਰੋਟੀ ਖਾ ਸਕਦਾ ਹੈ। ਵਰਤਾਵਿਆਂ ਦਾ ਨੈੱਟਵਰਕ ਏਨਾਂ ਮਿਣਿਆ ਤੁਲਿਆ ਤੇ ਵਿਗਿਆਨਕ ਢੰਗ ਨਾਲ ਚਲਦਾ ਹੈ ਕਿ ਲੋਕ ਦੰਗ ਰਹਿ ਜਾਂਦੇ ਹਨ। ਜਿਧਰ ਲੋੜ ਹੋਵੇ, ਵਰਤਾਵਿਆਂ ਨੂੰ ਓਧਰ ਜਾਣ ਦਾ ਹੁਕਮ ਹੋ ਜਾਂਦਾ ਹੈ ਤੇ ਇਸ ਤਰ੍ਹਾਂ ਹਰ ਬੰਦੇ ਦੀ ਲੋੜ ਪੂਰੀ ਹੋ ਜਾਂਦੀ ਹੈ। ਵੈਸੇ ਪੈਸਿਆਂ ਤੋਂ ਬਿਨਾਂ ਮੁਫ਼ਤ ਦਾ ਲੰਗਰ ਵੀ ਹੈ, ਜੋ ਕੋਈ ਵੀ ਖਾ ਸਕਦਾ ਹੈ। ਪਰ ਜ਼ਮੀਨ 'ਤੇ ਬਹਿਣਾ ਪੈਂਦਾ ਹੈ। ਲੋਕ ਰੋਟੀ ਖਾ ਕੇ ਆਪਣੇ ਭਾਂਡੇ ਆਪ ਧੋਣ ਵਾਲੇ ਥਾਂ 'ਤੇ ਰੱਖ ਕੇ ਆਉਂਦੇ ਹਨ। ਭਾਂਡਾ ਰੱਖਣ ਵੇਲੇ ਮਾੜੀ ਜਹੀ ਵੀ ਆਵਾਜ਼ ਨਹੀਂ ਆਉਂਦੀ। ਕਿਸੇ ਭਾਂਡੇ ਨੂੰ ਕਿਤੇ ਚਿੱਬ ਨਹੀਂ ਪਿਆ ਹੋਇਆ। ਨਾ ਹੀ ਕਿਸੇ ਦਾ ਕੋਈ ਕੰਢਾ ਵਿੰਗਾ ਹੈ। ਪਰ ਦੂਜੇ ਪਾਸੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਲੰਗਰ ਦੇ ਭਾਂਡੇ, ਕੌਲੇ ਅਤੇ ਗਲਾਸ, ਥਾਲੀਆਂ ਵਿੰਗ-ਤੜਿੰਗੀਆਂ ਤੇ ਚਿੱਬ ਪਏ ਹੋਏ ਹਨ। ਰਾਧਾ ਸਵਾਮੀ ਆਰਾਮ ਨਾਲ ਭਾਂਡਾ ਜ਼ਮੀਨ 'ਤੇ ਰੱਖਦੇ ਹਨ ਤੇ ਸਾਡੇ ਏਥੇ ਸਿਰੋਂ ਹੀ ਸੁੱਟ ਦਿੰਦੇ ਹਨ। ਭਾਂਡੇ ਵਿੰਗੇ ਨਾ ਹੋਣ ਤਾਂ ਹੋਰ ਕੀ ਹੋਵੇ। ਲੰਗਰ ਪਕਾਉਣ ਦਾ ਪ੍ਰਬੰਧ ਵੀ ਸਾਫ ਸੁਥਰਾ ਨਹੀਂ। ਪਕਾਉਣ ਵਾਲਿਆਂ ਦਾ ਪਸੀਨਾ ਚੋਂਦਾ ਤੇ ਆਟਾ ਪੈਰਾਂ ਨੂੰ ਲੱਗਦਾ ਰਹਿੰਦਾ ਹੈ। ਕੁਝ ਰੋਟੀਆਂ ਕੱਚੀਆਂ, ਕੁਝ ਪੱਕੀਆਂ, ਕੁਝ ਸੜੀਆਂ ਹੋਈਆਂ। ਦਾਲ ਕਦੇ ਪਤਲੀ, ਕਦੇ ਪਿੰਨੇ ਵਰਗੀ ਸੰਘਣੀ। ਇਸ ਨੂੰ ਲੰਗਰ ਛਕਾਉਣ ਦਾ ਕੋਈ ਚੰਗਾ ਤਰੀਕਾ ਨਹੀਂ ਕਿਹਾ ਜਾ ਸਕਦਾ। ਚਲੋ ਜੇ ਓਥੇ ਪੰਜ ਜਾਂ ਸੱਤ ਰੁਪਏ ਥਾਲੀ ਲੈਂਦੇ ਹਨ ਤਾਂ ਬੋਲਦੇ ਵੀ ਤਾਂ ਤਮੀਜ਼ ਨਾਲ ਹਨ। ਜੀ-ਜੀ ਕਰਦੇ ਫਿਰਦੇ ਹਨ। ਏਥੇ ਫੁਲਕਾ ਹੱਥਾਂ ਉੱਤੇ ਏਦਾਂ ਉੱਤੋਂ ਸੁੱਟਦੇ ਹਨ ਜਿਵੇਂ ਕੁੱਤੇ ਨੂੰ ਸੁੱਟੀਦਾ ਹੈ।

ਜਦੋਂ ਮੈਂ ਜੇਲ੍ਹ ਵਿਚ ਸੀ ਤੇ ਅਸੀਂ ਵਾਰਡ ਵਿਚ ਰੋਟੀ (ਬੀ-ਕਲਾਸ) ਬਣਾਉਂਦੇ ਤਾਂ ਵਾਰਡਨਾਂ ਨੂੰ ਵੀ ਛਕਣ ਲਈ ਕਹਿੰਦੇ। ਸਾਡੇ ਦੋ ਕੁ ਅੰਬਰਸਰੀਏ ਭਾਊ ਅੰਬਰਸਰ ਗੁਰਦੁਆਰੇ ਦੇ ਗਿਝੇ ਹੋਏ ਰੋਟੀ ਉਤੋਂ ਹੀ ਸੁੱਟ ਦਿਆ ਕਰਨ। ਕਈ ਵਾਰ ਤੇ ਵਿਚਾਰੇ ਵਾਰਡਨਾਂ ਦੇ ਹੱਥੋਂ ਰੋਟੀ ਡਿੱਗ ਪਿਆ ਕਰੇ। ਜਦੋਂ ਅਸਾਂ ਏਦਾਂ ਸੁੱਟਣ ਵਾਲੇ ਵਰਤਾਵਿਆਂ ਨੂੰ ਕਹਿਣਾ ਕਿ ਰੋਟੀ ਜ਼ਰਾ ਆਰਾਮ ਨਾਲ ਥੱਲੇ ਹੋ ਕੇ ਹੱਥਾਂ 'ਤੇ ਰੱਖ ਦਿਆ ਕਰੋ ਤਾਂ ਉਹਨਾਂ ਕਹਿਣਾ, "ਰੋਟੀ ਵਰਤਾਉਂਦੇ-ਵਰਤਾਉਂਦੇ ਸਾਰਾ ਟੋਕਰਾ ਹੀ ਜੂਠਾ ਕਰ ਦੇਈਏ ?" ਗਲਾਸਾਂ ਵਿਚ ਪਾਣੀ ਵੀ ਏਸੇ ਤਰ੍ਹਾਂ ਉੱਤੋਂ ਧਾਰ ਬੰਨ੍ਹ ਕੇ ਪਾਉਂਦੇ ਸਨ। ਇਸ ਤਰ੍ਹਾਂ ਦੀ ਜੂਠ ਦਾ ਭਰਮੀ ਕੀੜਾ ਬ੍ਰਾਹਮਣ ਦਾ ਛੱਡਿਆ ਹੋਇਆ ਹੈ। ਬ੍ਰਾਹਮਣ ਹੀ ਜੂਠ ਮਿੱਠ ਤੇ ਏਥੋਂ ਤਕ ਕਿ ਨੀਵੀਂ ਜਾਤ ਦੇ ਪਰਛਾਵੇਂ ਦਾ ਵੀ ਪਰਹੇਜ਼ ਕਰਦਾ ਹੈ। ਇਹ ਕੀੜਾ ਹੌਲੀ-ਹੌਲੀ ਸਿੱਖੀ ਵਿਚ ਵੀ ਸ਼ਾਮਲ ਹੋ ਗਿਆ। ਵਾਰਡਨਾਂ ਨੇ ਕੁਝ ਦਿਨ ਹੀ ਰੋਟੀ ਖਾਧੀ, ਫਿਰ ਸਿਰ ਫੇਰ ਦਿਆ ਕਰਨ। ਅਸੀਂ ਉਹਨਾਂ ਨੂੰ ਬਥੇਰਾ ਸਮਝਾਉਂਦੇ ਕਿ ਸਾਡੇ ਹੱਥਾਂ 'ਤੇ ਵੀ ਇਹ ਏਦਾਂ ਹੀ ਸੁੱਟਦੇ ਹਨ ਪਰ ਉਹਨਾਂ ਦਾ ਐਸਾ ਜੀਅ ਖੱਟਾ ਹੋਇਆ ਕਿ ਉਹ ਕਦੇ ਘੱਟ ਹੀ ਰੋਟੀ ਖਾਣ ਲਈ ਮੰਨਦੇ।

ਰੋਟੀ ਖਾਣ ਤੋਂ ਬਾਅਦ ਉਹਨਾਂ ਨੇ ਮੈਨੂੰ ਕਾਰਖ਼ਾਨਾ ਵਿਖਾਇਆ ਜਿਥੇ ਸਭ ਕੁਝ ਤਿਆਰ ਹੁੰਦਾ ਹੈ। ਤਬੂਕ ਬਣਾਉਣ ਵਾਲੀ ਮਸ਼ੀਨ ਦੀ ਸਾਰੀ ਵਰਕਿੰਗ ਮਸ਼ੀਨ ਚਲਾ ਕੇ ਸਮਝਾਈ। ਕਿੰਨੇ ਸੀਮਿੰਟ ਬਜ਼ਰੀ ਤੇ ਰੇਤ ਨਾਲ ਕਿੰਨੇ ਬਲਾਕ ਬਣਦੇ ਹਨ ਤੇ ਇਕ ਬਲਾਕ ਕਿੰਨੇ ਦਾ ਬਣਦਾ ਹੈ, ਸਭ ਦੱਸਿਆ। ਓਥੇ ਪਰਸ਼ਾਦ ਲਈ ਫੁੱਲੀਆਂ ਭੁੰਨਣ ਲਈ ਵੀ ਉਹਨਾਂ ਆਪਣੀ ਹੀ ਭੱਠੀ ਲਾਈ ਹੋਈ ਹੈ। ਕਾਰਖ਼ਾਨੇ ਵਿਚ ਸੀਮਿੰਟ ਦੀਆਂ ਸਿੱਧੀਆਂ ਤੇ ਗੋਲ

ਚਾਦਰਾਂ ਵੀ ਬਣਦੀਆਂ ਹਨ। ਪਿੱਲਰ, ਜਾਲੀਆਂ, ਗੱਲ ਕੀ ਹਰ ਕੰਮ ਓਥੇ ਜੰਗੀ ਪੱਧਰ 'ਤੇ ਹੋ ਰਿਹਾ ਹੈ। ਉਹਨਾਂ ਨੇ ਮੈਨੂੰ ਦੱਸਿਆ ਕਿ ਜਿਥੇ ਇਕ ਲੱਖ ਬੰਦੇ ਦੇ ਇਕੱਠੇ ਹੋਣ ਦਾ ਅਨੁਮਾਨ ਹੋਵੇ, ਓਥੇ ਅਸੀਂ ਚਾਰ ਸੌ ਟੱਟੀਆਂ ਬਣਾਉਂਦੇ ਹਾਂ। ਪੇਸ਼ਾਬ ਕਰਨ ਵਾਸਤੇ ਪ੍ਰਬੰਧ ਇਸਤੋਂ ਵੱਖਰਾ ਹੁੰਦਾ ਹੈ ਤਾਂ ਕਿ ਕਿਸੇ ਨੂੰ ਇਕ ਮਿੰਟ ਵੀ ਬਾਹਰ ਨਾ ਖਲੋਣਾ ਪਵੇ ਤੇ ਇਕ ਲੱਖ ਬੰਦੇ ਦੇ ਪ੍ਰਵਚਨ ਸੁਣਨ ਆਦਿ ਦਾ ਪ੍ਰਬੰਧ ਛੇ ਦਿਨਾਂ ਵਿਚ ਰੰਗ ਰੋਗਨ ਕਰਕੇ ਬਿਲਕੁਲ ਮੁਕੰਮਲ ਕਰ ਦੇਂਦੇ ਹਾਂ। ਟਰੱਕ ਤੇ ਬੁਲਡੋਜ਼ਰ ਵਗੈਰਾ ਸਾਡੇ ਆਪਣੇ ਹਨ। ਫਿਟਿੰਗ ਦਾ ਕੰਮ ਸੇਵਾਦਾਰ ਬਗੈਰ ਕਿਸੇ ਮਿਹਨਤ ਲਈ ਤੋਂ ਮੁਫਤ ਹੀ ਕਰਦੇ ਹਨ। ਜਿਥੇ ਇਕੱਠ ਹੋਵੇ ਓਥੇ ਵਕਤੀ ਹਸਪਤਾਲ ਵੀ ਬਣਾਇਆ ਜਾਂਦਾ ਹੈ। ਡਾਕਟਰ ਨਰਸਾਂ ਸਭ ਮੁਫਤ ਦੀ ਸੇਵਾ ਕਰਨ ਵਾਲੇ ਹੁੰਦੇ ਹਨ। ਬਿਜਲੀ ਦੇ ਮਾਹਿਰ ਤੇ ਹੋਰ ਤਕਨੀਕੀ ਕੰਮ ਸਭ ਸੇਵਾ (ਰਿਸ਼ਵਤ) 'ਤੇ ਅਧਾਰਤ ਹੈ।

ਦੂਜੇ ਪਾਸੇ ਸਿੱਖ ਧਰਮ ਅਸਥਾਨਾਂ ਦੀ ਗੱਲ ਲੈ ਲਓ। ਕਾਰਸੇਵਾ ਸ਼੍ਰੋਮਣੀ ਕਮੇਟੀ ਪੈਸੇ ਲੈ ਕੇ ਦੇਂਦੀ ਹੈ। ਜਿਸ ਕਾਰਸੇਵਾ ਵਾਲੇ ਸਾਧ ਨੂੰ ਸੇਵਾ ਮਿਲਦੀ ਹੈ, ਉਹ ਲਾਗੇ-ਲਾਗੇ ਦੇ ਪਿੰਡਾਂ ਦਾ ਜੀਣਾ ਹਰਾਮ ਕਰ ਦੇਂਦਾ ਹੈ। ਜੀਪਾਂ ਦੇ ਕੇ ਦੁੱਧ ਇਕੱਠਾ ਕਰਨ ਭੇਜਦਾ ਹੈ। ਕਦੇ ਪੱਕਾ ਪਕਾਇਆ ਲੰਗਰ ਅਤੇ ਕਦੇ ਲੈਂਟਰ ਪਾਉਣ ਲਈ ਨਾਸਾਂ ਵਿਚ ਧੂੰਅ ਦੇ ਕੇ ਮੁਫਤ ਦੇ ਕਿਰਤੀ ਇਕੱਠੇ ਕਰਦਾ ਹੈ। ਕਾਰਸੇਵਾ ਕਰਦਿਆਂ-ਕਰਦਿਆਂ ਸਾਧ ਉਹ ਗੰਦ ਘੋਲਦਾ ਹੈ, ਜਿਹੜਾ ਰਹੇ ਰੱਬ ਦਾ ਨਾਂਅ। ਰਾਧਾ ਸਵਾਮੀਆਂ ਨੇ ਕਿਤਾਬਾਂ ਤਾਂ ਸੈਂਕੜਿਆਂ ਦੇ ਹਿਸਾਬ ਨਾਲ ਲਿਖੀਆਂ ਹਨ ਪਰ ਗੁਰੂ ਗ੍ਰੰਥ ਸਾਹਿਬ ਵਾਂਗ ਕੋਈ ਗ੍ਰੰਥ ਤਿਆਰ ਨਹੀਂ ਕੀਤਾ। ਡੇਰੇ ਦੇ ਨਾਲ ਹੀ ਮੇਜਰ ਜਨਰਲ, ਬ੍ਰਿਗੇਡੀਅਰ, ਆਈ. ਜੀ. ਪੁਲਿਸ, ਇੰਜੀਨੀਅਰ, ਡਾਕਟਰ ਤੇ ਹੋਰ ਸਰਕਾਰੀ ਨੌਕਰੀਆਂ ਤੋਂ ਰਿਟਾਇਰ ਹੋ ਚੁੱਕੇ ਅਫਸਰਾਂ ਦੇ ਆਪੋ-ਆਪਣੇ ਛੋਟੇ-ਛੋਟੇ ਬੰਗਲੇ ਹਨ। ਹਰ ਗੱਡੀ ਬਿਆਸ ਰੇਲਵੇ ਸਟੇਸ਼ਨ 'ਤੇ ਰੁਕ ਕੇ ਆਉਂਦੀ ਤੇ ਜਾਂਦੀ ਹੈ। ਹੁਣ ਬਿਆਸ ਏਅਰ-ਪੋਰਟ ਬਨਾਉਣ ਦੀ ਤਿਆਰੀ ਵੀ ਹੋ ਰਹੀ ਹੈ ਤਾਂ ਕਿ ਵਿਦੇਸ਼ਾਂ ਤੋਂ ਰਾਧਾ ਸਵਾਮੀ ਜਹਾਜ ਰਾਹੀਂ ਭੰਡਾਰੇ 'ਤੇ ਆਇਆ ਕਰਨ। ਇਹੋ ਜਹੇ ਕੁਝ ਕਾਰਨ ਹਨ, ਜਿਨ੍ਹਾਂ ਕਰਕੇ ਸਿੱਖ ਧਰਮ ਵਿਚ ਲੋਕਾਂ ਦੀ ਦਿਲਚਸਪੀ ਘਟਦੀ ਜਾਂਦੀ ਹੈ ਤੇ ਰਾਧਾ ਸਵਾਮੀ, ਨਿਰੰਕਾਰੀ ਤੇ ਇਸ ਤਰ੍ਹਾਂ ਦੇ ਹੋਰ ਧਰਮਾਂ ਵਿਚ ਵਧਦੀ ਜਾਂਦੀ ਹੈ।

ਸਿੱਖਾਂ ਵਿਚ ਅੱਗੇ ਵਾਲਾ ਉਤਸ਼ਾਹ ਹੈ ਹੀ ਨਹੀਂ। ਅੱਗੇ ਸਿੱਖ ਜਦੋਂ ਵੀ ਕਦੇ ਅੰਮ੍ਰਿਤਸਰ ਜਾਂਦੇ ਤਾਂ ਦਰਬਾਰ ਸਾਹਿਬ ਇਸ਼ਨਾਨ ਜ਼ਰੂਰ ਕਰਦੇ। ਹੁਣ ਵੇਖੀਦਾ ਹੈ ਕਿ ਕੋਈ ਵਿਰਲਾ ਹੀ ਇਸ਼ਨਾਨ ਕਰ ਰਿਹਾ ਹੁੰਦਾ ਹੈ। ਕਿਥੇ ਇਕ ਲੱਖ ਬੰਦੇ ਵਾਸਤੇ ਚਾਰ ਸੌ ਟੱਟੀ ਦਾ ਪ੍ਰਬੰਧ ਤੇ ਕਿਥੇ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਵਾਲੀ ਕਈ ਲੱਖ ਸੰਗਤ ਵਾਸਤੇ ਇਕ ਨਿੱਕਾ ਜਿਹਾ ਪੇਸ਼ਾਬਘਰ, ਜਿਥੇ ਮਸਾਂ ਛੇ ਸੱਤ ਆਦਮੀ ਹੀ ਜਾ ਸਕਦੇ ਹਨ। ਇਕ ਗੱਲ ਸਿੱਖ ਧਰਮ ਵਿਚ ਬੜੀ ਅਜੀਬ ਹੈ। ਜੇ ਕੁਦਰਤੀ ਜ਼ਰੂਰਤ (ਟੱਟੀ-ਪੇਸ਼ਾਬ) ਦੀ ਸਹੂਲਤ ਨਾ ਬਣਾਉਣ ਬਾਰੇ ਪੁੱਛੋ ਤਾਂ ਕਹਿੰਦੇ ਹਨ। ਦਰਬਾਰ ਸਾਹਿਬ ਦੇ ਅੰਦਰ ਟੱਟੀਖਾਨੇ ਬਣਾ ਕੇ ਗੰਦ ਪਾਉਣਾ ਹੈ। ਪਰ ਦੂਜੇ ਪਾਸੇ ਕਿਸੇ ਵੀ ਡਾਕਟਰ ਨੂੰ ਪੁੱਛ ਲਓ, ਉਹ ਕਹੇਗਾ ਕਿ ਕਰੀਬ ਕਰੀਬ ਅੱਠ ਸੌ ਗ੍ਰਾਮ ਗੰਦ ਹਰ ਵੇਲੇ ਬੰਦੇ ਦੇ ਪੇਟ ਵਿਚ ਰਹਿੰਦਾ ਹੈ। ਜੇ ਇਹ ਗੰਦ ਕਿਸੇ ਵਜ੍ਹਾ ਕਰਕੇ ਹੈਜੇ ਆਦਿ ਦੀ ਬੀਮਾਰੀ ਕਾਰਨ ਪੇਟ ਵਿਚੋਂ ਨਿਕਲ ਜਾਵੇ ਤਾਂ ਬੰਦਾ ਮਰ ਜਾਂਦਾ ਹੈ। ਏਸੇ ਕਰਕੇ ਹੀ ਟੱਟੀਆਂ ਲੱਗਣ ਦੀ ਬੀਮਾਰੀ ਨੂੰ ਗੰਭੀਰ ਮਿੱਥਿਆ ਗਿਆ ਹੈ। ਅੱਠ ਸੌ

ਗੁਾਮ ਗੰਦ ਢਿੱਡ ਵਿਚ ਲੈ ਕੇ ਤਾਂ ਬੰਦਾ ਮਹਾਂਰਾਜ ਦੀ ਹਜ਼ੂਰੀ ਵਿਚ ਜਾ ਕੇ ਮੱਥਾ ਵੀ ਟੇਕਦਾ ਹੈ ਤੇ ਮਹਾਂਰਾਜ ਦੇ ਤਾਬਿਆ ਵੀ ਬੈਠਦਾ ਹੈ ਪਰ ਪਰਿਕਰਮਾ ਵਿਚ ਲੋਕਾਂ ਨੂੰ ਇਹ ਸਹੂਲਤ ਨਾ ਦੇਣੀ, ਸਮਝ ਨਹੀਂ ਆਉਂਦੀ ਕਿੱਧਰ ਦੀ ਦਲੀਲ ਹੈ? ਅੱਜਕਲ੍ਹ ਤਾਂ ਗੁਸਲਖ਼ਾਨਿਆਂ ਦੇ ਐਸੇ ਐਸੇ ਵਧੀਆ ਸੰਦ ਆ ਗਏ ਹਨ ਕਿ ਬੰਦਾ ਜਦੋਂ ਵੀ ਹਾਜਤ ਤੋਂ ਵਿਹਲਾ ਹੋ ਕੇ ਪਿੱਛੇ ਹਟਦਾ ਹੈ ਤਾਂ ਓਸੇ ਵੇਲੇ ਹੀ ਪਾਣੀ ਆਪਣੇ ਆਪ ਚੱਲ ਪੈਂਦਾ ਹੈ। ਬਦਬੋ ਵਗੈਰਾ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਜੇ ਪਰਿਕਰਮਾ ਵਿਚ ਕਿਸੇ ਛੋਟੇ ਬੱਚੇ ਨੂੰ ਪੇਸ਼ਾਬ ਜਾਂ ਟੱਟੀ ਆ ਜਾਵੇ ਤਾਂ ਓਹਦਾ ਮਾਂ-ਪਿਓ ਓਹਨੂੰ ਲੈ ਕੇ ਕਿਧਰ ਨੂੰ ਭੱਜੇ?

ਮੈਨੂੰ ਇਕ ਖਾੜਕੂ ਸਿੰਘ ਦੀ ਗੱਲ ਯਾਦ ਆਈ। ਭਾਈ ਰਮਿੰਦਰ ਸਿੰਘ ਟੈਣੀ, ਜਿਹੜੇ ਅਕਾਲੀ ਦਲ ਜਲੰਧਰ ਸ਼ਹਿਰੀ ਦੇ ਉਸ ਵੇਲੇ ਪ੍ਰਧਾਨ ਮਾਸਟਰ ਅਮਰੀਕ ਸਿੰਘ ਦੇ ਬੇਟੇ ਸਨ ਨੇ ਬਹੁਤ ਹੀ ਬੇਦਾਗ ਅਤੇ ਵਧੀਆ ਖਾੜਕੂ ਜੀਵਨ ਗੁਜ਼ਾਰਿਆ, ਪੁਲਿਸ ਵਾਲੇ ਵੀ ਉਨ੍ਹਾਂ ਦੀ ਇੱਜ਼ਤ ਕਰਦੇ ਸਨ ਕਿਉਂਕਿ ਹਵਾਲਾਤ ਵਿਚ ਉਹ ਹਰ ਵੇਲੇ ਪਾਠ ਕਰਦੇ ਰਹਿੰਦੇ ਸਨ ਤੇ ਬਾਅਦ ਵਿਚ ਖੰਨਾ ਨੇੜੇ ਆਪਣੀ ਪਤਨੀ, ਜਿਸਦੇ ਪੇਟ ਵਿਚ ਬੱਚਾ ਵੀ ਸੀ, ਸਮੇਤ ਪੁਲਿਸ ਮੁਕਾਬਲੇ ਵਿਚ ਸ਼ਹੀਦ ਹੋ ਗਏ ਸਨ। ਇਹ ਭਾਣਾ ਵਾਪਰਣ 'ਤੇ ਜਦੋਂ ਮੈਂ ਅਫਸੋਸ ਕਰਨ ਮਾਸਟਰ ਜੀ ਦੇ ਘਰ ਗਿਆ ਤਾਂ ਉਹਨਾਂ ਨੇ ਦੱਸਿਆ ਕਿ ਟੈਣੀ ਨੇ ਕਿਹਾ ਸੀ ਕਿ ਇਸ ਕਮਰੇ ਵਿਚ ਫਰਸ਼ ਥੱਲੇ ਸੀਵਰੇਜ ਦੇ ਪਾਈਪ ਨਾ ਪਾਇਓ ਕਿਉਂਕਿ ਜੇ ਕਦੇ ਮੈਂ ਏਥੇ ਆਵਾਂ ਤਾਂ ਬੈਠ ਕੇ ਭਜਨਬੰਦਗੀ ਕਰਨੀ ਹੁੰਦੀ ਹੈ। ਮੈਂ ਇਹ ਗੱਲ ਸੁਣ ਕੇ ਹੈਰਾਨ ਰਹਿ ਗਿਆ। ਕਿਉਂਕਿ ਰਮਿੰਦਰ ਸਿੰਘ ਟੈਣੀ ਇਕ ਪੜ੍ਹਿਆ ਲਿਖਿਆ ਨੌਜੁਆਨ ਸੀ ਤੇ ਇਕ ਨਿੱਜੀ ਕਾਲਜ ਚਲਾਉਂਦਾ ਸੀ, ਜਿਸ ਵਿਚ ਸਾਇੰਸ ਦੀਆਂ ਵੀ ਸ਼ਾਇਦ ਕਲਾਸਾਂ ਲੱਗਦੀਆਂ ਸਨ। ਪਾਈਪ ਤੇ ਜ਼ਮੀਨ ਦੇ ਥੱਲੇ ਪੈਣੇ ਸਨ, ਉੱਪਰ ਢਾਈ ਤਿੰਨ ਇੰਚ ਮੋਟੀ ਕੰਕਰੀਟ ਦੀ ਫਰਸ਼ ਪੈਣੀ ਸੀ ਪਰ ਫੇਰ ਵੀ ਥੱਲੇ ਪਾਈਪ ਨਾ ਪਾਉਣ ਦੀ ਹਿਦਾਇਤ ਸੀ। ਦਮਦਮੀ ਟਕਸਾਲ ਚੌਕ ਮਹਿਤਾ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਡੇਰੇ ਦੇ ਸਿੰਘਾਂ ਦੇ ਰਹਿਣ ਲਈ ਕਮਰੇ ਬਣੇ ਹੋਏ ਹਨ। ਗੁਰਦੁਆਰਾ ਸਾਹਿਬ ਦਾ ਖੁੱਲ੍ਹਾ ਅਹਾਤਾ ਕਈ ਏਕੜ ਜ਼ਮੀਨ ਵਿਚ ਹੈ। ਰਿਹਾਇਸ਼ ਵਾਲੇ ਕਮਰੇ ਅਹਾਤੇ ਦੇ ਇਕ ਬੰਨੇ ਬਣੇ ਹੋਏ ਹਨ ਤੇ ਬਾਥਰੂਮ ਅਹਾਤੇ ਦੇ ਦੂਜੇ ਬੰਨੇ। ਜੇ ਕਿਸੇ ਨਵੀਂ ਬਣੀ ਇਮਾਰਤ ਚੰਡੀਗੜ੍ਹ (ਚੰਡੀਗੜ੍ਹ ਲੰਗਰ ਵਾਲੇ ਹਾਲ ਦੇ ਉੱਪਰ ਬਣੀ ਇਮਾਰਤ ਨੂੰ ਕਹਿੰਦੇ ਹਨ) ਤੇ ਉਸਦੀ ਨਾਲ ਵਾਲੀ ਇਮਾਰਤ ਵਿਚ ਰਹਿੰਦੇ ਬੰਦੇ ਨੂੰ ਹਾਜਤ ਹੋ ਜਾਵੇ ਤਾਂ ਮੈਂ ਨਹੀਂ ਸਮਝਦਾ ਉਹ ਅਹਾਤੇ ਦੇ ਦੂਜੇ ਬੰਨੇ ਬਣੇ ਬਾਥਰੂਮ ਤੱਕ ਪਹੁੰਚ ਸਕੇ। ਜੇ ਹੁਣ ਵੀ ਉਸ ਇਮਾਰਤ ਵਿਚ ਕਿਸੇ ਬਾਹਰੋਂ ਗਏ ਵਿਅਕਤੀ ਨੂੰ ਪੇਸ਼ਾਬ ਆ ਜਾਵੇ ਤਾਂ ਓਥੇ ਰਹਿਣ ਵਾਲੇ ਸਿੰਘ ਕਹਿੰਦੇ ਹਨ ਆਰੇ ਵਾਲੇ ਬੰਨੇ ਪਿਛੇ ਜਾ ਕੇ ਕਰ ਆਓ। ਕੀ ਇਸ ਨਾਲੋਂ ਇਹ ਚੰਗਾ ਨਹੀਂ ਸੀ ਕਿ ਹਰ ਕਮਰੇ ਨਾਲ ਸੰਬੰਧਤ ਇਕ ਬਾਥਰੂਮ ਹੁੰਦਾ ਪਰ ਸਵੱਛਤਾ ਤੇ ਬ੍ਰਾਹਮਣ ਦੀ ਸੁੱਚ ਨੇ ਇਹ ਹੋਣ ਨਹੀਂ ਦਿੱਤਾ। ਲੋਕ ਸਮੇਂ ਦੇ ਨਾਲ ਨਾਲ ਅਗਾਂਹ ਨੂੰ ਜਾਂਦੇ ਹਨ ਪਰ ਸਿੱਖ ਦਿਨੋਂ ਦਿਨ ਸੌਲਵੀਂ ਸਦੀ ਵੱਲ ਨੂੰ ਜਾ ਰਹੇ ਹਨ। ਏਸੇ ਕਰਕੇ ਹੀ ਇਹ ਓਥੇ ਪਹੁੰਚ ਚੱਲੇ ਹਨ ਜਿਥੋਂ ਤੁਰੇ ਸੀ। ਬ੍ਰਾਹਮਣਵਾਦ ਦਾ ਦਨਦਨਾਉਂਦਾ ਅਜਗਰ ਇਨ੍ਹਾਂ ਨੂੰ ਨਿਗਲ ਚੱਲਿਆ ਹੈ।

ਮੇਰੀ ਮਾਤਾ ਜੀ ਦੀ ਬੜੀ ਖਾਹਸ਼ ਸੀ ਕਿ ਉਹ ਦਿੱਲੀ ਦੇ ਗੁਰਦੁਆਰਿਆਂ ਦੇ ਦਰਸ਼ਨ ਕਰੇ। ਉਹ ਵਿਚਾਰੀ ਇਸ ਤੋਂ ਪਹਿਲਾਂ ਕਦੇ ਵੀ ਦਿੱਲੀ ਨਹੀਂ ਸੀ ਗਈ। ਮੈਨੂੰ ਕਈ

ਵਾਰ ਪੁਛਦੀ ਰਹਿੰਦੀ ਸੀ, "ਗੁਰਦੁਆਰਾ ਸੀਸ ਗੰਜ ਸਾਹਿਬ 'ਤੇ ਬਹੁਤ ਵੱਡਾ ਹੋਣਾ? ਕਹਿੰਦੇ ਲਾਲ ਕਿਲਾ ਵੀ ਓਥੋਂ ਲਾਗੇ ਈ ਆ।" ਇਹ ਸੋਚ ਕੇ ਕਿ ਕਿਤੇ ਮੇਰੀ ਮਾਤਾ ਦੀ ਖਾਹਸ਼ ਅਧੂਰੀ ਹੀ ਨਾਂ ਰਹਿ ਜਾਵੇ। ਮੈਂ ਆਪਣੇ ਇਕ ਰਿਸ਼ਤੇਦਾਰ ਜਿਸ ਦੇ ਮਹਿਕਮੇ ਦਾ ਸਬੰਧ ਪੰਜਾਬ ਭਵਨ ਦੀ ਬੁਕਿੰਗ ਨਾਲ ਸੀ ਨੂੰ ਕਿਹਾ ਕਿ ਕਿਸੇ ਤਰ੍ਹਾਂ ਮੇਰੇ ਲਈ ਪੰਜਾਬ ਭਵਨ ਵਿਚ ਦੋ ਕਮਰੇ ਦੋ ਦਿਨ ਲਈ ਬੁਕ ਕਰਵਾ ਦੇਵੇ। ਜਦੋਂ ਮੈਂ ਗੁਰਦੁਆਰਿਆਂ ਦੇ ਦਰਸ਼ਨ ਦੀ ਗਲ ਦੱਸੀ ਤਾਂ ਉਸ ਰਿਸ਼ਤੇਦਾਰ ਦੀ ਮਾਂ ਵੀ ਉਹਦੇ ਖਹਿਜੜੇ ਪੈ ਗਈ ਕਿ ਮੈਂ ਵੀ ਦਿੱਲੀ ਕਦੇ ਨਹੀਂ ਗਈ। ਸਬੱਬ ਨਾਲ ਹੁਣ ਸਾਥ ਬਣਿਆ ਹੈ, ਮੈਨੂੰ ਵੀ ਨਾਲ ਲੈ ਕੇ ਚੱਲ। ਦਿੱਲੀ ਕੋਈ ਪੰਜਾਬ ਦੀ ਰਾਜਨੀਤਕ ਸਰਗਰਮੀਂ ਚਲ ਰਹੀ ਸੀ। ਇਸ ਲਈ ਕਮਰੇ ਬੁੱਕ ਨਾਂ ਹੋ ਸਕੇ। ਇਕ ਪਾਰਟੀ 'ਤੇ ਅਸੀਂ ਇਕੱਠੇ ਹੋਏ ਤੇ ਮੈਂ ਆਪਣੇ ਰਿਸ਼ਤੇਦਾਰ ਨਾਲ ਦਿੱਲੀ ਜਾਣ ਦੇ ਪ੍ਰੋਗਰਾਮ ਦੀਆਂ ਗਲਾਂ ਕਰ ਰਿਹਾ ਸਾਂ ਕਿ ਨਰੰਜਣ ਸਿੰਘ ਜੋ ਓਦੋਂ ਡੀ. ਸੀ. ਗੁਰਦਾਸਪੁਰ ਲਗੇ ਹੋਏ ਸਨ, ਸਾਡੇ ਨਾਲ ਹੀ ਬੈਠੇ ਸਨ। ਮੇਰੇ ਵੀ ਉਹ ਥੋੜੇ ਜਹੇ ਵਾਕਫ ਸਨ ਪਰ ਮੇਰੇ ਰਿਸ਼ਤੇਦਾਰ ਦੇ ਉਹ ਚੰਡੀਗੜ੍ਹ ਅਫਸਰ ਰਹਿ ਚੁੱਕੇ ਸਨ। ਉਨ੍ਹਾਂ ਸਾਨੂੰ ਕਿਹਾ; ਪੰਜਾਬ ਭਵਨ ਤੁਸਾਂ ਜਰੂਰ ਠਹਿਰਨਾ ਹੈ, ਮੈਂ ਤੁਹਾਨੂੰ ਚਿੱਠੀ ਲਿਖ ਕੇ ਦੇਂਦਾ ਹਾਂ। ਤੁਸੀਂ ਦਿੱਲੀ ਜਾ ਕੇ ਨਿਰੰਕਾਰੀ ਭਵਨ ਵਿਚ ਠਹਿਰਿਓ। ਭਾਂਵੇ ਓਥੇ ਦਸ ਦਿਨ ਰਿਹੋ। ਇਹ ਗੱਲ ਦਸੰਬਰ 1977 ਜਾਂ ਜਨਵਰੀ 1978 ਦੀ ਹੈ। ਓਦੋਂ ਅਜੇ ਸਿੱਖਾਂ ਤੇ ਨਿਰੰਕਾਰੀਆਂ ਵਿਚ ਕੋਈ ਝਗੜਾ ਨਹੀਂ ਸੀ ਤੇ ਆਮ ਲੋਕਾਂ ਨੂੰ ਖਾਸ ਕਰਕੇ ਦੁਆਬੇ ਵਿਚ ਨਿਰੰਕਾਰੀ ਕੋਈ ਬਹੁਤੇ ਮਸ਼ਹੂਰ ਵੀ ਨਹੀਂ ਸਨ। ਬਸ ਏਨਾਂ ਸੁਣੀਂਦਾ ਸੀ ਕਿ ਨਿਰੰਕਾਰੀ ਬਾਬਾ ਆਪਣਾ ਇਕ ਹੱਥ ਉਪਰ ਤੇ ਇਕ ਹੱਥ ਥੱਲੇ ਰੱਖ ਕੇ ਲੋਕਾਂ ਨੂੰ ਦਸਦਾ ਹੈ ਕਿ ਦੋਹਾਂ ਹਥਾਂ ਵਿਚ ਜਿਹੜਾ ਫਾਸਲਾ ਹੈ, ਬਸ ਉਹ ਹੀ ਪ੍ਰਮਾਤਮਾ ਹੈ, ਨਿਰੰਜਣ ਸਿੰਘ ਵੀ ਨਿਰੰਕਾਰੀ ਬਾਬੇ ਦਾ ਸਮਝੋ ਸੱਜਾ ਹੱਥ ਸੀ। ਓਹਦੇ ਕੋਲੋਂ ਚਿੱਠੀ ਲੈ ਕੇ ਅਸੀਂ ਦੋ ਪਰਿਵਾਰ ਦੋ ਕਾਰਾਂ 'ਤੇ ਦਿੱਲੀ ਚਲੇ ਗਏ।

ਰੋਹਤਕ ਰੋਡ ਤੇ ਕਿੰਗਜ਼ਵੇ ਕੈਂਪ ਵਿਚ ਨਿਰੰਕਾਰੀ ਭਵਨ ਹੈ। ਜਦੋਂ ਸਾਡੀਆਂ ਕਾਰਾਂ ਨਿਰੰਕਾਰੀ ਭਵਨ ਅਗੇ ਰੁਕੀਆਂ ਤਾਂ ਮੇਰੇ ਰਿਸ਼ਤੇਦਾਰ ਨੇ ਨਿਰੰਜਣ ਸਿੰਘ ਵਾਲੀ ਚਿੱਠੀ ਗੇਟ 'ਤੇ ਖਲੋਤੇ ਦੋ ਬੰਦਿਆਂ ਵਿਚੋਂ ਇਕ ਨੂੰ ਦਿਤੀ। ਉਹ ਚਿਠੀ ਲੈ ਕੇ ਅੰਦਰ ਚਲਾ ਗਿਆ ਤੇ ਆਪਣੇ ਨਾਲ ਪੰਜ ਛੇ ਬੰਦਿਆਂ ਨੂੰ ਲਿਆਇਆ। ਉਨ੍ਹਾਂ ਵਿਚ ਇਕ ਅਧਖੜ ਜਹੀ ਚੰਗੀ ਡੀਲਡੌਲ ਤੇ ਪੂਰੇ ਰੋਅਬ ਵਾਲੀ ਔਰਤ ਵੀ ਸੀ। ਉਸ ਆਉਂਦੀ ਨੇ ਹੀ ਸਾਨੂੰ ਉਚੀ ਸਾਰੀ ਧੰਨ ਨਿਰੰਕਾਰ ਕਿਹਾ ਤੇ ਅਸਾਂ ਅਗੋਂ ਸਤਿ ਸ੍ਰੀ ਅਕਾਲ ਕਹਿ ਕੇ ਜਵਾਬ ਦਿੱਤਾ। ਸਾਨੂੰ ਕੋਈ ਪਤਾ ਨਹੀ ਸੀ ਕਿ ਅਗੋਂ ਸਾਨੂੰ ਵੀ ਧੰਨ ਨਿਰੰਕਾਰ ਕਹਿਣਾ ਚਾਹੀਦਾ ਹੈ। ਉਸ ਬੀਬੀ ਨੇ ਹੁਕਮ ਦੇਣ ਵਾਲੇ ਲਹਿਜੇ ਵਿਚ ਇਕ ਅਮਰਿਤਧਾਰੀ ਸਿੰਘ, ਜਿਸ ਨੂੰ ਉਸ ਨੇ ਗਿਆਨੀ ਜੀ ਕਰਕੇ ਸੰਬੋਧਨ ਕੀਤਾ ਸੀ ਕਿਹਾ, "ਗਿਆਨੀ ਜੀ ਇਨ੍ਹਾਂ ਨੂੰ ਤੇਰਾਂ ਤੇ ਚੌਦਾਂ ਨੰਬਰ ਕਮਰੇ ਦੇ ਦਿਓ।" ਫਿਰ ਉਸਨੇ ਸਾਨੂੰ ਕਿਹਾ, "ਕਮਰੇ ਤੇ ਹੋਰ ਵੀ ਬਹੁਤ ਹਨ ਪਰ ਇਹ ਦੋਵੇਂ ਕਮਰੇ ਬੜੇ ਖੁਲ੍ਹੇ ਡੁਲ੍ਹੇ ਹਨ ਤੇ ਤੁਹਾਡੇ ਨਾਲ ਛੋਟੇ ਬੱਚੇ ਹਨ, ਉਪਰ ਖੇਡਣਗੇ ਤੇ ਜੇ ਇਨ੍ਹਾਂ ਦਾ ਜੀ ਕਰੇ ਤਾਂ ਥਲੇ ਆ ਕੇ ਵਿਹੜੇ ਵਿਚ ਵੀ ਖੇਡ ਸਕਦੇ ਹਨ। ਹੁਣੇ ਹੀ ਖੇਡਣ ਲਈ ਕਈ ਬੱਚੇ ਆ ਜਾਣੇ ਹਨ। ਇਹ ਦੋਵੇਂ ਕਮਰੇ ਪਹਿਲੀ ਮੰਜਲ 'ਤੇ ਸਨ ਤੇ ਇਨ੍ਹਾਂ ਦੇ ਬਿਲਕੁਲ ਸਾਹਮਣੇ ਥਲੇ ਵਿਹੜਾ ਸੀ, ਵਿਹੜੇ ਤੋਂ ਪਰਲੇ ਪਾਸੇ ਨਿਰੰਕਾਰੀ ਬਾਬੇ ਗੁਰਬਚਨ ਸਿੰਘ ਦੀ ਰਿਹਾਇਸ਼ ਸੀ। ਉਨ੍ਹਾਂ ਦੇ ਘਰ ਦੇ ਦਰਵਾਜੇ ਇਸ ਵਿਹੜੇ ਵਿਚ ਖੁਲਦੇ ਸਨ। ਕਾਰ

ਆ ਕੇ ਦਰਵਾਜੇ ਅਗੇ ਖਲੋ ਜਾਂਦੀ ਤੇ ਨਿਰੰਕਾਰੀ ਬਾਬਾ ਕਾਰ ਵਿਚੋਂ ਉਤਰ ਕੇ ਕਮਰੇ ਵਿਚ ਜਲਾ ਜਾਂਦਾ। ਏਸੇ ਘਰ ਅਗੇ ਹੀ ਜਦੋਂ ਕਾਰ ਆ ਕੇ ਰੁਕੀ ਸੀ ਤੇ ਬਾਬਾ ਤੇ ਉਨ੍ਹਾਂ ਦਾ ਡੰਰਾਈਵਰ ਕਮ ਗਨ ਮੈਨ ਪ੍ਰਤਾਪ ਸਿੰਘ ਕਾਰ ਵਿਚੋਂ ਬਾਹਰ ਨਿਕਲੇ ਸਨ ਤਾਂ ਤੇਰਾਂ ਨੰਬਰ ਕਮਰੇ ਦੀ ਬਾਰੀ ਵਿਚੋਂ ਦੀ ਹੀ ਗੋਲੀ ਚਲਾ ਕੇ ਭਾਈ ਰਣਜੀਤ ਸਿੰਘ ਨੇ ਉਨ੍ਹਾਂ ਨੂੰ ਮਾਰਿਆ ਦਸਦੇ ਹਨ। ਫਿਰ ਤੇਰਾਂ ਨੰਬਰ ਕਮਰੇ ਦੀ ਹੀ ਪਿਛਲੀ ਬਾਰੀ ਜਿਸ ਦੀ ਗਰਿਲ ਦਸਦੇ ਹਨ ਕਿ ਭਾਈ ਰਣਜੀਤ ਸਿੰਘ ਨੇ ਇਕ ਦਿਨ ਪਹਿਲਾਂ ਹੀ ਖੋਲ੍ਹੀ ਹੋਈ ਸੀ ਤੇ ਸਿਰਫ ਮਾੜੇ ਮਾੜੇ ਪੇਚ ਹੀ ਅੜਾਏ ਹੋਏ ਸਨ ਨੂੰ ਪਿਛੇ ਹਟਾ ਕੇ ਪਿਛਲੇ ਪਾਸੇ ਉਤਰ ਕੇ ਉਹ ਫਰਾਰ ਹੋ ਗਏ ਸਨ। ਇਹ ਗਲਾਂ ਭਾਈ ਰਣਜੀਤ ਸਿੰਘ ਜੀ ਦੇ ਚਲਾਨ ਵਿਚ ਲਿਖੀਆਂ ਹੋਈਆਂ ਹਨ, ਜਿਸ ਦਾ ਜੇਲ੍ਹ ਵਿਚ ਮੈਂ ਅੰਗਰੇਜੀ ਤੋਂ ਪੰਜਾਬੀ ਵਿਚ ਉਲਥਾ ਕਰਕੇ ਭਾਈ ਸਾਹਿਬ ਨੂੰ ਦਿੱਤਾ ਸੀ। ਉਸ ਗਿਆਨੀ ਵਿਚਾਰੇ ਨੂੰ ਵੀ ਜਿਹੜਾ ਸਾਨੂੰ ਅੰਦਰ ਲਿਆਇਆ ਸੀ ਦਸ ਦੇ ਹਨ ਕਿ ਸ਼ੱਕ ਵਿਚ ਪੁਲਿਸ ਨੇ ਫੜ ਲਿਆ ਸੀ ਤੇ ਉਸ ਨੂੰ ਬੜੀ ਕੁੱਟ ਪਈ ਸੀ।

ਸਾਡੀਆਂ ਕਾਰਾਂ ਜਿਨ੍ਹਾਂ ਉੱਤੇ ਸਮਾਨ ਤੇ ਬਿਸਤਰੇ ਵਗੈਰਾ ਲੈਂਦੇ ਹੋਏ ਸਨ, ਡਿਓਢੀ ਵਿਚੋਂ ਹੋ ਕੇ ਵਿਹੜੇ ਵਿਚ ਆਈਆਂ ਤਾਂ ਦੋਹੀਂ ਪਾਸੀਂ ਨਿਰੰਕਾਰੀ ਹਥ ਜੋੜ ਕੇ ਖਲੋਤੇ ਸਨ। ਮੇਰੀ ਮਾਤਾ ਤਾਂ ਉਹ ਸੁਆਗਤ ਵੇਖ ਕੇ ਬੜੀ ਪ੍ਰਸੰਨ ਹੋਈ ਤੇ ਹੌਲੀ ਹੌਲੀ ਆਖੀ ਜਾਵੇ ਇਹ ਹੈ ਤੇ ਵਿਚਾਰੇ ਬੜੇ ਚੰਗੇ ਪਰ ਇਹ ਸਿੱਖ ਨਹੀਂ ਲਗਦੇ। ਮੈਂ ਪੁਛਾਂ, "ਮਾਤਾ ਤੁਸਾਂ ਕਿਥੋਂ ਹਿਸਾਬ ਲਾਇਆ?" "ਇਕ ਤੇ ਇਹ ਫਤ੍ਹੇ ਨਹੀਂ ਬੁਲਾਉਂਦੇ ਤੇ ਹੋਰ ਈ ਕੁਝ ਕਹਿੰਦੇ ਆ ਤੇ ਦੂਜਾ ਜਿਦਾਂ ਇਹ ਖ਼ੁਸ਼ ਹੋ ਹੋ ਕੇ ਲੋਹ ਲੋਹ ਪੈਂਦੇ ਆ ਤੇ ਏਡਾ ਲਾਡ ਕਰਦੇ ਆ, ਆਪਾਂ ਸਿਖ ਏਦਾਂ ਕਿਥੇ ਕਰਦੇ ਆਂ? ਮੇਰੀ ਅਨਪੜ੍ਹ ਮਾਤਾ ਦਾ ਇਹ ਅੰਦਾਜਾ ਬਿਲਕੁਲ ਦਰੁਸਤ ਸੀ। ਜਦੋਂ ਅਸੀਂ ਦੋਵੇਂ ਪਰਿਵਾਰ ਕਾਰਾਂ ਤੋਂ ਥਲੇ ਉਤਰੇ ਤਾਂ ਉਹ ਸਾਰੇ ਸਾਡੇ ਪੈਰਾਂ ਨੂੰ ਹੱਥ ਲਾਉਣ ਕਿਉਂਕਿ ਨਿਰੰਕਾਰੀਆਂ ਦਾ ਦੂਜੇ ਦੇ ਪੈਰਾਂ ਨੂੰ ਹਥ ਲਾਉਣਾ ਪਹਿਲਾ ਅਸੂਲ ਹੈ। ਪਰ ਅਸੀਂ ਡੰਗਰਾਂ ਵਾਂਗ ਓਦਾਂ ਈ ਖਲੋਤੇ ਰਹੀਏ। ਸਗੋਂ ਜਦੋਂ ਉਹ ਪੈਰਾਂ ਵਲ ਨੂੰ ਹੱਥ ਕਰਕੇ ਅਗਾਂਹ ਨੂੰ ਆਉਣ ਤਾਂ ਅਸੀਂ ਆਪਣੇਂ ਪੈਰ ਦੋ ਕਦਮ ਪਿਛਾਂਹ ਨੂੰ ਕਰ ਲਈਏ। ਉਨਾਂ ਨਿਰੰਕਾਰੀਆਂ ਵਿਚੋਂ ਇਕ ਬਿਰਧ ਜਹੀ ਔਰਤ ਨੇ ਆ ਕੇ ਮੇਰੀ ਮਾਤਾ ਨੂੰ ਧੰਨ ਨਿੰਰਕਾਰ ਕਿਹਾ ਤੇ ਅਗੋਂ ਮੇਰੀ ਮਾਤਾ ਨੇ, "ਧੰਨ ਨਰੰਕਾਰੀਆ" ਕਿਹਾ ਤਾਂ ਨਿਰੰਕਾਰ ਦੀ ਥਾਂ ਨਿਰੰਕਾਰੀਆ ਸੁਣ ਕੇ ਸ਼ਾਇਦ ਉਨ੍ਹਾਂ ਨੂੰ ਕੋਈ ਸ਼ੱਕ ਨਹੀਂ ਰਿਹਾ ਹੋਣਾ ਕਿ ਇਹ ਦੇਸੀ ਜਹੇ ਸਿੱਖ ਹਨ ਤੇ ਨਿਰੰਕਾਰੀਆਂ ਦੇ ਕਿਤੇ ਨੇੜਿਓਂ ਤੇੜਿਓਂ ਵੀ ਨਹੀਂ ਲੰਘੇ ਹੋਏ। ਕਹਿੰਦੇ ਹਨ ਕਿ ਇਹ ਧਰਮ ਬਾਬਾ ਲਾਲ ਦਿਆਲ ਜੀ, ਜੋ ਬਹੁਤ ਹੀ ਭਜਨ-ਬੰਦਗੀ ਵਾਲੇ ਸਨ, ਤੋਂ ਸ਼ੁਰੂ ਹੋਇਆ। ਉਹ ਜਦੋਂ ਵਜਦ ਵਿਚ ਆਉਂਦੇ ਤਾਂ ਕਹਿੰਦੇ 'ਬੋਲ ਸੰਗਤੇ ਧੰਨ ਨਿਰੰਕਾਰ'। ਫਿਰ ਅਵਤਾਰ ਸਿੰਘ ਨਾਂ ਦਾ ਉਨ੍ਹਾਂ ਦਾ ਇਕ ਸ਼ਰਧਾਲੂ ਉਨ੍ਹਾਂ ਦੇ ਡੇਰੇ ਤੋਂ ਅਲਗ ਹੋ ਗਿਆ ਤੇ ਨਵਾਂ ਡੇਰਾ ਬਣਾ ਕੇ ਨਿਰੰਕਾਰੀ ਬਣ ਗਿਆ। ਬਾਬਾ ਲਾਲ ਦਿਆਲ ਵਾਲੇ ਨਿਰੰਕਾਰੀ ਅਜੇ ਵੀ ਹਨ ਪਰ ਬਹੁਤੀ ਮਸ਼ਹੂਰੀ ਹੁਣ ਏਸੇ ਧਰਮ ਦੀ ਹੀ ਹੈ। ਇਸ ਧਰਮ ਵਿਚ ਕੁਝ ਵੀ ਕਰਨ ਦੀ ਖੁਲ੍ਹ ਹੈ। ਇਕ ਵਾਰ ਕਿਸੇ ਨੇ ਬਾਬਾ ਗੁਰਬਚਨ ਸਿੰਘ ਨੂੰ ਪੁਛਿਆ "ਬਾਬਾ ਜੀ ਗਾਂ ਦਾ ਮਾਸ ਖਾ ਲੈਣਾ ਚਾਹੀਦਾ ਹੈ ਤਾਂ ਉਹਨਾਂ ਨੇ ਕਿਹਾ ਹਾਂ ਪਰ ਸੂਰ ਦੇ ਮਾਸ ਵਿਚ ਰਲਾ ਕੇ।" ਇਹਨਾਂ ਦੀਆਂ ਦੋ ਕਿਤਾਬਾਂ ਅਵਤਾਰ ਬਾਣੀ ਤੇ ਯੁਗਪੁਰਸ਼ ਹਨ, ਜਿਨ੍ਹਾਂ ਵਿਚ ਸਿਖ ਗੁਰੂਆਂ ਤੇ ਸਿਖ ਤੀਰਥ ਅਸਥਾਨਾਂ ਦੀ ਬੜੀ ਬਦਖੋਹੀ ਕੀਤੀ ਹੋਈ ਹੈ ਤੇ ਲਿਖਿਆ ਹੋਇਆ ਹੈ ਕਿ ਮੈਂ

ਅਮ੍ਰਿਤਸਰ ਦਰਬਾਰ ਸਾਹਿਬ ਵੀ ਜਾਂਦਾ ਰਿਹਾ ਤੇ ਸਰੋਵਰ ਵਿਚ ਵੀ ਨਹਾਉਂਦਾ ਰਿਹਾ ਪਰ ਮੈਨੂੰ ਕੋਈ ਫਾਇਦਾ ਨਾਂ ਹੋਇਆ। ਜਦੋਂ ਦਾ ਨਿਰੰਕਾਰੀਆਂ ਦੀ ਸ਼ਰਨ ਵਿਚ ਆਇਆ ਹਾਂ ਉਦੋਂ ਦਾ ਹੀ ਮੈਨੂੰ ਗਿਆਨ ਪ੍ਰਾਪਤ ਹੋਇਆ ਹੈ। ਇਹਨਾਂ ਦੀ ਕਿਤਾਬ ਵਿਚ ਲਿਖਿਆ ਹੋਇਆ ਹੈ

*ਗੁਰਬਚਨ ਗੁਰੂ ਹੈ ਜਗਤ ਕਾ*
*ਸਭ ਕਾ ਪਾਲਣਹਾਰ*

ਸਿਖਾਂ ਨੂੰ ਉਸਦਾ ਇਹ ਕਹਿਣਾ ਬੜਾ ਬੁਰਾ ਲਗਦਾ ਹੈ ਤੇ ਸਿਖ ਕਹਿੰਦੇ ਹਨ ਕਿ ਜੇ ਇਹ ਆਖੇ ਕਿ ਗੁਰਬਚਨ ਗੁਰੂ ਹੈ ਨਿਰੰਕਾਰੀਆਂ ਦਾ, ਨਿਰੰਕਾਰੀਆਂ ਦਾ ਪਾਲਣਹਾਰ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਪਰ ਜਦੋਂ ਇਹ ਕਹਿੰਦਾ ਹੈ ਸਭ ਦਾ ਪਾਲਣਹਾਰ ਤਾਂ ਸਾਡਾ ਪਾਲਣਹਾਰ ਸਰਬਸ਼ਕਤੀ ਮਾਨ ਪ੍ਰਮਾਤਮਾਂ ਹੈ, ਢਿੱਡ ਵਿਚ ਗੂਹ ਲੈ ਕੇ ਫਿਰਨ ਵਾਲਾ ਮਨੁੱਖ ਨਹੀਂ। ਦੂਜੀ ਇਤਰਾਜ ਵਾਲੀ ਗਲ ਇਹ ਸੀ ਕਿ ਇਹਨਾਂ ਨੇ ਆਪਣੇ ਡੇਰੇ ਦੀਆਂ ਜਨਾਨੀਆਂ ਦਾ ਨਾਂ ਬੇਬੇ ਨਾਨਕੀ, ਬੀਬੀ ਭਾਨੀ, ਮਾਤਾ ਜੀਤੋ ਜੀ, ਮਾਤਾ ਸਾਹਿਬ ਕੌਰ, ਮਾਈ ਭਾਗੋ, ਬੀਬੀ ਵੀਰੋ ਤੇ ਇਸ ਤਰ੍ਹਾਂ ਦੇ ਹੋਰ ਗੁਰੂ ਪ੍ਰੀਵਾਰ ਨਾਲ ਸਬੰਧਤ ਰਖੇ ਹੋਏ ਹਨ। ਤੀਜਾ ਇਹ ਕਹਿੰਦੇ ਸਨ (ਸ਼ਾਇਦ ਹੁਣ ਵੀ ਕਹਿੰਦੇ ਹੋਣ) ਕਿ ਗੁਰੂ ਗੋਬਿੰਦ ਸਿੰਘ ਨੇ ਪੰਜ ਪਿਆਰੇ ਬਣਾਏ ਹਨ ਤੇ ਸਾਡੇ ਸਤ ਸਿਤਾਰੇ ਹਨ। ਇਨ੍ਹਾਂ ਸੱਤ ਸਿਤਾਰਿਆਂ ਵਿਚੋਂ ਦੋ ਤਿੰਨ ਖਾੜਕੂਆਂ ਵਲੋਂ ਮਾਰੇ ਵੀ ਜਾ ਚੁੱਕੇ ਹਨ। ਇਹਨਾਂ ਦੀਆਂ ਦੋਵੇਂ ਕਿਤਾਬਾਂ ਸ਼ਾਇਦ ਦਵਿੰਦਰ ਸਤਿਆਰਥੀ ਨੇ ਲਿਖੀਆਂ ਹਨ।

ਇਹਨਾਂ ਦਾ ਸਾਰਾ ਪ੍ਰਚਾਰ ਵੀ ਸਿਖੀ ਦੇ ਵਿਰੁੱਧ ਹੈ। ਇਹਨਾਂ ਦੇ ਅਮ੍ਰਿਤਸਰ ਦੇ ਸਮਾਗਮ ਵਿਚ ਸਿੱਖ ਇਹਨਾਂ ਨੂੰ ਇਹ ਹੀ ਆਖਣ ਗਏ ਸਨ ਕਿ ਤੁਸੀਂ ਆਪਣਾ ਧਰਮ ਜਿਵੇਂ ਮਰਜੀ ਚਲਾਓ ਪਰ ਸਾਡੇ ਗੁਰੂਆਂ ਨੂੰ ਬੁਰਾ ਭਲਾ ਨਾਂ ਆਖੋ ਪਰ ਇਹਨਾਂ ਨਿਰੰਕਾਰੀਆਂ ਨੇ ਤੇਰਾਂ ਅਪ੍ਰੈਲ ਵਸਾਖੀ ਵਾਲੇ ਦਿਨ ਤੇਰਾਂ ਨਿਹੱਥੇ ਸਿੰਘ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤੇ। ਸ. ਪ੍ਰਕਾਸ਼ ਸਿੰਘ ਬਾਦਲ ਉਦੋਂ ਪੰਜਾਬ ਦੇ ਮੁਖ ਮੰਤਰੀ ਸਨ ਤੇ ਇਹਨਾਂ ਦੇ ਹੁਕਮ ਨਾਲ ਉਸ ਵੇਲੇ ਦਾ ਆਈ. ਜੀ. ਪੁਲਿਸ ਸਰਦਾਰ ਭਗਵਾਨ ਸਿੰਘ ਦਾਨੇਵਾਲੀਆ ਬਾਬੇ ਗੁਰਬਚਨ ਸਿੰਘ ਨੂੰ ਆਪਣੀ ਸਰਕਾਰੀ ਗੱਡੀ ਵਿਚ ਬਿਠਾ ਕੇ ਕਰਨਾਲ ਛੱਡ ਕੇ ਆਇਆ ਸੀ। ਜੇ ਬਾਬੇ ਨੂੰ ਏਥੇ ਹੀ ਗ੍ਰਿਫਤਾਰ ਕਰਕੇ ਮੁਕਦਮਾ ਚਲਾਇਆ ਜਾਂਦਾ ਤਾਂ ਸ਼ਾਇਦ ਪੰਜਾਬ ਦਾ ਸੰਤਾਪ ਉਤਪਨ ਨਾ ਹੁੰਦਾ। ਅਦਾਲਤਾਂ ਵੀ ਏਹੋ ਜਹੇ ਡੇਰੇਦਾਰਾਂ ਦਾ ਸਾਥ ਦੇਂਦੀਆਂ ਹਨ ਤੇਰਾਂ ਬੰਦਿਆਂ ਦੇ ਕਿਸੇ ਵੀ ਕਾਤਲ ਨੂੰ ਇਕ ਮਿੰਟ ਦੀ ਵੀ ਸਜਾ ਨਾਂ ਹੋਈ। ਓਧਰ ਪ੍ਰਕਾਸ਼ ਸਿੰਘ ਬਾਦਲ ਨੇ ਸ਼ੈਸ਼ਨ ਜੱਜ ਦੇ ਫੈਸਲੇ ਵਿਰੁਧ ਅਪੀਲ ਕਰਨ ਵਾਲੀ ਫਾਈਲ ਓਨਾਂ ਚਿਰ ਤੱਕ ਨੱਪੀ ਰੱਖੀ, ਜਿੰਨਾਂ ਚਿਰ ਤੱਕ ਉਹਦੀ ਮਿਆਦ ਨਾਂ ਲੰਘ ਗਈ। ਏਸੇ ਮੁਕਦਮੇਂ ਵਿਚ ਹੀ ਭਾਈ ਰਣਜੀਤ ਸਿੰਘ ਨੂੰ ਚੌਦਾਂ ਸਾਲ ਜੇਲ੍ਹ ਕਟਣੀ ਪਈ ਤੇ ਉਹਨਾਂ ਦੀ ਜਵਾਨੀ ਦੇ ਵਧੀਆ ਚੌਦਾਂ ਸਾਲ ਬੇਕਾਰ ਗਏ।

ਉਨ੍ਹਾਂ ਨੇ ਸਾਨੂੰ ਬਿਸਤਰੇ ’ਤੇ ਕਾਰਾਂ ’ਤੇ ਰਖੇ ਅਟੈਚੀਆਂ ਨੂੰ ਵੀ ਹੱਥ ਨਾ ਲਾਉਣ ਦਿੱਤਾ ਤੇ ਸਾਰਾ ਸਮਾਨ ਆਪ ਹੀ ਚੁੱਕ ਚੁੱਕ ਕੇ ਤੇਰਾਂ ਤੇ ਚੌਦਾਂ ਨੰਬਰ ਕਮਰੇ ਵਿਚ ਲਿਆਏ। ਇਹ ਦੋਵੇਂ ਕਮਰੇ ਆਮ ਕਮਰਿਆਂ ਨਾਲੋਂ ਕਾਫੀ ਵੱਡੇ ਸਨ। ਹਰ ਕਮਰੇ ਵਿਚ ਮੰਜਿਆਂ ਤੋਂ ਇਲਾਵਾ ਇਕ ਮੇਜ਼, ਉੱਤੇ ਇਕ ਇਕ ਪਾਣੀ ਦਾ ਭਰਿਆ ਹੋਇਆ ਜੱਗ ਤੇ ਚਾਰ ਚਾਰ

ਗਲਾਸ ਪਹਿਲਾਂ ਦੇ ਹੀ ਰਖੇ ਹੋਏ ਸਨ। ਪਾਣੀ ਦੇ ਜਗ ਉਪਰ ਢਕੇ ਹੋਏ ਸਨ ਤੇ ਗਲਾਸ ਮੂਧੇ ਮਾਰੇ ਹੋਏ ਸਨ।

ਸਾਡੇ ਕੋਲ ਸੇਵਾਦਾਰ ਕਈ ਵਾਰੀ ਆਇਆ ਕਿ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਦਸੋ ਪਰ ਅਸੀਂ ਅਗੋਂ ਧੰਨਵਾਦ ਕਰ ਦਿਆ ਕਰੀਏ। ਮੇਰਾ ਉਹ ਰਿਸ਼ਤੇਦਾਰ ਕਹਿਣ ਲਗਾ, "ਥਕੇ ਤੇ ਆਪਾਂ ਪਏ ਆਂ ਦੋ ਦੋ ਪੈਗ ਮਾਰ ਲੈਂਦੇ ਤਾਂ ਥਕੇਵਾਂ ਲਹਿ ਜਾਣਾ ਸੀ ਪਰ ਆਹ ਕੰਧ 'ਤੇ ਲਿਖਿਆ ਹੋਇਆ ਹੈ ਕਿ "ਨਸ਼ਾ ਕਰਨਾਂ ਮਨਾਂ ਹੈ"। ਫਿਰ ਆਹ ਗਲਾਸ ਤੇ ਪਾਣੀ ਪਤਾ ਨਹੀਂ ਕਾਹਦੇ ਲਈ ਰਖਿਆ ਹੋਇਆ ਹੈ?" ਰਾਤ ਜਹੀ ਪੈ ਗਈ ਪਰ ਅਸੀਂ ਓਦਾਂ ਹੀ ਬੈਠੇ ਰਹੇ। ਫਿਰ ਗਿਆਨੀ ਆਇਆ ਤੇ ਕਹਿਣ ਲਗਾ, "ਤੁਸੀਂ ਬਿਲਕੁਲ ਘਰ ਵਰਗਾ ਮਹਿਸੂਸ ਕਰੋ, ਕਿਸੇ ਚੀਜ ਦੀ ਲੋੜ ਹੋਵੇ ਤਾਂ ਦਸ ਦਿਓ। ਥਲੇ ਸਾਡਾ ਰੈਸਤਰਾਂ ਹੈ ਜਿਥੇ 'ਫਾਇਦਾ ਨਹੀਂ ਨੁਕਸਾਨ ਨਹੀਂ' ਦੇ ਅਧਾਰ 'ਤੇ ਹਰੇਕ ਚੀਜ ਮਿਲਦੀ ਹੈ। ਮੀਟ ਸੋਡਾ ਜੋ ਵੀ ਲੈਣਾ ਹੋਵੇ। ਮੇਰਾ ਰਿਸ਼ਤੇਦਾਰ ਕਹਿਣ ਲਗਾ, "ਸੋਡਾ ਤੇ ਮੀਟ ਲੈ ਕੇ ਕੀ ਕਰੀਏ ਤੁਸਾਂ ਤਾਂ ਆਹ ਕੰਧ ਤੇ ਲਿਖਿਆ ਹੋਇਆ ਹੈ ਕਿ ਨਸ਼ਾ ਕਰਨਾ ਮਨ੍ਹਾਂ ਹੈ"।

ਇਹ ਸੁਣ ਕੇ ਗਿਆਨੀ ਬੜਾ ਹਸਿਆ ਤੇ ਕਹਿਣ ਲਗਾ "ਮੈਂ ਵੀ ਆਖਾਂ ਪਈ ਇਹ ਚੁਪ ਚਾਪ ਕਿਉਂ ਬੈਠੇ ਹਨ। ਅਸਾਂ ਲਿਖ ਕੇ ਤੇ ਇਸ ਕਰਕੇ ਲਾਇਆ ਹੈ ਕਿ ਕੋਈ ਜਿਆਦਾ ਹੀ ਨਾਂ ਪੀ ਲਵੇ। ਕਿਉਂਕਿ ਇਹ ਸਾਡੇ ਵੀ. ਆਈ. ਪੀ. ਕਮਰੇ ਹਨ ਤੇ ਸਾਹਮਣੇ ਬਾਬਾ ਜੀ ਦੀ ਰਿਹਾਇਸ਼ ਹੈ, ਏਦਾਂ ਤੇ ਕੋਈ ਜਿਆਦਾ ਪੀ ਕੇ ਉਚੀ ਉੱਚੀ ਗੱਲਾਂ ਹੀ ਕਰੀ ਜਾਏਗਾ ਜਾਂ ਗਾਲ੍ਹੀਗਲੋਚ ਤੇ ਉਤਰ ਆਏਗਾ। ਪਰ ਤੁਸੀਂ ਤਾਂ ਆਪਣੇ ਪਰਿਵਾਰਾਂ ਨਾਲ ਹੋ, ਫਿਰ ਸ. ਨਿਰੰਜਣ ਸਿੰਘ ਹੋਰਾਂ ਕਰਕੇ ਅਸਾਂ ਤੁਹਾਡੀ ਸੇਵਾ ਕਰਨੀ ਹੀ ਹੈ। ਸਾਡਾ ਫਰਜ ਬਣਦਾ ਹੈ। ਥੋੜ੍ਹੀ ਦੇਰ ਬਾਅਦ ਹੀ ਸੋਡਾ, ਬਰਫ ਤੇ ਮੀਟ ਤੇ ਸਲਾਦ ਵਗੈਰਾ ਆ ਗਿਆ। ਓਨੇਂ ਚਿਰ ਤਕ ਹਨੇਰਾ ਹੋ ਚੁੱਕਾ ਸੀ ਤੇ ਵਿਹੜੇ ਵਿਚ ਲਾਗਲੇ ਘਰਾਂ ਦੇ ਬਚੇ ਖੇਡਣ ਲਈ ਆ ਗਏ ਸਨ। ਚੌਦਾਂ ਪੰਦਰਾਂ ਸਾਲਾਂ ਦੀਆਂ ਕੁੜੀਆਂ ਤਕ ਵੀ ਖੇਡਣ ਵਾਲੇ ਬਚਿਆਂ ਵਿਚ ਸ਼ਾਮਲ ਸਨ। ਸਾਡੇ ਬੱਚੇ ਵੀ ਭੱਜ ਭੱਜ ਕੇ ਥਲੇ ਵਿਹੜੇ ਵਲ ਨੂੰ ਜਾਣ, ਜਿਥੇ ਦੂਜੇ ਬੱਚੇ ਕੋਟਲਾ-ਛਪਾਕੀ ਖੇਡ ਰਹੇ ਸਨ। ਅਸੀਂ ਰੋਕੀਏ ਪਰ ਬੱਚੇ ਰੋਣ ਲਗ ਪੈਣ। ਅਖੀਰ ਉਹਨਾਂ ਨੇ ਥਲੇ ਜਾ ਕੇ ਹੀ ਸਾਹ ਲਿਆ।

ਨਿਰੰਕਾਰੀਆਂ ਦੀ ਇਕ ਸਿਫਤ ਤਾਂ ਹੈ ਕਿ ਉਨ੍ਹਾਂ ਨੇ ਆਪਣੇ ਪੈਰੋਕਾਰਾਂ ਨੂੰ ਸਾਫ ਸੁਥਰੇ ਕਪੜੇ ਪਾਉਣੇ ਤਾਂ ਸਿਖਾ ਹੀ ਦਿੱਤੇ ਹਨ। ਕਿਸੇ ਵਲ ਵੀ ਵੇਖ ਲਓ, ਸਾਫ ਸੁਥਰਾ ਨਹਾਤਾ ਧੋਤਾ ਤੇ ਖੁਸ਼ਬੋਦਾਰ ਸਜਿਆ ਧਜਿਆ ਹੀ ਨਜਰ ਆਏਗਾ। ਇਹ ਸਾਰਾ ਕੁਝ ਵੇਖਾ ਵੇਖੀ ਆਪਣੇ ਆਪ ਹੀ ਹੋ ਜਾਂਦਾ ਹੈ। ਸਾਡੇ ਬਚਿਆਂ ਨੇ ਵੀ ਦੋ ਤਿੰਨ ਘੰਟੇ ਖੇਡ ਕੇ ਪੂਰਾ ਆਨੰਦ ਲੁਟਿਆ। ਕਦੇ ਬਾਹਵਾਂ ਸਿਰ ਤੋਂ ਉਚੀਆਂ ਕਰਕੇ ਕਿਲਕਾਰੀਆਂ ਮਾਰਨ ਲਗ ਪੈਣ ਕਦੇ ਹੱਸ ਹੱਸ ਦੋਹਰੇ ਹੋਈ ਜਾਣ। ਇਹ ਨਜਾਰਾ ਇਸ ਤਰ੍ਹਾਂ ਦਾ ਸੀ, ਜਿਵੇਂ ਇਹ ਸਾਰੇ ਬੱਚੇ ਇਕ ਹੀ ਸਾਂਝੇ ਪਰਿਵਾਰ ਦੇ ਹੋਣ। ਕੋਈ ਮੇਰ ਤੇਰ ਨਹੀਂ। ਖੇਡਦਿਆਂ ਬਚਿਆਂ ਨੂੰ ਸੇਵਾਦਾਰ ਕਦੇ ਫਲ ਲਿਆ ਕੇ ਦੇਣ ਕਦੇ ਮਠਿਆਈ, ਕਦੇ ਕੁਝ ਤੇ ਕਦੇ ਕੁਝ। ਏਹੋ ਜਿਹਾ ਵਧੀਆ ਮਾਹੌਲ ਬਚਿਆਂ ਨੂੰ ਕਿਤੇ ਨਹੀਂ ਮਿਲ ਸਕਦਾ।

ਜਦੋਂ ਦੋ ਕੁ ਪੈਗ ਅੰਦਰ ਗਏ ਤਾਂ ਮੇਰਾ ਰਿਸ਼ਤੇਦਾਰ ਕਹਿਣ ਲਗਾ, "ਮੈਂ ਤਾਂ ਆਪ ਨਿਰੰਕਾਰੀ ਬਣ ਜਾਣਾ ਹੈ। ਮੈਂ ਇਨ੍ਹਾਂ ਤੋਂ ਬਹੁਤ ਪ੍ਰਭਾਵਤ ਹੋਇਆ ਹਾਂ। ਉਹਦੀ ਮਾਤਾ ਵੀ

ਇਹ ਹੀ ਗਲ ਆਖੇ। ਸਵੇਰੇ ਉਠ ਕੇ ਨਹਾ ਧੋ ਕੇ ਤਿਆਰ ਹੋਏ ਕਿ ਚਲੋ 'ਗੁਰਦੁਆਰਾ ਸੀਸ ਗੰਜ' ਸਾਹਿਬ ਦੇ ਦਰਸ਼ਨ ਕਰੀਏ ਤੇ ਫੇਰ ਦੂਸਰੇ ਗੁਰਦੁਆਰਿਆਂ ਦੇ ਦਰਸ਼ਨ ਕਰਕੇ ਲਾਲ ਕਿਲ੍ਹਾ ਵੇਖੀਏ। ਓਨੇਂ ਚਿਰ ਤਕ ਥਲੇ ਆ ਕੇ ਏਅਰ ਕੰਡੀਸ਼ਨ ਬਸਾਂ ਖਲੋਣੀਆਂ ਸ਼ੁਰੂ ਹੋ ਗਈਆਂ। ਨਿਰੰਕਾਰੀ ਵਿਚ ਬਹਿੰਦੇ ਜਾਣ ਤੇ ਬਸਾਂ ਤੁਰੀਆਂ ਜਾਣ। ਸਾਡੇ ਕੋਲ ਵੀ ਪੰਜ ਛੇ ਬੀਬੀਆਂ ਨੇ ਵਾਰੀ ਵਾਰੀ ਆ ਕੇ ਆਖਿਆ ਕਿ ਅੱਜ ਪਹਾੜ ਗੰਜ ਸਮਾਗਮ ਹੈ ਤੇ ਪ੍ਰਵਚਨ ਹੋਣੇ ਹਨ, ਤੁਸੀਂ ਵੀ ਚਲੋ। ਮੈਂ ਤਾਂ ਸਾਫ ਹੀ ਕਹਿ ਦਿੱਤਾ ਕਿ ਮੇਰੀ ਮਾਤਾ ਨੇ ਗੁਰਦਵਾਰਿਆਂ ਦੇ ਦਰਸ਼ਨ ਕਰਨੇ ਹਨ, ਨਾਲੇ ਲਾਲ ਕਿਲ੍ਹਾ ਵੇਖਣਾ ਹੈ। ਪਰ ਦੂਜਾ ਸਾਰਾ ਪਰਿਵਾਰ ਹੀ ਪਹਾੜ ਗੰਜ ਜਾਣ ਲਈ ਬਸ ਵਿਚ ਜਾ ਬੈਠਾ। ਸਾਨੂੰ ਇਕ ਕਾਰ-ਮੁਖਤਿਆਰ ਜਹੀ ਬੀਬੀ ਨੇ ਕਿਹਾ, "ਚਲੋ ਤੁਸੀਂ ਅੱਜ ਗੁਰਦੁਆਰਿਆਂ ਦੇ ਦਰਸ਼ਨ ਕਰ ਆਓ, ਕਲ੍ਹ ਐਤਵਾਰ ਬਾਬਾ ਜੀ ਨੇ ਏਥੇ ਹੀ ਪ੍ਰਵਚਨ ਕਰਨੇ ਹਨ, ਤੁਸੀਂ ਕਲ੍ਹ ਬਾਬਾ ਜੀ ਦੀ ਰਿਹਾਇਸ਼ ਦੇ ਉਪਰ ਜੋ ਹਾਲ ਹੈ ਏਥੇ ਜਰੂਰ ਆਇਓ। ਬਾਬੇ ਦੀ ਰਹਾਇਸ਼ ਦੇ ਉਪਰ ਬਗੈਰ ਕੰਧਾਂ ਤੋਂ ਪਿਲਰਾਂ 'ਤੇ ਹੀ ਛੱਤ ਪਈ ਹੋਈ ਹੈ। ਹਰ ਐਤਵਾਰ ਉਥੇ ਸਮਾਗਮ ਕੀਤਾ ਜਾਂਦਾ ਹੈ। ਸ਼ਾਇਦ ਹੁਣ ਵੀ ਹੁੰਦਾ ਹੋਵੇ।

ਸਵੇਰੇ ਅਸਾਂ ਆਪਣੇ ਕਮਰੇ ਵਿਚ ਬੈਠਿਆਂ ਹੀ ਅਜੀਬ ਨਜਾਰਾ ਵੇਖਿਆ। ਬਾਬਾ ਗੁਰਬਚਨ ਸਿੰਘ ਉੱਚੇ ਆਸਣ 'ਤੇ ਬੈਠੇ ਸਨ। ਸੰਗਤ ਆਈ ਜਾਵੇ ਤੇ ਮੱਥਾ ਟੇਕੀ ਜਾਵੇ ਤੇ ਬੈਠਦੀ ਜਾਵੇ। ਜਦੋਂ ਪ੍ਰਵਚਨ ਸਮਾਪਤ ਹੋ ਗਏ ਤਾਂ ਇਕ ਬੰਦਾ ਉਠ ਕੇ ਖਲੋ ਗਿਆ। ਉਸ ਨੇ ਕਿਹਾ, "ਮੇਰੇ ਨਵੇਂ ਬਣੇ ਘਰ ਵਿਚ ਬਿਜਲੀ ਵਾਲੇ ਮੀਟਰ ਨਹੀਂ ਲਾ ਰਹੇ। ਇਸ ਨੁਕਰ ਵਿਚੋਂ ਇਕ ਬੰਦਾ ਉਠਿਆ, ਜੋ ਸ਼ਾਇਦ ਬਿਜਲੀ ਦੇ ਮਹਿਕਮੇ ਨਾਲ ਸਬੰਧਤ ਸੀ, ਉਸਨੇ ਕਿਹਾ "ਕਲ ਤੁਸੀਂ ਕਿਸੇ ਵੇਲੇ ਮੇਰੇ ਦਫਤਰ ਆ ਜਾਇਓ। ਮੈਂ ਕੋਸ਼ਿਸ਼ ਕਰਕੇ ਮੀਟਰ ਲਵਾ ਦਿਆਂਗਾ।' ਇਹ ਸੁਣ ਕੇ ਪਹਿਲਾ ਬੰਦਾ ਬੈਠ ਗਿਆ। ਇਕ ਹੋਰ ਆਦਮੀ ਉਠਿਆ, ਉਸਨੇ ਕਿਹਾ ਜੀ ਮੇਰਾ ਫਲਾਣੀ ਕਾਲੋਨੀ (ਕਿਸੇ ਨਵੀਂ ਬਣੀ ਕਾਲੋਨੀ ਦਾ ਨਾਂਅ ਲਿਆ) ਵਿਚ ਨਕਸ਼ਾ ਪਾਸ ਨਹੀਂ ਹੋ ਰਿਹਾ ਤੇ ਦਫਤਰ ਵਾਲੇ ਰਿਸ਼ਵਤ ਮੰਗਦੇ ਹਨ। ਇਕ ਹੋਰ ਬੰਦਾ ਉਠਿਆ ਤੇ ਉਸ ਨੇ ਆਪਣਾ ਕਾਰਡ ਉਸ ਬੰਦੇ ਵਲ ਵਧਾਇਆ ਜੋ ਦੂਰ ਖਲੋਤੇ ਬੰਦੇ ਕੋਲ ਹੱਥੋ ਹੱਥੀਂ ਬੈਠੇ ਲੋਕਾਂ ਨੇ ਪਹੁੰਚਾ ਦਿੱਤਾ, ਉਸ ਨੇ ਵੀ ਇਹ ਹੀ ਕਿਹਾ, "ਮੈਨੂੰ ਮਿਲ ਲੈਣਾ ਤੁਹਾਡਾ ਕੰਮ ਹੋ ਜਾਵੇਗਾ।" ਏਸ ਤਰ੍ਹਾਂ ਹੀ ਹੋਰ ਮਹਿਕਮਿਆਂ ਨਾਲ ਸਬੰਧਤ ਲੋਕ ਵੀ ਵਾਰੀ ਵਾਰੀ ਆਪਣਾ ਕੰਮ ਦਸਦੇ ਰਹੇ ਤੇ ਕੋਈ ਨਾਂ ਕੋਈ ਉਠ ਕੇ ਉਨ੍ਹਾਂ ਨੂੰ ਭਰੋਸਾ ਦੇਂਦਾ ਰਿਹਾ ਕਿ ਕੰਮ ਹੋ ਜਾਇਗਾ। ਨਿਰੰਕਾਰੀ ਬਾਬਾ ਸਿਰਫ ਸੁਣ ਰਿਹਾ ਸੀ ਤੇ ਵੇਖ ਰਿਹਾ ਸੀ ਤੇ ਇਸ ਸਮੇਂ ਵਿਚ ਉਸਨੇ ਇਕ ਲਫਜ ਵੀ ਮੂੰਹੋਂ ਨਹੀਂ ਕਢਿਆ। ਨਿਰੰਕਾਰੀ ਬਣ ਕੇ ਕੰਮ ਕਰਾਉਣਾ ਵੀ ਸ਼ਾਇਦ ਨਿਰੰਕਾਰੀਆਂ ਦੀ ਗਿਣਤੀ ਵਧਾਉਂਦਾ ਹੈ। ਆਪਣੇ ਨਿੱਜੀ ਕੰਮਾਂ ਦੀ ਮਾਰੀ ਦੁਨੀਆਂ ਨੂੰ ਕੰਮ ਹੋ ਜਾਣ 'ਤੇ ਰਾਹਤ ਮਿਲਦੀ ਹੋਵੇਗੀ। ਸਮਾਗਮਾਂ 'ਤੇ ਆਉਣ ਕਰਕੇ ਵਿਆਹਯੋਗ ਕੁੜੀਆਂ ਲਈ ਮੁੰਡੇ ਤੇ ਮੁੰਡਿਆਂ ਲਈ ਕੁੜੀਆਂ ਵੀ ਮਿਲ ਜਾਂਦੀਆਂ ਹਨ ਤੇ ਇਸ ਤਰ੍ਹਾਂ ਇਹ ਇਕ ਭਾਈਚਾਰਾ ਜਿਹਾ ਬਣਿਆ ਹੋਇਆ ਹੈ।

ਮੇਰਾ ਰਿਸ਼ਤੇਦਾਰ ਵੀ ਹਰ ਐਤਵਾਰ ਚੰਡੀਗੜ੍ਹ ਦੇ ਨਿਰੰਕਾਰੀ ਭਵਨ ਜਾਣ ਲਗ ਪਿਆ, ਖਾਸ ਕਰਕੇ ਉਸ ਦਿਨ ਤੋਂ ਜਿਸ ਦਿਨ ਉਸਨੂੰ ਪਤਾ ਲਗਾ ਕਿ ਉਸਦੇ ਮਹਿਕਮੇਂ ਦਾ ਸਕੱਤਰ ਕੱਟੜ ਨਿਰੰਕਾਰੀ ਹੈ। ਇਕ ਹੋਰ ਪੀ. ਸੀ. ਐਸ. ਕੁੜੀ, ਜਿਸਦਾ ਪਿਤਾ ਚੰਡੀਗੜ੍ਹ ਦੇ ਕਿਸੇ ਗੁਰਦੁਆਰੇ ਦਾ ਪ੍ਰਧਾਨ ਸੀ ਵੀ ਉਥੇ ਨਿਯਮਤ ਜਾਂਦੀ ਸੀ। ਜਦੋਂ ਵੀ ਸਕੱਤਰ ਨਿਰੰਕਾਰੀ

ਭਵਨ ਆਵੇ ਮੇਰਾ ਰਿਸ਼ਤੇਦਾਰ ਉਹਦੇ ਪੈਰੀਂ ਹੱਥ ਤੇ ਉਹ ਸਕੱਤਰ ਮੇਰੇ ਰਿਸ਼ਤੇਦਾਰ ਦੇ ਪੈਰੀਂ ਹਥ ਲਾਇਆ ਕਰੇ। ਪੰਜ ਛੇ ਵਾਰੀ ਇਸ ਤਰ੍ਹਾਂ ਹੋਣ ਨਾਲ ਦੋਹਾਂ ਦੀ ਵਾਕਫੀਅਤ ਬਣ ਗਈ, ਬਸ ਏਸੇ ਵਾਕਫੀ ਦਾ ਫਾਇਦਾ ਉਠਾ ਕੇ ਇਕ ਦਿਨ ਉਸਨੇ ਸਕੱਤਰ ਨੂੰ ਕਿਹਾ, "ਸਰ ਮੈਨੂੰ ਸ਼ੁਰੂ ਤੋਂ ਚੰਡੀਗੜ੍ਹ ਹੀ ਲਾਇਆ ਹੋਇਆ ਹੈ ਮੈਨੂੰ ਵੀ ਬਾਹਰ ਚੰਗੇ ਥਾਂ ਲਾਇਆ ਜਾਵੇ।" ਤੀਜੇ ਦਿਨ ਉਹ ਰੋਪੜ ਐਗਜੈਕਟਿਵ ਮੈਜਿਸਟਰੇਟ ਲਾ ਦਿੱਤਾ ਗਿਆ। ਇਹ ਸੀ ਨਿਰੰਕਾਰੀ ਅਫਸਰ ਸਾਹਮਣੇ ਨਿਰੰਕਾਰੀ ਬਣਦਾ ਫਾਇਦਾ।

ਮੇਰਾ ਰਿਸ਼ਤੇਦਾਰ ਦਸਦਾ ਸੀ ਕਿ ਉਹ ਕੁੜੀ ਵੀ, ਜਿਸਦਾ ਪਿਓ ਗੁਰਦੁਆਰੇ ਦਾ ਪ੍ਰਧਾਨ ਸੀ, ਜਦੋਂ ਵੀ ਉਸਨੂੰ ਨਿਰੰਕਾਰੀ ਭਵਨ ਜਾਣ ਤੋਂ ਰੋਕਦਾ ਤਾਂ ਉਹ ਕਹਿੰਦੀ ਮੈਂ ਨੌਕਰੀ ਬਤਾਊਂ ਦੀ ਕਰਨੀ ਹੈ ਕਿ ਅਕਬਰ ਬਾਦਸ਼ਾਹ ਦੀ। ਅਰਥਾਤ ਉਸਦੀ ਨਜ਼ਰ ਵਿਚ ਸਿਖ ਬਤਾਊਂ ਸਨ ਤੇ ਨਿਰੰਕਾਰੀ ਅਫਸਰ ਅਕਬਰ ਬਾਦਸ਼ਾਹ। ਉਹ ਸਾਫ ਕਹਿ ਦੇਂਦੀ ਸੀ, ਮੈਂ ਸਿਖਾਂ ਕੋਲੋਂ ਕੀ ਲੈਣਾ ਹੈ? ਮੇਰਾ ਅਫਸਰ ਖੁਸ਼ ਹੈ ਤਾਂ ਮੈਨੂੰ ਕੋਈ ਫਿਕਰ ਫਾਕਾ ਨਹੀਂ। ਕੁਝ ਮਹੀਨਿਆਂ ਬਾਅਦ ਨਿਰੰਕਾਰੀ ਕਾਂਡ ਹੋ ਗਿਆ। ਦੋਹਾਂ ਫਿਰਕਿਆਂ ਵਿਚ ਸਪੱਸ਼ਟ ਲੀਕ ਖਿਚੀ ਗਈ ਤੇ ਹੁਕਮਨਾਮਾ ਜਾਰੀ ਹੋ ਗਿਆ ਤਾਂ ਕਿਤੇ ਜਾ ਕੇ ਉਹ ਦੋਵੇਂ ਅਫਸਰ ਨਿਰੰਕਾਰੀ ਭਵਨ ਜਾਣੋਂ ਹਟੇ। ਸਰਕਾਰੀ ਕਰਮਚਾਰੀਆਂ ਵਿਚੋਂ ਤਾਂ ਹੀ ਬਹੁਤੇ ਨਿਰੰਕਾਰੀ ਬਣ ਗਏ ਸਨ ਕਿਉਂਕਿ ਉਪਰਲੇ ਅਫਸਰ ਉਨ੍ਹਾਂ ਨੂੰ ਮੁਨਾਫਾਖੋਰ ਕੁਰਸੀਆਂ 'ਤੇ ਬੈਠਾ ਦੇਂਦੇ ਸਨ ਤੇ ਉਹ ਕੁਝ ਵੀ ਸ਼ਾਹੀਸਫੈਦੀ ਕਰਨ, ਕੋਈ ਐਕਸ਼ਨ ਨਹੀਂ ਸਨ ਲੈਂਦੇ।

ਦਸਦੇ ਹਨ ਜਦੋਂ ਨਿਰੰਜਣ ਸਿੰਘ ਸਕੱਤਰ ਟਰਾਂਸਪੋਰਟ ਸੀ ਤਾਂ ਇਕ ਕੰਡਕਟਰ ਨੂੰ ਜੋ ਨਿਰੰਕਾਰੀ ਸੀ ਉਨ੍ਹਾਂ ਨੇ ਅਮ੍ਰਿਤਸਰ ਤੋਂ ਡੇਹਰਾ ਬਾਬਾ ਨਾਨਕ ਵਾਲੀ ਬਸ 'ਤੇ ਲਾ ਦਿੱਤਾ। ਓਥੇ ਇਕ ਮੇਲਾ ਲਗਦਾ ਹੈ ਜੋ ਬਹੁਤ ਹੀ ਭਰਦਾ ਹੈ। ਉਹ ਕੰਡਕਟਰ ਤੇ ਡਰਾਈਵਰ ਰਲ ਕੇ ਦੋ ਰਾਤਾਂ ਤੇ ਦੋ ਦਿਨ ਬੱਸ ਮੇਲੇ 'ਤੇ ਚਲਾਉਂਦੇ ਰਹੇ। ਡੀਜ਼ਲ ਆਪਣਾ ਪਵਾ ਕੇ ਦੋ ਦਿਨ ਦੀ ਸਾਰੀ ਵੱਟਕ ਉਨ੍ਹਾਂ ਨੂੰ ਆਪਣੀ ਜੇਬ ਵਿਚ ਪਾ ਲਈ। ਉਸ ਬਸ ਸਰਵਿਸ ਤੋਂ ਪ੍ਰਭਾਵਤ ਹੋ ਕੇ ਕਈ ਪਿੰਡਾਂ ਦੀਆਂ ਪੰਚਾਇਤਾਂ ਨੇ ਡੀ. ਸੀ. ਦਾ ਧੰਨਵਾਦ ਕੀਤਾ ਕਿ ਇਸ ਵਾਰ ਭਾਂਵੇ ਮੇਲੇ ਨੂੰ ਮੁੱਖ ਰਖਦਿਆਂ ਤੁਸਾਂ ਇਕ ਬੱਸ ਹੀ ਲਾਈ ਹੈ ਪਰ ਲੋਕਾਂ ਨੂੰ ਬਹੁਤ ਸਹੂਲਤ ਹੋਈ ਹੈ। ਖਾਸ ਕਰਕੇ ਜਿਹੜੀ ਮੇਲੇ ਤੇ ਰਾਤ ਦੀ ਬੱਸ ਸਰਵਿਸ ਸੀ, ਉਸਨੇ ਤਾਂ ਲੋਕਾਂ ਨੂੰ ਬਹੁਤ ਹੀ ਅਰਾਮ ਪਹੁੰਚਾਇਆ ਹੈ, ਇਸ ਵਾਰ ਦੀ ਤਰ੍ਹਾਂ ਅਗੇ ਤੋਂ ਵੀ ਮੇਲੇ 'ਤੇ ਰਾਤ ਦੀ ਬਸ ਸੇਵਾ ਚਾਲੂ ਕੀਤੀ ਜਾਇਆ ਕਰੇ। ਡੀ. ਸੀ. ਹੈਰਾਨ, ਬਈ ਕਿਹੜੀ ਬਸ ਸੇਵਾ ਚਾਲੂ ਰਹੀ ਹੈ, ਜਿਹਦਾ ਸਾਨੂੰ ਪਤਾ ਈ ਨਹੀਂ? ਜਦੋਂ ਉਸਨੇ ਪੁੱਛਗਿੱਛ ਕਰਵਾਈ ਤਾਂ ਡਰਾਈਵਰ ਤੇ ਕੰਡਕਟਰ ਨੂੰ ਮੁਅਤਲ ਕਰ ਦਿੱਤਾ ਗਿਆ।

ਪਰ ਦਸਦੇ ਹਨ ਕਿ ਓਸੇ ਦਿਨ ਹੀ ਸਾਮ ਨੂੰ ਜਨਰਲ ਮੈਨੇਜਰ ਅਮ੍ਰਿਤਸਰ ਨੂੰ ਫੋਨ ਆ ਗਿਆ ਕਿ ਉਹਨਾਂ ਦੋਹਾਂ ਨੂੰ ਬਹਾਲ ਕਰਕੇ ਮੈਨੂੰ ਖਬਰ ਕਰੋ। ਜਨਰਲ ਮੈਨੇਜਰ ਆਪ ਉਹਨਾਂ ਦੋਹਾਂ ਦੇ ਪਿੰਡ ਇਹ ਦਸਣ ਗਿਆ ਕਿ ਤੁਹਾਨੂੰ ਮੁਅਤਲ ਨਹੀਂ ਕੀਤਾ ਗਿਆ। ਇਹ ਬਰਕਤਾਂ ਸਨ ਨਿਰੰਕਾਰੀ ਬਣਨ ਦੀਆਂ ਤੇ ਸ਼ਾਇਦ ਹੁਣ ਵੀ ਹਨ। ਨਿਰੰਕਾਰੀ, ਰਾਧਾ ਸਵਾਮੀ, ਸਤਨਾਮ ਅਨਾਮੀ ਤੇ ਜੇਠੂਵਾਲੀਏ, ਤੇ ਇਸ ਤਰ੍ਹਾਂ ਦੇ ਹੀ ਕੁੱਝ ਹੋਰ ਨਵੇਂ ਧਰਮ ਜੋ ਸਿੱਖ ਦਿੱਖ ਵਾਲੇ ਹਨ, ਭਾਰਤੀ ਏਜੰਸੀਆਂ ਨੇ ਸਿੱਖੀ ਨੂੰ ਘੱਟ ਕਰਨ ਲਈ ਸਰਕਾਰ ਦੀ ਹਦਾਇਤ 'ਤੇ ਚਲਾਏ ਹਨ। ਗੁਰਮੀਤ ਰਾਮ ਰਹੀਮ ਸਿੰਘ ਤੇ ਹੋਰ ਬਥੇਰੇ ਐਸੇ ਲੋਕ ਹਨ ਜੋ

ਸਿੱਖੀ ਨੂੰ ਢਾਹ ਲਾ ਰਹੇ ਹਨ। ਪਰ ਸਿੱਖ ਘੂਕ ਸੁਤੇ ਪਏ ਹਨ। ਇਕ ਸ਼ਾਇਰ ਦੇ ਕਥਨ ਅਨੁਸਾਰ;

*ਜੋ ਬਾਤ ਮੁਨਾਸਿਬ ਹੈ ਵੁਹ ਹਾਸਲ ਨਹੀਂ ਕਰਤੇ*
*ਜੋ ਅਪਨੀ ਗ੍ਰਿਹ ਮੇਂ ਹੈ ਉਸੇ ਖੋ ਭੀ ਰਹੇ ਹੈਂ।*
*ਬੇ ਇਲਮ ਭੀ ਹਮ ਲੋਂਗ ਹੈਂ ਗਫਲਤ [illegible]ੀ ਹੈ ਤਾਰੀ*
*ਅਫਸੋਸ ਕਿ ਅੰਧੇ ਭੀ ਹੈ ਔਰ ਸੋ ਭੀ [illegible] ਹੈਂ।*

***

## ❑ ਸਾਇੰਸ ਨਾਲ ਆਹਡੇ

ਜੇ ਗੁਰੂ ਗੋਬਿੰਦ ਸਿੰਘ ਜੀ ਕਿਰਪਾਨ ਲਹਿਰਾ ਕੇ ਪੰਜ ਸਿਰ ਮੰਗ ਕੇ ਪੰਜ ਬੰਦਿਆਂ ਨੂੰ ਤਿਆਰ ਬਰ ਤਿਆਰ ਸਿਪਾਹੀ ਬਣਾ ਕੇ ਤੇ ਫੇਰ ਹੋਰ ਸਿੱਖਾਂ ਨੂੰ ਸ਼ਸਤਰਾਂ ਦੀ ਟ੍ਰੇਨਿੰਗ ਦੇ ਕੇ ਫੌਜ ਤਿਆਰ ਕਰ ਸਕਦੇ ਸਨ, ਜਿਹੜਾ ਕਿ ਮੁਗ਼ਲ ਰਾਜ ਤੇ ਬਾਈਧਾਰ ਦੇ ਈਰਖਾਲੂ ਰਾਜਿਆਂ ਦੇ ਹੁੰਦਿਆਂ ਬਹੁਤ ਹੀ ਮੁਸ਼ਕਲ ਕੰਮ ਸੀ ਤਾਂ ਕੀ ਉਹ ਸੌ ਦੋ ਸੌ ਗ੍ਰੰਥੀ ਨਹੀਂ ਸਨ ਲੱਭ ਸਕਦੇ, ਜਿਹੜੇ ਹਰ ਵੇਲੇ ਅਖੰਡ ਪਾਠ ਕਰਦੇ ਰਹਿੰਦੇ। ਗੁਰੂ ਸਾਹਿਬ ਨੂੰ ਤੇਰਾਂ ਲੜਾਈਆਂ ਹਿੰਦੂਆਂ ਨਾਲ ਤੇ ਚੌਧਵੀ ਔਰੰਗਜ਼ੇਬ ਦੀਆਂ ਫੌਜਾਂ ਨਾਲ ਲੜਨ ਦੀ ਕੀ ਲੋੜ ਸੀ ? ਪੁੱਤਰ, ਮਾਤਾ ਤੇ ਸਿੰਘ ਸ਼ਹੀਦ ਨਾ ਹੁੰਦੇ, ਭਾਰੀ ਜਾਨੀ ਤੇ ਮਾਲੀ ਨੁਕਸਾਨ ਨਾ ਹੁੰਦਾ। ਓਧਰੋਂ ਦੁਸ਼ਮਣ ਫੌਜਾਂ ਚੜ੍ਹਾਈ ਕਰਦੀਆਂ, ਏਧਰ ਢੋਲਕੀਆਂ ਛੈਣਿਆਂ ਤੇ ਵਾਜਿਆ ਨਾਲ ਬਾਣੀ ਪੜ੍ਹਨ ਲੱਗ ਪੈਂਦੇ, ਦੁਸ਼ਮਣ ਨੂੰ ਭਾਜੜ ਪੈ ਜਾਂਦੀ। ਦੁਸ਼ਮਣ ਫੌਜ ਆਪ ਮੁਹਾਰੇ ਪਿਛਾਂਹ ਭੱਜ ਜਾਂਦੀ। ਜੇ ਕਿਸੇ ਸਿੱਖ ਦਾ ਥੋੜਾ ਜਿਹਾ ਵੀ ਦਿਮਾਗ ਕੰਮ ਕਰਦਾ ਹੋਵੇ ਤੇ ਉਹ ਸੋਚ ਕੇ ਵੇਖੇ ਕਿ ਦੋਹਾਂ ਵਿਚੋਂ ਸੌਖਾ ਤਰੀਕਾ ਕਿਹੜਾ ਸੀ? ਜਿਥੇ ਬਾਹੂਬਲ ਦੀ ਲੋੜ ਹੋਵੇ ਓਥੇ ਕਿਰਪਾਨ ਦੀ ਸ਼ਕਤੀ ਨੇ ਹੀ ਕੰਮ ਕਰਨਾ ਹੈ। ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਏ। ਹਾਂ ਗੁਰਬਾਣੀ ਆਪਣੀ ਥਾਂ ਹੈ। ਬਾਣੀ ਪੜ੍ਹਨ ਨਾਲ ਮਨ ਬਲਵਾਨ ਹੁੰਦਾ ਹੈ ਤੇ ਜੁਲਮ ਨਾਲ ਟੱਕਰ ਲੈਣ ਦੀ ਸ਼ਕਤੀ ਤੇ ਪ੍ਰੇਰਨਾ ਮਿਲਦੀ ਹੈ, ਨਾਲੇ ਮਨ ਨੂੰ ਸ਼ਾਂਤੀ ਮਿਲਦੀ ਹੈ, ਜੋ ਹੋਰ ਕਿਸੇ ਤਰੀਕੇ ਜਾਂ ਕਿਸੇ ਵੀ ਚੀਜ਼ ਨਾਲ ਨਹੀਂ ਮਿਲਦੀ।

ਅਜਕਲ੍ਹ ਇਕ ਗੱਲ ਹੋਰ ਬੜੀ ਪ੍ਰਚੱਲਤ ਹੈ। "ਸਰਬ ਰੋਗ ਕਾ ਅਉਖਦ ਨਾਮ"। ਸਾਰੀਆਂ ਬਿਮਾਰੀਆਂ ਦਾ ਨਾਮ ਅਰਥਾਤ ਬਾਣੀ ਦੇ ਜਾਪ ਨਾਲ ਇਲਾਜ। ਇਸ ਬਾਰੇ ਬਹੁਤ ਕੁੱਝ ਲਿਖਣ ਦੀ ਲੋੜ ਨਹੀਂ। ਗੁਰੂ ਰਾਮ ਦਾਸ ਜੀ ਆਪ ਖ਼ੁਦ ਦਵਾਈਆਂ ਤਿਆਰ ਕਰਕੇ ਬਿਮਾਰ ਤੇ ਦੁਖੀਆਂ ਨੂੰ ਦੇਂਦੇ ਸਨ, ਜੜੀ ਬੂਟੀਆਂ ਆਪ ਪਛਾਣ ਕੇ ਲਿਆਉਂਦੇ, ਸੁਕਾਅ, ਬਣਾ ਕੇ ਕੁਟਵਾਉਂਦੇ ਤੇ ਫੇਰ ਦਵਾਈਆਂ ਬਣਾ ਕੇ ਮਰੀਜ਼ਾਂ ਨੂੰ ਦੇਂਦੇ। ਗੁਰੂ ਦਸਵੇਂ ਪਾਤਸ਼ਾਹ ਨੇ ਭਾਈ ਘਨਈਏ ਨੂੰ ਪਾਣੀ ਪਿਆਉਣ ਦੇ ਨਾਲ ਮਲ੍ਹਮ ਦੀ ਡੱਬੀ ਵੀ ਦਿੱਤੀ ਸੀ ਤਾਂ ਕਿ ਜ਼ਖ਼ਮਾਂ 'ਤੇ ਦਵਾਈ ਲਾਈ ਜਾ ਸਕੇ। ਉਪਰੋਕਤ ਕਿਸਮ ਦੇ ਨਾਂਅ ਰੱਖ ਕੇ ਦੁਖੀ ਲੋਕਾਂ ਨੂੰ ਚੰਗਾ ਇਲਾਜ ਕਰਵਾਉਣ ਵਿਚ ਦੇਰ ਕਰਵਾ ਦੇਣਾ ਵੀ ਇਖ਼ਲਾਕੀ ਜੁਰਮ ਕਰਨ ਵਰਗਾ ਜੁਰਮ ਹੀ ਹੈ। ਜੇ ਇਸ ਤਰ੍ਹਾਂ ਹੋ ਸਕਦਾ ਹੁੰਦਾ ਤਾਂ ਸਾਰੇ ਡਾਕਟਰ ਤੇ ਸਰਜਨ, ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਅਤੇ ਪੋਸਟ ਗਰੈਜੂਏਟ ਇੰਸਟੀਚਿਊਟ ਵਰਗੀਆਂ ਸੰਸਥਾਵਾਂ ਬੇਕਾਰ ਸਿੱਧ ਹੁੰਦੀਆਂ। 'ਸਰਬ ਰੋਗ ਕਾ ਅਉਖਦ ਨਾਮ' ਤਾਂ ਦੁਨੀਆਂ ਦੇ ਕੋਨੇ ਕੋਨੇ ਤਕ ਫੱਟ ਪਹੁੰਚ ਸਕਦਾ ਸੀ। ਲੋਕ ਬਾਣੀ ਪੜ੍ਹਦੇ ਤੇ ਰੋਗ ਤੋਂ ਛੁਟਕਾਰਾ ਪਾ ਲੈਂਦੇ। ਪਰ ਨਹੀਂ ਇਹ ਮਨਮਤ ਤੇ ਬ੍ਰਾਹਮਣਵਾਦੀ ਸੋਚ ਹੈ।

ਪਾਕਿਸਤਾਨ ਦੇ ਜਗੀਰਦਾਰ ਜਿਨਾ ਦੇ ਵੱਡੇ ਵਡੇਰੇ ਪੀਰ ਦਾ ਖ਼ਿਤਾਬ ਹਾਸਲ ਕਰ ਚੁੱਕੇ ਹਨ ਤੇ ਉਹ ਹੁਣ ਆਪ ਵੀ ਪੀਰ ਅਖਵਾਉਂਦੇ ਹਨ, ਅੱਜਕਲ੍ਹ ਜਗੀਰਦਾਰੀ ਦੇ ਨਾਲ ਨਾਲ ਸਿਆਸਤ ਵਿਚ ਵੀ ਹੱਥ ਪੈਰ ਮਾਰਦੇ ਹਨ। (ਏਸੇ ਤਰ੍ਹਾਂ ਜਿਸ ਤਰ੍ਹਾਂ ਬੀਬੀ ਜਗੀਰ ਕੌਰ ਡੇਰੇਦਾਰ ਵੀ ਹੈ ਤੇ ਸਿਆਸੀ ਵੀ) ਉਨ੍ਹਾਂ ਨੇ ਆਪਣੇ ਮਹੱਲਨੁਮਾਂ ਘਰਾਂ ਵਿਚ ਇਕ ਦੋ ਕਮਲੇ ਜਹੇ ਰੱਖੇ ਹੁੰਦੇ ਹਨ, ਜਿਹਨਾਂ ਨੇ ਮਲੰਗਾਂ ਵਰਗੇ ਕੱਪੜੇ ਪਾਏ ਹੁੰਦੇ ਹਨ। ਹੱਥ ਵਿਚ ਘੁੰਗਰੂਆਂ ਵਾਲਾ ਘੋਟਣੇ ਵਰਗਾ ਸੋਟਾ ਫੜਿਆ ਹੁੰਦਾ ਹੈ। ਜਦੋਂ ਬਾਹਰੋਂ ਲੋਕ ਪੀਰ ਜੀ ਨੂੰ ਮਿਲਣ ਆਉਂਦੇ ਹਨ ਤਾਂ ਉਹ ਘੁੰਗਰੂ ਛਣਕਾ ਕੇ ਨੱਚਣਾ ਸ਼ੁਰੂ ਕਰ ਦੇਂਦੇ ਹਨ। ਭੁੜਕਦੇ ਤੇ ਗਾਉਂਦੇ ਹਨ, "ਪੀਰ ਸਾਈਂ ਆਇਐ, ਮਿੱਠੇ ਚੌਲ ਖਾਦੈਂ।" ਇਸ ਤਰ੍ਹਾਂ ਮਿਲਣ ਆਏ ਲੋਕਾਂ 'ਤੇ ਉਹ ਬੜਾ ਧਾਰਮਕ ਪ੍ਰਭਾਵ ਪਾਉਂਦੇ ਹਨ। ਏਸੇ ਤਰ੍ਹਾਂ ਹੀ ਸਿੱਖ ਸਾਧਾਂ ਨੇ ਵੀ ਆਪਣੇ ਡੇਰਿਆਂ 'ਤੇ ਕਮਲੇ ਜਿਹੇ ਸਿੱਖ ਰੱਖੇ ਹੁੰਦੇ ਹਨ, ਜਿਹੜੇ ਬਾਹਰ ਬੈਠੇ ਝੂਠੀਆਂ ਜਿਹੀਆਂ ਕਹਾਣੀਆਂ ਸੁਣਾ ਸੁਣਾ ਕੇ ਸਾਧਾਂ ਦੇ ਪਹੁੰਚੇ ਹੋਏ ਹੋਣ ਦਾ ਯਕੀਨ ਵਿਚਾਰੇ ਦੁਖੀ ਲੋਕਾਂ ਨੂੰ ਕਰਵਾਉਂਦੇ ਰਹਿੰਦੇ ਹਨ।

ਇਕ ਗੁਰਦੁਆਰੇ ਦੇ ਬਾਹਰ ਬੈਠੇ ਏਸੇ ਤਰ੍ਹਾਂ ਦੇ ਹੀ ਇਕ ਟੁੱਕੜਬੋਚ ਨੇ ਗੱਲ ਸੁਣਾਈ। "ਤੁਸੀਂ ਕਿਤੇ ਬੁੱਧਵਾਰ ਨੂੰ ਆਇਓ ਜੇ ਤੁਹਾਡੀ ਕਿਸਮਤ ਚੰਗੀ ਹੋਈ ਤੇ ਜੇ ਕਿਤੇ ਤੁਹਾਨੂੰ ਸੰਤਾਂ ਦੇ ਦਰਸ਼ਨ ਹੋ ਗਏ ਤਾਂ ਮੈਂ ਕਹਿੰਨਾਂ ਤਰ ਜਾਓਗੇ, ਵੇਖਿਓ ਤੇ ਸਈ ਕਿੱਦਾਂ ਏਥੇ ਛੇਆਂ ਛੇਆਂ ਕੁੜੀਆਂ ਤੋਂ ਬਾਅਦ ਦੋ ਦੋ ਮੁੰਡਿਆਂ ਦੀਆਂ ਉਂਗਲੀਆਂ ਫੜੀ ਲੋਕ ਆਉਂਦੇ ਐ। ਬਸ ਜੀ ਜਿਹੜਾ ਏਥੇ ਆ ਗਿਆ, ਉਹਦੇ ਮੁੰਡਾ ਹੋਣਾ ਈ ਹੋਣੈ।" ਇਹ ਸਾਰੀਆਂ ਗੱਲਾਂ ਬਕਵਾਸ ਹਨ। ਲੜਕਾ ਪੈਦਾ ਹੋਣ ਦੇ ਦੋਸ਼ ਤੇ ਗੁਣ ਕੁਦਰਤ ਅਨੁਸਾਰ ਹਨ।

ਔਰਤ ਵਿਚਾਰੀ ਨਾ ਕੁੜੀ ਜੰਮਣ ਲਈ ਜਿੰਮੇਵਾਰ ਹੈ ਨਾ ਮੁੰਡਾ। ਸਿਰਫ ਬੁੱਢ੍ਹ ਆਦਮੀ ਹੀ ਇਸ ਲਈ ਜਿੰਮੇਵਾਰ ਹੈ ਪਰ ਜ਼ਿਆਦਾ ਕੁੜੀਆਂ ਹੋਣ 'ਤੇ ਔਰਤ ਨੂੰ ਘਰੋਂ ਕੱਢ ਦਿੱਤਾ ਜਾਂਦਾ ਹੈ ਜਾਂ ਹੋਰ ਵਿਆਹ ਕਰਵਾ ਲਿਆ ਜਾਂਦਾ ਹੈ। ਜਦੋਂ ਕਿ ਕਸੂਰ ਸਾਰਾ ਆਦਮੀ ਦਾ ਹੀ ਹੁੰਦਾ ਹੈ ਪਰ ਸਜਾ ਜਨਾਨੀ ਨੂੰ ਮਿਲਦੀ ਹੈ। ਇਹ ਫਾਰਮੂਲਾ ਮੈਡੀਕਲ ਸਾਇੰਸ ਦਾ ਹੈ। ਜਿਸ ਨੂੰ ਡਾਕਟਰਾਂ ਨੇ ਖੋਜ ਕਰਕੇ ਲੱਭਾ ਹੈ। ਅਣਪੜ੍ਹ ਤੇ ਮੂਰਖ ਸਾਧਾਂ ਸੰਤਾਂ ਨੂੰ ਤੇ ਅਜੇ ਵੀ ਇਸ ਗੱਲ ਦਾ ਪਤਾ ਨਹੀਂ, ਫਿਰ ਮੁੰਡਾ ਜੰਮਣ ਦੀ ਗਰੰਟੀ ਉਹ ਕਿਵੇਂ ਕਰ ਸਕਦੇ ਹਨ? ਏਦਾਂ ਦੇ ਸਾਧ ਠੱਗ ਹੋਏ ਕਿ ਨਾ? ਅਣਪੜ੍ਹ ਸਿੱਖ ਜਨਾਨੀਆਂ ਵੀ ਸਾਧਾਂ ਦੇ ਆਸ਼ੀਰਵਾਦ ਨਾਲ ਮੁੰਡੇ ਭਾਲਦੀਆਂ ਫਿਰਦੀਆਂ ਹਨ। ਇਹ ਸਭ ਜਹਾਲਤ ਹੈ। ਹੋਰ ਕੁਝ ਨਹੀਂ।

ਭਗਤ ਫਰੀਦ ਜੀ ਨੇ ਠੋਕ ਕੇ ਸੱਚ ਨੂੰ ਸੱਚ ਕਿਹਾ। ਉਹ ਸੂਫੀ ਸਨ, ਬਹੁਤਾ ਲਗ-ਲਬੇੜ ਨਹੀਂ ਸੀ ਜਾਣਦੇ। ਉਨ੍ਹਾਂ ਨੇ ਜਿੰਨੀ ਬਾਣੀ ਰਚੀ, ਠੇਠ ਪੰਜਾਬੀ ਤੇ ਆਪ-ਮੁਹਾਰੇ ਮੂੰਹ ਵਿਚੋਂ ਫੁੱਟਣ ਵਾਲੇ ਸ਼ਬਦਾਂ ਵਿਚ ਲਿਖੀ। ਇਕ ਵੇਲਾ ਸੀ ਜਦੋਂ ਬਾਬਾ ਫਰੀਦ ਜੀ ਆਪ ਦੁਵਿਧਾ ਵਿਚ ਸਨ। ਉਨ੍ਹਾਂ ਨੂੰ ਸਮਝ ਨਹੀਂ ਸੀ ਆਉਂਦੀ ਕਿ ਉਹ ਜੰਗਲ ਵਿਚ ਜਾ ਕੇ ਤਪ ਕਰਨ ਜਾਂ ਗ੍ਰਹਿਸਤੀ ਰਹਿ ਕੇ ਗ੍ਰਹਿਸਤੀਆਂ ਵਾਂਗ ਜੀਵਨ ਬਤੀਤ ਕਰਨ। ਕਹਿੰਦੇ ਹਨ ਬਾਬਾ ਫਰੀਦ ਜੀ ਸੋਚਾਂ ਵਿਚ ਡੁਬੇ ਹੀ ਆਪਣੇ ਪਿੰਡ ਦੀ ਗਲੀ ਵਿਚ ਅੱਧਵਿਚਕਾਰ ਤੁਰੇ ਜਾਂਦੇ ਸਨ (ਜਦੋਂ ਬੰਦਾ ਸੋਚਾਂ ਵਿਚ ਡੁੱਬਾ ਹੋਵੇ ਤਾਂ ਮਨੋਵਿਗਿਆਨੀ ਕਹਿੰਦਾ ਹੈ ਕਿ ਇਨਸਾਨ ਸੜਕ ਦੇ ਅੱਧ ਵਿਚ ਹੀ ਤੁਰਦਾ ਹੈ ਕਿਉਂਕਿ ਉਹ ਉਸ ਵੇਲੇ ਡੂੰਘੀਆਂ ਵਿਚਾਰਾਂ ਵਿਚ ਹੁੰਦਾ ਹੈ ਤੇ ਡੂੰਘੀ ਵਿਚਾਰ ਵਿਚ ਖੱਬੇ ਹੱਥ ਤੁਰਨਾ ਜਾਂ ਸੱਜੇ ਹੱਥ ਤੁਰਨਾ ਇਕ ਤਰ੍ਹਾਂ

ਭੁੱਲ ਹੀ ਜਾਂਦਾ ਹੈ। ਆਧੁਨਿਕ ਯੁਗ ਵਿਚ ਵੀ ਮਾਨਸਕ ਤੌਰ 'ਤੇ ਪ੍ਰੇਸ਼ਾਨ ਤੇ ਸੋਚਾਂ ਵਿਚ ਡੁੱਬੇ ਮਨੁੱਖ ਹੀ ਐਕਸੀਡੈਂਟ ਦਾ ਕਾਰਨ ਬਣਦੇ ਹਨ।) ਪਿੱਛੇ ਮਾਈ ਨੇ ਗੋਹੇ ਦਾ ਭਾਰਾ ਟੋਕਰਾ ਚੁੱਕਿਆ ਹੋਇਆ ਸੀ, ਉਹ ਛੇਤੀ-ਛੇਤੀ ਅੱਗੇ ਲੰਘਣਾ ਚਾਹੁੰਦੀ ਸੀ ਪਰ ਬਾਬਾ ਫਰੀਦ ਜੀ ਰਸਤਾ ਖਾਲੀ ਨਹੀਂ ਸੀ ਛੱਡ ਰਹੇ। ਅਖੀਰ ਅੱਕ ਕੇ ਮਾਈ ਨੇ ਕਿਹਾ, 'ਭਾਈ ਐਧਰ ਲੱਗ ਜਾਂ ਔਧਰ ਲੱਗ ਰਾਹ ਤੇ ਛੱਡ।' ਬੱਸ ਬਾਬਾ ਫਰੀਦ ਜ਼ੀ ਨੂੰ ਗਿਆਨ ਹੋ ਗਿਆ। ਉਹ ਇਕ ਪਾਸੇ ਲੱਗ ਗਏ ਤੇ ਉਨ੍ਹਾਂ ਘਰ-ਬਾਰ ਛੱਡ ਕੇ ਜੰਗਲਾਂ ਵਿਚ ਜਾ ਕੇ ਤਪ ਕਰਨ ਦਾ ਫੈਸਲਾ ਕਰ ਲਿਆ। ਹੁਣ ਵੇਲਾ ਆ ਗਿਆ ਹੈ ਕਿ ਸਿੱਖ ਜਾਂ ਤਾਂ ਬਾਣੀ ਦੇ ਲੜ੍ਹ ਲਗਣ ਤੇ ਜਾਂ ਅਣਪੜ੍ਹ ਤੇ ਲੋਟੂ ਸਾਧਾਂ ਦੇ। ਬਾਬਾ ਫਰੀਦ ਜੀ ਦੇ ਬਹੁਤ ਸਾਰੇ ਸ਼ਲੋਕ ਲੋਕਾਂ ਨੂੰ ਬਗੈਰ ਯਾਦ ਕੀਤਿਆਂ ਵੀ ਆਪਣੇ-ਆਪ ਯਾਦ ਹੋ ਜਾਂਦੇ ਹਨ। 'ਫਰੀਦਾ ਕਾਲੇ ਮੈਂਡੇ ਕੱਪੜੇ, ਕਾਲਾ ਮੈਂਡਾ ਵੇਸ, ਗੁਨਹੀ ਭਰਿਆ ਮੈਂ ਫਿਰਾਂ, ਲੋਕ ਕਹਿਣ ਦਰਵੇਸ਼।' ਮਤਲਬ ਬਹੁਤ ਸਪੱਸ਼ਟ ਹੈ। ਕਈ ਲੋਕ ਸਾਧ ਤੇ ਸੰਤ ਅਖਵਾਉਣ ਵਾਲੇ ਲੋਕਾਂ ਨੂੰ ਆਮ ਇਨਸਾਨ ਤੋਂ ਉੱਤੇ ਸਮਝ ਲੈਂਦੇ ਹਨ ਤੇ ਇਹ ਗੱਲ ਆਪਣੇ ਮਨ ਵਿਚ ਬਿਠਾ ਲੈਂਦੇ ਹਨ ਕਿ ਆਮ ਆਦਮੀ ਤਾਂ ਕੋਈ ਗਲਤੀ ਕਰ ਸਕਦਾ ਹੈ ਪਰ ਸੰਤ ਮਹਾਂਪੁਰਖ ਇਹ ਕੰਮ ਕਿਵੇਂ ਕਰ ਸਕਦੇ ਹਨ? ਜੇ ਕੋਈ ਪੁੱਛੇ-" ਕਿਉਂ, ਉਹ ਕਿਉਂ ਨਹੀਂ ਕਰ ਸਕਦੇ ?" ਤਾਂ ਉਹ ਅੱਗੋਂ ਉੱਤਰ ਦੇਂਦੇ ਹਨ, 'ਉਹ ਬਹੁਤ ਤੇਜ਼ ਤਪ ਵਾਲੇ ਤਪੱਸਵੀ ਹਨ। ਬਾਣੀ ਬਹੁਤ ਪੜ੍ਹਦੇ ਹਨ, ਕਾਮ ਤੇ ਹਰ ਤਰ੍ਹਾਂ ਦੇ ਵਿਕਾਰਾਂ 'ਤੇ ਉਨ੍ਹਾਂ ਨੇ ਕਾਬੂ ਪਾ ਲਿਆ ਹੈ ਪਰ ਮੈਡੀਕਲ ਸਾਇੰਸ ਇਹ ਗੱਲ ਕਿਸੇ ਕੀਮਤ 'ਤੇ ਵੀ ਮੰਨਣ ਨੂੰ ਤਿਆਰ ਨਹੀਂ। ਮੈਡੀਕਲ ਸਾਇੰਸ ਅਨੁਸਾਰ ਕਾਮ ਮਨੁੱਖ ਦੀ ਸਰੀਰਕ ਜ਼ਰੂਰਤ (Biological necessity) ਹੈ।

ਇਹ ਬਿਲਕੁਲ ਉਸ ਤਰ੍ਹਾਂ ਹੈ ਜਿਵੇਂ ਇਕ ਟਿਊਬਵੈੱਲ ਚੱਲ ਰਿਹਾ ਹੋਵੇ ਤੇ ਉਸ ਦਾ ਪਾਣੀ ਇਕ ਚੁਬੱਚੇ ਵਿਚ ਡਿਗ ਰਿਹਾ ਹੋਵੇ। ਮੰਨ ਲਓ ਚੁਬੱਚਾ ਥੱਲਿਓਂ ਬੰਦ ਹੈ ਤੇ ਟਿਊਬਵੈੱਲ ਦਾ ਪਾਣੀ ਨਿਰੰਤਰ ਉਸ ਵਿਚ ਡਿਗ ਰਿਹਾ ਹੋਵੇ ਤਾਂ ਦੋ ਹੀ ਗੱਲਾਂ ਹੋ ਸਕਦੀਆਂ ਹਨ ਜਾਂ ਤਾਂ ਉਸ ਚੁਬੱਚੇ ਦਾ ਕੋਈ ਨਿਕਾਸ ਹੋਵੇ ਜਾਂ ਉਹ ਚੁਬੱਚਾ ਭਰ ਕੇ ਉੱਛਲ ਜਾਵੇਗਾ, ਜਿਹੜਾ ਕਿ ਅਣਵਿਆਹੇ ਲੋਕਾਂ ਨਾਲ ਹਰ ਰੋਜ ਹੁੰਦਾ ਹੈ। ਸੁਪਨਦੋਸ਼ ਵਗੈਰਾ ਇਹ ਹੀ ਗੱਲ ਹੈ। ਇਕ ਤਰੀਕਾ ਅਖੀਰਲਾ ਹੋਰ ਹੈ ਕਿ ਓਧਰੋਂ ਚੁਬੱਚਾ ਭਰ ਜਾਵੇ ਤੇ ਓਧਰੋਂ ਟਿਊਬਵੈੱਲ ਦੀ ਮੋਟਰ ਬੰਦ ਹੋ ਜਾਵੇ, ਫਿਰ ਪਾਣੀ ਦਾ ਭਰਿਆ ਚੁਬੱਚਾ ਪਾਣੀ ਨਾਲ ਭਰਿਆ ਤਾਂ ਰਹੇਗਾ ਪਰ ਉਛਲੇਗਾ ਨਹੀਂ। ਇਹ ਵੀ ਹੋ ਸਕਦਾ ਹੈ ਕਿ ਟਿਊਬਵੈੱਲ ਦੀ ਮੋਟਰ ਕਦੇ ਚੱਲੀ ਹੀ ਨਾ ਹੋਵੇ। ਇਸ ਹਾਲਤ ਵਿਚ ਵੀ ਚੁਬੱਚਾ ਕਾਹਦੇ ਨਾਲ ਉਛਲਣਾ ਹੈ? ਪਰ ਇਸ ਕਿਸਮ ਦੇ ਲੋਕ ਨਾਮਰਦ ਅਖਵਾਉਂਦੇ ਹਨ, ਜਿਹੜੇ ਸਾਧ ਮਰਦ ਵੀ ਹਨ ਤੇ ਕਹਿੰਦੇ ਹਨ ਕਿ ਮੈਂ ਕਾਮ 'ਤੇ ਕਾਬੂ ਪਾਇਆ ਹੋਇਆ ਹੈ, ਉਹ ਝੂਠ ਬੋਲਦੇ ਹਨ। ਜਾਂ ਤਾਂ ਉਹ ਨਾਮਰਦ ਹਨ ਜਾਂ ਉਹ ਕਿਸੇ ਨਾ ਕਿਸੇ ਹੋਰ ਢੰਗ ਨਾਲ ਆਪਣੀ ਕਾਮਤ੍ਰਿਪਤੀ ਕਰਦੇ ਹਨ। ਉਹ ਤ੍ਰਿਪਤੀ ਸਚਮੁਚ ਦੀ ਹੋਵੇ ਜਾਂ ਬਨਾਵਟੀ ਹੋਵੇ, ਹੋਰ ਕੋਈ ਤੀਜੀ ਗੱਲ ਹੋ ਹੀ ਨਹੀਂ ਸਕਦੀ। ਇਹ ਮੈਡੀਕਲ ਸਾਇੰਸ ਦਾ ਮੁਢਲਾ ਅਸੂਲ ਹੈ, ਜੋ ਕਿ ਅੱਜਕਲ੍ਹ ਦੇ ਯੁਗ ਵਿਚ ਕੋਈ ਵੀ ਝੁਠਲਾ ਨਹੀਂ ਸਕਦਾ। ਵੈਸੇ ਵੀ ਮੈਡੀਕਲ ਸਾਇੰਸ ਦੇ ਅਨੁਸਾਰ ਇਸ 'ਤੇ ਕਾਬੂ ਪਾਉਣਾ ਮਨੁੱਖ ਦੇ ਵਸ ਵਿਚ ਨਹੀਂ ਹੁੰਦਾ। ਕੋਈ ਵੀ ਬੰਦਾ ਚਾਹ ਕੇ ਵੀ ਇਸ ਵਿਚ ਕੁਝ ਨਹੀਂ ਕਰ ਸਕਦਾ, ਜਦੋਂ ਬੰਦਾ ਸਾਹ ਲੈਂਦਾ ਹੈ ਤਾਂ ਉਹ ਉਸ ਦਾ ਕਰਤਾ ਨਹੀਂ ਹੁੰਦਾ। ਸਾਹ ਤਾਂ ਆਪਣੇ-ਆਪ ਚੱਲ

ਰਿਹਾ ਹੁੰਦਾ ਹੈ। ਏਸੇ ਤਰ੍ਹਾਂ ਹੀ ਦਿਲ ਦੀ ਧੜਕਣ ਦਾ ਵੀ ਕੋਈ ਕਰਤਾ ਨਹੀਂ ਹੁੰਦਾ ਕਿਉਂਕਿ ਸਰੀਰ ਵਿਚ ਖ਼ੂਨ ਆਪਣੇ ਆਪ ਚਲ ਰਿਹਾ ਹੁੰਦਾ ਹੈ। ਏਸੇ ਹੀ ਤਰ੍ਹਾਂ ਕਾਮ ਦਾ ਵੀ ਕੋਈ ਕਰਤਾ ਨਹੀਂ ਹੁੰਦਾ ਕਿਉਂਕਿ ਉਹ ਵੀ ਆਪਣੇ-ਆਪ ਹੀ ਚਲਦਾ ਹੈ। (ਪਤਾਲੂ ਨੂੰ ਨਿਰੰਤਰ ਬਣਾਈ ਤੁਰੇ ਜਾਂਦੇ ਹਨ) ਇਹ ਇਕ ਫੈਕਟਰੀ ਵਾਂਗ ਜਾਂ ਚਲ ਰਹੇ ਟਿਊਬਵੈੱਲ ਵਾਂਗ ਹਨ, ਭਰ ਜਾਂਦੇ ਹਨ ਤਾਂ ਫੱਟ ਉਛਲ ਜਾਂਦੇ ਹਨ, ਜਿਸ ਨੂੰ ਸੁਪਨਦੋਸ਼ ਕਿਹਾ ਜਾਂਦਾ ਹੈ। ਕਈ ਲੜਕੀਆਂ ਦਾ ਜਲਦੀ ਵਿਆਹ ਨਹੀਂ ਹੁੰਦਾ ਤਾਂ ਉਨ੍ਹਾਂ ਨੂੰ ਹਿਸਟੀਰੀਆ ਦੇ ਦੌਰੇ ਪੈਣ ਲਗ ਪੈਂਦੇ ਹਨ) ਇਹ ਸਾਰਾ ਕੁਝ ਕੁਦਰਤ ਵੱਲੋਂ ਬਣਾਇਆ ਹੋਇਆ ਆਟੋਮੈਟਿਕ ਪਲਾਂਟ ਵਾਂਗ ਹੈ। ਇਹ ਇਕ ਸਰੀਰਕ ਜ਼ਰੂਰਤ ਤੇ ਕੁਦਰਤੀ ਪ੍ਰਕਿਰਿਆ ਹੈ, ਕੋਈ ਵੀ ਮਨੁੱਖ ਭਾਵੇਂ ਉਹ ਸਾਧੂ ਹੋਵੇ, ਸੰਤ ਹੋਵੇ ਤੇ ਭਾਵੇਂ ਕੋਈ ਹੋਰ ਹੋਵੇ, ਕਾਮ ਦਾ ਕਰਤਾ ਨਹੀਂ। ਜੇ ਕੋਈ ਕਿਸੇ ਚੀਜ਼ ਦਾ ਕਰਤਾ ਨਹੀਂ ਤਾਂ ਫਿਰ ਉਹ ਉਸ 'ਤੇ ਕਾਬੂ ਕਿਵੇਂ ਪਾ ਸਕਦਾ ਹੈ? ਕੁਦਰਤ ਦੇ ਪੱਕੇ ਨਿਯਮ ਅਨੁਸਾਰ ਜਿੰਨੀ ਬਿੰਦ ਅਥਵਾ ਵੀਰਜ ਨੇ ਸਰੀਰ ਵਿਚੋਂ ਖਾਰਜ ਹੋ ਜਾਣਾ ਹੁੰਦਾ ਹੈ, ਉਸ ਨੂੰ ਕਿਸੇ ਵੀ ਯਤਨ ਨਾਲ ਸਰੀਰ ਵਿਚ ਨਹੀਂ ਰਖਿਆ ਜਾ ਸਕਦਾ। ਇਸ ਦਾ ਇਹ ਭਾਵ ਵੀ ਹੈ ਕਿ ਕਾਮ ਨੂੰ ਵਸ ਕਰ ਲੈਣ ਵਾਲੇ ਝੂਠੇ ਹਨ ਤੇ ਖੱਤਰਨਾਕ ਪਾਖੰਡੀ ਹਨ। ਜੇ ਬਾਲਜਤੀ ਰਿਹਾਂ ਸੰਸਾਰ ਸਮੁੰਦਰ ਤੋਂ ਕੋਈ ਤਰ ਸਕਦਾ ਹੁੰਦਾ ਤਾਂ ਖੁਸਰੇ ਨੂੰ ਉਚੀ ਆਤਮਕ ਅਵੱਸਥਾ ਕਿਉਂ ਨਾ ਪ੍ਰਾਪਤ ਹੋਈ। ਇਸਤਰੀ ਦਾ ਤਿਆਗ ਕਰਨ ਵਾਲੇ ਕਾਮ ਭੁੱਖ ਮਿਟਾਉਣ ਲਈ ਪਰਾਈਆਂ ਇਸਤਰੀਆਂ ਮਗਰ ਭੱਜੇ ਫਿਰਦੇ ਹਨ। ਗੁਰਬਾਣੀ ਦਾ ਫੁਰਮਾਨ ਹੈ "ਜਤਨ ਕਰੇ ਬਿੰਦ ਕਿਵੈ ਨਾਂ ਰਹਾਈ। ਬਿੰਦ ਰਾਖੈ ਜੇ ਤਰੀਐ। ਭਾਈ ਖੁਸਰੇ ਕਿਉਂ ਨਾਂ ਪਰਮਗਤੀ ਪਾਈ। ਇਸਤਰੀ ਤਜ ਕਰ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ॥"

ਸਾਰੇ ਵਿਕਾਰਾਂ ਵਿਚੋਂ ਕਾਮ ਦਾ ਨਾਂਅ ਪਹਿਲੇ ਨੰਬਰ 'ਤੇ ਆਉਂਦਾ ਹੈ। ਬਾਕੀ ਵਿਕਾਰਾਂ 'ਤੇ ਤਾਂ ਸ਼ਾਇਦ ਥੋੜ੍ਹਾ-ਬਹੁਤ ਕਾਬੂ ਪੈ ਵੀ ਸਕਦਾ ਹੋਵੇ, ਜਿਵੇਂ ਕ੍ਰੋਧ 'ਤੇ ਕਈ ਲੋਕ ਕੁਝ ਸਮੇਂ ਲਈ ਕਾਬੂ ਪਾ ਲੈਂਦੇ ਹਨ। ਲੋਭ, ਮੋਹ ਤੇ ਹੰਕਾਰ ਵੀ ਕੁਝ ਦੇਰ ਲਈ ਠੱਲ੍ਹਿਆ ਜਾ ਸਕਦਾ ਹੈ ਪਰ ਕਾਮ ਦਾ ਬੰਨ੍ਹ ਤਾਂ ਜਦੋਂ ਟੁੱਟਦਾ ਹੈ ਤਾਂ ਭਾਖੜਾ ਡੈਮ ਦੇ ਟੁੱਟਣ ਵਾਂਗ ਹੜ੍ਹ ਹੀ ਲਿਆ ਦੇਂਦਾ ਹੈ। ਤੁਲਸੀ ਦਾਸ, ਜਿਸ ਨੇ ਰਾਮਾਇਣ ਲਿਖੀ ਹੈ, ਨੇ ਕਿਹਾ ਹੈ ਕਿ ਜਦੋਂ ਬੰਦਾ ਕਾਮਗ੍ਰਸਤ ਹੋਵੇ ਤਾਂ ਉਸ ਵਿਚ ਵੀਹ ਘੋੜਿਆਂ ਦਾ ਬਲ ਆ ਜਾਂਦਾ ਹੈ। ਕਾਮਵਸ ਹੋਇਆ ਹੀ ਤੁਲਸੀਦਾਸ ਸੱਪ ਨੂੰ ਰੱਸੀ ਸਮਝ ਕੇ ਤੇ ਉਸ ਨੂੰ ਫੜ ਕੇ ਪਹਿਲੀ ਮੰਜ਼ਿਲ 'ਤੇ ਰਹਿੰਦੀ ਆਪਣੀ ਪਤਨੀ ਕੋਲ ਚਲਾ ਗਿਆ ਸੀ। ਇਕ ਰਿਸ਼ੀ ਜਿਸ ਦੀ ਕਈ ਸਦੀਆਂ ਦੀ ਤਪੱਸਿਆ ਸੀ, ਮੇਨਕਾ ਨਾਂਅ ਦੀ ਸੁੰਦਰੀ ਨੇ ਸਕਿੰਟ ਵਿਚ ਨਸ਼ਟ ਕਰਕੇ ਅਹੁ ਮਾਰੀ। ਇਕ ਹੋਰ ਹਿੰਦੂ ਦੰਤ-ਕਥਾ ਅਨੁਸਾਰ ਇਕ ਰਿਸ਼ੀ ਨੇ ਦਰਿਆ ਪਾਰ ਕਰਨਾ ਸੀ। ਉਸ ਨੇ ਮਲਾਹ ਨੂੰ ਬੇੜੀ ਦੂਜੇ ਪਾਸੇ ਲੈ ਚੱਲਣ ਲਈ ਆਖਿਆ। ਉਸ ਨੇ ਕਿਹਾ ਕਿ ਉਹ ਅਜੇ ਹੁਣੇ-ਹੁਣੇ ਹੀ ਬੇੜੀ ਦਾ ਪੂਰ ਛੱਡ ਕੇ ਆਇਆ ਹੈ ਤੇ ਥਕਾਵਟ ਨਾਲ ਉਸ ਦਾ ਜੋੜ ਜੋੜ ਦਰਦ ਕਰ ਰਿਹਾ ਹੈ। ਪਰ ਜਦੋਂ ਰਿਸ਼ੀ ਕ੍ਰੋਧਿਤ ਹੋ ਗਿਆ ਤੇ ਸਰਾਪ ਦਾ ਡਰਾਵਾ ਦਿੱਤਾ ਤਾਂ ਉਸ ਮਲਾਹ ਨੇ ਆਪਣੀ ਬੇਟੀ ਨੂੰ ਰਿਸ਼ੀ ਨੂੰ ਦਰਿਆ ਦੇ ਦੂਜੇ ਕੰਢੇ ਛੱਡ ਆਉਣ ਲਈ ਆਖਿਆ। ਕਿਉਂਕਿ ਓਦੋਂ ਲੋਕ ਸਰਾਪ ਤੋਂ ਬਹੁਤ ਡਰਦੇ ਸਨ, ਜਾਂ ਕਹਿ ਲਓ ਕਿ ਬ੍ਰਾਹਮਣਾਂ ਨੇ ਬਹੁਤ ਹੀ ਡਰਾਏ ਹੋਏ ਸਨ। ਜਦੋਂ ਬੇੜੀ ਦਰਿਆ ਦੇ ਅੱਧ-ਵਿਚਕਾਰ ਗਈ ਤਾਂ ਰਿਸ਼ੀ ਕਾਮਗ੍ਰਸਤ ਹੋ ਗਿਆ। ਜਦੋਂ ਉਸ ਨੇ ਉਸ ਕੁੜੀ ਨਾਲ ਛੇੜਖਾਨੀ ਸ਼ੁਰੂ ਕੀਤੀ ਤਾਂ ਉਹ ਉਸ ਦਾ ਮਤਲਬ ਤਾਂ ਸਮਝ

ਗਈ ਪਰ ਸਰਾਪ ਤੋਂ ਡਰਦੀ ਉਸ ਦੇ ਮੂੰਹ 'ਤੇ ਥੱਪੜ ਮਾਰਨ ਦੀ ਥਾਂ ਉਸ ਨੇ ਅਧੀਨਗੀ ਨਾਲ ਬੇਨਤੀ ਕੀਤੀ ਕਿ 'ਰਿਸ਼ੀ ਜੀ ਮਹਾਰਾਜ, ਮੈਂ ਨੀਚ ਕੁੱਲ ਦੀ ਲੜਕੀ ਹਾਂ ਪਾਣੀ ਵਿਚ ਹੀ ਜ਼ਿਆਦਾ ਰਹਿਣ ਕਰਕੇ ਮੇਰੇ ਸਰੀਰ ਵਿਚੋਂ ਮੱਛੀ ਵਰਗੀ ਦੁਰਗੰਧ ਆਉਂਦੀ ਹੈ ਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਚਲਦੇ ਪਾਣੀ ਵਿਚ ਫੇਰ ਸੂਰਜ ਵੀ ਸਿਖਰ 'ਤੇ ਹੈ, ਇਹ ਸਾਰਾ ਕੁਝ ਸ਼ਾਸਤਰਾਂ ਦੇ ਵਿਰੁੱਧ ਹੈ, ਮੇਰੇ 'ਤੇ ਕ੍ਰਿਪਾ ਕਰੋ ਤੇ ਆਪ ਜੀ ਆਪਣੇ 'ਤੇ ਕਾਬੂ ਰੱਖੋ, ਨਾ ਮੈਨੂੰ ਕਲੰਕਤ ਕਰੋ, ਨਾ ਆਪ ਹੋਵੋ'। ਪਰ ਉਹ ਰਿਸ਼ੀ ਕਾਮ ਨਾਲ ਏਨਾ ਅੰਨ੍ਹਾ ਹੋ ਚੁੱਕਾ ਸੀ ਕਿ ਉਸ ਨੇ ਇਕ-ਇਕ ਕਰਕੇ ਕੁੜੀ ਦੁਆਰਾ ਪਾਈਆਂ ਸਭ ਅੜਚਨਾਂ ਦੂਰ ਕਰ ਦਿੱਤੀਆਂ। ਸਰੀਰ ਦੀ ਦੁਰਗੰਧ ਉਸ ਨੇ ਆਪਣੀ ਸ਼ਕਤੀ ਨਾਲ ਫੁੱਲਾਂ ਦੀ ਤਾਜ਼ਗੀ ਤੇ ਖੁਸ਼ਬੋ ਵਿਚ ਬਦਲ ਦਿੱਤੀ। ਚਲਦਾ ਪਾਣੀ ਰੋਕ ਦਿੱਤਾ ਤੇ ਚਮਕਦੇ ਸੂਰਜ ਅੱਗੇ ਕਾਲੇ-ਬੋਲੇ ਬੱਦਲਾਂ ਦੇ ਉਛਾੜ ਚਾੜ੍ਹ ਦਿੱਤੇ। ਹਨੇਰਾ ਘੁੱਪ ਹੋ ਗਿਆ ਤੇ ਇਸ ਤਰ੍ਹਾਂ ਉਸ ਨੇ ਕਾਮਕ੍ਰੀੜਾ ਕਰਨ ਲਈ ਸਮਾਂ ਢੁਕਵਾਂ ਬਣਾ ਕੇ ਉਸ ਕੁੜੀ ਨਾਲ ਮੂੰਹ ਕਾਲਾ ਕੀਤਾ ਤੇ ਓਸੇ ਦਾ ਨਤੀਜਾ ਹੀ ਵੇਦ ਵਿਆਸ ਰਿਸ਼ੀ ਦਾ ਜਨਮ ਹੋਇਆ, ਜਿਸ ਨੇ ਬਾਅਦ ਵਿਚ ਮਹਾਂਭਾਰਤ ਲਿਖਿਆ। ਇਹ ਕਹਾਣੀ ਲਿਖਣ ਦਾ ਇਹ ਮਤਲਬ ਨਹੀਂ ਕਿ ਉਸ ਨੇ ਸੱਚਮੁਚ ਹੀ ਬੱਦਲ ਸੂਰਜ ਅੱਗੇ ਕਰ ਦਿੱਤੇ ਹੋਣਗੇ ਜਾਂ ਦਰਿਆ ਦਾ ਪਾਣੀ ਖੜ੍ਹਾ ਕਰ ਦਿੱਤਾ ਹੋਵੇਗਾ, ਇਹ ਸਭ ਤਾਂ ਬਕਵਾਸ ਹੈ ਕਿਉਂਕਿ ਇਸ ਤਰ੍ਹਾਂ ਦੀਆਂ ਸ਼ਕਤੀਆਂ ਕਦੇ ਹੋਈਆਂ ਈ ਨਹੀਂ ਪਰ ਇਹ ਗੱਲ ਜ਼ਰੂਰ ਹੋਈ ਹੋਵੇਗੀ ਕਿ ਉਸ ਨੇ ਉਸ ਕੁੜੀ ਨਾਲ ਖੇਹ ਜ਼ਰੂਰ ਖਾਧੀ ਹੋਵੇਗੀ ਕਿਉਂਕਿ ਰੋਜ਼ ਅਖਬਾਰਾਂ ਵਿਚ ਆਉਂਦਾ ਹੈ ਕਿ ਫਲਾਣੇ ਪਿੰਡ ਦੇ ਭਾਈ ਨੇ ਅੱਠ ਸਾਲ ਦੀ ਬੱਚੀ ਜਾਂ ਮੁੰਡੇ ਨਾਲ ਬਲਾਤਕਾਰ ਕੀਤਾ ਜਾਂ ਫਲਾਣੇ ਮੰਦਰ ਦੇ ਪੁਜਾਰੀ ਨੂੰ ਲੋਕਾਂ ਨੇ ਅੱਸੀ ਸਾਲ ਦੀ ਬੁੱਢੀ ਨਾਲ ਜ਼ਬਰਦਸਤੀ ਕਰਦੇ ਸਿਰੋਂ ਫੜਿਆ। ਸਾਧਾਂ-ਸੰਤਾਂ, ਮਹੰਤਾਂ ਤੇ ਪੁਜਾਰੀਆਂ ਆਦਿ ਦੀਆਂ ਕਰਤੂਤਾਂ ਹਰ ਰੋਜ਼ ਅਖਬਾਰਾਂ ਵਿਚ ਛਪਦੀਆਂ ਰਹਿੰਦੀਆਂ ਹਨ। ਗੁਰੂਆਂ ਨੇ ਕੇਵਲ ਤੇ ਕੇਵਲ ਵਿਆਹ ਕਰਵਾ ਕੇ ਗ੍ਰਹਿਸਤ ਜੀਵਨ ਵਿਚ ਹੀ ਇਸ ਦਾ ਹੱਲ ਨੀਯਤ ਕੀਤਾ ਹੈ। ਹੋਰ ਕੋਈ ਤਰੀਕਾ ਇਸ ਤੋਂ ਛੁਟਕਾਰਾ ਪਾਉਣ ਦਾ ਹੈ ਹੀ ਨਹੀਂ। ਜੇ ਕੋਈ ਹੋਰ ਤਰੀਕਾ ਦੱਸਦਾ ਹੈ ਤਾਂ ਉਹ ਪਾਖੰਡੀ ਤੇ ਡਰਾਮੇਬਾਜ਼ ਹੈ।

ਕਈਆਂ ਲੋਕਾਂ ਤੇ ਖਾਸ ਕਰ ਬੀਬੀਆਂ ਦਾ ਇਹ ਪੱਕਾ ਵਿਸ਼ਵਾਸ ਹੁੰਦਾ ਹੈ ਕਿ ਜੇ ਕੋਈ ਪਹੁੰਚਿਆ ਹੋਇਆ ਸੰਤ ਅਸ਼ੀਰਵਾਦ ਦੇਵੇ ਤਾਂ ਉਨ੍ਹਾਂ ਸੰਤਾਂ ਦੇ ਅਸ਼ੀਰਵਾਦ ਨਾਲ ਬੱਚਾ ਪੈਦਾ ਹੋ ਸਕਦਾ ਹੈ। ਨਾ-ਸਮਝ ਲੋਕ ਇਹ ਨਹੀਂ ਜਾਣਦੇ ਕਿ ਕੁਦਰਤ ਦੀ ਹੀ ਪ੍ਰਮਾਤਮਾ ਦੇ ਤੌਰ 'ਤੇ ਪੂਜਾ ਹੁੰਦੀ ਹੈ ਤੇ ਕੁਦਰਤ ਦੇ ਨਿਯਮ ਅਟੱਲ ਹੁੰਦੇ ਹਨ। ਉਹ ਕਿਸੇ ਦੇ ਕਹਿਣ ਨਾਲ ਨਹੀਂ ਬਦਲਦੇ। ਜੇ ਇਸ ਤਰ੍ਹਾਂ ਕਹਿਣ ਨਾਲ ਹੀ ਬਦਲ ਜਾਂਦੇ ਹੋਣ ਤਾਂ ਸਾਰੀ ਕੁਦਰਤ ਦਾ ਨਿਜ਼ਾਮ ਹੀ ਫੇਲ੍ਹ ਹੋ ਜਾਵੇ। ਕੁਦਰਤ ਦੇ ਕ੍ਰਿਸ਼ਮੇ ਵੇਖ-ਵੇਖ ਕੇ ਹੀ ਕੁਦਰਤ ਦੇ ਬਲਿਹਾਰੇ ਜਾਣ ਨੂੰ ਜੀਅ ਕਰਦਾ ਹੈ। ਜਿਸ ਤਰ੍ਹਾਂ ਪਾਣੀ ਬਣਨ ਦਾ ਫਾਰਮੂਲਾ $H+O^2$ ਹੈ ਤੇ ਇਸ ਦੇ ਥੋੜ੍ਹਾ ਜਿਹਾ ਵੀ ਬਦਲ ਜਾਣ 'ਤੇ ਪਾਣੀ ਨਹੀਂ ਬਣ ਸਕਦਾ। ਏਸੇ ਤਰ੍ਹਾਂ ਹੀ ਬੱਚੇ ਪੈਦਾ ਹੋਣ ਦੀ ਗੱਲ ਹੈ। ਬੱਚੇ ਪੈਦਾ ਕਰਨ ਲਈ ਪ੍ਰਮਾਤਮਾ (ਕੁਦਰਤ) ਨੇ ਮਨੁੱਖ ਅੰਦਰ ਕਰੋੜਾਂ ਦੇ ਹਿਸਾਬ ਨਾਲ ਸਪਰਮ ਪੈਦਾ ਕੀਤੇ ਹੋਏ ਹਨ। ਵਿਗਿਆਨਕਾਂ ਨੇ ਹਿਸਾਬ ਲਾਇਆ ਹੈ ਕਿ ਇਕ ਸਾਧਾਰਨ ਆਦਮੀ ਆਪਣੀ ਜ਼ਿੰਦਗੀ ਵਿਚ ਚਾਰ ਹਜ਼ਾਰ ਵਾਰੀ ਭੋਗ ਕਰਦਾ ਹੈ ਤੇ ਇਕ ਵਾਰੀ ਵਿਚ ਕਈ ਕਰੋੜ ਸ਼ੁਕਰਾਣੂ ਛੱਡਦਾ ਹੈ। ਇਨ੍ਹਾਂ ਸ਼ੁਕਰਾਣੂਆਂ ਨਾਲ ਇਕ

ਬੰਦਾ ਹੀ ਸਾਰੀ ਦੁਨੀਆਂ ਵਸਾ ਸਕਦਾ ਹੈ ਕਿਉਂਕਿ ਗਰਭ ਧਾਰਨ ਕਰਨ ਲਈ ਸਿਰਫ ਇਕ ਹੀ ਸ਼ੁਕਰਾਣੂ ਦੀ ਲੋੜ ਹੁੰਦੀ ਹੈ ਪਰ ਪ੍ਰਮਾਤਮਾ (ਕੁਦਰਤ) ਨੇ ਇਸ ਸਿਸਟਮ ਨੂੰ ਕਾਰਗਰ ਬਨਾਉਣ ਲਈ ਕਰੋੜਾਂ ਸ਼ੁਕਰਾਣੂ ਮੁਹੱਈਆ ਕਰਵਾ ਦਿੱਤੇ ਹਨ। ਇਸੇ ਤਰ੍ਹਾਂ ਹੀ ਦਰੱਖਤਾਂ ਨਾਲ ਵੀ ਕੁਦਰਤ ਨੇ ਕਈ ਹਜ਼ਾਰ ਬੀ ਇਕ ਦਰੱਖਤ ਨੂੰ ਲਾ ਛੱਡੇ ਹਨ ਤਾਂ ਕਿ ਜੇ ਉੱਗਣ ਵਿਚ ਕੋਈ ਵਿਘਨ ਵੀ ਪੈ ਜਾ ਜਾਵੇ ਤਾਂ ਕੋਈ ਨਾ ਕੋਈ ਬੀ ਤਾਂ ਉੱਗੇ। ਸਿੰਬਲ ਦਾ ਰੁੱਖ ਵੱਡਾ ਰੁੱਖ ਹੁੰਦਾ ਹੈ। ਜੇ ਉਸ ਦੇ ਸਾਰੇ ਬੀ ਉਸ ਦੇ ਥੱਲੇ ਹੀ ਡਿਗ ਪੈਣ ਤਾਂ ਉਹ ਉੱਗ ਤਾਂ ਪੈਣਗੇ ਪਰ ਵਧ ਫੁੱਲ ਨਹੀਂ ਸਕਦੇ ਕਿਉਂਕਿ ਪੌਦਿਆਂ ਨੂੰ ਵਧਣ ਲਈ ਕੜਕਦੀ ਧੁੱਪ, ਮੀਂਹ ਤੇ ਹਨੇਰੀਆਂ ਵਗੈਰਾ ਦੀ ਸਖਤ ਲੋੜ ਹੁੰਦੀ ਹੈ। ਕੁਦਰਤ ਨੇ ਬੀ ਨੂੰ ਦਰਖਤ ਨਾਲੋਂ ਦੂਰ ਲੈ ਜਾਣ ਲਈ ਬੀ ਨਾਲ ਕਪਾਹ ਜਹੀ ਵਰਗਾ ਰੂੰਅ ਵੀ ਲਾ ਦਿੱਤਾ ਹੈ ਤਾਂ ਕਿ ਬੀ ਉਡ ਕੇ ਦੂਰ ਚਲਾ ਜਾਵੇ। ਬਹੁਤੇ ਬੀ ਇਸ ਕਰਕੇ ਦਰੱਖਤ ਨਾਲ ਲਾਏ ਹਨ ਕਿ ਕੀ ਪਤਾ ਕੋਈ ਬੀ ਪਾਣੀ ਵਿਚ ਡਿਗ ਪਵੇ ਜਾਂ ਕੋਈ ਪਹਾੜ ਦੀ ਡੂੰਘੀ ਖੱਡ ਵਿਚ ਜਾ ਡਿੱਗੇ। ਕੁਝ ਬੀ ਤਾਂ ਠੀਕ ਟਿਕਾਣੇ 'ਤੇ ਡਿਗਣਗੇ ਹੀ ਨਾ। ਇਸੇ ਤਰ੍ਹਾਂ ਹੀ ਕੁਦਰਤ ਨੇ ਬੋਹੜ ਤੇ ਪਿੱਪਲ ਦੀ ਨਸਲ ਵਧਾਉਣ ਲਈ ਅਜੀਬ ਢੰਗ ਵਰਤਿਆ ਹੈ। ਕਈ ਪੰਛੀ ਇਨ੍ਹਾਂ ਸੰਘਣੇ ਤੇ ਵੱਡੇ ਰੁੱਖਾਂ 'ਤੇ ਆਪਣਾ ਬਸੇਰਾ ਬਣਾਉਂਦੇ ਹਨ ਤਾਂ ਇਹ ਪੰਛੀ ਉਹਨਾਂ ਦਰਖਤਾਂ ਦੇ ਫਲ ਖਾ ਲੈਂਦੇ ਹਨ। ਦੂਰ ਕਿਤੇ ਜਾ ਕੇ ਜਦੋਂ ਇਹ ਵਿੱਠ ਕਰਦੇ ਹਨ ਤਾਂ ਦਰੱਖਤ ਓਥੇ ਉੱਗ ਪੈਂਦਾ ਹੈ। ਆਮ ਤੌਰ 'ਤੇ ਪਿੱਪਲ ਤੇ ਬੋਹੜ ਦੇ ਬੂਟੇ ਇਮਾਰਤਾਂ ਵਿਚ ਉੱਗੇ ਮਿਲਦੇ ਹਨ। ਜੇ ਇਹ ਗੋਹਲਾਂ ਇਨ੍ਹਾਂ ਦਰੱਖਤਾਂ ਦੇ ਥੱਲੇ ਹੀ ਡਿਗ ਪੈਣ ਤੇ ਪੌਦੇ ਉੱਗ ਵੀ ਆਉਣ ਤਾਂ ਵੱਧ-ਫੁੱਲ ਨਹੀਂ ਸਕਣਗੇ। ਕਿਉਂਕਿ ਇਨ੍ਹਾਂ ਦਰੱਖਤਾਂ ਥੱਲੇ ਧੁੱਪ ਨਹੀਂ ਪੈਂਦੀ, ਜੋ ਕਿ ਪੌਦਿਆਂ ਦੇ ਵਧਣ ਲਈ ਬਹੁਤ ਜ਼ਰੂਰੀ ਹੈ। ਨਾਲੇ ਵੱਡੇ ਦਰੱਖਤ ਦੇ ਥੱਲੇ ਹੀ ਛੋਟੇ ਉੱਗ ਪੈਣ ਤਾਂ ਬੜਾ ਘੀਚ-ਮਚੋਲਾ ਜਿਹਾ ਪੈ ਜਾਵੇਗਾ ਜੋ ਕਿ ਕੁਦਰਤ ਦੇ ਅਸੂਲਾਂ ਮੁਤਾਬਕ ਕੁਦਰਤ ਨੂੰ ਮਨਜ਼ੂਰ ਨਹੀਂ। ਇਸੇ ਤਰ੍ਹਾਂ ਹੀ ਮਨੁੱਖ ਦੀ ਸੰਤਾਨ ਉਤਪਤੀ ਦੀ ਗੱਲ ਹੈ। ਕੁਦਰਤ ਨੇ ਇਕ ਨਿਯਮ ਦੇ ਤਹਿਤ ਇਹ ਸਭ ਕੁਝ ਕੀਤਾ ਹੋਇਆ ਹੈ। ਉਸ ਵਿਚ ਕਿਸੇ ਵੀ ਬੰਦੇ ਦਾ ਭਾਵੇਂ ਉਹ ਸੰਤ ਹੋਵੇ, ਔਲੀਆ ਹੋਵੇ ਜਾਂ ਕੋਈ ਵੀ (ਲੋਕਾਂ ਦੀਆਂ ਨਜ਼ਰਾਂ ਵਿਚ) ਜਾਹਰੇ ਤੋਂ ਜਾਹਰਾ ਮਨੁਖ ਹੋਵੇ ਕੁਦਰਤ ਦੇ ਨਿਯਮਾਂ ਨਾਲ ਛੇੜ-ਛਾੜ ਨਹੀਂ ਕਰ ਸਕਦਾ। ਬੱਚਾ ਜੰਮਣ ਦਾ ਤਰੀਕਾ ਸ਼ੁਰੂ ਤੋਂ ਲੈ ਕੇ ਬੱਚਾ ਜੰਮਣ ਤੱਕ ਕੁਦਰਤ ਦੇ ਨਿਯਮ ਅਨੁਸਾਰ ਹੁੰਦਾ ਹੈ। ਬੰਦੇ ਦੇ ਬੋਲਾਂ ਦਾ, ਅਸੀਸਾਂ ਦਾ ਜਾਂ ਬਦਦੁਆਵਾਂ ਦਾ ਜਾਂ ਪ੍ਰਵਚਨਾਂ ਦਾ ਉਸ ਸਾਰੀ ਪ੍ਰਕਿਰਿਆ ਵਿਚ ਕੋਈ ਸਥਾਨ ਨਹੀਂ ਹੁੰਦਾ।

ਮਨੁੱਖ ਦੀ ਜਿੰਦਗੀ ਤੇ ਮੌਤ ਪੂਰੀ ਤਰ੍ਹਾਂ ਪਰਮਾਤਮਾ ਦੇ ਹੱਥ ਵਿਚ ਹੈ। ਨਾ ਤਾਂ ਇਸ ਵਿਚ ਕੋਈ ਰੱਤੀ ਭਰ ਦਾ ਵਾਧਾ ਕਰ ਸਕਦਾ ਹੈ ਤੇ ਨਾ ਹੀ ਇਸ ਨੂੰ ਘਟਾ ਸਕਦਾ ਹੈ। ਇਕ ਮਸ਼ਹੂਰ ਸੂਫੀ ਫਕੀਰ ਬਾਬਾ ਵਜੀਦ ਨੇ ਕਿਹਾ ਹੈ-'ਪਰਮਾਤਮਾ ਦੀ ਮਰਜੀ ਕਰੇ ਨਾ ਤਾਂ ਕੋਈ ਉਸਨੂੰ ਸਲਾਹ ਦੇ ਸਕਦਾ ਹੈ ਤੇ ਨਾ ਹੀ ਉਸਦੇ ਕੀਤੇ ਕੰਮ ਵਿਚ ਕੋਈ ਨੁਕਸ ਹੀ ਕੱਢ ਸਕਦਾ ਹੈ। ਆਪਣੀ ਕਵਿਤਾ ਦੇ ਹਰ ਬੰਦ ਥੱਲੇ ਉਹ ਇਹ ਕਹਿੰਦੇ ਹਨ;

'ਵਜੀਦਾ ਕੌਣ ਸਾਹਿਬ ਨੂੰ ਆਖੇ ਇੰਝ ਨਹੀਂ ਇੰਝ ਕਰ।'

ਵਜੀਦ ਜੀ ਪਰਮਾਤਮਾ ਨੂੰ ਕਹਿੰਦੇ ਹਨ ਕਿ ਕਾਫਰਾਂ ਦੀ ਕਾਂਸ਼ੀ ਦਰਿਆ ਦੇ ਕੰਢੇ 'ਤੇ ਵਸਾ ਦਿੱਤੀ ਹੈ ਪਰ ਅੱਲ੍ਹਾ ਦਾ ਘਰ ਰੇਤ ਦੇ ਟਿੱਬਿਆਂ ਵਿਚ ਜਾ ਕੇ ਬਣਾਇਆ ਹੈ, ਜਿਥੇ ਪਾਣੀ ਦੀ ਬੂੰਦ ਵੀ ਨਹੀਂ ਮਿਲਦੀ।

ਵਜੀਦ ਜੀ ਕਹਿੰਦੇ ਹਨ;

*ਮੱਕਾ ਜਾ ਬਣਾਓਸੁ ਵਿਚ ਪਹਾੜੀਆਂ।*
*ਗਰਮੀ ਥੀਂ ਲੂੰਹਦੇ ਭੱਠ, ਸੁਕਦੀਆਂ ਝਾੜੀਆਂ।*
*ਕਾਂਸ਼ੀ ਪੀਠ ਵਹਾਓਸੁ ਗੰਗਾ ਨੀਰ ਧਰ।*
*ਵਜੀਦਾ ਕੌਣ ਸਾਹਿਬ ਨੂੰ ਆਖੇ, ਇੰਵ ਨਹੀਂ ਇੰਵ ਕਰ।*

ਏਸੇ ਤਰ੍ਹਾਂ ਹਜ਼ਰਤ ਮੁਹੰਮਦ ਸਾਹਿਬ ਦੇ ਪੁੱਤਰਾਂ ਦੀ ਮੌਤ ’ਤੇ ਉਹ ਕਹਿੰਦੇ ਹਨ;

*ਆਪ ਨਬੀ ਮਕਬੂਲ ਰਸੂਲ ਖ਼ੁਦਾ ਦਾ।*
*ਨਬੀਆਂ ਦਾ ਸਰਦਾਰ ਰਸੂਲ ਖ਼ੁਦਾ ਦਾ।*
*ਉਮਤ ਦੇ ਪੁੱਤ ਜੀਉਣ ਉਹਦੇ ਜਾਣ ਮਰ।*
*ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ।*

ਹਸਨ ਹੁਸੈਨ ਜਿਹੜੇ ਹਜ਼ਰਤ ਮੁਹੰਮਦ ਸਾਹਿਬ ਦੇ ਨਵਾਸੇ ਸਨ, ਉਹਨਾਂ ਦੀ ਮੌਤ ਬਾਰੇ ਉਹ ਕਹਿੰਦੇ ਹਨ;

*ਹਸਨ ਹੁਸੈਨ ਨੁਆਸੇ ਪਾਕ ਰਸੂਲ ਦੇ।*
*ਫਾਤਮਾ ਦੇ ਫਰਜੰਦ ਅਲੀ ਮਕਬੂਲ ਦੇ।*
*ਉਮਤੀਆਂ ਥੀ ਉਹ ਕਹਾਏ ਲੱਤ ਧਰ।*
*ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ।*

ਕੁਦਰਤ ਦੀ ਮਰਜ਼ੀ ’ਤੇ ਟਿੱਪਣੀ ਕਰਦੇ ਹੋਏ ਉਹ ਕਹਿੰਦੇ ਹਨ-

*ਇਕਨਾ ਦੇ ਘਰ ਪੁੱਤ ਪੁੱਤਾਂ ਘਰ ਪੋਤਰੇ।*
*ਇਕਨਾ ਦੇ ਘਰ ਧੀਆਂ ਧੀਆਂ ਘਰ ਦੋਹਤਰੇ।*
*ਇਕਨਾ ਦੇ ਘਰ ਇਕ ਤੇ ਉਹ ਵੀ ਜਾਵੇ ਮਰ।*
*ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ।*

ਅਖੀਰ ’ਤੇ ਵਜੀਦ ਜੀ ਕਹਿੰਦੇ ਹਨ ਕਿ ਪਰਮਾਤਮਾ ਦਾ ਨਾਂਅ ਹੀ ਸਭ ਕੁਝ ਹੈ, ਕੋਈ ਵੀ ਬੰਦਾ, ਭਾਂਵੇਂ ਉਹ ਸਾਧ ਹੋਵੇ, ਸੰਤ ਹੋਵੇ, ਪੈਗੰਬਰ ਹੋਵੇ ਜਾਂ ਕੋਈ ਹੋਰ ਪਹੁੰਚਿਆ ਹੋਇਆ ਹੋਵੇ, ਉਹ ਆਪਣਾ ਵੀ ਕੁਝ ਨਹੀਂ ਸਵਾਰ ਸਕਦਾ, ਹੋਰ ਕਿਸੇ ਦਾ ਉਸਨੇ ਕੀ ਕਰਨਾ ਹੈ। ਪਰ ਮੂਰਖ ਲੋਕ ਛੋਟੇ-ਛੋਟੇ ਜੀਵਨ ਦੇ ਸੁੱਖ ਵੀ ਸਾਧਾਂ-ਸੰਤਾਂ ਕੋਲੋਂ ਲੱਭਦੇ ਫਿਰਦੇ ਹਨ। ਜੇ ਹਜ਼ਰਤ ਮੁਹੰਮਦ ਸਾਹਿਬ ਜਿਨ੍ਹਾਂ ਦੇ ਪੈਰੋਕਾਰਾਂ ਦੀ ਗਿਣਤੀ ਦੁਨੀਆਂ ਵਿਚ ਇਸਾਈਆਂ ਤੋਂ ਦੂਜੇ ਨੰਬਰ ’ਤੇ ਆਉਂਦੀ ਹੈ, ਅੱਲਾ (ਪ੍ਰਮਾਤਮਾ) ਦੇ ਕੰਮਾਂ ਵਿਚ ਕੋਈ ਦਖਲ ਅੰਦਾਜੀ ਨਹੀਂ ਕਰ ਸਕੇ ਤਾਂ ਇਹ ਡੇਰਿਆਂ ਦੇ ਮਾਮੂਲੀ ਸਾਧ ਪ੍ਰਮਾਤਮਾ ਅੱਗੇ ਕੀ ਸ਼ੈਅ ਹਨ।

*ਨਾ ਕਰ ਖੁਦੀ ਗੁਮਾਨ ਜੁਆਨ ਮਰ ਜਾਏਂਗਾ।*
*ਧੰਨ ਜੋਬਨ ਥਿਰ ਨਾਹੀ ਅੰਤ ਪਛਤਾਏਂਗਾ।*
*ਜੈਸੀ ਕੱਚ ਕੀ ਚੂੜੀ ਤੈਸੀ ਦੇਹ ਹੈ।*
*ਵਜੀਦਾ ਥਿਰ ਸਾਹਿਬ ਕਾ ਨਾਮ ਹੋਰ ਸਭ ਖੇਹ ਹੈ।*

ਕਈ ਲੋਕ ਸਿਰਫ ਬਹਿਸ ਕਰਨ ਕਰਕੇ ਹੀ ਕਹਿੰਦੇ ਹਨ ਕਿ ਡਾਕਟਰ ਕਿਵੇਂ ਮੁਦਾਖਲਤ ਕਰ ਦਿੰਦੇ ਹਨ। ਡਾਕਟਰ ਕਿਸੇ ਤਰ੍ਹਾਂ ਦੀ ਵੀ ਕੋਈ ਮੁਦਾਖਲਤ ਨਹੀਂ ਕਰਦਾ। ਸਿਰਫ ਟੈਸਟ ਕਰਕੇ ਦੱਸ ਦੇਂਦਾ ਹੈ ਕਿ ਇਸ ਕੁਦਰਤੀ ਸਿਸਟਮ ਵਿਚ ਕਿਥੇ ਕੀ ਖਰਾਬੀ ਹੈ।

ਚੀਰ ਕੇ ਤੇ ਨਹੀਂ ਆਉਂਦਾ ? ਉਸਦੇ ਪਤੀ ਨੂੰ ਵੀ ਇਹ ਹੀ ਸਵਾਲ ਪੁੱਛਿਆ ਜਾਂਦਾ ਹੈ, ਕਿਉਂਕਿ ਹਿਕਮਤ ਅਨੁਸਾਰ ਵੀ ਜੇ ਪਿਸ਼ਾਬ ਚੀਰ ਕੇ ਆਉਂਦਾ ਹੋਵੇ ਤਾਂ ਸਪਰਮ ਜੀਂਦੇ ਨਹੀਂ ਬਚਦੇ ਤੇ ਇਸ ਕਾਰਨ ਬੱਚਾ ਪੈਦਾ ਨਹੀਂ ਹੋ ਸਕਦਾ।

ਪਰ ਦੂਜੇ ਪਾਸੇ ਠੰਡੇ ਦੇਸ਼ਾਂ ਵਿਚ ਜਿਥੇ ਬਰਫ ਪੈਂਦੀ ਹੈ ਤੇ ਅੱਤ ਦੀ ਸਰਦੀ ਹੁੰਦੀ ਹੈ ਜੇ ਕੋਈ ਵਿਅਕਤੀ ਠੰਡ ਦੀ ਚਪੇਟ ਵਿਚ ਆ ਜਾਵੇ ਤਾਂ ਉਹ ਮਰ ਵੀ ਸਕਦਾ ਹੈ। ਉਸਨੂੰ ਹਾਈਪੋਥਰਮੀਆਂ (ਠੰਡ ਨਾਲ ਖ਼ੂਨ ਜੰਮਣਾ) ਨਾਂ ਦੀ ਬਿਮਾਰੀ ਹੋ ਜਾਂਦੀ ਹੈ। ਜਿਸ ਨਾਲ ਸਰੀਰ ਦੀਆਂ ਨਾੜੀਆਂ ਵਿਚ ਚਲ ਰਹੇ ਲਹੂ ਦੇ ਗਤੱਲੇ (Clots) ਜਹੇ ਬਣ ਜਾਂਦੇ ਹਨ ਤੇ ਜਦੋਂ ਕੋਈ ਖ਼ੂਨ ਦਾ ਗਤੱਲਾ ਦਿਲ ਤੋਂ ਅੱਗੇ ਨਹੀਂ ਜਾਂਦਾ ਤਾਂ ਦਿਲ ਬੰਦ ਵੀ ਹੋ ਸਕਦਾ ਹੈ। ਕਿਉਂਕਿ ਦਿਲ ਵੀ ਇਕ ਐਸਾ ਪੰਪ ਹੈ ਜੋ ਚੌਵੀ ਘੰਟਿਆਂ ਵਿਚ ਇਕ ਪੂਰੇ ਰੇਲ ਦੇ ਡੱਬੇ ਜਿੰਨਾ ਖ਼ੂਨ ਪੰਪ ਕਰਦਾ ਹੈ। ਦਿਲ ਇਕ ਦਿਨ ਵਿਚ 18000 ਲੀਟਰ ਖ਼ੂਨ ਪੰਪ ਕਰਦਾ ਹੈ ਤੇ ਇਕ ਘੰਟੇ ਵਿਚ 750 ਲਿਟਰ ਤੇ ਜਦੋਂ ਬੰਦਾ ਸੁੱਤਾ ਵੀ ਹੋਵੇ ਓਦੋਂ ਵੀ ਆਪਣੀ ਸਪੀਡ ਘੱਟ ਨਹੀਂ ਕਰਦਾ।

ਹੁਣ ਕਿਤੇ ਤਾਂ ਸ਼ਰਾਬ ਪੀਣ ਕਰਕੇ ਡਖ਼ੂਤਰੇ ਵਰਗੀ ਖ਼ਤਰਨਾਕ ਬਿਮਾਰੀ ਹੋ ਜਾਂਦੀ ਹੈ ਤੇ ਕਿਤੇ ਨਾ ਪੀਣ ਕਰਕੇ ਹਾਈਪੋਥਰਮੀਆਂ ਹੋ ਜਾਂਦਾ ਹੈ। ਦੋਹਾਂ ਵਿਚੋਂ ਠੀਕ ਕਿਹੜੀ ਗੱਲ ਹੋਈ ? ਪਰ ਹੁਣ ਜਦੋਂ ਕਿ ਅਰਬ ਦੇਸ਼ਾਂ ਵਿਚ ਹਰ ਝੁੱਗੀਨੁਮਾ ਕੋਠੜੀ ਵਿਚ ਵੀ ਏ. ਸੀ. ਲੱਗ ਚੁੱਕੇ ਹਨ ਤੇ ਪਾਣੀ ਦੀ ਵੀ ਕੋਈ ਕਮੀ ਨਹੀਂ ਤਾਂ ਓਹੋ ਹੀ ਅਰਬੀ ਲੋਕ, ਜਿਨ੍ਹਾਂ ਦੇ ਧਰਮ ਵਿਚ ਸ਼ਰਾਬ ਹਰਾਮ ਹੈ, ਅਜ ਕਲ ਖੁੱਲ੍ਹੇਆਮ ਰੱਜ ਕੇ ਸ਼ਰਾਬ ਪੀਂਦੇ ਹਨ ਕਿਉਂਕਿ ਹੁਣ ਉਨ੍ਹਾਂ ਨੂੰ ਡਖ਼ੂਤਰੇ ਵਰਗੀ ਕੋਈ ਬਿਮਾਰੀ ਨਹੀਂ ਲੱਗ ਸਕਦੀ।

ਲੁਕਮਾਨ, ਜੋ ਇਕ ਪਹੁੰਚਿਆ ਹੋਇਆ ਹਕੀਮ ਹੋਇਆ ਹੈ ਨੇ ਸ਼ਰਾਬ ਪੀਣ ਦੇ ਇਕ ਸੌ ਇਕ ਫ਼ਾਇਦੇ ਲਿਖੇ ਹਨ ਪਰ ਨਾਲ ਹੀ ਉਸਨੇ ਇਕ ਨੋਟ ਲਿਖ ਦਿੱਤਾ ਕਿ ਇਹ ਬੜੀ ਭਰਿਸ਼ਟ ਵਸਤੂ ਹੈ ਤੇ ਇਸਨੂੰ ਹੱਥ ਲਾਉਣਾ ਵੀ ਗੁਨਾਹ ਹੈ। ਇਸ ਦਾ ਮਤਲਬ ਵੀ ਇਹ ਹੀ ਬਣਦਾ ਹੈ ਕਿ ਕੋਈ ਚੀਜ਼ ਠੀਕ ਨਹੀਂ ਕੋਈ ਗਲਤ ਨਹੀਂ। ਜਿਹੜੀ ਸ਼ਰਾਬ ਨੂੰ ਪੀਣ ਨਾਲ ਇਕ ਸੌ ਇਕ ਫਾਇਦਾ ਹੁੰਦਾ ਹੈ, ਓਸੇ ਨੂੰ ਹੀ ਪੀ ਕੇ ਜੇ ਕੋਈ ਵਿਅਕਤੀ ਕਿਸੇ ਦੀ ਧੀ ਭੈਣ ਨੂੰ ਛੇੜ ਦੇਵੇ ਤਾਂ ਉਸਨੂੰ ਚੰਗਾ ਭਲਾ ਇੱਜ਼ਤਦਾਰ ਸ਼ਹਿਰੀ ਹੋਣ 'ਤੇ ਵੀ ਜੁੱਤੀਆਂ ਪੈ ਸਕਦੀਆਂ ਹਨ। ਸਿੱਖ ਸਾਧ ਸੰਤ ਤੇ ਹੋਰ ਲੋਕ ਸ਼ਰਾਬ ਦੀ ਗੱਲ ਇਸ ਤਰ੍ਹਾਂ ਕਰਦੇ ਹਨ, ਜਿਵੇਂ ਇਹ ਕੋਈ ਕੀਟਨਾਸ਼ਕ ਦਵਾ ਹੋਵੇ ਤੇ ਇਹ ਪੀਣ ਨਾਲ ਸਿੱਖ ਮਰ ਈ ਜਾਣਗੇ। ਪਰ ਪੰਜਾਬ ਵਿਚ ਸਭ ਤੋਂ ਵੱਧ ਸ਼ਰਾਬ ਸਿੱਖ ਹੀ ਪੀਂਦੇ ਹਨ। ਸਾਰੇ ਭਾਰਤ ਦੇ ਸੂਬਿਆਂ ਨਾਲੋਂ ਪੰਜਾਬ ਵਿਚ ਸਭ ਤੋਂ ਵਧ ਸ਼ਰਾਬ ਪੀਤੀ ਜਾਂਦੀ ਹੈ। ਏਥੇ ਤਾਂ ਸਿੱਖ ਸ਼ਰਾਬ ਦੇ ਠੇਕੇ ਵਲ ਜਾਣ ਲਗਿਆਂ ਉਰਿਓ ਹੀ ਜੇਬ ਵਿਚੋਂ ਪੈਸੇ ਕੱਢਦੇ ਕੱਢਦੇ ਠੇਕੇ ਵਲ ਜਾਂਦੇ ਹਨ ਤਾਂ ਕਿ ਸ਼ਰਾਬ ਖਰੀਦਣ ਵਿਚ ਭੋਰਾ ਦੇਰ ਨਾਂ ਲਗ ਜਾਵੇ।

ਭਾਈ ਦੇਸਾ ਸਿੰਘ ਤੇ ਭਾਈ ਚੌਪਾ ਸਿੰਘ ਦੇ ਰਹਿਤਨਾਮੇ ਵਿਚ ਸਪਸ਼ਟ ਲਿਖਿਆ ਹੋਇਆ ਹੈ ਕਿ 'ਰਣ ਮੇਂ ਚਲੋ ਤਾ ਮਦਰਾ ਪੀਵਹੁ ਅਵਰ ਦਿਵਸ ਕਹੀ ਨਾਮ ਨਾ ਲੇਵ੍ਹੁ'। ਕਾਰਨ ਬੜਾ ਸਿੱਧਾ ਹੈ। ਲੜਾਈ ਦੇ ਢਾਈ ਫੱਟ ਹੁੰਦੇ ਹਨ ਤੇ ਸ਼ਰਾਬ ਪੀ ਕੇ ਬੰਦੇ ਨੂੰ ਕੁਝ ਚਿਰ ਲਈ ਮੌਤ ਦਾ ਡਰ ਭੁੱਲ ਜਾਂਦਾ ਹੈ ਜਾਂ ਘੱਟ ਹੋ ਜਾਂਦਾ ਹੈ, ਇਸ ਲਈ ਉਹ ਦਲੇਰ ਹੋ ਕੇ ਲੜਦਾ ਹੈ ਤੇ ਜਿੱਤ ਵੀ ਸਕਦਾ ਹੈ ਪਰ ਜੇ ਉਹ ਹੀ ਬੰਦਾ ਹਰ ਰੋਜ਼ ਸ਼ਰਾਬ ਪੀਣ ਦਾ ਆਦੀ

# ☐ ਕੀ ਠੀਕ ਕੀ ਗਲਤ

ਪੰਜਾਬੀ ਦੀ ਇਕ ਕਹਾਵਤ ਹੈ 'ਕਿਸੇ ਨੂੰ ਮਾਂਹ ਬਾਦੀ, ਕਿਸੇ ਨੂੰ ਮਾਂਹ ਮੁਆਫਕ।' ਖਾਣ ਪੀਣ ਤੇ ਪਹਿਨਣ ਦੀਆਂ ਗੱਲਾਂ ਦਾ ਸੰਬੰਧ ਇਲਾਕਾਈ ਹੁੰਦਾ ਹੈ, ਧਾਰਮਕ ਨਹੀਂ। ਹਜ਼ਰਤ ਮੁਹੰਮਦ ਸਾਹਿਬ ਨੇ ਗਰਮ ਇਲਾਕੇ ਦੇ ਰਹਿਣ ਵਾਲੇ ਹੋਣ ਕਰਕੇ ਸ਼ਰਾਬ ਪੀਣੀ ਮਨ੍ਹਾ ਕਰ ਦਿੱਤੀ ਸੀ। ਸਾਰੇ ਅਰਬ ਤੇ ਹੋਰ ਇਲਾਕੇ ਵਿਚ 46 ਡਿਗਰੀ ਤੋਂ 48 ਡਿਗਰੀ ਤੇ ਕਈ ਵਾਰ 50 ਡਿਗਰੀ ਸੈਲਸੀਅਸ ਤਕ ਵੀ ਗਰਮੀ ਪੈਂਦੀ ਹੈ। ਖਜੂਰਾਂ ਖਾਣੀਆਂ ਤੇ ਪਾਣੀ ਪੀਣਾ ਜਾਂ ਊਠ ਦਾ ਮਾਸ ਖਾਣਾ ਓਥੋਂ ਦੇ ਲੋਕਾਂ ਦੀ ਮੁੱਖ ਖੁਰਾਕ ਸੀ। ਇਲਾਕਾ ਰੇਤਲਾ ਮਾਰੂਥਲ ਹੋਣ ਦੇ ਨਾਲ ਨਾਲ ਹਰਿਆਵਲ ਦੀ ਘਾਟ ਤੇ ਬਾਰਸ਼ ਦੇ ਨਾ ਪੈਣ ਕਰਕੇ ਰੇਤ ਦੇ ਟਿੱਬਿਆਂ 'ਤੇ ਤੱਤੀ ਹਵਾ ਤੇ ਤਾਅ ਦੀਆਂ ਹਰਨੀਆਂ ਭੱਜਦੀਆਂ ਦਿਸਦੀਆਂ ਹਨ। ਜਿਹੜੇ ਅਰਬ ਦੇਸ਼ਾਂ ਦੇ ਲੋਕ ਸਮੁੰਦਰਾਂ ਦੇ ਕੰਢਿਆਂ ਲਾਗੇ ਰਹਿੰਦੇ ਸਨ ਉਹ ਮੱਛੀ 'ਤੇ ਗੁਜ਼ਾਰਾ ਕਰਦੇ ਸਨ। ਗਰਮੀ ਦੀ ਵਜ੍ਹਾ ਕਰਕੇ ਹੀ ਅਰਬੀ ਲੋਕ ਸਿਰ ਤੋਂ ਲੈ ਕੇ ਪੈਰਾਂ ਤਕ ਇਕ ਖੁੱਲ੍ਹਾ ਚੋਲੇ ਵਰਗਾ ਕੱਪੜਾ ਪਾਉਂਦੇ ਹਨ। ਗਰਮ ਹਵਾ ਵਿਚ ਕਿਤੇ ਸਿਰ 'ਤੇ ਪਾਇਆ ਹੋਇਆ ਕੱਪੜਾ ਉੱਡ ਨਾਂ ਜਾਵੇ, ਇਸ ਲਈ ਸਿਰ 'ਤੇ ਗੋਲ ਰੱਸਾ ਜਿਹਾ ਬੰਨ੍ਹ ਲੈਂਦੇ ਹਨ, ਜਿਸ ਨੂੰ ਗਤਰਾ ਤੇ ਕੰਦੂਰਾ ਕਹਿੰਦੇ ਹਨ। ਅਰਬੀ ਲੋਕ ਪੈਰਾਂ ਵਿਚ ਚੱਪਲਾਂ ਜਹੀਆਂ ਵਰਗੀ ਜੁਤੀ ਪਾਉਂਦੇ ਹਨ ਤਾਂ ਕਿ ਰੇਤ ਵਿਚ ਤੁਰਨ ਵੇਲੇ ਜੇ ਜੁੱਤੀ ਵਿਚ ਰੇਤ ਭਰ ਜਾਵੇ ਤਾਂ ਪੈਰ ਉਤਾਂਹ ਨੂੰ ਕਰਕੇ ਝਾੜੀ ਜਾ ਸਕੇ, ਆਮ ਤੌਰ 'ਤੇ ਅਰਬ ਦੇਸ਼ਾਂ ਦੀ ਤਰੱਕੀ ਤੋਂ ਪਹਿਲਾਂ ਅਰਥਾਤ 1971 ਤੋਂ ਪਹਿਲਾਂ, ਜਦੋਂ ਅਰਬ ਮੁਲਕ ਅੰਗਰੇਜ਼ਾਂ ਹੱਥੋਂ ਆਜ਼ਾਦ ਹੋਏ, ਓਦੋਂ ਤੱਕ ਅਰਬੀਆਂ ਵਿਚ ਡਖੂੱਤਰੇ ਦੀ ਬਿਮਾਰੀ ਬੜੀ ਆਮ ਸੀ। ਇਹ ਬਿਮਾਰੀ ਹਮੇਸ਼ਾ ਗਰਮੀਆਂ ਦੇ ਦਿਨਾਂ ਵਿਚ ਪਾਣੀ ਦੀ ਘਾਟ ਕਾਰਨ ਹੁੰਦੀ ਹੈ। ਬੰਦੇ ਨੂੰ ਥੋੜ੍ਹਾ ਥੋੜ੍ਹਾ ਪਿਸ਼ਾਬ ਆਉਂਦਾ ਹੈ ਤੇ ਪਿਸ਼ਾਬ ਕਰਨ ਤੋਂ ਬਾਅਦ ਵੀ ਬੜੀ ਤਿੱਖੀ ਜਹੀ ਜਲਨ ਹੁੰਦੀ ਰਹਿੰਦੀ ਹੈ। ਉਸ ਜਲਨ ਨਾਲ ਹੀ ਦੁਬਾਰਾ ਪੇਸ਼ਾਬ ਕਰਨ ਦੀ ਹਾਜਤ ਹੁੰਦੀ ਹੈ ਪਰ ਪੇਸ਼ਾਬ ਆਉਂਦਾ ਨਹੀਂ। ਪੰਜਾਬ ਵਿਚ ਤੱਤੇ ਖਰਬੂਜੇ ਆਦਿ ਖਾਣ ਤੇ ਘੱਟ ਪਾਣੀ ਪੀਣ ਨਾਲ ਇਹ ਬਿਮਾਰੀ ਹੋ ਜਾਂਦੀ ਹੈ। ਪੰਜਾਬੀ ਵਿਚ ਕਹਾਵਤ ਮਸ਼ਹੂਰ ਹੈ 'ਤੱਤਾ ਖਾਵੇ ਤੇ ਮਰੇ ਡਖੂਤਰੇ'। ਚੌਦਾਂ ਸੌ ਸਾਲ ਤੋਂ ਜਦੋਂ ਦੇ ਹਜ਼ਰਤ ਮੁਹੰਮਦ ਸਾਹਿਬ ਹੋਏ ਹਨ ਤੇ ਮੁਸਲਮਾਨ ਧਰਮ ਹੋਂਦ ਵਿਚ ਆਇਆ ਹੈ, ਅਰਬਾਂ ਦਾ ਏਹੋ ਹੀ ਹਾਲ ਰਿਹਾ ਹੈ।

ਬਿਨਾਂ ਸ਼ਰਾਬ ਪੀਣ ਤੋਂ ਹੀ ਅਰਬੀ ਲੋਕ ਇਸ ਬਿਮਾਰੀ ਨਾਲ ਪੀੜਤ ਸਨ। ਜੇ ਹਜ਼ਰਤ ਮੁਹੰਮਦ ਸਾਹਿਬ ਸ਼ਰਾਬ ਦੀ ਵੀ ਖੁੱਲ੍ਹ ਕਰ ਦੇਂਦੇ ਤਾਂ ਸ਼ਾਇਦ ਕੋਈ ਵੀ ਅਰਬੀ ਇਸ ਬਿਮਾਰੀ ਤੋਂ ਬਚਿਆ ਨਹੀਂ ਰਹਿ ਸਕਦਾ ਸੀ। ਸ਼ਾਇਦ ਅਰਬੀਆਂ ਦੀ ਨਸਲਕੁਸ਼ੀ ਵੀ ਹੋ ਜਾਂਦੀ। ਕਿਉਂਕਿ ਜੇ ਕਿਸੇ ਬੀਬੀ ਨੂੰ ਬੱਚਾ ਨਾ ਹੁੰਦਾ ਹੋਵੇ ਤਾਂ ਡਾਕਟਰ ਪੁੱਛਦੇ ਹਨ ਪੇਸ਼ਾਬ

ਚੀਰ ਕੇ ਤੇ ਨਹੀਂ ਆਉਂਦਾ ? ਉਸਦੇ ਪਤੀ ਨੂੰ ਵੀ ਇਹ ਹੀ ਸਵਾਲ ਪੁੱਛਿਆ ਜਾਂਦਾ ਹੈ, ਕਿਉਂਕਿ ਹਿਕਮਤ ਅਨੁਸਾਰ ਵੀ ਜੇ ਪਿਸ਼ਾਬ ਚੀਰ ਕੇ ਆਉਂਦਾ ਹੋਵੇ ਤਾਂ ਸਪਰਮ ਜੀਂਦੇ ਨਹੀਂ ਬਚਦੇ ਤੇ ਇਸ ਕਾਰਨ ਬੱਚਾ ਪੈਦਾ ਨਹੀਂ ਹੋ ਸਕਦਾ।

ਪਰ ਦੂਜੇ ਪਾਸੇ ਠੰਡੇ ਦੇਸ਼ਾਂ ਵਿਚ ਜਿੱਥੇ ਬਰਫ ਪੈਂਦੀ ਹੈ ਤੇ ਅੱਤ ਦੀ ਸਰਦੀ ਹੁੰਦੀ ਹੈ ਜੇ ਕੋਈ ਵਿਅਕਤੀ ਠੰਡ ਦੀ ਚਪੇਟ ਵਿਚ ਆ ਜਾਵੇ ਤਾਂ ਉਹ ਮਰ ਵੀ ਸਕਦਾ ਹੈ। ਉਸਨੂੰ ਹਾਈਪੋਥਰਮੀਆਂ (ਠੰਡ ਨਾਲ ਖ਼ੂਨ ਜੰਮਣਾ) ਨਾਂ ਦੀ ਬਿਮਾਰੀ ਹੋ ਜਾਂਦੀ ਹੈ। ਜਿਸ ਨਾਲ ਸਰੀਰ ਦੀਆਂ ਨਾੜੀਆਂ ਵਿਚ ਚਲ ਰਹੇ ਲਹੂ ਦੇ ਗਤੱਲੇ (Clots) ਜਹੇ ਬਣ ਜਾਂਦੇ ਹਨ ਤੇ ਜਦੋਂ ਕੋਈ ਖ਼ੂਨ ਦਾ ਗਤੱਲਾ ਦਿਲ ਤੋਂ ਅੱਗੇ ਨਹੀਂ ਜਾਂਦਾ ਤਾਂ ਦਿਲ ਬੰਦ ਵੀ ਹੋ ਸਕਦਾ ਹੈ। ਕਿਉਂਕਿ ਦਿਲ ਵੀ ਇਕ ਐਸਾ ਪੰਪ ਹੈ ਜੋ ਚੌਵੀ ਘੰਟਿਆਂ ਵਿਚ ਇਕ ਪੂਰੇ ਰੇਲ ਦੇ ਡੱਬੇ ਜਿਨਾ ਖ਼ੂਨ ਪੰਪ ਕਰਦਾ ਹੈ। ਦਿਲ ਇਕ ਦਿਨ ਵਿਚ 18000 ਲੀਟਰ ਖ਼ੂਨ ਪੰਪ ਕਰਦਾ ਹੈ ਤੇ ਇਕ ਘੰਟੇ ਵਿਚ 750 ਲਿਟਰ ਤੇ ਜਦੋਂ ਬੰਦਾ ਸੁੱਤਾ ਵੀ ਹੋਵੇ ਓਦੋਂ ਵੀ ਆਪਣੀ ਸਪੀਡ ਘੱਟ ਨਹੀਂ ਕਰਦਾ।

ਹੁਣ ਕਿਤੇ ਤਾਂ ਸ਼ਰਾਬ ਪੀਣ ਕਰਕੇ ਡਖੂਤਰੇ ਵਰਗੀ ਖ਼ਤਰਨਾਕ ਬਿਮਾਰੀ ਹੋ ਜਾਂਦੀ ਹੈ ਤੇ ਕਿਤੇ ਨਾ ਪੀਣ ਕਰਕੇ ਹਾਈਪੋਥਰਮੀਆਂ ਹੋ ਜਾਂਦਾ ਹੈ। ਦੋਹਾਂ ਵਿਚੋਂ ਠੀਕ ਕਿਹੜੀ ਗੱਲ ਹੋਈ ? ਪਰ ਹੁਣ ਜਦੋਂ ਕਿ ਅਰਬ ਦੇਸ਼ਾਂ ਵਿਚ ਹਰ ਝੁੱਗੀਨੁਮਾ ਕੋਠੜੀ ਵਿਚ ਵੀ ਏ. ਸੀ. ਲੱਗ ਚੁੱਕੇ ਹਨ ਤੇ ਪਾਣੀ ਦੀ ਵੀ ਕੋਈ ਕਮੀ ਨਹੀਂ ਤਾਂ ਓਹੋ ਹੀ ਅਰਬੀ ਲੋਕ, ਜਿਨ੍ਹਾਂ ਦੇ ਧਰਮ ਵਿਚ ਸ਼ਰਾਬ ਹਰਾਮ ਹੈ, ਅਜ ਕਲ ਖੁੱਲ੍ਹੇਆਮ ਰੱਜ ਕੇ ਸ਼ਰਾਬ ਪੀਂਦੇ ਹਨ ਕਿਉਂਕਿ ਹੁਣ ਉਨ੍ਹਾਂ ਨੂੰ ਡਖੂਤਰੇ ਵਰਗੀ ਕੋਈ ਬਿਮਾਰੀ ਨਹੀਂ ਲੱਗ ਸਕਦੀ।

ਲੁਕਮਾਨ, ਜੋ ਇਕ ਪਹੁੰਚਿਆ ਹੋਇਆ ਹਕੀਮ ਹੋਇਆ ਹੈ ਨੇ ਸ਼ਰਾਬ ਪੀਣ ਦੇ ਇਕ ਸੌ ਇਕ ਫ਼ਾਇਦੇ ਲਿਖੇ ਹਨ ਪਰ ਨਾਲ ਹੀ ਉਸਨੇ ਵਿਚ ਨੋਟ ਲਿਖ ਦਿੱਤਾ ਕਿ ਇਹ ਬੜੀ ਭਰਿਸ਼ਟ ਵਸਤੂ ਹੈ ਤੇ ਇਸਨੂੰ ਹੱਥ ਲਾਉਣਾ ਵੀ ਗੁਨਾਹ ਹੈ। ਇਸ ਦਾ ਮਤਲਬ ਵੀ ਇਹ ਹੀ ਬਣਦਾ ਹੈ ਕਿ ਕੋਈ ਚੀਜ਼ ਠੀਕ ਨਹੀਂ ਕੋਈ ਗਲਤ ਨਹੀਂ। ਜਿਹੜੀ ਸ਼ਰਾਬ ਨੂੰ ਪੀਣ ਨਾਲ ਇਕ ਸੌ ਇਕ ਫਾਇਦਾ ਹੁੰਦਾ ਹੈ, ਓਸੇ ਨੂੰ ਹੀ ਪੀ ਕੇ ਜੇ ਕੋਈ ਵਿਅਕਤੀ ਕਿਸੇ ਦੀ ਧੀ ਭੈਣ ਨੂੰ ਛੇੜ ਦੇਵੇ ਤਾਂ ਉਸਨੂੰ ਚੰਗਾ ਭਲਾ ਇੱਜ਼ਤਦਾਰ ਸ਼ਹਿਰੀ ਹੋਣ 'ਤੇ ਵੀ ਜੁੱਤੀਆਂ ਪੈ ਸਕਦੀਆਂ ਹਨ। ਸਿੱਖ ਸਾਧ ਸੰਤ ਤੇ ਹੋਰ ਲੋਕ ਸ਼ਰਾਬ ਦੀ ਗੱਲ ਇਸ ਤਰ੍ਹਾਂ ਕਰਦੇ ਹਨ, ਜਿਵੇਂ ਇਹ ਕੋਈ ਕੀਟਨਾਸ਼ਕ ਦਵਾ ਹੋਵੇ ਤੇ ਇਹ ਪੀਣ ਨਾਲ ਸਿੱਖ ਮਰ ਈ ਜਾਣਗੇ। ਪਰ ਪੰਜਾਬ ਵਿਚ ਸਭ ਤੋਂ ਵੱਧ ਸ਼ਰਾਬ ਸਿੱਖ ਹੀ ਪੀਂਦੇ ਹਨ। ਸਾਰੇ ਭਾਰਤ ਦੇ ਸੂਬਿਆਂ ਨਾਲੋਂ ਪੰਜਾਬ ਵਿਚ ਸਭ ਤੋਂ ਵਧ ਸ਼ਰਾਬ ਪੀਤੀ ਜਾਂਦੀ ਹੈ। ਏਥੇ ਤਾਂ ਸਿੱਖ ਸ਼ਰਾਬ ਦੇ ਠੇਕੇ ਵਲ ਜਾਣ ਲਗਿਆਂ ਉਰਿਓਂ ਹੀ ਜੇਬ ਵਿਚੋਂ ਪੈਸੇ ਕੱਢਦੇ ਕੱਢਦੇ ਠੇਕੇ ਵਲ ਜਾਂਦੇ ਹਨ ਤਾਂ ਕਿ ਸ਼ਰਾਬ ਖਰੀਦਣ ਵਿਚ ਭੋਰਾ ਦੇਰ ਨਾਂ ਲਗ ਜਾਵੇ।

ਭਾਈ ਦੇਸਾ ਸਿੰਘ ਤੇ ਭਾਈ ਚੋਪਾ ਸਿੰਘ ਦੇ ਰਹਿਤਨਾਮੇ ਵਿਚ ਸਪਸ਼ਟ ਲਿਖਿਆ ਹੋਇਆ ਹੈ ਕਿ 'ਰਣ ਮੇਂ ਚਲੋ ਤਾ ਮਦਰਾ ਪੀਵਹੁ ਅਵਰ ਦਿਵਸ ਕਹੀ ਨਾਮ ਨਾ ਲੇਵਹੁ'। ਕਾਰਨ ਬੜਾ ਸਿੱਧਾ ਹੈ। ਲੜਾਈ ਦੇ ਢਾਈ ਫੱਟ ਹੁੰਦੇ ਹਨ ਤੇ ਸ਼ਰਾਬ ਪੀ ਕੇ ਬੰਦੇ ਨੂੰ ਕੁਝ ਚਿਰ ਲਈ ਮੌਤ ਦਾ ਡਰ ਭੁੱਲ ਜਾਂਦਾ ਹੈ ਜਾਂ ਘੱਟ ਹੋ ਜਾਂਦਾ ਹੈ, ਇਸ ਲਈ ਉਹ ਦਲੇਰ ਹੋ ਕੇ ਲੜਦਾ ਹੈ ਤੇ ਜਿੱਤ ਵੀ ਸਕਦਾ ਹੈ ਪਰ ਜੇ ਉਹ ਹੀ ਬੰਦਾ ਹਰ ਰੋਜ਼ ਸ਼ਰਾਬ ਪੀਣ ਦਾ ਆਦੀ

ਹੋ ਜਾਵੇ ਤਾਂ ਫਿਰ ਸ਼ਰਾਬ ਉਸ ਬਹਾਦਰ ਵਿਅਕਤੀ 'ਤੇ ਸਵਾਰ ਹੋ ਜਾਂਦੀ ਹੈ ਤੇ ਉਹ ਬੰਦਾ ਵੀ ਅੱਤ ਦਾ ਡਰਪੋਕ ਹੋ ਜਾਂਦਾ ਹੈ ਤੇ ਗਰੀਬਾਂ ਤੇ ਨਿਤਾਣਿਆਂ 'ਤੇ ਵੀ ਜ਼ੁਲਮ ਕਰਨ ਲੱਗ ਪੈਂਦਾ ਹੈ। ਹਰ ਦੇਸ਼, ਏਥੋਂ ਤਕ ਕਿ ਪਾਕਿਸਤਾਨ ਵਰਗਾ ਕੱਟੜ ਇਸਲਾਮਕ ਦੇਸ਼ ਵੀ ਲੜਾਈ ਦੇ ਦਿਨਾਂ ਵਿਚ ਆਪਣੀ ਫੌਜ ਵਿਚ ਸ਼ਰਾਬ ਤਕਸੀਮ ਕਰਦਾ ਹੈ। ਬਰਫ ਵਿਚ ਰਹਿਣ ਵਾਲੇ ਫੌਜੀਆਂ ਨੂੰ ਭਾਵੇਂ ਉਹ ਕਿਸੇ ਵੀ ਦੇਸ਼ ਦੇ ਹੋਣ ਤੇ ਉਨ੍ਹਾਂ ਦੇ ਧਰਮ ਵਿਚ ਸ਼ਰਾਬ ਦੀ ਮਨਾਹੀ ਹੋਵੇ, ਫਿਰ ਵੀ ਸ਼ਰਾਬ ਉਨ੍ਹਾਂ ਦੀ ਖ਼ੁਰਾਕ ਵਿਚ ਸ਼ਾਮਲ ਕਰ ਦਿੱਤੀ ਜਾਂਦੀ ਹੈ। ਕਿਉਂਕਿ ਜੇ ਇਸ ਤਰ੍ਹਾਂ ਨਾ ਕੀਤਾ ਜਾਵੇ ਤਾਂ ਉਹ ਮੂਧੇ ਮੂੰਹ ਬਰਫ ਵਿਚ ਡਿੱਗੇ ਪਏ ਹੋਣਗੇ ਤੇ ਨਮੂਨੀਏ ਜਾਂ ਹੋਰ ਕਿਸੇ ਬਿਮਾਰੀ ਨਾਲ ਮਰੇ ਪਏ ਹੋਣਗੇ। ਏਥੋਂ ਤਕ ਕਿ ਪਹਾੜਾਂ 'ਤੇ ਚੜ੍ਹਨ ਵਾਲੀਆਂ ਖੱਚਰਾਂ ਤੇ ਘੋੜਿਆਂ ਨੂੰ ਵੀ ਰੱਮ ਦਿੱਤੀ ਜਾਂਦੀ ਹੈ। ਬੰਦਿਆਂ ਵਾਲੀ ਰੱਮ ਤੇ ਖੱਚਰਾਂ ਵਾਲੀ ਰੱਮ ਵਿਚ ਵੀ ਕੋਈ ਜ਼ਿਆਦਾ ਅੰਤਰ ਨਹੀਂ ਹੁੰਦਾ।

ਜਿਥੇ ਬਾਕੀ ਦੇ ਸਾਰੇ ਪੈਗੰਬਰਾਂ ਤੇ ਗੁਰੂਆਂ ਨੇ ਸ਼ਰਾਬ ਦੇ ਨਸ਼ੇ ਨੂੰ ਚੰਗਾ ਨਹੀਂ ਸਮਝਿਆ, ਓਥੇ ਯਸੂ ਮਸੀਹ ਸ਼ਰੇਆਮ ਸ਼ਰਾਬ ਪੀਂਦੇ ਸਨ ਤੇ ਅੱਜ ਵੀ ਦੁਨੀਆਂ ਵਿਚ ਸਭ ਤੋਂ ਵੱਧ ਪੈਰੋਕਾਰ ਯਸੂ ਮਸੀਹ ਦੇ ਈਸਾਈ ਹੀ ਹਨ। ਪਹਿਲੇ ਨੰਬਰ 'ਤੇ ਦੁਨੀਆਂ ਵਿਚ ਵੱਧ ਗਿਣਤੀ ਈਸਾਈਆਂ ਦੀ, ਫਿਰ ਮੁਸਲਮਾਨਾਂ ਦੀ, ਫਿਰ ਰੱਬ ਨੂੰ ਨਾ ਮੰਨਣ ਵਾਲਿਆਂ ਦੀ ਤੇ ਫਿਰ ਕਿਤੇ ਜਾ ਕੇ ਹਿੰਦੂ ਧਰਮ ਦੀ ਵਾਰੀ ਆਉਂਦੀ ਹੈ। ਸਿੱਖ ਤਾਂ ਹੋ ਸਕਦਾ ਹੈ ਦੁਨੀਆਂ ਦਾ ਸਭ ਤੋਂ ਛੋਟਾ ਧਰਮ ਹੋਵੇ ਕਿਉਂਕਿ ਇਸਦੀ ਗਿਣਤੀ ਸ਼ਾਇਦ ਦੁਨੀਆਂ ਦੀ ਕੁੱਲ ਅਬਾਦੀ ਦਾ ਦਸ਼ਮਲਵ ਕੁਝ ਫੀਸਦੀ ਹੀ ਹੋਵੇ। ਯੂਰਪੀਨ ਦੇਸ਼ਾਂ ਵਿਚ ਖੁਸ਼ੀ ਦੀਆਂ ਪਾਰਟੀਆਂ ਤੇ ਏਥੋਂ ਤਕ ਕਿ ਕਿਸੇ ਦੇ ਮਰ ਜਾਣ 'ਤੇ ਵੀ ਕਈ ਅੰਤਮ ਰਸਮਾਂ ਸ਼ਰਾਬ ਨਾਲ ਜਾਂ ਸ਼ਰਾਬ ਪੀ ਕੇ ਕੀਤੀਆਂ ਜਾਂਦੀਆਂ ਹਨ। ਸੈਕਰਾਮੈਂਟਲ ਵਾਈਨ ਜੋ ਗਿਰਜਾ ਘਰਾਂ ਵਿਚ ਹੁਣ ਵੀ ਪੀਤੀ ਜਾਂਦੀ ਹੈ, ਇਹ ਹਿੰਦੂਆਂ ਦੇ ਸੋਮਰਸ ਵਰਗੀ ਹੁੰਦੀ ਹੈ। ਅੰਗੂਰਾਂ ਦੀ ਸ਼ਰਾਬ ਬਨਾਉਣ ਦਾ ਉਹ ਹੀ ਤਰੀਕਾ ਹੈ ਜੋ ਦੂਸਰੀ ਆਮ ਵਾਈਨ ਦਾ, ਜਿਨ੍ਹਾਂ ਨੂੰ ਟੇਬਲ ਵਾਈਨ ਕਿਹਾ ਜਾਂਦਾ ਹੈ ਪਰ ਇਸ ਵਿਚ ਹੋਰ ਕੋਈ ਵੀ ਚੀਜ਼ ਨਹੀਂ ਮਿਲਾਈ ਜਾਂਦੀ। ਭਾਰਤ ਵਿਚੋਂ ਇਹ ਸ਼ਰਾਬ ਸਿੱਧੀ ਜਾਂ ਤਾਂ ਗੋਆ ਤੋਂ ਸਪਲਾਈ ਹੁੰਦੀ ਹੈ ਜਾਂ ਕੇਰਲਾ ਤੋਂ।

ਮੁਸਲਮਾਨਾਂ ਦੇ ਸੂਫੀ ਫ਼ਕੀਰ ਤੇ ਹੋਰ ਕਈ ਤਬਕੇ ਤੰਬਾਕੂ, ਚਰਸ, ਸੁੱਖਾ ਆਦਿ ਨਸ਼ਿਆਂ ਦਾ ਖੁੱਲ੍ਹ ਕੇ ਪ੍ਰਯੋਗ ਕਰਦੇ ਹਨ। ਸਿੱਖਾਂ ਦੇ ਨਿਹੰਗ ਸਿੰਘ ਸੁੱਖਾ ਘੋਟ ਕੇ ਪੀਂਦੇ ਹਨ ਤੇ ਇਸ ਨੂੰ ਸੁਖਨਿਧਾਨ ਕਹਿ ਕੇ ਵਡਿਆਉਂਦੇ ਹਨ। ਪਰ ਅਮਰੀਕਾ ਵਿਚ ਜੇ ਫੁੱਟ ਕੁ ਉੱਚਾ ਭੰਗ (ਸੁੱਖਾ) ਦਾ ਬੂਟਾ ਵੀ ਕਿਸੇ ਦੇ ਘਰ ਉਗਿਆ ਹੋਇਆ ਮਿਲ ਜਾਵੇ ਤਾਂ ਉਸ ਘਰ ਵਾਲੇ ਨੂੰ ਸੱਤ ਸਾਲ ਦੀ ਕੈਦ ਕਰਵਾਉਣ ਲਈ ਉਹ ਇਕ ਬੂਟਾ ਹੀ ਕਾਫੀ ਹੈ ਪਰ ਏਥੇ ਸੜਕਾਂ ਦੇ ਕਿਨਾਰੇ ਤੇ ਖੇਤਾਂ ਦੇ ਬੰਨਿਆਂ 'ਤੇ ਭੰਗ ਹੀ ਭੰਗ ਉੱਗੀ ਹੋਈ ਹੈ।

ਦੁਨੀਆਂ ਵਿਚ ਸਿਰਫ ਇਸਲਾਮ ਧਰਮ ਵਿਚ ਹੀ ਸੂਰ ਦਾ ਮਾਸ ਖਾਣਾ ਸਖ਼ਤੀ ਨਾਲ ਮਨ੍ਹਾਂ ਹੈ। ਏਨੀਂ ਸਖ਼ਤੀ ਨਾਲ ਮਨ੍ਹਾਂ ਹੈ ਕਿ ਮੁਸਲਮਾਨ ਇਹ ਵਿਸ਼ਵਾਸ਼ ਰੱਖਦੇ ਹਨ ਕਿ ਜੇ ਕੋਈ ਮੁਸਲਮਾਨ ਸੂਰ ਸ਼ਬਦ ਦਾ ਉਚਾਰਨ ਵੀ ਕਰ ਦੇਵੇ ਤਾਂ ਅੱਠ ਪਹਿਰ ਉਸ ਦੀ ਜ਼ਬਾਨ ਨਾਪਾਕ ਰਹਿੰਦੀ ਹੈ। ਏਸੇ ਲਈ ਹੀ ਪਾਕਿਸਤਾਨ ਵਾਲੇ ਪੰਜਾਬ ਵਿਚ ਸੂਰ ਨੂੰ ਸੂਰ ਨਹੀਂ ਕਹਿੰਦੇ 'ਬਾਹਰਲੇ' ਸ਼ਬਦ ਨਾਲ ਸੰਬੋਧਨ ਕਰਦੇ ਹਨ, ਜਿਸਦਾ ਸਿੱਧਾ ਹੀ ਮਤਲਬ ਹੁੰਦਾ ਹੈ ਕਿ ਸੂਰ ਦੀ ਗੱਲ ਕੀਤੀ ਜਾ ਰਹੀ ਹੈ। ਪਾਕਿਸਤਾਨ ਵਿਚ ਜੇ ਕੋਈ ਸੂਰ ਦੀ ਪੂਛ

ਜਿਲ੍ਹੇ ਦੇ ਡੀ. ਸੀ. ਦੀ ਮੇਜ ਉੱਤੇ ਰੱਖ ਦੇਵੇ ਤਾਂ ਉਸਨੂੰ ਓਸੇ ਵੇਲੇ ਹੀ ਪੰਜ ਸੌ ਪਾਕਿਸਤਾਨੀ ਰੁਪਏ ਇਨਾਮ ਵਜੋਂ ਮਿਲਦੇ ਹਨ। ਕਹਿੰਦੇ ਹਨ ਇਕ ਵਾਰ ਉਰਦੂ ਦੇ ਮਸ਼ਹੂਰ ਕਵੀ ਤੇ ਮੁਸਲਮਾਨ ਮਿਰਜ਼ਾ ਗਾਲਿਬ ਨੂੰ ਦਿੱਲੀ ਵਿਚ ਅੰਗਰੇਜ਼ ਸਰਕਾਰ ਨੇ ਗ੍ਰਿਫਤਾਰ ਕਰ ਲਿਆ। ਅੰਗਰੇਜ਼ ਮੈਜਿਸਟਰੇਟ ਨੇ ਮਿਰਜ਼ਾ ਗਾਲਿਬ ਨੂੰ ਪੁਛਿਆ, "ਮੁਸਲਮਾਨ ਹੈਂ ?"

"ਜੀ ਅੱਧਾ।" ਮਿਰਜ਼ਾ ਗਾਲਿਬ ਨੇ ਜਵਾਬ ਦਿੱਤਾ।

ਮੈਜਿਸਟਰੇਟ ਨੇ ਪੁੱਛਿਆ, "ਇਹ ਕੀ ਗੱਲ ਹੋਈ, ਕਦੀ ਕੋਈ ਕਿਸੇ ਧਰਮ ਵਿਚ ਅੱਧਾ ਵੀ ਹੁੰਦਾ ਹੈ ?" ਤਾਂ ਮਿਰਜ਼ਾ ਗਾਲਿਬ ਨੇ ਝੱਟ ਕਿਹਾ, "ਹਜ਼ੂਰ ਸ਼ਰਾਬ ਪੀ ਲੈਂਦਾ ਹਾਂ, ਸੂਰ ਨਹੀਂ ਖਾਂਦਾ। ਇਸ ਲਈ ਅੱਧਾ ਮੁਸਲਮਾਨ ਹਾਂ।" ਏਹੋ ਹੀ ਮਿਰਜ਼ਾ ਗਾਲਿਬ ਅੰਗਰੇਜ਼ ਗਵਰਨਰ ਜਨਰਲ ਦੀ ਕੁੜੀ ਨੂੰ ਉਰਦੂ ਪੜ੍ਹਾਉਣ ਲਈ ਟਿਊਟਰ ਰੱਖਿਆ ਗਿਆ ਸੀ ਜਦੋਂ ਮਹੀਨੇਂ ਬਾਅਦ ਤਨਖਾਹ ਮਿਲੀ ਤਾਂ ਮਿਰਜ਼ਾ ਗਾਲਿਬ ਸਾਰੀ ਤਨਖ਼ਾਹ ਦੀ ਹੀ ਸ਼ਰਾਬ ਖ਼ਰੀਦ ਲਿਆਇਆ। ਜਦੋਂ ਕਈ ਘੜੇ ਸ਼ਰਾਬ ਵਿਹੜੇ ਵਿਚ ਆ ਪਹੁੰਚੀ ਤਾਂ ਗ਼ਾਲਿਬ ਸਾਹਿਬ ਦੀ ਪਤਨੀ ਨੇ ਪੁੱਛਿਆ, "ਹੁਣ ਸਾਰਾ ਮਹੀਨਾ ਰੋਟੀ ਕਿਥੋਂ ਖਾਣੀ ਹੈ ?" ਤਾਂ ਮਿਰਜ਼ਾ ਗਾਲਿਬ ਨੇ ਕਿਹਾ, "ਬੇਗਮ ਰੋਟੀ ਤਾਂ ਰੱਬ ਨੇ ਹਰ ਬੰਦੇ ਨੂੰ ਭਾਵੇਂ ਉਹ ਕਿੱਡਾ ਵੀ ਗੁਨਾਹਗਾਰ ਕਿਉਂ ਨਾ ਹੋਵੇ, ਦੇਣੀ ਹੀ ਦੇਣੀ ਹੈ, ਇਹ ਅੱਲ੍ਹਾ ਤਾਲਾ ਦਾ ਵਾਅਦਾ ਹੈ ਪਰ ਸ਼ਰਾਬ ਉਹਨੇ ਨਹੀਂ ਸੀ ਦੇਣੀ, ਇਸ ਲਈ ਮੈਂ ਇਹ ਆਪਣੀ ਖ਼ਰੀਦ ਲਿਆਇਆ ਹਾਂ।"

ਹਜ਼ਰਤ ਮੁਹੰਮਦ ਸਾਹਿਬ ਦੇ ਸੂਰ ਦਾ ਮਾਸ ਖਾਣਾ ਮਨ੍ਹਾਂ ਕਰਨ ਦਾ ਕਾਰਨ ਇਹ ਸੀ ਕਿ ਮੈਦਾਨੇ ਜੰਗ ਵਿਚ ਫੌਜ ਦੇ ਲੰਗਰ ਵਿਚ ਬਣਿਆ ਹੋਇਆ ਸੂਰ ਦਾ ਮਾਸ ਜ਼ਹਿਰੀਲਾ ਸੀ, ਜਿਸ ਨੂੰ ਖਾ ਕੇ ਸਾਰੀ ਫੌਜ ਹੀ ਮਾਰੀ ਗਈ ਸੀ। ਸੂਰ ਦੇ ਮਾਸ ਵਿਚ ਏਨੀਆਂ ਬਿਮਾਰੀਆਂ ਹੁੰਦੀਆਂ ਹਨ ਕਿ ਗਿਣੀਆਂ ਨਹੀਂ ਜਾ ਸਕਦੀਆਂ। ਮਿਰਗੀ ਦੀ ਬਿਮਾਰੀ ਸੂਰ ਦਾ ਮਾਸ ਖਾਣ ਨਾਲ ਵੀ ਹੁੰਦੀ ਹੈ। ਸੂਰ ਦਾ ਮਾਸ ਜ਼ਹਿਰੀਲਾ ਵੀ ਬਹੁਤ ਜਲਦੀ ਹੁੰਦਾ ਹੈ ਤੇ ਸੂਰ ਦੇ ਮਾਸ ਵਿਚ ਚਰਬੀ ਬਹੁਤ ਹੋਣ ਕਰਕੇ ਕੀੜੇ ਵੀ ਬਹੁਤ ਜਲਦੀ ਪੈਂਦੇ ਹਨ। ਸੂਰ ਦੇ ਮਾਸ ਦੇ ਅੰਦਰ ਕਈ ਜਰਾਸੀਮ ਐਸੇ ਹੁੰਦੇ ਹਨ, ਜੋ ਮਾਸ ਨੂੰ ਸੌ ਡਿਗਰੀ 'ਤੇ ਉਬਾਲਣ ਨਾਲ ਵੀ ਨਹੀਂ ਮਰਦੇ। ਖਾਸ ਤੌਰ 'ਤੇ ਜੋੜਾਂ ਦੇ ਅੰਦਰ ਰਹਿਣ ਵਾਲੇ ਜਰਾਸੀਮ ਤਾਂ ਬਹੁਤ ਚੰਗੀ ਤਰ੍ਹਾਂ ਹੀ ਮਾਸ ਪਕਾਉਣ ਨਾਲ ਮਰਦੇ ਹਨ। ਪੰਜਾਬ ਵਿਚ ਪਿਗਰੀ-ਫਾਰਮਾਂ ਨੂੰ ਧੰਦੇ ਦੇ ਰੂਪ ਵਿਚ ਵਿਕਸਤ ਕਰਨ 'ਤੇ ਸਰਕਾਰ ਨੇ ਬਹੁਤ ਜ਼ੋਰ ਲਾਇਆ ਪਰ ਬੁਰੀ ਤਰ੍ਹਾਂ ਨਾਕਾਮ ਰਹੀ। ਅਸਲ ਵਿਚ ਭਾਰਤ ਦੇ ਲੋਕ ਸੂਰ ਦਾ ਮਾਸ ਖਾ ਕੇ ਖੁਸ਼ ਹੀ ਨਹੀਂ। ਇਹ ਸਸਤਾ ਵੀ ਬਹੁਤ ਹੁੰਦਾ ਹੈ। ਹੈਮ, ਬੇਕਨ, ਸਾਸਿਜਿਜ਼ ਤੇ ਸੂਰ ਦੇ ਮਾਸ ਦਾ ਹੋਰ ਵੀ ਕਈ ਕੁਝ ਬਣਦਾ ਹੈ। ਯੂਰਪ ਤੇ ਦੱਖਣੀ ਅਫਰੀਕਾ ਦੇ ਬਹੁਤੇ ਦੇਸ਼ਾਂ ਵਿਚ ਸੂਰ ਸਵੇਰ ਦੇ ਨਾਸ਼ਤੇ, ਦੁਪਹਿਰ ਦੇ ਭੋਜਨ ਤੇ ਰਾਤ ਦੇ ਖਾਣੇ ਵਿਚ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਹੀ ਖਾਣੇ ਵਾਲੇ ਮੇਜ਼ 'ਤੇ ਆਉਂਦਾ ਹੈ। ਦੱਖਣੀ ਅਫਰੀਕਾ ਤੇ ਯੂਰਪ ਦੇ ਕਈ ਦੇਸ਼ਾਂ ਵਿਚ ਸੂਰ ਦੀ ਤੁਲਨਾ ਨਗੀਨੇ ਨਾਲ ਕੀਤੀ ਗਈ ਹੈ। ਅਫਰੀਕਾ ਦੇ ਕਈ ਦੇਸ਼ਾਂ ਦੇ ਕਬੀਲਿਆਂ ਵਿਚ ਤਾਂ ਸੂਰ ਕਰੰਸੀ ਦੇ ਤੌਰ 'ਤੇ ਵਰਤਿਆ ਜਾਂਦਾ ਹੈ ਬਲਕਿ ਏਥੋਂ ਤਕ ਕਿ ਵਿਆਹ ਦੀ ਗੱਲਬਾਤ ਵਿਚ ਲਾੜੇ ਨੂੰ ਕੁੜੀ ਵਾਲਿਆਂ ਨੂੰ ਪਹਿਲਾਂ ਤੋਂ ਹੀ ਤਹਿਸ਼ੁਦਾ ਸਮਝੌਤੇ ਅਨੁਸਾਰ ਸੂਰ ਦੇਣੇ ਪੈਂਦੇ ਹਨ। ਪੱਛਮੀ ਦੇਸ਼ਾਂ ਵਿਚ ਤਾਂ ਸੂਰ ਪਾਲਣ ਦੇ ਢੰਗ ਵੀ ਬਹੁਤ ਵਿਗਿਆਨਕ ਹੋ ਗਏ ਹਨ। ਹੁਣ ਸੂਰ ਏਥੋਂ ਵਾਂਗ ਬਾਹਰ ਚਿੱਕੜ ਵਿਚੋਂ ਗੰਦ-ਮੰਦ ਨਹੀਂ ਖਾਂਦੇ ਫਿਰਦੇ। ਇਹਨਾਂ ਨੂੰ ਬਾਕਾਇਦਾ ਸ਼ੈੱਡਾਂ

ਵਿਚ ਰੱਖਿਆ ਜਾਂਦਾ ਹੈ। ਦੋ ਵਾਰ ਨੁਹਾਇਆ ਜਾਂਦਾ ਹੈ ਤੇ ਮੁਰਗੀਆਂ ਵਾਂਗ ਸੰਤੁਲਤ ਖੁਰਾਕ ਪਾਈ ਜਾਂਦੀ ਹੈ। ਏਥੇ ਇਹ ਗੱਲ ਸਮਝੀ ਜਾ ਸਕਦੀ ਹੈ ਕਿ ਕਿਤੇ ਤਾਂ ਸੂਰ ਦਾ ਨਾਂ ਲੈਣਾ ਵੀ ਮੁਨਾਸਬ ਨਹੀਂ ਸਮਝਿਆ ਜਾਂਦਾ ਤੇ ਕਿਤੇ ਇਸ ਨੂੰ ਨਗੀਨੇ (ਹੀਰੇ) ਨਾਲ ਤੁਲਨਾ ਦਿੱਤੀ ਜਾਂਦੀ ਹੈ। ਠੀਕ ਕੀ ਹੈ ਤੇ ਗਲਤ ਕੀ ਹੈ ਦਾ ਫੈਸਲਾ ਕੌਣ ਕਰੇਗਾ ?

ਪੱਛਮੀ ਦੇਸ਼ਾਂ ਵਿਚ ਮੂੰਹ ਚੁੰਮਣਾ, ਹੱਥ ਮਿਲਾਉਣਾ, ਜੱਫੀ ਪਾਉਣੀ, ਗੱਲ੍ਹ ਨਾਲ ਗੱਲ੍ਹ ਲਾਉਣੀ ਪਿਆਰ ਤੇ ਸ਼ਿਸ਼ਟਾਚਾਰ ਦਾ ਪ੍ਰਤੀਕ ਹੈ ਪਰ ਕਈ ਦੇਸ਼ਾਂ ਵਿਚ ਖਾਸ ਕਰ ਮੁਸਲਿਮ ਦੇਸ਼ਾਂ ਵਿਚ ਔਰਤ ਮਰਦਾਂ ਦੇ ਬਰਾਬਰ ਮਸਜਿਦ ਵਿਚ ਜਾ ਕੇ ਨਮਾਜ਼ ਵੀ ਨਹੀਂ ਪੜ੍ਹ ਸਕਦੀ। ਪਾਕਿਸਤਾਨ ਵਿਚ ਮੈਂ ਵੇਖਿਆ ਹੈ ਕਿ ਜੇ ਕੋਈ ਪ੍ਰਾਹੁਣਾ ਘਰ ਆਵੇ ਤੇ ਘਰ ਵਿਚ ਕੋਈ ਮਰਦ ਮੈਂਬਰ ਨਾ ਹੋਵੇ ਤੇ ਜੇ ਦਰਵਾਜ਼ਾ ਔਰਤ ਨੂੰ ਖੋਹਲਣਾ ਪੈ ਜਾਵੇ ਤਾਂ ਉਹ ਸਿੱਧਾ ਦਰਵਾਜ਼ਾ ਖੋਹਲ ਕੇ ਉਸ ਬੰਦੇ ਨਾਲ ਗੱਲਾਂ ਨਹੀਂ ਕਰਨ ਲੱਗ ਪੈਂਦੀ। ਪਹਿਲਾਂ ਤਾਂ. ਉਹ ਚੰਗੀ ਤਰ੍ਹਾਂ ਚਾਦਰ ਉੱਤੇ ਲੈਂਦੀ ਹੈ ਤੇ ਇਕ ਤਰ੍ਹਾਂ ਦਾ ਘੁੰਢ ਜਿਹਾ ਕੱਢ ਲੈਂਦੀ ਹੈ, ਫਿਰ ਅੰਦਰੋਂ ਦਰਵਾਜ਼ਾ ਖੋਹਲ ਕੇ ਤਖ਼ਤੇ ਦੇ ਪਿੱਛੇ ਖਲੋ ਜਾਂਦੀ ਹੈ। ਜੇ ਤਾਂ ਪ੍ਰਾਹੁਣਾ ਕੋਈ ਨਜ਼ਦੀਕੀ ਰਿਸ਼ਤੇਦਾਰ ਹੋਵੇ ਤਾਂ ਦੁਆ ਸਲਾਮ ਕਰਕੇ ਅੰਦਰ ਆਉਣ ਲਈ ਕਹਿ ਦੇਂਦੀ ਹੈ ਤੇ ਜੇ ਕੋਈ ਅਜਨਬੀ ਹੋਵੇ ਤੇ ਘਰ ਦੇ ਮਰਦ ਦੀ ਗੈਰਮੌਜੂਦਗੀ ਵਿਚ ਉਸ ਨੂੰ ਬੈਠਣ ਲਈ ਨਾ ਕਹਿਣਾ ਹੋਵੇ ਤਾਂ ਉਹ ਦੱਸ ਦੇਂਦੀ ਹੈ, "ਭਾਈਆ ਜੀ ਅਸਲਮ ਦੇ ਅੱਬੂ ਘਰ ਨਹੀਂ ਸ਼ਾਮ ਤਕ ਘਰ ਮੁੜਨਗੇ।" ਏਸੇ ਪਰਦਾਪੋਸ਼ੀ ਤੇ ਘੱਟ ਗੱਲਾਂ ਕਰਨ ਨੂੰ ਹੀ ਓਥੇ ਔਰਤ ਦੇ ਇੱਜ਼ਤਦਾਰ ਤੇ ਭਲੀਮਾਣਸ ਗ੍ਰਹਿਣੀ ਹੋਣ ਦਾ ਖ਼ਿਤਾਬ ਮਿਲਦਾ ਹੈ ਪਰ ਪੱਛਮ ਆਦਿ ਦੇਸ਼ਾਂ ਵਿਚ ਇਸ ਬੇਰੁਖੀ ਜਹੀ ਨੂੰ ਬੇਹਯਾਈ ਤੇ ਗੰਵਾਰਪੁਣਾ ਸਮਝਿਆ ਜਾਂਦਾ ਹੈ।

ਫਲਸਤੀਨ ਦਾ ਰਾਸ਼ਟਰਪਤੀ ਯਾਸਰ ਅਰਾਫਾਤ ਜਿੰਨੀ ਵਾਰੀ ਵੀ ਭਾਰਤ ਆਉਂਦਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਜੱਫੀ ਪਾ ਕੇ ਮਿਲਦਾ ਸੀ। ਤਿੰਨ ਵਾਰੀ ਕਦੇ ਉਸ ਮੋਢੇ ਲੱਗ ਕੇ ਤੇ ਗੱਲ੍ਹ ਨਾਲ ਗੱਲ੍ਹ ਤੇ ਫੇਰ ਦੂਸਰੇ ਮੋਢੇ ਲੱਗ ਕੇ ਦੂਸਰੀ ਗੱਲ੍ਹ ਨਾਲ ਗੱਲ੍ਹ ਲਾ ਕੇ ਮਿਲਦਾ। ਏਥੋਂ ਦੇ ਕਈ ਕੱਟੜ ਖਿਆਲੀ ਹਿੰਦੂ ਇਸਦਾ ਬਹੁਤ ਬੁਰਾ ਮਨਾਉਂਦੇ ਸਨ ਪਰ ਪੱਛਮੀ ਦੇਸ਼ਾਂ ਨੂੰ ਇਸ ਵਿਚ ਕੁਝ ਵੀ ਬੁਰਾ ਨਹੀਂ ਸੀ ਲੱਗਦਾ। ਇਹ ਤਾਂ ਉਨ੍ਹਾਂ ਦੇ ਮਿਲਣ ਦਾ ਇਕ ਤਰੀਕਾ ਹੈ। ਸਿੱਖ ਤੇ ਹਿੰਦੂ ਹੱਥ ਜੋੜ ਕੇ ਸਿਰ ਨਿਵਾਂ ਕੇ ਸਤਿ ਸ਼੍ਰੀ ਅਕਾਲ ਜਾਂ ਰਾਮ ਰਾਮ ਜਾਂ ਨਮਸਕਾਰ ਜੀ ਕਹਿੰਦੇ ਹਨ। ਪਰ ਮੁਸਲਮਾਨ ਅਸਲਾਮਾ ਲੇਕਮ ਕਹਿਣ ਤੋਂ ਪਹਿਲਾਂ ਧੌਣ ਨੂੰ ਇਸ ਤਰ੍ਹਾਂ ਅਕੜਾ ਲੈਂਦੇ ਹਨ ਜਿਵੇਂ ਧੌਣ ਵਿਚ ਕਿੱਲਾ ਗੱਡਿਆ ਹੋਇਆ ਹੋਵੇ। ਕਈਆਂ ਦੇਸ਼ਾਂ ਵਿਚ ਆਪਣੇ ਤੋਂ ਵੱਡੇ ਦਾ ਨਾਂਅ ਲੈਣਾ ਗੁਸਤਾਖ਼ੀ ਸਮਝਿਆ ਜਾਂਦਾ ਹੈ ਪਰ ਪੱਛਮੀ ਦੇਸ਼ਾਂ ਵਿਚ ਤਿੰਨ-ਤਿੰਨ ਸਾਲ ਦੇ ਬੱਚੇ ਵੀ ਨੱਬਿਆਂ ਸਾਲਾਂ ਦੇ ਬੁੱਢੇ ਨੂੰ ਨਾਂਅ ਨਾਲ ਬੁਲਾਉਂਦੇ ਹਨ। ਏਥੋਂ ਤਕ ਕਿ ਸਕੂਲ ਵਿਚ ਪਹਿਲੀ ਵਿਚ ਪੜ੍ਹਦਾ ਬੱਚਾ ਵੀ ਆਪਣੀ ਮਾਸਟਰਾਣੀ ਨੂੰ ਹੈਲੋ ਮਿਸਿਜ਼ ਲਾਰਸਨ ਜਾਂ ਜੋ ਵੀ ਮਾਸਟਰਾਣੀ ਦਾ ਨਾਂ ਹੋਵੇ ਕਹਿ ਕੇ ਬੁਲਾਉਂਦਾ ਹੈ। ਓਥੇ ਇਸ ਗੱਲ ਦਾ ਬੁਰਾ ਮਨਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਪਰ ਏਸ਼ੀਆਈ ਦੇਸ਼ਾਂ ਤੇ ਖਾਸ ਕਰ ਭਾਰਤ ਪਾਕਿਸਤਾਨ ਵਿਚ ਤਾਂ ਜੇ ਕੋਈ ਨਿਆਣਾ ਕਿਸੇ ਮਾਮੇ ਚਾਚੇ ਦਾ ਵੀ ਨਾਂਅ ਲੈ ਦੇਵੇ ਤਾਂ ਜ਼ਮੀਨ ਪੁੱਠੀ ਹੋਣ ਨੂੰ ਕਰਦੀ ਹੈ। ਕਈ ਵਾਰ ਤਾਂ ਮਾਂ ਪਿਓ ਚਪੇੜਾਂ ਨਾਲ ਬੱਚੇ ਨੂੰ ਕੁੱਟਣਾ ਸ਼ੁਰੂ ਕਰ ਦੇਂਦੇ ਹਨ ਕਿ ਤੂੰ ਗੁਸਤਾਖ਼ੀ ਕਿਉਂ ਕੀਤੀ ?

ਕਈ ਸਮਾਜਾਂ ਵਿਚ ਔਰਤ ਨੂੰ ਪੈਰ ਦੀ ਜੁੱਤੀ ਤੋਂ ਵੱਧ ਕੁਝ ਨਹੀਂ ਸਮਝਿਅ ਜਾਂਦਾ

ਤੇ ਕਈ ਥਾਂਈ ਔਰਤ ਹੀ ਪ੍ਰਧਾਨ ਹੁੰਦੀ ਹੈ ਤੇ ਪਤਨੀ ਦੇ ਨਾਂ ਨਾਲ ਪਤੀ ਦਾ ਨਾਂ ਜੁੜ ਕੇ ਉਸਦੀ ਪਛਾਣ ਬਣਦੀ ਹੈ।

ਭਾਰਤ ਦੇ ਦੱਖਣੀ ਰਾਜਾਂ ਵਿਚ ਐਸਾ ਰਿਵਾਜ ਹੈ, ਜਿਵੇਂ ਕਮਲਾ ਨਾਂਅ ਦੀ ਔਰਤ ਪਤਨੀ ਹੋਵੇ ਤਾਂ ਪਤੀ ਦਾ ਨਾਂਅ ਬਣੇਗਾ ਕਮਲਾ ਪਤੀ ਅੱਗੇ ਉਸ ਦਾ ਗੋਤ ਜੇ ਤ੍ਰਿਪਾਠੀ ਹੋਵੇ ਤਾਂ ਪੂਰਾ ਨਾਂ ਬਣੇਗਾ ਕਮਲਾ ਦਾ ਪਤੀ ਤ੍ਰਿਪਾਠੀ ਅਰਥਾਤ ਕਿਹੜਾ ਤ੍ਰਿਪਾਠੀ? ਜੁਆਬ ਹੈ ਉਹ ਤ੍ਰਿਪਾਠੀ ਜਿਹੜਾ ਕਮਲਾ ਦਾ ਪਤੀ ਹੈ। ਇਸ ਤਰ੍ਹਾਂ ਪੂਰਾ ਨਾਂਅ ਬਣ ਗਿਆ ਕਮਲਾ ਪਤੀ ਤ੍ਰਿਪਾਠੀ।

ਅਰੁਨਾਚਲ ਪਰਦੇਸ਼ ਵਿਚ ਇਕ 'ਖ਼ਸ' ਨਾਂ ਦੀ ਜਾਤੀ ਹੈ। 'ਖਸ' ਦਾ ਮਤਲਬ ਖਸੀਆ ਤੇ ਖਸੀਆ ਤੋਂ ਭਾਵ ਹੈ ਨਮਰਦ ਜਹੇ ਵਿਅਕਤੀ। ਭਾਵੇਂ ਇਸ ਜਾਤੀ ਦੇ ਲੋਕ ਆਪਣੇ ਆਪ ਨੂੰ ਨਮਰਦ ਅਤੇ ਕੰਮਜ਼ੋਰ ਨਹੀਂ ਮੰਨਦੇ ਪਰ ਆਲੇ-ਦੁਆਲੇ ਦੇ ਸੂਬਿਆਂ ਦੇ ਲੋਕਾਂ ਨੇ ਇਨ੍ਹਾਂ ਦੇ ਰਿਵਾਜਾਂ ਕਰਕੇ ਇਹਨਾਂ ਦਾ ਇਹ ਹੀ ਨਾਂਅ ਪਾਇਆ ਹੋਇਆ ਹੈ। ਅੱਜ ਕਲ ਏਸੇ ਹੀ ਜਾਤੀ ਦਾ ਏਥੇ ਰਾਜ ਹੈ। ਇਸ ਰਾਜ ਦੀ ਸੀਮਾ ਦੇ ਨਾਲ ਤਿੱਬਤ ਤੇ ਚੀਨ ਦੂਜੇ ਪਾਸੇ ਮਿਜ਼ੋਰਮ ਤੇ ਨਾਗਾਲੈਂਡ ਵਗੈਰਾ ਲੱਗਦੇ ਹਨ। ਇਹ ਸਾਰੇ ਸੂਬੇ ਅਸਾਮ ਵਿਚੋਂ ਨਿਕਲੇ ਹੋਏ ਹਨ ਤੇ ਇਹ ਦੋ ਜਿਲਿਆਂ 'ਤੇ ਆਧਾਰਤ ਸੂਬਾ ਹੈ। ਇਸ ਦੇ ਨਾਲ ਹੀ ਮਿਜ਼ੋਰਮ ਹੈ ਜੋ ਕਿ 1970 ਵਿਚ ਸਿਰਫ ਜਿਲ੍ਹਾ ਪਰੀਸ਼ਦ ਹੀ ਬਣੀ ਸੀ। ਬਾਅਦ ਵਿਚ ਅਰੁਣਾਚਲ ਤੇ ਮਿਜ਼ੋਰਮ ਨੂੰ ਕੇਂਦਰ ਅਧੀਨ ਇਲਾਕੇ (ਯੂਨੀਅਨ ਟੈਰਾਟਰੀ) ਦਾ ਦਰਜ਼ਾ ਦੇ ਦਿੱਤਾ ਗਿਆ ਸੀ ਤੇ ਇਸਤੋਂ ਮਗਰੋਂ ਇਹਨਾਂ ਨੂੰ ਸੂਬੇ ਦਾ ਦਰਜ਼ਾ ਮਿਲ ਗਿਆ। 'ਖਸ' ਜਾਤੀ ਇਸਤਰੀ ਪ੍ਰਧਾਨ ਸਮਾਜ ਹੈ। ਜਾਇਦਾਦ ਪੁਸ਼ਤ ਦਰ ਪੁਸ਼ਤ ਔਰਤ ਦੇ ਨਾਂ ਚਲਦੀ ਹੈ ਤੇ ਔਰਤ ਮੁੱਖ ਹੋਣ ਕਰਕੇ ਬੰਦੇ ਨੂੰ ਵਿਆਹ ਕੇ ਆਪਣੇ ਘਰ ਲਿਆਉਂਦੀ ਹੈ। ਘਰ ਵਿਚ ਔਰਤ ਦੀ ਚਲਦੀ ਹੈ ਤੇ ਬੰਦਾ ਉਸਦੇ ਕਹੇ ਅਨੁਸਾਰ ਉਸਦਾ ਨੌਕਰ ਮਾਤਰ ਹੈ।

ਇਕ ਭੀਲ ਜਾਤੀ ਹੈ। ਏਕਲਵਯ ਵੀ ਏਸੇ ਜਾਤੀ ਵਿਚੋਂ ਹੀ ਸੀ। ਇਹਨਾਂ ਦੇ ਵਿਆਹ ਦਾ ਨਾਂਅ "ਗੋਲ ਗਦੇੜੂ" ਹੈ। ਜਿਸ ਤਰ੍ਹਾਂ ਸਿੱਖਾਂ ਦੇ ਵਿਆਹ ਦਾ ਨਾਂਅ "ਆਨੰਦ ਕਾਰਜ" ਹੈ। ਗੋਲ ਗਦੇੜੂ ਕਰਨ ਵਾਸਤੇ ਉਹ ਸੱਦਾ ਪੱਤਰ ਭੇਜਦੇ ਹਨ ਤੇ ਜਿਵੇਂ ਛਿੰਜ ਪੈਂਦੀ ਹੈ ਉਸੇ ਤਰ੍ਹਾਂ ਲੋਕ ਗੋਲਧਾਰੇ ਵਿਚ ਬਹਿ ਜਾਂਦੇ ਹਨ। ਅੱਧ ਵਿਚ ਇਕ ਕਾਫੀ ਉੱਚਾ ਗੋਲ ਮੂੰਗਲਾ ਜਿਹਾ ਗੱਡ ਲੈਂਦੇ ਹਨ, ਜੋ ਬੜਾ ਤਿਲਕਣਾ ਜਿਹਾ ਹੁੰਦਾ ਹੈ। ਉਸ ਉੱਤੇ ਖੂਬ ਤੇਲ ਪਾ ਦੇਂਦੇ ਹਨ। ਵਿਆਹਯੋਗ ਕੁੜੀਆਂ ਉਸ ਮੂੰਗਲੇ ਦੇ ਦੁਆਲੇ ਘੇਰਾ ਬਣਾ ਲੈਂਦੀਆਂ ਹਨ। ਵਿਆਹ ਕਰਵਾਉਣ ਦਾ ਚਾਹਵਾਨ ਮੁੰਡਾ ਉਸ ਗੋਲ ਮੂੰਗਲੇ ਜਹੇ ਦੇ ਉਤਲੇ ਸਿਰੇ ਤੱਕ ਚੜ੍ਹਨ ਦੀ ਕੋਸ਼ਿਸ਼ ਕਰਦਾ ਹੈ। ਕੁੜੀਆਂ ਛਿੱਤਰ ਲੈ ਕੇ ਉਹਨੂੰ ਕੁੱਟਣਾ ਸ਼ੁਰੂ ਕਰ ਦੇਂਦੀਆਂ ਹਨ। ਤਿਲਕਣਾ ਹੋਣ ਕਰਕੇ ਤੇ ਓਧਰੋਂ ਕੁੱਟ ਪੈਂਦੀ ਹੋਣ ਕਰਕੇ ਆਮ ਤੌਰ 'ਤੇ ਛੇਤੀ ਕੀਤੇ ਕੋਈ ਮੁੰਡਾ ਉਸ ਕਾਫੀ ਉੱਚੇ ਸਾਰੇ ਮੂੰਗਲੇ 'ਤੇ ਚੜ੍ਹਨ ਵਿਚ ਕਾਮਯਾਬ ਨਹੀਂ ਹੁੰਦਾ। ਪਰ ਜੇ ਕੋਈ ਕਾਮਯਾਬ ਹੋ ਜਾਵੇ ਤਾਂ ਫਿਰ ਜਿਸ ਕੁੜੀ 'ਤੇ ਉਹ ਉਂਗਲੀ ਰੱਖੇਗਾ, ਉਸਦਾ ਵਿਆਹ ਉਸ ਨਾਲ ਕਰਨਾ ਪਵੇਗਾ। ਕਿਥੇ ਤਾਂ ਸਿੱਖਾਂ ਦੇ ਵਿਆਹਾਂ ਵਿਚ ਬਰਾਤ ਆਉਣ 'ਤੇ ਸ਼ਬਦ ਪੜ੍ਹਿਆ ਜਾਂਦਾ ਹੈ-"ਹਮ ਘਰ ਸਾਜਨ ਆਏ" ਤੇ ਲਾੜੇ ਵਾਸਤੇ ਕਿਹਾ ਜਾਂਦਾ ਹੈ-"ਸਾਜਣ ਲੱਧਾ ਜੀ ਸਾਰਾ ਜਗ ਢੂੰਡ ਕੇ" ਤੇ ਇਸ ਤਰ੍ਹਾਂ ਲੜਕੇ ਤੇ ਉਸ ਦੇ ਬਰਾਤੀਆਂ ਦਾ ਭਰਪੂਰ ਸੁਆਗਤ ਕੀਤਾ ਜਾਂਦਾ ਹੈ ਤੇ ਏਧਰ ਛਿੱਤਰ ਵਰ੍ਹਦੇ ਹਨ। ਠੀਕ ਕੀ ਹੈ ਤੇ ਗਲਤ ਕੀ ਹੈ ?

ਬਸ ਇਹ ਰਿਵਾਜ ਹੀ ਹੈ।

ਗੁਜਰਾਤ ਵਿਚ ਤ੍ਰਿਨੇਤਰ ਨਾਂਅ ਦਾ ਮੇਲਾ ਲੱਗਦਾ ਹੈ। ਸ਼ਿਵਜੀ ਦੀਆਂ ਤਿੰਨ ਅੱਖਾਂ ਕਰਕੇ ਇਸ ਮੇਲੇ ਦਾ ਇਹ ਨਾਂਅ ਪਿਆ ਹੈ ਤੇ ਸ਼ਿਵਜੀ ਦਾ ਏਥੇ ਮੰਦਰ ਹੈ। ਕਹਿੰਦੇ ਹਨ ਦ੍ਰੋਪਤੀ ਦਾ ਸਵੰਬਰ ਵੀ ਏਥੇ ਹੀ ਹੋਇਆ ਸੀ ਤੇ ਅਰਜੁਨ ਨੇ ਮੱਛੀ ਦੀ ਅੱਖ ਏਥੇ ਹੀ ਵਿੰਨ੍ਹੀ ਸੀ। ਜਿਵੇਂ ਮੇਲਿਆਂ 'ਤੇ ਡੰਗਰਾਂ ਦੀ ਮੰਡੀ ਲੱਗਦੀ ਹੈ ਏਸੇ ਤਰ੍ਹਾਂ ਹੀ ਵਿਆਹੁਣ ਵਾਲੇ ਮੁੰਡਿਆਂ ਤੇ ਕੁੜੀਆਂ ਦੀ ਏਥੇ ਇਕ ਤਰ੍ਹਾਂ ਦੀ ਮੰਡੀ ਜਹੀ ਹੀ ਲੱਗਦੀ ਹੈ। ਬਾਕਾਇਦਾ ਮੁੰਡੇ ਜਾਂ ਕੁੜੀ ਨੂੰ ਤੋਰ ਕੇ ਵੇਖਿਆ ਜਾਂਦਾ ਹੈ, ਜਿਵੇਂ ਮੱਝਾਂ ਗਾਈਆਂ ਵੇਖੀਆਂ ਜਾਂਦੀਆਂ ਹਨ ਕਿ ਕਿਤੇ ਕੋਈ ਲੰਗੜਾ ਤਾਂ ਨਹੀਂ ? ਏਸੇ ਤਰ੍ਹਾਂ ਹੀ ਮੂੰਹ ਅੱਡ-ਅੱਡ ਕੇ ਦੰਦ ਵਗੈਰਾ ਵੀ ਵੇਖੇ ਜਾਂਦੇ ਹਨ। ਫੇਰ ਦੋਵੇਂ ਧਿਰਾਂ ਚੰਗੀ ਤਰ੍ਹਾਂ ਵੇਖ ਵਿਚਾਰ ਕੇ ਪਸੰਦ ਆ ਜਾਣ 'ਤੇ ਕੁੜੀ ਤੇ ਮੁੰਡੇ ਦਾ ਵਿਆਹ ਕਰ ਦੇਂਦੇ ਹਨ।

ਸੰਥਾਲ ਜਾਤੀ ਦੇ ਲੋਕ ਖ਼ੂਨ ਵਿਚ ਦੁੱਧ ਪਾ ਕੇ ਪੀਂਦੇ ਹਨ। ਇਸ ਜਾਤੀ ਦੇ ਲੋਕ ਜ਼ਿਆਦਾਤਰ ਛੋਟਾ ਨਾਗਪੁਰ ਦੇ ਨੇੜੇ ਤੇੜੇ ਰਹਿੰਦੇ ਹਨ। ਏਸੇ ਤਰ੍ਹਾਂ ਹੀ ਦੱਖਣੀ ਅਫ਼ਰੀਕਾ ਦੇ ਕਈਆਂ ਦੇਸ਼ਾਂ ਵਿਚ ਜੇ ਕੋਈ ਪ੍ਰਾਹੁਣਾ ਘਰ ਆ ਜਾਵੇ ਤਾਂ ਉਹ ਗਾਂ ਜਾਂ ਬੌਲਦ ਦੇ ਸਿੰਗ ਨੂੰ ਗਲਾਸ ਵਾਂਗ ਵਰਤਦੇ ਹਨ ਤੇ ਪਾਣੀ ਵਗੈਰਾ ਵੀ ਓਸੇ ਵਿਚ ਹੀ ਪੀਂਦੇ ਹਨ। ਇਕ ਹੋਰ ਸਿੰਗ ਜਿਸਦਾ ਪਿਛਲਾ ਹਿੱਸਾ ਰਗੜ-ਰਗੜ ਕੇ ਸੂਏ ਵਰਗਾ ਕੀਤਾ ਹੁੰਦਾ ਹੈ, ਕਿਸੇ ਗਾਂ ਦੇ ਖ਼ੂਨ ਵਾਲੀ ਨਾੜੀ ਵਿਚ ਚੁਭੋਇਆ ਜਾਂਦਾ ਹੈ ਤੇ ਗਰਮਾ-ਗਰਮ ਖ਼ੂਨ ਦਾ ਉਹ ਗਲਾਸ ਰੂਪੀ ਸਿੰਗ ਭਰ ਕੇ ਪ੍ਰਾਹੁਣੇ ਨੂੰ ਪੀਣ ਲਈ ਦਿੱਤਾ ਜਾਂਦਾ ਹੈ। ਇਹ ਇਕ ਆਮ ਰਿਵਾਜ ਤੇ ਪ੍ਰਾਹੁਣਚਾਰੀ ਦਾ ਵਧੀਆ ਸਲੀਕਾ ਮੰਨਿਆ ਜਾਂਦਾ ਹੈਂ ਪਰ ਹੋਰ ਕੋਈ ਸ਼ਾਇਦ ਇਸ ਤਰ੍ਹਾਂ ਦਾ ਲਹੂ ਨਾ ਪੀ ਸਕਦਾ ਹੋਵੇ ਤੇ ਉਲਟੀ ਕਰ ਦੇਵੇ।

ਧਾਰਮਿਕ ਗ੍ਰੰਥਾਂ ਵਿਚ ਲਿਖਿਆ ਹੋਇਆ ਹੈ ਕਿ ਬੱਚਾ ਮਾਂ ਦੇ ਪੇਟ ਵਿਚ ਨੌਂ ਮਹੀਨੇ ਬਹੁਤ ਜ਼ਿਆਦਾ ਤਾਪਮਾਨ ਵਿਚ ਪੁੱਠਾ ਲਟਕਿਆ ਰਹਿੰਦਾ ਹੈ ਤੇ ਇਸ ਤਰ੍ਹਾਂ ਬੱਚਾ ਨੌਂ ਮਹੀਨੇ ਦੁੱਖ ਭੋਗਦਾ ਹੈ ਪਰ ਵਿਗਿਆਨੀਆਂ ਦਾ ਵਿਚਾਰ ਇਸ ਤੋਂ ਬਿਲਕੁਲ ਉਲਟ ਹੈ। ਵਿਗਿਆਨੀਆਂ ਨੇ ਸਿੱਧ ਕੀਤਾ ਹੈ ਕਿ ਜਿੰਨਾ ਸੁੱਖ ਬੱਚੇ ਨੂੰ ਮਾਂ ਦੇ ਪੇਟ ਵਿਚ ਮਿਲਦਾ ਹੈ ਓਨਾਂ ਹੋਰ ਕਿਤੇ ਨਹੀਂ ਮਿਲਦਾ। ਬੱਚਾ ਗੁਣਗੁਣੇ ਪਾਣੀ ਦੇ ਟੱਬ ਨੁਮਾ ਭੁਕਾਨੇ ਜਹੇ ਵਿਚ ਤੈਰਦਾ ਹੈ ਤੇ ਖੁਸ਼ ਹੁੰਦਾ ਹੈ। ਅੱਜਕੱਲ ਸਕੈਨਿੰਗ ਸਕਰੀਨ 'ਤੇ ਹੱਸਦਾ ਤੇ ਖ਼ੁਸ਼ ਹੁੰਦਾ ਬੱਚਾ ਵੇਖਿਆ ਜਾ ਸਕਦਾ ਹੈ। ਵਿਗਿਆਨੀ ਤਾਂ ਇਸ ਸਿੱਟੇ 'ਤੇ ਵੀ ਪਹੁੰਚੇ ਹਨ ਕਿ ਜ਼ਿੰਦਗੀ ਦੇ ਸੁੱਖ ਆਰਾਮ ਬੱਚੇ ਦੇ ਨੌਂ ਮਹੀਨੇ ਪੇਟ ਵਿਚ ਰਹਿਣ ਦੇ ਸੁੱਖ ਵਜੋਂ ਹੀ ਹੋਂਦ ਵਿਚ ਆਏ ਹਨ। ਜੋ ਲੋਕ ਇਹ ਕਹਿੰਦੇ ਹਨ ਕਿ ਨੌਂ ਮਹੀਨੇ ਬੱਚਾ ਮਾਂ ਦੇ ਪੇਟ ਵਿਚ ਵਰ੍ਹਦੀ ਅੱਗ ਵਿਚ ਦੁੱਖ ਭੋਗਦਾ ਹੈ, ਵਿਗਿਆਨੀ ਕਹਿੰਦੇ ਹਨ ਕਿ ਉਹਨਾਂ ਦੀ ਗੱਲ ਬਿਲਕੁਲ ਗਲਤ ਹੈ। ਕੋਈ ਦੱਸੇ ਕਿ ਸਧਾਰਨ ਲੋਕ ਕਿਸ ਗੱਲ ਨੂੰ ਠੀਕ ਮੰਨਣ? ਵਿਗਿਆਨੀਆਂ ਦੀ ਗੱਲ ਨੂੰ ਤਾਂ ਠੀਕ ਮੰਨਣਾਂ ਹੀ ਪਵੇਗਾ।

ਤਿੱਬਤ ਵਿਚ ਇਹ ਰਿਵਾਜ਼ ਸੈਂਕੜੇ ਸਾਲ ਰਿਹਾ ਹੈ ਕਿ ਬੱਚਾ ਜਦੋਂ ਜੰਮਦਾ ਹੀ ਸੀ ਤਾਂ ਉਸ ਨੂੰ ਸੱਤ ਵਾਰ ਠੰਡੇ ਪਾਣੀ ਵਿਚ (ਆਈਸ ਕੋਲਡ ਵਾਟਰ) ਵਿਚ ਡੁਬਕੀਆਂ ਦੇ ਕੇ ਨੁਹਾਇਆ ਜਾਂਦਾ ਸੀ ਸਿੱਟੇ ਵਜੋਂ ਦੱਸ ਵਿਚੋਂ ਸੱਤ ਬੱਚੇ ਮਰ ਜਾਂਦੇ ਸਨ। ਪਰ ਜਦੋਂ ਅਨਪੜ੍ਹਤਾ ਖ਼ਤਮ ਹੋਈ ਤਾਂ ਮੌਤ ਦਰ ਘਟ ਕੇ ਸੌਵਾਂ ਹਿੱਸਾ ਰਹਿ ਗਈ। ਕਿਉਂਕਿ ਪਹਿਲਾਂ ਲੋਕ ਇਹ

ਮੰਨ ਕੇ ਚਲਦੇ ਸਨ ਕਿ ਜ਼ਿੰਦਗੀ ਤੇ ਮੌਤ ਤਾਂ ਪਰਮਾਤਮਾ ਦੇ ਹੱਥ ਹੈ। ਜੀਹਨੇ ਮਰਨਾ ਹੁੰਦਾ ਹੈ ਓਹਨੇ ਮਰ ਹੀ ਜਾਣਾ ਹੈ ਤੇ ਜੀਹਨੇ ਬਚਣਾ ਹੁੰਦਾ ਹੈ ਓਹ ਬਚ ਹੀ ਜਾਂਦਾ ਹੈ। ਦੱਸ ਕੁ ਸਾਲ ਪਹਿਲਾਂ ਤਾਂ ਸ਼ਹਿਰਾਂ ਵਿਚ ਵੀ ਬੱਚੇ ਦਾਈਆਂ ਹੀ ਜਮਾਉਂਦੀਆਂ ਸਨ ਤੇ ਪਿੰਡਾਂ ਵਿਚ ਅਜੇ ਵੀ ਇਹ ਕੰਮ ਦਾਈਆਂ ਹੀ ਕਰਦੀਆਂ ਹਨ। ਬੱਚਾ ਜੰਮਣ 'ਤੇ ਕਿਸੇ ਵੀ ਗੰਦੇ-ਮੰਦੇ ਰੰਬੇ ਜਾਂ ਦਾਤਰੀ ਨਾਲ ਨਾੜੂ ਵੱਢ ਦੇਂਦੀਆਂ ਸਨ ਤੇ ਕਈ ਬੱਚੇ ਚਾਨਣੀ (ਟੈਟਨਸ) ਦੀ ਬੀਮਾਰੀ ਨਾਲ ਮਰ ਜਾਂਦੇ ਸਨ। ਅੱਗੇ ਕੋਈ ਵੀ ਬੱਚਾ ਸਮੇਂ ਤੋਂ ਪਹਿਲਾਂ ਜੰਮ ਪਵੇ ਤਾਂ ਮਰ ਹੀ ਜਾਂਦਾ ਸੀ ਪਰ ਹੁਣ ਅਮਰੀਕਾ ਵਿਚ 110 ਦਿਨ ਦਾ ਭਰੂਣ ਅਰਥਾਤ ਚਾਰ ਮਹੀਨਿਆਂ ਤੋਂ ਵੀ ਘੱਟ ਦਾ ਬੱਚਾ ਡਾਕਟਰ ਬਚਾਅ ਲੈਂਦੇ ਹਨ।

ਮੱਛੀ ਖਾਣੀ ਬੰਗਾਲੀਆਂ ਦੀ ਮਜ਼ਬੂਰੀ ਹੈ। ਥਾਈਲੈਂਡ ਵਿਚ ਸ਼ਾਕਾਹਾਰੀ ਭੋਜਨ ਵੀ ਮੱਛੀ ਦੇ ਤੇਲ ਵਿਚ ਹੀ ਬਣਦਾ ਹੈ। ਜੇ ਅੱਜ ਸਾਰੇ ਬੰਗਾਲੀ ਸਿੱਖ ਪ੍ਰਚਾਰਕਾਂ ਦੇ ਸਮਝਾਉਣ 'ਤੇ ਅੰਮ੍ਰਿਤ ਛਕਣ ਲਈ ਤਿਆਰ-ਬਰ-ਤਿਆਰ ਹੋ ਕੇ ਲਾਈਨ ਵਿਚ ਖੜੋ ਜਾਣ ਤੇ ਉਹਨਾਂ ਨੂੰ ਦਸ ਦਿੱਤਾ ਜਾਵੇ ਕਿ ਮੱਛੀ ਖਾਣੀ ਮਨ੍ਹਾਂ ਹੈ ਤਾਂ ਉਹ ਲਾਈਨ ਵਿਚੋਂ ਪਾਸੇ ਹਟ ਜਾਣਗੇ ਤੇ ਅੰਮ੍ਰਿਤ ਛਕਣ ਦਾ ਵਿਚਾਰ ਤਿਆਗ ਦੇਣਗੇ ਕਿਉਂਕਿ ਮੱਛੀ ਖਾਣੀ ਉਹਨਾਂ ਦੀ ਮਜਬੂਰੀ ਹੈ। ਦੁਨੀਆਂ ਦੀ ਤਿੰਨ ਚੌਥਾਈ ਅਬਾਦੀ ਲਈ ਮਾਸ ਖਾਣਾ ਮਜਬੂਰੀ ਹੈ। ਪੂਰੇ ਭਾਰਤ ਵਿਚ ਪਸ਼ੂ ਮਾਰਨ ਲਈ ਛੇ ਹਜ਼ਾਰ ਬੁੱਚੜਖਾਨੇ ਹਨ। ਉਹਨਾਂ ਵਿਚ ਪਸ਼ੂ ਨੂੰ ਵੱਢਣ ਨਾਲ ਜਿੰਨਾਂ ਵੀ ਖ਼ੂਨ ਨਿਕਲਦਾ ਹੈ ਉਸ ਵਿਚੋਂ ਭੋਰਾ ਵੀ ਜਾਇਆ ਨਹੀਂ ਜਾਣ ਦਿੱਤਾ ਜਾਂਦਾ ਤੇ ਟੈਂਕਰਾਂ ਵਿਚ ਭਰ ਕੇ ਦੁਆਈਆਂ ਬਨਾਉਣ ਵਾਲੇ ਕਾਰਖਾਨਿਆਂ ਵਿਚ ਭੇਜਿਆ ਜਾਂਦਾ ਹੈ।

ਏਸੇ ਤਰ੍ਹਾਂ ਹੀ ਜਲੰਧਰ ਤੋਂ ਫਗਵਾੜੇ ਜਾਂਦਿਆਂ ਚਹੇੜੂ ਵਾਲਾ ਪੁਲ ਟੱਪਦਿਆਂ ਹੀ ਸੱਜੇ ਹੱਥ ਇਕ ਹੱਡਾਂ ਦਾ ਕਾਰਖ਼ਾਨਾ ਹੈ। ਉਹਨਾਂ ਹੱਡਾਂ ਵਿਚੋਂ "ਪ੍ਰੋਟੀਨ ਕੈਮ" ਨਾਂਅ ਦਾ ਇਕ ਪਾਊਡਰ ਕੱਢਿਆ ਜਾਂਦਾ ਹੈ, ਜਿਸ ਦੀ ਬਹੁਤ ਮੰਗ ਹੈ ਤੇ ਆਈਸ ਕ੍ਰੀਮ ਬਣਾਉਣ ਅਤੇ ਟੁੱਥਪੇਸਟ ਬਨਾਉਣ ਵਾਲੀਆਂ ਕੰਪਨੀਆਂ ਦਾ ਲੱਖਾਂ ਰੁਪਿਆ ਐਡਵਾਂਸ ਦੇ ਰੂਪ ਵਿਚ ਇਸ ਫੈਕਟਰੀ ਵਿਚ ਜਮਾਂ ਰਹਿੰਦਾ ਹੈ। ਜੇ ਆਈਸਕ੍ਰੀਮ ਵਿਚ ਹੱਡਾਂ ਵਿਚੋਂ ਨਿਕਲਿਆ ਹੋਇਆ ਇਹ ਪਾਊਡਰ ਨਾ ਪਾਇਆ ਜਾਵੇ ਤਾਂ ਆਈਸਕ੍ਰੀਮ ਨਹੀਂ ਬਣ ਸਕਦੀ ਤੇ ਏਸੇ ਤਰ੍ਹਾਂ ਹੀ ਇਸ ਤੋਂ ਬਿਨ੍ਹਾਂ ਟੁੱਥਪੇਸਟ ਵੀ ਨਹੀਂ ਬਣ ਸਕਦੀ। ਲੇਸ ਜਹੀ ਬਨਾਉਣ ਦਾ ਕੰਮ ਇਹ ਪਾਊਡਰ ਹੀ ਕਰਦਾ ਹੈ, ਨਹੀਂ ਤਾਂ ਜਦੋਂ ਟੁੱਥਪੇਸਟ ਬ੍ਰਸ਼ 'ਤੇ ਲਾਈ ਜਾਵੇਗੀ ਤਾਂ ਉਹ ਦਾਣਿਆਂ ਵਾਂਗ ਭੁਰ ਕੇ ਥੱਲੇ ਡਿੱਗ ਪਵੇਗੀ। ਆਈਸਕ੍ਰੀਮ ਨਾਲ ਵੀ ਏਸੇ ਤਰ੍ਹਾਂ ਹੀ ਹੋਵੇਗਾ। ਅਮਰੀਕਾ ਕਨੇਡਾ ਤੇ ਹੋਰ ਯੂਰਪੀਨ ਦੇਸ਼ਾਂ ਵਿਚ ਦਹੀਂ ਜਮਾਉਣ ਲਈ ਕੱਟੇ ਦੇ ਗਿੱਟੇ ਵਿਚੋਂ ਕੱਢੇ ਹੋਏ ਪਦਾਰਥ ਨੂੰ ਜਾਗ ਲਾਉਣ ਲਈ ਵਰਤਿਆ ਜਾਂਦਾ ਹੈ ਤੇ ਦਹੀਂ ਲੇਸਲਾ ਜਿਹਾ ਹੁੰਦਾ ਹੈ ਪਰ ਇਸ ਵਿਚ ਪੌਸ਼ਟਿਕ ਤੱਤ ਬਹੁਤ ਹੁੰਦੇ ਹਨ। ਕਈ ਸਿੱਖ ਕਿੱਲ੍ਹ-ਕਿੱਲ੍ਹ ਕੇ ਮਾਸ ਨਾ ਖਾਣ ਦਾ ਪਰਚਾਰ ਕਰਦੇ ਹਨ। ਕੋਈ ਉਹਨਾਂ ਨੂੰ ਪੁੱਛੇ ਕਿ ਕੀ ਉਹ ਆਈਸਕ੍ਰੀਮ ਨਹੀਂ ਖਾਂਦੇ? ਕੀ ਸਵੇਰੇ ਦੰਦਾ ਨੂੰ ਬ੍ਰੱਸ਼ ਨਹੀਂ ਕਰਦੇ? ਕੀ ਮਾਸ ਨਾ ਖਾਣ ਦੀਆਂ ਗੱਲਾਂ ਕਰਨ ਵਾਲੇ ਉਹ ਲੋਕ ਢੋਂਗੀ ਨਹੀਂ ਹਨ? ਕੀ ਉਹਨਾਂ ਨੇ ਕਦੇ ਤਾਕਤ ਦੀ ਦਵਾਈ ਨਹੀਂ ਖਾਧੀ? ਉਹ ਵੀ ਤਾਂ ਡੰਗਰਾਂ ਦੇ ਖ਼ੂਨ ਦੀ ਹੀ ਬਣਦੀ ਹੈ। ਖੰਘ ਦੀ ਦਵਾਈ ਤੇ ਹੋਰ ਹਰ ਪਰਕਾਰ ਦੀਆਂ ਤਰਲ ਦਵਾਈਆਂ ਵਿਚ ਸ਼ਰਾਬ ਜ਼ਰੂਰ ਪੈਂਦੀ ਹੈ, ਨਹੀਂ ਤਾਂ ਦਵਾਈ ਜੰਮ ਕੇ

ਲੇਬਾ ਜਿਹਾ ਬਣ ਜਾਵੇਗੀ। ਖੰਘ ਦੀ ਦਵਾਈ ਵਿਚ ਤਾਂ ਅਫੀਮ ਵੀ ਪੈਂਦੀ ਹੈ। ਫਿਰ ਠੀਕ ਕੌਣ ਹੋਇਆ?

ਅਫਰੀਕਾ ਵਿਚ ਲੋਕ ਕੀੜੇ ਮਕੌੜੇ, ਕੋਹੜਕਿਰਲੇ, ਤਿਲਚੱਟੇ ਭੁੰਨ ਕੇ ਖਾਂਦੇ ਹਨ। ਅਫਰੀਕਾ ਵਿਚ ਹੀ ਬੋਕਾਸੋ ਤੇ ਯੂਗਾਂਡਾ ਦਾ ਰਾਸ਼ਟਰਪਤੀ ਈਦੀ ਅਮੀਨ ਬੰਦਿਆਂ ਦਾ ਮਾਸ ਖਾਂਦੇ ਫੜੇ ਗਏ ਸਨ। ਈਦੀ ਅਮੀਨ ਕਹਿੰਦਾ ਹੈ ਕਿ ਬੱਚਿਆਂ ਦਾ ਮਾਸ ਸਭ ਤੋਂ ਵੱਧ ਸਵਾਦ ਹੁੰਦਾ ਹੈ ਤੇ ਉਸਦੇ ਫਰਿੱਜ ਵਿਚੋਂ ਵੀ ਬੱਚਿਆਂ ਦਾ ਮਾਸ ਹੀ ਫੜਿਆ ਗਿਆ ਸੀ। ਕਿਉਂਕਿ ਉਹ ਇਕ ਆਦਮਖੋਰ ਕਬੀਲੇ ਵਿਚੋਂ ਸੀ, ਇਸ ਲਈ ਬੰਦੇ ਦਾ ਮਾਸ ਖਾਣ ਦੀ ਉਹਨਾਂ ਨੂੰ ਕੋਈ ਘ੍ਰਿਣਾ ਨਹੀਂ ਸੀ ਪਰ ਹੋਰ ਕੋਈ ਇਸ ਤਰ੍ਹਾਂ ਸੋਚ ਵੀ ਨਹੀਂ ਸਕਦਾ। ਅਫਰੀਕਾ ਵਿਚ ਇਕ ਈਸਾਈ ਪਾਦਰੀ, ਜੋ ਮਿਸ਼ਨਰੀ ਦੇ ਤੌਰ 'ਤੇ ਅਫਰੀਕਾ ਗਿਆ ਸੀ, ਇਕ ਆਦਮਖੋਰ ਕਬੀਲੇ ਦੇ ਢਹੇ ਚੜ੍ਹ ਗਿਆ ਤਾਂ ਉਹਨਾਂ ਨੇ ਉਸਦਾ ਮਾਸ ਰਿੰਨ੍ਹ ਕੇ ਖਾ ਲਿਆ।

ਮੁਸਲਮਾਨ ਦਿਨੇ ਰੋਜ਼ੇ ਰੱਖਦੇ ਹਨ ਤੇ ਰਾਤ ਨੂੰ ਖਾਂਦੇ ਹਨ ਪਰ ਜੈਨੀ ਸੂਰਜ ਛਿਪਣ ਤੋਂ ਬਾਅਦ ਪਾਣੀ ਵੀ ਨਹੀਂ ਪੀਂਦੇ। ਬ੍ਰਾਹਮਣ ਮਾਸ ਨਹੀਂ ਖਾਂਦੇ ਪਰ ਰਾਮਕ੍ਰਿਸ਼ਨ ਪਰਮਹੰਸ ਜੋ ਹਿੰਦੂਆਂ ਦੇ ਪੂਜਨੀਕ ਸੰਤ ਹੋਏ ਹਨ, ਮਾਸ ਖਾਂਦੇ ਸਨ। ਬਹੁਤੇ ਕਸ਼ਮੀਰੀ ਪੰਡਤ ਮਾਸ ਖਾ ਲੈਂਦੇ ਹਨ। ਪੰਡਤ ਜਵਾਹਰ ਲਾਲ ਨਹਿਰੂ ਦਾ ਪਰਿਵਾਰ ਵੀ ਮਾਸ ਦਾ ਸ਼ੌਕੀਨ ਹੈ ਪਰ ਉੱਤਰੀ ਭਾਰਤ ਦੇ ਬ੍ਰਾਹਮਣ ਮਾਸ ਨਹੀਂ ਖਾਂਦੇ। ਮਹਾਤਮਾ ਬੁੱਧ ਕਹਿੰਦੇ ਸਨ, ਕਿਸੇ ਜਾਨਵਰ ਨੂੰ ਮਾਰਨ ਵਿਚ ਹਿੰਸਾ ਹੈ ਪਰ ਮਰਿਆ ਮਰਾਇਆ ਖਾਣ ਦਾ ਕੋਈ ਹਰਜ਼ ਨਹੀਂ। ਜੈਨੀ ਕਹਿੰਦੇ ਹਨ ਮਾਸ ਖਾਣ ਬਾਰੇ ਸੋਚਣਾ ਵੀ ਪਾਪ ਹੈ।

ਦ੍ਰੋਪਤੀ ਦੇ ਪੰਜ ਪਤੀ ਸਨ ਪਰ ਫੇਰ ਵੀ ਹਿੰਦੂ ਦ੍ਰੋਪਤੀ ਨੂੰ ਉਹਨਾਂ ਪੰਜ ਕੰਨਿਆਵਾਂ ਵਿਚੋਂ ਮੰਨਦੇ ਹਨ, ਜਿਨ੍ਹਾਂ ਦਾ ਸਵੇਰੇ ਨਾਂਅ ਜੱਪਣਾ ਸ਼ੁੱਭ ਹੈ। ਮੁਸਲਮਾਨ ਪੰਜ ਵਾਰ ਨਮਾਜ਼ ਪੜ੍ਹਦੇ ਹਨ ਤੇ ਈਸਾਈ ਹਫਤੇ ਵਿਚ ਇਕ ਦਿਨ ਐਤਵਾਰ ਹੀ ਚਰਚ ਜਾਂਦੇ ਹਨ। ਹਜ਼ਰਤ ਮੁਹੰਮਦ ਸਾਹਿਬ ਨੇ ਨੌਂ ਵਿਆਹ ਕੀਤੇ ਜਦੋਂ ਉਹ ਚੌਦਾ ਸਾਲ ਦੇ ਸਨ ਤਾਂ ਚਾਲ੍ਹੀ ਸਾਲ ਦੀ ਔਰਤ ਨਾਲ ਵਿਆਹ ਕੀਤਾ ਤੇ ਜਦੋਂ ਚਾਲੀਆਂ ਸਾਲਾਂ ਦੇ ਸਨ, ਓਦੋਂ ਚੌਦਾ ਸਾਲ ਦੀ ਕੁੜੀ ਨਾਲ ਵਿਆਹ ਕੀਤਾ। ਚਾਰ ਵਿਆਹ ਤਾਂ ਹਰ ਮੁਸਲਮਾਨ ਲਈ ਜਾਇਜ਼ ਹੀ ਹਨ ਪਰ ਸਾਰੇ ਯੂਰਪ ਵਿਚ ਤੇ ਭਾਰਤ ਵਿਚ ਇਕ ਪਤਨੀ ਨੂੰ ਰੱਖਣਾ ਹੀ ਠੀਕ ਸਮਝਿਆ ਜਾਂਦਾ ਹੈ। ਪਹਿਲਾਂ ਅਮਰੀਕਾ ਤੇ ਦੁਨੀਆਂ ਦੇ ਕਈ ਹੋਰ ਦੇਸ਼ਾਂ ਵਿਚ ਬੰਦਾ ਬੰਦੇ ਨੂੰ ਡੰਗਰਾਂ ਵਾਂਗ ਵੇਚਦਾ ਤੇ ਖਰੀਦਦਾ ਸੀ। ਭਾਰਤ ਵਿਚ ਅਛੂਤ ਦਾ ਪਰਛਾਵਾਂ ਵੀ ਪੈ ਜਾਵੇ ਤਾਂ ਹਿੰਦੂ ਅਪਵਿੱਤਰ ਹੋ ਜਾਂਦਾ ਹੈ। ਵੇਦਾਂ ਦੇ ਹਰ ਚੈਪਟਰ 'ਤੇ ਲਿਖਣ ਵਾਲੇ ਦਾ ਨਾਂਅ ਲਿਖਿਆ ਹੋਇਆ ਹੈ ਪਰ ਪੜ੍ਹੇ ਲਿਖੇ ਹਿੰਦੂ ਅਜੇ ਵੀ ਆਖੀ ਜਾਂਦੇ ਹਨ ਕਿ ਵੇਦ ਪਰਮਾਤਮਾ ਨੇ ਲਿਖੇ ਹਨ। ਵੇਦਾਂ ਵਿਚ ਕਈਆਂ ਥਾਵਾਂ 'ਤੇ ਲਿਖਿਆ ਹੋਇਆ ਹੈ ਕਿ ਹੇ ਪਰਮਾਤਮਾ ਸਿਰਫ ਮੇਰੇ ਖੇਤ ਵਿਚ ਹੀ ਮੀਂਹ ਪਾ ਤੇ ਮੇਰੇ ਦੁਸ਼ਮਣ ਦਾ ਖੇਤ ਸੁੱਕਾ ਹੀ ਰੱਖ। ਮੈਂ ਤੈਨੂੰ ਰਜਾ ਕੇ ਸੋਮਰਸ ਪਿਆਵਾਂਗਾ। ਮੇਰੀ ਗਾਂ ਦੇ ਥਣਾਂ ਵਿਚ ਦੁੱਧ ਪਾ ਤੇ ਮੇਰੇ ਗੁਆਂਢੀ ਦੀ ਗਾਂ ਦਾ ਦੁੱਧ ਸੁਕਾ ਦੇ। ਪਰ ਦੂਜੇ ਪਾਸੇ ਸਿੱਖ ਧਰਮ ਸਰਬੱਤ ਦਾ ਭਲਾ ਮੰਗਦਾ ਹੈ ਤੇ ਕਹਿੰਦਾ ਹੈ ;

"ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ।"

ਚੀਨ ਦੇ ਲੋਕ ਮੰਨਦੇ ਹਨ ਕਿ ਲਾਓਤਸੇ 84 ਸਾਲ ਦੀ ਉਮਰ ਦਾ ਬੁੱਢਾ ਹੀ ਪੈਦਾ ਹੋਇਆ ਸੀ। ਏਸੇ ਤਰ੍ਹਾਂ ਹੀ ਸਿੱਖਾਂ ਵਿਚੋਂ ਨਿਕਲੇ ਹੋਏ ਦੇਹਧਾਰੀ ਗੁਰੂ ਨੂੰ ਮੰਨਣ ਵਾਲੇ ਕੂਕੇ

ਕਹਿੰਦੇ ਹਨ ਕਿ ਬਾਬਾ ਰਾਮ ਸਿੰਘ ਕੱਪੜੇ ਪਏ ਪੁਆਏ ਹੀ ਜੰਮਿਆ ਸੀ। ਜਦੋਂ ਬਾਬਾ ਰਾਮ ਸਿੰਘ ਜੰਮੇ ਤਾਂ ਦਾਈ ਨੇ ਵੇਖਿਆ ਕਿ ਇਕ ਗੋਲ ਜਹੀ ਸਿੱਲ ਜੰਮੀ ਹੈ। ਜਦੋਂ ਉਹਨੇ ਸ਼ੀਂਹ ਦੇ ਦਰੱਖਤ ਦੀ ਸੋਟੀ ਨਾਲ ਉਸ ਪੱਥਰ ਵਰਗੀ ਸਿੱਲ ਦੀ ਉਤਲੀ ਪਰਤ ਹਟਾਈ ਤਾਂ ਥੱਲਿਓਂ ਕੱਪੜੇ ਪਏ ਪੁਆਏ ਹੀ ਬਾਬਾ ਰਾਮ ਸਿੰਘ ਨਿਕਲਿਆ।

ਹਿੰਦੂ ਕਹਿੰਦੇ ਹਨ ਕਿ ਵਿਸ਼ਵਕਰਮਾ ਦੀ ਪੁਤਰੀ ਦਾ ਵਿਆਹ ਸੂਰਜ ਨਾਲ ਹੋਇਆ ਸੀ। ਉਹਨੇ ਆ ਕੇ ਆਪਣੇ ਪਿਤਾ ਕੋਲ ਸ਼ਿਕਾਇਤ ਕੀਤੀ ਕਿ ਮੇਰੇ ਕੋਲੋਂ ਸੂਰਜ ਵੱਲ ਵੇਖਿਆ ਨਹੀਂ ਜਾਂਦਾ ਤੇ ਮੇਰੀਆਂ ਅੱਖਾਂ ਚੁੰਧਿਆ ਜਾਂਦੀਆਂ ਹਨ। ਤਾਂ ਕਹਿੰਦੇ ਹਨ ਬਾਬਾ ਵਿਸ਼ਵਕਰਮਾ ਨੇ ਸੂਰਜ ਨੂੰ ਫੜ ਕੇ ਖਰਾਦ 'ਤੇ ਬੰਨ੍ਹ ਲਿਆ ਤੇ ਉਸ ਦਾ ਅੱਠਵਾਂ ਹਿੱਸਾ ਛਾਂਗ ਦਿੱਤਾ। ਇਸ ਤਰ੍ਹਾਂ ਸੂਰਜ ਗੋਲ ਹੋ ਗਿਆ ਤੇ ਜੋ ਛਾਂਗ ਲੱਥਾ ਉਸ ਨਾਲ ਯੁਧਿਸ਼ਟਰ ਦਾ ਰੱਥ, ਕ੍ਰਿਸ਼ਨ ਦਾ ਸੁਦਰਸ਼ਨ ਚੱਕਰ ਤੇ ਸ਼ਿਵ ਜੀ ਦੇ ਛੋਟੇ ਪੁੱਤਰ ਕਾਰਤਿਕੇ ਦੀ ਬਰਛੀ ਬਣਾਈ ਗਈ। ਪਰ ਵਿਗਿਆਨ ਕਹਿੰਦਾ ਹੈ ਕਿ ਸੂਰਜ ਇਕ ਅੱਗ ਦਾ ਗੋਲਾ ਹੈ ਤੇ ਇਸ ਦਾ ਅਕਾਰ ਧਰਤੀ ਤੋਂ ਕਈ ਲੱਖ ਗੁਣਾ ਵੱਡਾ ਹੈ। ਇਹ ਧਰਤੀ ਤੋਂ ਏਨੀ ਦੂਰੀ 'ਤੇ ਹੈ ਕਿ ਇਸ ਦੀ ਕਿਰਨ 8 ਮਿੰਟ 18 ਸਕਿੰਟ ਵਿਚ ਧਰਤੀ ਤੱਕ ਆਉਂਦੀ ਹੈ। ਜੇ ਕੋਈ ਵਿਗਿਆਨੀ ਕੋਈ ਸਪੇਸ ਸ਼ਟਲ ਬਣਾ ਕੇ ਸੂਰਜ ਵੱਲ ਭੇਜੇ ਤੇ ਉਹ ਕਈ ਕਰੋੜ ਮੀਲ ਸੂਰਜ ਤੋਂ ਉਰ੍ਹੇ ਹੋਵੇ ਤਾਂ ਵੀ ਸੜ ਕੇ ਸੁਆਹ ਹੋ ਜਾਵੇਗੀ। ਪਤਾ ਨਹੀਂ ਵਿਸ਼ਕਰਮਾ ਨੇ ਕਿਵੇਂ ਉਹਨੂੰ ਫੜ ਕੇ ਖਰਾਦ 'ਤੇ ਬੰਨ੍ਹ ਲਿਆ ਤੇ ਉਹ ਖਰਾਦ ਕਿੱਡਾ ਹੋਵੇਗਾ ਜਿਸਦੇ ਚੱਕ 'ਤੇ ਸੂਰਜ ਨੂੰ ਬਨ ਕੇ ਛਾਗਿਆਂ ਗਿਆ ਸੀ? ਗਪੌੜੀ ਕਿਸੇ ਥਾਂ ਦੇ।

ਕਈ ਸਿੱਖ ਕਹਿੰਦੇ ਹਨ ਕਿ ਕੇਸ ਪੰਜ ਕਕਾਰਾਂ ਵਿਚ ਹਨ ਤੇ ਕੁਝ ਸਿੱਖ ਕਹਿੰਦੇ ਹਨ ਕੇਸਕੀ ਕਕਾਰਾਂ ਵਿਚ ਸ਼ਾਮਲ ਹੈ, ਕੇਸ ਨਹੀਂ। ਇਸ ਗੱਲ ਦਾ ਫੈਸਲਾ ਅੱਜ ਤਿੰਨ ਸੌ ਸਾਲ ਬੀਤ ਜਾਣ 'ਤੇ ਵੀ ਨਹੀਂ ਹੋ ਸਕਿਆ। ਠੀਕ ਕੀ ਹੈ ਗਲਤ ਕੀ ਹੈ ਕਿਵੇਂ ਫੈਸਲਾ ਹੋਵੇ?

ਸ. ਭਗਤ ਸਿੰਘ ਕਮਿਊਨਿਸਟ ਸਨ ਤੇ ਰੱਬ ਨੂੰ ਨਹੀਂ ਸਨ ਮੰਨਦੇ ਨਾ ਹੀ ਕਿਸੇ ਤਰ੍ਹਾਂ ਦਾ ਕੋਈ ਵਹਿਮ ਭਰਮ ਮੰਨਦੇ ਸਨ। ਧਾਰਮਕ ਮਾਨਤਾਵਾਂ ਦਾ ਉਹਨਾਂ ਲਈ ਕੋਈ ਅਰਥ ਨਹੀਂ ਸੀ। ਜੇਲ੍ਹ ਵਿਚ ਉਹ ਜੇਲ੍ਹ ਵਲੋਂ ਦਿੱਤੀ ਰੋਟੀ ਖਾ ਲੈਂਦੇ ਸਨ, ਹੋਰ ਚੀਜ਼ਾਂ ਵੀ ਖਾ ਲੈਂਦੇ ਸਨ ਪਰ ਲੂਣ ਨਹੀਂ ਸਨ ਖਾਂਦੇ। ਉਹਨਾਂ ਦਾ ਵਿਚਾਰ ਸੀ ਕਿ ਲੋਕ ਕਿਤੇ ਇਹ ਨਾ ਆਖਣ ਕਿ ਅੰਗਰੇਜ਼ਾ ਦਾ ਲੂਣ ਖਾ ਕੇ ਹਰਾਮ ਕਰ ਦਿੱਤਾ ਹੈ।

ਏਸੇ ਤਰ੍ਹਾਂ ਹੀ ਜਿਥੇ ਇਕ ਤੋਂ ਜ਼ਿਆਦਾ ਲੋਕ ਰਹਿੰਦੇ ਹੋਣ ਉਥੇ ਜ਼ਿੰਦਗੀ ਦੇ ਕੁਝ ਅਸੂਲ ਤਾਂ ਬਨਾਉਣੇ ਹੀ ਪੈਂਦੇ ਹਨ। ਮਿਸਾਲ ਦੇ ਤੌਰ 'ਤੇ ਸੜਕ 'ਤੇ ਤੁਰਨ ਦੀ ਗੱਲ ਹੀ ਲੈ ਲਈਏ ਤਾਂ ਭਾਰਤ ਵਿਚ ਤੇ ਏਸ਼ੀਆ ਦੇ ਕਈ ਹੋਰ ਦੇਸ਼ਾਂ ਵਿਚ ਸੜਕ 'ਤੇ ਖੱਬੇ ਪਾਸੇ ਤੁਰਨ ਦਾ ਰਿਵਾਜ ਹੈ ਪਰ ਅਮਰੀਕਾ ਤੇ ਦੁਨੀਆਂ ਦੇ ਹੋਰ ਕਈ ਦੇਸ਼ਾਂ ਵਿਚ ਟਰੈਫਿਕ ਸੱਜੇ ਹੱਥ ਚਲਦੀ ਹੈ। ਇਸ ਵਿਚ ਕਿਹੜੀ ਟਰੈਫਿਕ ਗਲਤ ਹੈ ਤੇ ਕਿਹੜੀ ਠੀਕ ?

ਕਹਿੰਦੇ ਹਨ ਜੀਸਸ ਨੇ ਲਜ਼ਾਰਸ ਨਾਂਅ ਦੇ ਇਕ ਬੰਦੇ ਨੂੰ, ਜਿਸ ਨੂੰ ਮਰੇ ਨੂੰ ਚਾਰ ਦਿਨ ਹੋ ਗਏ ਸਨ, ਜੀਂਦਾ ਕਰ ਦਿੱਤਾ ਸੀ। ਜੀਸਸ ਨੇ ਉਹਨੂੰ ਆਵਾਜ਼ ਮਾਰੀ ਤੇ ਉਹ ਕਬਰ ਵਿਚੋਂ ਬਾਹਰ ਆ ਗਿਆ ਪਰ ਜਦੋਂ ਜੀਸਸ ਨੂੰ ਆਪ ਸਲੀਬ 'ਤੇ ਲਟਕਾਇਆ ਹੋਇਆ ਸੀ ਤਾਂ ਉਹਨਾਂ ਦੇ ਸੱਜੇ ਤੇ ਖੱਬੇ ਪਾਸੇ ਦੋ ਚੋਰਾਂ ਨੂੰ ਵੀ ਸਲੀਬ ਦਿੱਤੀ ਹੋਈ ਸੀ। ਦੋਵੇਂ ਚੋਰ ਬਾਰ ਬਾਰ ਜੀਸਸ ਨੂੰ ਕਹਿ ਰਹੇ ਸਨ ਕਿ ਮਹਾਰਾਜ ਹੁਣ ਕੁਝ ਕਰੋ। ਤੁਸੀਂ ਤਾਂ ਕਈਆਂ ਨੂੰ ਜੀਂਦੇ

ਕੀਤਾ ਹੈ ਤੇ ਕਈਆਂ ਦੇ ਕੋਹੜ ਦੂਰ ਕੀਤੇ ਹਨ। ਹੁਣ ਕੁਝ ਕਿਉਂ ਨਹੀਂ ਕਰਦੇ ? ਪਰ ਉਹ ਕੁੱਝ ਨਾ ਕਰ ਸਕੇ। ਏਸੇ ਤਰ੍ਹਾਂ ਹੀ ਦੰਤ ਕਥਾ ਹੈ ਕਿ ਮਲੂਕ ਦਾਸ ਨੇ ਵੀ ਆਪਣੇ ਇਕ ਚੇਲੇ ਨੂੰ ਜੀਂਦਾ ਕਰ ਦਿੱਤਾ ਸੀ। ਗੁਰੂ ਹਰਕ੍ਰਿਸ਼ਨ ਜੀ ਨੇ ਵੀ ਆਪਣੇ ਨਾਲ ਖੇਡਣ ਵਾਲੇ ਲੜਕੇ, ਜੋ ਮਰ ਗਿਆ ਸੀ, ਨੂੰ ਜੀਂਦਾ ਕਰ ਦਿੱਤਾ ਸੀ ਪਰ ਆਪ ਉਹ ਚੇਚਕ ਦੀ ਬਿਮਾਰੀ ਨਾਲ ਸਵਰਗ ਸਿਧਾਰ ਗਏ ਸਨ। ਡਾਕਟਰਾਂ ਦੀ ਰਾਏ ਅਨੁਸਾਰ ਜੇ ਕਿਸੇ ਵਿਅਕਤੀ ਨੂੰ ਮਰੇ ਹੋਏ ਪੰਜ ਮਿੰਟ ਹੋ ਗਏ ਹੋਣ ਤਾਂ ਉਸਨੂੰ ਜਿੰਦਾ ਕਰਨਾ ਬੇਕਾਰ ਹੈ ਪਰ ਚਾਰ ਦਿਨ ਦੇ ਮਰੇ ਹੋਏ ਬੰਦੇ ਦਾ ਤਾਂ ਸਰੀਰ ਵੀ ਗਲ-ਸੜ ਚੁੱਕਾ ਹੁੰਦਾ ਹੈ। ਇਹਨਾਂ ਕਹਾਣੀਆਂ ਵਿਚ ਠੀਕ ਕੀ ਹੈ ਤੇ ਠੀਕ ਕੀ ਨਹੀਂ ?

ਅਮਰੀਕਾ ਵਿਚ ਲੋਕ ਪੰਜ ਵਾਰ ਭੋਜਨ ਕਰਦੇ ਹਨ ਕਿਉਂਕਿ ਵਿਗਿਆਨੀਆਂ ਦਾ ਇਹ ਮੰਨਣਾ ਹੈ ਕਿ ਮਿਹਦੇ ਉੱਤੇ ਬਹੁਤਾ ਭਾਰ ਨਹੀਂ ਪੈਣਾ ਚਾਹੀਦਾ। ਵਿਗਿਆਨੀਆਂ ਨੇ ਇਹ ਵੀ ਤਜ਼ਰਬਾ ਕੀਤਾ ਹੈ ਕਿ ਅਫਰੀਕਾ ਵਿਚ ਲੋਕ ਸਿਰਫ ਇਕ ਵੇਲੇ ਹੀ ਖਾਂਦੇ ਹਨ ਪਰ ਫਿਰ ਵੀ ਉਹਨਾਂ ਦੇ ਪੇਟ ਬਹੁਤ ਵੱਡੇ ਹਨ। ਜੈਨੀ ਵੀ ਇਕ ਵਾਰ ਖਾਂਦੇ ਹਨ, ਉਨ੍ਹਾਂ ਦੇ ਢਿੱਡ ਵੀ ਵੱਡੇ ਹਨ। ਹਿੰਦੁਸਤਾਨ ਦੇ ਲੋਕ ਦੋ ਵਾਰ ਰੋਟੀ ਖਾਂਦੇ ਹਨ ਤੇ ਉਹਨਾਂ ਦੇ ਢਿੱਡ ਵੀ ਆਮ ਤੌਰ 'ਤੇ ਵੱਡੇ ਹਨ। ਵਿਗਿਆਨੀ ਕਹਿੰਦੇ ਹਨ ਕਿ ਘਿਓ ਖਾਣਾ ਚੰਗਾ ਨਹੀਂ ਕਿਉਂਕਿ ਥੰਦਿਆਈ (Saturated fat) ਨਾੜਾਂ ਵਿਚ ਜੰਮ ਜਾਂਦੀ ਹੈ ਤੇ ਦਿਲ ਦਾ ਦੌਰਾ ਪੈਣ ਦਾ ਖਤਰਾ ਵਧ ਜਾਂਦਾ ਹੈ ਪਰ ਨਾਲ ਹੀ ਵਿਗਿਆਨੀ ਇਹ ਵੀ ਕਹਿੰਦੇ ਹਨ ਕਿ ਦਿਮਾਗ ਦੀਆਂ ਨਾੜਾਂ ਨੂੰ ਮਜ਼ਬੂਤ ਰੱਖਣ ਲਈ ਘਿਓ ਖਾਣਾ ਵੀ ਜ਼ਰੂਰੀ ਹੈ, ਨਹੀਂ ਤਾਂ ਇਸ ਤਰ੍ਹਾਂ ਹੋਵੇਗਾ ਜਿਵੇਂ ਖੇਤਾਂ ਦੀ ਸਿੰਚਾਈ ਕਰਨ ਵਾਲੀ ਆਡ ਦੇ ਨਾਲ ਨਾਲ ਮਿੱਟੀ ਨਾ ਲਾਈ ਜਾਵੇ ਤਾਂ ਆਡ ਵਿਚ ਚੱਲਣ ਵਾਲੇ ਪਾਣੀ ਦੇ ਦਬਾਅ ਨਾਲ ਆਡ ਟੁੱਟ ਜਾਂਦੀ ਹੈ। ਏਸੇ ਤਰ੍ਹਾਂ ਹੀ ਨਾੜਾਂ ਦੇ ਨਾਲ ਇਕ ਖਾਸ ਤਰ੍ਹਾਂ ਦਾ ਪਦਾਰਥ ਨਾ ਲੱਗਾ ਹੋਵੇ, ਜੋ ਘਿਓ ਖਾਣ ਤੋਂ ਤਿਆਰ ਹੁੰਦਾ ਹੈ, ਤਾਂ ਦਿਮਾਗ ਦੀ ਕੋਈ ਨਾੜੀ ਫਟ ਵੀ ਸਕਦੀ ਹੈ, ਜਿਸਨੂੰ ਬਰੇਨ ਹੈਮਰੇਜ ਕਹਿੰਦੇ ਹਨ। ਹੁਣ ਠੀਕ ਕੀ ਹੈ ਤੇ ਗਲਤ ਕੀ ਹੈ?

ਦੁਨੀਆਂ ਦੇ ਹਰ ਮੁਲਕ ਤੇ ਹਰ ਸਮਾਜ ਵਿਚ ਬਹਾਦਰੀ ਨੂੰ ਹੀ ਵਧੀਆ ਮੰਨਿਆ ਗਿਆ ਹੈ ਤੇ ਰਣ ਵਿਚੋਂ ਭੱਜਣ ਵਾਲੇ ਨੂੰ ਪਾਜੀ ਤੇ ਹੋਰ ਪਤਾ ਨਹੀਂ ਕੀ ਕੀ ਆਖਿਆ ਜਾਂਦਾ ਹੈ। ਕਹਿੰਦੇ ਹਨ ਇਕ ਵਾਰ ਕਿਸੇ ਮੁਸਲਮਾਨ ਫੌਜੀ ਨੇ ਹਜ਼ਰਤ ਮੁਹੰਮਦ ਸਾਹਿਬ ਨੂੰ ਪੁਛਿਆ, "ਹਜ਼ੂਰ ਤੁਸਾਂ ਪਿੱਠ 'ਤੇ ਜ਼ਰਾ ਬਕਤਰ ਕਿਉਂ ਨਹੀਂ ਪਾਇਆ? ਤਾਂ ਉਹਨਾਂ ਨੇ ਜੁਆਬ ਦਿੱਤਾ, "ਪਿੱਠ ਦਾ ਬਚਾਅ ਕਰਨ ਲਈ ਪਿੱਠ 'ਤੇ ਢਾਲ ਤਾਂ ਉਹ ਬੰਨਣ ਜਿਹਨਾਂ ਨੇ ਮੈਦਾਨੇ ਜੰਗ ਵਿਚੋਂ ਭੱਜਣਾ ਹੋਵੇ ਤਾਂ ਕਿ ਭੱਜੇ ਜਾਂਦੇ ਦੇ ਮਗਰ ਕੋਈ ਵਾਰ ਨਾ ਕਰ ਦੇਵੇ। ਮੈਂ ਕੋਈ ਮੈਦਾਨੇ ਜੰਗ ਵਿਚੋਂ ਭੱਜਣਾ ਹੈ, ਜਿਹੜਾ ਜ਼ਰਾ ਬਕਤਰ ਪਾਵਾਂ? ਪਰ ਦੂਜੇ ਪਾਸੇ ਕ੍ਰਿਸ਼ਨ ਜੀ ਮੈਦਾਨੇ ਜੰਗ ਵਿਚੋਂ ਭੱਜ ਗਏ ਸਨ, ਜਿਥੇ ਉਹਨਾਂ ਦੇ ਹੋਰ ਕਈ ਨਾਂ ਹਨ ਓਥੇ ਰਣ ਛੱਡ ਕੇ ਭੱਜ ਜਾਣ ਕਰਕੇ ਉਹਨਾਂ ਦਾ ਨਾਂਅ ਰਣਛੋੜ ਦਾਸ ਜੀ ਵੀ ਹੈ। ਮੱਧ ਪ੍ਰਦੇਸ਼ ਵਿਚ ਰਣਛੋੜ ਦਾਸ ਜੀ ਦੇ ਕਈ ਮੰਦਰ ਮੈਂ ਆਪ ਵੇਖੇ ਹਨ।

ਇਸ ਤਰ੍ਹਾਂ ਦੁਨੀਆਂ ਦੇ ਲਗਭਗ ਤਿੰਨ ਸੌ ਧਰਮ ਹਨ ਤੇ ਅੱਗੋਂ ਉਹਨਾਂ ਦੀਆਂ 3000 ਸੰਪਰਦਾਵਾਂ ਹਨ। ਇਸ ਤਰ੍ਹਾਂ ਔਸਤ ਇਕ ਧਰਮ ਦੀਆਂ ਦਸ ਸੰਪਰਦਾਵਾਂ ਬਣਦੀਆਂ ਹਨ ਪਰ ਸਿੱਖ ਧਰਮ ਦੀਆਂ ਦਸ ਤੋਂ ਵੀ ਬਹੁਤ ਵੱਧ ਹਨ। ਹੈਰਾਨੀ ਦੀ ਗੱਲ ਇਹ ਹੈ ਕਿ

ਕੋਈ ਵੀ ਧਰਮ ਇਕ ਦੂਜੇ ਨਾਲ ਮੇਲ ਨਹੀਂ ਖਾਂਦਾ ਤੇ ਇਸ ਤਰ੍ਹਾਂ ਇਕ ਧਰਮ ਦੇ ਮੁਕਾਬਲੇ 299 ਧਰਮ ਖਲੋਅ ਜਾਂਦੇ ਹਨ। ਦੂਜੇ ਪਾਸੇ ਚਾਰਵਾਕ ਕਹਿੰਦੇ ਹਨ, ਸ੍ਰਿਸ਼ਟੀ ਵਿਗਿਆਨਕ ਆਧਾਰ 'ਤੇ ਬਣੀ ਹੈ ਤੇ ਇਸਨੂੰ ਬਨਾਉਣ ਵਾਲਾ ਕੋਈ ਨਹੀਂ। ਜੇ ਕੋਈ ਬਨਾਉਣ ਵਾਲਾ ਹੋਵੇ ਤਾਂ ਫਿਰ ਬਨਾਉਣ ਵਾਲੇ ਨੂੰ ਵੀ ਕੋਈ ਬਨਾਉਣ ਵਾਲਾ ਚਾਹੀਦਾ ਹੈ। ਹਜ਼ਾਰਾਂ ਸਾਲਾਂ ਤੋਂ ਬੰਦਾ ਸੋਚਦਾ ਆ ਰਿਹਾ ਹੈ ਪਰ ਪਰਮਾਤਮਾ ਦੇ ਹੋਣ ਦਾ ਕੋਈ ਵੀ ਸਬੂਤ ਪੇਸ਼ ਨਹੀਂ ਕਰ ਸਕਿਆ। ਛੋਟੇ ਬੱਚਿਆਂ, ਆਦਿਵਾਸੀਆਂ ਤੇ ਪੇਂਡੂਆਂ ਨੂੰ ਤਾਂ ਝੂਠ ਸੱਚ ਦੱਸ ਕੇ ਕਾਇਲ ਕੀਤਾ ਜਾ ਸਕਦਾ ਹੈ ਪਰ ਜਾਗਰੂਕ ਤੇ ਪੜ੍ਹੇ ਲਿਖੇ ਲੋਕਾਂ ਨੂੰ ਨਹੀਂ। ਆਮ ਤੌਰ 'ਤੇ ਆਪਣੇ ਆਪ ਨੂੰ ਗਿਆਨੀ ਸਮਝਣ ਵਾਲੇ ਲੋਕ ਵੀ ਇਹ ਭੇਦ ਸਮਝ ਨਹੀਂ ਸਕਦੇ। ਜਾਂ ਤਾਂ ਉਹ ਦੂਸਰੇ ਨਾਲ ਲੜ ਪੈਂਦੇ ਹਨ ਜਾਂ ਆਪਣੀ ਗੱਲ ਨੂੰ ਆਪ ਹੀ ਕੱਟ ਦੇਂਦੇ ਹਨ। ਕਹਿਣਗੇ ਘੁਮਿਆਰ ਤੋਂ ਬਿਨ੍ਹਾਂ ਘੜਾ ਕਿਵੇਂ ਬਣ ਸਕਦਾ ਹੈ? ਅੱਠ ਸਾਲ ਦਾ ਬੱਚਾ ਵੀ ਅੱਗੋਂ ਪੁੱਛ ਬੈਠਦਾ ਹੈ ਕਿ ਜੇ ਰੱਬ ਨੂੰ ਬਨਾਉਣ ਵਾਲੇ ਤੋਂ ਬਿਨਾਂ ਰੱਬ ਬਣ ਸਕਦਾ ਹੈ ਤਾਂ ਫਿਰ ਘੁਮਿਆਰ ਤੋਂ ਬਿਨਾਂ ਘੜਾ ਕਿਉਂ ਨਹੀਂ ਬਣ ਸਕਦਾ? ਬਸ ਏਨੀ ਗੱਲ ਤੋਂ ਹੀ ਨਿਰਉੱਤਰ ਹੋ ਕੇ ਗਿਆਨੀ ਤੇ ਸੰਤ ਅਖਵਾਉਣ ਵਾਲੇ ਲੋਕ ਅੱਗ ਬਬੂਲਾ ਹੋ ਜਾਂਦੇ ਹਨ।

ਕਹਿੰਦੇ ਹਨ, ਇਕ ਵਾਰ ਇਕ ਪਿੰਡ ਵਿਚ ਇਕ ਛੋਟਾ ਬੱਚਾ ਆਪਣੇ ਗਵਾਂਢੀਆਂ ਦੇ ਘਰੋਂ ਦੀਵਾ ਜਗਾ ਕੇ ਆਪਣੇ ਘਰ ਆ ਰਿਹਾ ਸੀ ਕਿ ਉਹਨੂੰ ਇਕ ਵਿਦਵਾਨ ਗਿਆਨੀ ਮਿਲਿਆ। ਜਿਵੇਂ ਕਿ ਏਹੋ ਜਹੇ ਗਿਆਨੀਆਂ ਨੂੰ ਪੰਗੇ ਲੈਣ ਦੀ ਆਦਤ ਹੁੰਦੀ ਹੈ ਉਸਨੇ ਬੱਚੇ ਨੂੰ ਪੁਛਿਆ, "ਬੇਟਾ ਤੂੰ ਦਸ ਸਕਦਾ ਹੈਂ ਕਿ ਇਸ ਦੀਵੇ ਵਿਚ ਲੋਅ ਕਿਥੋਂ ਆਈ।" ਬੱਚੇ ਨੇ ਫੂਕ ਮਾਰ ਕੇ ਦੀਵਾ ਬੁਝਾ ਦਿੱਤਾ ਤੇ ਉਲਟਾ ਸਵਾਲ ਕਰਦਿਆਂ ਕਿਹਾ "ਗਿਆਨੀ ਜੀ ਤੁਸੀਂ ਦਸ ਸਕਦੇ ਹੋ ਕਿ ਦੀਵੇ ਦੀ ਲੋਅ ਹੁਣ ਕਿੱਥੇ ਗਈ।" ਅਸਲ ਵਿਚ ਇਸ 'ਤੇ ਬਿਲਕੁਲ ਢੁਕਵਾਂ ਪ੍ਰੋ. ਮੋਹਣ ਸਿੰਘ ਨੇ ਲਿਖਿਆ ਹੈ :

ਰਬ ਇਕ ਗੁੰਝਲਦਾਰ ਬੁਝਾਰਤ, ਰਬ ਇਕ ਗੋਰਖ਼ ਧੰਦਾ।
ਖੋਲ੍ਹਣ ਲੱਗਿਆਂ ਪੇਚ ਏਸਦੇ, ਕਾਫ਼ਰ ਹੋ ਜਾਏ ਬੰਦਾ।

ਦੁਨੀਆਂ ਦੇ ਕਿਸੇ ਦੇਸ਼ ਵਿਚ ਵੀ ਧਨ ਤੇ ਲਿੰਗ ਦੀ ਪੂਜਾ ਨਹੀਂ ਹੁੰਦੀ। ਧੰਨ ਸਿਰਫ ਜ਼ਰੂਰਤ ਦੀਆਂ ਚੀਜ਼ਾਂ ਖਰੀਦਣ ਲਈ ਸਾਧਨ ਮਾਤਰ ਹੀ ਹੈ ਪਰ ਭਾਰਤ ਵਿਚ ਇਸਦੀ ਪੂਜਾ ਹੁੰਦੀ ਹੈ ਤੇ ਇਸ ਨੂੰ ਲਛਮੀ ਦੇਵੀ ਦੇ ਰੂਪ ਵਿਚ ਪੂਜਿਆ ਜਾਂਦਾ ਹੈ। ਏਸੇ ਤਰ੍ਹਾਂ ਹੀ ਲਿੰਗ ਨੂੰ ਵੀ ਸ਼ਿਵਜੀ ਦੇ ਅਸਲੀ ਲਿੰਗ ਵਾਂਗ ਪੂਜਿਆ ਜਾਂਦਾ ਹੈ। ਹਰ ਮੁਕਲਾਵੇ ਆਈ ਹਿੰਦੂ ਕੁੜੀ ਲਈ ਪਹਿਲਾਂ ਸ਼ਿਵਜੀ ਦੇ ਮੰਦਰ ਜਾ ਕੇ ਲਿੰਗ ਪੂਜਾ ਕਰਨੀ ਜ਼ਰੂਰੀ ਸਮਝੀ ਜਾਂਦਾ ਹੈ। ਸਾਰੀ ਦੁਨੀਆਂ ਵਿਚ ਇਨ੍ਹਾਂ ਦੋਹਾਂ ਦਾ ਪੂਜਿਆਂ ਜਾਣਾ ਬੜੀ ਅਚੰਭੇ ਵਾਲੀ ਗੱਲ ਹੈ। ਜੈਨੀ ਪ੍ਰਯੂਸ਼ਨ ਪਰਵ ਦੇ ਦਿਨਾਂ ਵਿਚ ਕੋਈ ਵੀ ਹਰੀ ਸਬਜ਼ੀ ਨਹੀਂ ਖਾਂਦੇ ਪਰ ਜੇ ਓਹੋ ਹੀ ਹਰੀ ਸਬਜ਼ੀ ਪੱਕ ਕੇ ਪੀਲੀ ਹੋ ਚੁੱਕੀ ਹੋਵੇ ਤਾਂ ਖਾ ਲੈਂਦੇ ਹਨ। ਵੀਅਤਨਾਮ ਵਿਚ ਸੱਪ ਦਾ ਲਹੂ ਸ਼ਰਾਬ ਵਿਚ ਪਾ ਕੇ ਪੀਤਾ ਜਾਂਦਾ ਹੈ ਤੇ ਖਿਆਲ ਕੀਤਾ ਜਾਂਦਾ ਹੈ ਕਿ ਇਸ ਨਾਲ ਕਾਮ ਸ਼ਕਤੀ ਵਧਦੀ ਹੈ। ਗਾਹਕ ਦੀਆਂ ਅੱਖਾਂ ਸਾਹਮਣੇ ਹੀ ਜੀਂਦੇ ਸੱਪ ਨੂੰ ਕੱਟ ਕੇ ਉਸਦਾ ਲਹੂ ਸ਼ਰਾਬ ਦੇ ਗਲਾਸ ਵਿਚ ਨਿਚੋੜਿਆ ਜਾਂਦਾ ਹੈ ਤੇ ਉਸ ਨੂੰ ਪੀਣ ਲਈ ਦਿੱਤਾ ਜਾਂਦਾ ਹੈ। ਮੇਰਾ ਇਹ ਵੇਖ ਕੇ ਹੀ ਜੀਅ ਖ਼ਰਾਬ ਹੋ ਗਿਆ ਸੀ ਤੇ ਮੈਨੂੰ ਓਸੇ ਵੇਲੇ ਹੀ ਉਲਟੀ ਆ ਗਈ ਸੀ ਪਰ ਕਈ ਲੋਕ ਇਸਨੂੰ ਬੜੇ ਸੁਆਦ ਨਾਲ ਪੀ ਰਹੇ ਸਨ। ਏਸੇ ਤਰ੍ਹਾਂ ਹੀ ਥਾਈਲੈਂਡ ਵਿਚ

ਸੇਵੀਆਂ ਵਰਗੇ ਗੰਡੋਏ ਉਬਾਲ ਕੇ ਖਾਧੇ ਜਾਂਦੇ ਹਨ ਤੇ ਹਰ ਤਰ੍ਹਾਂ ਦਾ ਕੀਟ ਪਤੰਗਾ ਮਕਈ ਦੇ ਦਾਣਿਆਂ ਵਾਂਗ ਭੁੰਨ ਕੇ ਜੇਬ ਵਿਚ ਪਾ ਲਿਆ ਜਾਂਦਾ ਹੈ ਤੇ ਡਰਾਈ ਫਰੂਟ ਵਾਂਗ ਜੇਬ ਵਿਚੋਂ ਕੱਢ-ਕੱਢ ਕੇ ਖਾਧਾ ਜਾਂਦਾ ਹੈ। ਜੋ ਖਾਣ ਗਿੱਝੇ ਹੋਏ ਹਨ, ਉਹਨਾਂ ਨੂੰ ਚੰਗਾ ਲਗਦਾ ਹੈ ਪਰ ਦੂਜਿਆਂ ਨੂੰ ਵੇਖ ਕੇ ਘ੍ਰਿਣਾ ਹੁੰਦੀ ਹੈ। ਦੁਨੀਆਂ ਦੇ ਬਹੁਤੇ ਦੇਸ਼ਾਂ ਵਿਚ ਸੱਪ ਦਾ ਮਾਸ ਸੁਆਦ ਨਾਲ ਖਾਧਾ ਜਾਂਦਾ ਹੈ। ਚੀਨ ਵਿਚ ਡੱਡੂ ਚੂਹੇ ਤੇ ਸੱਪ ਆਮ ਖਾਧੇ ਜਾਂਦੇ ਹਨ। ਓਥੇ ਇਹ ਵਿਚਾਰ ਹੈ ਕਿ ਜਿਸ ਚੀਜ਼ ਦੀ ਪਿੱਠ ਅਸਮਾਨ ਵੱਲ ਨੂੰ ਹੋਵੇ, ਉਹ ਖਾਣ ਦੇ ਯੋਗ ਹੈ ਤੇ ਜੋ ਸਿੱਧਾ ਖਲੋਂਦਾਂ ਹੋਵੇ ਉਹ ਚੀਜ਼ ਖਾਣ ਦੇ ਕਾਬਲ ਨਹੀਂ। ਜਿਵੇਂ ਬੰਦਾ ਸਿੱਧਾ ਖਲੋਂਦਾ ਹੈ। ਇਸ ਲਈ ਖਾਣ ਦੇ ਕਾਬਲ ਨਹੀਂ। ਹਿੰਦੂ ਧਰਮ ਵਿਚ ਜੇ ਕੋਈ ਮਰ ਜਾਵੇ ਤਾਂ ਉਸਨੂੰ ਸਾੜਿਆ ਜਾਂਦਾ ਹੈ ਪਰ ਕਈਆਂ ਮੁਲਕਾਂ ਵਿਚ ਮੁਰਦੇ ਨੂੰ ਦੱਬਿਆ ਜਾਂਦਾ ਹੈ, ਕਈਆਂ ਨੂੰ ਸਮੁੰਦਰ ਵਿਚ ਰੋਹੜਿਆ ਜਾਂਦਾ ਹੈ ਪਰ ਪਾਰਸੀ ਗਿਰਝਾਂ ਨੂੰ ਖਵਾ ਦੇਂਦੇ ਹਨ। ਭਾਰਤ ਵਿਚ ਹਿੰਦੂ ਮਰੇ ਦਾ ਭੋਗ ਚੌਥੇ ਦਿਨ ਹੀ ਪਾ ਦੇਂਦੇ ਹਨ, ਸਿੱਖ ਦਸਾਂ ਦਿਨਾਂ ਬਾਅਦ ਜਾਂ ਸਤਾਰਾਂ ਦਿਨਾਂ ਬਾਅਦ ਤੇ ਕਈ ਦੇਸ਼ਾਂ ਵਿਚ ਖਾਸ ਕਰ ਜਿਹੜੇ ਚੀਨ ਦੇ ਲਾਗੇ ਛਾਗੇ ਦੇ ਹਨ, ਓਥੇ ਮਰਨ ਵਾਲੇ ਦੇ ਰਿਸ਼ਤੇਦਾਰਾਂ ਦੀ ਕਮੀਜ਼ ਦੀ ਬਾਂਹ 'ਤੇ ਕਾਲੇ ਰੰਗ ਦੀ ਪੱਟੀ ਬੰਨ ਦੇਂਦੇ ਹਨ ਤੇ ਉਹ ਤਿੰਨ ਸਾਲ ਤਕ ਸੋਗ ਮਨਾਉਂਦੇ ਰਹਿੰਦੇ ਹਨ। ਨਾ ਉਹ ਏਨੇ ਸਮੇਂ ਵਿਚ ਕਿਸੇ ਨੂੰ ਮਿਲਦੇ ਹਨ ਤੇ ਨਾ ਹੀ ਕਿਸੇ ਤਿਓਹਾਰ ਵਿਚ ਹੀ ਹਿੱਸਾ ਲੈਂਦੇ ਹਨ। ਇਸ ਵਿਚ ਕਿਹੜੀ ਗੱਲ ਠੀਕ ਹੈ ਤੇ ਕਿਹੜੀ ਗਲਤ? ਛਾਤੀ ਠੋਕ ਕੇ ਕੌਣ ਕਹਿ ਸਕਦਾ ਹੈ?

ਇਕ ਪਾਸੇ ਕ੍ਰਿਸ਼ਨ ਹੈ ਜੋ ਕਹਿੰਦਾ ਹੈ ਨਾ ਕੋਈ ਜੰਮਦਾ ਹੈ ਨਾ ਮਰਦਾ ਹੈ ਤੇ ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਜੰਗ ਨੂੰ ਉਤਸ਼ਾਹਤ ਕਰਦਾ ਹੈ ਦੂਜੇ ਪਾਸੇ ਜੈਨੀਆਂ ਦੇ ਮਹਾਂਵੀਰ ਹਨ ਜੋ ਕਹਿੰਦੇ ਹਨ ਕੀੜੀ ਵੀ ਮਰ ਜਾਵੇ ਤਾਂ ਨਰਕ ਜਾਣਾ ਪੈਂਦਾ ਹੈ। ਮਹਾਤਮਾ ਬੁੱਧ ਕਹਿੰਦੇ ਹਨ ਨਾ ਆਤਮਾ ਹੈ ਨਾ ਪਰਮਾਤਮਾ। ਬਸ ਇਹ ਮੁਫਤ ਤੇ ਬੇਕਾਰ ਦਾ ਜੀਵਨ ਹੈ ਪਰ ਫਿਰ ਵੀ ਕਿਸੇ ਨੂੰ ਦੁਖੀ ਨਾ ਕਰੋ ਕਿਉਂਕਿ ਆਖਰ ਤੁਹਾਡਾ ਤੇ ਜਿਸ ਨੂੰ ਤੁਸੀਂ ਤੰਗ ਕਰ ਰਹੇ ਹੋ ਉਸਦਾ ਵੀ ਅੰਤ ਤਾਂ ਹੋਣਾ ਹੀ ਹੈ। ਜੀਸਸ ਬੜੇ ਦਾਅਵੇ ਨਾਲ ਆਪਣੇ ਆਪ ਨੂੰ ਰੱਬ ਦਾ ਪੁੱਤਰ ਕਹਿੰਦੇ ਸੰਨ ਤੇ ਕਹਿੰਦੇ ਸਨ "ਵੇਖ ਲਿਓ ਮੈਂ ਸਵਰਗ ਵਿਚ ਰੱਬ ਦੇ ਬਰਾਬਰ ਸੱਜੇ ਹੱਥ ਬੈਠਾ ਹੋਵਾਂਗਾ।" ਸਿੱਖ ਧਰਮ ਵਿਚ ਵਾਲ ਰੱਖਣੇ ਸਿੱਖ ਹੋਣ ਦੀ ਪਹਿਲੀ ਤੇ ਮੁੱਢਲੀ ਸ਼ਰਤ ਹੈ ਪਰ ਬਾਕੀ ਸਾਰੀ ਦੁਨੀਆਂ ਵਿਚ ਵਾਲ ਰੱਖਣੇ ਕੋਈ ਜ਼ਰੂਰੀ ਨਹੀਂ। ਨਾ ਹੀ ਕਿਸੇ ਧਰਮ ਦੀ ਇਹ ਕੋਈ ਧਾਰਮਕ ਸ਼ਰਤ ਹੀ ਹੈ। ਕਿਸੇ ਧਾਰਮਕ ਵਿਅਕਤੀ ਦੇ ਪ੍ਰਵਚਨ ਸੁਣ ਕੇ ਕਈਆਂ ਨੂੰ ਨੀਂਦ ਆ ਜਾਂਦੀ ਹੈ ਤੇ ਉਹ ਸਮਝਦੇ ਹਨ ਕਿ ਪ੍ਰਵਚਨ ਉਬਾਊ ਹੋਣ ਕਰਕੇ ਨੀਂਦ ਆਈ ਹੈ। ਸਿੱਖ ਕਹਿੰਦੇ ਹਨ ਗੁਰਬਾਣੀ ਦੇ ਪ੍ਰਵਚਨ ਸੁਣਨੇ ਫੁੱਲਾਂ ਦੀ ਸੇਜ ਬਰਾਬਰ ਹੈ ਇਸ ਲਈ ਨੀਂਦ ਆ ਜਾਂਦੀ ਹੈ ਪਰ ਵਿਗਿਆਨੀ ਕਹਿੰਦੇ ਹਨ ਕਿ ਸੌ ਫੀਸਦੀ ਗੱਲ ਇਹ ਹੈ ਕਿ ਜਦੋਂ ਦਿਮਾਗ ਕੋਈ ਗੱਲ ਸੁਣ ਸੁਣ ਕੇ ਅੱਕ ਜਾਵੇ ਤੇ ਉਸ ਨੂੰ ਸਮਝ ਨਾ ਆਉਂਦੀ ਹੋਵੇ ਤਾਂ ਦਿਮਾਗ ਵਿਚ ਇਕ ਐਸਾ ਪੁਰਜਾ ਲੱਗਾ ਹੁੰਦਾ ਹੈ, ਜਿਹੜਾ ਬੰਦੇ ਨੂੰ ਨੀਂਦ ਦੀ ਅਵਸਥਾ ਵਿਚ ਲੈ ਜਾਂਦਾ ਹੈ। ਏਹੋ ਹੀ ਕਾਰਨ ਹੈ ਕਿ ਬੰਦਾ ਮਨਪਸੰਦ ਪ੍ਰੋਗਰਾਮ ਵੇਖ ਰਿਹਾ ਹੋਵੇ ਤਾਂ ਨੀਂਦ ਨਹੀਂ ਆਉਂਦੀ ਪਰ ਭਾਰੀ ਭਰਕਮ ਪ੍ਰਵਚਨ ਸੁਣਨ ਨਾਲ ਆ ਜਾਂਦੀ ਹੈ।

ਕਈ ਧਰਮ ਸੰਗੀਤ ਨੂੰ ਰੂਹ ਦੀ ਖੁਰਾਕ ਸਮਝਦੇ ਹਨ। ਸਿੱਖ ਅੱਜਕਲ ਪੂਰੀ ਤਰ੍ਹਾਂ ਇਸ 'ਤੇ ਅਮਲ ਕਰ ਰਹੇ ਹਨ। ਉਹਨਾਂ ਦੇ ਖਿਆਲ ਵਿਚ ਸੰਗੀਤ 'ਚ ਕੀਰਤਨ ਕਰਨ

ਨਾਲ ਮੁਕਤੀ ਤੇ ਸਵਰਗ ਤੱਕ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ ਪਰ ਮੁਸਲਮਾਨਾਂ ਵਿਚ ਸੰਗੀਤ ਦੀ ਬੜੀ ਵੱਡੀ ਮਨਾਹੀ ਹੈ, ਖਾਸ ਕਰ ਧਰਮ ਵਿਚ। ਮੁਸਲਮਾਨ ਬਸ ਨਿਮਾਜ਼ ਹੀ ਪੜ੍ਹਦੇ ਹਨ ਤੇ ਸਿਜਦਾ ਕਰਦੇ ਹਨ। ਗਾਉਣ ਵਜਾਉਣ ਨਹੀਂ ਬਹਿ ਜਾਂਦੇ। ਔਰੰਗਜੇਬ ਬਾਦਸ਼ਾਹ ਨੇ ਬੜੀ ਸਖ਼ਤੀ ਨਾਲ ਸੰਗੀਤ 'ਤੇ ਪਾਬੰਦੀ ਲਾਈ ਹੋਈ ਸੀ। ਕਈ ਦੇਸ਼ਾਂ ਦੇ ਲੋਕ ਗਾਉਣ ਨੂੰ ਤਾਂ ਪਸੰਦ ਕਰਦੇ ਹਨ ਪਰ ਧਰਮ ਵਿਚ ਸੰਗੀਤ ਦੀ ਧੁੰਨ ਨਾਲ ਗਾਉਣਾ ਲੱਚਰ ਸਮਝਦੇ ਹਨ। ਰੋਮਾਨੀਆਂ ਤੇ ਉਸ ਦੇ ਗਵਾਂਢੀ ਦੇਸ਼ ਇਸ ਅਸੂਲ 'ਤੇ ਸਖ਼ਤੀ ਨਾਲ ਅਮਲ ਕਰਦੇ ਹਨ। ਪਰ ਉਸ ਤਰ੍ਹਾਂ ਰੋਮਾਨੀਆਂ ਦੇ ਲੋਕ ਬੜੇ ਗਾਉਣ ਵਜਾਉਣ ਵਾਲੇ ਹਨ।

ਭਾਰਤ ਵਿਚ ਨਾਗਾਲੈਂਡ ਵਾਲੇ ਤੇ ਹੋਰ ਕਈ ਕਬੀਲੇ ਤੇ ਓਧਰ ਦੱਖਣੀ ਅਫਰੀਕਾ ਦੇ ਕਈ ਦੇਸ਼ ਬਿਨਾਂ ਜਾਂ ਘੱਟ ਕੱਪੜਿਆਂ ਵਿਚ ਹੀ ਰਹਿੰਦੇ ਹਨ ਪਰ ਪੱਛਮੀ ਦੇਸ਼ ਆਪਣਾ ਸਾਰਾ ਜ਼ੋਰ ਲੀੜੇ ਕੱਪੜੇ 'ਤੇ ਹੀ ਲਾਉਂਦੇ ਹਨ। ਕੱਪੜਿਆਂ ਤੋਂ ਬਿਨਾਂ ਮਨੁੱਖ ਨੂੰ ਅਧੂਰਾ ਸਮਝਦੇ ਹਨ। ਕਈ ਲੋਕ ਟੈਲੀਵੀਜ਼ਨ ਨੂੰ ਬੱਚਿਆਂ ਦੀ ਪੜ੍ਹਾਈ ਲਈ ਬੜਾ ਹਾਨੀਕਾਰਕ ਤੇ ਕਈ ਬੜਾ ਗਿਆਨ ਵਰਧਕ ਸਮਝਦੇ ਹਨ। ਮੁਸਲਮਾਨਾਂ ਦੇ ਕੁਰਾਨ ਸ਼ਰੀਫ ਵਿਚ ਸਾਫ ਲਿਖਿਆ ਹੋਇਆ ਹੈ ਕਿ ਜਦੋਂ ਬੱਚਾ ਦਸ ਸਾਲਾਂ ਦਾ ਹੋ ਜਾਵੇ ਤਾ ਉਸਨੂੰ ਮਾਰ ਮਾਰ ਕੇ ਕੁਰਾਨ ਸ਼ਰੀਫ ਪੜਾਓ (ਜੇ ਉਹ ਨਹੀਂ ਪੜ੍ਹਦਾ) ਪਰ ਪੱਛਮੀ ਦੇਸ਼ਾਂ ਵਿਚ ਜੇ ਕੋਈ ਮਾਂ ਪਿਓ ਜਾਂ ਮਾਸਟਰ ਬੱਚੇ ਨੂੰ ਮਾਰੇ ਤਾਂ ਪੁਲਿਸ ਫੜ ਕੇ ਲੈ ਜਾਂਦੀ ਹੈ। ਪਹਿਲਾਂ ਬੱਚੇ ਦੇ ਚਿੱਤੜ 'ਤੇ ਪੋਲਾ ਜਿਹਾ ਧੱਫਾ ਮਾਰਿਆ ਜਾ ਸਕਦਾ ਸੀ ਪਰ ਹੁਣ ਅਮਰੀਕਾ ਦੀ ਸੁਪਰੀਮ ਕੋਰਟ ਨੇ ਉਂਗਲੀ ਤਕ ਲਾਉਣੀ ਵੀ ਬੱਚੇ 'ਤੇ ਤਸ਼ੱਦਦ ਕਰਾਰ ਦਿੱਤਾ ਹੈ। ਕਈ ਕਹਿੰਦੇ ਹਨ ਕਲਯੁੱਗ ਆ ਗਿਆ ਹੈ, ਇਸ ਨਾਲੋਂ ਪਹਿਲਾ ਜ਼ਮਾਨਾਂ ਚੰਗਾ ਸੀ ਪਰ ਕਈ ਕਹਿੰਦੇ ਹਨ ਕਿ ਪਹਿਲਾਂ ਜ਼ਮਾਨਾ ਜਹਾਲਤ ਦਾ ਸੀ। ਵਿਗਿਆਨ ਦੀ ਹੁਣ ਤਕ ਕੀਤੀ ਤਰੱਕੀ ਨੇ ਮਨੁੱਖ ਨੂੰ ਦੁਨੀਆਂ ਵਿਚ ਰਹਿਣ ਦੇ ਕਾਬਲ ਬਣਾ ਦਿੱਤਾ ਹੈ ਨਹੀਂ ਤਾਂ ਬੰਦਾ ਬਾਂਦਰ ਤੋਂ ਵਧ ਕੁਝ ਨਹੀਂ ਸੀ। ਵਿਗਿਆਨ ਨੇ ਹੀ ਮਨੁੱਖ ਨੂੰ ਖੁੰਦਰਾਂ ਵਿਚੋਂ ਕੱਢ ਕੇ ਚੰਦਰਮਾ 'ਤੇ ਪਹੁੰਚਾਇਆ ਹੈ।

ਭਗਤ ਕਬੀਰ ਜੀ ਕਿਸੇ ਕੋਲੋਂ ਕੋਈ ਤੋਹਫਾ ਨਹੀਂ ਸਨ ਲੈਂਦੇ ਪਰ ਉਹਨਾਂ ਦਾ ਪੁੱਤ ਕਮਾਲਾ ਕਿਸੇ ਦਾ ਖੁਸ਼ੀ ਨਾਲ ਦਿੱਤਾ ਹੋਇਆ ਤੋਹਫਾ ਕਬੂਲ ਕਰ ਲੈਂਦੇ ਸਨ। ਉਹ ਆਪਣੇ ਪਿਤਾ 'ਤੇ ਵਿਅੰਗ ਕਰਦੇ ਸਨ ਕਿ ਜਦੋਂ ਤਾਂ ਘਰ ਪ੍ਰਾਹੁਣਾ ਆ ਜਾਵੇ ਤਾਂ ਇਹ ਉਸਦੀ ਸੇਵਾ ਕਰਨ ਲਈ ਆਪਣੀ ਪਤਨੀ ਤਕ ਨੂੰ ਵੀ ਮਜਬੂਰ ਕਰਦੇ ਹਨ ਪਰ ਜੇ ਕੋਈ ਪ੍ਰੇਮ ਨਾਲ ਕੋਈ ਚੀਜ਼ ਦੇਵੇ ਤਾਂ ਲੈਂਦੇ ਨਹੀਂ।

ਜਦੋਂ ਕਬੀਰ ਜੀ ਆਪਣਾ ਬੁਣਿਆ ਹੋਇਆ ਕੱਪੜਾ ਲੈ ਕੇ ਬਜ਼ਾਰ ਵੇਚਣ ਜਾਂਦੇ ਤਾਂ ਕਹਿੰਦੇ ਰਾਮ ਜੀ ਲੈ ਲਓ, ਇਹ ਬਹੁਤ ਵਧੀਆ ਕੱਪੜਾ ਹੈ, ਮੈਂ ਬੜੀ ਪ੍ਰੀਤ ਨਾਲ ਉਣਿਆ ਹੈ। ਪਰ ਕਮਾਲਾ ਇਸ ਗੱਲ ਨੂੰ ਕੋਰੀ ਵਪਾਰਕ ਰੁਚੀ ਕਹਿੰਦਾ ਸੀ। ਉਹ ਕਹਿੰਦਾ ਸੀ, ਸਾਰੇ ਕੱਪੜਾ ਬੁਣਨ ਵਾਲੇ ਰੋਟੀ ਦੀ ਖਾਤਰ ਕਪੜਾ ਬੁਣਦੇ ਹਨ, ਪ੍ਰੀਤ ਕਾਹਦੀ? ਕਹਿੰਦੇ ਹਨ ਇਕ ਵਾਰ ਕੋਈ ਕਮਾਲੇ ਨੂੰ ਪਰਖਣ ਵਾਸਤੇ ਕਿ ਇਹ ਸਚਮੁੱਚ ਦਾ ਸੰਤ ਹੈ ਕਿ ਪਾਖੰਡੀ ਹੈ, ਉਨ੍ਹਾਂ ਕੋਲ ਆਇਆ ਤੇ ਉਸਨੂੰ ਇਕ ਕੀਮਤੀ ਹੀਰਾ ਭੇਂਟ ਕੀਤਾ। ਕਮਾਲਾ ਏਹੋ ਜਹੇ ਤੋਹਫਿਆਂ ਵਿਚ ਕੋਈ ਬਹੁਤੀ ਦਿਲਚਸਪੀ ਨਹੀਂ ਸਨ ਰੱਖਦੇ। ਹਾਂ ਜੇ ਕੋਈ ਖਾਣ ਜਾਂ ਪੀਣ ਵਾਲੀ ਚੀਜ਼ ਲਿਆਉਂਦਾ ਤਾਂ ਉਹ ਬੈਠੇ ਬਾਕੀ ਲੋਕਾਂ ਵਿਚ ਵੰਡ ਕੇ ਆਪ ਵੀ ਹਿੱਸੇ ਆਉਂਦੀ ਖਾ ਲੈਂਦੇ ਤੇ ਬੜੇ ਪ੍ਰਸੰਨ ਹੁੰਦੇ। ਇਸ ਲਈ ਹੀਰੇ ਵਿਚ ਉਹਨਾਂ ਨੇ ਕੋਈ ਖਾਸ

ਦਿਲਚਸਪੀ ਨਾ ਵਿਖਾਈ ਤੇ ਕਿਹਾ, "ਇਥੇ ਕਿਤੇ ਰੱਖ ਦਿਓ।" ਉਸ ਬੰਦੇ ਨੇ ਝੌਂਪੜੀ ਦੀ ਠੁੰਮਣੀ ਲਾਗੇ ਪਏ ਇਕ ਕੂਜੇ ਵਿਚ ਉਹ ਹੀਰਾ ਪਾ ਦਿੱਤਾ ਤੇ ਚਲਾ ਗਿਆ। ਛੇਆਂ ਮ੍ਹੀਨਿਆਂ ਬਾਅਦ ਉਹ ਆਇਆ ਤੇ ਕਮਾਲੇ ਨੂੰ ਪੁਛਿਆ,"ਮੈਂ ਤੂਹਾਨੂੰ ਇਕ ਕੀਮਤੀ ਹੀਰਾ ਭੇਂਟ ਕੀਤਾ ਸੀ, ਤੁਸੀਂ ਉਸਨੂੰ ਵੇਚ ਕੇ ਚੰਗਾ ਮਕਾਨ ਹੀ ਬਣਾ ਲੈਂਦੇ ?" ਕਮਾਲੇ ਨੇ ਪੁਛਿਆ,"ਕਿਹੜਾ ਹੀਰਾ ?" ਉਸ ਬੰਦੇ ਨੇ ਫੱਟ ਸਮਝਿਆ ਕਿ ਇਹ ਲਾਲਚੀ ਬੰਦਾ ਹੈ ਤੇ ਮੇਰਾ ਅਹਿਸਾਨ ਨਹੀਂ ਲੈਣਾ ਚਾਹੁੰਦਾ ਨਹੀਂ ਤਾਂ ਏਡਾ ਕੀਮਤੀ ਹੀਰਾ, ਇਹਨੂੰ ਕਿਵੇਂ ਭੁੱਲ ਸਕਦਾ ਹੈ ? ਕਮਾਲੇ ਨੇ ਪੁੱਛਿਆ ਕਿਥੇ ਰੱਖਿਆ ਸੀ ? ਤਾਂ ਉਸ ਨੇ ਕਿਹਾ, "ਓਸ ਕੂਜੇ ਵਿਚ ਪਾਇਆ ਸੀ।" ਤਾਂ ਕਮਾਲੇ ਨੇ ਕਿਹਾ, "ਫਿਰ ਕੂਜੇ ਵਿਚ ਹੀ ਵੇਖ।" ਜਦੋਂ ਵੇਖਿਆ ਤਾਂ ਹੀਰਾ ਕੂਜੇ ਵਿਚ ਹੀ ਪਿਆ ਸੀ। ਉਸਤੋਂ ਬਾਅਦ ਉਸ ਬੰਦੇ ਨੇ ਕਮਾਲੇ ਦਾ ਸੱਚਾ ਭਗਤ ਹੋਣ ਦਾ ਬਹੁਤ ਪ੍ਰਚਾਰ ਕੀਤਾ ਤਾਂ ਹੀ ਉਹਨਾਂ ਦੀ ਮਾਨਤਾ ਵਧੀ। ਕਮਾਲਾ ਭਗਤ ਦੇ ਵੀ ਯੂ. ਪੀ. ਦੇ ਨਾਲ ਦੇ ਸੂਬਿਆਂ ਵਿਚ ਕਈ ਮੰਦਰ ਹਨ ਤੇ ਉਹਨਾਂ ਦੀ ਕਾਫੀ ਮਾਨਤਾ ਹੈ।

ਦੁਨੀਆਂ ਵਿਚ ਜਿਹੜੀ ਚੀਜ ਇਕ ਥਾਂ 'ਤੇ ਠੀਕ ਹੈ ਉਹ ਚੀਜ਼ ਦੂਜੀ ਥਾਂ 'ਤੇ ਗਲਤ ਹੈ। ਕਿਸੇ ਵੀ ਗੱਲ ਨੂੰ ਧਾਰਮਕ ਕਸਵੱਟੀ 'ਤੇ ਨਹੀਂ ਪਰਖਣਾ ਚਾਹੀਦਾ। ਸਿੱਖ ਧਰਮ ਇਸ ਗਲੋਂ ਬਹੁਤ ਵਿਸ਼ਾਲ ਤੇ ਮਾਡਰਨ ਹੈ। ਤੇ ਕਹਿੰਦੇ ਹਨ ਕਿਸੇ ਹਿੰਦੂ ਨੇ ਕਿਹਾ "ਮੈਂ ਮੁਸਲਮਾਨ ਬਣ ਜਾਣਾ ਹੈ ਕਿਉਂਕਿ ਮੁਸਲਮਾਨ ਧਰਮ ਵਿਚ ਬੜੀ ਖੁਲ੍ਹ ਹੈ", ਲਾਗੇ ਖਲੋਤੇ ਕਿਸੇ ਹੋਰ ਨੇ ਕਿਹਾ ਕਿ ਜੇ ਬਣਨਾ ਹੀ ਹੈ ਤਾਂ ਸਿੱਖ ਬਣ। ਮੁਸਲਮਾਨ ਧਰਮ ਵਿਚ ਤਾਂ ਵੀਹ ਪਾਬੰਦੀਆਂ ਹਨ। ਸ਼ਰਾਬ ਨਹੀਂ ਪੀ ਸਕਦੇ, ਸੂਰ ਨਹੀਂ ਖਾ ਸਕਦੇ, ਸਿਰਫ ਚਾਰ ਹੀ ਸ਼ਾਦੀਆਂ ਕੀਤੀਆਂ ਜਾ ਸਕਦੀਆਂ ਹਨ। ਸੁੰਨਤ ਕਰਵਾਉਣੀ ਜਰੂਰੀ ਹੈ। ਪਰ ਦੂਜੇ ਪਾਸੇ ਸਿੱਖ ਧਰਮ ਵਿਚ ਜੋ ਮਰਜੀ ਖਾਹ ਜੋ ਮਰਜੀ ਪੀ ਤੇ ਭਾਂਵੇ ਪੰਜਾਹ ਵਿਆਹ ਕਰਵਾ, ਧਾਰਮਕ ਤੌਰ 'ਤੇ ਕੋਈ ਪਾਬੰਦੀ ਨਹੀਂ, ਜੇਬ ਵਿਚ ਪੈਸੇ ਹੋਣੇ ਚਾਹੀਦੇ ਹਨ। ਸਰੀਰ ਨਾਲੋਂ ਕੋਈ ਚੀਜ ਕੱਟਣੀ ਨਹੀਂ ਜਿਦਾਂ ਦਾ ਮਨੁੱਖ ਪ੍ਰਮਾਤਮਾ ਨੇ ਪੈਦਾ ਕੀਤਾ ਹੈ ਓਸੇ ਤਰ੍ਹਾਂ ਦਾ ਹੀ ਰਹਿਣਾ ਹੈ ਤੇ ਸਭ ਤੋਂ ਵਧ ਚੰਗੀ ਗੱਲ ਇਹ ਹੈ ਕਿ ਤੰਬਾਕੂ ਵਰਗੀ ਲਾਅਨਤ ਤੋਂ ਛੁਟਕਾਰਾ ਮਿਲਿਆ ਰਹਿੰਦਾ ਹੈ। ਪਰ ਹੁਣ ਆਪਣੇ ਆਪ ਨੂੰ ਧਾਰਮਕ ਅਖਵਾਉਣ ਵਾਲੇ ਲੋਕ ਹੀ ਸਧਾਰਨ ਸਿੱਖਾਂ ਨੂੰ ਗੁੰਮਰਾਹ ਕਰੀ ਜਾਂਦੇ ਹਨ। ਵੈਸੇ ਜਿੰਨੀ ਆਜਾਦੀ ਸਿੱਖ ਧਰਮ ਵਿਚ ਹੈ ਹੋਰ ਕਿਸੇ ਵਿਚ ਵੀ ਨਹੀਂ। ਪਰ ਸਾਧਾਂ ਨੇ ਬ੍ਰਾਹਮਣਾਂ ਦੇ ਢਹੇ ਚੜ੍ਹ ਕੇ ਸਿਖ 'ਤੇ ਏਨੀਆਂ ਪਾਬੰਦੀਆਂ ਠੋਸ ਦਿੱਤੀਆਂ ਹਨ ਤੇ ਉਨ੍ਹਾਂ ਦੀ ਪਾਲਣਾ ਕਰਨ ਲਈ ਏਨਾ ਪ੍ਰਚਾਰ ਕਰ ਦਿੱਤਾ ਹੈ ਕਿ ਉਸ ਵਿਚੋਂ ਸਿੱਖੀ ਦਾ ਤੰਤ ਹੀ ਖਤਮ ਹੋ ਗਿਆ ਹੈ। ਹੁਣ ਉਹ ਸਾਧਾਂ ਦੇ ਆਖੇ ਲਗ ਕੇ ਸਿੱਖ ਰੂਪ ਵਿਚ ਹੁੰਦਾ ਹੋਇਆ ਵੀ ਹਿੰਦੂ ਧਰਮ ਵਿਚ ਵਿਲੀਨ ਹੋ ਗਿਆ ਹੈ। ਏਹੋ ਹੀ ਸਿੱਖ ਦਾ ਨਿਗਲਿਆ ਜਾਣਾ ਹੈ। ਜਿਵੇਂ ਲੂਣ ਦੀ ਖਾਣ ਵਿਚ ਡਿੱਗੀ ਹੋਈ ਕੋਈ ਵੀ ਚੀਜ਼ ਲੂਣ ਬਣ ਜਾਂਦੀ ਹੈ। ਉਹੋ ਹਾਲ ਹੀ ਸਿੱਖ ਦਾ ਹੋਇਆ ਹੈ। ਹਿੰਦੂ ਰੂਪੀ ਖਾਣ ਵਿਚ ਡਿਗ ਕੇ ਉਹ ਹਿੰਦੂ ਬਣ ਗਿਆ ਹੈ। ਨਹੀਂ ਤਾਂ ਕੋਈ ਦਸੇ ਕਿ ਸੰਸਾਰ ਵਿਚ ਕਿਹੜੀ ਚੀਜ ਚੰਗੀ ਹੈ ਤੇ ਕਿਹੜੀ ਮਾੜੀ? ਬਾਰੇ ਸਾਰੀ ਸੋਧ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਹੈ, ਇਹਨਾਂ ਸਾਧਾਂ ਕੋਲ ਕੀ ਹੈ? ਪਰ ਜੇ ਭੋਲੂ ਸਿੱਖ ਇਨ੍ਹਾਂ ਦੀ ਬਕਬਕ ਨਾਂ ਸੁਣੇ ਤਾਂ ਇਹ ਵੀ ਕੀਹਨੂੰ ਸੁਨਾਉਣ।

×××

# ❑ ਦੋ ਮੂੰਹਾਂ ਵਾਲਾ ਬਿੱਲਾ

ਇਕ ਦਿਨ ਇਕ ਬੱਚਾ ਆਪਣੇ ਘਰ ਦੀਆਂ ਪੌੜੀਆਂ ਦੇ ਅੱਧ ਵਿਚ ਬੈਠਾ ਥੱਲੇ ਨਾ ਉੱਤਰੇ। ਬੱਚੇ ਨੂੰ ਬਥੇਰਾ ਡਰਾਇਆ ਪਰ ਉਹ ਥੱਲੇ ਨਾ ਆਵੇ। ਪੌੜੀਆਂ ਵਿਚ ਬੈਠਾ ਈ ਜਿੱਦ ਕਰੀ ਜਾਵੇ। ਓਨੇ ਚਿਰ ਨੂੰ ਉਸ ਬੱਚੇ ਦੀ ਭੂਆ ਆਈ। ਉਹਨੇ ਬੱਚੇ ਨੂੰ ਕਿਹਾ "ਛੇਤੀ ਥੱਲੇ ਉਤਰ ਆ ਦੋ ਮੂੰਹਾਂ ਵਾਲਾ ਬਿੱਲਾ ਆ ਗਿਆ ਈ।" ਬੱਚੇ ਨੇ ਡਾਡਾਂ ਛੱਡ ਦਿੱਤੀਆਂ ਤੇ ਭੱਜ ਕੇ ਥੱਲੇ ਉਤਰ ਆਇਆ। ਭਾਰਤ ਸਰਕਾਰ ਕੋਲ ਸਿੱਖਾਂ ਨੂੰ ਡਰਾਉਣ ਲਈ ਬੜਾ ਵਧੀਆ ਤਰੀਕਾ ਹੈ। ਜਿਹੜਾ ਲੀਡਰ ਆਖੇ ਨਾ ਲੱਗੇ ਉਹ ਫੱਟ ਕਹਿ ਦੇਂਦੇ ਹਨ, ਇਹਦੇ 'ਅੱਤਵਾਦੀਆਂ' ਨਾਲ ਸੰਬੰਧ ਹਨ। ਬਸ ਫਿਰ ਕੀ ਵਿਚਾਰਾ ਸਾਰੀਆਂ ਹੋਰ ਗੱਲਾਂ ਭੁੱਲ ਕੇ ਹਰ ਸਟੇਜ 'ਤੇ ਏਹੋ ਹੀ ਭਾਸ਼ਣ ਕਰਦਾ ਹੈ, "ਮੇਰੇ 'ਤੇ ਚਿੱਕੜ ਸੁੱਟਿਆ ਗਿਆ ਹੈ, ਮੈਨੂੰ ਬਦਨਾਮ ਕਰਨ ਦੀ ਸਾਜਿਸ਼ ਰਚੀ ਗਈ ਹੈ, ਮੈਨੂੰ ਝੂਠਾ ਫਸਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਹਿੰਦੂ ਵੀਰਾਂ ਦੇ ਮਨਾਂ ਵਿਚ ਮੇਰੇ ਪ੍ਰਤੀ ਨਫਰਤ ਪੈਦਾ ਕਰਨ ਲਈ ਇਹ ਇਲਜ਼ਾਮ ਲਾਇਆ ਗਿਆ ਹੈ" ਵਗੈਰਾ ਵਗੈਰਾ।

ਪਿੱਛੇ ਜਿਹੇ ਪ੍ਰਕਾਸ਼ ਸਿੰਘ ਬਾਦਲ ਨੇ ਭਾਈ ਰਣਜੀਤ ਸਿੰਘ ਜੱਥੇਦਾਰ ਅਕਾਲ ਤਖ਼ਤ ਸਾਹਿਬ ਤੇ ਸ. ਗੁਰਚਰਨ ਸਿੰਘ ਟੌਹੜਾ 'ਤੇ ਇਹ ਹੀ ਇਲਜ਼ਾਮ ਲਾਇਆ ਤਾਂ ਦੋਹਾਂ ਨੂੰ ਵੀਹ ਦਿਨ ਹੋਰ ਕੁਝ ਨਹੀਂ ਸੁੱਝਿਆ, ਸਿਵਾਏ ਆਪਣੀ ਸਫਾਈ ਦੇਣ ਦੇ। ਸਿੱਖ ਹੁਣ ਜਿੰਨੇ ਮਰਜੀ ਪ੍ਰੇਮੀ ਦੇ ਨਿਆਣੇ ਬਣੀ ਜਾਣ ਭਾਵੇਂ ਜਿੰਨੇ ਮਰਜੀ ਬੀਬੇ ਪੁੱਤ ਬਣਨ ਦੀ ਕੋਸ਼ਿਸ਼ ਕਰਨ, ਜਿੰਨੀਆਂ ਮਰਜੀ ਸੌਹਾਂ ਖਾਈ ਜਾਣ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਖਲੋ ਕੇ ਸਹੁੰ ਖਾ ਕੇ ਕਹਿਣ ਕਿ ਮੈਂ ਦੇਸ਼ ਦਾ ਵਫਾਦਾਰ ਹਾਂ, ਗੁਰੂ ਗ੍ਰੰਥ ਸਾਹਿਬ ਦੀ ਸਹੁੰ ਹੀ ਨਹੀਂ, ਦਸ ਗੁਰੂ ਗ੍ਰੰਥ ਸਾਹਿਬਾਨ ਸਿਰ ਤੇ ਚੁੱਕ ਕੇ ਵੀ ਸਹੁੰ ਖਾਣ ਕਿ ਅਸੀਂ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਮੁਦਈ ਹਾਂ, ਤੱਦ ਵੀ ਕਿਸੇ ਨੇ ਮੰਨਣਾ ਨਹੀਂ।

ਸਟੇਜ 'ਤੇ ਮੈਂ ਕਈ ਵਾਰ ਵੇਖਿਆ ਹੈ ਕਿ ਕੋਈ ਸਿੱਖ ਲੀਡਰ ਬਹੁਤ ਹੀ ਜਜ਼ਬਾਤੀ ਤੇ ਧੂੰਏਂਧਾਰ ਭਾਸ਼ਨ ਕਰਦਾ ਕਰਦਾ ਇਕ ਦਮ ਕਾਂਟਾ ਬਦਲ ਦੇਂਦਾ ਤੇ ਹਿੰਦੂ-ਸਿੱਖ ਏਕਤਾ, ਦੇਸ਼ ਪਿਆਰ ਦੀਆਂ ਗੱਲਾਂ ਕਰਨ ਲੱਗ ਪੈਂਦਾ। ਪਹਿਲਾਂ ਪਹਿਲ ਇਹ ਦੇਖ ਕੇ ਮੈਨੂੰ ਹੈਰਾਨੀ ਹੁੰਦੀ ਪਰ ਬਾਅਦ ਵਿਚ ਮੈਨੂੰ ਬੜਾ ਤਜਰਬਾ ਹੋ ਗਿਆ ਕਿ ਜਰੂਰ ਕੋਈ ਹਿੰਦੂ ਜਾਂ ਮੋਨਾ ਸਿੱਖ ਸਿਰ 'ਤੇ ਰੁਮਾਲ ਬੰਨ੍ਹ ਕੇ ਆਇਆ ਹੋਣਾ ਹੈ ਤੇ ਉਹ ਗੱਲ ਠੀਕ ਵੀ ਨਿਕਲਦੀ। ਜਦੋਂ ਮੈਂ ਐਮ. ਐਲ. ਏ. ਦੀ ਚੋਣ ਲੜ ਰਿਹਾ ਸਾਂ ਤਾਂ ਇਕ ਲੀਡਰ ਇਕ ਗੁਰਦੁਆਰੇ ਦੇ ਹਾਲ ਵਿਚ ਬੜਾ ਧੂੰਏਧਾਰ ਭਾਸ਼ਨ ਦੇਂਦਾ ਦੇਂਦਾ ਇਕ ਦਮ ਹਿੰਦੂ ਸਿੱਖ ਏਕਤਾ 'ਤੇ ਉਤਰ ਆਇਆ ਤਾਂ ਮੈਂ ਦਰਵਾਜੇ ਵੱਲ ਨਿਗ੍ਹਾ ਮਾਰੀ। ਹਾਲ ਦੇ ਦਰਵਾਜੇ ਦੇ ਬਾਹਰ ਦੋ ਮੋਨੇ ਮੁੰਡੇ (ਇਕ ਜੱਟ ਸਿੱਖ ਤਹਿਸੀਲਦਾਰ ਦੇ ਮੁੰਡੇ) ਜੋੜੇ ਲਾਹ ਰਹੇ ਸਨ। ਉਹ ਅਜੇ ਅੰਦਰ ਵੀ ਨਹੀਂ ਸੀ ਆਏ ਤੇ ਇਹ

ਹਾਲ ਹੋ ਗਿਆ ਸੀ, ਉਸ ਅਕਾਲੀ ਜਥੇਦਾਰ ਦਾ। ਮੇਰਾ ਹਾਸਾ ਨਿਕਲ ਗਿਆ ਤੇ ਮੈਂ ਕਿਹਾ, 'ਜਥੇਦਾਰ ਜੀ ਦੱਬੀ ਚੱਲ, ਇਹ ਆਪਣੇ ਹੀ ਮੁੰਡੇ ਐ। ਆਪਣੇ ਤਹਿਸੀਲਦਾਰ ਸਾਹਿਬ ਦੇ ਬੇਟੇ ਐ, ਹਿੰਦੂ ਨਹੀਂ।' ਹਾਲ ਵਿਚ ਬੈਠੇ ਲੋਕ ਹੱਸ ਪਏ। ਜਥੇਦਾਰ ਸ਼ਰਮਿੰਦਾ ਹੋਇਆ ਆਖੇ, 'ਮੈਂ ਕਿਹਾ ਚੋਣਾਂ ਦਾ ਕੰਮ ਏ, ਵੋਟਾਂ ਜੁ ਲੈਣੀਆਂ ਹੋਈਆਂ।' ਇਕ ਹੋਰ ਬੰਦਾ ਉਠਿਆ, ਉਸ ਨੇ ਕਿਹਾ, 'ਜਿਹੜਾ ਚੋਣ ਲੜ ਰਿਹਾ ਹੈ, ਉਹ ਤਾਂ ਡਰਦਾ ਨਹੀਂ, ਤੁਸੀਂ ਐਵੇਂ ਈ ਸਾਹੋ-ਸਾਹ ਹੋ ਗਏ ਓ।' ਲੋਕ ਫਿਰ ਹੱਸੇ। ਉਸ ਜਥੇਦਾਰ ਨੇ ਜੋ ਇਕ ਰਵਾਇਤੀ ਅਕਾਲੀ ਸੀ, ਆਪਣਾ ਅੱਛਾ-ਖਾਸਾ ਮਜ਼ਾਕ ਬਣਵਾ ਲਿਆ।

ਕਈ ਸਿੱਖ ਚੌੜੇ ਗਾਤਰੇ ਉੱਤੇ 'ਸਤਿਨਾਮ ਵਾਹਿਗੁਰੂ' ਤਿੱਲੇ ਨਾਲ ਕੱਢਿਆ ਹੋਇਆ, ਤੇਲ ਲੱਗੀ ਲੰਮੀ ਦਾੜ੍ਹੀ ਲੈ ਕੇ ਗੁਰਦੁਆਰਿਆਂ ਵਿਚ ਭਾਸ਼ਨ ਕਰਦੇ ਹਨ, 'ਸਾਨੂੰ ਅੱਤਵਾਦੀ ਆਖਦੇ ਨੇ, ਅਸੀਂ ਭਾਰਤ ਦੇ ਤੇ ਭਾਰਤ ਸਾਡਾ, ਹਿੰਦੂ ਸਾਡੇ ਵੀਰ ਨੇ। ਨਹੁੰ ਨਾਲੋਂ ਕਦੇ ਮਾਸ ਟੁੱਟਾ ਹੈ?' ਏਸੇ ਤਰ੍ਹਾਂ ਦਾ ਮੇਰਾ ਵਾਹ ਇਕ ਗੁਰਦੁਆਰੇ ਵਿਚ ਪਿਆ। ਇਕ ਉਪਰੋਕਤ ਕਿਸਮ ਦਾ ਸਿੱਖ ਦਕੋਹੇ ਦੇ ਗੁਰਦੁਆਰੇ ਵਿਚ ਬੋਲਣੋਂ ਹਟੇ ਈ ਨਾ। ਸਟੇਜ ਸਕੱਤਰ ਨੇ ਤਿੰਨ-ਚਾਰ ਵਾਰ ਉਹਦਾ ਪਜਾਮਾ ਖਿੱਚਿਆ। ਉਹ ਮਾੜੀ ਜਿਹੀ ਧੌਣ ਘੁਮਾ ਕੇ ਆਪਣੇ ਪੈਰ ਦੀ ਅੱਡੀ ਵੱਲ ਵੇਖ ਲਵੇ ਤੇ ਫਿਰ ਭਾਸ਼ਨ ਸ਼ੁਰੂ ਕਰ ਦੇਵੇ। ਅਖੀਰ ਉਸ ਨੂੰ ਮਸਾਂ ਹੀ ਬਿਠਾਇਆ। ਮੈਂ ਉਸ ਬੰਦੇ ਵੱਲ ਹੱਥ ਕਰਕੇ ਕਿਹਾ, 'ਇਸ ਸਰਦਾਰ ਸਾਹਿਬ ਨੂੰ ਭੁਲੇਖਾ ਹੈ ਕਿ ਇਨ੍ਹਾਂ ਨੂੰ ਕੋਈ ਅੱਤਵਾਦੀ ਕਹਿੰਦਾ ਹੈ।' 'ਨਹੀਂ ਸਰਦਾਰ ਜੀ ਤੁਹਾਨੂੰ ਕੋਈ ਹਿੰਦੂ ਅੱਤਵਾਦੀ ਨਹੀਂ ਕਹਿੰਦਾ। ਤੁਹਾਡੀ ਤਿੱਲੇਦਾਰ ਕਿਰਪਾਨ ਇਸ ਗੱਲ ਦੀ ਗਵਾਹ ਹੈ ਤੇ ਨਾਲੇ ਤੁਸੀਂ ਜਿੰਨਾ ਮਰਜ਼ੀ ਭਾਰਤ ਦੇ ਬਣੀ ਜਾਓ, ਅਗਲੇ ਤੁਹਾਨੂੰ ਭਾਰਤੀ ਨਹੀਂ ਮੰਨਦੇ। "ਉਹ ਕਿਵੇਂ?" ਉਸ ਨੇ ਖੜੇ ਹੋ ਕੇ ਪੁਛਿਆ। "ਜੇ ਤੁਸੀਂ 1984 ਵਿਚ ਦਿੱਲੀ ਕਾਨ੍ਹਪੁਰ ਜਾਂ ਬੁਕਾਰੋ ਹੁੰਦੇ ਤਾਂ ਤੁਹਾਡਾ ਨੰਬਰ ਦੂਜਿਆਂ ਨਾਲੋਂ ਪਹਿਲਾਂ ਲਗਣਾ ਸੀ, ਬਹਿ ਜਾਓ, ਛੱਡੋ ਇਨ੍ਹਾਂ ਗੱਲਾਂ ਨੂੰ।" ਇਹ ਸੁਣ ਕੇ ਉਹ ਕੁਝ ਨਾ ਕੁਸਕਿਆ ਤੇ ਚੁਪ ਚਾਪ ਬਹਿ ਗਿਆ।

ਜਦੋਂ ਕਿ ਦੂਜੇ ਪਾਸੇ ਪ੍ਰੈਸ ਵਾਲਿਆਂ ਨੇ ਹਿੰਦੂ ਸ਼ਿਵ ਸੈਨਾ ਦੇ ਬਾਲਠਾਕਰੇ ਨੂੰ ਪੁੱਛਿਆ,

"ਆਪ ਮੁਸਲਮਾਨੋਂ ਔਰ ਈਸਾਈਓਂ ਕੋ ਦੇਸ਼ ਸੇ ਬਾਹਰ ਨਿਕਾਲ ਦੇਨਾ ਚਾਹਤੇ ਹੈਂ?"

ਉਸਨੇ ਕਿਹਾ," ਇਸ ਮੇ ਕਯਾ ਸ਼ਕ ਹੈ, ਅਗਰ ਵੁਹ ਅਪਨਾ ਭਾਰਤੀਕਰਨ ਨਹੀਂ ਕਰਤੇ ਤੋ ਐਸਾ ਹੋਗਾ ਹੀ।"

ਟੀ. ਵੀ. 'ਤੇ ਗਲਬਾਤ ਕਰਦਿਆਂ ਉਹਦੇ ਚਿਹਰੇ 'ਤੇ ਰੱਤੀ ਭਰ ਇਹ ਭਾਵ ਨਹੀਂ ਉੱਭਰੇ ਕਿ ਉਹ ਘਟ ਗਿਣਤੀਆਂ ਨੂੰ ਧਮਕਾ ਰਿਹਾ ਹੈ ਤੇ ਇਸ ਦਾ ਨਤੀਜਾ ਇਹ ਵੀ ਹੋ ਸਕਦਾ ਹੈ ਕਿ ਦੇਸ਼ ਵਿਚ ਅੱਗ ਦੇ ਭਾਂਬੜ ਬਲ ਪੈਣ ਪਰ ਉਹ ਬਿਲਕੁਲ ਆਪਣੀ ਗੱਲ 'ਤੇ ਦ੍ਰਿੜ ਸੀ। ਸਾਡੇ ਸਿੱਖ ਤੇ ਮੁਸਲਮਾਨ, ਈਸਾਈ ਲੀਡਰ ਕੁਝ ਕਰ ਵੀ ਨਹੀਂ ਰਹੇ ਹੁੰਦੇ, ਫਿਰ ਵੀ ਸਫਾਈਆਂ ਦੇ ਦੇ ਕੇ ਥੱਕ ਜਾਂਦੇ ਹਨ।

ਸ਼ਿਵ ਸੈਨਾ ਨੇ ਮੁੰਬਾਂ ਦੇਵੀ ਦੇ ਨਾਂ 'ਤੇ ਬੰਬਈ ਦਾ ਨਾਂ ਮੁੰਬਈ ਰੱਖ ਦਿੱਤਾ ਹੈ ਤੇ ਸ਼ਹਿਰ ਦੀ ਕਾਰਪੋਰੇਸ਼ਨ ਨੂੰ ਹਰੇ ਰੰਗ ਦੀ ਵਰਤੋਂ ਕਰਨ ਦੀ ਮਨਾਹੀ ਕਰ ਦਿੱਤੀ ਹੈ। ਬਾਲਠਾਕਰੇ ਨੇ ਇਕ ਵਾਰ ਆਬਜ਼ਰਵਰ (ਲੰਡਨ) ਅਖਬਾਰ ਨੂੰ ਇਕ ਇੰਟਰਵਿਊ ਵਿਚ ਕਿਹਾ ਸੀ, 'ਮੈਂ

ਨਹੀਂ ਚਾਹੁੰਦਾ ਕਿ ਭਾਰਤ-ਪਾਕਿ ਮੈਚ ਖੇਡੇ ਜਾਣ ਤੇ ਪਾਕਿ ਦੇ ਜਿੱਤ ਜਾਣ 'ਤੇ ਮੁਸਲਮਾਨ ਦੀਪ ਮਾਲਾ ਕਰਨ ਤੇ ਚਾਂਬੜਾਂ ਪਾਉਣ। ਮੈਂ ਭਾਰਤ ਦੇ ਹਾਰ ਜਾਣ 'ਤੇ ਮੁਸਲਮਾਨਾਂ ਦੀਆਂ ਅੱਖਾਂ ਵਿਚ ਹੰਝੂ ਵੇਖਣਾ ਚਾਹੁੰਦਾ ਹਾਂ। ਬੰਬਈ ਦੀ ਕੁੱਲ ਵਸੋਂ ਦੀ ਮੁਸਲਮਾਨ ਅਬਾਦੀ 20 ਫੀਸਦੀ ਹੈ।

ਸ਼ਿਵ ਸੈਨਾ ਵੀ ਰਾਸ਼ਟਰੀ ਸਿੱਖ ਸੰਗਤ ਦੀ ਭੈਣ ਹੈ ਤੇ ਸੰਘ ਪਰਿਵਾਰ ਦਾ ਇਕ ਪਰਿਵਾਰਕ ਮੈਂਬਰ ਹੈ। ਇਹ ਸੰਘ ਪਰਿਵਾਰ ਇਕ ਗੱਲ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ ਕਿ ਦੁਸ਼ਮਣ ਬਣ ਕੇ ਇਹ ਸਿੱਖਾਂ ਨੂੰ ਅੰਮ੍ਰਿਤ ਨਹੀਂ ਪਿਆ ਸਕਦੇ ਪਰ ਦੋਸਤ ਬਣ ਕੇ ਜ਼ਹਿਰ ਵੀ ਦੇ ਸਕਦੇ ਹਨ। ਏਸੇ ਲਈ ਹੀ ਇਨ੍ਹਾਂ ਨੇ ਪਹਿਲਾ ਖਹਿਬਾਜ਼ੀ ਵਾਲਾ ਤਰੀਕਾ ਛੱਡ ਕੇ ਨਿਮਰਤਾ ਤੇ ਭਾਈਚਾਰੇ ਵਾਲਾ ਖਚਰਾ ਰਾਹ ਚੁਣਿਆ ਹੈ। ਇਸ ਰਸਤੇ 'ਤੇ ਚੱਲ ਕੇ ਇਨ੍ਹਾਂ ਨੂੰ ਕਾਮਯਾਬੀ ਮਿਲਣੀ ਹੀ ਮਿਲਣੀ ਹੈ। ਸਿੱਖਾਂ ਨੇ ਬਹੁਤ ਲੰਮਾ ਸੰਘਰਸ਼ ਲੜਿਆ, ਜਿਸ ਦਾ ਕੋਈ ਉਸਾਰੂ ਸਿੱਟਾ ਨਹੀਂ ਨਿਕਲਿਆ। ਲੁੱਡੋ ਦੀ ਖੇਡ ਵਾਂਗ ਉੱਪਰ ਗਈ ਹੋਈ ਗੀਟੀ ਫੇਰ ਸੱਪ ਦੀ ਪੂਛ 'ਤੇ ਆ ਗਈ ਹੈ। ਇਸ ਨਾਕਾਮਯਾਬੀ ਨੇ ਸਿੱਖਾਂ ਦਾ ਲੱਕ ਤੋੜ ਦਿੱਤਾ ਹੈ ਤੇ ਨਾਕਾਮਯਾਬੀ ਬੰਦੇ ਨੂੰ ਬੌਖਲਾ ਦੇਂਦੀ ਹੈ। ਅਸਲ ਵਿਚ ਸਿਖ ਹੁਣ ਹੰਭ ਗਿਆ ਹੈ। ਥਕਿਆ ਹੋਇਆ ਸਰੀਰ ਤਾਂ ਕੁਝ ਚਿਰ ਅਰਾਮ ਕਰ ਲੈਣ ਤੋਂ ਬਾਅਦ ਨੌ ਬਰ ਨੌ ਹੋ ਜਾਂਦਾ ਹੈ ਪਰ ਹੰਭਿਆ ਬੰਦਾ ਮੁੜ ਕੇ ਨਹੀਂ ਉੱਠ ਸਕਦਾ। ਸਰੀਰਕ ਥਕਾਵਟ ਨਾਲੋਂ ਵੀ ਉਸਨੂੰ ਮਾਨਸਕ ਥਕਾਵਟ ਜ਼ਿਆਦਾ ਹੁੰਦੀ ਹੈ, ਜਿਹੜੀ ਉਸਨੂੰ ਮੁੜਕੇ ਤਾਬਿਆ ਨਹੀਂ ਆਉਣ ਦੇਂਦੀ। ਸਿਖਾਂ ਨੂੰ ਕੁਝ ਤੇ ਰਾਜਨੀਤਕ ਪਾਰਟੀਆਂ ਨੇ ਹੰਭਾਇਆ ਕੁਝ ਸਾਧ ਸੰਤਾਂ ਨੇ। ਚਲੋ ਗੁਰੂ ਕੀ ਵਡਾਲੀ ਤੋਂ ਗੁਰੂ ਕੀ ਕਾਂਸੀ, ਚਲੋ ਲੁਧਿਆਣੇ ਤੋਂ ਸੁਲਤਾਨਪੁਰ ਲੋਧੀ, ਚਲੋ ਸੁਲਤਾਨਪੁਰ ਲੋਧੀ ਤੋਂ ਬਟਾਲਾ। ਏਸੇ ਤਰ੍ਹਾਂ ਹੀ ਰਾਜਨੀਤਕ ਪਾਰਟੀਆਂ ਕਹਿੰਦੀਆਂ ਹਨ, ਚਲੋ ਜੇਲ੍ਹ ਭਰੋ, ਚਲੋ ਵਿਰੋਧ ਮਾਰਚ ਲਈ ਦਿੱਲੀ, ਚਲੋ ਚੰਡੀਗੜ੍ਹ। ਏਸੇ ਬੌਖਲਾਹਟ ਦੀ ਦਬੜੂ-ਘੁਸੜੂ ਵਿਚ ਹੀ ਹਿੰਦੂ ਨੀਤੀ ਸਫਲ ਹੋ ਰਹੀ ਹੈ।

ਕਹਿੰਦੇ ਹਨ ਤਲਵਾਰ ਦੀ ਧਾਰ ਭਾਵੇਂ ਜਿੰਨੀ ਮਰਜ਼ੀ ਤਿੱਖੀ ਹੋਵੇ, ਮਿਆਨ ਨੂੰ ਨਹੀਂ ਕੱਟਦੀ। ਅੱਗੇ ਪਏ ਨੂੰ ਸ਼ੇਰ ਨਹੀਂ ਖਾਂਦਾ। ਸਿੱਖਾਂ ਦੇ ਇਸ ਸੁਭਾਅ ਨੂੰ ਪੰਜਾਬੀ ਹਿੰਦੂ ਬਹੁਤ ਚੰਗੀ ਤਰ੍ਹਾਂ ਸਮਝਦਾ ਹੈ। ਕਹਿੰਦੇ ਹਨ ਸੱਪ ਦਾ ਡੰਗਿਆ ਬੰਦਾ ਸਿਰਫ ਮਰਦਾ ਹੈ ਪਰ ਬਿੱਛੂ ਦਾ ਡੰਗਿਆ ਮਰੇ ਭਾਵੇਂ ਨਾ ਪਰ ਤੜਫਦਾ ਬਹੁਤ ਹੈ। ਸਿੱਖ ਵੀ ਬਹੁਤ ਤੜਫ ਰਹੇ ਹਨ। ਜਦੋਂ ਦਾ ਇਨ੍ਹਾਂ ਨੂੰ ਇਹ ਪਤਾ ਲੱਗਾ ਹੈ ਕਿ ਅਸੀਂ ਨਾ ਘਰ ਦੇ ਹਾਂ ਨਾ ਘਾਟ ਦੇ। ਇਹ ਸਥਿਤੀ ਸਿਰਫ ਕੁੱਤੇ ਵਾਸਤੇ ਹੀ ਵਰਤੀ ਜਾਂਦੀ ਹੈ ਕਿਉਂਕਿ ਕੁੱਤਾ ਬਹੁਤ ਹੀ ਨਿਰਭਰਤਾ ਵਾਲਾ ਜਾਨਵਰ ਹੈ। ਵਿਚਾਰੇ ਸਿੱਖ ਵੀ ਬਹੁਤ ਨਿਰਭਰਤਾ ਵਾਲੇ ਹਨ। ਜਿਵੇਂ ਡੱਡੂ ਭਾਵੇਂ ਜਿੰਨੀਆਂ ਮਰਜ਼ੀ ਟਪੂਸੀਆਂ ਮਾਰੇ ਦਰੱਖਤ 'ਤੇ ਨਹੀਂ ਚੜ੍ਹ ਸਕਦਾ, ਏਸੇ ਤਰ੍ਹਾਂ ਹੀ ਰਾਸ਼ਟਰੀ ਸਿੱਖ ਸੰਗਤ ਦੀ ਪਕੜ ਵਿਚ ਆਇਆ ਹੋਇਆ ਸਿੱਖ ਕੁਝ ਨਹੀਂ ਕਰ ਸਕਦਾ। ਜੱਲਣ ਜੱਟ ਨਾਂ ਦਾ ਇਕ ਸੂਫ਼ੀ ਫ਼ਕੀਰ ਹੋਇਆ ਹੈ। ਜੱਟ ਫਕੀਰਾਂ ਬਾਰੇ ਇਹ ਮਸ਼ਹੂਰ ਸੀ 'ਜੱਟ ਫਕੀਰ ਗਲ ਗੰਢਿਆਂ ਦੀ ਮਾਲਾ'। ਆਮ ਤੌਰ 'ਤੇ ਜੱਟ ਫ਼ਕੀਰੀ ਭੋਗ ਕੇ ਵੀ ਬੁੱਢੇ ਵਾਰੇ ਆਪਣੇ ਪੁੱਤਾਂ ਪੋਤਰਿਆਂ ਵਿਚ ਮੁੜ ਆਉਂਦਾ ਹੈ ਪਰ ਜੱਲਣ ਜੱਟ ਸੱਚਮੁੱਚ ਦਾ ਹੀ ਫ਼ਕੀਰ ਸੀ। ਉਹਦੀਆਂ ਕਹੀਆਂ ਹੋਈਆਂ ਜਟਕੀਆਂ ਗੱਲਾਂ ਪੰਜਾਬੀਆਂ ਦੇ ਹਿਰਦੇ ਵਿਚ ਧੁਰ ਥੱਲੇ ਤੱਕ ਪਹੁੰਚ ਜਾਂਦੀਆਂ ਹਨ।

ਕਹਿੰਦੇ ਹਨ ਇਕ ਵਾਰ ਇਕ ਨਵੀਂ-ਨਵੀਂ ਵਿਧਵਾ ਹੋਈ ਪੰਜਾਬੀ ਮੁਟਿਆਰ ਆਪਣੇ ਭਵਿੱਖ ਤੋਂ ਬੜੀ ਚਿੰਤਤ ਸੀ। ਉਸਨੇ ਇਕ ਦਿਨ ਜੱਲਣ ਜੱਟ ਅੱਗੇ ਜਾ ਮੱਥਾ ਟੇਕਿਆ ਤੇ ਹੱਥ ਜੋੜ ਕੇ ਪੁੱਛਣ ਲੱਗੀ, "ਬਾਬਾ ਜੀ, ਮੇਰੀ ਕਿਵੇਂ ਲੰਘੇਗੀ ?" ਜੱਲਣ ਜੱਟ ਨੇ ਕਿਹਾ, "ਬੀਬਾ ਜੇ ਖਾਵੇਂਗੀ ਰੁੱਖਾ-ਮਿੱਸਾ, ਪਹਿਨੇਂਗੀ ਖੱਦਰ ਮੋਟਾ, ਅੱਗੇ ਚਰਖਾ, ਪਿੱਛੇ ਕੰਧ ਤੇ ਜਾਊਗੀ ਲੰਘ। ਖਾਵੇਂਗੀ ਜੇ ਦੁੱਧ ਮਲਾਈਆਂ, ਪਹਿਨੇਂਗੀ ਰੇਸ਼ਮ ਤੇ ਪੱਟ, ਕੀ ਕਰੂ ਫੇਰ ਜੱਲਣ ਜੱਟ।" ਸਤਿਗੁਰਾਂ ਨੇ ਕਿਹਾ 'ਰਹਿਣੀ ਰਹੇ ਸੋਈ ਸਿੱਖ ਮੇਰਾ' ਅੱਗੇ ਉਹਨਾਂ ਕਿਹਾ, 'ਜਬ ਇਹ ਗਹੇ ਬਿਪਰਨ (ਬ੍ਰਾਹਮਣ) ਕੀ ਰੀਤ ਮੈ ਨ ਕਰੂ ਇਨ ਕੀ ਪ੍ਰਤੀਤ।" ਹੁਣ ਜੇ ਸਤਿਗੁਰੂ ਮਾਤਲੋਕ ਦੇ ਸਿੱਖਾਂ ਵੱਲ ਧਿਆਨ ਮਾਰਦੇ ਹਨ ਤਾਂ ਕਿਸੇ ਸਿੱਖ ਦੀ ਦਾਹੜੀ ਕੇਸ ਹੈ ਨਹੀਂ, ਕਿਸੇ ਬੀਬੀ ਦੇ ਭਰਵੱਟੇ ਹੈ ਨਹੀਂ ਤੇ ਸਰੀਰ ਤੇ ਬਾਕੀ ਰੋਮ ਹੈ ਨਹੀਂ, ਸਿੱਖ ਝੂਠ ਵੀ ਰੱਜ ਕੇ ਬੋਲਦੇ ਹਨ ਤੇ ਕਿਸੇ ਨਾਲ ਛਲ ਕਰਨ ਲੱਗੇ ਵੀ ਹੱਦਾਂ ਬੰਨੇ ਟੱਪ ਜਾਂਦੇ ਹਨ। ਜਿਹੜੀ-ਜਿਹੜੀ ਗੱਲ ਵੀ ਉਹਨਾਂ ਕਰਨੋਂ ਵਰਜੀ ਸੀ, ਉਹ ਜ਼ਰੂਰ ਹੀ ਕਰਦੇ ਹਨ। ਜੇ ਸਿੱਖਾਂ ਨੇ ਗੁਰੂ ਦੇ ਆਖੇ ਲੱਗ ਕੇ ਨਹੀਂ ਚੱਲਣਾ ਤਾਂ ਗੁਰੂ ਨੇ ਵੀ ਇਹਨਾਂ ਸਿੱਖਾਂ ਦਾ ਕਾਹਦਾ ਫਿਕਰ ਕਰਨਾ ਸੀ। ਨਤੀਜਾ ਤਾਂ ਏਥੇ ਵੀ ਜੱਲਣ ਜੱਟ ਵਾਲਾ ਹੀ ਨਿਕਲਣਾ ਸੀ, ਸੋ ਨਿਕਲ ਰਿਹਾ ਹੈ ਤੇ ਸਿੱਖ ਅੱਜ ਅਜਗਰ ਦੇ ਮੂੰਹ ਵਿਚ ਹੈ।

×××

## ਸਿੱਖ ਸੰਗਤ ਕਿ ਭੇਡਾਂ

ਪੰਜਾਬ ਜਿਹੜੀ ਗੁਰੂਆਂ-ਪੀਰਾਂ ਦੀ ਧਰਤੀ ਸੀ, ਅੱਜ ਓਥੇ ਨਾ ਹੀ ਕੋਈ ਸਿੱਖ ਹੈ ਤੇ ਨਾ ਹੀ ਸਿੱਖੀ। ਜਾਂ ਤਾਂ ਗੁਰਦੁਆਰੇ ਹੀ ਗੁਰਦੁਆਰੇ ਹਨ ਤੇ ਹਰ ਛੋਟੇ ਮੋਟੇ ਪਿੰਡ ਵਿਚ ਵੀ ਤਿੰਨ ਤਿੰਨ ਚਾਰ ਚਾਰ ਗੁਰਦੁਆਰੇ ਹਨ ਤੇ ਜਾਂ ਪਾਖੰਡੀ ਸਾਧ ਹਨ ਤੇ ਜਾਂ ਫਿਰ ਕੰਨ ਰਸ ਦੀ ਮਾਰੀ ਹੋਈ ਪਾਖੰਡੀ ਸਾਧ ਸੰਗਤ ਹੈ, ਜਿਸਦਾ ਸਿੱਖੀ ਨਾਲ ਦੂਰ ਨੇੜੇ ਦਾ ਵੀ ਸਬੰਧ ਨਹੀਂ ਰਿਹਾ। ਜੇ ਕੁੱਝ ਸਿੱਖੀ ਦਰਦ ਵਾਲੇ ਹਨ ਵੀ ਤਾਂ ਉਨ੍ਹਾਂ ਦੀ ਨਕਾਰਖਾਨੇ ਵਿਚ ਤੂਤੀ ਵਰਗੀ ਹਾਲਤ ਹੈ। ਜੇ ਸਿੱਖੀ ਹੁੰਦੀ ਤਾਂ ਪੂਰੇ ਪਿੰਡ ਦੇ ਸਾਹਮਣੇ ਕਿਸੇ ਨਿਰਦੋਸ਼ ਬੱਚੇ ਨੂੰ ਉਸ ਦੇ ਮਾਤਾ-ਪਿਤਾ ਤੇ ਭੈਣਾਂ-ਭਰਾਵਾਂ ਦੇ ਸਾਹਮਣੇ ਵਿਲਕਦਿਆਂ ਕੋਲੋਂ ਪੁਲਿਸ ਦੇ ਬੁੱਚੜ ਅਫਸਰ ਚੁੱਕ ਕੇ ਨਾ ਲੈ ਜਾਂਦੇ, ਹੱਦ ਹੋ ਗਈ, ਕੋਈ ਸਿੱਖ ਕੁਸਕਿਆ ਤੱਕ ਨਹੀਂ!

ਗੁਰੂ ਨਾਨਕ ਮਿਸ਼ਨ ਚੌਕ ਜਲੰਧਰ ਦੇ ਗੁਰਦੁਆਰੇ ਵਿਚ ਸਵੇਰੇ ਪੌਣੇ ਅੱਠ ਵਜੇ ਭੋਗ ਪਿਆ। ਅਰਦਾਸ ਹੋਈ, ਪ੍ਰਸ਼ਾਦ ਵਰਤਾਇਆ ਗਿਆ। ਹੱਥਾਂ ਵਿਚ ਪ੍ਰਸ਼ਾਦ ਸਾਂਭਿਆ, ਸੰਗਤ ਨਹੀਂ ਭੇਡਾਂ ਦਾ ਇੱਜੜ ਗੁਰਦੁਆਰਿਓਂ ਬਾਹਰ ਨਿਕਲਿਆ ਤਾਂ ਓਦੋਂ ਹੀ ਪੁਲਿਸ ਨੇ 19-20 ਸਾਲ ਦੇ ਇਕ ਸਿੱਖ ਨੌਜਵਾਨ ਦੀ ਹਿੱਕ ਵਿਚ ਗੋਲੀਆਂ ਮਾਰੀਆਂ। ਨੌਜਵਾਨ ਸੜਕ ਵਿਚ ਡਿੱਗਿਆ ਤੜਫਦਾ ਰਿਹਾ। ਸਾਰੀਆਂ ਭੇਡਾਂ ਉਹਦੇ ਵੱਲ ਵੇਂਹਦੀਆਂ-ਵੇਂਹਦੀਆਂ ਕੋਲੋਂ ਲੰਘ ਕੇ ਘਰਾਂ ਨੂੰ ਚਲੀਆਂ ਗਈਆਂ। ਉਨ੍ਹਾਂ ਵਿਚ ਅੱਸੀ-ਅੱਸੀ ਸਾਲ ਦੇ ਬੁੱਢੇ ਭੇਡੂ ਵੀ ਸਨ ਤੇ ਏਨੀ-ਏਨੀ ਉਮਰ ਦੀਆਂ ਬੁੱਢੀਆਂ ਭੇਡਾਂ ਵੀ ਸਨ। ਜੇ ਉਹ ਭੇਡਾਂ ਹੌਸਲਾ ਕਰਕੇ ਉਸ ਤੜਫਦੇ ਨੌਜਵਾਨ ਕੋਲ ਜਾਂਦੀਆਂ, ਉਸ ਮਰਦੇ ਦੇ ਮੂੰਹ ਵਿਚ ਪਾਣੀ ਪਾਉਂਦੀਆਂ ਤਾਂ ਕਿਸੇ ਪੁਲਿਸ ਵਾਲੇ ਦੀ ਉਨ੍ਹਾਂ ਨੂੰ ਰੋਕਣ ਦੀ ਹਿੰਮਤ ਨਾ ਹੁੰਦੀ। ਉਹ ਭੇਡਾਂ ਇਸ ਤੋਂ ਥੋੜ੍ਹਾ ਹੋਰ ਅੱਗੇ ਜਾ ਸਕਦੀਆਂ ਸਨ। ਪੁਲਿਸ ਵਾਲਿਆਂ ਨੂੰ ਪੁੱਛ ਸਕਦੀਆਂ ਸਨ, "ਇਸ ਨੂੰ ਕਿਉਂ ਮਾਰਿਆ ਜੇ?" ਬੁੱਢੀਆਂ ਭੇਡਾਂ ਦੇ ਨਾਲ ਅਧਖੜ ਉਮਰ ਦੀਆਂ ਭੇਡਾਂ ਹੋਰ ਹਿੰਮਤ ਕਰਦੀਆਂ ਤਾਂ ਸੜਕ ਵਿਚ ਚੌਕੜਾ ਮਾਰ ਕੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਜਾਮ ਲਾ ਸਕਦੀਆਂ ਸਨ। ਜੇ ਇਸ ਤਰ੍ਹਾਂ ਦਾ ਇਕ ਇਕੱਠ ਵੀ ਸ਼ਹਿਰ ਦੇ ਐਨ ਵਿਚਕਾਰ ਇਸ ਚੌਰਾਹੇ ਵਿਚ ਹੋ ਜਾਂਦਾ ਤਾਂ, ਜਿਥੇ ਜ਼ੁਲਮ ਕਰਨ ਵਾਲਿਆਂ ਦਾ ਹੌਸਲਾ ਢਹਿੰਦਾ, ਉਥੇ ਮਜ਼ਲੂਮਾਂ ਦਾ ਹੌਸਲਾ ਵਧਦਾ। ਕਿਸੇ ਬੇਦੋਸ਼ੇ ਨੂੰ ਮਾਰ ਦੇਣਾ, ਉਹ ਵੀ ਨਿਹੱਥੇ ਨੂੰ, ਜੇ ਸਿੱਖ ਸੰਗਤਾਂ ਏਹੋ ਜਹੀਆਂ ਘਟਨਾਵਾਂ ਦਾ ਵੀ ਨੋਟਿਸ ਨਹੀਂ ਲੈਂਦੀਆਂ, ਜਿਥੇ ਉਨ੍ਹਾਂ ਦੀ ਨਸਲਕੁਸ਼ੀ ਹੋ ਰਹੀ ਹੋਵੇ, ਤਾਂ ਫਿਰ ਇਹ ਪਾਖੰਡੀ ਸਾਧ-ਸੰਗਤ ਕੰਨ-ਰਸ ਦੀ ਮਾਰੀ ਹੋਈ ਹੀ ਗੁਰਦੁਆਰੇ ਜਾਂਦੀ ਹੈ। ਇਹ ਸੰਗਤ ਨਹੀਂ ਭੇਡਾਂ ਦਾ ਇੱਜੜ ਹੈ। ਜੇ ਇਸ ਭੇਡਾਂ ਦੇ ਇੱਜੜ ਨੇ ਇਸ ਘਟਨਾਂ ਨੂੰ ਸਿੱਖਾਂ ਦੀ ਨਸਲਕੁਸ਼ੀ ਦੇ ਤੌਰ 'ਤੇ ਨਹੀਂ ਸੀ ਲੈਣਾ ਤਾਂ ਮਨੁੱਖੀ ਅਧਿਕਾਰਾਂ ਦੇ ਤੌਰ 'ਤੇ ਤਾਂ ਲੈ ਹੀ ਸਕਦੇ ਸਨ। ਇਹ ਕਿਥੇ ਲਿਖਿਆ ਹੋਇਆ ਹੈ ਕਿ ਇਕ ਨਿਹੱਥੇ ਬੰਦੇ ਨੂੰ ਪੁਲਿਸ ਫੜ

ਕੇ ਗ੍ਰਿਫਤਾਰ ਕਰਨ ਦੀ ਥਾਂ ਗੋਲੀ ਮਾਰ ਕੇ ਹੀ ਮਾਰ ਦੇਵੇ। ਇਕ ਬੜੇ ਮਸ਼ਹੂਰ ਤੇ ਬਜ਼ੁਰਗ ਵਕੀਲ ਵੀ ਓਥੇ ਸਨ ਪਰ ਉਹ ਵੀ ਇਹ ਸਭ ਕੁਝ ਆਪਣੀ ਅੱਖੀਂ ਵੇਖ ਕੇ, ਘੇਸਲ ਵੱਟ ਕੇ ਚੁੱਪ-ਚਾਪ ਆਪਣੇ ਘਰ ਚਲੇ ਗਏ। ਉਨ੍ਹਾਂ ਦਾ ਘਰ ਬਿਲਕੁਲ ਕੁਝ ਕਦਮਾਂ ਦੇ ਫਾਸਲੇ 'ਤੇ ਹੀ ਹੈ। ਕੁਦਰਤ ਦਾ ਕ੍ਰਿਸ਼ਮਾ ਦੇਖੋ, ਓਦੋਂ ਤਾਂ ਉਹਨਾਂ ਆਪਣੀ ਜਾਨ ਪਿਆਰੀ ਕਰ ਲਈ ਪਰ ਤਿੰਨ ਸਾਲ ਬਾਅਦ ਐਨ ਓਸੇ ਹੀ ਸਥਾਨ 'ਤੇ ਓਸੇ ਹੀ ਗੁਰਦੁਆਰਿਓਂ ਆਉਂਦਿਆਂ, ਉਹ ਇਕ ਬੱਸ ਥੱਲੇ ਆ ਕੇ ਕੁਚਲੇ ਗਏ। ਜੇ ਉਹ ਕਦੇ ਉਸ ਦਿਨ ਜੁਲਮ ਵਿਰੁੱਧ ਬੋਲਣ ਦਾ ਹੀਆਂ ਕਰ ਲੈਂਦੇ ਤਾਂ ਅੱਜ ਸਿੱਖ ਜਗਤ ਵਿਚ ਉਨ੍ਹਾਂ ਦਾ ਅਥਾਹ ਸਤਿਕਾਰ ਹੁੰਦਾ।

ਏਧਰ ਸ਼ਾਮ ਦੀਆਂ ਐਰਾਂ ਰੈਲਾਂ ਰਲਣ ਲਗ ਪੈਂਦੀਆਂ, ਛਾਪੇ ਮਾਰ ਕੇ ਫੜੇ ਹੋਏ ਸਿੰਘਾਂ ਤੇ ਸਿੰਘਣੀਆਂ ਨੂੰ ਥਾਣੇ ਅੰਦਰ ਪੁੱਛਗਿੱਛ ਦੀਆਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਤੇ ਓਧਰ ਗੁਰਦੁਆਰੇ ਦੇ ਲਾਊਡ ਸਪੀਕਰ ਦੀ ਅਵਾਜ ਗੂੰਜਦੀ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ। ਫਿਰ ਪਾਠ ਸ਼ੁਰੂ ਹੋ ਜਾਂਦਾ, 'ਅਵਲ ਅਲਾ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ। ਏਕ ਨੂਰ ਤੇ ਸਭ ਜੱਗ ਉਪਜੇ ਕੌਣ ਭਲੇ ਕੌਣ ਮੰਦੇ।' ਓਧਰ ਸਿੰਘਾਂ ਦੀਆਂ ਲਤਾਂ ਦੋਂਹ ਸਿਪਾਹੀਆਂ ਨੇ ਦੋਹਾਂ ਪਾਸਿਆਂ ਤੋਂ ਫੜੀਆਂ ਹੁੰਦੀਆਂ ਤੇ ਉਸਦੀਆਂ ਚਾਂਗਰਾਂ ਨਿਕਲਦੀਆਂ, ਦੂਜੇ ਪਾਸੇ ਭਾਈ ਅੜਿੰਗ ਅੜਿੰਗ ਕੇ ਪਾਠ ਕਰਨ ਵਿਚ ਮਗਨ ਹੁੰਦੇ। ਇਹ ਕੈਸਾ ਮਾਹੌਲ ਸੀ, ਜਿਥੇ ਜੁਲਮ ਤੇ ਭਗਤੀ ਇਕੱਠੀ ਚਲ ਰਹੀ ਸੀ, ਜੁਲਮ ਸਹਿਣ ਵਾਲੇ ਕੋਣ ਸਨ ਤੇ ਭਗਤੀ ਦੇ ਸ਼ੌਕੀਨ ਕੌਣ। ਚਾਹੀਦਾ ਤਾਂ ਇਹ ਸੀ ਕਿ ਘੋੜਾ ਤੇ ਸਵਾਰ ਇਕ ਹੋ ਜਾਣ ਵਾਂਗ ਪੂਰੀ ਕੌਮ ਇਕ ਹੋ ਕੇ ਸੋਚਦੀ ਪਰ ਏਥੇ ਤਾਂ ਸੋਚਿਆ ਹੀ ਹੋਰ ਤਰ੍ਹਾਂ ਗਿਆ। ਚੱਡੇ ਪੜਵਾਉਣ ਵਾਲੇ ਚੱਡੇ ਪੜਵਾਈ ਜਾਂਦੇ ਸਨ ਤੇ ਗੀਤ ਸੰਗੀਤ ਦੇ ਸ਼ੌਕੀਨ ਗੀਤ ਗਾਈ ਜਾਂਦੇ ਸਨ। ਕੀ ਸਿੱਖ ਧਰਮ ਗੀਤ ਸੰਗੀਤ ਵਾਸਤੇ ਬਣਿਆ ਹੈ?

ਇਕ ਵਿਧਵਾ ਬੀਬੀ, ਜੋ ਆਪ ਕਈ ਦਿਨ ਥਾਣੇ ਕੱਟ ਕੇ ਆਈ ਸੀ ਤੇ ਰੱਜ ਕੇ ਪੁਲਸੀਆਂ ਹੱਥੋਂ ਜਲੀਲ ਹੋਣ ਤੇ ਬਲਾਤਕਾਰ ਦੇ ਦੁਖ ਸਹਿਣ ਤੋਂ ਬਾਅਦ ਆਪਣਾ ਦਿਮਾਗੀ ਤਵਾਜਨ ਗਵਾ ਚੁੱਕੀ ਸੀ, ਪਤਾ ਲੈਣ ਗਏ ਲੋਕਾਂ ਕੋਲ ਖੁਲ੍ਹ ਕੇ ਆਪਣੇ ਵਿਚਾਰ ਪ੍ਰਗਟ ਕਰਦੀ ਤੇ ਕਹਿੰਦੀ, "ਮੈਨੂੰ ਤਾਂ ਜਦੋਂ ਵੀ ਕਿਤੇ ਸ਼ਬਦ ਕੀਰਤਨ ਦੀ ਅਵਾਜ ਸੁਣਦੀ ਹੈ ਤਾਂ ਮੈਨੂੰ ਇਸ ਤਰ੍ਹਾਂ ਲਗਦਾ ਹੈ ਜਿਵੇਂ ਕੰਜਰਾਂ ਦੀ ਬਸਤੀ ਵਿਚ ਗਾਹਕ ਖਿਚਣ ਦੀਆਂ ਤਿਆਰੀਆਂ ਹੋ ਰਹੀਆਂ ਹੋਣ। ਸ਼ਬਦ ਕੀਰਤਨ ਕਰਨ ਵਾਲੇ ਲੋਕਾਂ ਦੇ ਮੂੰਹ ਮੈਨੂੰ ਕੁਤਿਆਂ ਦੇ ਮੂੰਹਾਂ ਵਰਗੇ ਲਗਦੇ ਹਨ। ਕਥਾ ਕਰਨ ਵਾਲੇ ਲੋਕ ਮੈਨੂੰ ਇਸ ਤਰ੍ਹਾਂ ਦਿਸਦੇ ਹਨ ਜਿਵੇਂ ਲੂੰਬੜੀ ਬੈਠੀ ਕਾਂ ਨਾਲ ਗੱਲਾਂ ਕਰ ਰਹੀ ਹੋਵੇ, ਪੋਚਵੀਆਂ ਪੱਗਾਂ ਤੇ ਖੁਲ੍ਹੇ ਦਾਹੜੇ ਵਾਲੇ ਲੋਕ ਮੈਨੂੰ ਕੰਜਰੀਆਂ ਦੇ ਬਜਾਰ ਦੇ ਦਲਾਲ ਲਗਦੇ ਹਨ, ਜਿਹੜੇ ਹੁਣੇ ਹੁਣੇ ਹੀ ਆਪਣੀ ਕਿਸੇ ਧੀ, ਭਾਣਜੀ, ਜਾਂ ਭਤੀਜੀ ਦਾ ਸੌਦਾ ਕਰਕੇ ਆਏ ਹੋਣ ਤੇ ਉਨ੍ਹਾਂ ਨੂੰ ਯਕੀਨ ਦੁਆ ਕੇ ਆਏ ਹੋਣ ਕਿ ਤੁਸੀਂ ਏਥੇ ਇਨ੍ਹਾਂ ਨਾਲ ਜੋ ਮਰਜੀ ਕਰੋ, ਅਸੀਂ ਲੋਕਾਂ ਨੂੰ ਸ਼ਬਦ ਕੀਰਤਨ ਵਿਚ ਉਲਝਾ ਕੇ ਰਖਾਂਗੇ।" ਵੇਖਿਆ ਜਾਵੇ ਤਾਂ ਇਹ ਸਭ ਕੁਝ ਹਿੰਦੂ ਸੰਸਕ੍ਰਿਤੀ ਵਿਚ ਬਹੁਤ ਪਹਿਲਾਂ ਤੋਂ ਹੁੰਦਾ ਆਇਆ ਹੈ। ਸਤੀ ਕਰਨ ਵਾਲੀ ਕੁੜੀ ਨੂੰ ਪਹਿਲਾਂ ਤੇ ਸ਼ੰਗਾਰਿਆ ਜਾਂਦਾ ਫਿਰ ਉਸਨੂੰ ਚਿੱਤਾ 'ਤੇ ਰਖ ਦਿੱਤਾ ਜਾਂਦਾ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਇਨ੍ਹਾਂ ਗੁਰਬਾਣੀ ਗਾਉਣ ਵਾਲਿਆਂ ਦਾ ਚੱਢੇ ਪੜਵਾਉਣ ਵਾਲਿਆਂ ਨਾਲ ਕੋਈ ਸਬੰਧ ਨਹੀਂ ਸੀ? ਕੀ ਇਹ ਦੋਵੇਂ ਗੁਰਭਾਈ ਨਹੀਂ?

ਕੀ ਗੁਰੂ ਜੀ ਨੇ ਖੰਡੇ-ਬਾਟੇ ਦਾ ਅੰਮ੍ਰਿਤ ਇਕ ਨੂੰ ਚੱਢੇ ਪੜਵਾਉਣ ਤੇ ਇਕ ਨੂੰ ਸੁਗੰਧਤ ਵਾਤਾਵਰਣ ਵਿਚ ਬੈਠ ਕੇ 'ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ' ਗਾਉਣ ਲਈ ਹੀ ਬਣਾਇਆ ਸੀ? ਕੀ ਸਤਿਗੁਰੂ ਨੂੰ ਨਹੀਂ ਸੀ ਪਤਾ ਕਿ ਧਰਮ ਵੀ ਪਤਾਸਿਆਂ ਵਾਂਗ ਵਿਰੋਧੀ ਰਾਜ ਕਰਨ ਵਾਲਿਆਂ ਦੇ ਰਾਜ ਵਿਚ ਘੁਲ ਜਾਂਦਾ ਹੈ ਤੇ ਪਤਾਸਿਆਂ ਦੀ ਆਪਣੀ ਕੋਈ ਹੋਂਦ ਨਹੀਂ ਰਹਿੰਦੀ, ਸਿਰਫ ਮਿਠਾਸ ਹੀ ਬਾਕੀ ਰਹਿ ਜਾਂਦੀ ਹੈ, ਜਿਹੜੀ ਸ਼ਕੰਜਵੀ, ਸ਼ਰਬਤ ਤੇ ਚਾਹ ਵਿਚ ਵੀ ਹੁੰਦੀ ਹੈ। ਪੋਚਵੀਆਂ ਪੱਗਾਂ ਵਾਲੇ ਜੇ ਰਾਜ ਕਰਨ ਵਾਲਿਆਂ ਦੇ ਜੁਲਮ ਦੀ ਵਿਰੋਧਤਾ ਨਹੀਂ ਕਰ ਸਕਦੇ ਤਾਂ ਜੁਲਮ ਨਾਲ ਲੜਨ ਵਾਲਿਆਂ ਨੂੰ ਲੁਟੇਰੇ, ਡਾਕੂ, ਲੁੱਟਾਂ-ਖੋਹਾਂ ਕਰਨ ਵਾਲੇ ਤੇ ਭਟਕੇ ਹੋਏ ਨੌਜਵਾਨ ਵੀ ਤਾਂ ਨਾ ਆਖਣ। ਕਰਵਾਚੌਥ ਦਾ ਵਰਤ ਰੱਖਣ ਵਾਲੀ ਸ਼ਹਿਰਨ ਨੂੰ ਇਹ ਨਹੀਂ ਪਤਾ ਕਿ ਪਿੰਡ ਵਿਚ ਰਹਿਣ ਵਾਲੀ ਮੇਰੀ ਭੈਣ ਦਾ ਸੁਹਾਗ ਪੁਲਿਸ ਨੇ ਉਜਾੜ ਦਿੱਤਾ ਹੈ। ਜੇ ਸ਼ਹਿਰਨ ਦਾ ਪਤੀ ਕਰਵਾਚੌਥ ਦਾ ਵਰਤ ਰੱਖਣ ਨਾਲ ਜਿਊਂਦਾ ਹੈ ਤਾਂ ਇਸ ਦਾ ਮਤਲਬ ਇਹ ਹੋਇਆ ਕਿ ਪੇਂਡੂ ਵਿਚਾਰੀ ਦੇ ਪਤੀ ਨੂੰ ਅੰਮ੍ਰਿਤ ਨੇ ਮਾਰਿਆ ਹੈ। ਜੇ ਉਹ ਵੀ ਵਰਤ ਰੱਖਣ ਵਾਲੀ ਹੁੰਦੀ ਤਾਂ ਉਹਦਾ ਪਤੀ ਵੀ ਨਾ ਮਰਦਾ। ਸ਼ਹਿਰਨ ਤਾਂ ਗਲ ਵਿਚ ਮੰਗਲ ਸੂਤਰ ਪਾਈ ਫਿਰਦੀ ਹੈ ਤੇ ਪੇਂਡਣ ਵਿਚਾਰੀ ਖੁੱਲ੍ਹੇ ਵਾਲ ਗਲ ਵਿਚ ਪਾਈ ਵਿਧਵਾ ਹੋਈ ਫਿਰਦੀ ਹੈ। ਇਕ ਦੇਸ਼ ਭਗਤ ਦੀ ਪਤਨੀ ਹੈ ਤੇ ਦੂਸਰੀ ਦੇਸ਼ ਦੇ ਗੱਦਾਰ ਦੀ ਪਤਨੀ ਹੈ। ਸ਼ਹਿਰੀ ਭਾਪਿਆਂ ਦੇ ਮੁੰਡੇ ਦੇਸ਼ ਭਗਤ, ਪੇਂਡੂ ਸਿੱਖਾਂ ਦੇ ਮੁੰਡੇ ਅੱਤਵਾਦੀ। ਉਂਝ ਸ਼ਹਿਰੀ ਮੁੰਡਿਆਂ ਨੇ ਵੀ ਬੜੀਆਂ ਜਾਨਾਂ ਵਾਰੀਆਂ ਹਨ ਤੇ ਬੜਾ ਤਸ਼ੱਦਦ ਆਪਣੇ ਪਿੰਡੇ 'ਤੇ ਹੰਡਾਇਆ ਹੈ। ਇਹ ਗਲ ਤਾਂ ਉਨ੍ਹਾਂ ਦੀ ਹੈ, ਜਿਹੜੇ ਸਿੱਖੀ ਦਾ ਖੇਖਣ ਤਾਂ ਬਹੁਤ ਕਰਦੇ ਹਨ ਪਰ ਰਾਸ਼ਟਰੀ ਸਿੱਖ ਸੰਗਤ ਦੇ ਮਾਮੇ ਬਣੇ ਬੈਠੇ ਹਨ। ਹੋ ਸਕਦਾ ਹੈ, ਪਿੰਡਾਂ ਦੇ ਸਿੱਖ ਕੁਝ ਸਾਲਾਂ ਬਾਅਦ ਸਿੱਖੀ ਛੱਡ ਜਾਣ ਪਰ ਉਹ ਜੰਞੂ ਨਹੀਂ ਪਾ ਸਕਦੇ ਕਿਉਂਕਿ ਇਹ ਪੇਂਡੂ ਜਹੇ ਲੋਕ ਗੁਰੂ ਨਾਨਕ ਤੋਂ ਪਹਿਲਾਂ ਵੀ ਜੰਞੂ ਨਹੀਂ ਸੀ ਪਾਉਂਦੇ, ਪਰ ਸ਼ਹਿਰੀ ਭਾਪੇ ਸਿੱਖ ਤਾਂ ਹੋ ਸਕਦੈ ਕੁਝ ਸਾਲਾਂ ਤੱਕ ਜੰਞੂ ਵੀ ਪਾਉਣ ਲੱਗ ਪੈਣ। ਗੁਰਦੁਆਰੇ ਤਾਂ ਹੁਣ ਪਹਿਲਾਂ ਹੀ ਮੰਦਰਾਂ ਵਰਗੇ ਕੰਮ ਕਰਨ ਲੱਗ ਪਏ ਹਨ। ਹੁਣ ਵੀ ਤਾਂ ਕਈ ਗੁਰਦੁਆਰਿਆਂ ਵਿਚ ਜਨਮ ਅਸ਼ਟਮੀ ਮਨਾਈ ਜਾਂਦੀ ਹੈ ਤੇ ਰਾਮਨੌਮੀ ਦੇ ਜਲੂਸ ਗੁਰਦੁਆਰਿਓਂ ਨਿਕਲਦੇ ਹਨ, ਜਿਵੇਂ ਕਿ ਬਸਤੀ ਸ਼ੇਖ, ਜਲੰਧਰ ਦੇ ਗੁਰਦੁਆਰੇ ਨੇ ਸ਼ੁਭ ਪਹਿਲ ਕੀਤੀ ਹੈ। ਕੀ ਹੁਣ ਹਿੰਦੂ ਸੰਤ ਗੁਰਦੁਆਰਿਆਂ ਵਿਚ ਕੀਰਤਨ ਤੇ ਕਥਾ ਨਹੀਂ ਕਰਦੇ, ਉਨ੍ਹਾਂ ਨੂੰ ਸਿਰੋਪੇ ਨਹੀਂ ਮਿਲਦੇ?

ਨਵੰਬਰ 2001 ਦੀ ਗੱਲ ਹੈ ਕਿ ਦਿਆਲ ਨਗਰ ਵਿਚ ਦੋ ਕੁ ਸਾਲ ਤੋਂ ਇਕ ਅੰਮ੍ਰਿਤਧਾਰੀ ਬੀਬੀ ਗੁਰਪ੍ਰੀਤ ਕੌਰ ਨੇ ਵਿਦੇਸ਼ਾਂ ਵਿਚੋਂ ਪੈਸਾ ਲਿਆ ਕੇ ਗੁਰਦੁਆਰਾ ਬਣਾਇਆ। ਇਹ ਬੀਬੀ ਗਾਤਰੇ ਕਿਰਪਾਨ ਪਾਉਂਦੀ ਹੈ ਤੇ ਕੇਸਕੀ ਸਜਾਉਂਦੀ ਹੈ। ਇਸ ਗੁਰਦੁਆਰੇ ਵਿਚ ਉਹ ਬੜੀ ਸ਼ਰਧਾ ਨਾਲ ਅਖੰਡ ਪਾਠ ਅਤੇ ਕਥਾ ਕੀਰਤਨ ਦੀ ਸੇਵਾ ਕਰਵਾਉਂਦੀ ਰਹੀ ਹੈ। ਪਰ ਅਚਾਨਕ ਉਸਨੇ ਗੁਰਦੁਆਰੇ ਵਿਚ ਸ਼ੇਰਾਂ ਵਾਲੀ ਮਾਤਾ ਦਾ ਜਗਰਾਤਾ ਰੱਖ ਲਿਆ। ਉਸਨੇ ਇਕ ਬਾਈ-ਤੇਈ ਸਾਲ ਦੇ ਮੁੰਡੇ ਨੂੰ ਪੈਰ ਅਤੇ ਹੱਥ ਥੱਲੇ ਲਵਾ ਕੇ ਘੋੜਾ ਜਿਹਾ ਬਣਾ ਲਿਆ, ਉਸ 'ਤੇ ਗੋਟੇ ਵਾਲਾ ਲਾਲ ਕੱਪੜਾ ਪਾ ਕੇ ਤੇ ਉਹਦੇ ਮੂੰਹ 'ਤੇ ਸ਼ੇਰ ਦਾ ਗੱਤੇ ਦਾ ਮੁਖੌਟਾ ਪਾ ਕੇ, ਆਪ ਉਸ ਉੱਤੇ ਚੜ੍ਹ ਬੈਠੀ ਤੇ ਹਰ ਤਰੀਕੇ ਨਾਲ ਅਖਬਾਰਾਂ ਆਦਿ ਵਿਚ ਇਸ਼ਤਿਹਾਰ ਤੇ ਖਬਰਾਂ ਵਗੈਰਾ ਲਵਾ ਕੇ ਇਹ ਪ੍ਰਚਾਰ ਕਰਵਾਇਆ ਕਿ ਮੈਂ ਸ਼ੇਰਾਂ

ਵਾਲੀ ਮਾਤਾ ਹਾਂ। ਹਾਜ਼ਰ ਲੋਕਾਂ ਦੇ ਦੱਸਣ ਅਨੁਸਾਰ ਓਥੇ ਬਹੁਤ ਗਿਣਤੀ ਵਿਚ ਅੰਮ੍ਰਿਤਧਾਰੀ ਸਿੰਘ ਅਤੇ ਅੰਮ੍ਰਿਤਧਾਰੀ ਸਿੰਘਣੀਆਂ ਵੀ ਤਾੜੀਆਂ ਮਾਰ-ਮਾਰ ਕੇ ਤੇ ਨੱਚ ਨੱਚ ਕੇ ਸ਼ੇਰਾਂ ਵਾਲੀ ਮਾਤਾ ਦੇ ਭਜਨ ਗਾ ਰਹੀਆਂ ਸਨ। ਬੀਬੀ ਗੁਰਪ੍ਰੀਤ ਕੌਰ ਨੂੰ ਸਿੱਖ ਸੰਗਤ ਇਕੱਠੀ ਕਰਨ ਵਿਚ ਕੋਈ ਦਿੱਕਤ ਨਹੀਂ ਆਈ ਕਿਉਂਕਿ ਇਸ ਗੁਰਦੁਆਰੇ ਵਿਚ ਪਹਿਲਾਂ ਤੋਂ ਹੀ ਆਉਣ ਵਾਲੀ ਸੰਗਤ ਅੱਜ ਮਾਤਾ ਦੀ ਭਗਤ ਬਣ ਗਈ ਸੀ। ਹੈਰਾਨੀ ਦੀ ਗੱਲ ਇਹ ਸੀ ਕਿ ਗੁਰਦੁਆਰਾ ਸਾਹਿਬ ਦੇ ਜਿਸ ਹਾਲ ਵਿਚ ਇਹ ਜਗਰਾਤਾ ਹੋ ਰਿਹਾ ਸੀ ਓਥੇ ਹੀ ਮਹਾਰਾਜ ਦਾ ਪ੍ਰਕਾਸ਼ ਵੀ ਸੀ ਤੇ ਸ਼ੇਰਾਂ ਵਾਲੀ ਮਾਤਾ ਸ਼ੇਰ 'ਤੇ ਬੈਠੀ ਹੋਣ ਕਰਕੇ ਮਹਾਰਾਜ ਦੇ ਸਰੂਪ ਤੋਂ ਵੀ ਉੱਚੀ ਸੀ। ਜਲੰਧਰ ਦੇ ਕੁਝ ਅਣਖੀ ਸਿੱਖਾਂ ਨੇ ਉਹਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਉਹਨੇ ਸਾਫ ਕਹਿ ਦਿੱਤਾ ਕਿ ਮੈਂ ਜਗਰਾਤਾ ਕਰਵਾਉਣਾ ਹੀ ਕਰਵਾਉਣਾ ਹੈ, ਬਹੁਤੀ ਗੱਲ ਹੈ ਤਾਂ ਤੁਸੀਂ ਮਹਾਰਾਜ ਦਾ ਸਰੂਪ ਚੁੱਕ ਕੇ ਲੈ ਜਾਓ। ਝਗੜਾ ਹੋਣ ਤੋਂ ਰੋਕਣ ਲਈ ਪਸ਼ਾਸਨ ਨੇ ਦੂਸਰਾ ਰੱਖਿਆ ਜਗਰਾਤਾ ਤਾਂ ਨਾ ਹੋਣ ਦਿੱਤਾ ਪਰ ਇਸ ਗੱਲ ਦੀ ਕੀ ਗਰੰਟੀ ਹੈ ਕਿ ਉਹ ਗੁਰਦੁਆਰਾ ਮੰਦਰ ਵਿਚ ਤਬਦੀਲ ਨਹੀਂ ਹੋਵੇਗਾ?

ਦੂਜੀ ਘਟਨਾ ਵਿਚ ਦਿਓਲ ਨਗਰ ਵਿਚ ਇਕ ਗੁਰਦੁਆਰਾ ਹੈ ਜਿਸ ਦਾ ਨਾਂ 'ਆਸਾਪੂਰਨ' ਰਖਿਆ ਹੋਇਆ ਹੈ। ਇਸ ਨਾਂਅ ਤੋਂ ਤਾਂ ਇਹ ਭੁਲੇਖਾ ਪੈਂਦਾ ਹੈ ਕਿ ਜੇ ਕੋਈ ਇਸ ਗੁਰਦੁਆਰੇ ਵਿਚ ਆਵੇ ਤਾਂ ਉਹਦੀ ਆਸਾ ਪੂਰਨ ਹੁੰਦੀ ਹੈ ਪਰ ਜੇ ਕਿਸੇ ਹੋਰ ਵਿਚ ਜਾਵੇ ਤਾਂ ਕੰਮ ਵਿਗੜ ਵੀ ਸਕਦਾ ਹੈ। ਸਿੱਖ ਏਨਾਂ ਨਿੱਘਰ ਚੁੱਕੇ ਹਨ ਕਿ ਗੁਰਦੁਆਰਿਆਂ ਦੇ ਨਾਂਅ ਵੀ ਦੁਕਾਨਾਂ ਵਰਗੇ ਰੱਖਣ ਲੱਗ ਪਏ ਹਨ। ਇਸ ਗੁਰਦੁਆਰੇ ਵਿਚ ਇਕ ਕਬਰ ਵੀ ਬਣੀ ਹੋਈ ਸੀ। ਗੁਰਦੁਆਰੇ ਵਿਚ ਮੱਥਾ ਟੇਕਣ ਜਾਂਦੀ ਸੰਗਤ ਵਿਚੋਂ ਕਾਫੀ ਸਿੱਖ ਕਬਰ ਉੱਤੇ ਵੀ ਮੱਥਾ ਟੇਕਦੇ ਸਨ। ਬਾਕਾਇਦਾ ਇਸ ਕਬਰ 'ਤੇ ਹਰੇ ਰੰਗ ਦਾ ਕੱਪੜਾ ਪਾਇਆ ਹੋਇਆ ਸੀ। ਕੁਝ ਸਿੰਘਾਂ ਨੇ ਉਹ ਕਬਰ ਢਾਹ ਦਿੱਤੀ। ਇਹ ਕੰਮ ਨਿਰਵਿਘਨ ਸਮਾਪਤ ਹੋ ਗਿਆ ਕਿਉਂਕਿ ਸਾਰਿਆਂ ਨੂੰ ਪਤਾ ਹੈ ਕਿ ਗੁਰਦੁਆਰੇ ਵਿਚ ਕਬਰ ਨਹੀਂ ਹੋ ਸਕਦੀ ਤੇ ਨਾ ਹੀ ਕਬਰ ਵਾਲੀ ਥਾਂ-'ਤੇ ਗੁਰਦੁਆਰਾ ਹੋ ਸਕਦਾ ਹੈ। ਗੁਰਦੁਆਰੇ ਦੇ ਪ੍ਰਬੰਧਕਾਂ ਅਤੇ ਪ੍ਰਸ਼ਾਸਨ ਨੂੰ ਭਰੋਸੇ ਵਿਚ ਲੈ ਕੇ ਹੀ ਇਹ ਕੰਮ ਕੀਤਾ ਗਿਆ ਸੀ। ਇਕ ਹੋਰ ਸਿੱਖ ਜੋ ਪੇਸ਼ੇ ਵਜੋਂ ਆਮਦਨ ਕਰ ਦੇ ਵਕੀਲ ਹਨ ਤੇ ਆਮ ਤੌਰ 'ਤੇ ਸਿੱਖ ਮਸਲਿਆਂ ਵਿਚ ਬਹੁਤ ਦਿਲਚਸਪੀ ਲੈਂਦੇ ਰਹਿੰਦੇ ਹਨ ਤੇ ਅਜੇ ਕੁਝ ਦਿਨ ਪਹਿਲਾਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਐਕਟ-1925 ਵਿਚ ਸਿੱਖ ਵੋਟਰ ਦੀ ਪਰਿਭਾਸ਼ਾ ਨਿਸ਼ਚਤ ਕਰਨ ਵਾਲੇ ਮਾਮਲੇ ਵਿਚ ਉਹਨਾਂ ਨੇ ਬੜਾ ਵਾ-ਵੇਲਾ ਕੀਤਾ ਤੇ ਬੜੀ ਪ੍ਰਸਿੱਧੀ ਖੱਟੀ ਤੇ ਨਾਲੇ ਲੋਕਾਂ ਨੂੰ ਇਹ ਯਕੀਨ ਦਵਾ ਦਿੱਤਾ ਕਿ ਜੇ ਇਹ ਕਾਨੂੰਨ ਪਾਸ ਹੋ ਗਿਆ ਤਾਂ ਸ਼ਾਇਦ ਸਾਰੇ ਸਿੱਖ ਹੀ ਪਲੇਗ ਪੈ ਕੇ ਮਰ ਜਾਣਗੇ। ਸਭ ਤੋਂ ਪਹਿਲਾਂ ਤਾਂ ਇਸ ਵਕੀਲ ਨੇ ਹੀ ਕਬਰ ਪੁਟ ਕੇ ਸੁੱਟਣ ਵਾਲੇ ਬਹਾਦਰ ਸਿੰਘਾਂ ਨਾਲੋਂ ਆਪਣਾ ਨਾਤਾ ਤੋੜ ਲਿਆ ਤੇ ਉਹ ਵੀ ਅਖਬਾਰਾਂ ਵਿਚ ਬਿਆਨ ਲਵਾ ਕੇ। ਸਗੋਂ ਇਸ ਵਕੀਲ ਨੇ ਤੇ ਕਈ ਸਿੱਖਾਂ ਨੂੰ ਇਹ ਕਹਿ ਕੇ ਵੀ ਡਰਾਇਆ ਕਿ ਕਬਰ ਪੁੱਟਣ ਵਾਲਿਆਂ ਨੂੰ ਫਾਂਸੀ ਵੀ ਹੋ ਸਕਦੀ ਹੈ। ਜਿਸ ਦਿਨ ਇਸ ਸਿੰਘ ਨੇ ਕਬਰ ਪੁੱਟਣ ਵਾਲੇ ਮਾਮਲੇ ਵਿਚੋਂ ਆਪਣੇ ਆਪ ਨੂੰ ਅਲੱਗ ਕੀਤਾ, ਓਸੇ ਦਿਨ ਹੀ ਕਬਰ ਪੁੱਟਣ ਵਾਲੇ ਸਿੰਘਾਂ ਨੂੰ ਉਕਸਾ ਰਿਹਾ ਸੀ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਿੱਖ ਹੋ ਕੇ ਅੱਜ ਭੂਮੀ ਪੂਜਨ ਕਰ ਰਿਹਾ ਹੈ ਤੇ ਇਕ ਇਮਾਰਤ ਦਾ ਨੀਂਹ ਪੱਥਰ ਰੱਖ ਰਿਹਾ ਹੈ ਕਿਉਂਕਿ ਭੂਮੀ ਪੂਜਨ ਸਿੱਖ

ਰਵਾਇਤਾਂ ਦੇ ਉਲਟ ਹੈ, ਇਸ ਲਈ ਸਾਰੇ ਇਸਦੇ ਵਿਰੁੱਧ ਬਿਆਨ ਦੇਈਏ। ਇਹ ਕੈਸਾ ਦੋਹਰਾ ਮਿਆਰ ਹੈ, ਜੋ ਅਜ ਦਾ ਪੜ੍ਹਿਆ ਲਿਖਿਆ ਸਿੱਖ ਅਪਨਾ ਰਿਹਾ ਹੈ। ਅਖਬਾਰਾਂ ਵਿਚ ਬਿਆਨ ਦੇ-ਦੇ ਕੇ ਇਸਨੇ ਆਪਣੇ ਆਪ ਨੂੰ ਸਿੱਖ ਹਿਤੈਸ਼ੀ ਦੇ ਤੌਰ 'ਤੇ ਮਸ਼ਹੂਰ ਕੀਤਾ ਹੋਇਆ ਹੈ। ਹੁਣ ਅੱਜ ਦੇ ਸਿੱਖ ਦਾ ਕਿਰਦਾਰ ਵੇਖੋ। ਇਸ ਵਕੀਲ ਨੂੰ ਭੂਮੀ ਪੂਜਨ ਤਾਂ ਸਿੱਖ ਰਵਾਇਤਾਂ ਦੇ ਉਲਟ ਲਗਦੀ ਹੈ ਪਰ ਗੁਰਦੁਆਰੇ ਵਿਚ ਕਬਰ ਹੋਣੀ ਤੇ ਉਸ ਕਬਰ 'ਤੇ ਸਿੱਖਾਂ ਦਾ ਮੱਥਾ ਟੇਕਣਾ ਸਿੱਖ ਰਵਾਇਤਾਂ ਦੇ ਉਲਟ ਨਹੀਂ ਲੱਗਦਾ। ਜੇ ਸਿਰ ਤਲੀ 'ਤੇ ਰੱਖ ਕੇ ਗੁਰ-ਮਰਿਆਦਾ ਬਹਾਲ ਕਰਵਾਉਣ ਵਾਲਿਆਂ ਦੀ ਪ੍ਰਸ਼ੰਸਾ ਕਰਨ ਦੀ ਥਾਂ ਲੋਕ ਉਹਨਾਂ ਨਾਲੋਂ ਨਾਤਾ ਹੀ ਤੋੜਨ ਦੀ ਗੱਲ ਕਰਨਗੇ ਤਾਂ ਫੇਰ ਕੌਣ ਅੱਗੇ ਲੱਗ ਕੇ ਸਿੱਖ ਧਰਮ ਵਿਚ ਹੁੰਦੀਆਂ ਬੇਨਿਯਮੀਆਂ ਖ਼ਤਮ ਕਰਵਾਏਗਾ?

ਸਿੱਖਾਂ ਨੂੰ ਇਹ ਭੁਲੇਖਾ ਹੈ ਕਿ ਉਹ ਬੁੱਤ ਪੂਜਾ ਨਹੀਂ ਕਰਦੇ ਪਰ ਸਿੱਖ ਤਾਂ ਬੁੱਤ ਪੂਜਾ ਤੋਂ ਵੀ ਬਹੁਤ ਅੱਗੇ ਲੰਘ ਚੁੱਕੇ ਹਨ। ਨਿਸ਼ਾਨ ਸਾਹਿਬ ਵਾਲੇ ਥੜ੍ਹੇ 'ਤੇ, ਪੀੜ੍ਹੀ ਦੇ ਪਾਵਿਆਂ ਦੀ ਮੁੱਠੀ ਚਾਪੀ ਤੇ ਮੱਥਾ ਟੇਕਣ ਤੋਂ ਅਗਾਂਹ ਲੰਘ ਕੇ ਉਹ ਸਰਦਲ 'ਤੇ ਹੀ ਮੱਥਾ ਘਸਾਈ ਜਾਂਦੇ ਹਨ। ਜਿਸ ਥੜ੍ਹੇ 'ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ, ਉਸ ਥੜ੍ਹੇ ਨੂੰ ਹੀ ਮੱਥਾ ਟੇਕੀ ਜਾਂਦੇ ਤੇ ਮੁੱਠੀ ਚਾਪੀ ਕਰੀ ਜਾਂਦੇ ਹਨ ਭਾਵੇਂ ਉਸ ਥੜ੍ਹੇ 'ਤੇ ਪ੍ਰਕਾਸ਼ ਨਾ ਵੀ ਹੋਇਆ ਹੋਵੇ। ਮੁਸਲਮਾਨਾਂ ਨੂੰ ਵੀ ਇਹ ਭੁਲੇਖਾ ਹੈ ਕਿ ਉਹ ਪੱਥਰ ਦੀ ਪੂਜਾ ਨਹੀਂ ਕਰਦੇ ਪਰ ਦੁਨੀਆਂ ਦੇ ਸਭ ਤੋਂ ਵੱਡੇ ਪੱਥਰ ਨੂੰ ਮੁਸਲਮਾਨਾਂ ਨੇ ਪੂਜਿਆ ਹੈ। ਮੱਕੇ ਵਿਚ ਜਿਥੇ ਹੱਜ ਕਰਨ ਜਾਂਦੇ ਹਨ, ਉਥੇ ਪਏ ਪੱਥਰ ਨੂੰ ਚੁੰਮਦੇ ਤੇ ਮੱਥੇ ਟੇਕਦੇ ਹਨ।

ਵਿਆਹਾਂ ਵਿਚ ਜਦੋਂ ਸਿੱਖ ਬਰਾਤ ਦੇ ਅੱਗੇ-ਅੱਗੇ ਭੁੜਕਦੇ ਹਨ, (ਕਿਉਂਕਿ ਉਸ ਨੂੰ ਭੰਗੜਾ ਤਾਂ ਕਹਿ ਨਹੀਂ ਸਕਦੇ) ਤਾਂ ਉਨ੍ਹਾਂ ਨੂੰ ਬੰਦਾ ਪੁੱਛੇ, ਉਸ ਤਰ੍ਹਾਂ-ਤਾਂ ਕਹਿੰਦੇ ਹੋ, ਸਾਰੇ ਕੰਮ ਗੁਰਮਤਿ ਮਰਿਯਾਦਾ ਨਾਲ ਹੋਣ ਪਰ ਭੁੜਕਣ ਲਗੇ ਤੁਸੀਂ ਬਾਂਦਰਾ ਨੂੰ ਵੀ ਮਾਤ ਪਾਉਂਦੇ ਹੋ। ਤੁਹਾਡੇ ਗੁਰੂਆਂ ਦੇ ਵੀ ਵਿਆਹ ਹੋਏ ਸੀ। ਉਸ ਤੋਂ ਬਾਅਦ ਵੀ ਸਿੱਖਾਂ ਦੇ ਵਿਆਹ ਹੁੰਦੇ ਰਹੇ ਹਨ। ਉਨ੍ਹਾਂ ਦੀ ਬਾਰਾਤ ਵਿਚ ਕੀ ਕਦੇ ਕੋਈ ਏਦਾਂ ਭੁੜਕਿਆ ਸੀ ਤੇ ਕਿਸੇ ਨੇ ਗਾਉਣ ਵਾਲੀ ਕੋਲੋਂ ਲੱਚਰ ਗੀਤ ਗਵਾਏ ਸਨ? ਇਹ ਬਾਂਦਰਾ ਵਾਂਗ ਭੁੜਕਣ ਵਾਲਾ ਕੰਮ ਪਹਿਲਾਂ ਸ਼ਹਿਰਾਂ ਵਿਚ ਸ਼ਹਿਰੀ ਸਿੱਖਾਂ ਨੇ ਸ਼ੁਰੂ ਕੀਤਾ, ਹੁਣ ਇਹ ਪਿੰਡ ਵਿਚ ਵੀ ਪ੍ਰਚਲਤ ਹੋ ਗਿਆ ਹੈ। ਸ਼ਹਿਰ ਦਾ ਹਰ ਰਵਾਜ ਪਿੰਡ ਵਿਚ ਜਾਣਾ ਹੀ ਹੁੰਦਾ ਹੈ, ਜਿਵੇਂ ਕੱਪੜਿਆਂ ਦਾ, ਪਰਾਂਦੀਆਂ ਦਾ, ਦੁਪੱਟਿਆਂ ਦਾ। ਪਹਿਲਾਂ ਪਿੰਡਾਂ ਵਿਚ ਵਿਆਹ ਬਹੁਤ ਸਾਦੇ ਢੰਗ ਨਾਲ ਹੁੰਦੇ ਸਨ। ਮੰਗਣੀ ਦੀ ਰਸਮ ਵੇਲੇ ਸਿਰਫ ਸਵਾ ਰੁਪਈਆ ਤੇ ਗੁੜ ਦੀ ਰੋੜੀ ਭੇਜੀ ਜਾਂਦੀ ਸੀ ਤੇ ਉਸ ਤੋਂ ਬਾਅਦ ਵਿਆਹ ਹੋ ਜਾਂਦਾ ਸੀ ਪਰ ਸ਼ਹਿਰਾਂ ਵਿਚ ਸ਼ਹਿਰੀ ਭਾਪਿਆਂ ਨੇ ਹਿੰਦੂਆਂ ਦੀ ਵੇਖਾ-ਵੇਖੀ ਪਹਿਲਾਂ ਰੋਕਾ ਫਿਰ ਠਾਕਾ, ਚੁੰਨੀ ਚੜ੍ਹਾਉਣੀ ਫਿਰ ਇਸਾਈਆਂ ਦੇ ਵਿਆਹ ਦੀ ਰਸਮ ਦੀ ਨਕਲ ਕਰਕੇ ਅੰਗੂਠੀ ਪਾਉਣੀ ਫਿਰ ਹਿੰਦੂਆਂ ਦੇ ਵਿਆਹ ਦੀ ਨਕਲ ਕਰਕੇ ਜੈਮਾਲਾ ਪਾਉਣੀ ਫਿਰ ਸ਼ਗਨ ਤੇ ਉਸ ਤੋਂ ਬਾਅਦ ਆਨੰਦ ਕਾਰਜ ਕਰਨਾ ਸ਼ੁਰੂ ਕੀਤਾ। ਆਨੰਦ ਕਾਰਜ ਤਾਂ ਐਵੇਂ ਕੰਡਿਆਂ ਤੋਂ ਘਸੀਟਣ ਵਾਲੀ ਗੱਲ ਹੈ, ਅਸਲ ਵਿਚ ਵਿਆਹ ਤਾਂ ਪਹਿਲਾਂ ਹੀ ਹੋ ਚੁੱਕਾ ਹੁੰਦਾ ਹੈ। ਅੰਗੂਠੀ ਪਾ ਦੇਣੀ ਵੀ ਪੂਰਾ ਵਿਆਹ ਹੈ ਅਤੇ ਜੈਮਾਲਾ ਪਾ ਦੇਣੀ ਵੀ ਪੂਰਾ ਵਿਆਹ ਹੈ। ਇਹ ਸਾਰਾ ਕੁਝ ਹਿੰਦੂਆਂ ਦੀ ਵੇਖਾ-ਵੇਖੀ ਸ਼ਹਿਰੀ ਸਿੱਖਾਂ ਦੇ ਚੋਂਚਲੇ ਹਨ, ਜਿਹੜੇ ਹੁਣ ਘੁਣ ਵਾਂਗ ਪੇਂਡੂ ਸਮਾਜ ਨੂੰ ਵੀ

ਲੱਗ ਗਏ ਹਨ। ਹੁਣ ਤਾਂ ਪਿੰਡਾਂ ਵਿਚ ਗੋਹਾ ਸੁੱਟਣ ਵਾਲੀ ਜ਼ਨਾਨੀ ਵੀ ਕਹਿੰਦੀ ਹੈ, "ਅਸਾਂ ਕੱਲ੍ਹ ਚੁੰਨੀ ਚੜ੍ਹਾਉਣ ਜਾਣਾ ਹੈ।"

ਜੰਮਣ ਲੱਗੇ ਬੱਚੇ ਨੂੰ ਕੋਈ ਇਹ ਨਹੀਂ ਪੁੱਛਦਾ ਕਿ ਤੂੰ ਜੰਮਣਾ ਚਾਹੁੰਦਾ ਹੈ ਕਿ ਨਹੀਂ ਜਾਂ ਜੇ ਤੂੰ ਜੰਮਣਾ ਹੈ ਤਾਂ ਕਿਸ ਘਰ ਵਿਚ ਤੇ ਕਿਥੇ ਜੰਮਣਾ ਹੈ ਤੇ ਕਿਸ ਧਰਮ ਵਿਚ ਜੰਮਣਾ ਚਾਹੁੰਦਾ ਹੈਂ। ਧਰਮ ਬੰਦੇ ਦੀ ਆਪਣੀ ਚੋਣ ਨਹੀਂ ਹੁੰਦੀ। ਇਕ ਜੰਮਦੇ ਬੱਚੇ ਨੂੰ ਉਸ ਦੇ ਮਾਤਾ-ਪਿਤਾ ਦਾ ਧਰਮ ਉਸ ਘਰ ਵਿਚ ਜਨਮ ਲੈਣ ਨਾਲ ਹੀ ਮਿਲ ਜਾਂਦਾ ਹੈ। ਉਹ ਵਿਚਾਰਾ ਉਸ ਵਿਚ ਕੋਈ ਤਬਦੀਲੀ ਨਹੀਂ ਕਰ ਸਕਦਾ ਤੇ ਨਾ ਹੀ ਕੋਈ ਨਾਂਹ-ਨੁੱਕਰ ਕਰ ਸਕਦਾ ਹੈ। ਹਿੰਦੂ ਪਰਿਵਾਰ ਦਾ ਜੰਮਿਆ ਬੱਚਾ ਬਚਪਨ ਤੋਂ ਹੀ ਬੋਦੀ ਵਾਲੇ ਪੰਡਿਤ ਨੂੰ ਮੰਤਰ ਉਚਾਰਣ ਕਰਦਾ ਵੇਖਦਾ ਹੈ। ਘਰ ਵਿਚ ਮੂਰਤੀਆਂ ਵੇਖਦਾ ਹੈ, ਜਿਵੇਂ-ਜਿਵੇਂ ਵੱਡਾ ਹੁੰਦਾ ਜਾਂਦਾ ਹੈ, ਰਾਮ, ਸੀਤਾ, ਕ੍ਰਿਸ਼ਨ, ਬ੍ਰਹਮਾ ਤੇ ਹੋਰ ਦੇਵਤਿਆਂ ਨੂੰ ਪਛਾਨਣ ਲੱਗ ਪੈਂਦਾ ਹੈ। ਫਿਰ ਆਪਣੇ ਪਰਿਵਾਰ ਦੇ ਮੈਂਬਰਾਂ ਦੀ ਵੇਖਾ-ਵੇਖੀ ਪੂਜਾ ਵੀ ਕਰਨ ਲੱਗਦਾ ਹੈ। ਸਿੱਖਾਂ ਦੇ ਘਰਾਂ 'ਚ ਜੰਮਿਆ ਬੱਚਾ ਵੀ ਆਪਣੇ ਪਰਿਵਾਰ ਦੀ ਵੇਖਾ-ਵੇਖੀ ਸਿੱਖ ਧਰਮ ਅਪਨਾ ਲੈਂਦਾ ਹੈ। ਬੱਚੇ ਦਾ ਛੋਟਾ ਜਿਹਾ ਦਿਮਾਗ ਲਗਾਤਾਰ ਦਿਨ ਦੇ ਚੌਵੀ ਘੰਟੇ ਹੋ ਰਹੇ ਉਸ ਦੇ ਮੱਤ ਉਲਟਾਉਣ ਦੇ ਯਤਨਾਂ (Brain Wash) ਅੱਗੇ ਟਿੱਕ ਨਹੀਂ ਸਕਦਾ। ਬਿਨਾਂ ਵਿਰੋਧ ਉਹ ਉਸ ਧਰਮ ਦਾ ਹਿੱਸਾ ਬਣ ਜਾਂਦਾ ਹੈ, ਜੋ ਧਰਮ ਉਸ ਦਾ ਨਹੀਂ, ਉਸ ਦੇ ਮਾਂ-ਪਿਓ ਦਾ ਸੀ। ਬਿਲਕੁਲ ਇਹ ਹੀ ਗੱਲ ਕਿਸੇ ਧਰਮ ਨੂੰ ਨਾ ਮੰਨਣ ਵਾਲੇ ਕਮਿਊਨਿਸਟ ਪਰਿਵਾਰ ਦੇ ਬੱਚੇ ਦੀ ਹੈ। ਉਹ ਬੱਚਾ ਵੀ ਬਚਪਨ ਤੋਂ ਹੀ ਰੱਬ ਦੀ ਹੋਂਦ ਤੋਂ ਮੁਨਕਰ ਆਪਣੇ ਵੱਡੇ ਵਡੇਰਿਆਂ ਨੂੰ ਵੇਖਦਾ ਹੈ ਤੇ ਵੇਖਦਾ-ਵੇਖਦਾ ਵੱਡਾ ਹੁੰਦਾ, ਉਹ ਵੀ ਰੱਬ ਦੀ ਹੋਂਦ ਤੋਂ ਮੁਨਕਰ ਹੋ ਜਾਂਦਾ ਹੈ। ਹਰ ਬੰਦਾ ਆਪਣੇ ਹੱਕ ਦੀਆਂ ਦਲੀਲਾਂ ਵੀ ਲੱਭ ਲੈਂਦਾ ਹੈ ਫਿਰ ਜਿਥੇ ਧਰਮ ਦੀ ਗੱਲ ਆਉਂਦੀ ਹੈ, ਓਥੇ ਤਾਂ ਜਿਧਰ ਦੀ ਗੱਲ ਕਿਧਰ ਲੈ ਜਾਓ, ਇਹ ਗੱਲ ਕਿਸੇ ਸਿਰੇ ਵੀ ਨਹੀਂ ਲੱਗ ਸਕਦੀ। ਇਸ ਤਰ੍ਹਾਂ ਹਰ ਕੋਈ ਗੁਲਾਮ ਹੀ ਜੰਮਦਾ ਹੈ। ਪਰ ਗੁਲਾਮੀ ਨਾਲੋਂ ਵੀ ਬੁਰੀ ਗੁਲਾਮੀ ਦੀ ਆਦਤ ਹੁੰਦੀ ਹੈ। ਜਦੋਂ ਖੋਤਿਆਂ ਦੇ ਪੈਰਾਂ ਨੂੰ ਰੱਸੀਆਂ ਦੀ ਆਦਤ ਹੋ ਜਾਵੇ ਤੇ ਜੇ ਕਿਸੇ ਦਿਨ ਉਨ੍ਹਾਂ ਦੇ ਪੈਰਾਂ ਨੂੰ ਰੱਸੀ ਨਾ ਵੀ ਬੰਨੀ ਜਾਵੇ ਤਾਂ ਵੀ ਉਹ ਆਪਣੇ ਕਿੱਲਿਆਂ ਲਾਗੇ ਹੀ ਖੜੋਤੇ ਰਹਿੰਦੇ ਹਨ। ਜਦੋਂ ਉਹ ਬਹੁਤ ਹੀ ਪੱਕੇ ਆਦੀ ਹੋ ਜਾਂਦੇ ਹਨ ਤਾਂ ਖੋਤਿਆਂ ਦੇ ਮਾਲਕ ਸ਼ਾਮ ਨੂੰ ਉਨ੍ਹਾਂ ਨੂੰ ਕਿੱਲਿਆਂ ਲਾਗੇ ਖੜ੍ਹਾ ਕਰਕੇ ਸਿਰਫ ਪੈਰਾਂ 'ਤੇ ਹੱਥ ਫੇਰ ਦੇਂਦੇ ਹਨ, ਖੋਤੇ ਸਮਝਦੇ ਹਨ ਅਸੀਂ ਬੱਝ ਗਏ ਹਾਂ। ਫਿਰ ਸਾਰੀ ਰਾਤ ਉਹ ਪੈਰਾਂ ਨੂੰ ਨਹੀਂ ਹਿਲਾਉਂਦੇ।

ਗੁਲਾਮੀ ਦਾ ਆਦੀ ਮਨੁੱਖ ਬੇਇੱਜ਼ਤ ਤਾਂ ਹੁੰਦਾ ਹੀ ਰਹਿੰਦਾ ਹੈ, ਇਸ ਲਈ ਜਦੋਂ ਕੋਈ ਗਰੀਬ ਜਾਂ ਮਜਬੂਰ ਆਦਮੀ ਕਿਸੇ ਹੱਥੋਂ ਬੇਇਜ਼ਤੀ ਕਰਵਾ ਚੁੱਕਾ ਹੁੰਦਾ ਹੈ ਤੇ ਰਾਤ ਨੂੰ ਰੋਟੀ ਖਾ ਕੇ ਸੌਂਦਾ ਹੈ ਤਾਂ ਸਵੇਰ ਤੱਕ ਉਸਨੂੰ ਰੋਟੀ ਤੇ ਬੇਇਜ਼ਤੀ ਦੋਵੇਂ ਹੀ ਪਚ ਜਾਂਦੇ ਹਨ। ਇਸ ਦੁਨੀਆਂ ਵਿਚ ਸੱਚਮੁੱਚ ਦੇ ਧਰਮੀ ਲੋਕਾਂ ਦੇ ਘਰ ਵਿੱਕ ਜਾਂਦੇ ਹਨ, ਚੁੱਲ੍ਹਿਆਂ 'ਤੇ ਘਾਹ ਉਗ ਆਉਂਦਾ ਹੈ ਤੇ ਉਸ ਘਾਹ ਨੂੰ ਪੁੱਟ ਕੇ ਚੁੱਲ੍ਹਾ ਲਿਪਣ-ਪੋਚਣ ਵਾਲਾ ਵੀ ਕੋਈ ਨਹੀਂ ਬਚਦਾ। ਪਰ ਨਾਲ ਹੀ ਯਾਦ ਰੱਖਣ ਵਾਲੀ ਗਲ ਇਹ ਹੈ ਕਿ ਜਿਥੇ ਅੱਜ ਨੌਵੇਂ ਪਾਤਸ਼ਾਹ ਦੇ ਸਥਾਨ 'ਤੇ ਦੇਸੀ ਘਿਓ ਦੀਆਂ ਜੋਤਾਂ ਜਗਦੀਆਂ ਹਨ, ਉਥੇ ਔਰੰਗਜ਼ੇਬ ਦੀ ਕਬਰ 'ਤੇ ਬੈਠੇ ਮਜੌਰ ਲੋਕਾਂ ਕੋਲੋਂ ਪੈਸੇ ਮੰਗ ਕੇ ਮਜ਼ਾਰ ਦੇ ਦੀਵੇ ਜੋਗਾ ਤੇਲ ਲਿਆਉਂਦੇ ਹਨ। ਓਥੇ ਨਾ ਤਾਂ ਕੋਈ ਜੋਤ ਜਗਦੀ ਹੈ ਤੇ ਨਾ ਹੀ ਕੋਈ ਸ਼ਬਦ ਕੀਰਤਨ ਹੁੰਦਾ ਹੈ। ਨਾ ਓਥੇ ਮੁਸਲਮਾਨਾਂ ਦਾ

ਹਜੂਮ ਹੈ ਨਾ ਕੋਈ ਚਾਦਰਾਂ ਚੜ੍ਹਾਉਣ ਆਉਂਦਾ ਹੈ ਨਾ ਕੋਈ ਮੰਨਤਾਂ ਮੰਨਦਾ ਹੈ ਤੇ ਨਾ ਹੀ ਕੋਈ ਓਥੇ ਮੰਨੀ ਹੋਈ ਮੰਨਤ ਪੂਰੀ ਹੋਣ ਦੀ ਉਮੀਦ ਕਰਦਾ ਹੈ। ਨੇਕੀ ਤੇ ਬਦੀ ਦੋਵੇਂ ਨਾਲ-ਨਾਲ ਚਲਦੀਆਂ ਹਨ। ਕਈ ਵਾਰ ਤਾਂ ਬਦੀ ਨੂੰ ਖਤਮ ਕਰਦਿਆਂ-ਕਰਦਿਆਂ ਨੇਕੀ ਦਾ ਵੀ ਬੜਾ ਨੁਕਸਾਨ ਹੋ ਜਾਂਦਾ ਹੈ, ਕਿਉਂਕਿ ਪੰਜਾਬੀ ਦੇ ਮਸ਼ਹੂਰ ਅਖਾਣ ਵਾਂਗ 'ਉੱਲੂ ਮਰ ਵੀ ਜਾਵੇ ਤਾਂ ਆਪਣੀ ਔਲਾਦ ਪਿੱਛੇ ਛੱਡ ਜਾਂਦਾ ਹੈ।' ਇਸ ਤਰ੍ਹਾਂ ਨੇਕੀ ਤੇ ਬਦੀ ਦੀ ਜੰਗ ਲੰਮੀ, ਹੋਰ ਲੰਮੀ ਹੁੰਦੀ ਜਾਂਦੀ ਹੈ। ਨੇਕੀ ਦੇ ਆਪਣੇ ਬੜੇ ਕਾਇਦੇ-ਕਾਨੂੰਨ ਤੇ ਦਾਇਰੇ ਹੁੰਦੇ ਹਨ ਪਰ ਬਦੀ ਦਾ ਨਾ ਕੋਈ ਅਸੂਲ ਹੁੰਦਾ ਹੈ ਤੇ ਨਾ ਹੀ ਕੋਈ ਦਾਇਰਾ। ਬਦੀ ਨੂੰ ਬਦੀ ਨਾਲ ਟਕਰਾਉਣ ਲੱਗਿਆਂ ਕੋਈ ਦਿੱਕਤ ਨਹੀਂ ਆਉਂਦੀ ਕਿਉਂਕਿ ਦੋਵੇਂ ਬੇਅਸੂਲੇ ਹੁੰਦੇ ਹਨ ਪਰ ਨੇਕੀ ਦਾ ਬਦੀ ਨਾਲ ਟਕਰਾਅ ਤਾਂ ਕੁਝ ਸਮੇਂ ਲਈ ਬਦੀ ਨੂੰ ਜਿੱਤ ਵੀ ਪ੍ਰਾਪਤ ਕਰਵਾ ਦੇਂਦਾ ਹੈ। ਜੇ ਨੇਕੀ ਵਾਲੇ ਪਾਸੇ ਦਾ ਇਕ ਵੀ ਭੇਤੀ ਆਪਣੇ ਧਰਮ ਇਮਾਨ ਨੂੰ ਵੇਚ ਕੇ ਬਦੀ ਵਾਲੇ ਪਾਸੇ ਚਲਾ ਜਾਵੇ ਤਾਂ ਝੱਟ ਪਾਸਾ ਪੁੱਠਾ ਪੈ ਜਾਂਦਾ ਹੈ। ਸਿੱਖਾਂ ਦੇ ਹਰ ਮੋਰਚੇ ਸਮੇਂ ਇਹ ਹੀ ਹੋਇਆ ਹੈ। 'ਮਾਂ ਨਾਲੋਂ ਧੀ ਸਿਆਣੀ, ਰਿੱਧੇ ਪੱਕੇ ਪਾਵੇ ਪਾਣੀ' ਵਾਂਗ ਕੋਈ ਨਾ ਕੋਈ ਲੀਡਰ ਉਠਦਾ ਹੈ, ਝੱਟ ਜਾ ਕੇ ਸਮਝੌਤਾ ਕਰ ਲੈਂਦਾ ਹੈ। ਕਹਿੰਦੇ ਹਨ ਖੋਤਾ ਜਿਸ ਵੱਟ ਤੋਂ ਇਕ ਵਾਰੀ ਤਿਲਕ ਜਾਵੇ ਸਾਰੀ ਜਿੰਦਗੀ ਉਸ ਵੱਟ 'ਤੇ ਪੈਰ ਨਹੀਂ ਰੱਖਦਾ ਪਰ ਸਿੱਖਾਂ ਦੇ ਲੀਡਰ ਖੋਤਿਆਂ ਨਾਲੋਂ ਵੀ ਕਮਅਕਲ ਹਨ। ਹਰ ਵਾਰ ਉਸੇ ਹੀ ਵੱਟ 'ਤੇ ਤੁਰਦੇ ਹਨ ਜਿਸ ਤੋਂ 1947 ਵਿਚ ਤਿਲਕੇ ਸਨ। ਹਰ ਵਾਰ ਇਹ ਹਿੰਦੂ ਲੀਡਰਾਂ ਦੇ ਝਾਂਸੇ ਵਿਚ ਆ ਕੇ ਨਵਾਂ ਹੀ ਚੰਦ ਚਾੜ੍ਹ ਦੇਂਦੇ ਹਨ ਤੇ ਕੌਮ ਰੂਪੀ ਲੁੱਡੋ ਦੀ ਗੋਟੀ ਫਿਰ ਸੱਪ ਦੀ ਪੂਛ 'ਤੇ ਆ ਜਾਂਦੀ ਹੈ।

ਆਪਣੇ ਅਧਿਕਾਰ ਲੈਣੇ, ਆਪਣੇ-ਆਪ ਨੂੰ ਆਜ਼ਾਦ ਕਰਵਾਉਣਾ ਤੇ ਖੁਦਮੁਖਤਿਆਰ ਬਨਾਉਣ ਲਈ ਜੱਦੋਜਹਿਦ ਕਰਨੀ ਹਰ ਮਨੁੱਖ ਦਾ ਜਨਮ ਸਿੱਧ ਅਧਿਕਾਰ ਹੈ। ਏਸੇ ਅਧਿਕਾਰ ਦੀ ਵਰਤੋਂ ਕਰਕੇ ਹੁਣ ਤੱਕ ਦੁਨੀਆਂ ਦੇ ਸੈਂਕੜੇ ਨਵੇਂ ਮੁਲਕ ਹੋਂਦ ਵਿਚ ਆਏ ਹਨ। ਇਕੱਲੇ ਅੰਗਰੇਜ਼ ਦੇ ਰਾਜ ਥੱਲੇ ਹੀ ਏਨੇ ਜ਼ਿਆਦਾ ਗੁਲਾਮ ਮੁਲਕ ਸਨ ਕਿ ਉਨ੍ਹਾਂ ਦੇ ਰਾਜ ਵਿਚ ਸੂਰਜ ਨਹੀਂ ਸੀ, ਡੁੱਬਦਾ ਉਸ ਥੱਲਿਓਂ ਇਕ-ਇਕ ਕਰਕੇ ਲਗਪਗ ਸਾਰੇ ਦੇਸ਼ ਆਜ਼ਾਦ ਹੋ ਚੁੱਕੇ ਹਨ। ਜਿਸ ਈਸਟ ਇੰਡੀਆ ਕੰਪਨੀ ਨੇ ਵਪਾਰਕ ਅਦਾਰਾ ਹੁੰਦਿਆਂ ਹੋਇਆਂ ਅੰਗਰੇਜ ਰਾਜਨੀਤੀ ਦਾ ਸਿਖਰ ਛੂਹਿਆ ਹੈ ਤੇ ਵੱਡੇ-ਵੱਡੇ ਮੁਲਕਾਂ ਨਾਲ ਆਪਣੀਆਂ ਸੰਧੀਆਂ ਵੇਲੇ ਆਪਣੇ-ਆਪ ਨੂੰ 'ਕੰਪਨੀ ਬਹਾਦਰ' ਦੇ ਨਾਂਅ ਨਾਲ ਸੰਬੋਧਨ ਕਰਵਾਇਆ ਹੈ, ਉਹ ਹੀ ਈਸਟ ਇੰਡੀਆ ਕੰਪਨੀ 1995 ਵਿਚ ਇਕ ਭਾਰਤੀ ਕਾਰਪੋਰੇਸ਼ਨ ਦੇ ਹੱਥਾਂ ਵਿਚ ਚਲੀ ਗਈ ਹੈ ਤੇ ਇਸ ਦਾ ਪ੍ਰਬੰਧ ਹੁਣ ਨਿਰੋਲ ਭਾਰਤੀ ਹੱਥਾਂ ਵਿਚ ਹੈ। ਪੁਰਾਣੀ ਪੀੜ੍ਹੀ ਦੇ ਬਚੇ-ਖੁਚੇ ਅੰਗਰੇਜ਼ ਤੇ ਲਾਰਡ, ਜਿਨ੍ਹਾਂ ਨੇ ਆਪਣੀਆਂ ਅੱਖਾਂ ਨਾਲ ਈਸਟ ਇੰਡੀਆ ਕੰਪਨੀ ਦੀ ਚੜ੍ਹਤ ਵੇਖੀ ਸੀ, ਹੁਣ ਸ਼ਰਮ ਨਾਲ ਪਾਣੀ-ਪਾਣੀ ਹੁੰਦੇ ਹਨ। ਹੁਣ ਕੰਪਨੀ ਦੇ ਰਾਜ ਥੱਲੇ ਸੂਰਜ ਡੁੱਬਣਾ ਤਾਂ ਕਿਤੇ ਰਿਹਾ, ਉਹ ਆਪ ਡੁੱਬ ਚੁੱਕੀ ਹੈ। ਵੱਡੇ-ਵੱਡੇ ਵਿਦਵਾਨ ਇਹ ਮੰਨਦੇ ਹਨ ਕਿ ਪਾਪ ਦੀ ਉਮਰ ਬਹੁਤ ਲੰਮੀ ਹੁੰਦੀ ਹੈ ਪਰ ਪਾਪੀ ਦੀ ਬਹੁਤ ਛੋਟੀ। ਕਿਸੇ ਨੂੰ ਗੁਲਾਮ ਬਣਾ ਕੇ ਰੱਖਣਾ ਤੇ ਉਸ ਦੀ ਆਰਥਕ ਲੁੱਟ ਕਰਨੀ ਵੀ ਅੱਜ ਦੇ ਸੱਭਿਆ ਸਮਾਜ ਵਿਚ ਪਾਪ ਕਰਨ ਤੁਲ ਹੀ ਹੈ। ਕਿਸੇ ਗੁਲਾਮ ਮੁਲਕ ਦੇ ਵਸਨੀਕ ਨੇ ਆਜ਼ਾਦ ਦੇਸ਼ ਦੇ ਸ਼ਹਿਰੀ ਨੂੰ ਪੁੱਛਿਆ, 'ਆਜ਼ਾਦੀ ਤੇ ਗੁਲਾਮੀ ਵਿਚ ਕਿੰਨਾ ਕੁ ਫਰਕ ਹੈ?' ਉਸ ਨੇ ਕਿਹਾ, 'ਓਨਾ ਹੀ ਜਿੰਨਾ ਨਰਕ ਤੇ ਸਵਰਗ ਵਿਚ।' ਨਰਕ ਦੇ ਰਾਜੇ ਨਾਲੋਂ ਸਵਰਗ

ਦਾ ਨੌਕਰ ਬਣਨਾ ਚੰਗਾ ਹੈ ਪਰ ਜਿਸ ਕਿਸੇ ਨੇ ਆਜ਼ਾਦੀ ਮਾਣੀ ਹੀ ਨਾ ਹੋਵੇ, ਆਜ਼ਾਦੀ ਵਿਚ ਸਾਹ ਹੀ ਨਾ ਲਿਆ ਹੋਵੇ, ਉਸ ਵਾਸਤੇ ਤਾਂ ਆਜ਼ਾਦੀ ਅੰਨ੍ਹੇ ਦੀ ਖੀਰ ਵਰਗੀ ਹੈ।

ਇਕ ਵਾਰ ਕਿਸੇ ਨੇ ਇਕ ਅੰਨ੍ਹੇ ਨੂੰ ਪੁੱਛਿਆ, 'ਸੂਰਮਾ ਸਿੰਘ ਜੀ ਖੀਰ ਖਾਣੀ ਜੇ?' ਅੰਨ੍ਹੇ ਨੇ ਕਿਹਾ, 'ਮੈਂ ਤਾਂ ਕਦੇ ਖੀਰ ਖਾਧੀ ਨਹੀਂ, ਕਿੱਦਾਂ ਦੀ ਹੁੰਦੀ ਹੈ?' ਉਸ ਬੰਦੇ ਨੇ ਕਿਹਾ, 'ਚਿੱਟੀ-ਚਿੱਟੀ ਹੁੰਦੀ ਹੈ।' ਹੁਣ ਅੰਨ੍ਹੇ ਵਿਚਾਰੇ ਨੂੰ ਤਾਂ ਚਿੱਟੇ ਰੰਗ ਦਾ ਵੀ ਪਤਾ ਨਹੀਂ ਸੀ। ਇਸ ਲਈ ਉਸ ਬੰਦੇ ਨੇ ਉਹਨੂੰ ਸਮਝਾਉਣ ਲਈ ਕਿਹਾ, 'ਚਿੱਟੀ ਬਗਲੇ ਵਰਗੀ।' ਅੰਨ੍ਹੇ ਨੇ ਕਿਹਾ, 'ਮੈਂ ਕਿਹੜਾ ਕਦੇ ਬਗਲਾ ਦੇਖਿਆ ਹੈ, ਮੈਨੂੰ ਕੀ ਪਤਾ ਉਹ ਕਿੱਦਾਂ ਦਾ ਹੁੰਦਾ ਹੈ?' ਤਾਂ ਉਸ ਬੰਦੇ ਨੇ ਆਪਣਾ ਹੱਥ ਕੂਹਣੀ ਤੋਂ ਉਤਾਂਹ ਨੂੰ ਖੜ੍ਹਾ ਕਰਕੇ, ਪੰਜੇ ਨੂੰ ਬਗਲੇ ਦੀ ਧੌਣ ਤੋਂ ਅੱਗੇ ਬਗਲੇ ਦੇ ਮੂੰਹ ਵਾਂਗ ਮੋੜ ਕੇ, ਅੰਨ੍ਹੇ ਦਾ ਹੱਥ ਫੜ ਕੇ ਆਪਣੇ ਹੱਥ ਦੇ ਬਣਾਏ ਹੋਏ ਬਗਲੇ ਦੇ ਆਕਾਰ 'ਤੇ ਪੋਟਿਆਂ ਤੋਂ ਲੈ ਕੇ ਕੂਹਣੀ ਤੱਕ ਫੇਰਿਆ। ਅੰਨ੍ਹੇ ਨੇ ਫੱਟ ਹੱਥ ਪਿਛਾਂਹ ਖਿੱਚ ਲਿਆ ਤੇ ਕਿਹਾ, 'ਨਾ ਭਰਾਵਾ ਨਾ, ਏਦਾਂ ਦੀ ਖੀਰ ਸੰਘ ਵਿਚ ਫਸਾਉਣੀ ਆ?' ਏਸੇ ਤਰ੍ਹਾਂ ਹੀ ਪੰਜਾਬ ਦੇ ਬਹੁਤ ਸਾਰੇ ਸਿੱਖਾਂ ਨੇ ਆਜ਼ਾਦੀ ਦੇ ਇਸ ਵਿਚਾਰ ਨੂੰ ਮੁੱਢੋਂ-ਸੁੱਢੋਂ ਹੀ ਰੱਦ ਕਰ ਦਿੱਤਾ ਹੈ ਤੇ ਕਹਿੰਦੇ ਹਨ ਕਿ ਇਹ ਗੱਲ ਫਾਇਦੇਮੰਦ ਹੀ ਨਹੀਂ।

ਪੰਜਾਬ ਤੋਂ ਬਾਹਰ ਦੇ ਸੂਬਿਆਂ ਵਿਚ ਰਹਿੰਦੇ ਸਿੱਖ ਵਿਚਾਰੇ ਤਾਂ 'ਡਾਇਣ ਦੇ ਕੁੱਛੜ ਮੁੰਡਾ' ਵਾਂਗ ਹਨ। ਡਾਇਣ ਜਦੋਂ ਵੀ ਜੀ ਕਰੇ ਆਪਣੇ ਕੁਛੜ ਚੁੱਕੇ ਹੋਏ ਮੁੰਡੇ ਦੇ ਸਿਰ ਦੀ ਬੁਰਕੀ ਭਰ ਸਕਦੀ ਹੈ। 1984 ਤੋਂ ਬਾਅਦ ਤਾਂ ਸਿੱਖ ਯਰਗਮਾਲ ਦੇ ਤੌਰ 'ਤੇ ਹਨ। ਰੱਬ ਨਾ ਕਰੇ ਜੇ ਪੰਜਾਬ ਵਿਚ ਕੁਝ ਹਿਲਜੁਲ ਹੋਵੇ ਤਾਂ ਇਸ ਦਾ ਅਸਰ ਬਾਹਰਲੇ ਸਿੱਖਾਂ 'ਤੇ ਝੱਟ ਪੈਣਾ ਹੈ। ਮੁਲਕ ਤੋਂ ਬਾਹਰ ਦੇ ਸਿੱਖਾਂ ਨੇ ਆਜ਼ਾਦੀ ਦਾ ਨਿੱਘ ਮਾਣਿਆ ਹੈ। ਉਹ ਇਸ ਦੇ ਗੁਣਾਂ ਨੂੰ ਵੀ ਜਣਦੇ ਹਨ। ਏਸੇ ਲਈ ਉਹ ਤਰਲੋਮੱਛੀ ਹੋ ਰਹੇ ਹਨ ਤੇ ਜੇ ਕੋਈ ਪੰਜਾਬ ਵਿਚ ਰਹਿਣ ਵਾਲਾ ਸਿੱਖ ਲੀਡਰ ਆਜ਼ਾਦੀ ਦੀ ਗੱਲ ਕਰੇ ਤਾਂ ਉਸ ਅੱਗੇ ਉਹ ਡਾਲਰਾਂ ਦੇ ਢੇਰ ਲਾਉਣ ਲਈ ਤਿਆਰ ਹੋ ਜਾਂਦੇ ਹਨ ਪਰ ਉਨ੍ਹਾਂ ਵਿਚਾਰਿਆਂ ਨੂੰ ਇਹ ਨਹੀਂ ਪਤਾ ਕਿ ਇਕੱਲੇ ਡਾਲਰ ਆਜ਼ਾਦੀ ਪ੍ਰਾਪਤ ਨਹੀਂ ਕਰ ਸਕਦੇ। ਕੌਮ ਦੀ ਇੱਛਾ ਸ਼ਕਤੀ ਦਾ ਹੋਣਾ ਵੀ ਬੜਾ ਜ਼ਰੂਰੀ ਹੁੰਦਾ ਹੈ। ਲੰਮੇ ਸਮੇਂ ਤੋਂ ਗੁਲਾਮ ਰਹਿ ਚੁੱਕੀਆਂ ਕੌਮਾਂ ਆਪਣੀ ਇੱਛਾ ਸ਼ਕਤੀ ਗੁਆ ਬੈਠਦੀਆਂ ਹਨ। ਇਹੋ ਕੁਝ ਪੰਜਾਬ ਵਿਚ ਹੋਇਆ ਹੈ। ਕਿਸੇ ਨੇ ਕਿਹਾ ਵੱਖਰਾ ਮੁਲਕ ਬਣ ਹੀ ਨਹੀਂ ਸਕਦਾ ਕਿਉਂਕਿ ਇਹ ਇਲਾਕਾ ਸਮੁੰਦਰ ਨਾਲ ਨਹੀਂ ਲਗਦਾ ਪਰ ਉਨ੍ਹਾਂ ਕਦੇ ਦੁਨੀਆਂ ਵੱਲ ਧਿਆਨ ਨਹੀਂ ਮਾਰਿਆ। ਦੁਨੀਆਂ ਦੇ ਬਹੁਤ ਸਾਰੇ ਮੁਲਕਾਂ ਨੂੰ ਸਮੁੰਦਰ ਨਹੀਂ ਲਗਦਾ। ਹੁਣ ਪਿਛਲੇ ਬਾਰਾਂ ਸਾਲ ਤੋਂ ਚਲੇ ਸੰਘਰਸ਼ ਤੋਂ ਬਾਅਦ ਸਿੱਖ ਪੂਰੀ ਤਰ੍ਹਾਂ ਹਿੰਦੂ ਰਾਸ਼ਟਰ ਦਾ ਗੁਲਾਮ ਹੋ ਗਿਆ ਹੈ। ਹੁਣ ਤਾਂ ਵੰਦੇ ਮਾਤਰਮ ਕਹੇਗਾ ਤਾਂ ਬਚਿਆ ਰਹੇਗਾ ਨਹੀਂ ਤਾਂ ਛਿੱਤਰ ਸਹੇਗਾ।

***

# ❐ ਅੰਗਰੇਜ ਦਾ ਰਾਜ ਹਿੰਦੂ ਰਾਜ ਨਾਲੋਂ ਕਿਤੇ ਚੰਗਾ ਸੀ

ਅੰਗਰੇਜ਼ ਬਹੁਤ ਸਿਆਣੀ ਤੇ ਸਮਰਪਤ ਕੌਮ ਹੈ। ਉਨ੍ਹਾਂ ਦੇ ਬਹਾਦਰ ਹੋਣ ਬਾਰੇ ਕੋਈ ਸ਼ੱਕ ਜਾਂ ਸ਼ੁਬਾਹ ਤਾਂ ਇਸ ਕਰਕੇ ਵੀ ਨਹੀਂ ਰਹਿੰਦਾ ਕਿਉਂਕਿ ਉਨ੍ਹਾਂ ਨੇ ਸਾਰੀ ਦੁਨੀਆਂ 'ਤੇ ਰਾਜ ਕੀਤਾ ਹੈ। ਉਹਨਾਂ ਦੀ ਬਹਾਦਰੀ ਤੇ ਚੰਗੀ ਖੁਰਾਕ ਤੋਂ ਪ੍ਰਭਾਵਤ ਹੋ ਕੇ ਹੀ ਪੰਜਾਬ ਦੀਆਂ ਕੁੜੀਆਂ ਨੇ ਬੋਲੀ ਪਾਈ ਹੋਵੇਗੀ-"ਜੱਟਾਂ ਨੇ ਕੀ ਲੜਨਾ, ਜਿਹੜੇ ਛੰਨਾਂ ਖਾਂਦੇ ਸਾਗ ਦਾ। ਲੜਨ ਫਰੰਗੀ ਸੂਰਮੇ, ਜਿਹੜੇ ਮੇਵਾ ਖਾਂਦੇ ਬਾਗ ਦਾ।" ਕਿਸੇ ਨੇ ਇਕ ਸਿਆਣੇ ਬੰਦੇ ਨੂੰ ਪੁਛਿਆ ਜੇ ਕਿਸੇ ਯੂਰਪੀਨ ਦੇਸ਼ ਦਾ ਗੋਰਾ, ਅਮਰੀਕਨ ਗੋਰਾ ਤੇ ਬਰਤਾਨੀਆਂ ਦਾ ਗੋਰਾ ਪਛਾਨਣਾ ਹੋਵੇ ਤਾਂ ਕਿਵੇਂ ਪਛਾਣਿਆ ਜਾ ਸਕਦਾ ਹੈ? ਦੂਸਰੇ ਵਿਅਕਤੀ ਨੇ ਕਿਹਾ, 'ਇਸ ਤਰ੍ਹਾਂ ਵੇਖਣ ਤੋਂ ਤਾਂ ਪਤਾ ਨਹੀਂ ਲੱਗਣਾ ਪਰ ਮੈਂ ਇਕ ਹੋਰ ਤਰੀਕੇ ਨਾਲ ਪਤਾ ਲਾ ਸਕਦਾ ਹਾਂ।' ਉਹਨੇ ਆਪਣਾ ਹੈਟ ਲਾਹ ਕੇ ਸੜਕ ਦੇ ਵਿਚਕਾਰ ਇਕ ਇੱਟ 'ਤੇ ਰੱਖ ਦਿੱਤਾ। ਪਹਿਲਾਂ ਇਕ ਗੋਰਾ ਆਇਆ ਜੋ ਕਿਸੇ ਯੂਰਪੀਨ ਦੇਸ਼ ਦਾ ਸੀ। ਉਸ ਨੇ ਹੈਟ ਸਮੇਤ ਇੱਟ ਨੂੰ ਠੁੱਡ ਮਾਰਿਆ, ਪੈਰ ਭਨਾਇਆ, ਥੋੜ੍ਹਾ ਚਿਰ ਪੀੜ ਦਾ ਅਨੁਭਵ ਕੀਤਾ ਤੇ ਚਲਾ ਗਿਆ। ਉਸ ਬੰਦੇ ਨੇ ਹੈਟ ਫਿਰ ਇੱਟ 'ਤੇ ਰੱਖ ਦਿੱਤਾ ਤੇ ਕਿਹਾ, 'ਇਹ ਰੂਸੀ ਲਗਦਾ ਹੈ।' ਦੂਜਾ ਗੋਰਾ ਆਇਆ, ਉਹਨੇ ਸਿਰਫ ਉਤਲੇ ਹੈਟ ਨੂੰ ਠੁੱਡ ਮਾਰਿਆ, ਹੈਟ ਪਰ੍ਹਾਂ ਜਾ ਡਿੱਗਾ ਤੇ ਉਹ ਹੱਸਦਾ-ਹੱਸਦਾ ਆਪਣੇ ਰਾਹ ਚਲਾ ਗਿਆ, ਇਹ ਅਮਰੀਕਨ ਸੀ। ਤੀਸਰਾ ਬੰਦਾ ਆਇਆ ਤਾਂ ਉਹਨੇ ਪਹਿਲਾਂ ਆਲਾ-ਦੁਆਲਾ ਵੇਖਿਆ, ਫਿਰ ਉਹਨੇ ਆਪਣੇ ਸਿਰ ਤੋਂ ਲਾਹ ਕੇ ਆਪਣਾ ਹੈਟ ਵੇਖਿਆ, ਜੋ ਮੋਰੀਆਂ ਨਾਲ ਭਰਿਆ ਪਿਆ ਸੀ। ਫਿਰ ਉਸ ਨੇ ਇੱਟ ਵਾਲਾ ਹੈਟ ਧਿਆਨ ਨਾਲ ਵੇਖਿਆ, ਜੋ ਨਵਾਂ ਨਕੋਰ ਸੀ। ਉਸ ਨੇ ਇੱਟ ਵਾਲਾ ਹੈਟ ਚੁੱਕ ਕੇ ਆਪਣੇ ਸਿਰ 'ਤੇ ਰੱਖ ਲਿਆ ਤੇ ਆਪਣੇ ਵਾਲਾ ਪਾਟਾ-ਪੁਰਾਣਾ ਹੈਟ ਇੱਟ 'ਤੇ ਰੱਖ ਕੇ ਆਪਣੇ ਰਾਹ ਚਲਾ ਗਿਆ। ਇਹ ਗੋਰਾ ਅੰਗਰੇਜ਼ ਬਰਤਾਨਵੀ ਸੀ।

ਅਫਰੀਕਾ ਦੇ ਇਕ ਬਹੁਤ ਹੀ ਪ੍ਰਭਾਵਸ਼ਾਲੀ ਵਿਅਕਤੀ ਮਿਸਟਰ ਲੀਓ ਨੇ ਇਕ ਵਾਰ ਕਿਹਾ ਸੀ ਕਿ ਜਦੋਂ ਅੰਗਰੇਜ ਇਸਾਈ ਮਿਸ਼ਨਰੀ ਅਫਰੀਕਾ ਆਏ ਤਾਂ ਉਨ੍ਹਾਂ ਕੋਲ ਸਿਰਫ ਇਕ ਕਿਤਾਬ ਸੀ ਤੇ ਅਸੀਂ ਸੈਂਕੜੇ ਏਕੜ ਜਮੀਨਾਂ ਦੇ ਮਾਲਕ ਸਾਂ। ਸਾਨੂੰ ਉਨ੍ਹਾਂ ਆਖਿਆ "ਆਓ ਅੱਖਾਂ ਬੰਦ ਕਰਕੇ ਪ੍ਰਮਾਤਮਾਂ ਅੱਗੇ ਪ੍ਰਾਰਥਨਾਂ ਕਰੀਏ, ਅਸੀਂ ਮੰਨ ਗਏ ਤੇ ਅੱਖਾਂ ਮੀਟ ਕੇ ਪ੍ਰਾਰਥਨਾ ਕਰਨ ਲਗ ਪਏ। ਜਦੋਂ ਅਸਾਂ ਅੱਖਾਂ ਖੋਹਲੀਆਂ ਤਾਂ ਉਹ ਕਿਤਾਬ ਸਾਡੇ ਹਥ ਸੀ ਤੇ ਜਮੀਨਾਂ ਉਨ੍ਹਾਂ ਕੋਲ ਜਿਨ੍ਹਾਂ ਕੋਲ, ਪਹਿਲਾਂ ਕਤਾਬ ਸੀ।" ਇਹ ਇਕ ਵਪਾਰੀ ਕੌਮ ਹੈ ਤੇ ਇਹਨਾਂ ਦੀ ਸੋਚ ਭਾਰਤ ਦੇ ਬਾਣੀਆਂ ਤੇ ਮੁਸਲਮਾਨਾਂ ਦੇ ਖੋਜਿਆਂ

ਵਰਗੀ ਹੈ। ਏਸੇ ਕਰਕੇ ਹੀ ਅੰਗਰੇਜ਼ਾਂ ਦੀ ਮਹਾਤਮਾ ਗਾਂਧੀ ਨਾਲ ਬਹੁਤ ਬਣਦੀ ਸੀ। ਮਹਾਤਮਾ ਗਾਂਧੀ ਦੀ ਬਾਣੀਆ ਬੁੱਧੀ ਅੰਗਰੇਜ਼ਾਂ ਨੂੰ ਕੋਈ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਸੀ ਪਹੁੰਚਾਉਂਦੀ। ਏਸੇ ਲਈ ਹੀ ਅੰਗਰੇਜ਼ ਨੇ ਵੀ ਗਾਂਧੀ ਨੂੰ ਬਹੁਤ ਸੰਭਾਲ ਕੇ ਰੱਖਿਆ। ਗਾਂਧੀ ਆਪਣੀ ਅਹਿੰਸਾ ਦੀ ਨੀਤੀ ਨਾਲ ਅੰਗਰੇਜ਼ਾਂ ਦੀਆਂ ਨੀਤੀਆਂ ਨੂੰ ਪੂਰੀ ਤਰ੍ਹਾਂ ਸਮਰਪਤ ਸੀ ਤੇ ਅੰਗਰੇਜ਼ ਗਾਂਧੀ ਨਾਲ ਬੇਹੱਦ ਨਰਮੀ ਵਰਤਦੇ ਸਨ। ਦੋਹਾਂ ਦਾ ਜੋੜ ਬੜਾ ਬੇਮਿਸਾਲ ਸੀ। ਅੰਗਰੇਜ਼ਾਂ ਨੇ ਜਦੋਂ ਲੂਣ ਉੱਤੇ ਇਕ ਪੈਸਾ ਪ੍ਰਤੀ ਮਣ ਟੈਕਸ ਲਾਇਆ ਤਾਂ ਗਾਂਧੀ ਨੇ ਆਪਣੀ ਆਦਤ ਜਾਂ ਨੀਤੀ ਅਨੁਸਾਰ ਸਤਿਆਗ੍ਰਹਿ ਸ਼ੁਰੂ ਕਰ ਦਿੱਤਾ ਤੇ ਐਲਾਨ ਕਰ ਦਿੱਤਾ ਕਿ ਅਸੀਂ ਬਗੈਰ ਟੈਕਸ ਦਿੱਤੇ ਤੋਂ ਹੀ ਲੂਣ ਬਣਾਵਾਂਗੇ ਜੇ ਸਰਕਾਰ ਸਾਨੂੰ ਫੜੇ ਤਾਂ ਅਸੀਂ ਜੇਲਾਂ ਭਰਾਂਗੇ। ਲੋਕ ਵਿਚਾਰੇ ਤਾਂ ਸਾਥ ਦੇਣ ਲਈ ਆ ਹੀ ਜਾਂਦੇ ਹਨ ਨਾਲੇ ਜਿਥੇ ਗੋਲੀ ਲਾਠੀ ਦਾ ਕੋਈ ਡਰ ਨਾ ਹੋਵੇ ਓਥੇ ਤਾਂ ਆਮ ਜਨਤਾ ਝੱਟ ਅੰਦੋਲਨ ਵਿਚ ਕੁੱਦ ਪੈਂਦੀ ਹੈ। ਗਾਂਧੀਵਾਦੀ ਇਕ ਪਤੀਲਾ ਲੈਂਦੇ, ਓਥੇ ਹੀ ਸਮੁੰਦਰ ਕਿਨਾਰੇ ਕੱਚਾ ਚੁੱਲ੍ਹਾ ਬਣਾ ਕੇ ਪਤੀਲੇ ਵਿਚ ਸਮੁੰਦਰ ਦਾ ਪਾਣੀ ਪਾ ਕੇ ਥੱਲੇ ਅੱਗ ਬਾਲ ਦੇਂਦੇ, ਪਾਣੀ ਸੁੱਕ ਕੇ ਜਦੋਂ ਪਤੀਲੇ ਵਿਚ ਲੂਣ ਬਣ ਜਾਂਦਾ ਓਦੋਂ ਤਕ ਪੁਲਿਸ ਚੁਪਚਾਪ ਖਲੋਤੀ ਵੇਖਦੀ ਰਹਿੰਦੀ। ਜਦੋਂ ਸਤਿਆਗ੍ਰਹੀ ਲੂਣ ਨੂੰ ਹੱਥ 'ਤੇ ਪਾ ਲੈਂਦੇ ਤਾਂ ਉਹ ਆ ਕੇ ਗ੍ਰਿਫਤਾਰ ਕਰ ਲੈਂਦੇ। ਇਹ ਸੀ ਉਹ ਮੰਤਰ ਜਿਸ ਕਰਕੇ ਗਾਂਧੀਵਾਦੀਆਂ ਨੇ ਗਾਣਾਂ ਤਿਆਰ ਕਰ ਲਿਆ "ਸਾਬਰਮਤੀ ਕੇ ਸੰਤ ਤੂਨੇ ਕਰ ਦੀਆ ਕਮਾਲ, ਲੇ ਦੀ ਹਮੇਂ ਆਜ਼ਾਦੀ ਬਿਨਾ ਖੜਗ ਬਿਨਾਂ ਢਾਲ"। ਦਸੋ ਅੰਗਰੇਜ਼ ਗਾਂਧੀ ਨੂੰ ਕਿਉਂ ਨੁਕਸਾਨ ਪਹੁੰਚਾਉਂਦੇ ? ਜੇ ਅੰਗਰੇਜ਼ਾਂ ਨੇ ਉਹਨੂੰ ਕੋਈ ਨੁਕਸਾਨ ਪਹੁਚਾਉਣਾ ਹੁੰਦਾ ਤਾਂ ਉਹ ਸਿਰਫ ਇਕ ਚਪੇੜ ਦੀ ਮਾਰ ਸੀ। ਅੰਗਰੇਜ਼ਾਂ ਨੇ ਉਹਨੂੰ ਏਥੋਂ ਤਕ ਭੂਏ ਚੜ੍ਹਾਇਆ ਹੋਇਆ ਸੀ ਕਿ ਹਰ ਚੋਥੇ ਛੇਵੇਂ ਮਹੀਨੇ ਉਹਨੂੰ ਗਲਬਾਤ ਕਰਨ ਲਈ ਬੁਲਾਈ ਰੱਖਦੇ ਤਾਂ ਕਿ ਲੋਕਾਂ ਵਿਚ ਉਹਦੀ ਸਾਖ ਬਣੀ ਰਹੇ।

ਕਹਿੰਦੇ ਹਨ ਇਕ ਵਾਰ ਗਾਂਧੀ ਦੇ ਆਸ਼ਰਮ ਵਿਚ ਇਕ ਜ਼ਰੂਰੀ ਮੀਟਿੰਗ ਰੱਖੀ ਗਈ, ਜਿਸ ਵਿ੍ਚ ਜਵਾਹਰ ਲਾਲ ਨਹਿਰੂ, ਮੌਲਾਨਾ ਆਜ਼ਾਦ, ਰਾਜਿੰਦਰ ਪ੍ਰਸਾਦ, ਤੇ ਹੋਰ ਕਈਂ ਚੋਟੀ ਦੇ ਲੀਡਰ ਬੁਲਾਏ ਗਏ। ਮੀਟਿੰਗ ਚਲ ਰਹੀ ਸੀ ਤੇ ਬੜੇ ਗੰਭੀਰ ਮੁੱਦਿਆਂ 'ਤੇ ਵਿਚਾਰਾਂ ਹੋ ਰਹੀਆ ਸਨ ਕਿ ਗਾਂਧੀ ਜੀ ਉੱਠੇ ਤੇ ਕਹਿਣ ਲੱਗੇ,"ਤੁਸੀਂ ਗੱਲਬਾਤ ਕਰੋ ਮੈਂ ਜ਼ਰਾ ਬੱਕਰੀ ਦੀ ਲੱਤ 'ਤੇ ਮਿੱਟੀ ਲਾ ਆਵਾਂ, ਕਲ੍ਹ ਛਿੱਲੀ ਗਈ ਸੀ।" ਗਾਂਧੀ ਜੀ ਮਿੱਟੀ ਲਾਉਣ ਚਲੇ ਗਏ ਤਾਂ ਨਹਿਰੂ ਜੀ ਨੂੰ ਬਹੁਤ ਗੁੱਸਾ ਆਇਆ। ਕਹਿੰਦੇ ਹਨ ਨਹਿਰੂ ਜੀ ਏਨੇਂ ਖ਼ਫਾ ਹੋ ਗਏ ਕਿ ਉਹਨਾਂ ਨੇ ਪ੍ਰਤਿਗਿਆ ਕਰ ਸੁੱਟੀ ਕਿ ਹੁਣ ਮੈਂ ਕਦੇ ਵੀ ਏਹੋ ਜਹੇ ਬੰਦੇ ਦੇ ਸੱਦੇ 'ਤੇ ਕਿਸੇ ਮੀਟਿੰਗ ਵਿਚ ਨਹੀਂ ਜਾਵਾਂਗਾ, ਜਿਹੜਾ ਦੇਸ਼ ਨਾਲੋਂ ਬੱਕਰੀ ਦੀ ਲੱਤ ਦਾ ਬਹੁਤਾ ਧਿਆਨ ਰਖਦਾ ਹੋਵੇ। ਪਰ ਸਾਰਿਆ ਲੀਡਰਾਂ ਨੇ ਇਹ ਕਹਿ ਕੇ ਨਹਿਰੂ ਨੂੰ ਸ਼ਾਂਤ ਕਰ ਲਿਆ ਕਿ ਗਾਂਧੀ ਜੀ ਇਕ ਮਹਾਤਮਾ ਹਨ ਤੇ ਮਹਾਤਮਾਂ ਲੋਕ ਆਪਣੇ ਹੀ ਢੰਗ ਨਾਲ ਸੋਚਦੇ ਹਨ।

ਆਮ ਹਿੰਦੁਸਤਾਨੀਆਂ ਨੂੰ ਅੰਗਰੇਜ਼ਾਂ ਦਾ ਕਈ ਗੱਲਾਂ ਕਰਕੇ ਸ਼ੁਕਰ ਗੁਜ਼ਾਰ ਹੋਣਾ ਚਾਹੀਦਾ ਹੈ ਉਨ੍ਹਾਂ ਨੇ ਸਾਰੇ ਹਿੰਦੁਸਤਾਨ ਨੂੰ ਡੰਡੇ ਨਾਲ ਇਕੱਠਾ ਕੀਤਾ ਤਾਂ ਹੀ ਅਜ ਹਿੰਦੂ ਲੀਡਰ ਕਸ਼ਮੀਰ ਅਤੇ ਨਾਗਾਲੈਂਡ ਨੂੰ ਦੇਸ਼ ਦਾ ਅਟੁੱਟ ਅੰਗ ਕਹਿਣ ਜੋਗੇ ਹੋਏ ਹਨ। ਨਹੀਂ ਤਾਂ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਭਾਰਤ ਛੇ ਸੌ ਤੋਂ ਵੀ ਵਧ ਰਿਆਸਤਾਂ ਵਿਚ ਵੰਡਿਆ

ਪਿਆ ਸੀ। ਕੋਈ ਇਕ ਦੂਜੇ ਨੂੰ ਜਾਣਦਾ ਤੱਕ ਨਹੀਂ ਸੀ। ਮਿਜ਼ੋਰਮ ਸਮੱਸਿਆ 'ਤੇ ਜਦੋਂ ਲਾਲਡੇਂਗਾ ਤੇ ਭਾਰਤ ਵਿਚਕਾਰ ਗਲਬਾਤ ਨਾਲ ਮਸਲਾ ਹਲ ਕਰਨ ਦੀ ਗੱਲ ਚਲੀ ਤਾਂ ਭਾਰਤੀ ਪ੍ਰਤੀਨਿਧ ਘੜੀ ਮੁੜੀ ਇਹ ਹੀ ਆਖਣ, "ਭਾਰਤ ਦੇ ਸੰਵਿਧਾਨ ਦੇ ਦਾਇਰੇ ਵਿਚ ਗੱਲ ਕਰੋ। ਕਸ਼ਮੀਰ ਤੋਂ ਲੈ ਕੇ ਕੰਨਿਆਕੁਮਾਰੀ ਤੱਕ ਸਾਡਾ ਦੇਸ਼ ਇਕੱਠਾ ਹੈ। ਸਾਡਾ ਸਭਿਆਚਾਰ, ਸਾਡੇ ਤਿਉਹਾਰ ਸਭ ਇਕੱਠੇ ਹਨ। ਵੱਖਰੇ ਹੋਣ ਦੀ ਤਾਂ ਗਲ ਹੀ ਨਾ ਛੇੜੋ"। ਪਹਿਲਾਂ ਤਾਂ ਲਾਲਡੇਂਗਾ ਇਹ ਯੱਭਲੀਆਂ ਸੁਣਦਾ ਰਿਹਾ ਫਿਰ ਉਸ ਨੇ ਕਿਹਾ, "ਗੱਲ ਸੁਣੋ ਓਏ ਵੱਡੇ ਸਭਿਆਚਾਰ ਵਾਲਿਓ, ਇਹ ਦਸੋ ਤੁਹਾਡਾ ਤੇ ਸਾਡਾ ਸਭਿਆਚਾਰ ਕਿਵੇਂ ਇਕ ਹੈ ? ਘੰਟਾ ਹੋ ਗਿਆ ਹੈ ਤੁਹਾਨੂੰ ਚਬੜ-ਚਬੜ ਕਰਦਿਆਂ ਨੂੰ ਤੇ ਮੈਨੂੰ ਸੁਣਦਿਆਂ ਨੂੰ। ਤੁਸੀਂ ਇਕ ਇਕ ਭਾਰਤੀ ਦਸ ਦਸ ਕਪੜੇ ਪਾ ਕੇ ਆਪਣਾ ਸਰੀਰ ਢੱਕਦੇ ਹੋ ਤੇ ਸਾਨੂੰ ਅਲਫ਼ ਨੰਗੇ ਰਹਿ ਕੇ ਮਜਾ ਆਉਂਦਾ ਹੈ, ਵਧ ਤੋਂ ਵਧ ਇਕ ਪੱਤਾ ਅੱਗੇ ਤੇ ਇਕ ਪੱਤਾ ਪਿੱਛੇ ਬੰਨ੍ਹ ਕੇ ਸਾਡਾ ਨੰਗੇਜ਼ ਢੱਕਿਆ ਜਾਂਦਾ ਹੈ। ਤੁਹਾਡੀਆਂ ਜਨਾਨੀਆਂ ਆਪਣੀਆਂ ਛਾਤੀਆਂ ਢੱਕ-ਢੱਕ ਕੇ ਰਖਦੀਆਂ ਹਨ ਪਰ ਸਾਡੀਆਂ ਨੂੰ ਢੱਕਣ ਲੱਗਿਆਂ ਸ਼ਰਮ ਆਉਂਦੀ ਹੈ। ਰਹੀ ਤਿਉਹਾਰਾਂ ਦੀ ਗੱਲ ਤਾਂ ਸਾਨੂੰ ਤਾਂ ਇਹ ਵੀ ਨਹੀਂ ਪਤਾ ਕਿ ਦੀਵਾਲੀ ਤੇ ਦੁਸਹਿਰਾ ਕਿਸ ਬਲਾ ਦਾ ਨਾਂ ਹੈ? ਲੋਹੜੀ ਤੇ ਹੋਲੀ ਕਾਹਦੇ ਨਾਲ ਖਾਈਦੀ ਹੈ। ਫਿਰ ਸਾਨੂੰ ਇਕੋ ਰੱਸੇ ਨਾਲ ਬੰਨ੍ਹ ਕੇ ਆਪਣੇ ਨਾਲ ਕਿਉਂ ਰਖਦੇ ਓ? ਸਿਰਫ ਫੌਜ ਦੇ ਜ਼ੋਰ ਕਰਕੇ ਸਾਨੂੰ ਗੁਲਾਮ ਬਣਾ ਕੇ ਰਖ ਛਡਿਆ ਜੇ? ਅਖੇ ਭਾਰਤ ਦੇ ਸਵਿਧਾਨ ਵਿਚ ਰਹਿ ਕੇ ਗੱਲ ਕਰੋ। ਇਹ ਦਸੋ ਪਈ ਇਹਨੂੰ ਅਸਾਂ ਬਣਾਇਆ ਹੈ ਕਿ ਸਾਡੀ ਸਲਾਹ ਨਾਲ ਬਣਿਆ ਹੈ, ਜਿਹੜਾ ਅਸੀਂ ਇਹਦੇ ਦਾਇਰੇ ਵਿਚ ਰਹੀਏ। ਤੁਹਾਡਾ ਸਵਿਧਾਨ ਹੈ ਤੇ ਤੁਸਾਂ ਆਪਣੀ ਮਰਜੀ ਨਾਲ ਸਾਨੂੰ ਗੁਲਾਮ ਰੱਖਣ ਲਈ ਇਹਨੂੰ ਜਾਣ ਬੁੱਝ ਕੇ ਬਣਾਇਆ ਹੈ। ਜਾਓ ਦਫਾ ਹੋ ਜਾਓ, ਮੈਂ ਤੁਹਾਡੇ ਨਾਲ ਕੋਈ ਗੱਲ ਨਹੀਂ ਕਰਨੀ।" ਤੇ ਉਹ ਇੰਗਲੈਂਡ ਦੇ ਭੇਜੇ ਹੋਏ ਜਹਾਜ 'ਤੇ ਹੀ ਵਾਪਸ ਚਲਾ ਗਿਆ।

ਪੰਜਾਬੀਆਂ ਨੂੰ ਅੰਗਰੇਜ਼ਾਂ ਦੇ ਇਸ ਕਰਕੇ ਵੀ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਬਾਕਾਇਦਾ ਕਾਨੂੰਨ ਬਣਾ ਕੇ ਜੰਮਦੀਆਂ ਕੁੜੀਆਂ ਮਾਰਨ 'ਤੇ ਰੋਕ ਲਾਈ। ਇਕ ਮਿੰਟ ਦੀ ਜੰਮੀ ਕੁੜੀ ਨੂੰ ਵੀ ਕੋਈ ਮਾਰ ਦੇਵੇ ਤਾਂ ਕਾਨੂੰਨ ਦੀ ਧਾਰਾ 302 ਲਾ ਕੇ ਫਾਂਸੀ ਜਾਂ ਉਮਰ ਕੈਦ ਦੀ ਸਜ਼ਾ ਹੁੰਦੀ ਸੀ। ਨਹੀਂ ਤਾਂ ਅੰਗਰੇਜਾਂ ਦੇ ਆਉਣ ਤੋਂ ਪਹਿਲਾਂ ਤਾਂ ਜੰਮਦੀਆਂ ਕੁੜੀਆਂ ਨੂੰ ਮਾਰਨ ਲਈ ਦਾਈਆਂ ਨਿਆਣਾ ਜੰਮਣ ਤੋਂ ਪਹਿਲਾਂ ਹੀ ਅੱਕ ਦਾ ਦੁੱਧ ਦੀਵੇ ਵਿਚ ਇਕੱਠਾ ਕਰ ਕੇ ਰੂੰ ਦੀ ਵੱਟੀ ਪਾ ਕੇ ਤਿਆਰ ਰਖਦੀਆਂ ਸਨ। ਓਧਰੋਂ ਕੁੜੀ ਜੰਮਦੀ ਤੇ ਏਧਰੋਂ ਅੱਕ ਦੇ ਦੁੱਧ ਵਾਲੇ ਦੀਵੇ ਦੀ ਵੱਟੀ ਚੁੰਘਾ ਕੇ ਕੁੜੀ ਮਾਰ ਦਿੱਤੀ ਜਾਂਦੀ। ਫਿਰ ਦਾਈ ਨੇ ਬਾਹਰ ਜਾ ਕੇ ਕਹਿਣਾ-"ਗੁੱਡੀ ਹੋਈ ਸੀ ਪਰ ਨਕਰਮੀ ਮਰੀ ਹੋਈ ਈ ਜੰਮੀ।" ਏਥੋਂ ਹੀ ਪੰਜਾਬੀ ਦੀ ਕਹਾਵਤ ਬਣੀ ਹੈ 'ਕੁੜੀ ਜੰਮੀ ਹੱਡ ਛੁੱਟੇ'। ਕਿਉਂਕਿ ਜੰਮਣ ਵਾਲੀ ਮਾਂ ਨੂੰ ਪਤਾ ਹੁੰਦਾ ਸੀ ਕਿ ਸਿਰਫ ਪ੍ਰਸੂਤ ਪੀੜਾਂ ਹੀ ਸਹਿਣੀਆਂ ਪੈਣੀਆਂ ਹਨ, ਪਾਲਣ ਦੀ ਮਿਹਨਤ ਨਹੀਂ ਕਰਨੀ ਪੈਣੀ। ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਪੰਜਾਬ ਵਿਚ ਮਰਦਾਂ ਦੇ ਮੁਕਾਬਲੇ ਔਰਤਾਂ ਦੀ ਗਿਣਤੀ ਬਹੁਤ ਘੱਟ ਸੀ। ਤਾਂ ਹੀ ਤਾਂ ਜੱਟ ਕਲ-ਦੇਸਣਾਂ ਮੁੱਲ ਲਿਆਉਂਦੇ ਸਨ। ਇਹ ਕਹਾਵਤ ਵੀ ਮਸ਼ਹੂਰ ਸੀ ਕਿ ਜੱਟ ਨੂੰ ਆਪਣੀ ਨਾਨੀ ਦਾ ਨਾਂ ਨਹੀਂ ਪਤਾ ਹੁੰਦਾ। ਬੰਗਾਲਣ, ਬਿਹਾਰਨ ਤੇ ਯੂ. ਪੀ. ਵਾਲੀ ਕਲ-ਦੇਸਣ ਦਾ ਨਾਂ ਲੈਂਦਿਆਂ ਓਦਾਂ ਵੀ ਸ਼ਰਮ

ਆਉਂਦੀ ਸੀ। ਦੂਜੀਆਂ ਜਾਤਾਂ ਵੱਟੇ ਸੱਟੇ ਦਾ ਸਾਕ ਕਰ ਲੈਂਦੀਆਂ ਸਨ ਪਰ ਜੱਟ ਵੱਟਾ ਸੱਟਾ ਨਹੀਂ ਸਨ ਕਰਦੇ। ਜਾਂ ਤੀਵੀ ਮੁੱਲ ਲਿਆਉਂਦੇ ਸਨ ਜਾਂ ਪੰਜਾਂ ਛੇਆਂ ਭਰਾਵਾਂ ਦੀ ਇਕੋ ਹੀ ਹੁੰਦੀ ਸੀ। ਇਹ ਗਲ ਵੀ ਬੜੀ ਮਸ਼ਹੂਰ ਹੈ ਕਿ ਇਕ ਵਾਰ ਇਕ ਨੂੰਹ ਨੇ ਸੱਸ ਨੂੰ ਪੁੱਛਿਆ ,"ਬੇਬੇ ਮੈਨੂੰ ਕਈ ਦਿਨ ਹੋ ਗਏ ਹਨ ਮੁਕਲਾਵੇ ਆਈ ਨੂੰ ਪਰ ਮੈਨੂੰ ਇਹ ਨਹੀਂ ਸਮਝ ਲਗੀ ਕਿ ਮੇਰੇ ਘਰ ਵਾਲਾ ਕਿਹੜਾ ਹੈ?" ਸੱਸ ਨੇ ਕਿਹਾ-"ਧੀਏ ਮੈਂ ਬੁੱਢੀ ਹੋ ਗਈ ਆਂ ਅਜੇ ਤਕ ਮੈਨੂੰ ਪਤਾ ਨਹੀਂ ਲੱਗਾ, ਤੈਨੂੰ ਏਡੀ ਛੇਤੀ ਕਿਥੋਂ ਪਤਾ ਲੱਗ ਜਾਣਾ ਸੀ?" ਸਤੀ ਪ੍ਰਥਾ ਦਾ ਜਦੋਂ ਅੰਗਰੇਜ਼ਾਂ ਨੂੰ ਪਤਾ ਲੱਗਾ ਕਿ ਏਥੇ ਧਾਰਮਕ ਰਸਮ ਤਹਿਤ ਵਾਜਿਆਂ ਗਾਜਿਆਂ ਤੇ ਢੋਲ-ਢਮਕੇ ਤੇ ਪੀਪਨੀਆਂ ਦੀਆਂ ਕੰਨਪਾੜਵੀਆਂ ਆਵਾਜ਼ਾਂ ਵਿਚ ਇਕ ਫੁੱਲ ਵਰਗੀ ਸੱਜ ਵਿਆਹੀ ਕੁੜੀ, ਜਿਹੜੀ ਮਾੜੀ ਕਿਸਮਤ ਕਰਕੇ ਵਿਧਵਾ ਹੋ ਜਾਂਦੀ ਹੈ ਨੂੰ ਪਤੀ ਦੀ ਚਿਤਾ ਵਿਚ ਹੀ ਸਾੜ ਦਿੱਤਾ ਜਾਂਦਾ ਹੈ ਤਾਂ ਉਹਨਾਂ ਦਾ ਦਿਲ ਕੰਬ ਗਿਆ। ਜਿਹੜੇ ਸੱਤ ਸਮੁੰਦਰ ਪਾਰ ਤੋਂ ਆਏ ਸਨ, ਜਿਨ੍ਹਾਂ ਦੀ ਇਸ ਦੇਸ਼ ਨਾਲ ਕੋਈ ਵੀ ਸਾਂਝ ਨਹੀਂ ਸੀ, ਮਨੁੱਖ ਹੋਣ ਦੇ ਨਾਤੇ ਹੀ ਉਨ੍ਹਾਂ ਦਾ ਦਿਲ ਕੰਬਿਆ ਪਰ ਜਿਨ੍ਹਾਂ ਦੀ ਨੂੰਹ, ਧੀ, ਭੈਣ ਜਾਂ ਭਰਜਾਈ ਸੀ, ਉਨ੍ਹਾਂ ਪੱਥਰਾਂ ਨੂੰ ਕੋਈ ਫਰਕ ਨਹੀਂ ਸੀ। ਬ੍ਰਾਹਮਣ ਨੇ ਉਨ੍ਹਾਂ ਦੇ ਦਿਮਾਗ ਵਿਚ ਐਸਾ ਜ਼ਹਿਰ ਭਰ ਦਿੱਤਾ ਸੀ ਕਿ ਸਾਰੇ ਭਾਰਤੀ ਪੱਥਰ ਦਿਲ ਬਣ ਗਏ ਸਨ। ਹੈਰਾਨੀ ਦੀ ਗੱਲ ਇਹ ਹੈ ਕਿ ਬ੍ਰਾਹਮਣ ਨੇ ਬਾਕੀ ਲੋਕਾਂ ਵਾਸਤੇ ਤਾਂ ਸਤੀ ਪ੍ਰਥਾ ਚਲਾਈ ਪਰ ਅੱਜ ਤੱਕ ਇਕ ਵੀ ਬ੍ਰਾਹਮਣ ਕੁੜੀ ਸਤੀ ਨਹੀਂ ਹੋਈ। ਕਿਉਂਕਿ ਬ੍ਰਾਹਮਣ ਨੇ ਬ੍ਰਾਹਮਣ ਕੁੜੀਆਂ ਨੂੰ ਸਤੀ ਹੋਣ ਤੋਂ ਛੋਟ ਦੇ ਦਿੱਤੀ ਸੀ। ਜਿਨ੍ਹਾਂ ਪੱਥਰ ਦਿਲਾਂ ਨੂੰ ਆਪਣੀਆਂ ਹੀ ਪਿਆਰੀਆਂ ਬੱਚੀਆਂ ਨੂੰ ਸਾੜਨ ਲੱਗਿਆਂ ਕਦੇ ਡਰ ਨਹੀਂ ਆਇਆ। ਉਨ੍ਹਾਂ ਨੂੰ 1984 ਵਿਚ ਦਿੱਲੀ ਅਤੇ ਅਨੇਕਾਂ ਹੋਰ ਥਾਵਾਂ 'ਤੇ ਸਿੱਖਾਂ ਨੂੰ ਸਾੜਨ ਲੱਗਿਆਂ ਕੀ ਫਰਕ ਪੈਣਾ ਸੀ? ਦਿੱਲੀ ਵਿਚ ਤਾਂ ਹਿੰਦੂਆਂ ਨੇ ਦੋ ਸੌ ਸਾਲ ਦਾ ਜਮ੍ਹਾ ਹੋਇਆ ਲਾਵਾ ਹੀ ਕੱਢਿਆ ਹੈ। ਜਦੋਂ ਦੀ ਸਤੀ ਪ੍ਰਥਾ ਬੰਦ ਹੋਈ ਸੀ ਹਿੰਦੂਆਂ ਦੇ ਹਥਾਂ ਨੂੰ ਕਿਸੇ ਨੂੰ ਸਾੜਨ ਦੀ ਖੁਰਕ ਹੁੰਦੀ ਰਹਿੰਦੀ ਸੀ। ਉਨ੍ਹਾਂ ਨੇ ਸਿੱਖਾਂ ਨੂੰ ਸਾੜ ਕੇ ਨਾਲੇ ਆਪਣੇ ਦਿਲ ਦਾ ਗੁਬਾਰ ਕੱਢਿਆ ਨਾਲੇ ਹੱਥਾਂ ਦੀ ਖੁਰਕ ਮਿਟਾਈ।

ਅਜੇ ਥੋੜ੍ਹੇ ਸਾਲ ਪਹਿਲਾਂ ਰਾਜਸਥਾਨ ਵਿਚ ਇਕ ਬੀਬੀ ਰੂਪ ਕੰਵਲ ਨੂੰ ਸਤੀ ਕੀਤਾ ਗਿਆ। ਇਸ ਦੇਸ਼ ਵਿਚ ਇਕ ਬੜੀ ਅਜੀਬ ਗਲ ਸਾਹਮਣੇ ਆਈ ਹੈ ਕਿ ਕੁੜੀਆਂ ਨੂੰ ਜਾਹਲ, ਅਨਪੜ੍ਹ, ਗੰਵਾਰ ਜਾਂ ਵੇਹਲੜ ਸਤੀ ਨਹੀਂ ਕਰਦੇ, ਸਗੋਂ ਵਕੀਲ, ਡਾਕਟਰ ਇੰਜੀਨੀਅਰ, ਵਪਾਰੀ, ਧਾਰਮਕ ਲੀਡਰ ਸਾਰੇ ਇਸ ਪ੍ਰਥਾ ਦੇ ਹਾਮੀ ਹਨ। ਹੱਦ ਹੋ ਗਈ! ਜਿਸ ਤਰੀਕੇ ਨਾਲ ਇਹ ਰਸਮ ਕੀਤੀ ਜਾਂਦੀ ਹੈ, ਇਸ ਰਸਮ ਨੂੰ ਕਰਨ ਵਾਲਿਆਂ ਨੂੰ ਹਿੰਦੂ ਮਾਫੀਆ ਕਿਹਾ ਜਾ ਸਕਦਾ ਹੈ। ਲੜਕੀ ਨੂੰ ਬਾਕਾਇਦਾ ਇਸ਼ਨਾਨ ਕਰਵਾ ਕੇ, ਗਹਿਣਾ ਗੱਟਾ ਪਾ ਕੇ, ਹਾਰ ਸ਼ਿੰਗਾਰ ਕਰਕੇ ਕੀਮਤੀ ਕਪੜੇ ਪਾ ਕੇ ਤਿਆਰ ਕੀਤਾ ਜਾਂਦਾ ਹੈ। ਇਹ ਤਿਆਰੀ ਕੋਈ ਜੇਲ੍ਹਾਂ ਵਿਚ ਫਾਂਸੀ ਲਾਉਣ ਵਾਲੇ ਬੁੱਚੜ ਨਹੀਂ ਕਰਦੇ ਸਗੋਂ ਉਸੇ ਹੀ ਬਦਨਸੀਬ ਵਿਧਵਾ ਦੀਆਂ ਦਰਾਣੀਆਂ, ਜਠਾਣੀਆਂ, ਭੈਣਾਂ ਤੇ ਭਰਜਾਈਆਂ ਕਰਦੀਆਂ ਹਨ। ਇਹ ਗਲ ਤਾਂ ਇਸ ਤਰ੍ਹਾਂ ਦੀ ਹੋਈ ਜਿਵੇਂ ਆਪਣੇ ਪਤੀ ਨੂੰ ਉਸ ਵਿਧਵਾ ਨੇ ਹੀ ਮਾਰਿਆ ਹੋਵੇ ਤੇ 'ਖੂਨ ਕਾ ਬਦਲਾ ਖੂਨ' ਦੇ ਅਸੂਲ ਤਹਿਤ ਉਸ ਨੂੰ ਸਜਾ ਦਿੱਤੀ ਜਾ ਰਹੀ ਹੋਵੇ। ਉਹ ਗਰੀਬਣੀ ਬਥੇਰਾ ਰੋਂਦੀ ਚਿਚਲਾਉਂਦੀ ਹੈ। ਕਈ ਤਾਂ ਜਾਨ ਬਚਾਉਣ ਲਈ ਛੁੱਟ-ਛੁੱਟ ਕੇ ਵੀ ਭਜਦੀਆਂ ਹਨ ਪਰ ਜਾਲਮਾਂ ਨੇ ਇਹਦਾ ਵੀ ਤਰੀਕਾ ਲਭਿਆ ਹੋਇਆ

ਹੈ। ਆਲੇ-ਦੁਆਲੇ ਦੇ ਸੈਂਕੜੇ ਪਿੰਡਾਂ ਦੇ ਲੋਕ ਇਕੱਠੇ ਹੁੰਦੇ ਹਨ। ਮੇਲੇ ਵਰਗਾ ਮਾਹੌਲ ਬਣ ਜਾਂਦਾ ਹੈ। ਲੋਕ ਰੰਗ ਬਿਰੰਗੇ ਕਪੜੇ ਪਾ ਕੇ ਆਉਂਦੇ ਹਨ। ਫਿਰ ਢੋਲ-ਮੰਜੀਰਾ, ਵਾਜੇ, ਪੀਪਨੀਆਂ, ਤੂਤਨੀਆਂ ਤੇ ਨਗਾਰੇ ਵਜਦੇ ਹਨ ਤਾਂ ਕਿ ਕੋਈ ਉਸ ਕੁੜੀ ਦਾ ਰੋਣਾ ਪਿਟਣਾ ਨਾ ਸੁਣ ਲਵੇ। ਬਦਨਸੀਬ ਵਿਧਵਾ ਦਾ ਦਿਉਰ ਤੇ ਉਸ ਦਾ ਭਰਾ ਦੋਹਾਂ ਪਾਸਿਆਂ ਤੋਂ ਮਜ਼ਬੂਤੀ ਨਾਲ ਫੜ ਕੇ ਉਸ ਨੂੰ ਚਿਤਾ ਤੱਕ ਲਿਆਉਂਦੇ ਹਨ। ਭਰਾ ਤੇ ਦਿਉਰ ਦੀ ਚੰਡਾਲ ਜੋੜੀ ਇਸ ਲਈ ਵੀ ਬਣਾਈ ਜਾਂਦੀ ਹੈ ਤਾਂ ਕਿ ਇਹ ਇਲਜਾਮ ਨਾ ਲੱਗੇ ਕਿ ਸਹੁਰਿਆਂ ਨੇ ਜਬਰਦਸਤੀ ਨੂੰਹ ਸਾੜੀ ਹੈ। ਰੂਪ ਕੰਵਲ ਦੀ ਪਹਿਲਾਂ ਫੋਟੋ ਖਿੱਚੀ ਗਈ। ਫਿਰ ਉਸਤੋਂ ਕੈਲੰਡਰ ਬਣੇ ਹੋਏ ਹਨ ਜੋ ਸਾਰੇ ਰਾਜਸਥਾਨ ਵਿਚ ਵਿਕਦੇ ਹਨ। ਮੈਂ ਜਦੋਂ ਜੈਪੁਰ ਇਹ ਕੈਲੰਡਰ ਵੇਖਿਆ ਤਾਂ ਸਮਝਿਆ ਕਿ ਇਹ ਕਿਸੇ ਫਿਲਮੀ ਐਕਟਰੈਸ ਦਾ ਹੈ। ਪਰ ਥੱਲੇ ਲਿਖਿਆ ਹੋਇਆ ਸੀ "ਸਤੀ ਰੂਪ ਕੰਵਲ"। ਉਸ ਦੇ ਚਿਹਰੇ ਵਲ ਵੇਖਿਆਂ ਸਹਿਜੇ ਹੀ ਸਮਝ ਲਗਦੀ ਹੈ ਕਿ ਸਤੀ ਹੋਣਾ ਉਹਦੀ ਮਰਜ਼ੀ ਨਹੀਂ, ਮਜਬੂਰੀ ਸੀ। ਸਤੀ ਹੋਣ ਵੇਲੇ ਉਸ ਦੀ ਉਮਰ ਵੀਹ ਸਾਲ ਅੱਠ ਮਹੀਨੇ ਸੀ। ਦੁਕਾਨਦਾਰ ਨੇ ਮੈਨੂੰ ਸਾਰੀ ਜਾਣਕਾਰੀ ਦਿੱਤੀ। ਉਸ ਕੈਲੰਡਰ ਦੀ ਇਕ ਨੁੱਕਰ ਵਿਚ ਉਹਦਾ ਮੰਦਰ ਵੀ ਬਣਿਆ ਹੋਇਆ ਦਿਖਾਇਆ ਗਿਆ ਹੈ। ਦੁਕਾਨਦਾਰ ਦੇ ਦੱਸਣ ਅਨੁਸਾਰ ਇਸ ਮੰਦਰ ਦੀ ਬਹੁਤ ਮਾਨਤਾ ਹੈ।

ਅੰਗਰੇਜ਼ਾਂ ਦੀ ਹੋਰ ਵੱਡੀ ਦੇਣ ਥਾਂ ਥਾਂ ਸਕੂਲ ਤੇ ਕਾਲਜ ਖੋਹਲਣੇ ਸਨ। ਜੇ ਅੰਗਰੇਜ਼ ਮਨ ਵਿਚ ਰਾਜਨੀਤਕ ਬਦੀ ਰਖਦੇ ਤੇ ਲੋਕਾਂ ਦੇ ਪੜ੍ਹਨ-ਲਿਖਣ ਦਾ ਪ੍ਰਬੰਧ ਨਾ ਕਰਦੇ ਤਾਂ ਅਜੇ ਹੋਰ ਪੰਜਾਹ ਸਾਲ ਤੱਕ ਰਾਜ ਕਰ ਸਕਦੇ ਸਨ। ਅੰਗਰੇਜ਼ਾਂ ਨੇ ਹੀ ਭਾਰਤੀਆਂ ਨੂੰ ਅੰਗਰੇਜ਼ੀ ਦਵਾਈਆਂ ਦੇ ਇਲਾਜ ਤੋਂ ਜਾਣੂ ਕਰਵਾਇਆ, ਨਹੀਂ ਤਾਂ ਲੱਖਾਂ ਲੋਕ ਹਰ ਸਾਲ ਬੇ-ਮੌਤ ਮਰ ਜਾਂਦੇ ਸਨ। ਏਥੋਂ ਦੇ ਲੋਕ ਤਾਂ ਏਡੇ ਜਾਹਲ ਸਨ ਕਿ ਜਦੋਂ 1914 ਵਿਚ ਪਲੇਗ ਪਈ ਤਾਂ ਅੰਗਰੇਜ਼ਾਂ ਨੇ ਸਰਕਾਰੀ ਖਰਚੇ 'ਤੇ ਲੋਹੇ ਦੇ ਰੋਸ਼ਨਦਾਨ ਬਣਵਾ ਕੇ ਮੁਫਤ ਲੋਕਾਂ ਦੇ ਘਰਾਂ ਵਿਚ ਲਵਾਏ ਤਾਂ ਕਿ ਰੋਸ਼ਨਦਾਨਾਂ ਥਾਣੀ ਹਨੇਰੇ ਕਮਰਿਆਂ ਵਿਚ ਧੁੱਪ ਪਵੇ ਤੇ ਚਾਨਣ ਵੀ ਹੋਵੇ ਤੇ ਚੂਹੇ, ਜਿਹੜੇ ਹਨੇਰੇ ਵਿਚ ਰਹਿ ਕੇ ਖੁਸ਼ ਹੁੰਦੇ ਹਨ, ਬਾਹਰ ਖੇਤਾਂ ਵਲ ਭੱਜ ਜਾਣ। ਸਰਕਾਰੀ ਕਰਮਚਾਰੀ ਰੋਸ਼ਨਦਾਨ ਲਾ ਕੇ ਅਜੇ ਪਿੰਡੋਂ ਬਾਹਰ ਹੀ ਹੁੰਦੇ ਕਿ ਲੋਕ ਝੱਟ ਰੋਸ਼ਨਦਾਨ ਪੁੱਟ ਕੇ ਉਹਦੀ ਥਾਂ ਫਿਰ ਬੰਦ ਕਰ ਦੇਂਦੇ। ਅਖੇ ਇਹ ਅੰਗਰੇਜ਼ਾਂ ਦੀ ਚਾਲ ਹੈ ਤਾਂ ਕਿ ਚੋਰ ਸੌਖੇ ਹੀ ਘਰਾਂ ਵਿਚ ਵੜ ਕੇ ਲੁੱਟ ਕੇ ਲੈ ਜਾਣ। ਚੂਹੇ ਨੂੰ ਪਿੱਸੂ ਚਿੰਬੜੇ ਹੁੰਦੇ ਹਨ, ਜਿਹੜੇ ਪਲੇਗ ਫੈਲਾਉਣ ਦਾ ਕਾਰਨ ਹੁੰਦੇ ਹਨ। ਕਿਉਂਕਿ ਬਿੱਲੀ ਚੂਹੇ ਨੂੰ ਖਾਂਦੀ ਹੈ ਤੇ ਪਲੇਗ ਤੋਂ ਬਚਾਅ ਹੁੰਦਾ ਹੈ, ਏਸੇ ਲਈ ਹੀ ਬ੍ਰਾਹਮਣ ਨੇ ਬਿੱਲੀ ਨੂੰ ਮਾਰਨ ਤੇ ਸੋਨੇ ਦੀ ਬਿੱਲੀ ਬਣਾ ਕੇ ਬ੍ਰਾਹਮਣ ਨੂੰ ਦਾਨ ਕਰਨ ਦਾ ਉਪਾਅ ਪ੍ਰਚੱਲਤ ਕੀਤਾ ਤਾਂ ਕਿ ਡਰ ਨਾਲ ਲੋਕ ਬਿੱਲੀਆਂ ਨਾ ਮਾਰਨ ਤੇ ਜੇ ਕਿਸੇ ਕੋਲੋਂ ਮਰ ਜਾਵੇ ਤਾਂ ਉਹ ਸੋਨੇ ਦੀ ਬਿੱਲੀ ਬਣਾ ਕੇ ਬ੍ਰਾਹਮਣ ਨੂੰ ਦਾਨ ਵਜੋਂ ਦੇਵੇ। ਇਸ ਨਾਲ ਦੋਹਰਾ ਫਾਇਦਾ ਹੈ। ਜਿਵੇਂ ਹਾਥੀ ਜੀਂਦੇ ਦਾ ਲਖ ਤੇ ਮਰੇ ਦਾ ਸਵਾ ਲੱਖ।

ਅੰਗਰੇਜ਼ਾਂ ਨੇ ਦੂਰਦਰਸ਼ਤਾ ਨਾਲ ਨਹਿਰਾਂ ਕੱਢ ਕੇ ਗੰਜੀ ਬਾਰ ਤੇ ਨੀਲੀ ਬਾਰ ਆਦਿ ਬਾਰਾਂ ਅਬਾਦ ਕੀਤੀਆਂ। ਇਧਰ ਅਮ੍ਰਿਤਸਰ, ਜਲੰਧਰ, ਹੁਸ਼ਿਆਰਪੁਰ ਤੇ ਗੁਰਦਾਸਪੁਰੋਂ ਥੋੜੀਆਂ-ਥੋੜੀਆਂ ਜ਼ਮੀਨਾਂ ਵਾਲੇ ਲੋਕਾਂ ਨੂੰ ਅਬਾਦਕਾਰ ਬਣਾ ਕੇ ਬਾਰਾਂ ਵਿਚ ਵਸਾਇਆ। ਸਿੱਖ ਬਹੁਤ ਹੀ ਸੌਖੇ ਹੋ ਗਏ ਤੇ ਚੰਗੀ ਰੋਟੀ ਖਾਣ ਲਗ ਪਏ। ਨਹੀਂ ਤਾਂ ਜਲੰਧਰ ਕਿਹੜੀ

ਫਸਲ ਹੁੰਦੀ ਸੀ? ਖੂਹਾਂ ਦੀ ਵਾਹੀ ਇਕ ਸੌ ਚਾਲੀ ਟਿੰਡਾਂ ਪੈਂਦੀਆਂ ਸਨ। ਚੂਹੀ ਮੂਤਣ ਜਿੰਨਾਂ ਪਾਣੀ ਆਉਂਦਾ ਸੀ। ਦੋ ਫਸਲਾਂ ਗਵਾਰਾ ਤੇ ਮੋਠ ਹੁੰਦੇ ਸਨ। ਖੂਹਾਂ 'ਤੇ ਅੰਬਾਂ ਦੇ ਬੂਟੇ ਹੁੰਦੇ ਸਨ ਜਿਨ੍ਹਾਂ ਨੂੰ ਦੇਸੀ ਛੋਟੀਆਂ ਖਟੀਆਂ ਟੀਟ ਅੰਬੀਆਂ ਲਗਦੀਆਂ ਸਨ। ਜਦੋਂ ਕਿਸੇ ਦੁਆਬਣ ਕੁੜੀ ਦੀ ਕਿਸਮਤ ਖੁਲ੍ਹਦੀ, ਵਿਆਹ ਕਰਵਾ ਕੇ ਵਲੈਤ ਜਾਣ ਦਾ ਮੌਕਾ ਬਣਦਾ ਤਾਂ ਉਹਦੀਆਂ ਸਹੇਲੀਆਂ ਉਹਨੂੰ ਦੁਆਬੇ ਦੀ ਇਕੋ ਇਕ ਸੁਗਾਤ ਖੱਟੀਆਂ ਅੰਬੀਆਂ ਦੀ ਯਾਦ ਦੁਆਉਂਦੀਆਂ ਬੋਲੀ ਪਾਉਂਦੀਆਂ-"ਛੱਡ ਕੇ ਦੇਸ ਦੁਆਬਾ, ਅੰਬੀਆਂ ਨੂੰ ਤਰਸੇਂਗੀ।" ਦੁਆਬੇ ਵਿਚ ਰਹਿਣ ਸਹਿਣ ਦਾ ਪੱਧਰ ਬਹੁਤ ਨੀਵਾਂ ਸੀ। ਚੌਦਾਂ ਪੰਦਰਾਂ ਸਾਲਾਂ ਤੱਕ ਦੀਆਂ ਕੁੜੀਆਂ ਵੀ ਝੱਗਾ ਤੇ ਕੱਛਾ ਪਾਉਂਦੀਆਂ ਸਨ। ਬੰਦੇ ਲਗੋਟੀ ਲਾਉਂਦੇ ਤੇ ਜੇ ਕਿਤੇ ਬਾਹਰ ਅੰਦਰ ਜਾਣਾ ਹੁੰਦਾ ਤਾਂ ਖੱਦਰ ਦੇ ਰੇਜੇ ਦੀ ਧੋਤੀ ਬੰਨਦੇ, ਜਿਹੜੀ ਗੋਡਿਆਂ ਤੱਕ ਹੁੰਦੀ। ਵਿਆਹ ਸ਼ਾਦੀਆਂ ਵਿਚ ਸਾਰੇ ਪਿੰਡ ਵਿਚੋਂ ਸੱਤ-ਅੱਠ ਦਿਨ ਪਹਿਲਾਂ ਲੱਸੀ ਇਕੱਠੀ ਕਰਨੀ ਸ਼ੁਰੂ ਕਰ ਦੇਂਦੇ। ਫੇਰ ਇਕ ਟੋਆ ਪੁੱਟ ਕੇ ਵਿਚ ਰੇਜਾ (ਖੱਦਰ ਦੀ ਤਾਣੀ ਦਾ ਕੱਪੜਾ) ਵਿਛਾ ਕੇ ਉਹਦੇ ਵਿਚ ਰੋਜ ਲੱਸੀ ਪਾਈ ਜਾਂਦੇ। ਪਾਣੀ ਜੀਰ ਜਾਂਦਾ ਤੇ ਸੰਘਣਾ ਜਿਹਾ ਦਹੀਂ ਵਿਚ ਜਮ੍ਹਾ ਹੋ ਜਾਂਦਾ ਜਾਂ ਇਹ ਰੇਜਾ ਲੱਸੀ ਪਾ ਕੇ ਕਿੱਲੀ ਨਾਲ ਟੰਗ ਦੇਂਦੇ ਤੇ ਇਸ ਤਰ੍ਹਾਂ ਵੀ ਪਾਣੀ ਨਿੱਚੜ ਜਾਂਦਾ। ਵਿਆਹ ਵਾਲੇ ਦਿਨ ਘਰ ਦੀਆਂ ਕੱਢੀਆਂ ਹੋਈਆਂ ਪਕੌੜੀਆਂ ਚਾਟੀ ਵਿਚ ਪਾ ਕੇ ਉਹ ਦਹੀਂ ਜਿਹਾ ਪਾਇਆ ਜਾਦਾ। ਫੇਰ ਅਖੀਰਲੇ ਦਿਨ ਦੀ ਲੱਸੀ ਵਿਚ ਪਾ ਕੇ ਲੂਣ ਤੇ ਮਿਰਚ ਪਾ ਕੇ ਹਿਲਾਉਂਦੇ। ਖੱਟਾ ਤਿਆਰ ਹੋ ਜਾਂਦਾ ਸੀ। ਜੇ ਕਿਸੇ ਨੂੰ ਖੱਟਾ ਨਾ ਮਿਲਦਾ ਤਾਂ ਉਹ ਰੁੱਸ ਕੇ ਵਿਆਹ ਵਿਚੋਂ ਜਾਣ ਤੱਕ ਤਿਆਰ ਹੋ ਜਾਂਦਾ। ਮੇਰੇ ਨਾਨਕਿਆਂ ਦੇ ਪਿੰਡ ਨਕੋਦਰ, ਖੱਟੇ ਤੋਂ ਰੁੱਸ ਕੇ ਹੀ ਮੇਰਾ ਮਾਸੜ ਚਲਾ ਗਿਆ ਸੀ, ਅਖੇ ਮੈਨੂੰ ਖੱਟਾ ਨਹੀਂ ਪਾਇਆ। ਜੇ ਕੋਈ ਜ਼ਿਆਦਾ ਚਿਰ ਤਕ ਪੰਗਤ ਵਿਚ ਬੈਠਾ ਰਹਿੰਦਾ ਤਾਂ ਵਿਚੋਂ ਹੀ ਕੋਈ ਪ੍ਰਾਹੁਣਾ ਆ ਕੇ ਕਹਿੰਦਾ,"ਚਲ ਉੱਠ ਹੁਣ ਖੱਟਾ ਉਡੀਕਦੈਂ?"

ਜਲੰਧਰ ਜਿਲ੍ਹੇ ਦੀ ਸਾਰੀ ਜ਼ਮੀਨ ਉੱਚੇ-ਨੀਵੇਂ ਟਿੱਬਿਆਂ ਵਾਲੀ ਸੀ। ਜਿਸ ਨੂੰ ਕਦੇ ਕਿਸੇ ਨੇ ਵਾਹਿਆ ਨਹੀਂ ਸੀ। ਦੂਰੋਂ ਵੇਖਣ 'ਤੇ ਕਾਹੀ ਫੁੱਲੀ ਹੋਈ ਇਸ ਤਰ੍ਹਾਂ ਲੱਗਦੀ ਸੀ ਜਿਵੇਂ ਦਰਿਆ ਦੇ ਕੰਢੇ ਦੀ ਨਿਕਾਸੀ ਜ਼ਮੀਨ ਹੋਵੇ ਪਰ ਇਹਨਾਂ ਟਿਬਿਆਂ ਦੇ ਤਿੰਨ-ਤਿੰਨ ਮੀਲ 'ਤੇ ਕੋਈ ਅਬਾਦੀ ਨਹੀਂ ਸੀ ਤੇ ਨਾ ਹੀ ਲਾਗੇ ਪਾਣੀ ਦਾ ਕੋਈ ਖੂਹ ਸੀ। ਅਰਬ ਦੇਸ਼ ਦੁਬਈ ਅਤੇ ਯੂ.ਏ.ਈ. ਦੇ ਦੇਸ਼ਾਂ ਵਿਚ ਬਿਲਕੁਲ ਏਸੇ ਤਰ੍ਹਾਂ ਦੇ ਹੀ ਟਿੱਬੇ ਹਨ। ਇਨ੍ਹਾਂ ਦੇਸ਼ਾਂ ਵਿਚ ਕੋਈ ਸੈਰ ਕਰਨ ਵਾਸਤੇ ਜਾਵੇ ਤਾਂ ਉਚੇਚੇ ਤੌਰ 'ਤੇ ਉਸ ਨੂੰ ਇਹ ਟਿੱਬੇ ਵਿਖਾਏ ਜਾਂਦੇ ਹਨ ਤੇ ਇਸਦਾ ਨਾਂ ਉਨ੍ਹਾਂ ਨੇ ਡੈਜ਼ਰਟ ਸਫਾਰੀ (Desert Safari) ਰੱਖਿਆ ਹੋਇਆ ਹੈ। ਇਨ੍ਹਾਂ ਟਿੱਬਿਆਂ ਥੱਲੇ ਤੇਲ ਹੈ ਜੋ ਅੱਜ ਦੇ ਯੁੱਗ ਵਿਚ ਸੋਨੇ ਤੋਂ ਵੀ ਵੱਧ ਕੀਮਤੀ ਹੈ ਪਰ ਦੁਆਬੇ ਦੇ ਟਿੱਬੇ ਹਰ ਤਰ੍ਹਾਂ ਨਾਲ ਨਿਕੰਮੇ ਸਨ। ਨਾ ਥੱਲੇ ਤੇਲ ਤੇ ਨਾ ਉਤੇ ਉਪਜਾਊ ਧਰਤੀ। ਥੋੜ੍ਹੀ ਬਹੁਤ ਹਵਾ ਵਗਣ 'ਤੇ ਵੀ ਬੀਜੀ ਹੋਈ ਫਸਲ ਰੇਤ ਥੱਲੇ ਆ ਕੇ ਦੱਬੀ ਜਾਂਦੀ। ਇਹ ਕਰਬਲਾ ਦੇ ਮੈਦਾਨ ਵਰਗਾ ਇਲਾਕਾ ਸੀ ਜਿਥੇ ਹਜ਼ਰਤ ਮੁਹੰਮਦ ਸਾਹਿਬ ਦੇ ਨਵਾਸੇ ਹਸੱਨ ਤੇ ਹੁਸੈਨ ਮੈਦਾਨੇ ਜੰਗ ਵਿਚ ਪਾਣੀ ਨਾ ਮਿਲਣ ਖੁਣੋਂ ਸ਼ਹੀਦ ਹੋ ਗਏ ਸਨ ਕਿਉਂਕਿ ਪਾਣੀ ਚਮੜੇ ਦੀਆਂ ਮਸ਼ਕਾਂ ਵਿਚ ਸੀ ਤੇ ਕਰਬਲਾ ਦੇ ਮਾਰੂਥਲ ਵਿਚ ਕੋਹੜਕਿਰਲੇ ਬਹੁਤ ਹੁੰਦੇ ਹਨ, ਉਨ੍ਹਾਂ ਕੋਹੜਕਿਰਲਿਆਂ ਨੇ ਮਸ਼ਕਾਂ ਟੁੱਕ ਦਿੱਤੀਆਂ ਤੇ ਸਾਰਾ ਪਾਣੀ ਰੇਤ ਵਿਚ ਵਗ ਗਿਆ। ਹੁਣ ਵੀ ਹਰ ਸਾਲ ਸ਼ੀਆ ਮੁਸਲਮਾਨ ਇਨ੍ਹਾਂ ਦਰਦਨਾਕ ਮੌਤਾਂ ਕਰਕੇ ਮੁਹੱਰਮ ਦੇ

ਦਿਨਾਂ ਵਿਚ ਹੁੱਸੇ ਪਿੱਟਦੇ ਤੇ ਅੰਗਿਆਰਿਆਂ ਨੂੰ ਜ਼ਮੀਨ 'ਤੇ ਵਿਛਾ ਕੇ ਉਨ੍ਹਾਂ ਉੱਤੇ ਨੰਗੇ ਪੈਰੀਂ ਤੁਰਦੇ ਹਨ ਤੇ ਸੰਗਲੀਆਂ ਨਾਲ ਲੱਗੀਆਂ ਛੁਰੀਆਂ ਆਪਣੇ ਪਿੰਡੇ 'ਤੇ ਮਾਰਦੇ ਹਨ, ਜਿਸ ਨਾਲ ਛੁਰੀਆਂ ਸਰੀਰ ਦੇ ਮਾਸ ਵਿਚ ਧੱਸ ਜਾਂਦੀਆਂ ਹਨ ਤੇ ਜਦੋਂ ਸੰਗਲੀ ਪੁੱਟਦੇ ਹਨ ਤਾਂ ਨਾਲ ਹੀ ਪਿੰਡੇ ਦਾ ਮਾਸ ਵੀ ਬਾਹਰ ਆ ਜਾਂਦਾ ਹੈ। ਬਜ਼ੁਰਗ ਛਾਤੀ ਪਿੱਟਦੇ ਹਨ ਤੇ 'ਮਰ ਗਏ ਸਜਣ ਤਿਹਾਏ ਜੀ, ਵਾਹ ਵਾਹ ਸ਼ੇਰਾਂ ਦੇ ਵਾਹੇ ਵਾਹ' ਇਸ ਤਰ੍ਹਾਂ ਜਵਾਨ ਲਹੂ ਲੁਹਾਨ ਤੇ ਬੁੱਢੇ ਪਿੱਟ ਪਿੱਟ ਕੇ ਆਪਣੀਆਂ ਛਾਤੀਆਂ ਨੀਲੀਆਂ ਕਰ ਲੈਂਦੇ ਹਨ। ਮੁਸਲਮਾਨ ਇਸ ਜਲੂਸ ਦੇ ਅੱਗੇ-ਅੱਗੇ ਇਕ ਉੱਚਾ ਸਾਰਾ ਝੰਡਾ ਲੈ ਕੇ ਚਲਦੇ ਹਨ ਤੇ ਜੇ ਕੋਈ ਰਾਹ ਵਿਚ ਰੁਕਾਵਟ ਆ ਜਾਵੇ ਤਾਂ ਮਸਜਿਦ ਦੀ ਬੁਰਜੀਨੁਮਾ ਝੰਡਾ ਨਹੀਂ ਝੁਕਾਉਂਦੇ ਸਗੋਂ ਉਹ ਰੁਕਾਵਟ ਦੂਰ ਕਰ ਦੇਂਦੇ ਹਨ। ਹਿੰਦੂ ਤੇ ਮੁਸਲਮਾਨਾਂ ਦੀਆਂ ਬਹੁਤੀਆਂ ਲੜਾਈਆਂ ਤਾਜ਼ੀਆ ਕੱਢਣ ਤੋਂ ਹੀ ਹੁੰਦੀਆਂ ਸਨ, ਜਿਨ੍ਹਾਂ ਵਿਚ ਸੈਂਕੜੇ ਆਦਮੀ ਮਰਦੇ ਤੇ ਜ਼ਖ਼ਮੀ ਹੋ ਜਾਂਦੇ ਸਨ। ਕਿਉਂਕਿ ਤਾਜ਼ੀਏ ਦੇ ਅੱਗੇ ਜੇ ਪਿੱਪਲ ਦਾ ਟਾਹਣ ਆ ਜਾਵੇ ਤਾਂ ਮੁਸਲਮਾਨ ਉਸ ਟਾਹਣ ਨੂੰ ਵੱਢ ਦੇਂਦੇ ਸਨ ਤੇ ਹਿੰਦੂ ਪਿੱਪਲ ਨੂੰ ਦੇਵਤਾ ਮੰਨਦੇ ਹਨ ਤੇ ਵੱਢਣ ਨਹੀਂ ਸਨ ਦੇਂਦੇ। ਬਸ ਏਥੋਂ ਹੀ ਲੜਾਈ ਹੋ ਜਾਂਦੀ ਸੀ।

***

# ❑ ਆਜ਼ਾਦ ਭਾਰਤ ਵਿਚ ਗੁਲਾਮ ਸਿੱਖ

ਜਿਹੜੀ ਕਹਾਣੀ ਮੈਂ ਏਥੇ ਲਿਖਣ ਲਗਾ ਹਾਂ ਉਹ ਇਕੱਲੇ ਮੇਰੇ ਪਰਿਵਾਰ ਦੀ ਹੀ ਨਹੀਂ। ਲਖਾਂ ਪਰਿਵਾਰਾਂ ਨਾਲ ਸਾਡੇ ਵਾਲਾ ਹੀ ਹਾਲ ਹੋਇਆ ਸੀ। ਕਰੋੜਾਂ ਰੁਪਈਆਂ ਦੀਆਂ ਜਾਇਦਾਦਾਂ ਛੱਡ ਕੇ ਆਉਣ ਵਾਲੇ ਕਖਾਂ ਤੋਂ ਵੀ ਹੌਲੇ ਹੋਏ ਪਏ ਸਨ। 'ਕੀਤੀਆਂ ਦੂਲੇ ਦੀਆਂ ਪੇਸ਼ ਲੱਧੀ ਦੇ ਆਈਆਂ' ਵਾਂਗ ਸਿੱਖ ਲੀਡਰਾਂ ਦੀ ਗਲਤੀ ਦਾ ਖਮਿਆਜਾ ਵਿਚਾਰੇ ਸਧਾਰਣ ਲੋਕ ਭੁਗਤ ਰਹੇ ਸਨ। ਮਾਸਟਰ ਤਾਰਾ ਸਿੰਘ ਤੇ ਗਿਆਨੀ ਕਰਤਾਰ ਸਿੰਘ ਜੂੰਆਂ ਵਾਲੇ ਦਾ ਕੀ ਗਿਆ। ਢੱਗੀ ਨਾ ਵੱਛੀ ਤੇ ਨੀਂਦ ਆਵੇ ਅੱਛੀ। ਇਹ ਦੋਵੇਂ ਲੀਡਰ ਤੇ ਓਧਰ ਵੀ ਦਰੂਦ ਦੇ ਟੁਕੜਿਆਂ 'ਤੇ ਹੀ ਪਲਦੇ ਸਨ ਕਦੇ ਬਲਦੇਵ ਸਿੰਘ ਕੋਲੋਂ ਪੈਸੇ ਲੈ ਲਏ ਤੇ ਕਦੇ ਕਿਸੇ ਹੋਰ ਸਰਮਾਏਦਾਰ ਕੋਲੋਂ। ਬਲਦੇਵ ਸਿੰਘ ਤਾਂ ਬਝਵਾਂ ਪੰਜ ਮ ਰੁਪਈਆ ਗਿਆਨੀ ਕਰਤਾਰ ਸਿੰਘ ਨੂੰ ਦੇਂਦੇ ਸਨ। ਕਹਿੰਦੇ ਹਨ, ਦੁੱਧ ਉਹਦਾ ਜਿਹੜਾ ਉਬਲਣ ਤੋਂ ਪਹਿਲਾਂ ਸਾਂਭ ਲਵੇ। ਸਾਨੂੰ ਤਾਂ ਇਹ ਵੀ ਪਤਾ ਨਾ ਲਗ ਸਕਿਆ ਕਿ ਦੁੱਧ ਉਬਾਲਣ ਲਈ ਕਦੋਂ ਦਾ ਧਰਿਆ ਹੋਇਆ ਹੈ। ਸਾਂਭਣਾ ਸਵਾਹ ਸੀ। ਆਪਣੀ ਹੀ ਧੋਤੀ ਵਿਚ ਅੜ ਕੇ ਡਿੱਗਣ ਵਾਲੇ ਲੋਕ ਹੁਣ ਹੁਕਮਰਾਨ ਬਣ ਗਏ ਸਨ ਤੇ ਅਸੀਂ ਪਨਾਹਗੀਰ ਤੇ ਰਿਫਿਊਜੀ। ਪਾਕਿਸਤਾਨ ਬਣਨ ਤੋਂ ਪਹਿਲਾਂ ਤਾਂ ਸਿਖ ਰਾਜਨੀਤੀ ਦਾ ਇਹ ਹਾਲ ਸੀ, ਜਿਵੇਂ ਲੰਗੜਾ ਨੱਚੇ, ਗੂੰਗਾ ਗਾਏ ਤੇ ਲੂੰਝਾ ਢੋਲ ਵਜਾਏ।

ਮਾਮੂਲੀ ਸਕੂਲ ਮਾਸਟਰ ਤਾਂ ਸਿੱਖਾਂ ਦੇ ਲੀਡਰ ਸਨ। ਸਿੱਖਾਂ ਦੀ ਗੱਲ ਵੱਲ ਕੀਹਨੇ ਧਿਆਨ ਦੇਣਾ ਸੀ। ਫਿਰ ਉਨ੍ਹਾਂ ਲੀਡਰਾਂ ਸਾਹਮਣੇ, ਜਿਹੜੇ ਇੰਗਲੈਂਡ ਦੀ ਆਕਸਫੋਰਡ ਯੂਨੀਵਰਸਿਟੀ ਦੇ ਪੜ੍ਹੇ ਹੋਏ ਤੇ ਨਾਮੀ ਵਕੀਲ ਸਨ। ਇਨ੍ਹਾਂ ਟੁੱਚੀ ਜਹੇ ਲੀਡਰਾਂ ਦੀ ਤਾਂ ਉਨ੍ਹਾਂ ਸਾਹਮਣੇ ਬੋਲਣ ਲਗਿਆ ਵੀ ਘਿੱਗੀ ਬੱਝ ਜਾਂਦੀ ਸੀ। ਸਿੱਖਾਂ ਦਾ ਕੇਸ ਇਹਨਾਂ ਨੇ ਉਨ੍ਹਾਂ ਨੂੰ ਕੀ ਸਮਝਾਉਣਾ ਸੀ? ਕਰੇਂਗੇ ਕਿਸੀ ਕੀ ਵੋਹ ਕਯਾ ਰਹਿਨੁਮਾਈ ਲੂਟਾ ਕੇ ਜੋ ਕਾਫਲਾ ਖੁਦ ਕਾ ਆ ਗਏ ਹੈਂ। ਸਿਆਣੇ ਕਹਿੰਦੇ ਹਨ ਕਿ ਜਦੋਂ ਸਮੁੰਦਰ ਵਿਚ ਤੂਫਾਨ ਆਉਂਦਾ ਹੈ ਤਾਂ ਜਹਾਜ ਡੁੱਬਦੇ ਹਨ, ਸਮੁੰਦਰ ਦੀਆਂ ਮੱਛੀਆਂ ਨਹੀਂ। ਮਾਸਟਰ ਤਾਰਾ ਸਿੰਘ ਤੇ ਕਰਤਾਰ ਸਿੰਘ ਗਿਆਨੀ ਜੂੰਆਂ ਵਾਲੇ ਦਾ ਕੀ ਗਿਆ। ਉਹ ਤਾਂ ਫਿਰ ਏਧਰ ਆ ਕੇ ਮੰਤਰੀ ਤੇ ਅਕਾਲੀ ਦਲ ਦੇ ਪ੍ਰਧਾਨ ਬਣ ਗਏ। ਪਰ ਲੱਖਾਂ ਲੋਕਾਂ ਦਾ ਬੇੜਾ ਇਨ੍ਹਾਂ ਨੇ ਗਰਕ ਕਰ ਦਿੱਤਾ ਤੇ ਮੌਜਾਂ ਕਰਦੇ ਲੋਕ ਕੌਡੀ ਕੌਡੀ ਦੇ ਮੁਥਾਜ ਹੋ ਗਏ।

ਸਾਨੂੰ ਪਾਕਿਸਤਾਨ ਵਿਚੋਂ ਛੱਡ ਕੇ ਆਉਣ ਵਾਲੀ ਜ਼ਮੀਨ ਦੇ ਵੱਟੇ ਏਧਰ ਇਕ ਸੌ ਛੇ ਏਕੜ ਜ਼ਮੀਨ ਅਲਾਟ ਹੋਈ। ਇਹ ਜ਼ਮੀਨ ਵੀ ਕਰਬਲਾ ਦੇ ਮੈਦਾਨ ਵਰਗੀ ਸੀ। ਇਸ ਵਿਚ ਇਕ ਟਿੱਬਾ ਸੀ, ਜਿਸਦਾ ਨਾਂ "ਸ਼ਹੁ ਬੱਗਾ" ਸੀ। ਏਥੋਂ ਦੇ ਰਹਿਣ ਵਾਲੇ ਦੁਆਬੀਏ ਸੁਣਾਉਂਦੇ ਹੁੰਦੇ ਸਨ ਕਿ ਇਕ ਵਾਰ ਇਕ ਪਠਾਣ ਇਸ ਟਿੱਬੇ 'ਤੇ ਹਲ਼ ਵਾਹੁਣ ਗਿਆ ਤੇ

ਬਹੁਤ ਗਰਮੀ ਦੇ ਦਿਨਾਂ ਵਿਚ ਦੁਪਹਿਰ ਤੱਕ ਹਲ਼ ਵਾਹੁੰਦਾ ਰਿਹਾ। ਪਠਾਣੀ ਮਗਰ ਰੋਟੀ ਲੈ ਕੇ ਗਈ। ਪਠਾਣ ਨੇ ਹਲ਼ ਖੜ੍ਹਾ ਕੀਤਾ ਤੇ ਰੋਟੀ ਖਾਣ ਲੱਗ ਪਿਆ। ਹਲ਼ ਵਾਹਕਾਂ ਨੂੰ ਆਦਤ ਹੁੰਦੀ ਹੈ ਕਿ ਹਲ਼ ਦੀ ਜੰਘੀ, ਜਿਸ ਦੇ ਥੱਲੇ ਲੋਹੇ ਦਾ ਫਾਲਾ ਹੁੰਦਾ ਹੈ ਤੇ ਉਸ ਫਾਲੇ ਨਾਲ ਹੀ ਜ਼ਮੀਨ ਪੁੱਟ ਹੁੰਦੀ ਹੈ, ਦੇ ਲਾਗੇ ਹੀ ਬਹਿ ਕੇ ਰੋਟੀ ਖਾਂਦੇ ਹਨ ਤਾਂ ਕਿ ਬੌਲਦ ਆਪਣੇ ਆਪ ਨਾ ਤੁਰ ਪੈਣ ਤੇ ਉਹ ਲੋਹੇ ਦਾ ਤਿੱਖਾ ਫਾਲਾ ਬੌਲਦ ਦੇ ਪੈਰ ਵਿਚ ਵੱਜ ਕੇ ਬੌਲਦ ਫਾਲਿਆ (ਜ਼ਖ਼ਮੀ) ਨਾ ਜਾਵੇ। ਜੇ ਇਸ ਤਰ੍ਹਾਂ ਹੋ ਜਾਵੇ ਤਾਂ ਮਹੀਨਾ-ਮਹੀਨਾ ਬੌਲਦ ਵਗਣ ਦੇ ਕਾਬਲ ਨਹੀਂ ਰਹਿੰਦਾ ਤੇ ਲੰਗੜਾਉਂਦਾ ਰਹਿੰਦਾ ਹੈ। ਪਠਾਣੀ ਨੇ ਵੀ ਲਾਗੇ ਹੀ ਲੱਸੀ ਵਾਲਾ ਡੋਲੂ ਰਖ ਦਿੱਤਾ। ਪਠਾਣ ਰੋਟੀ ਖਾ ਰਿਹਾ ਸੀ, ਬੌਲਦ ਨੇ ਅਚਾਨਕ ਮੱਖੀ ਝੱਲਣ ਲਈ ਪੂਛ ਮਾਰੀ ਤੇ ਡੋਲੂ ਦਾ ਕੁੰਡਾ ਉਹਦੀ ਪੂਛ ਦੇ ਵਾਲਾ ਨਾਲ ਅੜ ਕੇ ਮੂਧਾ ਹੋ ਗਿਆ। ਪਠਾਣ ਦੇ ਸੰਘ ਵਿਚ ਬੁਰਕੀ ਫਸ ਗਈ। ਉਹ ਜੀ ਭਿਆਣਾ ਪਹਿਲਾਂ ਸਾਡੇ ਹੀ ਪਿੰਡ ਵੱਲ ਨੱਠਾ ਪਰ ਫਰਲਾਂਗ ਕੁ 'ਤੇ ਜਾ ਕੇ ਉਸ ਨੇ ਸੋਚਿਆ ਇਹ ਦੂਰ ਹੈ, ਪਹੁੰਚ ਨਹੀਂ ਸਕਾਂਗਾ, ਫਿਰ ਉਹ ਵਰਿਆਣੇ ਨਾਂ ਦੇ ਪਿੰਡ ਵੱਲ ਭੱਜਾ, ਉਹ ਵੀ ਉਹਨੂੰ ਦੂਰ ਲੱਗਾ। ਫਿਰ ਸੰਗਲ ਸੋਹਲ ਪਿੰਡ ਵੱਲ ਭੱਜਾ। ਉਸ ਨੂੰ ਵੀ ਦੂਰ ਸਮਝ ਕੇ ਅਖ਼ੀਰ ਜਦੋਂ ਉਹ ਨਾਹਲਾਂ ਪਿੰਡ ਵਾਲੇ ਪਾਸੇ ਨੂੰ ਦੌੜਿਆ ਤਾਂ ਉਹ ਵੀ ਓਨੀ ਹੀ ਦੂਰ ਸੀ। ਓਨੇ ਚਿਰ ਤੱਕ ਉਹ ਜ਼ਿਆਦਾ ਹੀ ਬੇਹਾਲ ਹੋ ਚੁੱਕਾ ਸੀ ਤੇ ਅਖੀਰ ਉਹ ਡਿੱਗ ਪਿਆ ਤੇ ਸ਼ਹੁ ਬੱਗੇ ਟਿੱਬੇ ਉੱਤੇ ਹੀ ਦਮ ਤੋੜ ਗਿਆ। ਇਹ ਸ਼ਹੁ ਬੱਗਾ ਟਿੱਬਾ ਸਾਡੀ ਜ਼ਮੀਨ ਦੇ ਐਨ ਵਿਚਕਾਰ ਸਥਿਤ ਸੀ।

ਜਦੋਂ ਸਾਨੂੰ ਜ਼ਮੀਨ ਦੀ ਅਲਾਟਮੈਂਟ ਹੋ ਗਈ ਤੇ ਦਖਲ ਦੇਣ ਪਟਵਾਰੀ ਤੇ ਕਾਨੂੰਗੋ ਆਏ ਤਾਂ ਉਹ ਮੇਰੇ ਪਿਤਾ ਜੀ ਨੂੰ ਉਸ ਜ਼ਮੀਨ ਵਿਚ ਲੈ ਗਏ, ਤੇ ਕਿਹਾ-"ਇਹ ਇਕ ਸੌ ਛੇ ਏਕੜ ਜ਼ਮੀਨ ਤੁਹਾਡੀ ਹੀ ਹੈ।" ਇਹ ਸੁਣਦਿਆਂ ਹੀ ਜਦੋਂ ਮੇਰੇ ਪਿਤਾ ਜੀ ਨੇ ਜ਼ਮੀਨ ਵੱਲ ਨਿਗ੍ਹਾ ਮਾਰੀ ਤਾਂ ਉਹਨਾਂ ਨੂੰ ਗਸ਼ ਪੈ ਗਈ। ਕਿਉਂਕਿ ਇਹਦੇ ਮੁਕਾਬਲੇ ਵਿਚ ਅਸੀਂ ਜਿਹੜੀ ਜ਼ਮੀਨ ਲਾਇਲਪੁਰ ਛੱਡ ਕੇ ਆਏ ਸਾਂ ਉਹ ਲਾਇਲਪੁਰ ਸ਼ਹਿਰ ਦੀਆਂ ਕੰਧਾਂ ਦੇ ਨਾਲ ਸੀ ਤੇ ਪੰਜ ਮੁਰੱਬੇ ਸਾਡੀ ਜ਼ਮੀਨ ਇਕੱਠੀ ਇਕ ਟੱਕ ਸੀ ਤੇ ਪੰਜਾਂ ਮੁਰੱਬਿਆਂ ਨੂੰ ਵੱਖਰਾ ਨਹਿਰ ਦਾ ਮੋਘਾ ਲੱਗਾ ਹੋਇਆ ਸੀ। (ਓਥੇ ਹਰ ਪੰਜ ਮੁਰੱਬੇ ਵਿਚ ਇਕ ਵੱਖਰਾ ਮੋਘਾ ਸੀ।) ਲਾਇਲਪੁਰ ਦੇ ਦੋ ਬਜ਼ਾਰਾਂ ਦਾ ਕੂੜਾ ਸਾਡੇ ਗੱਡੇ ਲਿਆ ਲਿਆ ਕੇ ਖੇਤਾਂ ਵਿਚ ਪਾਉਂਦੇ ਰਹਿੰਦੇ ਸਨ। ਇਹ ਸ਼ਹਿਰ ਸ਼ਤਰੀ ਦੀ ਤਰਜ 'ਤੇ ਹੈ ਤੇ ਛਤਰੀ ਦੀਆਂ ਤਾਰਾਂ ਵਾਂਗ ਹੀ ਇਸਦੇ ਅੱਠ ਬਜ਼ਾਰ ਹਨ ਤੇ ਵਿਚਕਾਰ ਘੰਟਾ ਘਰ ਹੈ। ਦੋ ਬਜ਼ਾਰਾਂ ਦਾ ਕੂੜਾ ਸਭ ਤੋਂ ਵਧੀਆ ਗਿਣਿਆ ਜਾਂਦਾ ਸੀ, ਕੰਜਰਾ ਵਾਲਾ ਬਜ਼ਾਰ ਤੇ ਰੇਲ ਬਜ਼ਾਰ। ਓਦੋਂ ਫਲੱਸ਼ ਸਿਸਟਮ ਨਹੀਂ ਸੀ ਹੁੰਦਾ। ਇਸ ਲਈ ਗੰਦ (ਮੈਲਾ) ਨੂੰ ਚੁੱਕਣ ਵਾਲੇ, ਜਿਨ੍ਹਾਂ ਨੂੰ ਮੈਲਾ ਚੁੱਕਣ ਵਾਲੇ ਕਹਿੰਦੇ ਸਨ, ਘਰਾਂ ਵਿਚੋਂ ਲਿਆ ਲਿਆ ਕੇ ਸਾਡੇ ਪਹਿਲਾਂ ਤੋਂ ਖਲੋਤੇ ਚਾਰ ਗੱਡਿਆਂ ਵਿਚ ਭਰ ਦੇਂਦੇ ਸਨ ਤੇ ਸਾਡੇ ਬੰਦੇ ਜਿਹੜੇ ਕਿ ਮੈਲਾ ਚੁੱਕਣ ਤੇ ਲਿਆਉਣ ਦਾ ਹੀ ਕੰਮ ਕਰਦੇ ਸਨ, ਉਹ ਚਾਰ ਗੱਡੇ ਬੌਲਦ ਜੋਅ ਕੇ ਲੈ ਆਉਂਦੇ ਸਨ ਤੇ ਚਾਰ ਖਾਲੀ ਗੱਡੇ ਓਥੇ ਖੜੇ ਕਰ ਆਉਂਦੇ ਸਨ। ਇਸ ਤਰ੍ਹਾਂ ਮੀਂਹ ਜਾਵੇ, ਹਨੇਰੀ ਜਾਵੇ ਇਹ ਕੰਮ ਨਿਰੰਤਰ ਚਲਦਾ ਰਹਿੰਦਾ ਸੀ। ਮਨੁੱਖਾਂ ਦਾ ਇਹ ਨਿਰੋਲ ਗੰਦ ਫਸਲਾਂ ਲਈ ਨਿਰਾ ਸੋਨਾ ਸੀ। ਗੋਭੀ ਤੇ ਆਲੂ ਸਾਡੇ ਖ਼ੇਤਾਂ ਵਿਚ ਉਲਰਦੇ ਆਉਂਦੇ ਸਨ। ਲਾਇਲਪੁਰ ਸ਼ਹਿਰ ਦੀ ਮਿਉਨੀਸਪਲ ਕਮੇਟੀ ਬਾਕਾਇਦਾ ਇਨ੍ਹਾਂ ਬਜ਼ਾਰਾਂ ਦੇ ਕੂੜੇ ਦੀ ਨਿਲਾਮੀ ਕਰਦੀ ਸੀ ਤੇ ਜ਼ਿੰਮੀਦਾਰਾਂ ਵੱਲੋਂ ਵਧ ਚੜ੍ਹ ਕੇ ਬੋਲੀ

ਦਿੱਤੀ ਜਾਂਦੀ ਸੀ। ਹਰ ਕੋਈ ਇਨ੍ਹਾਂ ਬਜ਼ਾਰਾਂ ਦਾ ਕੂੜਾ ਲੈਣਾ ਚਾਹੁੰਦਾ ਸੀ। ਇਸ ਲਈ ਬੋਲੀ ਦੇਂਦਿਆ ਦੇਂਦਿਆਂ ਤਲਖੀ ਵੀ ਹੋ ਜਾਂਦੀ ਤੇ ਗੋਲੀ ਚੱਲਣ ਤਕ ਦੀ ਨੌਬਤ ਆਉਂਦੀ ਸੀ। ਕਈ ਵਾਰੀ ਮੁਕਾਬਲਾ ਕਰਦਿਆਂ-ਕਰਦਿਆਂ ਕੂੜੇ ਦੀ ਨਿਲਾਮੀ ਦਾ ਮੁੱਲ ਦੁਗਣੇ ਤੋਂ ਵੀ ਵਧ ਜਾਂਦਾ ਸੀ।

ਦੋ ਮੁਰੱਬੇ ਜ਼ਮੀਨ ਸਾਡੀ ਨਵੇਂ ਪਿੰਡ ਸੀ। ਉਹ ਵੀ ਨਹਿਰ ਦੇ ਮੋਘੇ ਦੇ ਨਾਲ ਲੱਗਦੀ ਸੀ। ਗੱਲ ਕੀ ਸੱਤ ਮੁਰੱਬੇ ਜ਼ਮੀਨ ਐਸੀ ਸੀ ਕਿ ਪੰਜਾਬੀ ਦੀ ਕਹਾਵਤ ਵਾਂਗ "ਬੰਦਾ ਵੱਢ ਕੇ ਬੀਜਿਆਂ ਵੀ ਦੂਜੇ ਦਿਨ ਉਗ ਪੈਂਦਾ ਸੀ" ਤੇ ਏਥੇ ਕਰਬਲਾ ਦਾ ਟਿੱਬਾ ਸ਼ਹੁ ਬੱਗਾ ਮਿਲਿਆ। ਏਧਰ ਥੋੜੀ ਜਿਹੀ ਜ਼ਮੀਨ ਪਿੰਡ ਦੇ ਲਾਗੇ ਵੀ ਮਿਲੀ ਪਰ ਉਹ ਖੂਹਾਂ ਦੀ ਸਿੰਜਾਈ ਵਾਲੀ ਸੀ। ਦੁਆਬੇ ਵਿਚ ਖੂਹ ਤੇ ਜੋਣ ਵਾਲੀ ਇਕ ਜੋੜੀ ਬੌਲਦ ਮਸਾਂ ਦੋ ਸਾਲ ਕੱਢਦੀ ਸੀ ਤੇ ਉਪਰੋਂ ਥੱਲੇ ਖੂਹ ਵਿਚ ਵੇਖਿਆਂ ਪਾਣੀ ਏਸ ਤਰ੍ਹਾਂ ਲੱਗਦਾ ਸੀ ਜਿਵੇਂ ਦੂਰ ਅਸਮਾਨ ਵਿਚ ਕੋਈ ਤਾਰਾ ਲਿਸ਼ਕਦਾ ਹੋਵੇ। ਖੂਹ ਦੇ ਲਾਗੇ ਢਾਈ ਕੁ ਏਕੜ ਫਸਲ ਪਲਦੀ ਸੀ। ਮੇਰੇ ਪਿਤਾ ਜੀ ਨੂੰ ਬਹੁਤ ਗਹਿਰਾ ਸਦਮਾ ਲੱਗਾ ਪਰ ਕਰ ਕੀ ਸਕਦੇ ਸਨ। ਉਨ੍ਹਾਂ ਨੇ ਮਹਿਕਮਾ ਮੁੜ ਵਸਾਊ (Rehablitation) ਨੂੰ ਦਰਖਾਸਤ ਦੇ ਕੇ ਉਹ ਜ਼ਮੀਨ ਕੈਂਸਲ ਕਰਕੇ ਹੋਰ ਕਿਤੇ ਸ਼ਹਿਰ ਦੇ ਲਾਗੇ ਉਪਜਾਊ ਜ਼ਮੀਨ ਦੇਣ ਦੀ ਬੇਨਤੀ ਕੀਤੀ।

ਤਿੰਨ ਚਾਰ ਪਿੰਡ ਸ਼ੇਖਾ, ਕੋਟਲਾ, ਸੁੱਚੀ ਪਿੰਡ ਵਗੈਰਾ ਦੇ ਲੋਕਾਂ ਦੀ ਜ਼ਮੀਨ ਪਾਕਿਸਤਾਨ ਵਿਚ ਸ਼ਹਿਰ ਤੋਂ ਸੋਲਵੇਂ ਮੀਲ 'ਤੇ ਸੀ ਪਰ ਏਥੇ ਉਨ੍ਹਾਂ ਨੂੰ ਸ਼ਹਿਰ ਦੇ ਮੁੱਢ ਜ਼ਮੀਨ ਪੈ ਗਈ ਤਾਂ ਸਰਕਾਰ ਨੇ ਉਨ੍ਹਾਂ ਨੂੰ ਪੰਜਾਹ ਫੀ ਸਦੀ ਕੱਟ ਲਾਈ ਤੇ ਉਸ ਕੱਟ ਲੱਗਣ ਨਾਲ ਜਿਹੜੀ ਜ਼ਮੀਨ ਖਾਲੀ ਹੋਈ, ਉਹ ਸਾਨੂੰ ਅਲਾਟ ਕਰ ਦਿੱਤੀ। ਇਹ ਕੁਝ ਸਾਡੇ ਕਹਿਣ ਕਰਕੇ ਨਹੀਂ ਸੀ ਹੋਇਆ, ਸਰਕਾਰ ਉਨ੍ਹਾਂ ਨੂੰ ਪਹਿਲਾਂ ਹੀ ਕੱਟ ਲਾ ਚੁੱਕੀ ਸੀ। ਇਹ ਜ਼ਮੀਨ ਬਹੁਤ ਉਪਜਾਊ ਤੇ ਪੱਧਰੀ ਸੀ ਪਰ ਸੀ ਖੂਹਾਂ ਨਾਲ ਹੀ ਸਿੰਜਣ ਵਾਲੀ । ਕਿਉਂਕਿ ਨਹਿਰ ਤਾਂ ਜਲੰਧਰ ਜਿਲ੍ਹੇ ਵਿਚ ਓਦੋਂ ਕੋਈ ਹੈ ਹੀ ਨਹੀਂ ਸੀ। ਉਨ੍ਹਾਂ ਪਿੰਡਾਂ ਦੇ ਲੋਕਾਂ ਨੇ ਸਰਕਾਰ ਦੇ ਫੈਸਲੇ ਵਿਰੁੱਧ ਹਾਈਕੋਰਟ ਵਿਚ ਰਿੱਟ ਦਾਇਰ ਕੀਤੀ। ਹਾਈਕੋਰਟ ਨੇ ਕੱਟ ਲਾਉਣ ਵਾਲਾ ਫੈਸਲਾ ਬਹਾਲ ਰੱਖਿਆ ਪਰ ਸੁਪਰੀਮ ਕੋਰਟ ਨੇ ਉਨ੍ਹਾਂ ਦੀ ਅਪੀਲ ਮਨਜ਼ੂਰ ਕਰ ਲਈ। ਉਨ੍ਹਾਂ ਲੋਕਾਂ ਦੇ ਵਕੀਲ ਸ. ਰਣਜੀਤ ਸਿੰਘ ਨਰੂਲਾ ਸਨ, ਜਿਹੜੇ ਬਾਅਦ ਵਿਚ ਪੰਜਾਬ ਹਰਿਆਣਾ ਹਾਈਕੋਰਟ ਦੇ ਮੁੱਖ ਜੱਜ ਬਣੇ। ਸੁਪਰੀਮ ਕੋਰਟ ਨੇ ਉਸ ਕੇਸ ਵਿਚ ਬੜਾ ਅਜੀਬ ਤੇ ਇਤਿਹਾਸਕ ਫੈਸਲਾ ਕੀਤਾ। ਜੱਜਾਂ ਨੇ ਸਰਕਾਰ ਨੂੰ ਪੁੱਛਿਆ ਕਿ ਜਦੋਂ ਤੁਸਾਂ ਇਨ੍ਹਾਂ ਲੋਕਾਂ ਨੂੰ ਇਨ੍ਹਾਂ ਪਿੰਡਾਂ ਵਿਚ ਜ਼ਮੀਨ ਅਲਾਟ ਕੀਤੀ ਸੀ ਤਾਂ ਇਨ੍ਹਾਂ ਨੂੰ ਦੱਸਿਆ ਸੀ ਕਿ ਇਹ ਸਬ-ਅਰਬਨ ਲੈਂਡ ਹੈ ਤੇ ਬਾਅਦ ਵਿਚ ਤੁਹਾਨੂੰ ਕੱਟ ਵੀ ਲਾਈ ਜਾ ਸਕਦੀ ਹੈ ? ਸਰਕਾਰ ਨੇ ਕਿਹਾ, "ਨਹੀਂ"। ਸੁਪਰੀਮ ਕੋਰਟ ਨੇ ਕਿਹਾ ਜੇ ਤੁਸੀਂ ਇਨ੍ਹਾਂ ਨੂੰ ਇਹ ਗੱਲ ਪਹਿਲਾਂ ਦਸ ਦੇਂਦੇ ਤਾਂ ਫਿਰ ਉਨ੍ਹਾਂ ਦੀ ਮਰਜ਼ੀ ਹੁੰਦੀ, ਭਾਂਵੇ ਇਹ ਜ਼ਮੀਨ ਲੈਂਦੇ ਨਹੀਂ ਤਾਂ ਸ਼ਹਿਰ ਤੋਂ ਦੂਰ ਕਿਤੇ ਲੈ ਲੈਂਦੇ। ਤੁਸੀਂ ਪੇਂਡੂ ਜ਼ਮੀਨ ਨੂੰ ਆਪਣੀ ਮਰਜ਼ੀ ਨਾਲ ਹੀ ਸਬ-ਅਰਬਨ ਲੈਂਡ ਕਿਹੜੇ ਕਾਨੂੰਨ ਨਾਲ ਬਣਾ ਧਰਿਆ ਹੈ? ਇਹ ਮਹਿਕਮਾ ਮੁੜ ਵਸਾਊ ਹੈ ਕਿ ਮੁੜ-ਮੁੜ ਉਜਾੜ ਕੇ ਵਸਾਊ ਹੈ? ਸੁਪਰੀਮ ਕੋਰਟ ਨੇ ਕਿਹਾ-"ਛਤਰੀ ਤੇ ਬੈਠੇ ਕਬੂਤਰਾਂ ਨੂੰ ਅਸਮਾਨ ਵਿਚ ਉਡਾ ਕੇ, ਮੁੱਢੋਂ-ਸੁਢੋਂ ਛਤਰੀ ਖਾਲੀ ਕਰਵਾ ਕੇ, ਪਹਿਲਾਂ ਤੋਂ ਅਸਮਾਨ ਵਿਚ ਉਡ ਰਹੇ ਕਬੂਤਰਾਂ ਨੂੰ ਉਸ ਛਤਰੀ 'ਤੇ ਬਿਠਾਉਣਾ ਕਿਧਰ ਦਾ ਮੁੜ ਵਸਾਊ ਕੰਮ ਹੈ

?"

ਜਦੋਂ ਸਰਕਾਰ ਹਾਰ ਗਈ ਤਾਂ ਨਾਲ ਹੀ ਸਾਡਾ ਵੀ ਕੀਰਤਨ ਸੋਹਿਲਾ ਪੜ੍ਹਿਆ ਗਿਆ। ਕਹਿੰਦੇ ਹਨ ਜਦੋਂ ਸੰਡਾ ਮਰ ਜਾਏ ਤਾਂ ਚੰਮ-ਜੂੰਆਂ ਵੀ ਨਾਲ ਹੀ ਮਰ ਜਾਂਦੀਆਂ ਹਨ। ਇਸ ਤਰ੍ਹਾਂ ਸਰਕਾਰ ਦੀ ਇਸ ਕਾਨੂੰਨੀ ਤੇ ਤਕਨੀਕੀ ਗਲਤੀ ਦਾ ਖਮਿਆਜਾ ਸਾਨੂੰ ਵੀ ਭੁਗਤਣਾ ਪਿਆ ਤੇ ਅਸੀਂ ਦੁਬਾਰਾ ਉੱਜੜ ਗਏ। ਸਾਡਾ ਮੁਕਦਮੇ 'ਤੇ ਪੈਸਾ ਵੀ ਬੜਾ ਲੱਗਾ। ਹੋਰ ਕਿਤੇ ਜ਼ਮੀਨ ਵੀ ਹੁਣ ਨਹੀਂ ਸੀ ਬਚੀ, ਜਿਹੜੀ ਸਾਨੂੰ ਮਿਲਦੀ। ਸਾਡਾ ਹਾਲ ਹੁਣ ਇਹ ਸੀ ਜਿਵੇਂ ਇਕ ਬੰਦੇ ਦੀ ਕਾਰ ਵਿਚ ਓਨਾਂ ਹੀ ਪੈਟਰੋਲ ਸੀ, ਜਿੰਨੇ ਨਾਲ ਉਹ ਪੈਟਰੋਲ ਪੰਪ ਤੱਕ ਪਹੁੰਚ ਸਕੇ ਤੇ ਉਸ ਕੋਲ ਰੁਪਏ ਵੀ ਸਿਰਫ ਵੀਹ ਹੀ ਸਨ। ਉਹ ਪੈਟਰੋਲ ਪੰਪ 'ਤੇ ਗਿਆ ਤੇ ਤੇਲ ਪਵਾ ਕੇ ਘਰ ਆ ਗਿਆ। ਹੁਣ ਨਾਂ ਉਸ ਕੋਲ ਪੈਟਰੋਲ ਸੀ ਤੇ ਨਾਂ ਪੈਸੇ। ਜਦੋਂ ਕਿ ਪਹਿਲਾਂ ਸਗੋਂ ਉਸ ਕੋਲ ਪੈਟਰੋਲ ਵੀ ਸੀ ਤੇ ਵੀਹ ਰੁਪਏ ਵੀ ਸਨ। ਪਹਿਲਾਂ ਤਾਂ ਸਾਡੇ ਕੋਲ ਮਾੜੀ ਹੀ ਸਹੀ ਇਕ ਸੌ ਛੇ ਏਕੜ ਜਮੀਨ ਸੀ ਤੇ ਗੁਜਾਰੇ ਜੋਗੇ ਕੁੱਝ ਪੈਸੇ ਵੀ ਸਨ ਪਰ ਹੁਣ ਨਾਂ ਪੈਸੇ ਸਨ ਨਾਂ ਜਮੀਨ। ਕਿਉਂਕਿ ਦਸ-ਬਾਰਾਂ ਸਾਲ ਦੇ ਸਮੇਂ ਵਿਚ ਸਾਰੀਆਂ ਜ਼ਮੀਨਾਂ ਅਲਾਟ ਹੋ ਚੁੱਕੀਆਂ ਸਨ ਪਰ ਫਿਰ ਵੀ ਮੇਰੇ ਪਿਤਾ ਜੀ ਨੇ ਦਿਲ ਨਾ ਛੱਡਿਆ ਤੇ ਥੋੜ੍ਹੀ-ਥੋੜ੍ਹੀ ਜ਼ਮੀਨ ਪਿੰਡ ਵਰਿਆਣਾ (ਉਹੋ ਜ਼ਮੀਨ ਜਿਹੜੀ ਅਸਾਂ ਛੱਡੀ ਸੀ, ਸ਼ਹੁ ਬੱਗੇ ਟਿੱਬੇ ਦੇ ਲਾਗੇ) ਥੋੜੀ ਜਿਹੀ ਜਮੀਨ ਸੁੱਚੀ ਪਿੰਡ ਤੇ ਬਾਕੀ ਦੀ ਪਿੰਡ ਲਿੱਦੜ ਵਿਚ ਜਿਵੇਂ ਕਿਵੇਂ ਵੀ ਸੀ, ਮੁੜ ਅਲਾਟ ਕਰਵਾਈ।

ਮੇਰੇ ਪਿਤਾ ਜੀ ਮੈਨੂੰ ਲਾਅ ਕਰਵਾ ਕੇ ਵਕੀਲ ਬਣਾਉਣਾ ਚਾਹੁੰਦੇ ਸਨ। ਸਾਡੀ ਜ਼ਮੀਨ ਤਾਂ ਭਾਵੇਂ ਅਜੇ ਵੀ ਲੋਕਾਂ ਦੇ ਹਿਸਾਬ ਨਾਲ ਕਾਫੀ ਸੀ ਪਰ ਜ਼ਮੀਨ ਤੋਂ ਖਾਸ ਆਮਦਨ ਨਹੀਂ ਸੀ। ਫਿਰ ਵੱਡੇ ਜਿਮੀਦਾਰਾਂ ਕੋਲੋਂ ਜਮੀਨ ਖੋਹਣ ਦਾ ਇਕ ਨਵਾਂ ਕਾਨੂੰਨ ਜਿਸ ਦਾ ਨਾਂਅ "ਸਕਿਉਰਟੀ ਆਫ ਲੈਂਡ ਟਿਨਿਉਰ ਐਕਟ-1953" ਸੀ ਬਣਿਆ, ਜਿਸ ਵਿਚ ਪਾਕਿਸਤਾਨ ਤੋਂ ਆਇਆਂ ਲਈ ਵਧ ਤੋਂ ਵਧ ਜ਼ਮੀਨ ਦੀ ਹੱਦ ਪੰਜਾਹ ਏਕੜ ਤੇ ਲੋਕਲਾਂ ਵਾਸਤੇ (ਜਿਹੜੇ ਉੱਜੜ ਕੇ ਨਹੀਂ ਸਨ ਆਏ) ਤੀਹ ਏਕੜ ਰਖੀ ਗਈ ਸੀ। ਬਾਕੀ ਜਮੀਨ ਖੋਹ ਕੇ ਮੁਜਾਰਿਆਂ ਨੂੰ ਦਿੱਤੀ ਜਾਣੀ ਸੀ। ਜਦੋਂ ਇਹ ਕਾਨੂੰਨ ਬਣਿਆ ਤਾਂ ਸਾਡੀ ਅਠਾਈ ਏਕੜ ਜ਼ਮੀਨ ਵਾਧੂ ਪੂਲ ਵਿਚ ਚਲੀ ਗਈ ਤੇ ਸਰਕਾਰ ਨੇ ਉਹ ਮੁਜਾਰਿਆਂ ਨੂੰ ਅਲਾਟ ਕਰ ਦਿੱਤੀ। ਉਸ ਜ਼ਮੀਨ ਦੇ ਮੁਆਵਜ਼ੇ ਦੇ ਤੌਰ 'ਤੇ ਸਾਨੂੰ ਪੰਜ ਸੌ ਸੱਠ ਰੁਪਏ ਫੀ ਏਕੜ ਦੇ ਹਿਸਾਬ ਨਾਲ ਦਸਾਂ ਸਾਲਾਂ ਵਿਚ ਪੈਸੇ ਮਿਲਣੇ ਸਨ, ਜੋ ਬਹੁਤ ਬਾਅਦ ਵਿਚ ਜਾ ਕੇ ਮਿਲੇ। ਏਥੇ ਵੀ ਸਾਨੂੰ ਬੜੀ ਤਕੜੀ ਮੁਕਦਮੇਬਾਜੀ ਕਰਨੀ ਪਈ। ਆਰਥਕ ਤੌਰ 'ਤੇ ਸਾਡਾ ਲੱਕ ਟੁੱਟ ਚੁੱਕਾ ਸੀ ਅਤੇ ਅਸੀਂ ਆਰਥਕ ਪੱਖੋਂ ਬੜੇ ਕੰਮਜ਼ੋਰ ਸਾਂ ਪਰ ਲੋਕ ਸਾਨੂੰ ਅਜੇ ਵੀ ਲੈਂਡ-ਲਾਰਡ ਹੀ ਸਮਝਦੇ ਸਨ। ਸਾਡੀ ਗੱਲ "ਮਰ-ਮਰ ਬੁਢੜੀ ਗੀਤੜੇ ਗਾਵੇ ਤੇ ਲੋਕਾਂ ਭਾਣੇ ਵਿਆਹ" ਵਾਲੀ ਸੀ।

1965 ਵਿਚ ਭਾਰਤ ਪਾਕਿ ਜੰਗ ਹੋਈ ਤਾਂ ਮੈਂ ਓਦੋਂ ਡੀ.ਏ.ਵੀ. ਕਾਲਜ, ਜਲੰਧਰ ਵਿਚ ਪੜ੍ਹਦਾ ਸੀ। ਉਦੋਂ ਮੈਂ ਐਨ.ਸੀ.ਸੀ. ਦਾ ਸੀ ਸਰਟੀਫਿਕੇਟ ਹਾਸਲ ਕਰ ਚੁੱਕਾ ਸੀ ਤੇ ਭਾਰਤ ਪੱਧਰ ਦਾ ਐਨ.ਸੀ.ਸੀ. ਦਾ ਇਕ ਕੈਂਪ, ਜਿਸਦਾ ਨਾਂ ਆਲ ਇੰਡੀਆ ਐਡਵਾਂਸਡ ਲੀਡਰਸ਼ਿਪ ਕੋਰਸ ਕੈਂਪ (All India Advanced Leadership Course Camp) ਸੀ ਤੇ ਇਹ ਕੈਂਪ ਮਦਰਾਸ ਲੱਗਾ ਸੀ, ਵਿਚ ਵੀ ਭਾਗ ਲੈ ਚੁੱਕਾ ਸਾਂ। ਇਸ ਤੋਂ ਪਹਿਲਾਂ 1964

ਵਿਚ, ਦਿੱਲੀ ਵਿਚ ਹੋਣ ਵਾਲੀ, 26 ਜਨਵਰੀ ਦੀ ਪ੍ਰੇਡ ਜਿਸ ਦਾ ਅਭਿਆਸ ਪੂਰਾ ਇਕ ਮਹੀਨਾ ਪਹਿਲਾਂ ਸ਼ੁਰੂ ਹੋ ਜਾਂਦਾ ਹੈ ਵਿਚ ਵੀ ਮੈਂ ਭਾਗ ਲਿਆ ਸੀ। ਇਨ੍ਹਾਂ ਸਾਰੀਆਂ ਗੱਲਾਂ ਕਰਕੇ ਮੈਨੂੰ 1965 ਵਿਚ ਫੌਜ ਵਿਚ ਕਮਿਸ਼ਨ ਮਿਲ ਗਿਆ ਪਰ ਇਹ ਖਬਰ ਸੁਣ ਕੇ ਖੁਸ਼ ਹੋਣ ਦੀ ਥਾਂ ਮੇਰੇ ਪਿਤਾ ਜੀ ਦੀਆਂ ਭੁੱਬਾਂ ਨਿਕਲ ਗਈਆਂ ਤੇ ਉਨ੍ਹਾਂ ਦੇ ਮੂੰਹੋਂ ਨਿਕਲਿਆ ,"ਬਸ ਹੁਣ ਰਹਿੰਦੀ ਖੂਹਦੀ ਜ਼ਮੀਨ ਵੀ ਗਈ ਸਮਝੋ। ਤੂੰ ਭਾਵੇਂ ਅਫਸਰ ਬਣ ਕੇ ਮੋਢੇ 'ਤੇ ਪਿੱਤਲ ਤੇ ਲਾਈ ਫਿਰੇਂਗਾ ਪਰ ਏਧਰ ਬਾਕੀ ਬਚੀ ਜ਼ਮੀਨ ਵੀ ਮੁਜ਼ਾਰੇ ਸਾਂਭ ਜਾਣਗੇ।" ਮੈਨੂੰ ਉਨ੍ਹਾਂ ਦੀ ਇਸ ਸੱਚੀ ਭਵਿੱਖਬਾਣੀ ਅੱਗੇ ਝੁਕਣਾ ਪਿਆ ਤੇ ਕਾਲਜ ਛੱਡਣ ਤੋਂ ਬਾਅਦ ਮੈਂ ਪੂਰੀ ਤਰ੍ਹਾਂ ਖੇਤੀਬਾੜੀ ਵਿਚ ਜੁੱਟ ਗਿਆ।

ਪੰਜਾਬੀ ਦੀ ਇਕ ਕਹਾਵਤ ਹੈ "ਲਾਹੌਰ ਢਹਿੰਦਾ ਢਹਿੰਦਾ ਵੀ ਢਹੂ ਤੇ ਕਿਸੇ ਪਿੰਡ ਜਿੱਡਾ ਤੇ ਰਹੂ," ਦੂਸਰੇ ਪਾਸੇ ਅਜੇ ਵੀ ਸਮਾਜ ਸਾਨੂੰ ਅਮੀਰਾਂ ਵਿਚੋਂ ਗਿਣਦਾ ਸੀ ਭਾਵੇਂ ਸਾਡਾ ਗੁਜ਼ਾਰਾ ਵੀ ਔਖਾ ਜਿਹਾ ਹੀ ਸੀ।

ਮੇਰੇ ਪੜਦਾਦਾ ਜੀ ਸ. ਵਜੀਰ ਸਿੰਘ, ਜਿਹੜੇ ਪਿੰਡ ਮਾਨਾ ਵਾਲਾ ਜਿਲ੍ਹਾ ਅਮ੍ਰਿਤਸਰ ਤੋਂ ਆਪਣੀ ਅਠਾਰਾਂ ਏਕੜ ਜ਼ਮੀਨ ਦੇ ਹੁੰਦਿਆਂ ਵੀ ਜਦੋਂ ਬਾਰਾਂ ਅਬਾਦ ਹੋਈਆਂ ਤਾਂ ਪਾਕਿਸਤਾਨ ਗਏ ਸਨ ਤੇ ਮੇਰੇ ਬਾਬਾ ਜੀ ਸ. ਅਰੂੜ ਸਿੰਘ, ਜਿਨ੍ਹਾਂ ਨੇ ਮੇਰੇ ਪੜਦਾਦੇ ਨੂੰ ਦੋ ਮੁਰੱਬੇ ਮਿਲੀ ਜ਼ਮੀਨ ਤੋਂ ਵਧਾ ਕੇ ਅਗੋਂ ਤਿੰਨ ਮੁਰੱਬੇ ਹੋਰ ਮੁੱਲ ਲੈ ਕੇ ਪੰਜ ਮੁਰੱਬੇ ਇਕੋ ਥਾਂ ਕਰ ਲਈ ਸੀ, ਉਨ੍ਹਾਂ ਦੇ ਨਾਂ ਦਾ ਉੱਕਰਿਆ ਹੋਇਆ ਪੱਥਰ ਅਜੇ ਵੀ ਇਕ ਖੂਹ ਵਿਚ ਲੱਗਾ ਹੋਇਆ ਹੈ, ਜਿਸ ਨੂੰ ਉਹਨਾਂ ਨੇ ਰਾਹੀਆਂ ਦੇ ਪਾਣੀ ਪੀਣ ਲਈ ਲਵਾਇਆ ਸੀ।

ਅੱਗੋਂ ਮੇਰੇ ਪਿਤਾ ਜੀ ਨੇ ਦੋ ਮੁਰੱਬੇ ਜ਼ਮੀਨ ਹੋਰ ਲਈ। ਸਾਡੀਆਂ ਤਿੰਨ ਪੀੜੀਆਂ ਨੇ ਜ਼ਮੀਨ ਵਿਚ ਵਾਧਾ ਕੀਤਾ ਸੀ। ਚੌਥੀ ਪੀੜੀ ਮੇਰੀ ਆਈ ਤਾਂ ਜ਼ਮੀਨ ਦਿਨੋਂ ਦਿਨ ਘਟਣ ਲੱਗੀ। ਹਾਲਾਂਕਿ ਮੇਰਾ ਇਸ ਵਿਚ ਕੋਈ ਕਸੂਰ ਨਹੀਂ ਸੀ। ਮੇਰੇ ਪਿਤਾ ਜੀ ਨੇ ਵੀ ਬਹੁਤ ਹੀ ਚੰਗੇ ਦਿਨ ਵੇਖੇ ਸਨ। ਅਸੀਂ ਅੱਠਾਂ ਦਸਾਂ ਪੀੜੀਆਂ ਤੋਂ ਇਕੱਲੇ-ਇਕੱਲੇ ਹੀ ਤੁਰੇ ਆਉਂਦੇ ਹਾਂ ਤੇ ਮੇਰੇ ਤਕ ਪਿਛਲੀਆਂ ਦਸ ਪੀੜੀਆਂ ਤੋਂ ਸਿੱਖ ਹਾਂ, ਜੇ ਦਸ ਪੀੜੀਆਂ ਦਾ ਹਿਸਾਬ ਲਾਇਆ ਜਾਵੇ ਤਾਂ ਇਹ ਸਮਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਨੇੜੇ ਤੇੜੇ ਹੀ ਚਲਾ ਜਾਂਦਾ ਹੈ। ਹੋ ਸਕਦਾ ਹੈ ਕਿ ਸਾਡੇ ਕਿਸੇ ਵੱਡੇ ਵਡੇਰੇ ਨੇ ਗੁਰੂ ਜੀ ਦੇ ਦਰਸ਼ਨ ਵੀ ਕੀਤੇ ਹੋਣ ਤੇ ਉਹਨਾਂ ਨਾਲ ਜੰਗਾਂ ਯੁੱਧਾਂ ਵਿਚ ਭਾਗ ਵੀ ਲਿਆ ਹੋਵੇ।

ਮੈਂ ਆਪਣੇ ਪਿਤਾ ਜੀ ਨੂੰ ਤਿਲ-ਤਿਲ ਮਰਦੇ ਵੇਖਿਆ ਹੈ। ਮੇਰੀ ਮਿਹਨਤ ਤੋਂ ਉਹ ਬਹੁਤ ਖੁਸ਼ ਤੇ ਪ੍ਰਭਾਵਤ ਸਨ। ਮੈਂ ਦਿਨ ਵਿਚ ਸੋਲਾਂ-ਸੋਲਾਂ ਘੰਟੇ ਟਰੈਕਟਰ ਚਲਾਉਂਦਾ ਸਾਂ। ਭੱਜ-ਨੱਠ ਕਰ ਕੇ ਟਿਊਬਵੈੱਲ ਲਵਾਏ ਪਰ ਫਿਰ ਵੀ ਖੂਹ ਦੀ ਮਿੱਟੀ ਖੂਹ ਨੂੰ ਲਗਦੀ ਜਾਂਦੀ ਸੀ। ਏਨੀ ਮਿਹਨਤ ਦੇ ਬਾਵਜੂਦ ਖੁੱਲ੍ਹਾ ਪੈਸਾ ਕਦੀ ਨਹੀਂ ਸੀ ਆਉਂਦਾ। ਫਿਰ ਇਕ ਹੋਰ ਭਉਂਦੀ ਇੱਟ ਸਿਰ ਵਿਚ ਆਣ ਵੱਜੀ। ਖੇਤੀ ਦੀ ਇਕ ਪਰਿਵਾਰ ਦੀ ਜ਼ਮੀਨ ਦੀ ਹੱਦ ਵਧ ਤੋਂ ਵਧ ਸੱਤ ਹੈਕਟੇਅਰ ਅਰਥਾਤ ਸਾਢੇ ਸਤਾਰਾਂ ਏਕੜ ਮਿੱਥੀ ਗਈ। ਇਸ ਐਕਟ ਦਾ ਨਾਂ ਲੈਂਡ ਰੀਫਾਰਮ ਐਕਟ 1972 (Land Reforms Act-1972) ਸੀ ਤੇ ਜ਼ਮੀਨ ਖੋਹ ਕੇ ਮੁਜ਼ਾਰਿਆਂ ਨੂੰ ਦੇਣ ਦਾ ਇਹ ਦੂਜਾ ਕਾਨੂੰਨ ਸੀ। ਇਸ ਦੇ ਲਾਗੂ ਹੋਣ ਦੀ ਤਰੀਖ਼ (Apointed Date) ਇਕ ਸਾਲ ਪਹਿਲਾਂ ਦੀ ਅਰਥਾਤ 31 ਮਾਰਚ 1971 ਰੱਖੀ ਗਈ ਸੀ। ਇਸ ਤਰ੍ਹਾਂ ਜਿਸ ਬੰਦੇ ਦੀ ਜ਼ਮੀਨ 31 ਮਾਰਚ 1971 ਨੂੰ ਸਾਢੇ ਸਤਾਰਾਂ ਏਕੜ ਤੋਂ ਵਧ ਸੀ, ਉਹ ਸਿੱਧਾ

ਹੀ ਇਸ ਦੀ ਚਪੇਟ ਵਿਚ ਆ ਜਾਂਦਾ ਸੀ ਤੇ ਉਸਦੀ ਵਾਧੂ ਜ਼ਮੀਨ ਖੋਹ ਕੇ ਮੁਜਾਰਿਆਂ ਨੂੰ ਦਿੱਤੀ ਜਾਣੀ ਸੀ। ਸਾਡੀ ਜ਼ਮੀਨ ਤਾਂ ਪਹਿਲਾਂ ਹੀ ਸਕਿਉਰਿਟੀ ਆਫ ਲੈਂਡ ਟਿਨਿਓਰ ਐਕਟ 1953 ਥੱਲੇ ਵੀ ਸਰਪਲਸ ਹੋਈ ਸੀ। ਇਸ ਲਈ ਸਾਡੀ ਫਾਈਲ ਤਾਂ ਝਟ ਕੁਲੈਕਟਰ ਅੱਗਰੇਰੀਅਨ ਦੀ ਮੇਜ 'ਤੇ ਆ ਗਈ। ਮੈਂ ਰਿਸ਼ਵਤ ਵਗੈਰਾ ਦੇ ਕੇ ਉਹ ਅਮਲ ਰੁਕਵਾਇਆ। ਮੇਰਾ ਬੇਟਾ ਅਜੇ ਤਿੰਨ ਮਹੀਨੇ ਦਾ ਸੀ। ਉਸ ਦੇ ਨਾਂ ਜ਼ਮੀਨ ਲਗ ਚੁੱਕੀ ਸੀ। ਪਰ ਨਾਬਾਲਗ ਲੜਕਾ ਤੇ ਮੇਰੀ ਪਤਨੀ ਤਾਂ ਇਕ ਪਰਿਵਾਰ ਹੀ ਗਿਣਿਆ ਜਾਣਾ ਸੀ।

ਮੈਂ ਜੀ ਭਿਆਣੇ ਨੇ ਆਪਣੀ ਵਾਧੂ ਜ਼ਮੀਨ ਵੇਚਣੀ ਲਾ ਦਿੱਤੀ ਤੇ ਅਖੰਡ ਪਾਠ ਵੀ ਸੁੱਖਿਆ ਕਿ ਜੇ ਸਾਡੀ ਜਮੀਨ ਛੇਤੀ ਵਿੱਕ ਜਾਵੇ ਤਾਂ ਅਖੰਡ ਪਾਠ ਕਰਵਾਵਾਂਗੇ। ਪਿੰਡ ਵਰਿਆਣਾ ਤੇ ਸੁੱਚੀ ਪਿੰਡ ਦੀ 37 ਕਿੱਲੇ ਜ਼ਮੀਨ ਵੇਚਣੀ ਲਾਈ। ਗਾਹਕ ਲੱਗੇ, ਜਿਸ ਦਾ ਪਹਿਲਾ ਹੀ ਘੱਟ ਮੁੱਲ ਵੀਹ ਹਜ਼ਾਰ ਰੁਪਏ ਏਕੜ ਮੰਗਿਆ ਸੀ, ਉਸ ਦੀ ਸਤਾਰਾਂ ਹਜ਼ਾਰ ਰੁਪਏ ਫੀ ਏਕੜ ਦੀ ਅਵਾਜ਼ ਦਲਾਲ ਨੇ ਦਿੱਤੀ। ਮੈਂ ਝੱਟ ਸਾਈ ਫੜ ਲਈ। ਏਸੇ ਤਰ੍ਹਾਂ ਦੂਜੀ ਦਾ ਬਜ਼ਾਰ ਮੁੱਲ ਪੰਝੀ ਹਜ਼ਾਰ ਸੀ, ਉਹ ਅਠਾਰਾਂ ਹਜ਼ਾਰ ਰੁਪਏ ਕਿੱਲੇਂ ਨੂੰ ਵੇਚ ਦਿੱਤੀ ਕਿਉਂਕਿ ਗਾਹਕ ਇਸ ਤੋਂ ਵਧਦਾ ਨਹੀਂ ਸੀ। ਕਾਨੂੰਨ ਬਣੇ ਦਾ ਰੌਲਾ ਪੈ ਚੁੱਕਾ ਸੀ ਤੇ ਨਾਲੇ ਇਹੋ ਜਹੀ ਅਵਾਜ਼ ਤਾਂ ਚੂਹੇ ਦੀ ਖੁੱਡ ਵਿਚ ਵੀ ਲੋਕ ਸੁਣ ਲੈਂਦੇ ਹਨ। ਮਰਦਾ ਕੀ ਨਾ ਕਰਦਾ ਵਾਂਗ "ਜੇ ਸਾਰਾ ਧੰਨ ਜਾਂਦਾ ਵੇਖੀਏ ਤਾਂ ਅੱਧਾ ਦੇਈਏ ਵੰਡ" ਵਾਲੀ ਗੱਲ ਸੀ। ਅਖੰਡ ਪਾਠ ਰਖਾਇਆ, ਗੁਰਦੁਆਰੇ ਦਾ ਭਾਈ ਪੁੱਛੇ-"ਅਰਦਾਸ ਕੀ ਕਰਾਂ ?" ਹੁਣ ਉਹਨੂੰ ਕੀ ਆਖੀਏ ਪਈ ਜ਼ਮੀਨ ਵਿਕੀ ਦੀ ਖੁਸ਼ੀ ਵਿਚ ਅਖੰਡ ਪਾਠ ਕਰਵਾਇਆ ਹੈ। ਲੋਕ ਖਰੀਦਣ ਦੀ ਖੁਸ਼ੀ ਵਿਚ ਤਾਂ ਖੁਸ਼ੀਆਂ ਕਰਦੇ ਹਨ ਪਰ ਅੱਜ ਤਕ ਵੇਚਣ ਦੀ ਖੁਸ਼ੀ ਤਾਂ ਕਦੇ ਕਿਸੇ ਨੇ ਨਹੀਂ ਕੀਤੀ। ਇਹ ਕਿਸਾਨੀ ਦੇ ਇਤਿਹਾਸ ਵਿਚ ਪਹਿਲੀ ਵਾਰ ਸੀ। ਭਾਈ ਜੀ ਨੇ ਅਰਦਾਸ ਵੀ ਗੋਲ-ਮੋਲ ਜਹੀ ਕਰ ਦਿੱਤੀ, ਅਖੇ ਮਨੋਕਾਮਨਾ ਪੂਰੀ ਹੋਈ ਹੈ। ਮੇਰੀਆਂ ਦੋਹਾਂ ਮਾਤਾਵਾਂ ਦੀਆਂ ਅੱਖਾਂ ਵਿਚ ਅੱਥਰੂ ਸਨ, ਜਿਨ੍ਹਾਂ ਦਾ ਸਪਸ਼ਟੀਕਰਨ ਮੇਰੀ ਪਤਨੀ ਨੇ ਬੜੀ ਖਚਰ ਵਿੱਦਿਆ ਨਾਲ ਇਹ ਕਹਿ ਕੇ ਦਿੱਤਾ ਕਿ ਇਹ ਖੁਸ਼ੀ ਦੇ ਅੱਥਰੂ ਹਨ।

ਸ਼ਹਿਰੀ ਕਿਸਾਨਾਂ ਦੀ ਜਮੀਨ ਖੋਹਣ ਦਾ ਤੀਜਾ ਕਾਨੂੰਨ 1976 ਵਿਚ ਲਾਗੂ ਕੀਤਾ ਗਿਆ। ਇਹ ਉਹ ਕਾਨੂੰਨ ਸੀ ਜਿਸ ਤੋਂ ਬਚਣ ਲਈ ਸਿੱਖ ਭੱਜ ਭੱਜ ਕੇ ਹਿੰਦੂ ਬਣਦਾ ਸੀ ਪਰ ਉਸਨੂੰ ਹਿੰਦੂ ਨਹੀਂ ਸੀ ਸਮਝਿਆ ਜਾਂਦਾ। ਸਿਖ ਦਾ ਹਿੰਦੂ ਅਜਗਰ ਦੁਆਰਾ ਨਿਗਲੇ ਜਾਣ ਦਾ ਦੁਖਾਂਤ ਵੀ ਬਹੁਤਾ ਕਰਕੇ ਏਥੋਂ ਹੀ ਸ਼ੁਰੂ ਹੁੰਦਾ ਹੈ ਜੇ ਸਾਰੀ ਕਹਾਣੀ ਤੋਂ ਜਾਣੂ ਨਾਂ ਹੋਈਏ ਤਾਂ ਫਿਰ ਕੋਈ ਸਮਝ ਨਹੀਂ ਸਕਦਾ ਕਿ ਇਹ ਦੁਖਦਾਈ ਭਾਣਾ ਕਿਵੇਂ ਵਾਪਰਿਆ। ਮੈਂ ਇਹ ਸਮਝਦਾ ਹਾਂ ਕਿ ਲੋਕਾਂ ਨੂੰ ਇਸ ਤਰ੍ਹਾਂ ਦੀਆਂ ਨਿੱਜੀ ਗੱਲਾਂ ਨਾਲ ਕੋਈ ਦਿਲਚਸਪੀ ਨਹੀਂ ਹੁੰਦੀ ਪਰ ਇਹ ਮੇਰੀਆਂ ਨਿੱਜੀ ਗੱਲਾਂ ਨਹੀਂ ਹਨ, ਇਹ ਸਿੱਖਾਂ ਦੀ ਦੁਖ ਭਰੀ ਕਹਾਣੀ ਦਾ ਉਹ ਦਰਦਨਾਕ ਹਿੱਸਾ ਹੈ, ਜਿਸ ਨਾਲ ਲਗਭਗ ਸਾਰੇ ਹੀ ਚੰਗੀ ਰੋਟੀ ਖਾਂਦੇ ਛੱਡ ਕੇ ਆਏ ਪੱਛਮੀ ਪੰਜਾਬ ਦੇ ਕਿਸਾਨਾਂ ਦਾ ਸੰਬੰਧ ਹੈ, ਜਿਨ੍ਹਾਂ ਨੂੰ ਏਧਰ ਆ ਕੇ ਉਤਲਾ ਪੱਤ ਨਹੀਂ ਆਇਆ ਤੇ ਉਨ੍ਹਾਂ ਦੀ ਔਲਾਦ ਅਜ ਅਜ਼ਾਦੀ ਤੋਂ 54 ਸਾਲਾਂ ਬਾਅਦ ਵੀ ਏਧਰ ਗੁਲਾਮਾਂ ਵਾਂਗ ਹੀ ਜੀਅ ਰਹੀ ਹੈ। ਜਿਹੜੇ ਦਰਖਤ 'ਤੇ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਬਿਜਲੀ ਡਿੱਗਦੀ ਰਹੇ ਉਹ ਕਿਵੇਂ ਵਧ ਫੁੱਲ ਸਕਦਾ ਹੈ ਤੇ ਹਰਾ ਭਰਾ ਰਹਿ ਸਕਦਾ ਹੈ? ਹੁਣ ਤੱਕ ਪੰਜਾਬ ਦੇ ਕਿਸਾਨਾਂ 'ਤੇ ਤਿੰਨ ਲੈਂਡ ਸੀਲਿੰਗਾਂ ਲੱਗੀਆਂ ਹਨ। ਜਦੋਂ ਕਿ ਨਾ ਤਾਂ ਕੋਈ

ਸੀਲਿੰਗ ਇੰਡਸਟਰੀ 'ਤੇ ਲੱਗੀ ਹੈ ਤੇ ਨਾ ਹੀ ਕਿਸੇ ਵਪਾਰਕ ਅਦਾਰੇ ਜਾਂ ਦੁਕਾਨਾਂ ਵਰਗੇ ਹੋਰ ਕਾਰੋਬਾਰਾਂ 'ਤੇ। ਘੜੀ-ਮੁੜੀ ਕਿਸਾਨ ਹੀ ਸਰਕਾਰ ਦਾ ਸ਼ਿਕਾਰ ਕਿਉਂ ਬਣਦਾ ਸੀ? ਇਸਦਾ ਵਿਚਾਰ ਅੱਗੇ ਚੱਲ ਕੇ ਕਰਾਂਗੇ। ਇਹ ਸਾਰੀ ਕਹਾਣੀ ਇਕ ਟੀ. ਵੀ. ਸੀਰੀਅਲ "ਕਹਾਨੀ ਘਰ ਘਰ ਕੀ" ਵਾਂਗ ਹੈ, ਮੇਰੀ ਇਕੱਲੇ ਦੀ ਨਹੀਂ।

1. ਲੈਂਡ ਟਿਨਿਓਰ ਐਕਟ-1953 (ਜ਼ਮੀਨ ਦੀ ਰੱਖੀ ਜਾਣ ਦੀ ਹੱਦ ਪਾਕਿਸਤਾਨੋਂ ਆਇਆਂ ਲਈ 50 ਏਕੜ ਤੇ ਲੋਕਲਾਂ ਵਾਸਤੇ 30 ਏਕੜ)

2. ਲੈਂਡ ਰੀਫਾਰਮ ਐਕਟ-1972 (ਜ਼ਮੀਨ ਦੀ ਰੱਖੀ ਜਾਣ ਦੀ ਹੱਦ ਸਾਢੇ ਸਤਾਰਾਂ ਏਕੜ ਸਾਰਿਆਂ ਲਈ, ਜਿਸ ਵਿਚ ਪਤਨੀ ਤੇ ਨਾ-ਬਾਲਗ ਬੱਚੇ ਵੀ ਸ਼ਾਮਿਲ ਸਨ)

3. ਅਰਬਨ ਲੈਂਡ ਸੀਲਿੰਗ ਐਕਟ-1976 (ਜ਼ਮੀਨ ਦੀ ਰੱਖੀ ਜਾਣ ਦੀ ਹੱਦ ਵੱਖ ਵੱਖ ਸ਼ਹਿਰਾਂ ਵਿਚ ਵੱਖ ਵੱਖ ਸੀ।) ਇਸ ਕਾਨੂੰਨ ਥੱਲੇ ਅਮ੍ਰਿਤਸਰ, ਜਲੰਧਰ ਤੇ ਲੁਧਿਆਣਾ ਹੀ ਆਉਂਦੇ ਸਨ ਤੇ ਵਧ ਤੋਂ ਵੱਧ ਰਖੀ ਜਾਣ ਵਾਲੀ ਜਮੀਨ ਦੀ ਹੱਦ ਪੰਜ ਕਨਾਲ ਤੇ ਚਾਰ ਕਨਾਲ ਫੀ ਪਰਿਵਾਰ ਸੀ।)

ਸੰਨ 1976 ਵਿਚ ਪੰਜਾਬ ਦੇ ਤਿੰਨ ਵੱਡੇ ਸ਼ਹਿਰਾਂ ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਤੇ ਭਾਰਤ ਦੇ ਹੋਰ ਵੀ ਕਈ ਵੱਡੇ ਸ਼ਹਿਰਾਂ ਵਿਚ ਭਾਰਤ ਸਰਕਾਰ ਨੇ ਅਰਬਨ ਲੈਂਡ ਸੀਲਿੰਗ ਐਕਟ (Urban Land Ceiling Act.-1976) ਲਾਗੂ ਕਰ ਦਿੱਤਾ। ਅਰਬਨ ਲੈਂਡ ਸੀਲਿੰਗ ਐਕਟ ਕਹਿਣ ਨੂੰ ਉਨ੍ਹਾਂ ਲੋਕਾਂ ਲਈ ਬਣਾਇਆ ਗਿਆ ਸੀ, ਜਿਨ੍ਹਾਂ ਕੋਲ ਕਾਲਾ ਧੰਨ ਸੀ ਤੇ ਉਹ ਜ਼ਮੀਨ ਦਾ ਟੁਕੜਾ ਸ਼ਹਿਰ ਵਿਚ ਖਰੀਦ ਕੇ ਰੱਖ ਛਡਦੇ ਸਨ, ਟੈਕਸ ਦੇਣ ਤੋਂ ਬਚ ਜਾਂਦੇ ਸਨ ਤੇ ਜ਼ਮੀਨ ਦੀ ਕੀਮਤ ਹਰ ਸਾਲ ਦੁਗਣੀ ਚੌਗੁਣੀ ਹੁੰਦੀ ਜਾਂਦੀ ਸੀ। ਇਸ ਕਾਨੂੰਨ ਨੂੰ ਪੰਜਾਬ ਦੇ ਤਿੰਨ ਸ਼ਹਿਰਾਂ ਅਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਵਿਚ ਲਾਗੂ ਕੀਤਾ ਗਿਆ। ਐਕਟ ਐਸੇ ਖਚਰੇ ਤਰੀਕੇ ਨਾਲ ਬਣਾਇਆ ਗਿਆ ਸੀ ਕਿ ਸ਼ਹਿਰ ਦੀ ਹੱਦ ਤੋਂ ਬਾਹਰ ਅੱਠ ਕਿਲੋਮੀਟਰ ਦੀ ਖੇਤੀਬਾੜੀ ਵਾਲੀ ਸਾਰੀ ਜ਼ਮੀਨ 'ਤੇ ਵੀ ਇਹ ਲਾਗੂ ਹੁੰਦਾ ਸੀ। ਇਹ ਖੇਤੀ ਵਾਲੀ ਜ਼ਮੀਨ ਵੀ ਖਾਲੀ ਪਈ ਜ਼ਮੀਨ ਹੀ ਐਲਾਨ (Declare) ਦਿੱਤੀ ਗਈ ਸੀ ਤੇ ਇਸ ਦੇ ਮੁਆਵਜ਼ੇ ਦਾ ਮੁੱਲ ਵੀ ਐਕਟ ਵਿਚ ਹੀ ਨਿਰਧਾਰਤ ਕਰ ਦਿੱਤਾ ਗਿਆ ਸੀ। ਇਹ ਮੁੱਲ ਸੀ ਪੰਜ ਰੁਪਏ ਪ੍ਰਤੀ ਵਰਗ ਮੀਟਰ। ਇਸ ਹਿਸਾਬ ਨਾਲ ਇਕ ਏਕੜ ਦਾ ਮੁੱਲ ਸਤਾਰਾਂ ਹਜ਼ਾਰ ਪੰਜ ਸੌ ਰੁਪਏ ਫੀ ਏਕੜ ਬਣਦਾ ਸੀ। ਪੰਜ ਰੁਪਏ ਮੀਟਰ ਓਦੋਂ ਕੋਈ ਕਪੜਾ ਨਹੀਂ ਸੀ ਮਿਲਦਾ। ਏਥੋਂ ਤਕ ਕਿ 1976 ਵਿਚ ਰਜਾਈਆਂ 'ਤੇ ਚੜ੍ਹਾਉਣ ਵਾਲੇ ਗਲਾਫ ਦੇ ਮਾਰਕੀਨ ਦੇ ਸਸਤੇ ਤੋਂ ਸਸਤੇ ਕੱਪੜੇ ਦਾ ਮੁੱਲ ਵੀ ਯਾਰਾਂ-ਬਾਰਾਂ ਰੁਪਏ ਮੀਟਰ ਸੀ। ਹੋਰ ਤਾਂ ਹੋਰ ਪੰਜ ਰੁਪਏ ਮੀਟਰ ਤਾਂ ਮਾੜੇ ਤੋਂ ਮਾੜਾ ਕਾਗਜ਼ ਵੀ ਨਹੀਂ ਸੀ ਆਉਂਦਾ।

ਉਪਰੋਕਤ ਤਿੰਨਾਂ ਸ਼ਹਿਰਾਂ ਦੀ ਲੱਖਾਂ ਏਕੜ ਜ਼ਮੀਨ ਇਸ ਐਕਟ ਥੱਲੇ ਆ ਕੇ ਕਿਸਾਨਾਂ ਕੋਲੋਂ ਖੁੱਸ ਜਾਣੀ ਸੀ। ਇਹ ਮੁਕਦਮੇ ਸੁਪਰੀਮ ਕੋਰਟ ਤਕ ਗਏ। ਦਸ ਸਾਲ ਤਕ ਲਈ ਬਣਾਇਆ ਇਹ ਕਾਨੂੰਨ ਮਸਾਂ ਕਿਤੇ 1986 ਵਿਚ ਜਾ ਕੇ ਖ਼ਤਮ ਹੋਇਆ ਪਰ ਬਹੁਤ ਲੋਕਾਂ ਨੇ ਡਰਦੇ ਮਾਰੇ ਆਪਣੀ ਜ਼ਮੀਨ ਕੌਡੀਆਂ ਦੇ ਭਾਅ ਵੇਚ ਦਿੱਤੀ ਸੀ। ਇਹ ਤਿੰਨ ਤਾਂ ਜ਼ਮੀਨ ਦੀਆਂ ਵਧ ਤੋਂ ਵਧ ਬੰਦਸ਼ਾ ਸਨ, ਜਿਨ੍ਹਾਂ ਨੂੰ ਪੰਜਾਬ ਦੇ ਸਿੱਖਾਂ ਨੇ ਆਪਣੇ ਪਿੰਡੇ 'ਤੇ ਹੰਢਾਇਆ। ਹਿੰਦੂਆਂ ਦੀ ਗਿਣਤੀ ਇਨ੍ਹਾਂ ਵਿਚ ਮਸਾਂ ਅੱਧਾ ਫੀਸਦੀ ਵੀ ਨਹੀਂ ਸੀ। ਇਹ

ਤਿੰਨੇ ਕਾਨੂੰਨ ਸਿੱਖਾਂ ਦੇ 'ਹੱਥ ਰੰਬਾ ਤੇ ਮੋਢੇ 'ਤੇ ਘਾਹ' ਖੋਤ ਕੇ ਬੰਨਣ ਵਾਲੀ ਚਾਦਰ ਰਖਾ ਕੇ ਇਨ੍ਹਾਂ ਨੂੰ ਘਾਹੀ ਬਨਾਉਣ ਲਈ ਬਣਾਏ ਗਏ ਸਨ। ਇਹ ਸਮੇਂ ਸਮੇਂ ਸਿੱਖਾਂ ਲਈ ਹਿੰਦੂ ਸਰਕਾਰਾਂ ਦਾ ਤੋਹਫਾ ਸੀ। ਅਜ਼ਾਦੀ ਤੋਂ ਪਹਿਲਾਂ ਸਿੱਖਾਂ ਨੂੰ ਇਹ ਚਿੱਤ-ਚੇਤਾ ਵੀ ਨਹੀਂ ਸੀ ਕਿ ਹਿੰਦੂ ਏਡਾ ਵਰਾਟ ਰੂਪ ਧਾਰਨ ਕਰੇਗਾ। ਕਪੜੇ ਦੇ ਵਪਾਰੀਆਂ ਵਿਚ ਇਹ ਗੱਲ ਮਸ਼ਹੂਰ ਸੀ ਕਿ 'ਪਾਕਪਟਨ ਦੀ ਬਜਾਜੀ ਜਿਵੇਂ ਜਿਵੇਂ ਵੇਖੇ ਤਿਵੇਂ ਤਿਵੇਂ ਰਾਜੀ, ਜਿਵੇਂ ਜਿਵੇਂ ਧੋਵੇ ਤਿਵੇਂ ਤਿਵੇਂ ਰੋਵੇ।' ਬਸ ਏਹੋ ਕੁੱਝ ਹੀ ਪੰਜਾਬ ਦੇ ਸਿੱਖਾਂ ਨਾਲ ਹੋਇਆ। ਹੁਣ ਜਿਵੇਂ ਜਿਵੇਂ ਪਾਕਪਟਨ ਦੀ ਬਜਾਜੀ ਦੇ ਰੰਗ ਖੁਰਨ ਵਾਂਗ ਹਿੰਦੂ ਦਾ ਕੰਮ ਕਰਨ ਦਾ ਢੰਗ ਵੇਖਦੇ ਹਨ ਤਿਵੇਂ ਤਿਵੇਂ ਹੀ ਅੱਖਾਂ ਵਿਚ ਘਸੁੰਨ ਦੇ ਦੇ ਕੇ ਰੋਂਦੇ ਹਨ।

1970 ਵਿਚ ਇਕ ਹੋਰ ਮਾਰੂ ਕਾਨੂੰਨ ਖੇਤੀਬਾੜੀ ਵਾਲੀ ਜ਼ਮੀਨ 'ਤੇ ਵੈਲਥ ਟੈਕਸ ਲਾਉਣ ਦਾ ਵੀ ਬਣਿਆ ਸੀ। ਕਿਸੇ ਕਿਸਾਨ ਦੀ ਜਿੰਨੀ ਜ਼ਮੀਨ ਹੈ ਉਸਦੀ ਬਜ਼ਾਰੀ ਕੀਮਤ ਦੇ ਹਿਸਾਬ ਨਾਲ ਹੀ ਟੈਕਸ ਦੇਣਾ ਜ਼ਰੂਰੀ ਸੀ। ਇਸ ਦੇ ਨਾਲ ਹੀ ਜੇ ਕੋਈ ਜ਼ਮੀਨ ਮਾਲਕ ਮਰ ਜਾਵੇ ਤਾਂ ਉਹ ਜਿੰਨੇ ਮੁੱਲ ਦੀ ਜਾਇਦਾਦ ਛੱਡ ਕੇ ਮਰੇ ਭਾਵੇਂ ਉਹ ਪੂਰੇ ਪੰਜਾਬ ਦੇ ਕਿਸੇ ਵੀ ਦੂਰਦੁਰਾਡੇ ਪਿੰਡ ਵਿਚ ਹੀ ਰਹਿੰਦਾ ਹੋਵੇ, ਸਿਰਫ ਉਸ ਦਾ ਸੌਣ ਵਾਲਾ ਮੰਜਾ ਤੇ ਭਾਂਡਿਆਂ, ਜਿਸ ਵਿਚ ਉਹ ਰੋਟੀ ਖਾਂਦਾ ਸੀ, ਨੂੰ ਛੱਡ ਕੇ ਬਾਕੀ ਸਾਰੀ ਛੱਡੀ ਹੋਈ ਜਾਇਦਾਦ ਦੀ ਕੀਮਤ 'ਤੇ ਟੈਕਸ ਲਗਦਾ ਸੀ ਤੇ ਇਸਨੂੰ 'ਅਸਟੇਟ ਡਿਊਟੀ ਟੈਕਸ' ਕਹਿੰਦੇ ਸਨ। ਇਕ ਹੱਦ 'ਤੇ ਜਾ ਕੇ ਇਹ ਟੈਕਸ 75 ਫੀਸਦੀ ਵੀ ਹੋ ਜਾਂਦਾ ਸੀ। ਏਸੇ ਤਰ੍ਹਾਂ ਹੀ ਕੋਈ ਕਿਸੇ ਨੂੰ ਹਿਬਾ (Gift) ਕਰ ਦੇਵੇ ਤਾਂ ਉਸ ਉੱਤੇ ਗਿਫਟ ਟੈਕਸ ਲਗਦਾ ਸੀ। ਖੇਤੀ ਵਾਲੀ ਭੂਮੀ 'ਤੇ ਪਹਿਲਾਂ ਇੰਨਕਮ ਟੈਕਸ ਨਹੀਂ ਸੀ ਲਗਦਾ ਪਰ ਇਸ ਕਾਨੂੰਨ ਥੱਲੇ ਇਹ ਵੀ ਲੱਗਣਾ ਸੀ ਜੇ ਕੋਈ ਕਿਸਾਨ ਜ਼ਮੀਨ ਵੇਚ ਦੇਵੇ ਜਾਂ ਜੇ ਉਸ ਨੂੰ ਪਹਿਲਾਂ ਦੀ ਨਿਰਧਾਰਤ ਕੀਤੀ ਹੋਈ ਸਰਕਾਰੀ ਕੀਮਤ ਤੋਂ ਵੱਧ ਕੀਮਤ ਮਿਲ ਜਾਵੇ ਤਾਂ ਉਸ ਵੱਧ ਮਿਲੇ ਹੋਏ ਪੈਸਿਆਂ ਨੂੰ ਵੀ ਆਮਦਨ ਹੀ ਗਿਣਿਆ ਜਾਂਦਾ ਸੀ ਤੇ ਉਸ 'ਤੇ ਓਸੇ ਦਰ ਨਾਲ ਹੀ ਟੈਕਸ ਲੱਗਦਾ ਸੀ, ਜਿਹੜਾ ਕਿਸੇ ਦੀ ਆਮਦਨ ਨੂੰ ਲੱਗਦਾ ਹੈ। ਇਸ ਟੈਕਸ ਵਾਲੇ ਕਾਨੂੰਨ ਨੇ ਲੋਕਾਂ ਦਾ ਸਾਹ ਬੰਦ ਕਰ ਦਿੱਤਾ। ਪੰਜਾਬ ਸਰਕਾਰ ਨੇ ਕਿਸਾਨਾਂ ਦੀ ਕੁਝ ਮਦਦ ਇਹ ਕਹਿ ਕੇ ਕੀਤੀ ਕਿ ਪਟਵਾਰੀ, ਮਹਿਕਮਾ ਇੰਨਕਮ ਟੈਕਸ ਵਾਲਿਆਂ ਨੂੰ ਮਾਲ ਦਾ ਰਿਕਾਰਡ ਨਾ ਵਿਖਾਉਣ। ਪਰ ਇਸ ਨਾਲ ਕੀ ਫਰਕ ਪੈਣਾ ਸੀ?

ਮਹਿਕਮਾ ਇੰਨਕਮ ਟੈਕਸ ਪਟਵਾਰੀਆਂ ਨੂੰ ਟਿੱਚ ਗਿਣਦਾ ਸੀ। ਉਹ ਹਰ ਇਕ ਕਿਸਾਨ ਨੂੰ ਇਕ ਵੱਢਿਓਂ ਹੀ ਨੋਟਿਸ ਭੇਜਣ ਲੱਗ ਪਏ। ਜਿਹੜਾ ਰਿਟਰਨ ਫਾਈਲ ਨਹੀਂ ਸੀ ਕਰਦਾ ਤੇ ਆਪਣੀ ਜਾਇਦਾਦ ਦੇ ਵੇਰਵੇ ਨਹੀਂ ਸੀ ਦੇਂਦਾ, ਉਸ ਨੂੰ ਉਹ ਅਟਕਲ-ਪੱਚੂ ਹੀ ਟੈਕਸ ਲਾ ਦੇਂਦੇ। ਫਿਰ ਉਹ ਅਪੀਲਾਂ ਵਿਚ ਤੁਰਿਆ ਫਿਰੇ ਉਪਰਲੀਆਂ ਅਦਾਲਤਾਂ ਨੂੰ ਦਸਦਾ ਫਿਰੇ ਕਿ ਮੇਰਾ ਟੈਕਸ ਏਨਾਂ ਨਹੀਂ ਸਗੋਂ ਘੱਟ ਬਣਦਾ ਹੈ। ਇਸ ਤਰ੍ਹਾਂ ਸਾਰਾ ਹਿਸਾਬ ਕਿਤਾਬ ਮਹਿਕਮੇ ਕੋਲ ਪਹੁੰਚ ਜਾਂਦਾ। ਕਿਸਾਨਾਂ ਦੇ ਬੜਾ ਨੱਕ ਵਿਚ ਦਮ ਆਇਆ। ਜ਼ਮੀਨ ਦੀ ਕੀਮਤ ਦਾ ਹਿਸਾਬ ਲਾਉਣ ਵਾਲੇ ਮਹਿਕਮੇ ਵੱਲੋਂ ਮੁਕੱਰਰ ਕੀਤੇ ਹੋਏ ਬੰਦਿਆਂ (Valuers) ਦੀ ਚਾਂਦੀ ਸੀ। ਆਮਦਨ ਕਰ ਵਕੀਲਾਂ ਦੇ ਦੋਹਾਂ ਹੱਥਾਂ ਵਿਚ ਲੱਡੂ ਤੇ ਸਿਰ ਕੜਾਹੀ ਵਿਚ ਸੀ। ਸ਼ਹਿਰ ਦੀ ਨੇੜੇ ਦੀ ਜ਼ਮੀਨ ਵਿਚੋਂ ਆਮਦਨ ਤਾਂ ਭਾਵੇਂ ਪਿੰਡਾਂ ਦੀ ਜ਼ਮੀਨ ਜਿੰਨੀ ਹੀ ਹੁੰਦੀ ਸੀ ਪਰ ਕੀਮਤ ਪਿੰਡ ਦੀ ਜ਼ਮੀਨ ਨਾਲੋਂ ਕਈ ਗੁਣਾਂ ਜ਼ਿਆਦਾ ਸੀ।

ਜਿੰਨਾਂ ਇੰਨਕਮ ਟੈਕਸ ਅਫਸਰ ਤੇ ਇੰਸਪੈਕਟਰ ਕਿਸਾਨਾਂ ਨੂੰ ਡਰਾਉਂਦੇ ਸਨ, ਉਸ ਤੋਂ ਵੀ ਜ਼ਿਆਦਾ ਉਨ੍ਹਾਂ ਦੇ ਆਪਣੇ ਵਕੀਲ ਉਨ੍ਹਾਂ ਨੂੰ ਡਰਾਉਂਦੇ ਸਨ। ਕਿਉਂਕਿ ਵਕੀਲ ਤੇ ਅਫਸਰ ਸਦਾ ਇਸ ਮਹਿਕਮੇ ਵਿਚ ਰਲ ਕੇ ਸਾਇਲ (Client) ਨੂੰ ਲੁੱਟਦੇ ਹਨ। ਵਕੀਲ ਫੀਸ ਵੱਖਰੀ ਲੈਂਦੇ ਤੇ ਸਾਹਿਬ ਨਾਲ ਮੁੱਕ-ਮੁਕਾ ਕਰਵਾਉਣ ਲਈ ਰਿਸ਼ਵਤ ਦਾ ਗੱਫਾ ਵੱਖਰਾ ਲੈਂਦੇ ਹਨ। ਇਸ ਲਈ ਵੱਧ ਰਿਸ਼ਵਤ ਲੈਣ ਲਈ ਵੱਧ ਡਰਾਉਂਦੇ। ਮਾਡਲ ਟਾਊਨ ਜਲੰਧਰ ਦੇ ਸ. ਗੁਰਨਾਮ ਸਿੰਘ, ਜੋ ਆਲੂਆਂ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ ਸਨ ਤੇ ਚੰਗੇ ਕਿਸਾਨ ਸਨ, ਏਸੇ ਤਰ੍ਹਾਂ ਹੀ ਦਿਲ ਫੇਲ੍ਹ ਹੋ ਕੇ ਰੱਬ ਨੂੰ ਪਿਆਰੇ ਹੋ ਗਏ ਸਨ। ਸਵੇਰੇ ਜਦੋਂ ਉਹ ਆਪਣੇ ਬਿਸਤਰੇ 'ਤੇ ਮਰੇ ਪਏ ਸਨ ਤਾਂ ਘਰਦਿਆਂ ਨੇ ਵੇਖਿਆ ਕਿ ਇਕ ਕਾਗਜ਼ 'ਤੇ ਜਰਬਾਂ ਤਕਸੀਮਾਂ ਦੇ ਦੇ ਕੇ ਟੈਕਸ ਦੀ ਰਕਮ ਦਾ ਹਿਸਾਬ ਬਣਾਇਆ ਹੋਇਆ ਸੀ। ਬਸ ਹਿਸਾਬ ਬਣਾਉਂਦੇ-ਬਣਾਉਂਦੇ ਹੀ ਚਲ ਵਸੇ।

ਏਸੇ ਤਰ੍ਹਾਂ ਹੀ ਇਕ ਹੋਰ ਕਿਸਾਨ ਜਿਸ ਨੇ ਬੜੀ ਮਿਹਨਤ ਨਾਲ ਜ਼ਮੀਨ ਬਣਾਈ ਸੀ ਇੰਨਕਮ ਟੈਕਸ ਅਫਸਰ ਮਿਸਟਰ ਭਟਨਾਗਰ ਦੇ ਢਹੇ ਚੜ੍ਹ ਗਿਆ। ਉਹ ਰੋਜ ਸ਼ਾਮ ਨੂੰ ਉਸ ਕੋਲ ਆਉਂਦਾ, ਪੀਟਰ ਸਕਾਟ ਵਿਸਕੀ ਤੇ ਮੁਰਗੇ ਖਾਂਦਾ ਤੇ ਪੈੱਗ ਪੀਂਦਾ-ਪੀਂਦਾ ਵਿਚਾਰੇ ਉਸ ਕਿਸਾਨ ਨੂੰ ਡਰਾਈ ਵੀ ਜਾਂਦਾ। ਉਹ ਉਸ ਨੂੰ ਦਸਦਾ ਕਿ ਕਾਨੂੰਨ ਅਨੁਸਾਰ ਤੇਰੀ ਜਾਇਦਾਦ ਨੂੰ 76 ਫੀਸਦੀ ਟੈਕਸ ਲਗਦਾ ਹੈ। ਇਹ ਬਿਲਕੁਲ ਓਸੇ ਤਰ੍ਹਾਂ ਸੀ ਜਿਵੇਂ ਉਸ ਬੱਕਰੀ ਨੂੰ ਛੋਲੇ ਚਾਰੇ ਜਾ ਰਹੇ ਹੋਣ, ਜਿਹੜੀ ਸ਼ੇਰ ਅੱਗੇ ਬੱਧੀ ਹੋਵੇ। ਵਿਚਾਰੇ ਕਿਸਾਨ ਨੂੰ ਸ਼ਰਾਬ ਪੀਤੀ ਦਾ ਵੀ ਕੋਈ ਅਸਰ ਨਾ ਹੁੰਦਾ ਤੇ ਸਗੋਂ ਉਹਦੇ ਦਿਮਾਗ ਦਾ ਮੀਟਰ ਪੁੱਠੇ ਪਾਸੇ ਅਰਥਾਤ ਢਹਿੰਦੀਕਲਾ ਵੱਲ ਚੱਲਣ ਲੱਗ ਪੈਂਦਾ। ਸ਼ਰਾਬ ਪੀਣ ਦਾ ਫਾਇਦਾ ਇਹ ਹੁੰਦਾ ਹੈ ਕਿ ਇਹ ਬੰਦੇ ਨੂੰ ਦਲੇਰ ਕਰਦੀ ਹੈ ਤੇ ਜੇ ਇਹ ਮੁਰਦੇ ਦੇ ਮੂੰਹ ਵਿਚ ਵੀ ਪਾ ਦਿੱਤੀ ਜਾਵੇ ਤਾਂ ਇਕ ਵਾਰ ਤਾਂ ਉਹ ਵੀ ਉੱਠ ਕੇ ਬਹਿ ਜਾਂਦਾ ਹੈ ਤੇ ਦਬਕਾ ਮਾਰ ਕੇ ਪੁੱਛਦਾ ਹੈ-"ਓਏ ਤੁਸਾਂ ਰੌਲਾ ਕਾਹਦਾ ਪਾਇਆ ਹੋਇਆ ਹੈ?" ਉਸਤੋਂ ਬਾਅਦ ਭਾਵੇਂ ਉਹ ਦੋਬਾਰਾ ਮਰ ਜਾਵੇ।

ਕਹਿੰਦੇ ਹਨ ਇਕ ਵਾਰ ਇਕ ਚੂਹੇ ਨੇ ਫਰਸ਼ 'ਤੇ ਪਿਆ ਸ਼ਰਾਬ ਦਾ ਇਕ ਤੁਪਕਾ ਚੱਟ ਲਿਆ ਤੇ ਉਸਨੇ ਨਾਲ ਦੇ ਚੂਹਿਆਂ ਨੂੰ ਕਿਹਾ, "ਲਿਆਓ ਕਿਹੜੀ ਬਿੱਲੀ ਹੈ? ਮੈਂ ਉਹਨੂੰ ਕੰਨਾ ਤੋਂ ਫੜ ਕੇ ਉਹਦੇ ਗਲ ਵਿਚ ਟੱਲੀ ਬੰਨ੍ਹਾਂ।" ਪਰ ਏਥੇ ਸ਼ਰਾਬ ਬੇਕਾਰ ਸੀ। ਕਿਉਂਕਿ ਉਹ ਕਿਸਾਨ ਸਮਝਦਾ ਸੀ ਕਿ ਜਿਸ ਤਰ੍ਹਾਂ ਦਰਬਾਰ ਸਾਹਿਬ ਅੰਮ੍ਰਿਤਸਰ ਕੜਾਹ ਪ੍ਰਸ਼ਾਦ ਕਰਵਾਈਏ, ਜਿਹੜਾ ਕਿ ਉਹ ਆਪ ਵੀ ਕਈ ਵਾਰ ਕਰਵਾ ਚੁੱਕਾ ਸੀ, ਤਾਂ ਹਰਿਮੰਦਰ ਸਾਹਿਬ ਅੰਦਰ ਬੈਠਾ ਭਾਈ ਕ੍ਰਿਪਾਨ ਨਾਲ ਤਿੰਨ ਹਿੱਸੇ ਪ੍ਰਸ਼ਾਦ ਵੱਢ ਕੇ ਪਰਾਤ ਵਿਚ ਸੁੱਟ ਲੈਂਦਾ ਹੈ ਤੇ ਚੌਥਾ ਹਿੱਸਾ ਪ੍ਰਸ਼ਾਦ ਦਾ ਡੂਨਾ ਚੜ੍ਹਾਉਣ ਵਾਲੇ ਦੇ ਹੱਥ ਫੜਾ ਦੇਂਦਾ ਹੈ। ਏਥੇ ਵੀ ਏਸੇ ਤਰ੍ਹਾਂ ਹੀ ਹੋਣਾ ਹੈ। ਨਤੀਜਾ ਉਸਦੀ ਮੌਤ ਤੇ ਮੌਤ ਤੋਂ ਕੁਝ ਦਿਨ ਪਹਿਲਾਂ ਪਾਗਲਪਣ ਵਿਚ ਨਿਕਲਿਆ। ਉਹ ਜਦੋਂ ਵੀ ਕੋਈ ਗੱਲ ਕਰਦਾ 76 ਫੀਸਦੀ ਵਿਚ ਜ਼ਰੂਰ ਕਹਿੰਦਾ। ਬਸ 76 ਫੀਸਦੀ, 76 ਫੀਸਦੀ ਕਰਦਾ ਕਰਦਾ ਹੀ ਉਹ ਚਲ ਵਸਿਆ।

ਕਿਸਾਨ 'ਤੇ ਇਸ ਤਰ੍ਹਾਂ ਦੀਆਂ ਔਲੀਆਂ ਤੇ ਮਾਨਸਿਕ ਦਬਾਅ ਕੋਈ ਇਕ ਵਾਰ ਨਹੀਂ ਆਇਆ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਕਿਸਾਨ ਬਹੁਤ ਵਾਰੀ ਇਨ੍ਹਾਂ ਵਿਚੋਂ ਲੰਘਿਆ ਹੈ। ਜਦੋਂ ਪੰਜਾਬ ਵਿਚ ਮੁਰੱਬੇਬੰਦੀ ਹੋਈ ਤਾਂ ਜ਼ਮੀਨ ਨੂੰ ਇਕ ਥਾਂ 'ਤੇ ਇਕੱਠੀ ਕਰਨ ਦਾ ਫਾਰਮੂਲਾ ਇਹ ਸੀ ਕਿ ਕਿਸਾਨ ਦਾ ਜਿਥੇ ਵੱਡਾ ਟੁਕੜਾ ਹੋਵੇ, ਜਿਸਨੂੰ ਵੱਡਾ

ਟੁਕੜਾ (Major Portion) ਕਹਿੰਦੇ ਸਨ, ਬਾਕੀ ਦੇ ਛੋਟੇ-ਛੋਟੇ ਟੁਕੜੇ ਵੀ ਉਸਦੇ ਨਾਲ ਲਾ ਦਿੱਤੇ ਜਾਣ ਤੇ ਉਸਦਾ ਇਕ ਹੀ ਕੁਰ੍ਹਾ ਬਣਾ ਦਿੱਤਾ ਜਾਵੇ। ਦੂਰੋਂ ਲਿਆਉਣ ਵਾਲੇ ਛੋਟੇ-ਛੋਟੇ ਟੁਕੜਿਆਂ ਨੂੰ ਫਲੋ ਹੋ ਕੇ ਅਰਥਾਤ ਉੱਡ ਕੇ ਆਉਣ ਵਾਲੇ ਟੁਕੜੇ ਕਿਹਾ ਜਾਂਦਾ ਸੀ। ਇਕ ਕਿਸਾਨ ਦਾ ਜਦੋਂ ਇਕ ਕੁਰ੍ਹਾ ਬਣ ਗਿਆ ਤਾਂ ਉਸਨੇ ਪੁੱਛਿਆ ਕਿ ਮੇਰੀ ਰੋਹੀ ਵਾਲੀ ਜ਼ਮੀਨ ਹੁਣ ਕਿੱਥੇ ਹੈ? ਤਹਿਸੀਲਦਾਰ ਨੇ ਕਿਹਾ,"ਬਾਬਾ ਉਹ ਫਲੋਨ ਹੋ ਗਈ ਹੈ ਤੇ ਤੇਰੇ ਮਾਰੂ ਜ਼ਮੀਨ ਵਾਲੇ ਖਤਿੱਆਂ ਨਾਲ ਜਾ ਲੱਗੀ ਹੈ। ਉਸ ਗਰੀਬ ਕਿਸਾਨ ਦੀ ਰੋਹੀ ਵਾਲੀ ਜ਼ਮੀਨ ਹੀ ਉਸਦੇ ਘਰ ਦਾ ਗੁਜ਼ਾਰਾ ਚਲਾਉਂਦੀ ਸੀ। ਮਾਰੂ ਵਾਲੀ ਜ਼ਮੀਨ ਵਿਚ ਤਾਂ ਸਿਰਫ਼ ਮੋਠ ਤੇ ਗਵਾਰਾ ਹੀ ਹੁੰਦਾ ਸੀ। ਇਸ ਲਈ ਉਸਨੂੰ ਮਾਨਸਿਕ ਧੱਕਾ ਤਾਂ ਲੱਗਣਾ ਹੀ ਸੀ। ਉਹ ਕਿਸਾਨ ਦਿਮਾਗੀ ਤੌਰ 'ਤੇ ਏਨਾਂ ਹਿੱਲ ਗਿਆ ਕਿ ਜੇ ਉਸਨੂੰ ਕੋਈ ਪੁੱਛੇ ਕਿ ਬਾਬਾ ਜੀ ਤੁਹਾਡਾ ਨਾਂ ਕੀ ਹੈ? ਤਾਂ ਉਹ ਕਹਿੰਦਾ, "ਫਲੋਨ" ਜੇ ਕੋਈ ਪੁੱਛਦਾ ਬਾਬਾ ਕਿਥੋਂ ਆਇਆ ਹੈਂ, ਤਾਂ ਉਹ ਜਵਾਬ ਦਿੰਦਾ,"ਫਲੋਨ" ਤੇ ਉਸਨੇ ਬਾਕੀ ਦੀ ਸਾਰੀ ਜਿੰਦਗੀ ਏਸੇ ਹੀ ਹਾਲਤ ਵਿਚ ਕੱਟੀ।

ਇਸ ਉਪਰੋਕਤ ਸਾਰੀ ਗੱਲ ਨੂੰ ਰੋਣਾ ਧੋਣਾ ਨਾ ਸਮਝਿਆ ਜਾਵੇ ਸਗੋਂ ਉਹ ਕਾਰਨ ਸਨ, ਜਿਨ੍ਹਾਂ ਕਰਕੇ ਲੋਕ ਸੰਤ ਜਰਨੈਲ ਸਿੰਘ ਦੀਆਂ ਹੱਕੀ ਗੱਲਾਂ ਨਾਲ ਸਹਿਮਤ ਹੋਏ ਸਨ ਤੇ ਧਰਮਯੁੱਧ ਮੋਰਚੇ ਵਿਚ ਕੁੱਦੇ ਸਨ। ਇਸ ਸੰਘਰਸ਼ ਵਿਚ ਲਗਭਗ ਹਰ ਵਰਗ ਦੇ ਸਿੱਖਾਂ ਨੇ ਹਿੱਸਾ ਲਿਆ ਹੈ। ਇਹ ਪਹਿਲਾ ਮੌਕਾ ਸੀ ਜਦੋਂ ਪੇਂਡੂ, ਸ਼ਹਿਰੀ, ਅਮੀਰ, ਗਰੀਬ, ਪੜ੍ਹਿਆ ਲਿਖਿਆ, ਅਨਪੜ੍ਹ, ਕਲਰਕ, ਅਫਸਰ, ਫੌਜੀ ਤੇ ਰਿਕਸ਼ਾ ਚਲਾਉਣ ਵਾਲੇ ਸਿੱਖ ਤੱਕ ਨੇ ਮੋਰਚੇ ਵਿਚ ਭਾਗ ਲਿਆ। ਹਰ ਇਕ ਦੀ ਆਪਣੀ ਆਪਣੀ ਸਮੱਸਿਆ ਸੀ। ਇਹ ਬਿਲਕੁਲ ਓਸੇ ਤਰ੍ਹਾਂ ਹੀ ਹੈ ਜਿਵੇਂ ਅੱਜ ਕਲ ਟੀ.ਵੀ. ਸੀਰੀਅਲ 'ਕਹਾਨੀ ਘਰ ਘਰ ਕੀ' ਅਤੇ ਇਸ ਤੋਂ ਪਹਿਲਾਂ ਆਉਣ ਵਾਲਾ ਇਕ ਸੀਰੀਅਲ 'ਦਾਸਤਾਨ' ਸੀ। ਇਹ ਵੀ ਸਿੱਖ ਜਗਤ ਦੇ ਘਰ ਘਰ ਦੀ ਦਾਸਤਾਨ ਹੈ। ਹਰ ਇਕ ਦੀ ਆਪਣੀ ਆਪਣੀ ਸਮੱਸਿਆ ਸੀ। ਸੰਤ ਜਰਨੈਲ ਸਿੰਘ ਕਹਿੰਦੇ ਸਨ,"ਜੇ ਗੁੱਲੀ ਰਾਮ ਤੇ ਛੱਜੂ ਮੱਲ ਦਾ ਨਿਆਣਾ ਰਾਤ ਨੂੰ ਯਾਰਾਂ ਵੱਜ ਕੇ ਤਿੰਨ ਮਿੰਟ ਤੇ ਜੰਮੇ ਤੇ ਪਹਿਲੀ ਵਾਰੀ 'ਓਆਂ' ਕਰੇ ਤਾਂ ਓਸੇ ਵੇਲੇ ਹੀ ਆਪਣੇ ਪਿਓ ਦੀ ਜਾਇਦਾਦ ਦਾ ਹਿੱਸੇਦਾਰ ਬਣ ਜਾਂਦਾ ਹੈ ਪਰ ਸਿੱਖ ਦਾ ਪੁੱਤ ਇੱਕੀਆਂ ਸਾਲਾਂ ਦਾ ਹੋਵੇ ਤਾਂ ਫੇਰ ਉਹਨੂੰ ਇਹ ਹੱਕ ਪ੍ਰਾਪਤ ਹੁੰਦਾ ਹੈ। ਫਿਰ ਸਿੱਖ ਹਿੰਦੂ ਕਿਵੇਂ ਹੋਏ?"

ਲਓ ਇਹ ਉਹ ਸਵਾਲ ਹੈ ਜਿਸ ਦਾ ਅੱਜ ਤੱਕ ਕਿਸੇ ਸੁਪਰੀਮ ਕੋਰਟ ਦੇ ਜੱਜ ਕੋਲੋਂ ਵੀ ਕੋਈ ਉੱਤਰ ਨਹੀਂ ਦਿੱਤਾ ਗਿਆ ਤੇ ਨਾ ਹੀ ਭਾਰਤ ਦੇ ਕਿਸੇ ਹਿੰਦੂ ਕੋਲ ਇਸਦਾ ਉੱਤਰ ਹੈ। ਪਰ ਇਹ ਕੇਸ ਮੇਰੇ ਹੱਡਾਂ ਨਾਲ ਵਾਪਰਿਆ ਹੈ, ਇਸ ਲਈ ਜਿੰਨਾਂ ਚੰਗਾ ਵਿਚਾਰ ਮੈਂ ਪਾਠਕਾਂ ਨਾਲ ਸਾਂਝਾ ਕਰ ਸਕਦਾ ਹਾਂ, ਓਨਾ ਸ਼ਾਇਦ ਕੋਈ ਹੋਰ ਨਾ ਕਰ ਸਕਦਾ ਹੋਵੇ। "ਜਿਸਦੇ ਪੈਰ ਨਾ ਫਟੀ ਬਿਆਈ, ਉਹ ਕੀ ਜਾਣੇ ਪੀੜ ਪਰਾਈ।" ਕਿਸੇ ਨੇ ਘਰ ਦੇ ਦਰਵਾਜੇ ਲਾਗੇ ਬਧੇ ਹੋਏ ਬੌਲਦ ਬਾਰੇ ਉਸ ਦੀ ਮਾਲਕਣ ਮਾਈ ਨੂੰ ਪੁਛਿਆ, "ਮਾਈ ਵਹਿੜਕਾ ਮਾਰਦਾ ਤਾਂ ਨਹੀਂ?" ਉਸ ਕਿਹਾ, "ਪੁੱਤ ਹੋਰ ਰੰਡੀ ਕੀਹਦੀਂ ਕੀਤੀ ਹੋਈ ਹਾਂ।" ਮੈਂ ਆਪਣੀ ਜਿੰਦਗੀ ਦੇ ਕੀਮਤੀ ਵੀਹ ਸਾਲ ਇਸ ਕਾਨੂੰਨੀ ਨੁਕਤੇ ਕਰਕੇ ਭੰਗ ਦੇ ਭਾੜੇ ਗਾਲੇ ਹਨ।

ਹੋਇਆ ਇਸ ਤਰ੍ਹਾਂ ਕਿ ਜਦੋਂ ਲੈਂਡ ਸੀਲਿੰਗ ਐਕਟ 1953 ਬਣਿਆ ਤਾਂ ਜਿਨ੍ਹਾਂ

ਜ਼ਿਮੀਦਾਰਾਂ ਦੀ ਜ਼ਮੀਨ ਜ਼ਿਆਦਾ ਸੀ, ਉਨ੍ਹਾਂ ਮਰਦਿਆਂ ਨੇ ਵਾਧੂ ਜ਼ਮੀਨ ਆਪਣੇ ਇਤਬਾਰੀ ਨੌਕਰਾਂ ਤੇ ਸੀਰੀਆਂ ਦੇ ਨਾਂ ਲਵਾ ਦਿੱਤੀ ਤੇ ਕੁਝ ਮਾੜੇ ਮੋਟੇ ਜਿਹੇ ਅੰਗੂਠੇ ਕਾਗਜ਼ਾਂ 'ਤੇ ਲਵਾ ਕੇ ਆਪਣੇ ਕੋਲ ਰੱਖ ਲਏ। ਫੇਰ ਉਨ੍ਹਾਂ ਹੌਲੀ-ਹੌਲੀ ਕੁਝ ਜ਼ਮੀਨਾਂ ਵਿਚੋਂ ਵੇਚ ਲਈਆਂ ਤੇ ਵਿਚੋਂ ਕੁਝ ਨਾ ਕੁਝ ਪੈਸੇ ਆਪਣੇ ਇਤਬਾਰੀ ਸੀਰੀਆਂ ਨੂੰ ਵੀ ਦੇ ਦੂ ਛੱਡੇ। ਪਰ ਜਿਵੇਂ ਜਿਵੇਂ ਸੀਰੀ ਤੇ ਨੌਕਰਾਂ ਨੂੰ ਸੋਝੀ ਆਉਂਦੀ ਗਈ ਉਹ ਆਪਣੇ ਨਾਂਅ ਲੱਗੀ ਜ਼ਮੀਨ ਦਾ ਹੱਕ ਮੰਗਣ ਲੱਗ ਪਏ। ਬਹੁਤਿਆਂ ਨੂੰ ਉਹ ਮਿਲ ਵੀ ਗਿਆ। ਕਈਆਂ ਮੁਜਾਰਿਆਂ ਨਾਲ ਦੇ ਦੁਆ ਕੇ ਰਾਜੀਨਾਮੇ ਹੋ ਗਏ ਤੇ ਕਈਆਂ ਕੇਸਾਂ ਵਿਚ ਜ਼ਮੀਨ ਦੇ ਮਾਲਕ ਆਪਣੇ ਮੁਜ਼ਾਰਿਆਂ ਦੇ ਏਨਾਂ ਥੱਲੇ ਲੱਗ ਗਏ ਕਿ ਜਦੋਂ ਮੁਜਾਰੇ ਦੀ ਕੁੜੀ ਦਾ ਵਿਆਹ ਹੁੰਦਾ ਤਾਂ ਜਿੰਮੀਦਾਰ ਕੁੜੀ ਦਾ ਮਾਮਾ ਬਣ ਕੇ ਸਾਰੀ ਨਾਨਕੀ ਛੱਕ ਲੈ ਕੇ ਜਾਂਦਾ ਅਰਥਾਤ ਉਸ ਵਿਅਕਤੀ ਨੂੰ ਜਿਸਨੂੰ ਲੋਕ ਜਿੰਮੀਦਾਰ ਕਹਿੰਦੇ ਸਨ ਨੂੰ ਸਿਰਫ ਜ਼ਮੀਨ ਬਚਾਉਣ ਖਾਤਰ ਹੀ ਉਸ ਮੁਜਾਰੇ ਦਾ ਸਾਲਾ ਬਣਨਾ ਪੈਂਦਾ। ਇਹ ਰਿਵਾਜ਼ ਕੁਝ ਕੁ ਹੱਦ ਤਕ ਹੁਣ ਵੀ ਹੈ। ਜਿਵੇਂ ਸਿਆਣੇ ਕਹਿੰਦੇ ਹਨ- "ਜਦੋਂ ਹਵਾ ਵਗੇ ਤਾਂ ਉਹ ਚੂਹੇ ਦੀ ਖੁੱਡ ਵਿਚ ਵੀ ਲਗਦੀ ਹੈ" ਮੁਜਾਰਿਆਂ ਨੇ ਠੋਕ ਕੇ ਆਪਣੇ ਹਿੱਸੇ ਲਏ।

ਕਈਆਂ ਨੇ ਬਾਗ ਲਾ ਲਏ ਤੇ ਇਸ ਤਰ੍ਹਾਂ ਦੇ ਦੁਆ ਕੇ ਬਚਾਅ ਕਰਨ ਵਿਚ ਸਫਲ ਹੋ ਗਏ। ਕਈਆਂ ਦੇ ਮੁਕਦਮੇ ਝਗੜਦਿਆਂ ਝਗੜਦਿਆਂ ਦੇ ਮੁੰਡੇ ਬਾਲਗ ਹੋ ਗਏ ਤੇ ਦੇ ਦੁਆ ਕੇ ਮਹਿਕਮਾ ਮਾਲ ਦੇ ਕਾਗਜ਼ਾਂ ਵਿਚ ਤਬਦੀਲੀ ਹੋ ਗਈ। ਇਹ ਸਾਰਾ ਕੁਝ ਜ਼ਿਆਦਾ ਮਾਲਵੇ ਵਿਚ ਹੋਇਆ। ਹੁਣ ਕਮਿਊਨਿਸਟ ਤੇ ਹੋਰ ਐਵੇਂ ਬਕਵਾਸ ਕਰਦੇ ਹਨ ਕਿ ਪੰਜਾਬ ਵਿਚ ਅਜੇ ਵੀ ਵੱਡੇ ਮਾਲਕ ਹਨ ਤੇ ਜਗੀਰਦਾਰੀ ਪ੍ਰਬੰਧ ਅਜੇ ਵੀ ਹੈ। ਮਾਲਵੇ ਵਿਚ ਜਗੀਰਦਾਰ ਵਾਲੀ ਗੱਲ ਸ਼ਾਇਦ ਇਕ ਫੀਸਦੀ ਵੀ ਨਹੀਂ ਬਲਕਿ ਹੈ ਹੀ ਨਹੀਂ। ਇਹ ਸਿਰਫ ਲੋਕਾਂ ਦਾ ਰੌਲਾ ਤੇ ਬਕਵਾਸ ਹੈ ਤੇ ਇਸ ਵਿਚ ਕੋਈ ਸੱਚਾਈ ਨਹੀਂ। ਕਿਉਂਕਿ ਇਸ ਐਕਟ ਤੋਂ ਬਾਅਦ 1972 ਵਾਲੇ ਐਕਟ ਦਾ ਵੀ ਛਾਨਣਾ ਲੱਗ ਚੁੱਕਾ ਹੈ। ਇਸ ਐਕਟ ਵਿਚ ਤਾਂ ਇਹ ਵੀ ਹੈ ਕਿ ਜੇ ਕੋਈ ਮੁਜਾਰਾ ਦਸ ਪਾਵੇ ਕਿ ਫਲਾਣੇ ਜਿੰਮੀਦਾਰ ਕੋਲ ਵੱਧ ਜ਼ਮੀਨ ਹੈ ਤਾਂ ਉਹ ਜ਼ਮੀਨ ਉਸ ਬੰਦੇ ਨੂੰ ਹੀ ਅਲਾਟ ਕਰ ਦਿੱਤੀ ਜਾਵੇਗੀ। ਲੋਕਾਂ ਨੇ ਬੜੀਆਂ ਸ਼ਿਕਾਇਤਾਂ ਕੀਤੀਆਂ ਤੇ ਏਥੋਂ ਤਕ ਕਿ ਪੁਰਾਣੇ ਗੱਡੇ ਮੁਰਦੇ ਵੀ ਉਖਾੜ ਸੁੱਟੇ। ਜੇ ਕਮਿਊਨਿਸਟਾਂ ਨੂੰ ਜਾਂ ਬਹੁਜਨ ਸਮਾਜ ਪਾਰਟੀ ਦੇ ਦਲਿਤਾਂ ਨੂੰ ਅਜੇ ਵੀ ਇਹ ਲਗਦਾ ਹੈ ਕਿ ਕਿਸੇ ਕੋਲ ਵਾਧੂ ਜ਼ਮੀਨ ਹੈ ਤਾਂ ਉਹ ਦਰਖ਼ਾਸਤ ਦੇ ਕੇ ਉਸ ਕੋਲੋਂ ਜ਼ਮੀਨ ਲੈ ਕਿਉਂ ਨਹੀਂ ਲੈਂਦੇ? ਇਹ ਐਵੇਂ ਸਟੇਜਾਂ 'ਤੇ ਹੀ ਭਾਸ਼ਣਬਾਜੀ ਹੈ, ਅਸਲੀਅਤ ਕੁਝ ਨਹੀਂ। ਹਾਂ ਕੁਝ ਲੋਕਾਂ ਨੇ ਕਾਨੂੰਨ ਦੇ ਵਿਚ ਕੁਝ ਮਾਮੂਲੀ ਖਾਮੀਆਂ ਦਾ ਫਾਇਦਾ ਜ਼ਰੂਰ ਉਠਾਇਆ ਹੋਵੇਗਾ, ਜਿਹੜਾ ਕਿ ਉਨ੍ਹਾਂ ਦਾ ਹੱਕ ਹੈ ਤੇ ਕੋਈ ਵੀ ਉਹ ਹੱਕ ਖੋਹ ਨਹੀਂ ਸਕਦਾ। ਇਨਕਮ ਟੈਕਸ ਦਾ ਵੀ ਇਹ ਸੁਨਹਿਰਾ ਅਸੂਲ ਹੈ ਕਿ ਟੈਕਸ ਤੋਂ ਆਪਣਾ ਬਚਾਅ ਕਰਨਾ ਹਰ ਵਿਅਕਤੀ ਦਾ ਕਾਨੂੰਨੀ ਤੇ ਇਖ਼ਲਾਕੀ ਅਧਿਕਾਰ ਹੈ। 1972 ਵਾਲੇ ਐਕਟ ਵਿਚ ਇਕ ਫਸਲੀ ਜ਼ਮੀਨ ਵੱਧ ਰੱਖੀ ਜਾ ਸਕਦੀ ਹੈ। ਦੋ ਫਸਲਾਂ ਵਾਲੀ ਘੱਟ। ਐਸਾ ਕਿਸੇ ਨੇ ਦੋ ਫਸਲਾਂ ਵਾਲੀ ਨੂੰ ਮਹਿਕਮਾ ਮਾਲ ਦੇ ਕਾਗਜ਼ਾਂ ਵਿਚ ਇਕ ਫਸਲ ਵਾਲੀ ਕਰਵਾ ਕੇ ਘਚਾਨੀ ਮਾਰ ਲਈ ਹੋਵੇ ਤਾਂ ਵੱਖਰੀ ਗੱਲ ਹੈ ਪਰ ਇਹ ਵੀ ਦੋ ਚਾਰ ਫੀਸਦੀ ਤੋਂ ਵੱਧ ਨਹੀਂ ਹੋ ਸਕਦਾ।

ਦੂਜਾ ਤਰੀਕਾ ਇਹ ਸੀ ਕਿ ਕਈਆਂ ਨੇ ਆਪਣੀ ਪਤਨੀ ਦੇ ਨਾਂ 'ਤੇ ਵਾਧੂ

ਜ਼ਮੀਨ ਲਵਾ ਦਿੱਤੀ ਤੇ ਫਿਰ ਉਸ ਕੋਲੋਂ ਤਲਾਕ ਲੈ ਲਿਆ। ਇਹ ਕੇਸ ਵੀ ਇਕ ਅੱਧ ਫੀਸਦੀ ਤੋਂ ਵੱਧ ਨਹੀਂ। ਇਹ ਜ਼ਿਆਦਾਤਰ ਮਾਝੇ ਅਤੇ ਦੋਆਬੇ ਵਿਚ ਹੋਇਆ ਹੈ ਕਿਉਂਕਿ ਏਥੇ ਸੀਰੀ ਤੇ ਜੱਦੀ ਪੁਸ਼ਤੀ ਨੌਕਰਾਂ ਦਾ ਰਿਵਾਜ ਨਹੀਂ। ਇਸ ਤਰ੍ਹਾਂ ਦੇ ਇਕ ਕੇਸ ਨੇ ਕਾਫੀ ਤਰਥੱਲੀ ਮਚਾਈ ਸੀ। ਸ. ਬਲਬੀਰ ਸਿੰਘ ਚੰਦੀ ਜਲੰਧਰ ਜਿਲ੍ਹਾ ਅਟਾਰਨੀ ਦੇ ਅਹੁਦੇ ਤੋਂ ਤਰੱਕੀ ਲੈ ਕੇ ਚੰਡੀਗੜ੍ਹ ਡਿਪਟੀ ਡਾਇਰੈਕਟਰ ਪ੍ਰਾਸੀਕਿਊਸ਼ਨ ਲੱਗੇ ਤਾਂ ਇਕ ਹੋਰ ਜਿਲ੍ਹਾ ਅਟਾਰਨੀ ਨੇ ਵੀ ਇਸ ਅਹੁਦੇ ਵਾਸਤੇ ਹੱਕ ਜਤਾਇਆ। ਬਲਬੀਰ ਸਿੰਘ ਚੰਦੀ ਪਛੜੇ ਵਰਗ ਨਾਲ ਸੰਬੰਧਤ ਸਨ ਤੇ ਉਸ ਦੂਸਰੇ ਅਫਸਰ ਨੇ ਕਿਹਾ ਕਿ ਮੈਂ ਵੀ ਕਿਉਂਕਿ ਜੱਟ ਸਿੱਖ ਤੋਂ ਆਪਣਾ ਧਰਮ ਬਦਲ ਕੇ ਇਸਾਈ ਬਣ ਗਿਆ ਹਾਂ, ਇਸ ਲਈ ਮੈਂ ਵੀ ਪਛੜੇ ਵਰਗ ਵਿਚ ਆਉਂਦਾ ਹਾਂ। ਸਿਆਪਾ ਏਥੇ ਵੀ ਵਾਧੂ ਜਮੀਨ ਦਾ ਹੀ ਸੀ। ਉਸ ਅਫਸਰ ਨੇ ਆਪਣਾ ਧਰਮ ਬਦਲ ਕੇ ਆਪਣੀ ਪਤਨੀ ਦੇ ਨਾਂ ਪਹਿਲਾਂ ਦੀ ਹੀ ਲਗੀ ਹੋਈ ਜ਼ਮੀਨ ਨੂੰ ਬਚਾਉਣ ਲਈ ਰਜਾਮੰਦੀ ਨਾਲ ਤਲਾਕ ਦੇ ਦਿੱਤਾ ਤੇ ਨਾਲੇ ਉਹ ਇਸਾਈ ਬਣ ਜਾਣ ਕਰਕੇ ਪਛੜੇ ਵਰਗ ਦਾ ਵੀ ਬਣ ਗਿਆ। ਇਹ ਦੋਵੇਂ ਹੀ ਵਕੀਲ ਸਨ। 'ਸੱਪ ਨੂੰ ਸੱਪ ਲੜੇ, ਜ਼ਹਿਰ ਕੀਹਨੂੰ ਚੜ੍ਹੇ' ਵਾਲੀ ਗੱਲ ਹੋਈ। ਬਲਬੀਰ ਸਿੰਘ ਚੰਦੀ ਜਲੰਧਰ ਆਇਆ ਤਾਂ ਮੈਂ ਉਸਨੂੰ ਆਪਣੇ ਇਕ ਵਾਕਫ਼ ਇਸਾਈਆਂ ਦੇ ਬਿਸ਼ਪ ਕੋਲ ਲੈ ਗਿਆ। ਬਿਸ਼ਪ ਸਾਹਿਬ ਨੇ ਦੱਸਿਆ ਕਿ ਕੋਈ ਵੀ ਬੰਦਾ ਸਾਡੇ ਧਰਮ ਵਿਚ ਬਪਤਿਸਮਾ ਲੈ ਕੇ ਹੀ ਈਸਾਈ ਬਣ ਸਕਦਾ ਹੈ ਤੇ ਇਹ ਬਪਤਿਸਮਾ ਚਲਦੇ ਪਾਣੀ ਵਿਚ ਹੀ ਦਿੱਤਾ ਜਾ ਸਕਦਾ ਹੈ। ਲਓ ਜੀ, ਫਾਈਲ ਦੋਬਾਰਾ ਪੜ੍ਹੀ ਗਈ ਕਿ ਬਪਤਿਸਮਾ ਕਿਥੇ ਚਲਦੇ ਪਾਣੀ ਵਿਚ ਦਿੱਤਾ ਗਿਆ ਸੀ? ਤਾਂ ਇਹ ਇਕ ਨਹਿਰ ਵਿਚ ਲਿਆ ਗਿਆ ਸੀ। ਜਦੋਂ ਨਹਿਰ ਵਿਭਾਗ ਕੋਲੋਂ ਪਤਾ ਕੀਤਾ ਤਾਂ ਉਨ੍ਹਾਂ ਆਪਣਾ ਰਿਕਾਰਡ ਵੇਖ ਕੇ ਦੱਸਿਆ ਕਿ ਨਹਿਰ ਦੀ ਉਨ੍ਹਾਂ ਦਿਨਾਂ ਵਿਚ ਬੰਦੀ ਸੀ ਤੇ ਪਾਣੀ ਚਲਦਾ ਨਹੀਂ ਸੀ। ਬਸ ਏਨੀ ਗੱਲ ਨਾਲ ਹੀ ਬਲਬੀਰ ਸਿੰਘ ਚੰਦੀ ਕੇਸ ਜਿੱਤ ਗਿਆ। ਉਸ ਦੂਜੇ ਵਕੀਲ ਵਿਚਾਰੇ ਨੂੰ ਤਰੱਕੀ ਨਾ ਮਿਲਣ ਦਾ ਨੁਕਸਾਨ ਤਾਂ ਹੋਇਆ ਹੀ ਸਗੋਂ ਫਾਲਤੂ ਜਮੀਨ ਦਾ ਕੇਸ ਵੀ ਦੋਬਾਰਾ ਖੁੱਲ੍ਹ ਗਿਆ। ਕਮਿਊਨਿਸਟ ਤੇ ਬਹੁਜਨ ਸਮਾਜ ਪਾਰਟੀ ਵਾਲੇ ਅਜੇ ਵੀ ਸੁਣ-ਸੁਣਾ ਕੇ ਆਖੀ ਜਾਂਦੇ ਹਨ ਕਿ ਜ਼ਿਮੀਦਾਰਾਂ ਕੋਲ ਬੜੀ ਜ਼ਮੀਨ ਵਾਧੂ ਹੈ ਤੇ ਪੰਜਾਬ ਵਿਚ ਜਗੀਰਦਾਰੀ ਪ੍ਰਬੰਧ ਅਜੇ ਵੀ ਕਾਇਮ ਹੈ।

ਸੰਤ ਜਰਨੈਲ ਸਿੰਘ ਦੀ ਗੁੱਲੀ ਰਾਮ ਤੇ ਛੱਜੂ ਮੱਲ ਵਾਲੀ ਹਿੰਦੂ ਤੇ ਸਿੱਖ ਵਾਲੀ ਗੱਲ ਬਿਲਕੁਲ ਠੀਕ ਹੈ। ਏਥੇ ਮੈਂ ਆਪਣੀ ਇਕ ਗੱਲ ਦਸਦਾ ਹਾਂ ਜੋ ਸੰਤਾਂ ਦੀ ਗੱਲ ਨਾਲ ਮੇਲ ਖਾਂਦੀ ਹੈ। ਮੈਂ ਆਪਣੀ ਜ਼ਮੀਨ ਨੂੰ ਬਚਾਉਣ ਖ਼ਾਤਰ 1970 ਵਿਚ ਆਪਣੇ ਪਿਤਾ ਜੀ 'ਤੇ ਦਾਅਵਾ ਹੱਕ ਕੀਤਾ। ਦਾਅਵਾ ਕਰਕੇ ਜ਼ਮੀਨ ਆਪਣੀਆਂ ਦੋ ਮਾਤਾਵਾਂ, ਆਪਣੇ ਬੇਟੇ (ਉਦੋਂ ਉਹ ਦੋ ਤਿੰਨ ਮਹੀਨਿਆਂ ਦਾ ਹੀ ਸੀ) ਤੇ ਆਪਣੇ ਨਾਂਅ ਹੋਣ ਲਈ ਅਦਾਲਤ ਵਿਚ ਦਰਖ਼ਾਸਤ ਦਿੱਤੀ। ਇਹ ਅਸਾਂ ਹਿੰਦੂ ਸੰਯੁਕਤ ਪਰਿਵਾਰ (Hindu Undivided Family) ਦਾ ਸਵਿਧਾਨਿਕ ਅਧਿਕਾਰ ਵਰਤ ਕੇ ਦਾਇਰ ਕੀਤਾ। ਮੇਰੀਆਂ ਮਾਤਾਵਾਂ ਨੇ ਦਾਅਵਾ ਕੀਤਾ ਕਿ ਜਦੋਂ ਅਸੀਂ ਪਾਕਿਸਤਾਨ ਵਿਚੋਂ ਆਏ ਸੀ ਤਾਂ ਸਾਡੇ ਪਤੀ ਕੋਲ ਇਕ ਫੁੱਟੀ ਕੌਡੀ ਵੀ ਨਹੀਂ ਸੀ। ਇਨ੍ਹਾਂ ਨੇ ਸਾਨੂੰ ਆਖਿਆ ਸੀ ਕਿ ਜੇ ਤੁਸੀਂ ਆਪਣੇ ਇਸਤਰੀ ਧੰਨ ਦੇ ਗਹਿਣੇ ਵੇਚ ਕੇ ਮੈਨੂੰ ਦੇ ਦਿਓ ਤਾਂ ਮੈਂ ਟਿਊਬਵੈੱਲ ਲਵਾ ਲਵਾਂ ਤੇ ਨਾਲੇ ਦੋ ਜੋਗਾਂ ਬੌਲਦ ਲੈ ਕੇ ਵਾਹੀ ਸ਼ੁਰੂ ਕਰਾਂ, ਇਸਦੇ ਵੱਟੇ ਮੈਂ ਤੁਹਾਡੇ ਨਾਂਅ 'ਤੇ ਜ਼ਮੀਨ ਲਵਾ ਦਿਆਂਗਾ। ਅਸਾਂ ਤੇ

ਇਹਨਾਂ ਦਾ ਆਖਾ ਮੰਨ ਕੇ ਗਹਿਣੇ ਵੇਚ ਕੇ ਇਨ੍ਹਾਂ ਨੂੰ ਦੇ ਦਿੱਤੇ ਪਰ ਇਹ ਹੁਣ ਮੁੱਕਰ ਗਏ ਹਨ ਤੇ ਆਪਣਾ ਵਾਦਾ ਪੂਰਾ ਨਹੀਂ ਕਰਦੇ। ਇਸ ਲਈ ਸਾਨੂੰ ਇਸ ਅਦਾਲਤ ਦਾ ਕੁੰਡਾ ਖੜਕਾਉਣਾ ਪਿਆ ਹੈ। ਸਾਨੂੰ ਜ਼ਮੀਨ ਦਿੱਤੀ ਜਾਵੇ। ਮੇਰਾ ਦਾਅਵਾ ਵੀ ਸਿੱਧਾ ਸੀ ਕਿ ਮੈਂ ਹੁਣ ਬਾਲਗ ਹਾਂ ਮੈਨੂੰ ਮੇਰਾ ਹੱਕ ਮਿਲੇ। ਨਾਲੇ ਇਹ ਸਾਂਝੇ ਪਰਿਵਾਰ ਦੀ ਜ਼ਮੀਨ ਹੈ। ਸਾਡੇ ਵੱਡੇ ਵਡੇਰਿਆਂ ਤੋਂ ਤੁਰੀ ਆਉਂਦੀ ਹੈ। ਮੇਰਾ ਪਿਉ ਤਾਂ ਸਿਰਫ ਇਸਦਾ ਪ੍ਰਬੰਧਕ ਹੀ (Karta of the Family) ਹੈ ਛੋਟੇ ਮੁੰਡੇ ਦਾ ਕੇਸ ਵੀ ਇਹ ਸੀ ਕਿ ਉਹ ਜੰਮਣਸਾਰ ਹੀ ਜੱਦੀ ਜਾਇਦਾਦ ਦਾ ਹੱਕਦਾਰ ਹੈ ਸਾਨੂੰ ਪਿਤਾ-ਪੁਰਖੀ ਜਾਇਦਾਦ ਦਾ ਹਿੱਸਾ ਮਿਲਣਾ ਚਾਹੀਦਾ ਹੈ। ਓਦੋਂ ਸ. ਭਗਵਾਨ ਸਿੰਘ ਸਬ-ਜੱਜ ਸਨ। ਉਨ੍ਹਾਂ ਨੇ ਮੁਕਦਮਾ ਪੜ੍ਹਿਆ ਤੇ ਉਹਨਾਂ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਬੜੇ ਭਾਵੁਕ ਹੋ ਕੇ ਕਹਿਣ ਲੱਗੇ, "ਸਿੱਖੀ ਹੁਣ ਬਹੁਤਾ ਚਿਰ ਨਹੀਂ ਬਚਣੀ। ਮੈਂ ਸਮਝਦਾਂ ਹਾਂ ਕਿ ਸਿੱਖ ਸਿੱਖ ਹੋ ਕੇ ਵੀ ਹਿੰਦੂ ਹੋਣ ਦਾ ਅੱਕ ਕਿਉਂ ਚੱਬਣ ਲੱਗੇ ਹਨ ਪਰ ਹੁਣ ਇਹਨਾ ਕੋਲ ਹੋਰ ਕੋਈ ਚਾਰਾ ਵੀ ਤੇ ਨਹੀਂ। ਜੇ ਆਪਣੇ ਆਪ ਨੂੰ ਇਹ ਹਿੰਦੂ ਨਹੀਂ ਕਹਿੰਦੇ ਤਾਂ ਜ਼ਮੀਨ ਜਾਂਦੀ ਹੈ ਤੇ ਜੇ ਹਿੰਦੂ ਕਹਿੰਦੇ ਹਨ ਤਾਂ ਸਿੱਖੀ ਜਾਂਦੀ ਹੈ। ਜਮੀਨ ਵੱਟੇ ਸਿੱਖੀ ਰਖਣੀ ਇਨ੍ਹਾਂ ਲਈ ਬੜਾ ਮਹਿੰਗਾ ਸੌਦਾ ਹੈ। ਇਹ ਵਿਚਾਰੇ ਤਾਂ ਵਾਹੀ ਤੋਂ ਬਿਨਾਂ ਹੋਰ ਕੋਈ ਧੰਦਾ ਵੀ ਨਹੀਂ ਜਾਣਦੇ। ਇਹਨਾਂ ਕਿਹੜਾ ਹਿੰਦੂਆਂ ਵਾਂਗ ਪਕੌੜੇ ਤਲ ਕੇ ਰੋਟੀ ਕਮਾ ਲੈਣੀ ਹੈ।" ਸੱਬ ਜੱਜ ਸਾਹਿਬ ਦੀ ਇਹ ਅਤਿ ਸੰਵੇਦਨਸ਼ੀਲ ਤੇ ਭਾਵੁਕ ਟਿਪਣੀ ਸੁਣ ਕੇ ਸਾਡਾ ਜੀਅ ਕਰੇ ਕਿ ਅਸੀਂ ਭੁਬਾਂ ਮਾਰ ਮਾਰ ਕੇ ਰੋਈਏ। ਦਸਾਂ ਪੀੜ੍ਹੀਆਂ ਤੋਂ ਸਿਖ ਚਲਿਆ ਆਉਂਦਾ ਪਰਿਵਾਰ ਅੱਜ ਹਿੰਦੂ ਦੇ ਦਰਬਾਰ ਵਿਚ ਸਿੱਖ ਤੋਂ ਹਿੰਦੂ ਬਣਨ ਲਈ ਅਰਜ ਗੁਜਾਰ ਰਿਹਾ ਸੀ ਤੇ ਲਿਲਕੜੀਆਂ ਕੱਢ ਰਿਹਾ ਸੀ। ਕੋਈ ਦਸੇ ਕਿ ਹੇਠਲੀ ਉੱਤੇ ਹੋਰ ਕਿਦਾਂ ਆਉਂਦੀ ਹੈ।

ਇਕ ਪਤਨੀ ਦੇ ਹੁੰਦਿਆਂ ਕੋਈ ਦੂਜਾ ਵਿਆਹ ਨਹੀਂ ਕਰਵਾ ਸਕਦਾ, ਇਸਦਾ ਜਵਾਬ ਵੀ ਅਸਾਂ ਲੱਭ ਲਿਆ ਸੀ ਕਿ 'ਹਿੰਦੂ ਮੈਰਿਜ ਐਕਟ' ਬਾਅਦ ਵਿਚ ਬਣਿਆ ਹੈ। ਦੋ ਵਿਆਹ ਅੰਗਰੇਜ਼ ਦੇ ਰਾਜ ਵੇਲੇ ਦੇ ਹੋਏ ਹਨ, ਜਦੋਂ ਕਿ ਹਿੰਦੂ ਮੈਰਿਜ ਐਕਟ ਹੋਂਦ ਵਿਚ ਨਹੀਂ ਸੀ ਆਇਆ। ਖੈਰ ਜੀ, ਡਿਗਰੀ ਹੋ ਗਈ, ਸਾਡੀ ਜ਼ਮੀਨ ਵੰਡੀ ਗਈ। ਇਹ ਡਿਗਰੀ ਸੰਨ 1970 ਵਿਚ ਹੋਈ ਸੀ। 1971 ਵਿਚ ਨਾਲੇ ਤਾਂ ਖੇਤੀ ਵਾਲੀ ਜ਼ਮੀਨ 'ਤੇ ਵੈਲਥ ਟੈਕਸ ਤੇ ਹੋਰ ਟੈਕਸ ਲੱਗਣ ਦਾ ਕਾਨੂੰਨ ਆ ਗਿਆ ਤੇ 1971 ਵਿਚ ਹੀ ਮੇਰੇ ਪਿਤਾ ਜੀ ਵੀ ਚੱਲ ਵਸੇ। ਜਿਹੜਾ ਹਿੱਸਾ ਮੇਰੇ ਪਿਤਾ ਜੀ ਦੇ ਨਾਂਅ ਬਚਦਾ ਸੀ, ਉਹ ਅਸਾਂ ਵਸੀਅਤ ਬਣਾ ਕੇ ਆਪਸ ਵਿਚ ਵੰਡ ਲਿਆ ਤੇ ਜ਼ਮੀਨ ਵੇਚ ਦਿੱਤੀ (ਜਿਸਦਾ ਜ਼ਿਕਰ ਉੱਪਰ ਆ ਚੁੱਕਾ ਹੈ)।

ਜਦੋਂ ਅਸੀਂ ਟੈਕਸ ਰਿਟਰਨ ਫਾਈਲ ਕੀਤੀ ਤਾਂ ਅਸੀਂ ਆਪਣਾ ਸੰਯੁਕਤ ਹਿੰਦੂ ਪਰਿਵਾਰ ਦਾ ਹੱਕ ਜਤਾਇਆ ਪਰ ਇੰਨਕਮ ਟੈਕਸ ਅਫਸਰ ਨੇ ਸਾਡੀ ਅਦਾਲਤ ਦੁਆਰਾ ਦਿੱਤੀ ਹੋਈ ਡਿਗਰੀ ਨੂੰ ਬੋਗਸ ਤੇ ਬੇਕਾਰ ਕਹਿ ਕੇ, ਇਸਨੂੰ ਸਾਡੇ ਪਿਤਾ ਵੱਲੋਂ ਸਾਨੂੰ ਦਿੱਤਾ ਗਿਆ ਤੋਹਫਾ ਅਰਥਾਤ ਗਿਫਟ ਕਰਾਰ ਦੇ ਦਿੱਤਾ। ਏਥੇ ਕਾਨੂੰਨੀ ਨੁਕਤਾ ਇਹ ਸੀ ਕਿ ਇੰਨਕਮ ਟੈਕਸ ਅਫਸਰ ਅਨੁਸਾਰ (ਐਚ.ਯੂ. ਐਫ) ਹਿੰਦੂ ਸੰਯੁਕਤ ਪਰਿਵਾਰ ਐਕਟ ਸਿੱਖਾਂ 'ਤੇ ਲਾਗੂ ਹੀ ਨਹੀਂ ਹੁੰਦਾ। ਇਹ ਸਿਰਫ ਹਿੰਦੂ ਪਰਿਵਾਰਾਂ 'ਤੇ ਹੀ ਲਾਗੂ ਹੁੰਦਾ ਹੈ। ਅਸਾਂ ਕਿਹਾ ਕਿ ਸੰਵਿਧਾਨ ਦੀ ਧਾਰਾ 25 ਬੀ-2 ਵਿਚ ਤਾਂ ਸਿੱਖ ਵੀ ਹਿੰਦੂ ਹੀ ਮੰਨੇ ਗਏ ਹਨ ਤੇ

ਜੈਨੀ ਤੇ ਬੋਧੀ ਵੀ ਹਿੰਦੂ ਹੀ ਹਨ ਪਰ ਇੰਨਕਮ ਟੈਕਸ ਅਫਸਰ ਨੇ ਕਿਹਾ ਕਿ ਜਦੋਂ ਅੰਗਰੇਜ਼ ਭਾਰਤ ਵਿਚ ਆਏ ਸਨ ਤਾਂ ਉਹਨਾਂ ਕਿਹਾ ਸੀ ਕਿ ਅਸੀਂ ਤੁਹਾਡੇ ਰਸਮਾਂ ਰਿਵਾਜਾਂ ਵਿਚ ਕੋਈ ਦਖ਼ਲ ਨਹੀਂ ਦੇਣਾ। ਇਸ ਲਈ ਉਨ੍ਹਾਂ ਨੇ ਦੋ ਕਾਨੂੰਨ ਬਣਾਏ। ਇਕ ਤਾਂ ਸੰਯੁਕਤ ਪਰਿਵਾਰ ਵਾਲਾ ਤੇ ਦੂਜਾ ਰਿਵਾਜ ਵਾਲਾ ਅਰਥਾਤ ਜਿਸ ਨੂੰ ਅੰਗਰੇਜ਼ੀ ਵਿਚ ਕਸਟਮਰੀ ਲਾਅ (Personal Law) ਕਹਿੰਦੇ ਹਨ। ਇਹ ਕਸਟਮਰੀ ਲਾਅ ਹੀ ਜੱਟਾਂ 'ਤੇ ਲਾਗੂ ਹੁੰਦਾ ਹੈ। ਇਕ ਜੱਟ ਆਪਣੇ ਜੀਉਂਦੇ ਜੀਅ ਆਪਣੀ ਜਾਇਦਾਦ ਦਾ ਵਾਹਦ ਮਾਲਿਕ ਹੁੰਦਾ ਹੈ। ਉਹ ਆਪਣੀ ਜ਼ਮੀਨ ਵੇਚ ਕੇ ਸ਼ਰਾਬ ਪੀ ਲਵੇ, ਡੋਡੇ ਪੀ ਲਵੇ, ਅਫ਼ੀਮ ਖਾ ਲਵੇ, ਗੁਰਦੁਆਰੇ ਦੇ ਨਾਂ ਲੁਆ ਦੇਵੇ, ਭਾਵੇਂ ਕਾਲੇ ਚੋਰ ਨੂੰ ਦੇ ਦੇਵੇ, ਕੋਈ ਉਸਨੂੰ ਰੋਕ ਨਹੀਂ ਸਕਦਾ। ਜ਼ਮੀਨ ਦੀ ਮਾਲਕੀ ਵਾਲੇ ਲੋਕਾਂ 'ਤੇ ਇਹ ਕਾਨੂੰਨ ਹੀ ਲਾਗੂ ਹੁੰਦਾ ਹੈ। ਜੱਟ ਦਾ ਪੁੱਤ ਜੱਟ ਦਾ ਏਸੇ ਕਰਕੇ ਹੀ ਵੈਰੀ ਹੁੰਦਾ ਹੈ ਤੇ ਜ਼ਮੀਨ ਲਈ ਆਪਣੇ ਪਿਉ ਦਾ ਕਤਲ ਵੀ ਕਰ ਦੇਂਦਾ ਹੈ। ਕਿਉਂਕਿ ਉਸਨੂੰ ਪਤਾ ਹੁੰਦਾ ਹੈ ਕਿ ਇਸ ਦੇ ਜੀਂਦੇ ਜੀਅ ਮੈਨੂੰ ਹੋਰ ਕਿਸੇ ਵੀ ਤਰੀਕੇ ਨਾਲ ਜਾਇਦਾਦ ਨਹੀਂ ਮਿਲ ਸਕਦੀ।

ਮੈਂ ਕਿਹਾ, "ਇਹ ਕਾਨੂੰਨ ਜੱਟਾਂ 'ਤੇ ਲਾਗੂ ਹੁੰਦਾ ਹੋਵੇਗਾ ਪਰ ਮੇਰਾ ਪਰਿਵਾਰ ਜੱਟ ਪਰਿਵਾਰ ਨਹੀਂ। ਅਸੀਂ ਕੰਬੋ ਹਾਂ, ਇਸ ਲਈ ਸਾਡੇ 'ਤੇ ਸੰਯੁਕਤ ਪਰਿਵਾਰ ਹੀ ਲਾਗੂ ਹੁੰਦਾ ਹੈ। ਕਿਉਂਕਿ ਕੰਬੋ ਜੱਟ ਨਹੀਂ ਹੁੰਦੇ। ਜੇ ਗੱਲ ਸਿਰਫ ਜੱਟ 'ਤੇ ਹੀ ਕਾਨੂੰਨ ਲਾਗੂ ਹੋਣ ਦੀ ਸੀ ਤਾਂ ਇਹ ਗੱਲ ਏਥੇ ਹੀ ਮੁੱਕ ਜਾਣੀ ਚਾਹੀਦੀ ਸੀ ਕਿਉਂਕਿ ਓਸੇ ਦਿਨ ਹੀ ਮੈਂ ਇਕ ਬਿਆਨ ਹਲਫੀਆ ਮੈਜਿਸਟਰੇਟ ਫਸਟ ਕਲਾਸ ਕੋਲੋਂ ਤਸਦੀਕ ਕਰਵਾ ਕੇ ਮਹਿਕਮਾ ਇਨਕਮ ਟੈਕਸ ਨੂੰ ਦੇ ਦਿੱਤਾ ਕਿ ਅਸੀਂ ਕੰਬੋ ਹਾਂ ਤੇ ਕੰਬੋ ਜੱਟ ਨਹੀਂ ਹੁੰਦੇ। ਪੁਸ਼ਟੀ ਵਜੋਂ ਇਕ ਕਿਤਾਬ ਵੀ ਨਾਲ ਪੇਸ਼ ਕਰ ਦਿੱਤੀ ਪਰ ਇੰਨਕਮ ਟੈਕਸ ਅਫਸਰ ਨੇ ਹੋਰ ਘਤੁੱਤ ਕੱਢ ਦਿੱਤੀ ਕਿ ਭਾਵੇਂ ਤੁਸੀਂ ਜੱਟ ਨਹੀਂ ਤਾਂ ਵੀ ਇਹ ਸੰਯੁਕਤ ਪਰਿਵਾਰ ਵਾਲਾ ਕਾਨੂੰਨ ਸਿਰਫ ਸ਼ਹਿਰਾਂ ਵਿਚ ਹੀ ਲਾਗੂ ਹੁੰਦਾ ਹੈ, ਪਿੰਡਾਂ ਵਿਚ ਨਹੀਂ। ਮੈਂ ਓਸੇ ਵੇਲੇ ਮੈਜਿਸਟ੍ਰੇਟ ਫਸਟ ਕਲਾਸ ਕੋਲੋਂ ਤਸਦੀਕ ਕਰਵਾ ਕੇ ਇਕ ਹੋਰ ਬਿਆਨ ਹਲਫ਼ੀਆ ਦੇ ਦਿੱਤਾ ਕਿ ਮੈਂ ਪਿੰਡ ਵਿਚ ਨਹੀਂ ਸ਼ਹਿਰ ਵਿਚ ਰਹਿੰਦਾ ਹਾਂ ਤੇ ਇਸ ਗੱਲ ਦੀ ਪੁਸ਼ਟੀ ਲਈ ਮਿਉਨਸੀਪਲ ਕਮੇਟੀ ਜਲੰਧਰ ਦਾ ਨੋਟੀਫਿਕੇਸ਼ਨ ਅਤੇ ਸਰਟੀਫੀਕੇਟ ਵੀ ਨਾਲ ਨੱਥੀ ਕਰ ਦਿੱਤਾ। ਇੰਨਕਮ ਟੈਕਸ ਅਫਸਰ ਜੋ ਇਕ ਕੱਟੜ ਹਿੰਦੂ ਬ੍ਰਾਹਮਣ ਸੀ ਤੇ ਕਿਸੇ ਵੀ ਤਰ੍ਹਾਂ ਮੈਨੂੰ ਆਰਥਕ ਰਗੜਾ ਲਾਉਣ 'ਤੇ ਤੁਲਿਆ ਹੋਇਆ ਸੀ ਨੇ ਕਿਹਾ ਕਿ ਭਾਵੇਂ ਤੁਸੀਂ ਸ਼ਹਿਰ ਵਿਚ ਹੀ ਰਹਿੰਦੇ ਹੋ ਤਦ ਵੀ ਇਹ ਕਾਨੂੰਨ ਜੱਦੀ ਜਾਇਦਾਦਾਂ 'ਤੇ ਹੀ ਲਾਗੂ ਹੁੰਦਾ ਹੈ ਅਰਥਾਤ ਉਹ ਜਾਇਦਾਦ ਜਿਹੜੀ ਕਿਸੇ ਦੇ ਬਾਬੇ ਪੜਦਾਦੇ ਨੇ ਖ਼ਰੀਦੀ ਹੋਵੇ। ਜੇ ਕਿਸੇ ਦੇ ਪਿਤਾ ਨੇ ਜਾਇਦਾਦ ਖ਼ਰੀਦੀ ਹੋਵੇ ਤਾਂ ਉਸ 'ਤੇ ਇਹ ਲਾਗੂ ਨਹੀਂ ਹੁੰਦਾ। ਮੈਂ ਮਹਿਕਮਾ ਮੁੜ ਵਸਾਊ (Rehabilitation Department) ਜਾ ਕੇ ਪੁਰਾਣੀ ਉਹ ਫਰਦ ਜਮਾਂਬੰਦੀ ਕਢਵਾ ਲਈ ਜਿਸ ਤੋਂ ਸਾਨੂੰ ਪਾਕਿਸਤਾਨ ਦੀ ਜ਼ਮੀਨ ਬਦਲੇ ਏਥੇ ਜ਼ਮੀਨ ਅਲਾਟ ਹੋਈ ਸੀ। ਜ਼ਮੀਨ ਦੀ ਅਲਾਟਮੈਂਟ ਦੇ ਕਾਗਜ਼ ਵੀ ਦਾਖਲ ਕੀਤੇ। ਫਰਦ ਦੇ ਨਾਲ ਕੁਰਸੀਨਾਮੇ (Padegery Table) ਦੀ ਨਕਲ ਵੀ ਨਾਲ ਲਾਈ ਪਰ ਅਫਸਰ ਫਿਰ ਵੀ ਨਾ ਮੰਨਿਆ। ਉਸ ਨੇ ਕਿਹਾ, "ਇਹ ਤਾਂ ਠੀਕ ਹੈ ਕਿ ਜ਼ਮੀਨ ਤੁਹਾਨੂੰ ਪਾਕਿਸਤਾਨ ਵਾਲੀ ਜ਼ਮੀਨ ਵੱਟੇ ਮਿਲੀ ਹੈ ਪਰ ਇਹ ਕਿਥੇ ਸਾਬਤ ਹੁੰਦਾ ਹੈ ਕਿ ਤੁਹਾਡੇ ਬਾਬੇ ਜਾਂ ਪੜਦਾਦੇ ਦੀ ਹੈ? ਕੀ ਪਤਾ ਤੁਹਾਡੇ ਪਿਤਾ ਜੀ ਨੇ ਪਾਕਿਸਤਾਨ ਬਣਨ

ਤੋਂ ਪਹਿਲਾਂ ਮੁੱਲ ਲਈ ਹੋਵੇ। ਕਿੱਸਾ-ਕੋਤਾ ਇਹ ਕਿ ਇੰਨਕਮ ਟੈਕਸ ਅਫਸਰ ਸਿੱਧੇ ਸਾਦੇ ਕੇਸ ਨੂੰ ਮੁਤੱਸਬੀਪੁਣੇ ਕਰਕੇ ਹੀ ਉਲਝਾ ਰਿਹਾ ਸੀ। ਉਹ ਮੈਨੂੰ ਕੋਈ ਵੀ ਰਿਆਇਤ ਦੇਣ ਲਈ ਤਿਆਰ ਨਹੀਂ ਸੀ। ਮਾੜੀ ਮੋਟੀ ਰਿਸ਼ਵਤ ਦੀ ਗੱਲ ਵੀ ਚੱਲੀ ਪਰ ਜਿੰਨੀ ਉਹ ਮੰਗਦਾ ਸੀ, ਓਨੀਂ ਰਿਸ਼ਵਤ ਮੈਂ ਆਪਣੀ ਅੱਧੀ ਜ਼ਮੀਨ ਵੇਚ ਕੇ ਵੀ ਨਹੀਂ ਸਾਂ ਦੇ ਸਕਦਾ। ਅਖ਼ੀਰ ਜੱਦੀ ਜ਼ਮੀਨ ਸਾਬਤ ਕਰਨ ਲਈ ਮੈਂ ਪਾਕਿਸਤਾਨ ਜਾਣ ਦਾ ਫੈਸਲਾ ਕਰ ਲਿਆ। ਓਦੋਂ ਪਾਕਿਸਤਾਨ ਵਿਚ ਜ਼ਿਆ-ਉਲ-ਹੱਕ ਨੇ ਜ਼ੁਲਫ਼ਕਾਰ ਅਲੀ ਭੁੱਟੋ ਦਾ ਤਖ਼ਤਾ ਪਲਟ ਕੇ ਰਾਜ ਸਾਂਭਿਆ ਸੀ ਤੇ ਪਾਕਿਸਤਾਨ ਵਿਚ ਬਹੁਤ ਜ਼ਿਆਦਾ ਗੜਬੜ ਚਲ ਰਹੀ ਸੀ ਤੇ ਅਮਨ-ਕਾਨੂੰਨ ਦੀ ਸਥਿਤੀ ਚੰਗੀ ਨਹੀਂ ਸੀ ਪਰ ਜਾਇਦਾਦ ਨੂੰ ਬਚਾਉਣ ਲਈ ਮੈਂ ਇਹ ਜੋਖ਼ਮ ਵੀ ਉਠਾਇਆ ਤੇ ਪਾਕਿਸਤਾਨ ਜਾਣ ਵਾਸਤੇ ਵੀਜ਼ਾ ਲੈਣ ਲਈ ਪਾਕਿਸਤਾਨ ਅੰਬੈਸੀ ਵਿਚ ਜਾ ਪੇਸ਼ ਹੋਇਆ। ਕਿਉਂਕਿ ਕਦੇ ਕਿਸੇ ਇਕੱਲੇ ਸਿੱਖ ਨੇ ਇੰਨਕਮ ਟੈਕਸ ਦੇ ਬਚਾਅ ਲਈ ਵੀਜ਼ਾ ਨਹੀਂ ਸੀ ਮੰਗਿਆ, ਇਸ ਲਈ ਇਹ ਗੱਲ ਪਾਕਿਸਤਾਨ ਦੇ ਹਾਈ ਕਮਿਸ਼ਨਰ ਦੀ ਸਮਝ ਤੋਂ ਬਾਹਰ ਸੀ। ਉਹ ਇਸ ਗੱਲ ਤੋਂ ਬਹੁਤ ਹੈਰਾਨ ਸੀ ਕਿ ਹਿੰਦੁਸਤਾਨ ਵਿਚ ਖੇਤੀ ਵਰਗੇ ਅੱਤ ਘਾਟੇ ਦੇ ਧੰਦੇ 'ਤੇ ਵੀ ਇੰਨਕਮ ਟੈਕਸ ਲਗਦਾ ਹੈ?

ਇਸ ਸਾਰੀ ਗੱਲ ਦਾ ਜ਼ਿਕਰ ਮੈਂ ਆਪਣੀ ਹੋਰ ਛਪ ਰਹੀ ਕਿਤਾਬ *"ਮੇਰੀ ਪਾਕਿਸਤਾਨ ਯਾਤਰਾ : ਕੁਝ ਯਾਦਾਂ"* ਵਿਚ ਕੀਤਾ ਹੈ। ਮੈਨੂੰ ਵੀ ਕਿਉਂਕਿ ਜਾਨ ਪਿਆਰੀ ਸੀ ਇਸ ਕਰਕੇ ਵੀਜ਼ਾ ਮਿਲ ਜਾਣ 'ਤੇ ਵੀ ਮੈਂ ਪਾਕਿਸਤਾਨ ਨਾ ਗਿਆ ਪਰ ਪਾਕਿਸਤਾਨੀਆਂ ਦੀ ਸਿੱਖਾਂ ਨਾਲ ਦਿਲੀ ਹਮਦਰਦੀ ਨੇ ਮੇਰਾ ਦਿਲ ਮੋਹ ਲਿਆ। ਕਿਉਂਕਿ ਹਿੰਦੁਸਤਾਨ ਵਿਚੋਂ ਪਾਕਿਸਤਾਨ ਜਾਣ ਵਾਲੇ ਮੁਸਲਮਾਨਾਂ ਨੂੰ ਏਥੋਂ ਛੱਡ ਕੇ ਜਾਣ ਵਾਲੀ ਜ਼ਮੀਨ ਦੇ ਬਦਲੇ ਲਗਭਗ ਦੁੱਗਣੀ ਜ਼ਮੀਨ ਤੇ ਕਈ ਸ਼ਹਿਰਾਂ ਵਿਚ ਕੀਮਤ ਦੇ ਲਿਹਾਜ ਨਾਲ ਤਿੱਗਣੀ ਤੋਂ ਵੀ ਵਧ ਮਿਲੀ ਸੀ। ਇਹ ਗੱਲ ਮੈਨੂੰ ਪਾਕਿਸਤਾਨ ਦੇ ਹਾਈ ਕਮਿਸ਼ਨਰ ਨੇ ਆਪ ਦੱਸੀ ਸੀ। ਬਾਬੂ ਰਜਬ ਅਲੀ ਜੋ ਇਕ ਕਿੱਸਾਕਾਰ ਸੀ, ਮੋਗੇ ਦਾ ਰਹਿਣ ਵਾਲਾ ਸੀ, ਤੇ ਨਹਿਰ ਦੇ ਮਹਿਕਮੇ ਵਿਚ ਨੌਕਰੀ ਵੀ ਕਰਦਾ ਸੀ। ਪਾਕਿਸਤਾਨ ਵਿਚ ਲਿਖੀ ਉਸਦੀ ਲਿਖਤ ਤੋਂ ਸਾਫ ਪਤਾ ਲੱਗਦਾ ਹੈ ਕਿ ਉਹ ਭਾਰਤ ਵਿਚੋਂ ਮੋਗੇ ਤੋਂ ਵੀਹ ਕਿੱਲ੍ਹੇ ਪੁਸ਼ਤੈਨੀ ਜਾਇਦਾਦ ਛੱਡ ਕੇ ਪਾਕਿਸਤਾਨ ਗਿਆ ਸੀ ਪਰ ਓਥੇ ਉਸ ਨੂੰ ਚਾਲੀ ਕਿੱਲੇ ਉਪਜਾਊ ਜ਼ਮੀਨ ਮਿਲੀ। ਬਾਬੂ ਰਜਬ ਅਲੀ ਜਿਸ ਮੋਗੇ ਵਿਚੋਂ ਗਿਆ ਸੀ ਲੋਕ ਉਸ ਮੋਗੇ ਨੂੰ 'ਮੋਗਾ ਸਹਿਕਿਆ ਜੋਗਾ' ਕਹਿੰਦੇ ਹੁੰਦੇ ਸਨ। ਇਸ ਦੀ ਪੁਸ਼ਟੀ ਲਈ ਥਲੇ ਉਸਦੀ ਲਿਖੀ ਹੋਈ ਕਵਿਤਾ ਇੰਨ ਬਿੰਨ ਦਿੱਤੀ ਜਾ ਰਹੀ ਹੈ।

ਰਜਬ ਅਲੀ ਨਾਮ ਸਾਹੋ ਕੇ ਗਰਾਮ ਹੈ।
ਮੰਨ ਲੈਣਾ ਹਥ ਜੋੜ ਕੇ ਸਲਾਮ ਹੈ।
ਬਾਘੇ ਵਾਲਾ ਠਾਣਾ ਮੋਗੇ ਦੀ ਤਸੀਲ ਸੀ।
ਮੋਗਾ ਸਾਡੇ ਪਿੰਡ ਤੋਂ ਸਤਾਰਾਂ ਮੀਲ ਸੀ।
ਮੇਰੇ ਪਾਸ ਬਾਬੂ ਨਹਿਰੀ ਦੀ ਅਸਾਮੀ ਸੀ।
ਜਾਣਦੇ ਬਥੇਰੇ ਲੋਕ ਲਾਹਮੀਂ ਸ਼ਾਹਮੀਂ ਸੀ।
ਸੰਨ ਸੰਤਾਲੀ ਦੇਸ਼ 'ਚੋਂ ਉਜਾੜੇ ਸੀ।
ਅੰਨ ਜਲ ਲੈ ਗਿਆ ਖਿਚ ਕੇ ਉਕਾੜੇ ਸੀ।

ਬੱਤੀ ਚੱਕ ਮਿਲ ਗਿਆ ਠਕਾਣਾ ਛੇਕੜ ਐ।
ਮਿਲ ਗਈ ਜ਼ਮੀਨ ਓਥੇ ਚਾਲੀ ਏਕੜ ਐ।
ਸ਼ਹਿਰ ਦੇ ਸਾਹਮਣੇ ਜਲਾਲਾਬਾਦ ਦੇ।
ਜਿਥੇ ਬਾਹਲੇ ਖੇਤ ਧਾਨ ਤੇ ਕਮਾਦ ਦੇ।
ਲਗੇ ਨਾ ਕਿਸੇ ਦਾ ਚਿਤ ਪ੍ਰਦੇਸ ਜਾ।
ਹੋਗੀ ਸੱਠ ਏਕੜ ਅਬਾਦ ਏਸ ਜਾ।
ਕਾਕਿਆਂ ਦੀ ਮਾਂ ਤੇ ਮੈਂ ਬੱਤੀ 'ਚ ਰਹਿਨੇ ਆਂ
ਪੈਨਸ਼ਨ ਮਿਲਦੀ ਹੈ ਬਹਾਰਾਂ ਲੈਨੇ ਆਂ।

ਜਦੋਂ ਕਿ ਸਾਨੂੰ ਪੰਜਾਹ ਫੀਸਦੀ ਕੱਟ ਤਾਂ ਸਿੱਧੀ ਹੀ ਲਾ ਦਿੱਤੀ ਗਈ ਸੀ ਤੇ ਫੇਰ ਅਰਬਨ, ਸਬ-ਅਰਬਨ ਤੇ ਰੂਰਲ ਅਰਥਾਤ (ਸ਼ਹਿਰੀ, ਸ਼ਹਿਰ ਦੇ ਨੇੜੇ ਵਾਲੀ ਤੇ ਪੇਂਡੂ ਜ਼ਮੀਨ) ਦਾ ਵਿਤਕਰਾ ਪਾ ਕੇ ਵੀ ਹੋਰ ਕੱਟ ਲਾਈ ਗਈ ਸੀ। ਇਸ ਬਾਣੀਆ ਸਰਕਾਰ ਨੇ ਸਾਡੀ ਹੀ ਜ਼ਮੀਨ ਦੇ ਵਟਾਂਦਰੇ ਵਿਚ ਆਈ ਹੋਈ ਜ਼ਮੀਨ, ਜੋ ਅਲਾਟ ਕਰਨ ਤੋਂ ਬਚ ਗਈ ਸੀ, ਨੂੰ ਵੇਚ ਕੇ ਸਰਕਾਰੀ ਖ਼ਜ਼ਾਨੇ ਵਿਚ ਵਾਧਾ ਕੀਤਾ ਪਰ ਵਾਧੂ ਜ਼ਮੀਨ ਅਲਾਟੀਆਂ ਵਿਚ ਨਾ ਵੰਡੀ ਗਈ, ਜਦੋਂ ਕਿ ਉਸ ਜ਼ਮੀਨ 'ਤੇ ਸਾਡਾ ਹੱਕ ਬਣਦਾ ਸੀ। ਸਾਡੀਆਂ ਜ਼ਮੀਨਾਂ ਦਾ ਵਟਾਂਦਰਾ ਹੋਇਆ ਸੀ, ਭਾਰਤ ਸਰਕਾਰ ਦੀ ਜ਼ਮੀਨ ਦਾ ਨਹੀਂ ਸੀ ਹੋਇਆ। ਜਦੋਂ ਕਿ ਪਾਕਿਸਤਾਨ ਨੇ ਮਰਲਾ-ਮਰਲਾ ਜ਼ਮੀਨ ਏਧਰੋਂ ਜਾਣ ਵਾਲੇ ਮੁਸਲਮਾਨ ਕਿਸਾਨਾਂ ਵਿਚ ਵੰਡ ਦਿੱਤੀ ਸੀ।

ਮੇਰਾ ਪਰਿਵਾਰ ਪਾਕਿਸਤਾਨ ਵਿਚੋਂ ਉੱਜੜ ਕੇ ਏਧਰ ਆ ਕੇ ਆਰਥਕ ਇਨਸਾਫ ਲੈਣ ਲਈ ਦੋ ਵਾਰ ਸੁਪਰੀਮ ਕੋਰਟ ਜਾ ਚੁੱਕਾ ਸੀ। ਮੁਕਦਮੇ ਲੜ-ਲੜ ਕੇ ਅਸੀਂ ਤਬਾਹ ਹੋ ਚੁੱਕੇ ਸਾਂ। ਇਸ ਤਰ੍ਹਾਂ ਮੈਂ ਹਰ ਤਰ੍ਹਾਂ ਦੇ ਤਜ਼ਰਬੇ ਵਿਚੋਂ ਨਿਕਲ ਚੁੱਕਾ ਸਾਂ। ਇਸ ਟੈਕਸ ਦੇ ਮੁਕਦਮੇ ਨੇ ਮੇਰੀ ਜ਼ਿੰਦਗੀ ਦੇ ਕਈ ਸਾਲ ਬੇਕਾਰ ਕਰ ਦਿੱਤੇ ਸਨ। ਮੈਂ ਇਕ ਤਰ੍ਹਾਂ ਨਾਲ ਬੀਮਾਰ ਹੋ ਗਿਆ ਸਾਂ। ਜੇ ਕਿਤੇ ਦੂਰ ਢੋਲ ਵੱਜਦਾ ਤਾਂ ਮੈਨੂੰ ਲੱਗਦਾ ਜਿਵੇਂ ਮੇਰੀ ਜ਼ਮੀਨ ਦੀ ਕੁਰਕੀ ਹੋਣ ਲੱਗੀ ਹੈ। ਇਹ ਮੇਰਾ ਇਕੱਲੇ ਕਿਸਾਨ ਦਾ ਹਾਲ ਨਹੀਂ ਸੀ। ਉਹਨਾਂ ਦਿਨਾਂ ਵਿਚ ਬਹੁਤੇ ਕਿਸਾਨਾਂ ਨੂੰ ਮੈਂ ਨੀਂਦ ਦੀਆਂ ਗੋਲੀਆਂ (ਕੰਪੋਜ) ਖਾਂਦਿਆਂ ਵੇਖਿਆ ਸੀ। ਲੱਗਭਗ ਕਈ ਕਿਸਾਨਾਂ ਦੀ ਇਕੱਠੀ ਹੀ ਅੱਗੜ-ਪਿੱਛੜ ਤਰੀਖ ਹੁੰਦੀ ਸੀ ਤੇ ਅਸੀਂ ਇਕ ਦੂਜੇ ਨੂੰ ਮਿਲਦੇ ਰਹਿੰਦੇ ਸਾਂ। ਜੇ ਇਕ ਜਣਾ ਨੀਂਦ ਦੀ ਗੋਲੀ ਖਾਣ ਲੱਗਦਾ ਤਾਂ ਉਹ ਸ਼ਿਸ਼ਟਾਚਾਰ ਦੇ ਤੌਰ 'ਤੇ ਦੂਜੇ ਅੱਗੇ ਵੀ ਕਰਦਾ। ਜਿਵੇਂ ਸਿਗਰਟਾਂ ਪੀਣ ਵਾਲੇ ਦੂਜੇ ਨੂੰ ਸੁਲਹਾ ਮਾਰਦੇ ਹਨ। ਹੈਰਾਨੀ ਇਹ ਹੁੰਦੀ ਕਿ ਨਾਂਹ ਕਹਿਣ ਦੀ ਥਾਂ ਦੂਜਾ ਕਿਸਾਨ ਵੀ ਗੋਲੀ ਲੈ ਕੇ ਓਸੇ ਵੇਲੇ ਹੀ ਪਾਣੀ ਨਾਲ ਖਾ ਲੈਂਦਾ। ਪਤਾ ਨਹੀਂ ਇਹ ਕਿਹੜੇ ਕਿਸਾਨ ਨੇ ਕਾਢ ਕੱਢੀ ਸੀ ਪਰ ਇਹ ਪਰਚੱਲਤ ਬਹੁਤ ਹੋਈ ਸੀ। ਲੱਗਭਗ ਸਾਰਿਆਂ ਨੇ ਹੀ ਆਪਣੀਆਂ ਜ਼ਮੀਨਾਂ ਵੇਚਣੀਆਂ ਲਾਈਆਂ ਹੋਈਆਂ ਸਨ ਪਰ ਗਾਹਕ ਕੋਈ ਨਹੀਂ ਸੀ। ਉਹਨਾਂ ਦਿਨਾਂ ਵਿਚ ਜੇ ਮੈਂ ਸ਼ਰਾਬ ਦੇ ਦੋ ਤਿੰਨ ਪੈੱਗ ਪੀਂਦਾ ਤਾਂ ਮੈਨੂੰ ਨਸ਼ਾ ਆਉਣ ਦੀ ਥਾਂ ਅਚਵਾਈ ਜਹੀ ਲੜਨ ਲੱਗ ਪੈਂਦੀ ਤੇ ਮੈਂ ਬਹੁਤ ਬੇਚੈਨ ਹੋ ਜਾਂਦਾ। ਮੇਰਾ ਸਾਰਾ ਸਰੀਰ ਆਕੜਿਆ ਹੋਇਆ ਤੇ ਦੁਖਦਾ ਮਾਲੂਮ ਹੁੰਦਾ। ਸਾਰੀ ਰਾਤ ਮੈਂ ਉੱਸਲਵੱਟੇ ਭੰਨਦਾ ਰਹਿੰਦਾ। ਜੇ ਇਕ ਲੱਤ ਨੂੰ ਸਿੱਧੀ ਕਰਕੇ ਰੱਖਦਾ ਤਾਂ ਦੂਜੀ ਨੂੰ ਮੋੜ ਲੈਂਦਾ ਤੇ ਇਸ ਤਰ੍ਹਾਂ ਸਾਰੀ ਰਾਤ ਪਾਸੇ ਪਰਤਦਾ

ਰਹਿੰਦਾ ਤੇ ਘੜੀ-ਘੜੀ ਪੇਸ਼ਾਬ ਕਰਨ ਜਾਂਦਾ। ਤੜਕੇ ਜਾ ਕੇ ਕਿਤੇ ਮੈਨੂੰ ਨੀਂਦ ਆਉਂਦੀ ਤੇ ਉਹ ਵੇਲਾ ਫਿਰ ਜਾਗਣ ਦਾ ਹੁੰਦਾ। ਇਸ ਬੇਚੈਨੀ ਜਹੀ ਦਾ ਕਰਕੇ ਮੈਂ ਸ਼ਰਾਬ ਪੀਣੀ ਹੀ ਬੰਦ ਕਰ ਦਿੱਤੀ ਕਿਉਂਕਿ ਮੈਨੂੰ ਇਹ ਮੁਆਫਕ ਹੀ ਨਹੀਂ ਸੀ ਬਹਿੰਦੀ। ਪਰ ਬੇਚੈਨੀ ਫੇਰ ਵੀ ਓਸੇ ਤਰ੍ਹਾਂ ਹੀ ਰਹਿੰਦੀ। ਲੱਗਭਗ ਦੋ ਢਾਈ ਸਾਲ ਮੈਂ ਸ਼ਰਾਬ ਨੂੰ ਹੱਥ ਵੀ ਨਾ ਲਾਇਆ।

ਇਕ ਦਿਨ ਮੈਂ ਆਪਣੀ ਫੀਏਟ ਕਾਰ 'ਤੇ ਆਪਣੇ ਬੱਚਿਆਂ ਨਾਲ ਮਾਡਲ ਟਾਊਨ ਮਾਰਕੀਟ ਵੱਲ ਉਹਨਾਂ ਦੀ ਸਕੂਲ ਦੀ ਵਰਦੀ ਤੇ ਬੂਟ ਲੈਣ ਲਈ ਜਾ ਰਿਹਾ ਸਾਂ ਕਿ ਸਕਾਈਲਾਰਕ ਹੋਟਲ ਕੋਲ ਮੈਨੂੰ ਇੰਨਕਮ ਟੈਕਸ ਅਫਸਰ ਆਉਂਦਾ ਦਿਸਿਆ। ਪਹਿਲਾਂ ਉਸਨੂੰ ਇਹ ਨਹੀਂ ਸੀ ਪਤਾ ਕਿ ਮੇਰੇ ਕੋਲ ਕਾਰ ਵੀ ਹੈ। ਜੇ ਉਸ ਨੂੰ ਪਤਾ ਲੱਗਾ ਹੁੰਦਾ ਤਾਂ ਉਸਨੇ ਰਿਸ਼ਵਤ ਕਿਤੇ ਜ਼ਿਆਦਾ ਮੰਗਣੀ ਸੀ। ਇਸ ਘਬਰਾਹਟ ਜਹੀ ਵਿਚ ਹੀ ਮੇਰੇ ਕੋਲੋਂ ਕਾਰ ਗੋਲ ਚੱਕਰ ਵਿਚ ਵੱਜਦੀ-ਵੱਜਦੀ ਮਸਾਂ ਬਚੀ। ਮੈਨੂੰ ਨਹੀਂ ਪਤਾ ਕਿ ਉਸਨੇ ਮੈਨੂੰ ਵੇਖ ਲਿਆ ਸੀ ਕਿ ਨਹੀਂ ਪਰ ਮੇਰੇ ਅੰਦਰ ਇਕ ਵਿਚਾਰ ਤੂਫਾਨ ਵਾਂਗ ਉੱਠ ਖਲੋਇਆ। ਹੁਣ ਮੈਂ ਜਲਦ ਤੋਂ ਜਲਦ ਕਿਸੇ ਨਿਰਨੇ 'ਤੇ ਪਹੁੰਚਣਾ ਚਾਹੁੰਦਾ ਸਾਂ-"ਆਰ ਜਾਂ ਪਾਰ।" ਮੇਰੇ ਅੰਦਰ ਇਕ ਵਿਚਾਰ ਬਾਰ-ਬਾਰ ਉੱਠ ਰਿਹਾ ਸੀ ਕਿ ਜੇ ਅੱਜ ਐਕਸੀਡੈਂਟ ਹੋ ਜਾਂਦਾ ਤਾਂ ਮੇਰੇ ਸਾਰੇ ਪਰਿਵਾਰ ਦਾ ਮਰਨਾ ਤਹਿ ਸੀ। ਕਿਉਂਕਿ ਮੇਰੇ ਅਗਲੇ ਪਾਸਿਓਂ ਇਕ ਟਰੱਕ ਆ ਰਿਹਾ ਸੀ ਤੇ ਪਿਛੋਂ ਬੜੀ ਤੇਜ਼ ਸਪੀਡ ਨਾਲ ਬੱਸ ਆ ਰਹੀ ਸੀ। ਬੱਸ ਨੇ ਕਾਰ 'ਤੇ ਆ ਚੜ੍ਹਨਾ ਸੀ ਤੇ ਸਾਬਣਦਾਨੀ ਵਰਗੀ ਫਿਏਟ ਕਾਰ ਨੇ ਬੱਸ ਥੱਲੇ ਆ ਕੇ ਪਤਾਸੇ ਵਾਂਗ ਫਿੱਸ ਜਾਣਾ ਸੀ। ਜੇ ਟਰੱਕ ਵਿਚ ਵੱਜਦੀ ਤਾਂ ਫਿਰ ਵੀ ਪੂਰੀ ਤਰ੍ਹਾਂ ਕੁਚਲੀ ਜਾਣੀ ਸੀ। ਮੈਂ ਤਾਂ ਮਰਦਾ ਹੀ ਸਾਰੇ ਟੱਬਰ ਨੂੰ ਵੀ ਨਾਲ ਹੀ ਲੈ ਬਹਿੰਦਾ।

ਮੈਂ ਆਰ ਪਾਰ ਦੀ ਸੋਚ ਕੇ ਹੀ ਗੁੱਸੇ 'ਚ ਉਸਨੂੰ ਮਿਲਿਆ ਤੇ ਛਿੱਤਰ ਵੀ ਵਿਖਾਇਆ ਤੇ ਚਾਂਦੀ ਦੀ ਜੁੱਤੀ ਵੀ ਮਾਰੀ ਤਾਂ ਕਿਤੇ ਜਾ ਕੇ ਇਹ ਮਸਲਾ ਹੱਲ ਹੋਇਆ। ਬਾਅਦ ਵਿਚ ਜੱਟਾਂ ਅਤੇ ਹੋਰ ਸਿੱਖਾਂ ਨੂੰ ਹਿੰਦੂ ਕਿਵੇਂ ਮੰਨਿਆ ਗਿਆ, ਇਹ ਗੱਲ ਦੱਸਣੀ ਵੀ ਬੜੀ ਜ਼ਰੂਰੀ ਹੈ।

ਹਾਈਕੋਰਟ ਨੇ ਇਕ ਫੈਸਲਾ ਸਵਿਧਾਨ ਦੀ ਧਾਰਾ-25 ਨੂੰ ਮੁੱਖ ਰੱਖ ਕੇ ਪ੍ਰੀਤਮ ਸਿੰਘ ਬਨਾਮ ਅਸਿਸਟੈਂਟ ਕਮਿਸ਼ਨਰ ਅਸਟੇਟ ਡਿਊਟੀ ਦਿੱਤਾ ਕਿ ਸਾਰੇ ਹੀ ਸਿੱਖ ਆਜ਼ਾਦ ਭਾਰਤ ਵਿਚ ਹਿੰਦੂ ਹਨ। ਕਸਟਮਰੀ ਤੇ ਹੋਰ ਅਖੌਤੀ ਕਾਨੂੰਨ ਤੇ ਅੰਗਰੇਜ਼ਾਂ ਦੇ ਬਣਾਏ ਹੋਏ ਹੋਰ ਕਾਨੂੰਨ, ਅੰਗਰੇਜ਼ਾਂ ਦੇ ਜਾਣ ਦੇ ਨਾਲ ਹੀ ਖ਼ਤਮ ਹੋ ਚੁੱਕੇ ਹਨ। ਹੁਣ ਹਰ ਜੱਟ ਦੀ ਜ਼ਮੀਨ ਵਿਚ ਉਸਦੇ ਸ਼ਰੀਕ ਦਾ ਹਿਸਾ ਨਹੀਂ ਸਗੋਂ ਧੀ ਦਾ ਹਿੱਸਾ ਮੰਨਿਆ ਜਾਂਦਾ ਹੈ। ਪਰ ਮਹਿਕਮਾ ਇੰਨਕਮ ਟੈਕਸ ਨੇ ਹਾਈਕੋਰਟ ਦੇ ਇਸ ਹੁਕਮ ਦੇ ਵਿਰੁੱਧ ਸੁਪਰੀਮ ਕੋਰਟ ਵਿਚ ਅਪੀਲ ਕੀਤੀ। ਅਪੀਲ ਦਾਖਲ ਹੋ ਗਈ ਸੀ ਪਰ ਥੋੜ੍ਹੇ ਜਹੇ ਚਿਰ ਲਈ ਕੇਂਦਰ ਵਿਚ ਪ੍ਰਧਾਨ ਮੰਤਰੀ ਚਰਨ ਸਿੰਘ ਦੀ ਸਰਕਾਰ ਬਣੀ ਜੋ ਇਕ ਕਿਸਾਨ ਸੀ ਤੇ ਕਿਸਾਨ ਆਗੂ ਵਜੋਂ ਹੀ ਜਾਣਿਆ ਜਾਂਦਾ ਸੀ। ਉਸ ਨੇ ਕਿਸਾਨਾਂ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਇਹ ਅਪੀਲ ਵਾਪਸ ਲੈ ਲਈ। ਹੁਣ ਸਾਰੇ ਭਾਰਤ ਦੇ ਸਾਰੇ ਲੋਕ, ਮੁਸਲਮਾਨਾਂ ਤੇ ਇਸਾਈਆਂ ਨੂੰ ਛਡ ਕੇ ਹਿੰਦੂ ਹਨ ਤੇ ਉਨ੍ਹਾਂ ਸਾਰਿਆਂ 'ਤੇ ਇਕ ਬਰਾਬਰ ਹਿੰਦੂ ਕਾਨੂੰਨ ਲਾਗੂ ਹੁੰਦੇ ਹਨ।

ਬਸ ਏਥੇ ਆ ਕੇ ਹੀ ਸਿੱਖ, ਬਹੁਗਿਣਤੀ ਹਿੰਦੂ ਅਜਗਰ ਦੇ ਵਲੇਵੇਂ ਵਿਚ ਆ ਗਈ ਹੈ ਤੇ ਹੁਣ ਇਸਨੂੰ ਨਿਗਲੇ ਜਾਣ ਤੋਂ ਕੋਈ ਨਹੀਂ ਬਚਾ ਸਕਦਾ। ਜਦੋਂ ਔਰੰਗਜੇਬ ਨੇ

ਹਿੰਦੂਆਂ ਨੂੰ ਮੁਸਲਮਾਨ ਬਨਾਉਣਾ ਸ਼ੁਰੂ ਕੀਤਾ ਸੀ ਤਾਂ ਇਤਿਹਾਸ ਗਵਾਹ ਹੈ ਕਿ ਉਸਨੇ ਕੋਈ ਹਿੰਦੂ ਕਤਲ ਨਹੀਂ ਕੀਤਾ। ਹਿੰਦੂ ਇਤਿਹਾਸਕਾਰਾਂ ਤੇ ਅਨਪੜ੍ਹ ਸਿੱਖ ਰਾਗੀਆਂ ਢਾਡੀਆਂ ਨੇ ਇਸ ਕਿਸਮ ਦੀਆਂ ਕਹਾਣੀਆਂ ਘੜ ਲਈਆਂ, ਜੋ ਸਿੱਖਾਂ ਨੂੰ ਸੁਣਾ-ਸੁਣਾ ਕੇ ਉਨ੍ਹਾਂ ਨੂੰ ਨੀਮ ਪਾਗਲ ਕਰ ਦਿੱਤਾ ਹੈ, ਉਹ ਸਵਾ ਮਣ ਜੰਞੂ ਜ਼ਰੂਰ ਲਾਹੁੰਦਾ ਸੀ, ਹੋ ਸਕਦਾ ਹੈ ਇਸਤੋਂ ਵੀ ਜ਼ਿਆਦਾ ਲਾਹੁੰਦਾ ਹੋਵੇ। ਪਰ ਤਲਵਾਰ ਨਾਲ ਉਸਨੇ ਕੋਈ ਹਿੰਦੂ ਵੱਢ ਕੇ ਮੁਸਲਮਾਨ ਨਹੀਂ ਬਣਾਇਆ। ਉਸ ਨੂੰ ਖ਼ੂਨ ਤੇ ਕਤਲੋਗਾਰਤ ਕਰਨ ਦੀ ਲੋੜ ਹੀ ਕੀ ਸੀ? ਤਿੰਨਾਂ ਜਿਲ੍ਹਿਆਂ ਜਲੰਧਰ, ਅੰਮ੍ਰਿਤਸਰ ਤੇ ਲੁਧਿਆਣੇ ਦੇ ਸਿੱਖ ਕਿਸਾਨ, ਜਿਹੜੇ 1971 ਦੇ ਆਮਦਨ ਕਰ ਦੀ ਮਾਰ ਥੱਲੇ ਆਉਂਦੇ ਸਨ, ਆਪ ਹੀ ਭੱਜ-ਭੱਜ ਕੇ ਹਿੰਦੂ ਬਣਦੇ ਸਨ। ਇੰਨਕਮ ਟੈਕਸ ਅਫਸਰ ਤਾਂ ਇਹਨਾਂ ਦੇ ਜੋਰ ਦੇਣ 'ਤੇ ਵੀ ਇਹਨਾਂ ਨੂੰ ਹਿੰਦੂ ਨਹੀਂ ਸਨ ਮੰਨਦੇ। ਅਸੀਂ ਕਿਸਾਨ ਹੀ ਭੱਜ-ਭੱਜ ਕੇ ਬਿਆਨ ਹਲਫੀਆ ਦੇਂਦੇ ਸੀ ਤੇ ਹੋਰ ਸਬੂਤ ਪੇਸ਼ ਕਰਦੇ ਸੀ, ਜਿਹਨਾਂ ਨਾਲ ਸਾਬਤ ਹੋਵੇ ਕਿ ਅਸੀਂ ਹਿੰਦੂ ਹਾਂ। ਸਗੋਂ ਅਸੀਂ ਤਾਂ ਇਹ ਵੀ ਕਹਿੰਦੇ ਸਾਂ ਕਿ ਸਰਕਾਰ ਸਾਡੇ ਨਾਲ ਵਿਤਕਰਾ ਕਰਦੀ ਹੈ। ਅਸੀਂ ਹਿੰਦੂ ਹਾਂ ਪਰ ਇਹ ਮੰਨਦੀ ਨਹੀਂ। ਚਲੋ ਮੈਂ ਤਾਂ ਜੱਟ ਨਹੀਂ ਸੀ, ਇਸ ਕਰਕੇ ਬਿਆਨ ਹਲਫੀਆ ਦੇ ਦਿੱਤਾ ਕਿ ਮੈਨੂੰ ਹਿੰਦੂ ਸਮਝਿਆ ਜਾਵੇ ਪਰ ਜੱਟ ਵੀ ਤਾਂ ਇਹੋ ਚਾਰਾ-ਜੋਈ ਕਰ ਰਹੇ ਸਨ ਕਿ ਸਾਨੂੰ ਹਿੰਦੂ ਮੰਨਿਆ ਜਾਵੇ। ਅਖੀਰ ਜੱਟਾਂ ਨੇ ਹੀ ਹਾਈਕੋਰਟ ਵਿਚ ਰਿੱਟ ਕੀਤੀ ਸੀ, ਜੋ ਪ੍ਰੀਤਮ ਸਿੰਘ ਬਨਾਮ ਅਸਿਸਟੈਂਟ ਕਮਿਸ਼ਨਰ ਅਸਟੇਟ ਡੀਊਟੀ (1976, 103 ITR (P&H) [FB] applied) ਸੀ, ਕਿ ਸਾਨੂੰ ਵੀ ਹਿੰਦੂ ਸਮਝਿਆ ਜਾਵੇ ਤੇ ਹਾਈਕੋਰਟ ਨੇ ਇਹ ਮੰਨ ਵੀ ਲਿਆ ਸੀ। ਏਸੇ ਤਰ੍ਹਾਂ ਹੀ ਔਰੰਗਜੇਬ ਵੇਲੇ ਵੀ ਹਿੰਦੂ ਭੱਜ-ਭੱਜ ਕੇ ਜਾਂਦੇ ਸਨ ਤੇ ਜੰਞੂ ਲਾਹ ਲਾਹ ਕੇ ਔਰੰਗਜੇਬ ਵੱਲੋਂ ਡਾਹੀ ਹੋਈ ਮੰਜੀ 'ਤੇ ਰੱਖੀ ਜਾਂਦੇ ਸਨ ਤੇ ਨਾਲ ਹੀ ਆਖੀ ਜਾਂਦੇ ਸਨ-"ਹਜ਼ੂਰ ਅੱਜ ਤੋਂ ਅਸੀਂ ਮੁਸਲਮਾਨ ਹੋਏ।"

ਨੁਕਤਾ ਏਥੇ ਵੀ ਉਹ ਹੀ ਹੈ, ਜੋ ਸਿੱਖਾਂ ਦਾ ਸੀ। ਭਾਰਤ ਸਰਕਾਰ ਵਾਂਗ ਔਰੰਗਜੇਬ ਨੇ ਵੀ ਜਜੀਆ ਲਾ ਦਿੱਤਾ ਸੀ, ਜੋ ਹਿੰਦੂ ਤਾਰ ਸਕਣ ਤੋਂ ਅਸਮਰੱਥ ਸਨ। ਇਕ ਜਜੀਆ ਹੀ ਨਹੀਂ ਹੋਰ ਵੀ ਬਹੁਤ ਸਾਰੇ ਟੈਕਸ ਸਨ। ਉਹਨਾਂ ਕਰਕੇ ਹੀ ਹਿੰਦੂ ਧੜਾਧੜ ਮੁਸਲਮਾਨ ਬਣਦੇ ਜਾ ਰਹੇ ਸਨ। ਜੇ ਇਹ ਗੱਲ ਨਾ ਹੁੰਦੀ ਤਾਂ ਔਰੰਗਜੇਬ ਬਾਈਧਾਰ ਦੇ ਰਾਜਿਆਂ ਨੂੰ ਵੀ ਮੁਸਲਮਾਨ ਬਣਨ ਲਈ ਨਾਂ ਕਹਿੰਦਾ? ਜੇ ਉਸ ਨੇ ਇਸਲਾਮ ਹੀ ਫੈਲਾਉਣਾ ਸੀ ਤਾਂ ਉਸ ਨੇ ਹਿੰਦੂਆਂ ਦੇ ਉੱਚ ਤਬਕੇ ਨੂੰ ਇਸ ਵਿਚ ਸ਼ਾਮਲ ਕਿਉਂ ਨਾ ਕੀਤਾ? ਤਲਵਾਰ ਨੇ ਤਾਂ ਮੁਸਲਮਾਨ ਬਣਨ ਤੋਂ ਜੋ ਵੀ ਆਨਾਕਾਨੀ ਕਰਦਾ, ਝਟਕਾ ਕੇ ਪਰ੍ਹਾਂ ਮਾਰਨਾ ਸੀ। ਨਾਲੇ ਇਸ ਤਰ੍ਹਾਂ ਕਰਨ ਨਾਲ ਇਸਲਾਮ ਵਿਚ ਵੀ ਅਮੀਰ ਵਰਗ ਦਾ ਵਾਧਾ ਹੁੰਦਾ। ਔਰੰਗਜੇਬ ਨੇ ਗਰੀਬ ਜਹੇ ਹਿੰਦੂਆਂ ਕੋਲੋਂ ਕੀ ਲੈਣਾ ਸੀ ? ਏਸੇ ਤਰ੍ਹਾਂ ਹੀ ਉਸ ਨੇ ਦਲਿਤ ਵਰਗ ਨੂੰ ਕੁਝ ਨਹੀਂ ਕਿਹਾ। ਅਛੂਤ ਤਾਂ ਉਹ ਹਿੰਦੂਆਂ ਵਾਸਤੇ ਸਨ, ਮੁਸਲਮਾਨ ਧਰਮ ਵਿਚ ਤਾਂ ਸਭ ਬਰਾਬਰ ਹਨ। ਔਰੰਗਜੇਬ ਨੂੰ ਤਾਂ ਉਹਨਾਂ ਨੂੰ ਮੁਸਲਮਾਨ ਬਨਾਉਣ ਦਾ ਪੂਰਾ ਹੀ ਸਵਾਬ ਮਿਲਣਾ ਸੀ। ਅਸਲ ਵਿਚ ਉਸ ਨੇ ਜਜੀਆ ਤੇ ਹੋਰ ਹਿੰਦੂ ਟੈਕਸ ਲਾਏ ਹੋਏ ਸਨ। ਉੱਪਰਲਾ ਅਮੀਰ ਤਬਕਾ ਚੁੱਪ-ਚੁਪੀਤੇ ਤਾਰ ਦੇਂਦਾ ਸੀ ਤੇ ਇਸ ਤਰ੍ਹਾਂ ਬਾਦਸ਼ਾਹ ਦੇ ਗੁੱਸੇ ਤੋਂ ਬਚ ਜਾਂਦਾ ਸੀ। ਜਿਵੇਂ ਅਹਿਮਦ ਸ਼ਾਹ ਅਬਦਾਲੀ ਨੇ ਗੁੱਸੇ ਵਿਚ ਆ ਕੇ ਇਹ ਹੁਕਮ ਦਿੱਤਾ ਸੀ ਕਿ ਮਹਾਰਾਜਾ ਆਲਾ ਸਿੰਘ ਦੇ ਵਾਲ ਮੁੰਨ ਦਿਓ ਤਾਂ ਉਸਨੇ ਅਰਜ ਗੁਜਾਰੀ ਕਿ ਮੈਂ ਆਪਣੇ

ਵਾਲ ਖਰੀਦਣਾ ਚਾਹੁੰਦਾ ਹਾਂ। ਬਾਦਸ਼ਾਹ ਮੰਨ ਗਿਆ। ਆਲਾ ਸਿੰਘ ਨੇ ਰਕਮ ਤਾਰ ਦਿੱਤੀ ਤੇ ਵਾਲ ਮੁੰਨ ਹੋਣ ਤੋਂ ਬਚ ਗਏ। ਗਰੀਬ ਨੂੰ ਤਾਂ ਆਮ ਤੌਰ 'ਤੇ ਸਾਰੀਆਂ ਹੀ ਸਰਕਾਰਾਂ ਟੈਕਸਾਂ ਤੋਂ ਛੋਟ ਦੇ ਦੇਂਦੀਆਂ ਹਨ। ਜਿਹਨਾਂ ਗਰੀਬਾਂ ਕੋਲ ਦੋ ਡੰਗ ਖਾਣ ਲਈ ਰੋਟੀ ਲਈ ਪੈਸੇ ਨਹੀਂ ਹੁੰਦੇ, ਉਹਨਾਂ ਨੇ ਟੈਕਸ ਕਿਥੋਂ ਦੇਣਾ ਹੈ ? ਏਹੋ ਕੁਝ ਹੀ ਔਰੰਗਜੇਬ ਵੇਲੇ ਹੋਇਆ ਤੇ ਇਹੋ ਹੀ ਭਾਰਤ ਸਰਕਾਰ ਵੇਲੇ ਹੋ ਰਿਹਾ ਹੈ। ਦਰਮਿਆਨਾ ਤਬਕਾ ਹੀ ਓਦੋਂ ਟੈਕਸ ਦੀ ਮਾਰ ਥੱਲੇ ਸੀ ਤੇ ਦਰਮਿਆਨਾ ਤਬਕਾ ਹੀ ਹੁਣ ਟੈਕਸ ਦੀ ਮਾਰ ਥੱਲੇ ਹੈ।

ਏਧਰ ਵੀ ਵੈਲਥ ਟੈਕਸ, ਗਿਫਟ ਟੈਕਸ, ਅਸਟੇਟ ਡਿਊਟੀ ਟੈਕਸ, ਕੈਪੀਟਲ ਗੇਨ ਟੈਕਸ ਬਚਾਉਣ ਲਈ ਭਾਰਤ ਦਾ ਸਿੱਖ, ਕੀ ਵਪਾਰੀ, ਕੀ ਕਾਰਖਾਨੇਦਾਰ ਤੇ ਕੀ ਕਿਸਾਨ ਹਿੰਦੂ ਬਣ ਰਿਹਾ ਸੀ। ਹਿੰਦੂ ਤਾਂ ਓਦੋਂ ਹੀ ਬਣ ਗਿਆ ਸੀ, ਜਿਸ ਦਿਨ ਸਵਿਧਾਨ ਲਾਗੂ ਹੋਇਆ ਸੀ। ਸਵਿਧਾਨ ਅਨੁਸਾਰ ਇਕੱਲੇ ਸਿੱਖ ਨੂੰ ਹੀ ਹਿੰਦੂ ਨਹੀਂ ਸੀ ਸਮਝਿਆ ਗਿਆ, ਸਗੋਂ ਇਹਨਾਂ ਦੇ ਗੁਰਦੁਆਰੇ ਵੀ ਮੰਦਰ ਹੀ ਸਮਝੇ ਗਏ ਸਨ। ਸਵਿਧਾਨ ਦੀ ਧਾਰਾ 25 ਬੀ-2 ਬੜੀ ਸਪਸ਼ਟ ਹੈ - The refrence to Hindus shall be construed as including a refrence to persons profesing Sikh, Jaina or Budhist religion and refrence to Hindu Religious institutions shall be construed accordingly. ਅਰਥਾਤ ਸਿਖ ਵੀ ਜੈਨੀਆਂ ਤੇ ਬੋਧੀਆਂ ਵਾਂਗ ਹਿੰਦੂ ਹਨ ਤੇ ਏਸੇ ਸੰਦਰਭ ਵਿਚ ਹੀ ਇਹਨਾਂ ਦੇ ਧਾਰਮਕ ਅਸਥਾਨ ਹਨ।

***

# ☐ ਪਾਗਲਪਣ

ਜੇ ਕੋਈ ਬੰਦਾ ਆਪਣਾ ਜੀਵਨ ਦੋ ਸਖਸ਼ੀਅਤਾਂ ਵਿਚ ਜੀਅ ਰਿਹਾ ਹੋਵੇ ਤਾਂ ਉਸਦਾ ਦਿਮਾਗ ਵੀ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ ਤੇ ਦੋ ਦਿਮਾਗੀ ਸਖਸ਼ੀਅਤਾਂ ਰਖਣ ਵਾਲਾ ਬੰਦਾ ਕਦੇ ਇਕ ਤੇ ਕਦੇ ਦੂਜੀ ਸਖਸ਼ੀਅਤ ਅਨੁਸਾਰ ਜੀਉਂਦਾ ਹੋਣ ਕਰਕੇ ਉਸਦਾ ਵਿਹਾਰ ਬਦਲ ਜਾਂਦਾ ਹੈ। ਇਸ ਤਰ੍ਹਾਂ ਦੋ ਇਕੱਠੀਆਂ ਸੋਚਾਂ ਨੂੰ ਜਦੋਂ ਉਹ ਸ਼ਬਦਾਂ ਰਾਹੀਂ ਲੋਕਾਂ ਸਾਹਮਣੇ ਪ੍ਰਗਟ ਕਰਦਾ ਹੈ ਤਾਂ ਉਸਦੇ ਸ਼ਬਦ ਉਸਦੀ ਦਿਮਾਗੀ ਵੰਡ ਅਨੁਸਾਰ ਰਲ ਮਿਲ ਜਾਂਦੇ ਹਨ। ਓਸੇ ਨੂੰ ਹੀ ਪਾਗਲਪਣ ਦਾ ਨਾਂ ਦਿੱਤਾ ਜਾਂਦਾ ਹੈ। ਬਿਲਕੁਲ ਏਸੇ ਤਰ੍ਹਾਂ ਹੀ ਸਿੱਖਾਂ ਦੀ ਸੋਚ ਰਲਗੱਡ ਹੋ ਗਈ ਹੈ। ਨਤੀਜੇ ਵਜੋਂ ਸਿੱਖ ਦਿਮਾਗੀ ਤੌਰ 'ਤੇ ਹਿੱਲ ਗਿਆ ਹੈ। ਜਿਨ੍ਹਾਂ ਅਦਾਰਿਆਂ ਦੇ ਮੁਖੀਆਂ ਨੇ ਆਮ ਸਿੱਖਾਂ ਦਾ ਡਾਕਟਰ ਬਣ ਕੇ ਇਲਾਜ ਕਰਨਾ ਸੀ, ਉਹ ਤਖ਼ਤਾਂ ਦੇ ਜੱਥੇਦਾਰ ਤੇ ਹੋਰ ਮਹੱਤਵਪੂਰਨ ਸਿੱਖ ਆਪ ਵੀ ਇਸ ਰੋਗ ਦੇ ਮਰੀਜ ਹਨ। ਅਰਥਾਤ ਜਿਹੜਾ ਰੋਗ ਬੱਕਰੀ ਨੂੰ ਓਹੋ ਰੋਗ ਪਠੋਰੇ ਨੂੰ ਵਾਂਗ ਉਹ ਡਾਕਟਰ ਮਰੀਜ਼ਾਂ ਨਾਲੋਂ ਵੀ ਜ਼ਿਆਦਾ ਅਬਲ ਟਬਲ ਬੋਲ ਰਹੇ ਹਨ। ਜਦੋਂ ਡਾਕਟਰ ਵੀ ਬੀਮਾਰ ਹੋਣ ਤਾਂ ਮਰੀਜ਼ਾਂ ਦਾ ਇਲਾਜ ਕੌਣ ਕਰੇ? ਇਸ ਤਰ੍ਹਾਂ ਸਿੱਖ ਦਿਨੋਂ ਦਿਨ ਧਾਰਮਕ ਮਨੋਰੋਗ ਦੇ ਸ਼ਿਕਾਰ ਹੋ ਰਹੇ ਹਨ। ਜਿਹਨਾਂ ਨੇ ਬਾਰਾਂ ਸਾਲ ਤਕ ਸੰਘਰਸ਼ ਕੀਤਾ ਤੇ ਰਵਾਇਤੀ ਲੀਡਰਾਂ ਨੂੰ ਬੁਰਾ ਭਲਾ ਕਿਹਾ, ਅੱਜ ਹਾਲਾਤ ਨੇ ਉਹਨਾਂ ਨੂੰ ਉਹਨਾਂ ਲੀਡਰਾਂ ਅੱਗੇ ਹੀ ਗੋਡੇ ਟੇਕਣ ਲਈ ਮਜਬੂਰ ਕਰ ਦਿੱਤਾ ਹੈ। ਗੋਡੇ ਟੇਕਣ ਵਾਲਿਆਂ ਨੂੰ ਚੇਅਰਮੈਨੀਆਂ, ਮੈਂਬਰੀਆਂ ਤੇ ਮੁਨਾਫਾਬਖ਼ਸ਼ ਅਹੁਦੇ ਤਾਂ ਮਿਲ ਹੀ ਜਾਂਦੇ ਹਨ।

ਜਦੋਂ ਕੋਈ ਕੈਂਸਰ ਨਾਲ ਮਰ ਰਿਹਾ ਹੋਵੇ, ਉਸ ਦੇ ਗਿੱਟੇ 'ਤੇ ਹੋਈ ਫਿਨਸੀ ਦੀ ਕੀ ਮਹੱਤਤਾ ਰਹਿੰਦੀ ਹੈ ? ਸਿੱਖ ਸਮਾਜ ਵਿਚ ਕਈ ਪ੍ਰਚਾਰਕ ਕੈਂਸਰ ਦੇ ਇਲਾਜ ਵੱਲ ਧਿਆਨ ਨਹੀਂ ਦੇਂਦੇ ਸਗੋਂ ਫਿਨਸੀ ਦੇ ਆਲੇ ਦੁਆਲੇ ਹੀ ਇਲਾਜ ਕਰੀ ਜਾ ਰਹੇ ਹਨ। ਕਦੀ ਕਹਿੰਦੇ ਹਨ ਫਲਾਣੇ ਨੇ ਦਾੜ੍ਹੀ ਕੱਟ ਲਈ, ਫਲਾਣੇ ਦੀ ਘਰਵਾਲੀ ਨੇ ਭਰਵੱਟੇ ਮੁੰਨ ਲਏ, ਫਲਾਣਾ ਸ਼ਰਾਬ ਪੀਂਦਾ ਹੈ, ਫਲਾਣਾ ਮਾਸ ਖਾਂਦਾ ਹੈ। ਸਿੱਖਾਂ ਦੇ ਮਾਮਲੇ ਵਿਚ ਜੇ ਕੋਈ ਇਹ ਆਖੇ ਕਿ ਸਿੱਖਾਂ ਦੇ ਧਾਰਮਕ ਤੌਰ 'ਤੇ ਬੀਮਾਰ ਹੋ ਜਾਣ ਦਾ ਇਲਾਜ ਪੰਜਾਂ ਤਖ਼ਤਾਂ ਦੇ ਜੱਥੇਦਾਰਾਂ ਤੋਂ ਸਿਵਾਏ ਹੋਰ ਕੋਈ ਨਹੀਂ ਕਰ ਸਕਦਾ ਤਾਂ ਸਵਾਲ ਇਹ ਉੱਠਦਾ ਹੈ ਕਿ ਉਹ ਜੱਥੇਦਾਰ ਤਾਂ ਆਪ ਬੀਮਾਰ ਹਨ, ਫਿਰ ਦੂਜਿਆਂ ਦਾ ਇਲਾਜ ਕਿਵੇਂ ਕਰਨਗੇ? ਗੱਲ ਸੁਣਨ ਵਾਲਾ ਸੁਣ ਕੇ ਹੈਰਾਨ ਹੋ ਸਕਦਾ ਹੈ ਕਿ ਕਦੇ ਡਾਕਟਰ ਵੀ ਪਾਗਲ ਹੋਏ ਹਨ! ਡਾਕਟਰ ਵੀ ਤਾਂ ਇਨਸਾਨ ਹੀ ਹਨ। ਉਹ ਵੀ ਓਸੇ ਹਾਲਾਤ ਵਿਚ ਹੀ ਰਹਿ ਰਹੇ ਹਨ, ਜਿਸ ਹਾਲਾਤ ਵਿਚ ਆਮ ਸਿੱਖ ਰਹਿ ਰਿਹਾ ਹੈ। ਇਸ ਦਾ ਤਾਂ ਇਹੋ ਹੀ ਹੱਲ ਹੈ ਕਿ ਪਹਿਲਾਂ ਉਹਨਾਂ ਦਾ ਇਲਾਜ ਕੀਤਾ ਜਾਵੇ ਤੇ ਫਿਰ ਆਮ ਸਿਖ ਦਾ ਇਲਾਜ ਹੋਵੇ ਪਰ ਇਹ ਗੱਲ ਸੁਣਨ ਵਾਲੇ ਨੂੰ ਬੜੀ

ਅੱਟਪਟੀ ਜਿਹੀ ਲੱਗਦੀ ਹੈ। ਜੇ ਪਾਗਲਖਾਨੇ ਦਾ ਡਾਕਟਰ ਪਾਗਲ ਹੋ ਜਾਵੇ ਤਾਂ ਕੀ ਉਸ ਡਾਕਟਰ ਦਾ ਇਲਾਜ ਨਹੀਂ ਹੋ ਸਕਦਾ? ਕਿਸੇ ਡਾਕਟਰ ਦੇ ਇਲਾਜ ਕਰਨ ਦਾ ਤਰੀਕਾ ਬੰਦਲ ਤਾਂ ਨਹੀਂ ਜਾਂਦਾ? ਮਰੀਜ਼ ਤਾਂ ਮਰੀਜ਼ ਹੈ ਭਾਵੇਂ ਉਹ ਕੋਈ ਵੀ ਹੋਵੇ। ਪਾਗਲਪਣ ਵਿਚ ਅਬਲ ਟਬਲੀਆਂ ਗੱਲਾਂ ਤਾਂ ਕੋਈ ਵੀ ਕਰ ਸਕਦਾ ਹੈ, ਜਿਵੇਂ ਅਕਾਲ ਤਖ਼ਤ ਦਾ ਇਕ ਜੱਥੇਦਾਰ ਕਹਿ ਰਿਹਾ ਹੈ ਕਿ ਸਿੱਖ ਲਵ ਕੁਸ਼ ਦੀ ਔਲਾਦ ਹੈ ਤਾਂ ਫਿਰ ਉਹ ਜਾਂ ਤਾਂ ਸੱਚਮੁੱਚ ਹੀ ਦਿਮਾਗੀ ਤੌਰ 'ਤੇ ਹਿੱਲ ਗਿਆ ਹੈ ਜਾਂ ਫਿਰ ਉਹ ਸਵਿਧਾਨ ਦੀ ਧਾਰਾ 25-ਬੀ ਨੂੰ ਪਾੜਨ ਤੇ ਸਾੜਨ ਵਾਲਿਆਂ ਨੂੰ ਸਿੱਧੇ ਢੰਗ ਨਾਲ ਬੇਵਕੂਫ ਕਹਿ ਰਿਹਾ ਹੈ। ਬਲਕਿ ਉਹ ਸਾਰੀ ਕੌਮ ਨੂੰ ਹੀ ਬੇਵਕੂਫ ਕਹਿ ਰਿਹਾ ਹੈ, ਜਿਸ ਨੇ ਬਾਰਾਂ ਸਾਲ ਵੱਖਰੀ ਹਸਤੀ ਕਾਇਮ ਕਰਨ ਵਾਸਤੇ ਸੰਘਰਸ਼ ਕੀਤਾ ਹੈ। ਏਹੋ ਜਹੇ ਹਾਲਾਤ ਵਿਚ ਕੀ ਸਾਰੀ ਕੌਮ ਦਾ ਫਰਜ਼ ਨਹੀਂ ਬਣਦਾ ਕਿ ਇਹੋ ਜਹੇ ਗੰਭੀਰ ਪਾਗਲ ਦਾ ਇਲਾਜ ਕਰਨ ਵਾਸਤੇ ਅੱਗੇ ਆਵੇ ਤੇ ਉਸਦਾ ਇਲਾਜ ਕਰਕੇ ਪੁੰਨ ਖੱਟੇ। ਅਸਲ ਵਿਚ ਸਿੱਖ ਪਾਗਲ ਵੀ ਨਹੀਂ ਬੌਰੇ ਹਨ। ਪਾਗਲ ਬਾਰੇ ਤਾਂ ਪਤਾ ਹੁੰਦਾ ਹੈ ਕਿ ਜਦੋਂ ਇਸਨੂੰ ਪਾਗਲਪਣ ਦਾ ਦੌਰਾ ਪਵੇ ਤਾਂ ਇਹ ਕੀ ਹਰਕਤਾਂ ਕਰਦਾ ਹੈ ਪਰ ਬੌਰੇ ਦਾ ਕੀ ਪੱਤਾ ਉਹਨੇ ਕੀ ਚੰਦ ਚਾੜ੍ਹ ਦੇਣਾ ਹੈ ਤੇ ਉਠ ਕੇ ਕਿੱਧਰ ਨੂੰ ਤੁਰ ਪੈਣਾ ਹੈ। ਕੀ ਪਤਾ ਉਹ ਆਪਣਾ ਮੂੰਹ ਮਥਾ ਭਨਾਂ ਲਵੇ ਜਾਂ ਕਿਸੇ ਦਾ ਸਿਰ ਪਾੜ ਦੇਵੇ। ਕੀ ਪਤਾ ਰੋਣ ਲਗ ਪਵੇ ਜਾਂ ਹਸਣ ਲਗ ਪਵੇ। ਇਸ ਲਈ ਬੌਰਾ ਪਾਗਲ ਤੋਂ ਵੀ ਵਧ ਖਤਰਨਾਕ ਹੈ। ਅੱਜ ਲਗਪਗ ਸਾਰੀ ਕੌਮ ਹੀ ਬੌਰੀ ਹੋ ਗਈ ਹੈ। ਸੁਪਰੀਮ ਕੋਰਟ ਦੇ ਰਿਟਾਇਰਡ ਜੱਜ ਜਸਟਿਸ ਕੁਲਦੀਪ ਸਿੰਘ ਜੀ ਏਹੋ ਜਹੇ ਸਾਰੇ ਸਿੱਖਾਂ ਲਈ Donkey (ਖੋਤਾ) ਸ਼ਬਦ ਵਰਤਦੇ ਹਨ।

ਜੇ ਸਿੱਖ ਲਵ-ਕੁਸ਼ ਦੀ ਔਲਾਦ ਹਨ ਤਾਂ ਫਿਰ ਹਿੰਦੂਆਂ ਦਾ ਦਾਅਵਾ ਬਿਲਕੁਲ ਠੀਕ ਹੈ ਕਿ ਸਿੱਖ ਹਿੰਦੂ ਸਮਾਜ ਦਾ ਹੀ ਅੰਗ ਹਨ। ਇਸ ਹਿਸਾਬ ਨਾਲ ਸਿੱਖਾਂ ਨਾਲ ਵਿਤਕਰਾ ਹੋਣ ਵਾਲੀ ਗੱਲ ਵੀ ਮਨਘੜਤ ਹੋ ਜਾਂਦੀ ਹੈ। ਫਿਰ ਸਿੱਖਾਂ ਦਾ ਉਹ ਹਰ ਮੁਤਾਲਬਾ ਹੀ ਗੁਲਤ ਹੋ ਜਾਂਦਾ ਹੈ, ਜਿਸ ਵਿਚ ਪੰਜਾਬ ਦੇ ਹਿੰਦੂਆਂ ਨੇ ਭਾਗ ਨਹੀਂ ਲਿਆ। ਇਸ ਤਰ੍ਹਾਂ ਹਰ ਹਾਲਤ ਵਿਚ ਹੀ ਸਿੱਖ ਹਿੰਦੂ ਸਮਾਜ ਦਾ ਅੰਗ ਬਣ ਜਾਂਦੇ ਹਨ। ਪੰਜਾਬੀ ਸੂਬਾ ਮੰਗਣ ਦੀ ਫਿਰ ਕੀ ਲੋੜ ਸੀ? ਸਮਝਿਆ ਜਾਣਾ ਚਾਹੀਦਾ ਸੀ ਕਿ ਸਾਰੇ ਪੰਜਾਬ ਵਿਚ ਹਿੰਦੂ ਹੀ ਵੱਸਦੇ ਹਨ।

ਅਕਾਲ ਤਖਤ ਵੈਸੇ ਵੀ ਕਦੀ ਸਿੱਖਾਂ ਲਈ ਚਾਨਣ ਮੁਨਾਰਾ ਨਹੀਂ ਰਿਹਾ। ਜਿਹੜੀ ਵੀ ਸਰਕਾਰ ਆਈ, ਉਹਨੇ ਆਪਣੀ ਮਰਜ਼ੀ ਨਾਲ ਜਥੇਦਾਰ ਨਿਯੁਕਤ ਕੀਤਾ ਤੇ ਫਿਰ ਆਪਣੇ ਹੱਕ ਵਿਚ ਵਰਤਿਆ। ਮਹਾਰਾਜਾ ਰਣਜੀਤ ਸਿੰਘ ਇਸ ਕਰਕੇ ਅਕਾਲ ਤਖ਼ਤ ਅੱਗੇ ਝੁਕਿਆ ਕਿਉਂਕਿ ਉਹ ਇਖ਼ਲਾਕੀ ਮੁਜ਼ਰਿਮ ਸੀ। ਇਖ਼ਲਾਕੀ ਮੁਜ਼ਰਿਮ ਦਾ ਕੋਈ ਸਟੈਂਡ ਨਹੀਂ ਹੁੰਦਾ। ਚਰਿੱਤਰ ਦੇ ਕੇਸ ਵਿਚ ਤਾਂ ਲੋਕ ਮਾਮੂਲੀ ਥਾਣੇ ਜਾ ਕੇ ਵੀ ਮੁਆਫੀ ਮੰਗ ਲੈਂਦੇ ਹਨ, ਇਹ ਤਾਂ ਫੇਰ ਅਕਾਲ ਤਖ਼ਤ ਸੀ। ਅਖੇ ਰਾਗਮਾਲਾ ਅਕਾਲ ਤਖ਼ਤ 'ਤੇ ਨਹੀਂ ਪੜ੍ਹਨੀ ਦਰਬਾਰ ਸਾਹਿਬ ਪੜ੍ਹੀ ਜਾਊਗੀ। ਜਿਹੜਾ ਅਕਾਲ ਤਖ਼ਤ ਰਾਗਮਾਲਾ 'ਪੜ੍ਹਨੀ ਹੈ ਕਿ ਨਹੀਂ' ਵਰਗਾ ਮਾਮੂਲੀ ਝਗੜਾ ਨਹੀਂ ਨਿਪਟਾ ਸਕਿਆ, ਉਹਨੇ ਹੋਰ ਫੈਸਲੇ ਕੀ ਕਰਨੇ ਹਨ?

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਸਪੱਸ਼ਟ ਫੁਰਮਾਨ ਕੀਤਾ ਹੈ ਕਿ ਦਰਸ਼ਨ

ਕਰਨ ਨਾਲ ਨਹੀਂ ਗੁਰੂ ਸ਼ਬਦ ਨੂੰ ਵਿਚਾਰ ਕਰਨ ਨਾਲ ਹੀ ਮੁਕਤੀ ਹੋ ਸਕਦੀ ਹੈ।

ਸਤਿਗੁਰੂ ਨੋ ਸਭੁ ਕੋ ਦੇਖਦਾ ਜੇਤਾ ਜਗਤੁ ਸੰਸਾਰ॥
ਡਿਠੈ ਮੁਕਤਿ ਨਾ ਹੋਵਈ ਜਿਚਰ ਸਬਦ ਨਾ ਕਰੇ ਵਿਚਾਰੁ॥

ਇਹ ਬੜਾ ਸਰਲ ਤੇ ਸਿੱਧਾ ਉਪਦੇਸ਼ ਹੈ, ਫੇਰ ਸਾਧਾਂ ਕੋਲ ਕੀ ਹੈ, ਜਿਹੜਾ ਸਿੱਖ ਸੰਗਤਾਂ ਨੂੰ ਹਿੱਕ ਕੇ ਸਾਧਾਂ ਦੇ ਡੇਰਿਆਂ 'ਤੇ ਲੈ ਜਾਂਦਾ ਹੈ। ਇਹ ਅਗਿਆਨਤਾ ਹੈ, ਹੋਰ ਕੁਝ ਨਹੀਂ। ਜਿਥੇ ਰੋਗੀ ਘੱਟ ਹੋਣ ਉਸ ਸ਼ਹਿਰ ਜਾਂ ਕਸਬੇ ਵਿਚ ਡਾਕਟਰ ਵੀ ਘੱਟ ਵਸਦੇ ਹਨ। ਇਸ ਤਰ੍ਹਾਂ ਤਾਂ ਜਿਥੇ ਧਰਮੀ ਲੋਕ ਹੋਣ ਓਥੇ ਗੁਰੂ ਤੇ ਸਤਿਗੁਰੂ ਵੀ ਘੱਟ ਪੈਦਾ ਹੋਣੇ ਚਾਹੀਦੇ ਹਨ। ਪਰ ਪੰਜਾਬ ਵਿਚ ਪਹਿਲਾਂ ਦਸ ਗੁਰੂ ਸਹਿਬਾਨ ਪੈਦਾ ਹੋਏ। ਉਨ੍ਹਾਂ ਨੇ ਜ਼ਿੰਦਗੀ ਤੇ ਜੀਵਨ ਜਾਂਚ ਦਾ ਨਿਚੋੜ ਕੱਢ ਕੇ ਆਪਣੇ ਸਿੱਖਾਂ ਨੂੰ ਦੁਨਿਆਵੀ ਜ਼ੁਲਮਾਂ ਦਾ ਟਾਕਰਾ ਕਰਨ ਦਾ ਵੱਲ ਤੇ ਜਾਚ ਦੱਸੀ। ਲਿਤਾੜੇ ਤੇ ਮਿੱਧੇ ਹੋਏ ਪੰਜਾਬੀ ਸਿੱਖ ਸਰੂਪ ਵਿਚ ਆ ਕੇ ਏਨੇਂ ਬਲਵਾਨ ਹੋਏ ਕਿ ਉਨ੍ਹਾਂ ਨੇ ਔਰੰਗਜ਼ੇਬ ਵਰਗੇ ਬਾਦਸ਼ਾਹ ਨੂੰ ਤੁਛ ਜਾਣਿਆ। ਸਤਿਗੁਰਾਂ ਤੋਂ ਬਾਅਦ ਵੀ ਆਪਣੇ 'ਤੇ ਹੋਈਆਂ ਵਧੀਕੀਆਂ ਦਾ ਮੁਗਲਾਂ ਤੋਂ ਪੂਰਾ-ਪੂਰਾ ਬਦਲਾ ਲਿਆ। ਫਿਰ ਰਾਜ ਵੀ ਸਥਾਪਤ ਕੀਤਾ ਪਰ ਡੇਢ ਕੁ ਸੌ ਸਾਲ ਵਿਚ ਹੀ ਏਨਾ ਨਿਘਾਰ ਵਿਚ ਆ ਗਿਆ ਕਿ ਅੱਜ ਪੰਜਾਬ ਦੇ ਹਰ ਚਾਰ-ਪੰਜ ਮੀਲ ਦੇ ਏਰੀਏ ਵਿਚ ਕਿਸੇ ਨਾ ਕਿਸੇ ਸੰਤ ਦਾ ਡੇਰਾ ਹੈ। ਇਨ੍ਹਾਂ ਨੇ ਬਿਮਾਰ ਸਿੱਖ ਸਮਾਜ ਦਾ ਕੋਈ ਇਲਾਜ ਨਹੀਂ ਕੀਤਾ ਸਗੋਂ ਇਹ ਆਪ ਦਿਨੋ-ਦਿਨ ਵੱਧ ਬਿਮਾਰ ਤੇ ਮੱਕਾਰ ਹੁੰਦੇ ਜਾਂਦੇ ਹਨ।

ਅੱਜ ਸਿੱਖ ਦੁਨੀਆਂ ਭਰ ਵਿਚ ਸਭ ਤੋਂ ਵੱਧ ਝੂਠ ਬੋਲਣ ਵਾਲਿਆਂ ਵਿਚ ਗਿਣਿਆ ਜਾਂਦਾ ਹੈ। ਝੂਠ ਬੋਲਣ ਵਿਚ ਤਾਂ ਇਸ ਦਾ ਏਨਾਂ ਝਾਕਾ ਲੱਥਾ ਹੈ ਕਿ ਇਹ ਮਹਾਰਾਜ ਦੀ ਹਜ਼ੂਰੀ ਵਿਚ ਵੀ ਝੂਠ ਬੋਲਣੋਂ ਨਹੀਂ ਟਲਦੇ। ਸਤਿਗੁਰਾਂ ਨੇ ਆਪਣੇ ਸਿੱਖਾਂ ਨੂੰ ਸਮਝਾਇਆ ਸੀ ਕਿ ਗਿਆਨ ਕਿਸੇ ਕੋਲੋਂ ਮੰਗਿਆਂ ਨਹੀਂ ਮਿਲਦਾ, ਏਸੇ ਲਈ ਹੀ ਹੋਰ ਦੇਹਧਾਰੀ ਗੁਰੂਆਂ ਦੀ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੱਦੀ 'ਤੇ ਬਿਰਾਜਮਾਨ ਕੀਤਾ ਪਰ ਅੱਜ ਸਿੱਖ ਇਸ ਹਕੀਕਤ ਤੋਂ ਬੇਮੁਖ ਹੋ ਕੇ ਉਨ੍ਹਾਂ ਟੁੱਚੀ ਲੋਕਾਂ ਨੂੰ ਮੱਥੇ ਟੇਕਦਾ ਫਿਰਦਾ ਹੈ ਤੇ ਗਿਆਨ ਮੰਗਦਾ ਫਿਰਦਾ ਹੈ, ਜਿਨ੍ਹਾਂ ਦਾ ਪਰਛਾਵਾਂ ਲੈਣ ਤੋਂ ਵੀ ਸਤਿਗੁਰਾਂ ਨੇ ਰੋਕਿਆ ਤੇ ਖਬਰਦਾਰ ਕੀਤਾ ਸੀ। ਪੰਜਾਬ ਦੇ ਬਹੁਤੇ ਸਾਧ ਐਸੇ ਹਨ ਜਿਹੜੇ ਪੰਜਾਬੀ ਪੜ੍ਹ ਸਕਦੇ ਹਨ ਪਰ ਲਿਖ ਨਹੀਂ ਸਕਦੇ। ਕੋਈ ਜੇ ਇਹਨਾਂ ਨੂੰ ਚੌਥੀ ਦੇ ਇਮਤਿਹਾਨ ਵਿਚ ਬਿਠਾ ਦੇਵੇ ਤਾਂ ਨੱਬੇ ਫੀਸਦੀ ਫੇਲ੍ਹ ਹੋ ਜਾਣਗੇ। ਇਸ ਕਿਸਮ ਦੇ ਸਾਧ ਇਕੋ ਹੀ ਪੰਕਤੀ ਨੂੰ ਬਾਰ-ਬਾਰ ਦੁਹਰਾਈ ਜਾਂਦੇ ਹਨ ਤੇ ਮਾਲਾ ਫੇਰੀ ਜਾਂਦੇ ਹਨ। ਮਨੋਵਿਗਿਆਨੀ ਕਹਿੰਦੇ ਹਨ ਕਿ ਕਿਸੇ ਕੰਮ ਦਾ ਦੁਹਰਾਓ ਜਾਂ ਤਾਂ ਨੀਂਦ ਲਿਆਉਂਦਾ ਹੈ ਜਾਂ ਬੰਦਾ ਨੀਮ ਪਾਗਲ ਹੋ ਜਾਂਦਾ ਹੈ। ਕਈ ਸਾਧ ਏਸੇ ਤਰ੍ਹਾਂ ਹੀ ਨੀਮ ਪਾਗਲ ਹੋ ਚੁੱਕੇ ਹਨ ਤੇ ਲੋਕ ਸਮਝਦੇ ਹਨ ਕਿ ਇਨ੍ਹਾਂ ਨੂੰ ਨਾਮ-ਖੁਮਾਰੀ ਚੜ੍ਹੀ ਹੋਈ ਹੈ। ਸਤਿਗੁਰਾਂ ਨੇ ਇਕ ਨਿਯਮਿਤ ਨਿਤਨੇਮ ਸਿੱਖ ਸੰਗਤਾਂ ਨੂੰ ਦਿੱਤਾ ਹੈ ਤੇ ਕਿਹੜੀ ਬਾਣੀ ਸਵੇਰੇ ਤੇ ਕਿਹੜੀ ਰਾਤ ਨੂੰ ਸੌਣ ਤੋਂ ਪਹਿਲਾਂ ਪੜ੍ਹਨੀ ਹੈ, ਉਹ ਵੀ ਸਭ ਸਮਝਾਇਆ ਹੈ। ਸਾਰਾ ਦਿਨ ਕਿਰਤ ਕਰਨ ਲਈ ਤੇ ਰਾਤ ਆਰਾਮ ਕਰਨ ਦਾ ਉਪਦੇਸ਼ ਦਿੱਤਾ ਹੈ। ਜੇ ਕੋਈ ਵਿਅਕਤੀ ਸਾਰੀ ਰਾਤ ਭਜਨ-ਬੰਦਗੀ ਕਰਦਾ ਰਹੇ ਤਾਂ ਸਵੇਰੇ ਕਿਰਤ ਨਹੀਂ ਕਰ ਸਕੇਗਾ। ਜੇ ਕਿਰਤ ਨਹੀਂ ਕਰੇਗਾ ਤਾਂ ਫਿਰ ਵੰਡ ਕੇ ਕਿਵੇਂ ਛਕੇਗਾ? ਰਾਤ ਦੇ ਕੀਰਤਨ ਤੇ ਹੋਰ ਖੇਖਣ ਤਾਂ ਵਿਹਲੜ ਲੋਕਾਂ ਦੇ ਹਨ। ਰਾਤ ਦੇ ਕੀਰਤਨ ਤਾਂ ਹਿੰਦੂਆਂ ਦੇ ਮਾਤਾ ਦੇ ਜਗਰਾਤੇ ਦੀ

ਰੀਸ ਹੈ। ਇਹ ਸਭ ਕੁਝ ਮਨਮਤ ਹੈ। ਨਰਕ ਸਵਰਗ ਦਾ ਵੀ ਸਿੱਖੀ ਵਿਚ ਕੋਈ ਰੌਲਾ ਨਹੀਂ। ਇਹ ਜੀਵਨ ਹੀ ਜਿਸ ਵਿਚ ਅਸੀਂ ਜਿਉ ਰਹੇ ਹਾਂ, ਸਫਲਤਾ ਪੂਰਵਕ ਗੁਰੂ ਆਸ਼ੇ ਅਨੁਸਾਰ ਬਤੀਤ ਹੋਵੇ, ਸਭ ਕਝ ਏਸੇ ਵਿਚ ਹੀ ਹੈ ਪਰ ਜਿਨ੍ਹਾਂ ਗੁਰਦੁਆਰਿਆਂ ਵਿਚੋਂ ਇਹ ਪ੍ਰੇਰਣਾ ਮਿਲਣੀ ਸੀ, ਉਹ ਗੁਰਦੁਆਰੇ ਤਾਂ ਮੰਦਰਾਂ ਦਾ ਰੂਪ ਧਾਰ ਚੁੱਕੇ ਹਨ।

ਸਿੱਖਾਂ ਨੂੰ ਗੁਲਾਮੀ ਦੀ ਆਦਤ ਪੈ ਗਈ ਹੈ। ਇਸ ਆਦਤ ਦਾ ਗੁਣ ਹੈ ਕਿ ਉਹ ਹੀਣਭਾਵਨਾ ਵੀ ਪੈਦਾ ਕਰਦੀ ਹੈ। ਇਹ ਹੀਣਭਾਵਨਾ ਹੀ ਆਜ਼ਾਦੀ ਲਈ ਸੰਘਰਸ਼ ਨਹੀਂ ਕਰਨ ਦੇਂਦੀ। ਸਿੱਖ ਜਦੋਂ ਭੁੱਲ-ਭੁਲੇਖੇ ਆਜ਼ਾਦੀ ਦੀ ਗੱਲ ਕਰਨ ਵੀ ਤਾਂ ਬੜੀ ਅਜੀਬ ਜਿਹੀ ਕਲਪਨਾ ਕਰਦੇ ਹਨ। ਆਜ਼ਾਦੀ ਕੈਦ ਦਾ ਉਲਟਾ ਅਰਥ ਹੈ। ਕੈਦੀ ਆਪਣੀ ਮਰਜ਼ੀ ਨਾਲ ਕੁਝ ਨਹੀਂ ਕਰ ਸਕਦਾ, ਕੁਝ ਨਹੀਂ ਖਾ ਸਕਦਾ, ਕੁਝ ਨਹੀਂ ਪੀ ਸਕਦਾ, ਕੁਝ ਨਹੀਂ ਪੜ੍ਹ ਸਕਦਾ ਤੇ ਕੁਝ ਨਹੀਂ ਪਹਿਣ ਸਕਦਾ, ਕਿਤੇ ਨਹੀਂ ਜਾ ਸਕਦਾ, ਕਿਸੇ ਨਾਲ ਗੱਲ ਨਹੀਂ ਕਰ ਸਕਦਾ ਪਰ ਆਜ਼ਾਦੀ ਦਾ ਅਰਥ ਵਿਅਕਤੀ ਦੀ ਮਰਜ਼ੀ 'ਤੇ ਹੈ। ਜੀ ਕਰੇ ਤਾਂ ਸੌਂ ਜਾਵੇ, ਜੀ ਕਰੇ ਕੱਪੜੇ ਪਾ ਕੇ ਬਾਜ਼ਾਰ ਚਲਾ ਜਾਵੇ, ਖਾਵੇ-ਪੀਵੇ, ਕੋਈ ਰੋਕ-ਟੋਕ, ਰੁਕਾਵਟ ਨਹੀਂ, ਬਸ ਆਜ਼ਾਦੀ ਆਜ਼ਾਦੀ ਹੈ ਪਰ ਖਚਰੀ ਭਾਸ਼ਾ ਵਿਚ ਆਜ਼ਾਦੀ ਦਾ ਨਾਂ ਬਦਲ ਕੇ ਲਿਆ ਜਾਂਦਾ ਹੈ, ਜਿਵੇਂ ਰਾਮਰਾਜ। ਰਾਮਰਾਜ ਵਿਚ ਸ਼ੰਭੂਕ ਬੇਕਸੂਰ ਦਾ ਕਤਲ ਹੋਇਆ, ਸੀਤਾ ਦੀ ਅਗਨੀ ਪ੍ਰੀਖਿਆ ਲੈ ਕੇ ਵੀ ਘਰੋਂ ਕੱਢ ਦਿੱਤਾ ਗਿਆ।

ਅਕਾਲੀਆਂ ਨੂੰ ਕੋਈ ਇਹ ਪੁਛੇ ਕਿ ਕਦੇ ਤੁਸੀਂ ਆਮ ਸਿੱਖਾਂ ਨੂੰ ਰਾਮ ਰਾਜ, ਰਣਜੀਤ ਸਿੰਘ ਵਰਗਾ ਰਾਜ, ਖਾਲਸਤਾਨ ਕਦੇ ਕੋਈ ਤੇ ਕਦੇ ਕੋਈ ਲਾਰਾ ਲਾਉਂਦੇ ਹੋ ਪਰ ਭਾਰਤ ਸਰਕਾਰ ਤੁਹਾਨੂੰ ਆਪਣੀਆਂ ਬਰੂਹਾਂ ਨਹੀਂ ਟੱਪਣ ਦੇਂਦੀ। ਚਲੋ ਜੋ ਲੈ ਕੇ ਦੇ ਸਕਦੇ ਹੋ, ਉਹ ਹੀ ਲੈ ਦਿਓ। ਪਰ ਨਿਰੀ ਬਕਬਕ ਤੋਂ ਹੁਣ ਸਿਖ ਅੱਕ ਚੁੱਕੇ ਹਨ। ਹੁਣ ਤਾਂ ਲੈ ਕੇ ਤੁਸਾਂ ਕਿਸੇ ਨੂੰ ਕੀ ਦੇਣਾ ਹੈ ਸਗੋਂ ਪਹਿਲਾਂ ਦੇ ਭਖਦੇ ਤੇ ਹੱਕੀ ਮੁਦੇ ਪਾਣੀ, ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ ਵਗੈਰਾ ਵੀ ਸਭ ਛਡ ਚੁੱਕੇ ਹੋ ਤੇ ਹਿੰਦੂਆਂ ਦੇ ਥਲੇ ਲਗ ਕੇ ਰਹਿਣਾ ਮੰਨ ਗਏ ਹੋ। ਜੇ ਆਜ਼ਾਦੀ ਦਾ ਮਤਲਬ ਹਕੂਮਤ ਹੈ ਤਾਂ ਹਕੂਮਤ ਤਾਂ ਅੱਜ ਵੀ ਇਕ ਸਿੱਖ ਹੀ ਕਰ ਰਿਹਾ ਹੈ ਪਰ ਜਿਸ ਬੰਦੇ ਦੀ ਹਕੂਮਤ ਹੋਵੇ, ਓਸੇ ਕੋਲ ਤਾਕਤ ਹੁੰਦੀ ਹੈ। ਪਰ ਕੀ ਅੱਜ ਬਾਦਲ ਕੋਲ ਫੈਸਲੇ ਲੈਣ ਦੀ ਤਾਕਤ ਹੈ? ਇਕ ਵਿਦਵਾਨ ਨੇ ਕਿਹਾ ਹੈ ਤਾਕਤ ਮਨੁੱਖ ਨੂੰ ਭ੍ਰਿਸ਼ਟ ਅਤੇ ਬਿਲਕੁਲ ਭ੍ਰਿਸ਼ਟ ਕਰ ਦੇਂਦੀ ਹੈ। ਰਾਜ ਕਰਨ ਦਾ ਇਹ ਤਰੀਕਾ ਵਧੀਆ ਸਾਬਤ ਨਹੀਂ ਹੋਇਆ। ਕਹਿਣ ਨੂੰ ਤਾਂ ਬਾਦਲ ਸਾਹਬ ਦੀ ਚੁਣੀ ਹੋਈ ਸਰਕਾਰ ਹੈ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਜਗੀਰ ਕੌਰ ਵੀ ਚੁਣੀ ਹੋਈ ਹੀ ਹੈ ਪਰ ਸ਼ਕਤੀ ਹੱਥ ਵਿਚ ਆਉਣ 'ਤੇ ਇਨ੍ਹਾਂ ਨੇ ਉਲਟ-ਪੁਲਟ ਕਰਕੇ ਰੱਖ ਦਿੱਤਾ ਹੈ। ਇਨ੍ਹਾਂ ਨੇ ਅਜਾਦੀ ਦਾ ਅਰਥ ਹੀ ਬਦਲ ਦਿੱਤਾ ਹੈ।

ਦੁਨੀਆਂ ਦੇ ਦਾਰਸ਼ਨਿਕਾਂ ਦਾ ਖਿਆਲ ਹੈ ਕਿ ਬੇੜੀਆਂ ਜ਼ਬਰਦਸਤੀ ਪਾਈਆਂ ਤਾਂ ਜਾ ਸਕਦੀਆਂ ਹਨ ਪਰ ਜ਼ਬਰਦਸਤੀ ਲਾਹੀਆਂ ਨਹੀਂ ਜਾ ਸਕਦੀਆਂ। ਜੇ ਕਿਸੇ ਦੀਆਂ ਬੇੜੀਆਂ ਉਸ ਦੀ ਮਰਜ਼ੀ ਤੋਂ ਬਿਨਾਂ ਕੱਟੀਆਂ ਗਈਆਂ ਤਾਂ ਉਹ ਫਿਰ ਪਹਿਨ ਲਵੇਗਾ। ਕਿਉਂਕਿ ਜੋ ਇਨ੍ਹਾਂ ਦਾ ਆਦੀ ਹੋ ਜਾਵੇ, ਉਸ ਦੀ ਆਦਤ ਛੁਡਾਉਣੀ ਔਖੀ ਹੋ ਜਾਂਦੀ ਹੈ। ਸਿੱਖ ਵੀ ਏਸੇ ਤਰ੍ਹਾਂ ਹੀ ਗੁਲਾਮੀ ਦੇ ਆਦੀ ਹੋ ਗਏ ਹਨ। ਪਾਕਿਸਤਾਨ ਬਣਨ ਤੋਂ ਪਹਿਲਾਂ ਤੇ ਬਾਅਦ 'ਚ 1994 ਤੱਕ ਅਕਾਲੀ ਇਹ ਫੈਸਲਾ ਨਹੀਂ ਸੀ ਲੈ ਸਕੇ ਕਿ ਇਹ ਸਿੱਖਾਂ ਦੀ

ਨੁਮਾਇੰਦਾ ਜਮਾਤ ਹੈ ਜਾਂ ਸਾਰੇ ਪੰਜਾਬੀਆਂ ਦੀ। 1947 ਵਿਚ ਤਾਂ ਇਹ ਮਸਲਾ ਬੜੀ ਵੱਡੀ ਸਿਰਦਰਦੀ ਦੇ ਰੂਪ ਵਿਚ ਦਰਪੇਸ਼ ਸੀ। ਜੇ ਅਕਾਲੀ ਇਹ ਫੈਸਲਾ ਕਰ ਲੈਂਦੇ ਕਿ ਉਹ ਸਿਰਫ ਸਿੱਖਾਂ ਦੇ ਹੀ ਲੀਡਰ ਹਨ ਤਾਂ ਫਿਰ ਉਹ ਮੁਹੰਮਦ ਅਲੀ ਜਿਨਾਹ ਨਾਲ ਸਮਝੌਤਾ ਕਰਕੇ ਵੱਖਰੀ ਸਿੱਖ ਸਟੇਟ ਲੈ ਸਕਦੇ ਸਨ ਪਰ ਦੁਚਿਤੀ ਵਿਚ ਹੀ ਪੂਰੇ ਪੰਜਾਬ ਦੀ ਨੁਮਾਇੰਦਗੀ ਕਰਦੇ-ਕਰਦੇ ਉਹ ਹਿੰਦੂਆਂ ਦੀ ਝੋਲੀ ਵਿਚ ਡਿਗ ਪਏ। ਜਿਹੜੇ ਮੁਸਲਮਾਨ ਕਹਿੰਦੇ ਸਨ ਕਿ ਸਿੱਖ ਸਾਡੇ ਭਰਾ ਹਨ, ਉਹ ਹੀ ਮੁਸਲਮਾਨ ਸਿੱਖਾਂ ਦੇ ਏਂਨੇ ਦੁਸ਼ਮਣ ਬਣ ਗਏ ਕਿ ਉਹ ਹਿੰਦੂਆਂ ਨੂੰ ਪੁੱਛਦੇ "ਸਿੱਖ ਜਿਥੇ ਲੁਕੇ ਹਨ, ਸਾਨੂੰ ਦੱਸ ਦਿਓ ਤੇ ਤੁਸੀਂ ਜਾਓ।" ਇਹ ਸਾਰਾ ਸਿੱਖ ਲੀਡਰਾਂ ਦੀ ਬੇਵਕੂਫੀ ਕਾਰਨ ਹੋਇਆ। ਮਾਸਟਰ ਤਾਰਾ ਸਿੰਘ ਛੋਟੇ ਦਿਮਾਗ ਦਾ ਆਦਮੀ ਸੀ। ਜਦੋਂ ਵੀ ਕਿਤੇ ਅੰਗਰੇਜ਼ ਜਾਂ ਹਿੰਦੂਆਂ ਦੇ ਵੱਡੇ ਲੀਡਰਾਂ ਵੱਲੋਂ ਗੱਲਬਾਤ ਕਰਨ ਲਈ ਸੱਦਾ ਆਉਂਦਾ ਤਾਂ ਉਹ ਫੁੱਲ ਜਾਂਦਾ ਤੇ ਬੇਵਕੂਫੀ ਵਿਚ ਐਸਾ ਬਿਆਨ ਦਾਗਦਾ ਕਿ ਮੁਸਲਮਾਨਾਂ ਨੂੰ ਸਤੀਂ ਕੱਪੜੀਂ ਅੱਗ ਲੱਗ ਜਾਂਦੀ। 15 ਅਗਸਤ, 1947 ਤੱਕ ਉਸ ਨੇ ਏਨੀਆਂ ਬੇਵਕੂਫੀਆਂ ਕਰ ਦਿੱਤੀਆਂ ਸਨ ਕਿ ਚਾਹ ਕੇ ਵੀ ਮੁਸਲਮਾਨ ਸਿੱਖਾਂ ਦੀਆਂ ਗੱਲਾਂ 'ਤੇ ਇਤਬਾਰ ਨਹੀਂ ਸਨ ਕਰ ਸਕਦੇ। ਲਾਹੌਰ ਅਸੈਂਬਲੀ ਤੋਂ ਕਿਰਪਾਨ ਨਾਲ ਝੰਡਾ ਵੱਢਣਾ ਸਾਰੇ ਸਿੱਖਾਂ ਦੀਆਂ ਬੇੜੀਆਂ ਵਿਚ ਵੱਟੇ ਪਾਉਣ ਤੁੱਲ ਸੀ ਪਰ ਹਿੰਦੂਆਂ ਨੇ ਇਸ ਘਟਨਾ ਕਰਕੇ ਉਸ ਨੂੰ ਏਨਾ ਭੂਏ ਚੜ੍ਹਾ ਦਿੱਤਾ ਕਿ ਉਹ ਆਪਣੇ-ਆਪ ਨੂੰ ਮੁਹੰਮਦ ਅਲੀ ਜਿਨਾਹ ਤੇ ਗਾਂਧੀ ਤੋਂ ਵੀ ਉੱਤੇ ਸਮਝਣ ਲੱਗ ਪਿਆ। ਬੱਸ ਏਥੇ ਹੀ ਸਿੱਖ ਮਾਰ ਖਾ ਗਏ। ਇਕ ਵੇਲਾ ਉਹ ਵੀ ਸੀ ਜਦੋਂ ਸਿੱਖ ਗੁਰੂ ਗੋਬਿੰਦ ਸਿੰਘ ਨੂੰ ਭੁੱਲ ਕੇ ਮਹਾਤਮਾ ਗਾਂਧੀ ਦੀ ਜੈ ਕਿਹਾ ਕਰਦੇ ਸਨ। ਬਾਦਲ ਨੇ ਸਿੱਖਾਂ ਦੀ ਇਹ ਦੁਵਿਧਾ 1996 ਵਿਚ ਹੋਈ ਮੋਗਾ ਕਾਨਫਰੰਸ ਵਿਚ ਤੋੜੀ ਹੈ। ਬਾਦਲ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਅਕਾਲੀ ਪਾਰਟੀ ਵਿਚ ਪੰਥ ਤੇ ਖਾਲਸਾ ਵਰਗੇ ਸ਼ਬਦਾਂ ਦਾ ਹੁਣ ਕੋਈ ਮਹੱਤਵ ਨਹੀਂ। ਪੰਜਾਬ ਅਤੇ ਪੰਜਾਬੀਅਤ ਨੂੰ ਅੱਗੇ ਲਿਆਂਦਾ ਗਿਆ ਤੇ ਭਾਰਤੀ ਜਨਤਾ ਪਾਰਟੀ ਨੂੰ ਸਪੱਸ਼ਟ ਕਰ ਦਿੱਤਾ ਗਿਆ ਕਿ ਅਕਾਲੀ ਦਲ ਬਾਦਲ ਹੁਣ ਕਦੇ ਵੀ ਸਿੱਖ ਮੰਗਾਂ ਦੀ ਗੱਲ ਨਹੀਂ ਕਰੇਗਾ। ਏਥੋਂ ਤੱਕ ਕਿ ਪੰਜਾਬ ਦੀਆਂ ਸਾਂਝੀਆਂ ਮੰਗਾਂ ਵੀ ਛੱਡ ਦਿੱਤੀਆਂ। ਚੰਡੀਗੜ੍ਹ, ਪਾਣੀ, ਬਿਜਲੀ ਦਾ ਨਾਂ ਤੱਕ ਨਹੀਂ ਲਿਆ ਜਾਵੇਗਾ। ਹੁਣ ਜਦੋਂ ਅਕਾਲੀ ਦਲ ਬਾਦਲ ਦਾ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਧੜਾ 'ਪ੍ਰਕਾਸ਼ ਸਿੰਘ ਬਾਦਲ ਜ਼ਿੰਦਾਬਾਦ' ਦੇ ਨਾਅਰੇ ਲਾਉਂਦੇ ਹਨ ਤਾਂ 'ਸ੍ਰੀ ਵਾਜਪਾਈ ਜ਼ਿੰਦਾਬਾਦ' ਸਗੋਂ ਦੋ ਵਾਰ ਕਹਿੰਦੇ ਹਨ। ਇਹ ਉਹ ਹੀ ਨਜ਼ਾਰਾ ਹੈ, ਜਿਹੜਾ ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਮਹਾਤਮਾ ਗਾਂਧੀ ਕੀ ਜੈ ਦਾ ਸੀ।

ਇਕ ਵਾਰ ਇਕ ਫਿਲਮ ਨਿਰਮਾਤਾ 1ਫਿਲਮ ਦਾ ਮੰਨੋਰੰਜਨ ਟੈਕਸ ਮੁਆਫ ਕਰਵਾਉਣ ਸੰਚਾਰ ਮੰਤਰੀ ਕੋਲ ਗਿਆ। ਮੰਤਰੀ ਨੇ ਫਿਲਮ ਵੇਖ ਕੇ ਉਸਨੂੰ ਨੂੰ ਪੁੱਛਿਆ," ਇਸ ਫਿਲਮ ਵਿਚ ਮੰਨੋਰੰਜਨ ਕਿੱਥੇ ਹੈ? ਜਿਹੜਾ ਤੂੰ ਟੈਕਸ ਮੁਆਫ ਕਰਵਾਉਣ ਆ ਗਿਐਂ।" ਉਸ ਨੇ ਬੜੇ ਅਰਾਮ ਨਾਲ ਕਿਹਾ,"ਜਨਾਬ, ਏਹੋ ਹੀ ਤਾਂ ਮੈਂ ਕਹਿੰਦਾ ਹਾਂ, ਜਦੋਂ ਮੰਨੋਰੰਜਨ ਹੀ ਨਹੀਂ ਤਾਂ ਫਿਰ ਮੰਨੋਰੰਜਨ ਟੈਕਸ ਕਾਹਦਾ?"

ਜਿਹੜੇ ਲੋਕ ਬਾਦਲ ਨੂੰ ਇਸ ਕਰਕੇ ਕੋਸਦੇ ਹਨ ਕਿ ਸਿੱਖ ਮੁੱਖ ਮੰਤਰੀ ਹੋ ਕੇ ਇਹਨੂੰ ਕੋਈ ਪੰਥ ਦਰਦ ਨਹੀਂ,ਉਹ ਭੁੱਲ ਜਾਂਦੇ ਹਨ ਕਿ ਬਾਦਲ ਸਾਹਿਬ ਦੀ ਪਾਰਟੀ ਨੇ ਮੋਗਾ ਕਾਨਫਰੰਸ ਵਿਚ ਪੰਥ ਸ਼ਬਦ ਅਕਾਲੀ ਦਲ ਵਿਚੋਂ ਕੱਢ ਦਿੱਤਾ ਹੋਇਆ ਹੈ। ਜਦੋਂ

ਉਨ੍ਹਾਂ ਦੇ ਅਕਾਲੀ ਦਲ ਵਿਚ ਪੰਥ ਹੀ ਨਹੀਂ ਫਿਰ ਪੰਥ ਦਰਦ ਕਾਹਦਾ? ਹਾਂ ਹਿੰਦੂਤਵ ਦਾ ਉਹਨੂੰ ਪੂਰਾ ਪੂਰਾ ਧਿਆਨ ਹੈ। ਤਾਹੀਓਂ ਈ ਤਾਂ ਅਜਕਲ ਕੀਰਤਨ ਦਰਬਾਰ ਬੰਦ ਤੇ ਮੌਂਹਾਮਾਈ ਦੇ ਜਗਰਾਤੇ ਥਾਂ-ਥਾਂ ਹੁੰਦੇ ਹਨ। ਬਲਕਿ ਉਨ੍ਹਾਂ ਦੇ ਆਪਣੇ ਘਰ ਹਵਨ ਯਗ ਹੁੰਦੇ ਹਨ ਤੇ ਉਹ ਬਾਕਾਇਦਾ ਮੱਥੇ 'ਤੇ ਟਿੱਕਾ ਸਜਾਉਂਦੇ ਹਨ, ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਹਨ। ਉਨ੍ਹਾਂ ਦੇ ਮੰਤਰੀ ਹਨੂਮਾਨ ਚਾਲੀਸੇ ਪੜ੍ਹਦੇ ਹਨ ਤੇ ਉਨ੍ਹਾਂ ਦੇ ਦਲ ਵਿਚ ਨੂੰਹਮਾਰ ਕੁੜੀਮਾਰਾਂ ਦਾ ਆਦਰ ਹੈ। ਕਿਉਂਕਿ ਹਿੰਦੂ ਧਰਮ ਵਿਚ ਕੁੜੀ ਮਾਰਨੀ ਪਾਪ ਨਹੀਂ। ਹੁਣ ਤਾਂ ਉਹ ਗੱਲ ਵੀ ਭਾਰਤੀ ਜਨਤਾ ਪਾਰਟੀ ਤੇ ਉਸਦੀ ਚਚੇਰੀ ਭੈਣ ਰਾਸ਼ਟਰੀ ਸਿੱਖ ਸੰਗਤ ਦੀ ਹੀ ਸੁਣਦੇ ਹਨ, ਅਕਾਲੀਆਂ ਦੀ ਨਹੀਂ।

ਇਕ ਵਾਰ ਸਰਦਾਰ ਐਮ. ਐਸ. ਰੰਧਾਵਾ ਆਈ. ਸੀ. ਐਸ., ਜਿਨ੍ਹਾਂ ਨੇ ਚੰਡੀਗੜ੍ਹ ਸ਼ਹਿਰ ਵਸਾਇਆ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਵੀ ਰਹੇ, ਨੂੰ ਕਿਸੇ ਨੇ ਪੁੱਛਿਆ, 'ਸਿੱਖ ਪਛੜਦੇ ਕਿਉਂ ਜਾਂਦੇ ਹਨ?' ਉਹ ਕਹਿਣ ਲੱਗੇ, 'ਤੁਹਾਡੇ ਸਵਾਲ ਤੋਂ ਇਹ ਤਾਂ ਪਤਾ ਨਹੀਂ ਲਗਦਾ ਕਿ ਸਿੱਖ ਕਾਹਦੇ ਵਿਚ ਪੱਛੜੇ ਹਨ ਪਰ ਇਸਦਾ ਜਵਾਬ ਇਹ ਹੈ ਕਿ ਜਦੋਂ ਕੋਈ ਪਛੜਣ ਲੱਗ ਪਵੇ, ਫਿਰ ਉਹ ਪਛੜਦਾ ਜਾਂਦਾ ਹੈ, ਪਛੜਦਾ ਜਾਂਦਾ ਹੈ, ਪਛੜਦਾ ਜਾਂਦਾ ਹੈ ਤੇ ਪਛੜਦਾ ਹੀ ਜਾਂਦਾ ਹੈ।' ਭਾਵੇਂ ਸ੍ਰੀ ਰੰਧਾਵਾ ਜੱਟ ਸਿੱਖ ਹੁਸ਼ਿਆਰਪੁਰ ਦੇ ਰਹਿਣ ਵਾਲੇ ਸਨ ਤੇ ਕਲੀਨ ਸ਼ੇਵਨ ਸਨ ਪਰ ਹਿੰਦੂਆਂ ਨੂੰ ਉਹ ਇਸ ਸ਼ਕਲ ਵਿਚ ਵੀ ਮਨਜ਼ੂਰ ਨਹੀਂ ਸਨ ਤੇ ਉਹ ਕਹਿੰਦੇ ਸਨ, 'ਭਾਵੇਂ ਇਹਦੇ ਮੂੰਹ 'ਤੇ ਦਾੜ੍ਹੀ ਨਹੀਂ ਪਰ ਇਹਦੇ ਸੰਘ ਵਿਚ ਦਾੜ੍ਹੀ ਹੈ।' ਹੁਣ ਮੈਂ ਆਪਣੇ ਉਨ੍ਹਾਂ ਸਿੱਖ ਵੀਰਾਂ ਨੂੰ ਪੁੱਛਣਾ ਚਾਹੁੰਦਾ ਹਾਂ, ਜਿਹੜੇ ਹਿੰਦੂ ਤੇ ਸਿੱਖ ਨੂੰ ਇਕ ਹੀ ਦਰੱਖਤ ਦੇ ਦੋ ਟਾਹਣ ਸਮਝਦੇ ਹਨ, ਕਿ ਸ. ਐਮ. ਐਸ. ਰੰਧਾਵਾ ਤੋਂ ਹੋਰ ਥੱਲੇ ਕੋਈ ਸਿੱਖ ਕਿੰਨਾ ਕੁ ਡਿਗ ਸਕਦਾ ਹੈ, ਜਿਸ ਨੇ ਕੇਸ ਨਾ ਰੱਖੇ, ਦਾੜ੍ਹੀ ਨਾ ਰੱਖੀ ਪਰ ਫਿਰ ਵੀ ਸਿੱਖ ਹੀ ਰਿਹਾ ਤਾਂ ਇਸ ਦਾ ਮਤਲਬ ਐਮ. ਐਸ. ਰੰਧਾਵਾ ਦੇ ਉੱਤਰ ਅਨੁਸਾਰ ਇਹ ਹੋਇਆ ਕਿ ਜਦੋਂ ਕੋਈ ਬੰਦਾ ਆਪਣੇ ਧਰਮ ਤੋਂ ਡਿੱਗ ਪਵੇ ਤਾਂ ਫਿਰ ਉਹ ਡਿਗਦਾ ਜਾਂਦਾ ਹੈ ਤੇ ਡਿਗਦਾ ਹੀ ਜਾਂਦਾ ਹੈ ਤੇ ਥੱਲੇ ਡਿਗਣ ਲਈ ਉਸ ਦਾ ਕੋਈ ਅੰਤ ਨਹੀਂ। ਹੁਣ ਸ: ਪ੍ਰਕਾਸ਼ ਸਿੰਘ ਬਾਦਲ ਜਿਨ੍ਹਾਂ ਨੇ ਸਿੱਖਾਂ ਦੇ ਸ਼ਰੀਕ ਸਿੱਖ ਭੇਖ ਵਿਚ ਹਿੰਦੂ ਕੂਕਿਆਂ ਦੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਚੇਅਰ ਸਥਾਪਤ ਕਰ ਦਿੱਤੀ ਹੈ, ਉਹ ਜਗਰਾਤਿਆਂ ਤੇ ਹਿੰਦੂ ਜਲੂਸਾਂ ਦੀ ਅਗਵਾਈ ਕਰਦਾ ਹੈ, ਆਧਕੁਆਰੀ ਤੇ ਹੋਰ ਦੇਵੀਆਂ ਦੇ ਦਰਸ਼ਨ ਕਰਕੇ ਨਿਹਾਲ ਹੁੰਦਾ ਹੈ, ਸਿੱਖਾਂ ਦੀ ਨਸਲਕੁਸ਼ੀ ਲਈ ਜ਼ਿੰਮੇਵਾਰ ਪੁਲਿਸ ਅਫਸਰਾਂ ਨੂੰ ਤਰੱਕੀਆਂ ਦੇ ਰਿਹਾ ਹੈ। ਪੁਲਿਸ ਅਫਸਰਾਂ ਤੇ ਹਿੰਦੂ ਜਥੇਬੰਦੀਆਂ ਨਾਲ ਯਾਰੀ ਗੰਢੀ ਫਿਰਦਾ ਹੈ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬਾਕੀ ਦੇ ਜਥੇਦਾਰ ਉਹਦੇ ਪੈਰ ਦੇ ਅੰਗੂਠੇ ਥੱਲੇ ਹਨ ਤੇ ਉਨ੍ਹਾਂ ਕੋਲੋਂ ਉਹ ਫੈਸਲੇ ਕਰਵਾਉਂਦਾ ਹੈ, ਜਿਹੜੇ ਸਿੱਖਾਂ ਨੂੰ ਸਾਰੇ ਸੰਸਾਰ ਵਿਚ ਸ਼ਰਮਿੰਦਗੀ ਦਿਵਾਉਂਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਬੁਰਕੀ ਲਈ ਉਹਦੇ ਵੱਲ ਉਤਾਂਹ ਮੂੰਹ ਚੁੱਕਿਆ ਹੈ, ਹੋਰ ਕਿੰਨਾ ਕੁ ਥੱਲੇ ਡਿੱਗ ਸਕਦਾ ਹੈ? ਜਵਾਬ ਹੈ, 'ਡਿਗਦਾ ਜਾਵੇਗਾ, ਡਿਗਦਾ ਜਾਵੇਗਾ ਤੇ ਡਿਗਦਾ ਹੀ ਜਾਵੇਗਾ।'

***

ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਗੁਰਬਾਣੀ ਦੀ ਕੁੰਜੀ ਕਿਹਾ ਗਿਆ ਹੈ। ਭਾਈ ਵੀਰ ਸਿੰਘ ਜੀ ਨੂੰ ਸ਼੍ਰੋਮਣੀ ਕਵੀ ਹੋਣ ਦਾ ਸੁਭਾਗ ਪ੍ਰਾਪਤ ਹੈ ਪਰ ਇਤਿਹਾਸਕਾਰਾਂ ਨੇ ਇਨ੍ਹਾਂ ਦੋਹਾਂ ਵਿਦਵਾਨਾਂ ਨੂੰ ਹੀ ਬੁਰੀ ਤਰ੍ਹਾਂ ਨਕਾਰਿਆ ਹੈ। ਏਥੋਂ ਤਕ ਕਿ ਇਤਿਹਾਸਕਾਰ ਇਨ੍ਹਾਂ ਦੋਹਾਂ ਨੂੰ ਹੀ ਨਿੱਜੀ ਦਾਇਰੇ ਵਿਚ ਕੈਦ ਵਿਦਵਾਨ ਮੰਨਦੇ ਹਨ ਪਰ ਦੂਜੇ ਪਾਸੇ ਮੂੰਨੇ ਵਾਲਾ ਵਾਲੀ ਤੇ ਬੀੜੀ ਸਿਗਰਟ ਦੇ ਨਾਲ ਸ਼ਰਾਬ ਪੀਣ ਵਾਲੀ ਕਵਿਤਰੀ ਅਮ੍ਰਿਤਾ ਪ੍ਰੀਤਮ ਨੂੰ ਇਤਿਹਾਸਕਾਰ ਇਕ ਜਾਗਰੂਕ ਲੇਖਿਕਾ ਮੰਨਦੇ ਹਨ।

ਭਾਈ ਗੁਰਦਾਸ ਜੀ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਚਸ਼ਮਦੀਦ ਗਵਾਹ ਸਨ ਪਰ ਫਿਰ ਵੀ ਉਨ੍ਹਾਂ ਨੇ ਇਕ ਅੱਖਰ ਵੀ ਉਨ੍ਹਾਂ ਦੀ ਸ਼ਹੀਦੀ ਬਾਰੇ ਨਹੀਂ ਲਿਖਿਆ। ਕਈ ਇਤਿਹਾਸਕਾਰਾਂ ਨੇ ਆਖਿਆ ਹੈ ਕਿ ਉਹ ਡਰ ਗਏ ਹੋਣਗੇ, ਕਈਆਂ ਨੇ ਕਿਹਾ ਹਕੂਮਤ ਅੱਗੇ ਵਿਕ ਗਏ ਹੋਣਗੇ, ਕਿਸੇ ਨੇ ਕੁਝ ਕਿਹਾ ਤੇ ਕਿਸੇ ਨੇ ਕੁਝ। ਐਸੇ ਤਰ੍ਹਾਂ ਹੀ ਸ਼੍ਰੋਮਣੀ ਕਵੀ ਭਾਈ ਵੀਰ ਸਿੰਘ ਜੀ ਨੇ ਬਹੁਤ ਹੀ ਉਚਤੱਮ ਸਾਹਿਤ ਦੀ ਰਚਨਾ ਕੀਤੀ ਹੈ। ਕੇਲੇ ਦੇ ਗਲ ਲੱਗੀ ਵੇਲ੍ਹ, ਬਨਖਸ਼ੇ ਦਾ ਫੁੱਲ ਤੇ ਹੋਰ ਕਈ ਬਹੁਤ ਹੀ ਪ੍ਰਮਾਤਮਾ ਪਿਆਰ ਨਾਲ ਸੰਬੰਧਤ ਵਿਸ਼ਿਆਂ ਨੂੰ ਆਪਣੀ ਕਵਿਤਾ ਰਾਹੀਂ ਛੂਹਿਆ ਹੈ। ਭਾਰਤ-ਪਾਕਿ ਵੰਡ ਵੇਲੇ ਸਭ ਕੁੱਝ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਵਾਪਰਿਆ ਪਰ ਉਨ੍ਹਾਂ ਨੇ ਇਸ ਦੇ ਵਿਰੋਧ ਵਿਚ ਇਕ ਸ਼ਬਦ ਵੀ ਨਹੀਂ ਲਿਖਿਆ। ਦੂਜੇ ਪਾਸੇ ਕਵਿਤਰੀ ਅੰਮ੍ਰਿਤਾ ਪ੍ਰੀਤਮ ਏਨਾਂ ਜ਼ੁਲਮ ਵੇਖ ਕੇ ਤੜਫ ਉਠੀ ਤੇ ਉਸ ਨੇ ਲਿਖਿਆ; ਅੱਜ ਆਖਾਂ ਵਾਰਸ਼ ਸ਼ਾਹ ਨੂੰ ਕਿਤੇ ਕਬਰਾਂ ਵਿਚੋਂ ਬੋਲ।

ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ-ਲਿਖ ਮਾਰੇ ਵੈਣ।
ਅਜ ਲੱਖਾਂ ਧੀਆਂ ਰੋਦੀਆਂ ਤੈਨੂੰ ਵਾਰਸ਼ ਸ਼ਾਹ ਨੂੰ ਕਹਿਣ।
ਵੇ ਦਰਦਮੰਦਾਂ ਦਿਆ ਦਰਦੀਆ ਉਠ ਤਕ ਆਪਣਾ ਪੰਜਾਬ।
ਅਜ ਬੇਲੇ ਲਾਸ਼ਾ ਵਿਛੀਆਂ ਤੇ ਲਹੂ ਦੀ ਭਰੀ ਚਨਾਬ।

ਸਾਹਿਤਕਾਰ ਕਹਿੰਦੇ ਹਨ ਕਿ ਜੇ ਅੰਮ੍ਰਿਤਾ ਪ੍ਰੀਤਮ ਇਸ ਕਵਿਤਾ ਤੋਂ ਬਗੈਰ ਕੁਝ ਵੀ ਹੋਰ ਨਾ ਲਿਖਦੀ ਤਾਂ ਵੀ ਉਹ ਸਾਹਿਤ ਦੀ ਦੁਨੀਆਂ ਵਿਚ ਛਾ ਜਾਂਦੀ। ਕਿਉਂਕਿ ਉਸਦੀਆਂ ਅੱਖਾਂ ਸਾਹਮਣੇ ਜੋ ਕੁਝ ਵਾਪਰਿਆ ਉਹ ਉਸ ਕੋਲੋਂ ਜਰਿਆ ਨਹੀਂ ਗਿਆ ਤੇ ਉਸਨੇ ਉਸ ਦਰਦ ਵਿਚ ਭਿੱਜ ਕੇ ਝੱਟ ਲੇਰ ਮਾਰ ਦਿੱਤੀ ਤੇ ਲੋਕਾਂ ਦੀ ਕਵਿਤਰੀ ਬਣ ਗਈ। ਭਾਈ ਵੀਰ ਸਿੰਘ ਨੇ ਸਭ ਕੁਝ ਅੱਖਾਂ ਸਾਹਮਣੇ ਹੁੰਦਾ ਵੇਖ ਕੇ ਵੀ ਅਣਡਿੱਠ ਕਰ ਦਿੱਤਾ ਤੇ ਆਪਣੇ ਆਪ ਵਿਚ ਹੀ ਮਸਤ ਰਹਿ ਕੇ ਸਾਹਿਤ ਰਚਦੇ ਰਹੇ। ਏਹੋ ਜਿਹਾ ਸਾਹਿਤ ਜਿੰਨਾ ਮਰਜੀ ਕੋਈ ਲਿਖ ਲਿਖ ਸੁੱਟ ਦੇਵੇ ਆਮ ਆਦਮੀ ਨੇ ਉਸ ਵਿਚੋਂ ਕੀ ਕੱਢਣਾ ਪਾਉਣਾ ਹੁੰਦਾ

ਹੈ! ਉਨ੍ਹਾਂ ਨੂੰ ਤਾਂ ਉਸ ਸਾਹਿਤ ਨਾਲ ਮਤਲਬ ਹੁੰਦਾ ਹੈ, ਜਿਸ ਵਿਚ ਉਨ੍ਹਾਂ ਨਾਲ ਕੀਤੇ ਜਾਂਦੇ ਜ਼ੁਲਮਾਂ ਦੀ ਕਹਾਣੀ ਹੋਵੇ। ਉਨ੍ਹਾਂ ਨਾਲ ਵਾਪਰੇ ਭਾਣੇ ਨੂੰ ਕਾਗਜ਼ 'ਤੇ ਉਤਾਰਨ ਵਾਲਾ ਉਨ੍ਹਾਂ ਦਾ ਹਮਦਰਦ ਸਾਹਿਤਕਾਰ ਅਖਵਾਉਂਦਾ ਹੈ।

ਇਤਿਹਾਸ ਕੀ ਹੈ ? ਜੋ ਘਟਨਾਵਾਂ 'ਅੱਜ ਵਾਪਰ ਰਹੀਆਂ ਹਨ, ਉਹ ਕਲ ਦਾ ਇਤਿਹਾਸ ਹੋਣਗੀਆਂ। ਜਾਂ ਦੂਜੇ ਅੱਖਰਾਂ ਵਿਚ ਇਤਿਹਾਸ ਉਹ ਸੱਚ ਹੁੰਦਾ ਹੈ, ਜੋ ਉਸ ਵੇਲੇ ਦੇ ਲੋਕਾਂ ਨੇ ਆਪਣੀਆਂ ਅੱਖਾਂ ਨਾਲ ਵੇਖਿਆ ਹੁੰਦਾ ਹੈ। ਜੇ ਅੱਖਾਂ ਨਾਲ ਵੇਖਣ ਵਾਲਾ ਬੰਦਾ ਆਪਣੇ ਆਪ ਨੂੰ ਇਤਿਹਾਸਕਾਰ ਆਖੇ ਪਰ ਉਸ ਬਾਰੇ ਲਿਖੇ ਕੁਝ ਨਾ ਤਾਂ ਉਹ ਇਤਿਹਾਸਕਾਰ ਅਖਵਾਉਣ ਦਾ ਹੱਕਦਾਰ ਕਿਵੇਂ ਹੋ ਸਕਦਾ ਹੈ ? ਜੇ ਅੱਜ ਦੇ ਸਾਹਿਤਕਾਰ ਵੀ ਅੱਜ ਬਾਰੇ ਕੁਝ ਨਹੀਂ ਲਿਖਦੇ ਤੇ ਅੱਖਾਂ ਮੀਟ ਛੱਡਣਗੇ ਤਾਂ ਉਹ ਲੋਕ-ਅਦਾਲਤ ਵਿਚ ਬੜੇ ਸ਼ਰਮਸਾਰ ਹੋਣਗੇ। ਉਨ੍ਹਾਂ ਦੀ ਵਿਦਵਤਾ ਨੂੰ ਲੋਕਾਂ ਨੇ ਰਗੜ ਕੇ ਫੋੜੇ 'ਤੇ ਲਾਉਣਾ ਹੈ ? 1978 ਤੋਂ ਲੈ ਕੇ 1998 ਤਕ ਲੋਕ ਜ਼ੁਲਮ ਦੀ ਭੱਠੀ ਵਿਚ ਸੜੇ ਹਨ। ਥੋੜਾ ਜਾਂ ਬਹੁਤਾ ਸੇਕ ਬਹੁਤ ਲੋਕਾਂ ਨੂੰ ਲੱਗਾ ਹੈ। ਕਈਆਂ ਨੂੰ ਪੁਲਿਸ ਨੇ ਮਾਰਿਆ, ਕਈਆਂ ਨੂੰ ਖਾੜਕੂਆਂ ਨੇ ਮਾਰਿਆ। ਕਈ ਪੁਲਿਸ ਵਾਲੇ ਖਾੜਕੂਆਂ ਹੱਥੋਂ ਮਰੇ, ਕਈ ਖਾੜਕੂ ਝੂਠੇ ਜਾਂ ਸੱਚੇ ਪੁਲਿਸ ਮੁਕਾਬਲਿਆਂ ਵਿਚ ਮਰੇ। ਕਈ ਵਿਚਾਰੇ ਬੇਦੋਸ਼ੇ ਤੇ ਭੁਲੇਖੇ ਨਾਲ ਹੀ ਬੱਚੇ ਲਈ ਬਜਾਰੋਂ ਟੌਫੀਆਂ ਲੈਣ ਗਏ, ਗੋਲੀ ਦੀ ਚਪੇਟ ਵਿਚ ਆ ਗਏ ਤੇ ਜਾਨ ਗਵਾ ਬੈਠੇ। ਮਾਰੇ ਜਾਣ ਤੋਂ ਇਲਾਵਾ ਇਸ ਸੰਘਰਸ਼ ਵਿਚ ਹੋਰ ਵੀ ਬਹੁਤ ਬੇਨਿਯਮੀਆਂ ਹੋਈਆਂ। ਹਰ ਵਿਅਕਤੀ ਨੂੰ ਹਰ ਗਲ ਤੇ ਹਰ ਘਟਨਾ ਦਾ ਪਤਾ ਨਹੀਂ ਹੋ ਸਕਦਾ ਪਰ ਉਸ ਨੂੰ ਜਿੰਨੀ ਕੁ ਗਲ ਦਾ ਪਤਾ ਹੈ, ਉਹ ਤਾਂ ਲੋਕਾਂ ਅੱਗੇ ਲਿਆਵੇ। ਇਸ ਤਰ੍ਹਾਂ ਕਰਦਿਆਂ ਕਰਦਿਆਂ ਜਾਣਕਾਰੀ ਦਾ ਇਕ ਵੱਡਾ ਢੇਰ ਇਕੱਠਾ ਹੋ ਜਾਂਦਾ। ਇਹ ਢੇਰ ਭਾਵੇਂ ਤੂੜੀ ਤੇ ਦਾਣਿਆਂ ਦੇ ਰਲੇ ਮਿਲੇ ਢੇਰ ਵਰਗਾ ਹੀ ਕਿਉਂ ਨਾ ਹੁੰਦਾ, ਇਤਿਹਾਸਕਾਰ ਜ਼ਰੂਰ ਵਿਚੋਂ ਦਾਣਿਆਂ ਨੂੰ ਵੱਖ ਕਰ ਲੈਂਦੇ ਪਰ ਅਫਸੋਸ ਇਹ ਹੈ ਕਿ ਸਾਰੇ ਸਾਹਿਤਕਾਰ ਦੜਵੱਟ ਕੇ ਬਹਿ ਗਏ ਹਨ। ਹੁਣ ਤਕ ਜਿੰਨਾਂ ਇਸ ਬਾਰੇ ਲਿਖਿਆ ਜਾਣਾ ਚਾਹੀਦਾ ਸੀ, ਉਸਦਾ ਪੰਜਾਹਵਾਂ ਹਿੱਸਾ ਵੀ ਨਹੀਂ ਲਿਖਿਆ ਗਿਆ। ਬਸ 'ਚੋਰ ਉਚੱਕਾਂ ਚੌਧਰੀ ਤੇ ਗੁੰਡੀ ਰੰਨ ਪ੍ਰਧਾਨ' ਵਾਂਗ ਜਿਹੜੇ ਮਨੁੱਖਤਾ ਦਾ ਆਹੂ ਲਾਹੁਣ ਵਾਲੇ ਸਨ, ਉਨ੍ਹਾਂ ਨੇ ਹੀ ਕਿਤਾਬਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਪਰ ਉਨ੍ਹਾਂ ਦਾ ਜਵਾਬ ਦੇਣ ਵਾਲੇ ਚੁੱਪ ਚਾਪ ਬੈਠੇ ਹਨ।

ਵੈਸੇ ਵੀ 1978 ਤੋਂ ਚਲਿਆ ਸਿੱਖ ਸੰਘਰਸ਼ ਫੇਲ੍ਹ ਹੋ ਗਿਆ ਹੈ। ਕਿਹਾ ਜਾ ਸਕਦਾ ਹੈ ਕਿ ਸੰਘਰਸ਼ ਚਲਾਉਣ ਵਾਲੀ ਧਿਰ ਹਾਰ ਗਈ ਹੈ। ਹਾਰੇ ਹੋਇਆਂ ਦੇ ਇਤਿਹਾਸ ਹਮੇਸ਼ਾਂ ਜਿੱਤੇ ਹੋਏ ਲੋਕ ਹੀ ਲਿਖਵਾਇਆ ਕਰਦੇ ਹਨ। ਜਿੱਤੇ ਹੋਏ ਲੋਕ ਇਤਿਹਾਸ ਲਿਖਵਾਉਂਦੇ ਹਨ ਤੇ ਹਾਰਿਆਂ ਹੋਇਆ ਦੇ ਲਿਖੇ ਜਾਂਦੇ ਹਨ। ਜੇ ਹਿਟਲਰ ਜਿੱਤ ਜਾਂਦਾ ਤਾਂ ਚਰਚਲ, ਸਟਾਲਿਨ ਵਗੈਰਾ ਦਾ ਇਤਿਹਾਸ ਹੋਰ ਹੁੰਦਾ। ਜਦੋਂ ਉਹ ਜਿੱਤ ਰਿਹਾ ਸੀ ਤਾਂ ਸੁਭਾਸ਼ ਚੰਦਰ ਬੋਸ ਉਸ ਤੋਂ ਬਹੁਤ ਪ੍ਰਭਾਵਤ ਸੀ। ਜੇ ਰਾਵਣ ਜਿੱਤ ਜਾਂਦਾ ਤਾਂ ਫਿਰ ਪੁਤਲੇ ਰਾਮ ਦੇ ਸੜਦੇ ਕਿਉਂਕਿ ਸਰੂਪ ਨਖਾ ਦਾ ਨੱਕ ਵਢਣਾ ਕੋਈ ਛੋਟਾ ਜੁਰਮ ਨਹੀਂ ਸੀ। ਉਹ ਵੀ ਇਕ ਕਸ਼ਤਰੀ ਦੁਆਰਾ ਬ੍ਰਾਹਮਣ ਕੰਨਿਆ ਦਾ। ਕਸ਼ਤਰੀ ਦੀ ਕੀ ਜੁਅਰਤ ਸੀ ਕਿ ਉਹ ਬ੍ਰਾਹਮਣ ਦਾ ਕੀਤਾ ਹੋਇਆ ਪੇਸ਼ਾਬ ਵੀ ਉਲੰਘ ਜਾਵੇ। ਪਰ ਰਾਵਣ ਹਾਰ ਗਿਆ ਤੇ ਸੁੰਦਰ ਸਰੂਪ ਨਖ਼ਾ ਰਾਖਸ਼ਣੀ ਅਖਵਾਉਣ ਲੱਗੀ। ਏਸੇ ਹੀ ਤਰ੍ਹਾਂ ਸਿੱਖ ਖਾੜਕੂ ਸੰਘਰਸ਼ ਹਾਰ ਗਏ ਤੇ ਹੁਣ

ਅਤਵਾਦੀ, ਲੁਟੇਰੇ ਅਤੇ ਦਰਿੰਦੇ ਅਖਵਾਉਣ ਲੱਗ ਪਏ। ਜਦੋਂ ਚੜ੍ਹਦੀਕਲਾ ਵਿਚ ਸਨ, ਉਦੋਂ ਅਖ਼ਬਾਰਾਂ ਤੇ ਟੀ. ਵੀ. ਵਾਲਿਆਂ ਦਾ ਖਬਰ ਦੇਣ ਲੱਗੇ ਖਾੜਕੂ ਖਾੜਕੂ ਕਹਿੰਦਿਆਂ ਦਾ ਮੂੰਹ ਸੁਕਦਾ ਸੀ।

ਜਕਰੀਆ ਖਾਂ ਭਾਵੇਂ ਸਿੱਖਾਂ ਦਾ ਦੁਸ਼ਮਣ ਸੀ ਪਰ ਉਹਨੇ ਨਾਦਰਸ਼ਾਹ ਨੂੰ ਦੱਸਿਆ ਕਿ ਇਹ ਫਕੀਰਾਂ ਦਾ ਟੋਲਾ ਹੈ ਤੇ ਘੋੜਿਆਂ ਦੀਆਂ ਕਾਠੀਆਂ 'ਤੇ ਹੀ ਇਹਨਾਂ ਦਾ ਘਰ ਹੈ। ਨਾਦਰਸ਼ਾਹ ਨੇ ਸਹਿਜ ਸੁਭਾਅ ਹੀ ਕਿਹਾ,"ਜੇ ਇਹ ਗੱਲ ਹੈ ਤਾਂ ਤੇਰਾ ਰਾਜ ਖੁੱਸਾ ਹੀ ਸਮਝ।" ਸਿੱਖਾਂ ਦੀ ਖੁਰਾਕ ਤੇ ਲੰਗਰ ਦਾ ਤੇ ਇਹ ਹਾਲ ਸੀ ਕਿ ਇਕ ਵਾਰ ਬਾਬਾ ਆਲਾ ਸਿੰਘ ਦੀ ਪਤਨੀ ਆਪ ਦਾਲ ਵਰਤਾ ਰਹੀ ਸੀ। ਇਕ ਸਿੱਖ ਦੇ ਕੌਲੇ ਵਿਚ ਜਦੋਂ ਦਾਲ ਪਾਈ ਤਾਂ ਉਹਨੂੰ ਏਨਾ ਗੁੱਸਾ ਆਇਆ ਕਿ ਉਹਨੇ ਓਹੋ ਗਰਮ ਦਾਲ ਉਹਦੇ ਸਿਰ ਵਿਚ ਪਾ ਦਿੱਤੀ ਤੇ ਕਿਹਾ,"ਏਨੇ ਥੋੜ੍ਹੇ ਛੋਲਿਆਂ ਦੀ ਦਾਲ ਵਿਚ ਏਨਾ ਜਿਆਦਾ ਪਾਣੀ ਪਾ ਕੇ ਕਿਉਂ ਬਣਾਇਆ ਈ।" ਸਿੱਖਾਂ ਨੂੰ ਬੜੇ ਅਜੀਬ ਹਾਲਾਤ ਵਿਚੋਂ ਲੰਘਣਾ ਤੇ ਫੈਸਲੇ ਲੈਣੇ ਪਏ।

ਹਰ ਦੇਸ਼ ਵਿਚ ਆਪਣੇ ਆਪਣੇ ਬਹਾਦਰਾਂ ਦੇ ਕਿੱਸੇ ਗਾਏ ਜਾਂਦੇ ਹਨ ਅਤੇ ਇਤਿਹਾਸ ਪੜ੍ਹ-ਪੜ੍ਹ ਕੇ ਸੁਣਾਇਆ ਜਾਂਦਾ ਹੈ। ਇੰਗਲੈਂਡ ਇਕ ਐਸਾ ਦੇਸ਼ ਹੈ, ਜਿਸਨੇ ਲੱਗਭਗ ਸਾਰੀ ਦੁਨੀਆਂ 'ਤੇ ਰਾਜ ਕੀਤਾ ਹੈ। ਬੀਤ ਚੁੱਕੇ ਸਮੇਂ ਦੀਆਂ ਬਹਾਦਰੀ ਦੀਆਂ ਵਾਰਾਂ ਗਾਉਣ ਨੂੰ ਉਹ ਬਿਲਕੁਲ ਮਹੱਤਵ ਨਹੀਂ ਦੇਂਦੇ। ਏਸੇ ਲਈ ਹੀ ਇੰਗਲੈਂਡ ਦੇ ਬਹਾਦਰਾਂ ਦੀਆਂ ਕੋਈ ਕਿੱਸੇ ਕਹਾਣੀਆਂ ਨਹੀਂ ਛਪੇ। ਇਤਿਹਾਸ ਬਾਰੇ ਉਹਨਾਂ ਦਾ ਵਿਚਾਰ ਹੈ ਕਿ ਜੀਂਦੀਆਂ ਜਾਗਦੀਆਂ ਕੌਮਾਂ ਨਿੱਤ ਨਵਾਂ ਇਤਿਹਾਸ ਸਿਰਜਦੀਆਂ ਹਨ। ਇਤਿਹਾਸ ਦੀਆਂ ਗੱਲਾਂ ਕਰਕੇ ਉਹ ਕੌਮਾਂ ਆਪਣਾ ਚਿੱਤ ਪਰਚਾਉਂਦੀਆਂ ਹਨ, ਜਿਹੜੀਆਂ ਵਰਤਮਾਨ ਵਿਚ ਨਕਾਰਾ ਹੋ ਚੁੱਕੀਆਂ ਹੋਣ, ਨਹੀਂ ਤਾਂ ਪਿਛਲੀਆਂ ਗੱਲਾਂ ਲਈ ਵੱਕਤ ਕਿਸ ਕੋਲ ਹੈ? ਪਰ ਏਸੇ ਹੀ ਗੱਲ ਦੇ ਜੁਆਬ ਵਿਚ ਇੰਗਲੈਂਡ ਦੀ ਇਕ ਵਿਦਵਾਨ ਪ੍ਰਧਾਨ ਮੰਤਰੀ ਸ਼੍ਰੀਮਤੀ ਮਾਰਗਰੇਟ ਥੈਚਰ ਨੇ ਕਿਹਾ ਸੀ, "ਇਤਿਹਾਸ ਦਾ ਲਿਖਿਆ ਤੇ ਸਾਂਭਿਆ ਜਾਣਾ ਤਾਂ ਬੜਾ ਜਰੂਰੀ ਹੈ ਪਰ ਸਾਡਾ ਇਤਿਹਾਸ ਤਾਂ ਉਨ੍ਹਾਂ ਉਨ੍ਹਾਂ ਦੇਸ਼ਾਂ ਵਿਚ ਲਿਖਿਆ ਤੇ ਸਾਂਭਿਆ ਪਿਆ ਹੈ, ਜਿਨ੍ਹਾਂ ਦੇਸ਼ਾਂ ਵਿਚ ਸਾਡਾ ਰਾਜ ਰਿਹਾ ਹੈ ਅਤੇ ਸਾਡੀ ਫੌਜ, ਸਾਡੇ ਧਾਰਮਕ ਅਦਾਰੇ, ਸਾਡੇ ਇੰਜਨੀਅਰ ਅਤੇ ਸਾਡੇ ਡਾਕਟਰ ਤੇ ਹੋਰ ਲੋਕ, ਜਿਨ੍ਹਾਂ ਨੇ ਉਨ੍ਹਾਂ ਦੇਸ਼ਾਂ ਵਿਚ ਜਾ ਕੇ ਬਰਤਾਨੀਆਂ ਸਰਕਾਰ ਵਲੋਂ ਕੰਮ ਕੀਤਾ ਹੈ, ਦੇ ਪਦਚਿਨ੍ਹਾਂ ਦੇ ਨਿਸ਼ਾਨ ਮੌਜੂਦ ਹਨ ਤੇ ਰਹਿੰਦੀ ਦੁਨੀਆਂ ਤੱਕ ਮੌਜੂਦ ਰਹਿਣਗੇ ਕਿਉਂਕਿ ਸਾਡੇ ਨਾਲ ਹੀ ਉਨ੍ਹਾਂ ਦੇਸ਼ਾਂ ਦਾ ਇਤਿਹਾਸ ਜੁੜਿਆ ਹੋਇਆ ਹੈ। ਸਾਨੂੰ ਮਨਫੀ ਕਰਕੇ ਉਹ ਆਪਣਾ ਇਤਿਹਾਸ ਨਹੀਂ ਬਣਾ ਸਕਣਗੇ। ਉਨ੍ਹਾਂ ਨੂੰ ਲਿਖਣਾ ਹੀ ਪਵੇਗਾ ਕਿ ਏਥੇ ਐਨੇ ਸੰਨ ਤੋਂ ਲੈ ਕੇ ਐਨੇ ਤੱਕ ਕਰਾਊਨ ਦਾ ਰਾਜ ਸੀ।"

ਇਤਿਹਾਸ ਦੀਆਂ ਗੱਲਾਂ ਤਾਂ ਸਿੱਖ ਵੀ ਬਹੁਤ ਕਰਦੇ ਹਨ। ਸਿਖ ਇਤਿਹਾਸ ਹਿੰਦੂਆਂ, ਮੁਸਲਮਾਨਾਂ ਜਾਂ ਅੰਗਰੇਜਾਂ ਨੇ ਲਿਖਿਆ ਹੈ। ਉਸਤੋਂ ਅਗੇ ਢਾਡੀਆਂ ਤੇ ਹੋਰ ਗਾਉਣ ਵਜਾਉਣ ਵਾਲਿਆਂ ਨੇ ਮੁਸਲਮਾਨਾਂ ਦਾ ਉਹ ਪਖ ਉਜਾਗਰ ਨਹੀਂ ਕੀਤਾ, ਜਿਸ ਵਿਚ ਮੁਸਲਮਾਨਾਂ ਨੇ ਆਪਣੀ ਜਾਨ 'ਤੇ ਖੇਡ ਕੇ ਗੁਰੂ ਜੀ ਦੀ ਮੱਦਦ ਕੀਤੀ। ਹਜ਼ਰਤ ਮੀਆਂ ਮੀਰ ਤੋਂ ਲੈ ਕੇ ਪੀਰ ਬੁਧੂ ਸ਼ਾਹ, ਨਵਾਬ ਮਲੇਰਕੋਟਲਾ, ਨਵਾਬ ਰਾਇਕੋਟ, ਨਬੀ ਖਾਂ, ਗਨੀ ਖਾਂ ਤੇ ਲਕੜਸ਼ਾਹ ਨੂੰ ਉਹ ਸਤਿਕਾਰ ਨਹੀਂ ਮਿਲਿਆ, ਜੋ ਉਹਨਾਂ ਦਾ ਹੱਕ ਬਣਦਾ

ਸੀ। ਹਿੰਦੂਆਂ ਨੂੰ ਤਾਂ ਹਰ ਮੁਸਲਮਾਨ ਨਾਲ ਹੀ ਨਫਰਤ ਹੈ ਪਰ ਜੇ ਗੁਰੂ ਜੀ ਨੂੰ ਹਰ ਮੁਸਲਮਾਨ ਨਾਲ ਹੀ ਨਫਰਤ ਹੁੰਦੀ ਤਾਂ ਉਹ ਔਰੰਗਜੇਬ ਦੇ ਜਾਨਸ਼ੀਨ ਬਹਾਦਰਸ਼ਾਹ ਦੀ ਲੜਾਈ ਵਿਚ ਮੱਦਦ ਨਾਂ ਕਰਦੇ। ਦਖਣ ਵਲ ਜਾਂਦਿਆਂ ਗੁਰੂ ਜੀ ਤੇ ਬਹਾਦਰਸ਼ਾਹ ਦੀ ਗਲਬਾਤ ਟੁੱਟਣ ਦਾ ਕਾਰਨ ਧਾਰਮਕ ਨਹੀਂ ਰਾਜਨੀਤਕ ਸੀ, ਜਿਵੇਂ ਸਿਖਾਂ ਦੀ ਪੰਜਾਬੀ ਸੂਬੇ ਦੀ ਗਲਬਾਤ ਪਹਿਲਾਂ ਨਹਿਰੂ ਨਾਲ ਟੁੱਟੀ ਤੇ ਬਾਅਦ ਵਿਚ ਇੰਦਰਾ ਗਾਂਧੀ ਨੇ ਉਹ ਗੱਲ ਮੰਨ ਲਈ। ਸਿੱਖਾਂ ਦੇ ਰਾਗੀਆਂ ਢਾਡੀਆਂ ਨੇ ਹੀ ਅਸਲ ਵਿਚ ਸਿੱਖਾਂ ਨੂੰ ਮੁਸਲਮਾਨਾਂ ਤੋਂ ਦੂਰ ਕੀਤਾ ਹੈ। ਕਾਰਨ ਇਹ ਹੈ ਕਿ ਮੁਸਲਮਾਨ ਸਿਵਾਏ ਮਸੀਤ ਤੋਂ ਹੋਰ ਕਿਸੇ ਦੇ ਵੀ ਧਰਮ ਅਸਥਾਨ ਵਿਚ ਨਹੀਂ ਜਾਂਦਾ। ਨਾ ਹੀ ਮੱਥਾ ਟੇਕਦਾ ਹੈ ਤੇ ਨਾ ਹੀ ਕੁਝ ਐਸਾ ਕਰਦਾ ਹੈ ਜੋ ਇਸਲਾਮ ਵਿਚ ਮਨ੍ਹਾਂ ਹੋਵੇ। ਪਰ ਸਿੱਖਾਂ ਦੇ ਦੀਵਾਨਾਂ ਵਿਚ ਹਿੰਦੂ ਆਮ ਹੀ ਜਾ ਬੈਠਦੇ ਹਨ। ਇਸ ਤਰ੍ਹਾਂ ਮੁਸਲਮਾਨਾਂ ਦੀ ਗੈਰਹਾਜਰੀ ਵਿਚ ਤੇ ਹਿੰਦੂਆਂ ਦੀ ਹਾਜਰੀ ਵਿਚ ਰਾਗੀ ਢਾਡੀ ਤੇ ਕੀਰਤਨੀਏ ਓਹੀ ਗੱਲ ਕਰਦੇ ਹਨ, ਜਿਹੜੀ ਹਿੰਦੂ ਦੇ ਵਿਰੁੱਧ ਨਾ ਜਾਂਦੀ ਹੋਵੇ। ਨਹੀਂ ਤਾਂ ਜਿੱਡਾ ਬੁਰਾ ਗੁਰੂਆਂ ਤੇ ਗੁਰੂ ਦੇ ਸਿੱਖਾਂ ਨਾਲ ਹਿੰਦੂ ਨੇ ਕੀਤਾ ਹੈ, ਮੁਸਲਮਾਨ ਨੇ ਤਾਂ ਉਹਦਾ ਵੀਹਵਾਂ ਹਿੱਸਾ ਵੀ ਨਹੀਂ ਕੀਤਾ। ਸਮੇਂ-ਸਮੇਂ 'ਤੇ ਭੀੜ ਬਣੀ ਤੇ ਮੁਸਲਮਾਨ ਮਦਦ ਲਈ ਬਹੁੜਦੇ ਰਹੇ ਹਨ।

ਭੰਗਾਣੀ ਦੇ ਯੁੱਧ ਵਿਚ ਪੀਰ ਬੁਧੂ ਸ਼ਾਹ ਦੇ ਪੁੱਤਰ ਤੇ ਚੇਲੇ ਸ਼ਹੀਦ ਹੋਏ। ਨਵਾਬ ਮਲੇਰਕੋਟਲੇ ਨੇ ਹਾਅ ਦਾ ਨਾਅਰਾ ਮਾਰਿਆ। ਇਸ ਤਰ੍ਹਾਂ ਕਰਨ ਨਾਲ ਉਸਨੂੰ ਸਜਾਏ ਮੌਤ ਵੀ ਹੋ ਸਕਦੀ ਸੀ। ਨਵਾਬ ਰਾਇਕੋਟ ਦੇ ਘਰ ਮੁਗਲਾਂ ਦਾ ਘੇਰਾ ਪੈਣ 'ਤੇ ਗੁਰੂ ਜੀ ਇਕ ਤਰ੍ਹਾਂ ਨਾਲ ਲੁਕੇ ਹੋਏ ਸਨ। ਤਲਾਸ਼ੀ ਲੈਂਦਿਆ ਲੈਂਦਿਆ ਜਦੋਂ ਮੁਗਲ ਅਧਿਕਾਰੀ ਇਕ ਕਮਰੇ ਵਲ ਵਧੇ ਤਾਂ ਨਵਾਬ ਨੇ ਕਿਹਾ, "ਮੇਰੀ ਧੀ ਤੇ ਜਵਾਈ ਅੰਦਰ ਹਨ।" ਉਸਦੀ ਇਸ ਗਲ 'ਤੇ ਇਤਬਾਰ ਕਰਕੇ ਫੌਜ ਵਾਪਸ ਚਲੀ ਗਈ। ਵੇਖਿਆ ਜਾਵੇ ਤਾਂ ਇਹ ਕੋਈ ਮਾਮੂਲੀ ਘਟਨਾਂ ਨਹੀਂ ਸੀ। ਨੱਬੀ ਖਾਂ ਤੇ ਗਨੀ ਖਾਂ ਨੇ ਗੁਰੂ ਜੀ ਨੂੰ ਉੱਚ ਦਾ ਪੀਰ ਬਣਾ ਕੇ ਫੌਜ ਦੇ ਜਬਰਦਸਤ ਘੇਰੇ-ਵਿਚੋਂ ਬਾਹਰ ਕਢਿਆ। ਲਕੜ ਸ਼ਾਹ ਮੁਸਲਮਾਨ ਨੇ ਭਾਮੇ ਸ਼ਾਹ ਤੋਂ ਵੀ ਵੱਧ ਕੇ ਕੰਮ ਕੀਤਾ। ਮਹਾਰਾਣਾ ਪ੍ਰਤਾਪ ਤੇ ਭਾਮੇ ਸ਼ਾਹ ਦੋਵੇਂ ਹੀ ਹਿੰਦੂ ਸਨ ਪਰ ਲਕੜ ਸ਼ਾਹ ਨੇ ਗੈਰ ਮਜ਼ਹਬੀ ਹੋ ਕੇ ਵੀ ਗੁਰੂ ਜੀ ਦੀ ਉਸ ਵੇਲੇ ਮਦਦ ਕੀਤੀ ਜਦੋਂ ਉਹ ਘੋਰ ਸੰਕਟ ਵਿਚ ਸਨ ਤੇ ਉਹਨਾਂ ਦੀ ਇੱਜ਼ਤ ਵੀ ਦਾਅ 'ਤੇ ਲਗੀ ਹੋਈ ਸੀ।

ਮਾਲਵੇ ਵਿਚ ਕੁਝ ਚਿਰ ਠਹਿਰਨ ਤੋਂ ਬਾਅਦ ਗੁਰੂ ਜੀ ਜਦੋਂ ਦਿਲੀ ਵਲ ਚਲੇ ਤਾਂ ਬਰਾੜਾ, ਜਿਨਾਂ ਨੂੰ ਗੁਰੂ ਜੀ ਨੇ ਤਨਖਾਹ ਤੇ ਫੌਜ ਵਿਚ ਭਰਤੀ ਕੀਤਾ ਹੋਇਆ ਸੀ ਨੇ ਗੁਰੂ ਜੀ ਦੇ ਘੋੜੇ ਦੀਆਂ ਵਾਂਗਾ ਫੜ ਲਈਆਂ ਤੇ ਕਿਹਾ, "ਪਹਿਲਾਂ ਸਾਡੀਆਂ ਬਣਦੀਆਂ ਤਨਖਾਹਾਂ ਦਿਓ, ਫੇਰ ਜਾਣ ਦਿਆਂਗੇ।" ਗੁਰੂ ਜੀ ਨੇ ਕਿਹਾ, "ਤੁਹਾਨੂੰ ਸਿਖੀ ਚਾਹੀਦੀ ਹੈ ਕਿ ਤਨਖਾਹ ਦੇ ਪੈਸੇ?" ਬਰਾੜਾਂ ਨੇ ਕਿਹਾ, ਅਸਾਂ ਸਿਖੀ ਨੂੰ ਕੀ ਕਰਨਾਂ ਹੈ, ਸਾਡੀ ਤਨਖਾਹ ਸਾਨੂੰ ਦਿਓ। ਜਦੋਂ ਇਹ ਤਕਰਾਰਬਾਜੀ ਚਲ ਰਹੀ ਸੀ ਤਾਂ ਲਕੜ ਸ਼ਾਹ ਨਾ ਦਾ ਮੁਸਲਮਾਨ ਦੋ ਖੋਤਿਆਂ 'ਤੇ ਪੈਸਿਆਂ ਦੀਆਂ ਛਟਾਂ ਲਦੀ ਪਹੁੰਚ ਗਿਆ ਤੇ ਕਿਹਾ, ਗੁਰੂ ਜੀ ਮੈਂ ਆਪ ਜੀ ਨੂੰ ਕਈ ਪਿੰਡਾਂ ਵਿਚ ਲਭਦਾ ਲਭੌਂਦਾ ਆਇਆ ਹਾਂ। ਇਹ ਪੈਸੇ ਸਵੀਕਾਰ ਕਰੋ। ਗੁਰੂ ਜੀ ਨੇ ਸਾਰੇ ਬਰਾੜਾਂ ਦੀਆਂ ਤਨਖਾਹਾਂ ਦਾ ਭੁਗਤਾਣ ਕੀਤਾ ਤੇ ਬਾਕੀ ਰਕਮ ਓਥੇ ਹੀ ਕਿਸੇ ਥਾਂ ਨੱਪ ਦਿੱਤੀ। ਓਥੇ ਹੁਣ ਗੁਰਦੁਆਰਾ ਬਣਿਆ ਹੋਇਆ ਹੈ।

ਅਸਾਂ ਆਪਣਾ ਪਿਛਲਾ ਇਤਿਹਾਸ ਆਪ ਹੀ ਗੌਂ ਗੌਂ ਕੇ ਤੇ ਕੀਰਤਨ ਕਰ ਕਰ ਕੇ ਵਿਗਾੜ ਲਿਆ ਹੈ ਤੇ ਸਾਭਿਆ ਵੀ ਨਹੀਂ। ਡਾ. ਗੰਡਾ ਸਿੰਘ ਜੋ ਸਿੱਖ ਇਤਿਹਾਸ ਦੇ ਬੜੇ ਖੋਜੀ ਸਨ ਨੇ ਕਿਹਾ ਹੈ ਕਿ ਅਨਪੜ੍ਹਤਾਵਸ ਸਿਖ ਕੌਮ ਨੇ ਆਪਣੇ ਇਤਿਹਾਸਕ ਦਸਤਾਵੇਜ ਭੰਗ ਦੇ ਭਾੜੇ ਬਰਬਾਦ ਕੀਤੇ ਹਨ। ਉਹ ਕਹਿੰਦੇ ਹਨ ਇਕ ਵਾਰ ਉਹ ਕਿਸੇ ਪਿੰਡ ਗਏ ਤੇ ਇਕ ਬੱਚੇ ਦੇ ਹੱਥ ਵਿਚ ਇਕ ਮੈਲਾ ਜਿਹਾ ਗੱਤਾ ਵੇਖਿਆ। ਖੋਜੀ ਸੁਭਾਅ ਅਨੁਸਾਰ ਜਦੋਂ ਉਹ ਗੱਤਾ ਉਨ੍ਹਾਂ ਨੇ ਪੜ੍ਹ ਕੇ ਵੇਖਿਆ ਤਾਂ ਹੈਰਾਨ ਹੋ ਗਏ। ਉਹ ਦਸਤਾਵੇਜ਼ ਅੰਗਰੇਜਾਂ ’ਤੇ ਚੜ੍ਹਾਈ ਕਰਨ ਸਮੇਂ ਸਿਖ ਸਰਦਾਰਾਂ ਵਲੋਂ ਲਿਆ ਗਿਆ ਪ੍ਰਣ ਪੱਤਰ ਸੀ, ਜਿਸ ਉਤੇ ਸਭ ਸਰਦਾਰਾਂ ਦੇ ਦਸਤਖਤ ਸਨ ਤੇ ਆਖਰੀ ਦਮ ਤੱਕ ਲੜਨ ਦਾ ਪ੍ਰਣ ਸੀ। ਜਦੋਂ ਡਾ. ਸਾਹਿਬ ਨੇ ਬੱਚੇ ਨੂੰ ਪੁਛਿਆ “ਇਹ ਗੱਤਾ ਤੂੰ ਕਿਥੋਂ ਲਿਆ ਹੈ?” ਤਾਂ ਉਸ ਨੇ ਕਿਹਾ “ਜੀ ਏਸੇ ਤਰ੍ਹਾਂ ਦੇ ਗਤਿਆ ਤੇ ਹੋਰ ਕਈ ਕਾਗਜਾਂ ਦੀਆਂ ਪੰਡਾ ਸਾਡੇ ਤੂੜੀ ਵਾਲੇ ਅੰਦਰ ਰੁਲਦੀਆਂ ਫਿਰਦੀਆਂ ਹਨ।” ਕੀ ਕਦੇ ਕਿਸੇ ਹੋਰ ਕੌਮ ਨੇ ਵੀ ਇਸ ਤਰ੍ਹਾਂ ਕੀਤਾ ਹੈ? ਜਿਥੇ ਅਸਾਂ ਪਿਛਲਾ ਇਤਿਹਾਸ ਆਪ ਹੀ ਬਰਬਾਦ ਕਰ ਦਿੱਤਾ ਹੈ, ਓਥੇ ਅੱਜ ਦੇ ਇਤਿਹਾਸ ਨੂੰ ਵੀ ਨਹੀਂ ਰਹਿਣ ਦਿੱਤਾ।

ਵਿਦੇਸ਼ਾ ਵਿਚ ਜਾਓ ਤਾਂ ਇਟਲੀ ਵਿਚ ਉਹ ਥਾਂ ਅਜੇ ਵੀ ਉਸੇ ਤਰ੍ਹਾਂ ਹੀ ਮੌਜੂਦ ਹੈ, ਜਿਥੇ ਸਾਨ੍ਹਾ ਨਾਲ ਲੜਾਈ ਹੁੰਦੀ ਸੀ। ਉਹ ਸਾਰੀ ਇਮਾਰਤ ਵਿਚੋਂ ਢਠੀ ਹੋਈ ਹੈ ਪਰ ਉਨ੍ਹਾਂ ਨੇ ਜਾਣ-ਬੁੱਝ ਕੇ ਹੀ ਇਸ ਤਰ੍ਹਾਂ ਦੀ ਰੱਖੀ ਹੋਈ ਹੈ। ਇੰਗਲੈਂਡ ਦੀ ਯੂਨੀਵਰਸਿਟੀ ਆਕਸਫੋਰਡ ਦੀਆਂ ਪੁਰਾਣੀਆਂ ਪੌੜੀਆਂ ਘਸ ਘਸ ਕੇ ਪੀਪੂੰ ਹੋ ਗਈਆਂ ਹਨ, ਪੌੜੀ ਵਿਚ ਪਾਏ ਹੋਏ ਸਰੀਏ ਵੀ ਅੱਧੇ ਅੱਧੇ ਘਸ ਗਏ ਹਨ, ਲੋਕਾਂ ਨੇ ਸਰਕਾਰ ’ਤੇ ਬੜਾ ਜੋਰ ਪਾਇਆ ਕਿ ਇਨ੍ਹਾਂ ਪੌੜੀਆਂ ਦੀ ਮੁਰੰਮਤ ਕੀਤੀ ਜਾਵੇ, ਸਰਕਾਰ ਨੇ ਨਵੀਆਂ ਪੌੜੀਆਂ ਹੋਰ ਬਣਾ ਦਿੱਤੀਆਂ ਪਰ ਪੁਰਾਣੀਆਂ ਨੂੰ ਨਹੀਂ ਛੇੜਿਆ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਇਤਿਹਾਸਕ ਪੌੜੀਆਂ ਹਨ, ਏਥੋਂ ਦੀ ਬੜੇ ਬੜੇ ਸਕਾਲਰ ਤੇ ਵਿਦਵਾਨ ਲੰਘ ਕੇ ਗਏ ਹਨ। ਉਨ੍ਹਾਂ ਦੀ ਯਾਦ ਇਨ੍ਹਾਂ ਪੌੜੀਆਂ ਰਾਹੀਂ ਤਾਜਾ ਰਹਿਣੀ ਚਾਹੀਦੀ ਹੈ ਪਰ ਸਿੱਖਾਂ ਨੇ ਉਹ ਥਾਂ ਵੀ ਢਾਹ ਕੇ ਕਾਰ ਪਾਰਕਿੰਗ ਬਣਾ ਦਿੱਤੀ ਹੈ, ਜਿਸ ਮੁਗਲ ਕੋਤਵਾਲੀ ਵਿਚ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਰਖਿਆ ਗਿਆ ਸੀ ਤੇ ਤਸੀਹੇ ਦਿੱਤੇ ਗਏ ਸਨ। ਹੁਣ ਸਿੱਖ ਇਹ ਫੈਸਲਾ ਕਰਨ ਕਿ ਇਤਿਹਾਸਕ ਪੱਖੋਂ ਕੋਤਵਾਲੀ ਦਾ ਜਿਓਂ ਦਾ ਤਿਓਂ ਰਖਿਆ ਜਾਣਾ ਜਰੂਰੀ ਸੀ ਕਿ ਨਹੀਂ? ਭਾਰਤ ਸਰਕਾਰ ਨੇ ਦਰਬਾਰ ਸਾਹਿਬ ’ਤੇ ਹਮਲਾ ਕਰਕੇ ਅਕਾਲ ਤਖ਼ਤ ਢਾਹ ਦਿੱਤਾ, ਰਾਮਗੜ੍ਹੀਏ ਬੁੰਗੇ ਵੀ ਉਪਰੋਂ ਢਹਿ ਗਏ, ਪ੍ਰਕਰਮਾਂ ਦੇ ਨਾਲ ਵਰਾਂਡੇ ਗੋਲੀਆਂ ਨਾਲ ਛਲਨੀ ਹੋਏ ਪਏ ਸਨ ਤੇ ਦਰਬਾਰ ਸਾਹਿਬ ’ਤੇ ਵੀ ਵਜੀਆਂ ਗੋਲੀਆਂ ਦੇ ਨਿਸ਼ਾਨ ਸਨ। ਜਦੋਂ ਬਾਬਾ ਹਰਬੰਸ ਸਿੰਘ ਨੇ ਕਾਰ ਸੇਵਾ ਸ਼ੁਰੂ ਕਰਕੇ ਇਹ ਨਿਸ਼ਾਨੀਆਂ ਮਿਟਾਉਣੀਆਂ ਸ਼ੁਰੂ ਕੀਤੀਆਂ ਤਾਂ ਮੇਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਮਾਨ) ਨੇ ਮੇਰੀ ਡਿਊਟੀ ਲਾਈ ਕਿ ਗਲਬਾਤ ਤੇ ਬੇਨਤੀ ਕਰਕੇ ਮੈਂ ਇਹ ਕਾਰਸੇਵਾ ਰੁਕਵਾਂਵਾ। ਹੁਣ ਜਾਂ ਆਉਣ ਵਾਲੇ ਸਮੇਂ ਵਿਚ ਸਿੱਖ ਇਹ ਨਾ ਸਮਝ ਲੈਣ ਕਿ ਇਨ੍ਹਾਂ ਕਾਰਸੇਵੀ ਬਾਬਿਆਂ ਤੇ ਸ਼੍ਰੋਮਣੀ ਕਮੇਟੀ ਨੂੰ ਕਿਸੇ ਨੇ ਇਹ ਇਤਿਹਾਸਕ ਨਿਸ਼ਾਨ ਮਿਟਾਉਣ ਤੋਂ ਰੋਕਿਆ ਨਹੀਂ ਸੀ, ਇਸ ਲਈ ਉਨ੍ਹਾਂ ਦਿਨਾਂ ਦੀਆਂ ਅਖਬਾਰਾਂ ਦੀਆਂ ਕਾਤਰਾਂ ਤੇ ਚੌਂਕ ਮਹਿਤੇ ਵਿਚ ਇਤਿਹਾਸ ਮਿਟਾਉਣ ਦੀਆਂ ਦੋ ਘਟਨਾਵਾਂ ਏਥੇ ਲਿਖ ਰਿਹਾਂ ਹਾਂ। ਇਨ੍ਹਾਂ ਦੋਹਾਂ ਘਟਨਾਵਾਂ ਦਾ ਮੈਂ ਚਸ਼ਮਦੀਦ ਗਵਾਹ ਹਾਂ ਤੇ

ਬਹੁਤ ਸਰਗਰਮੀ ਨਾਲ ਯਤਨਸ਼ੀਲ ਰਿਹਾ ਹਾਂ ਕਿ ਇਸ ਤਰ੍ਹਾਂ ਨਾ ਹੋਵੇ ਪਰ ਭਾਰਤ ਸਰਕਾਰ ਦੀਆਂ ਖੁਫੀਆਂ ਏਜੰਸੀਆਂ ਦੇ ਢਹੇ ਚੜ੍ਹੇ ਹੋਏ ਕਾਰਸੇਵਾ ਵਾਲੇ ਸਾਧ ਤੇ ਸ਼੍ਰੋਮਣੀ ਕਮੇਟੀ ਕਦੋਂ ਟਲੰਦੀ ਸੀ? ਨਾਲੇ ਅਗਲੇ ਟਲਣ ਦੇਂਦੇ ਸਨ। ਕਈ ਵਾਰ ਤਾਂ ਐਸਾ ਹੁੰਦਾ ਹੈ ਕਿ ਸਿੱਖ ਸਾਧ ਏਜੰਸੀਆਂ ਵਲੋਂ ਦਿੱਤੇ ਕੰਮ ਤੋਂ ਵੀ ਅਗਾਂਹ ਲੰਘ ਜਾਂਦੇ ਹਨ। ਜਿਵੇਂ ਕਲਾਸ ਵਿਚ ਮਾਸਟਰ ਨੇ ਬੱਚਿਆਂ ਨੂੰ ਪੁੱਛਿਆ ਬੱਚਿਓ ਤੁਸੀਂ ਆਪਣੀ ਮੰਮੀ ਦੇ ਆਖੇ ਲੱਗਦੇ ਹੁੰਦੇ ਓ? ਫਿਰ ਮਾਸਟਰ ਨੇ ਇਕ ਸ਼ਰਾਰਤੀ ਜਹੇ ਬੱਚੇ ਨੂੰ ਪੁੱਛਿਆ,"ਤੂੰ ਲਗਦਾ ਹੈਂ?" ਬੱਚੇ ਨੇ ਕਿਹਾ," ਆਹੋ ਜੀ, ਕਈ ਵਾਰ ਤਾਂ ਮੈਂ ਬਹੁਤਾ ਈ ਆਖੇ ਲੱਗ ਜਾਨਾਂ।" ਮਾਂ ਨੇ ਹੈਰਾਨ ਹੋ ਕੇ ਪੁਛਿਆ,"ਉਹ ਕਿਵੇਂ ?" ਬੱਚੇ ਨੇ ਕਿਹਾ,"ਜੀ ਜੇ ਮੇਰੀ ਮਾਂ ਮੈਨੂੰ ਆਖੇ ਨਾ ਪਈ ਫਰਿੱਜ ਵਿਚ ਜਿਹੜੀ ਆਈਸਕਰੀਮ ਪਈ ਆ ਉਹ ਕੱਢ ਕੇ ਤੂੰ ਅੱਧੀ ਖਾ ਲੈ, ਤਾਂ ਮੈਂ ਸਾਰੀ ਖਾਂ ਸੁੱਟਦਾਂ।"

ਬਸ ਉਸ ਬੱਚੇ ਵਾਲਾ ਹਾਲ ਹੀ ਕਾਰਸੇਵਾ ਵਾਲੇ ਸਾਧਾਂ, ਸ਼੍ਰੋਮਣੀ ਕਮੇਟੀ ਤੇ ਅਕਾਲੀ ਪਾਰਟੀਆਂ ਦਾ ਹੈ। ਭਾਰਤੀ ਗੁਪਤਚਰ ਏਜੰਸੀਆਂ ਵਲੋਂ ਆਪਣੀ ਜਾਨ 'ਤੇ ਆਉਣ ਵਾਲੇ ਖਤਰੇ ਤੋਂ ਬਚਦੇ ਹੋਏ, ਮੈਂ ਕਾਰਸੇਵਾ ਰੋਕਣ ਦੀ ਵੱਧ ਤੋਂ ਵੱਧ ਕੋਸ਼ਿਸ਼ ਕੀਤੀ ਪਰ ਸਫਲ ਨਾ ਹੋਇਆ। ਹੁਣ ਇਕ ਵੀ ਨਿਸ਼ਾਨ ਐਸਾ ਨਹੀਂ ਬਚਿਆ, ਜਿਸ ਨੂੰ ਵੇਖ ਕੇ ਕੋਈ ਕਹਿ ਸਕੇ ਕਿ 1984 ਨੂੰ ਏਥੇ ਭਾਰਤੀ ਫੌਜ ਨੇ ਟੈਂਕਾ ਤੇ ਤੋਪਾਂ ਨਾਲ ਹਮਲਾ ਕੀਤਾ ਸੀ। ਇਕ ਅਖਬਾਰੀ ਕਟਿੰਗ ਦਾ ਹਵਾਲਾ ਵੇਖੋ; "18 ਅਕਤੂਬਰ 1994 ਨੂੰ ਇਥੋਂ ਜਾਰੀ ਇਕ ਪ੍ਰੈਸ ਨੋਟ ਵਿਚ ਜਥੇਦਾਰ ਕੁਲਬੀਰ ਸਿੰਘ ਕੌੜਾ ਮੈਂਬਰ ਕੇਂਦਰੀ ਭਰਤੀ ਅਤੇ ਚੋਣ ਕਮੇਟੀ ਸ਼੍ਰੋਮਣੀ ਅਕਾਲੀ ਦਲ ਨੇ ਹਰਿਮੰਦਰ ਸਾਹਿਬ ਦੀ ਪਰਕਰਮਾ ਦੀ ਕਾਰਸੇਵਾ ਸੰਬੰਧੀ ਛਿੜੇ ਵਿਵਾਦ ਬਾਰੇ ਸ. ਸਿਮਰਨਜੀਤ ਸਿੰਘ ਮਾਨ ਵੱਲੋਂ ਲਏ ਸਪਸ਼ਟ ਸਟੈਂਡ ਦੀ ਹਿਮਾਇਤ ਕਰਦਿਆਂ ਬਾਬਾ ਹਰਬੰਸ ਸਿੰਘ ਜੀ ਦਿੱਲੀ ਵਾਲਿਆਂ ਨੂੰ ਬੇਨਤੀ ਕੀਤੀ ਕਿ ਜਿੰਨਾਂ ਚਿਰ ਤਕ ਸਾਰਾ ਪੰਥ ਕਾਰਸੇਵਾ ਸੰਬੰਧੀ ਕੋਈ ਸਾਂਝਾ ਨਿਰਨਾ ਨਹੀਂ ਲੈਂਦਾ, ਓਨਾਂ ਚਿਰ ਤਕ ਕਾਰਸੇਵਾ ਦਾ ਕੰਮ੍ਹ ਤੁਰੰਤ ਬੰਦ ਕਰ ਦੇਣਾ ਚਾਹੀਦਾ ਹੈ। ਇਸ ਸੰਬੰਧੀ ਮਾਨ ਸਾਹਿਬ ਵੱਲੋਂ ਭੇਜਿਆ ਇਕ ਵਫਦ ਬਾਬਾ ਜੀ ਦੇ ਨੁਮਾਇੰਦਾ ਸਿੰਘਾਂ ਨੂੰ ਮਿਲ ਕੇ ਸਾਰੀ ਬੇਨਤੀ ਕਰ ਚੁੱਕਾ ਹੈ। ਵਫਦ ਨੂੰ ਓਥੇ ਮੌਜੂਦ ਸੇਵਾਦਾਰ ਸਿੰਘਾਂ ਨੇ ਦੱਸਿਆ ਕਿ ਬਾਬਾ ਹਰਬੰਸ ਸਿੰਘ ਜੀ ਨੇ ਛਿੜੇ ਵਿਵਾਦ ਨੂੰ ਮੁੱਖ ਰੱਖ ਕੇ ਦੁਵਿਧਾ ਵਿਚ ਪੈਣ ਦੀ ਬਜਾਏ ਕਾਰਸੇਵਾ ਬੰਦ ਕਰ ਦਿੱਤੀ ਸੀ ਪਰ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਦੁਬਾਰਾ ਸ਼ੁਰੂ ਕਰਵਾ ਦਿੱਤੀ ਹੈ। ਸਾਰੀ ਦੁਨੀਆਂ ਜਾਣਦੀ ਹੈ ਕਿ ਸਾਕਾ ਨੀਲਾ ਤਾਰਾ ਵੇਲੇ ਭਾਰਤੀ ਟੈਂਕਾਂ ਨੇ ਪਰਿਕਰਮਾ ਵਿਚ ਦਾਖਲ ਹੋ ਕੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਉਣ ਆਈਆਂ ਸੰਗਤਾਂ ਅਤੇ ਅਕਾਲ ਤਖਤ ਸਾਹਿਬ 'ਤੇ ਗੋਲਾਬਾਰੀ ਕਰਕੇ ਕਤਲੋ ਗਾਰਤ ਕੀਤੀ ਸੀ। ਟੈਂਕਾਂ ਥੱਲੇ ਦਰੜੀ ਹੋਈ ਪਰਿਕਰਮਾ ਉਸ ਜੁਲਮ ਦੀ ਮੂੰਹ ਬੋਲਦੀ ਤਸਵੀਰ ਹੈ। ਉਹ ਵੀ ਜਦੋਂ ਹਜਾਰਾਂ ਸਿੰਘ ਟਾਡਾ ਕਾਨੂੰਨ ਅਧੀਨ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਸੜ ਰਹੇ ਹਨ ਤੇ ਕੌਮ ਦੇ ਕਈ ਪਰਵਾਨਿਆਂ ਦੇ ਘਰਾਂ ਵਿਚ ਚੁਲ੍ਹਿਆਂ ਉੱਤੇ ਘਾਹ ਉੱਗਿਆ ਹੋਇਆ ਹੈ ਤੇ ਉਹ ਆਪਣੀ ਪੈਲੀ ਵੀ ਵਾਹ ਬੀਜ ਨਹੀਂ ਸਕਦੇ, ਵਿਦੇਸ਼ ਤੋਂ ਆ ਕੇ ਦਰਸ਼ਨ ਕਰਨ ਵਾਲੇ ਸਿੰਘਾਂ ਨੂੰ ਵੀ ਵੀਜ਼ਾ ਨਹੀਂ ਦਿੱਤਾ ਜਾਂਦਾ ਤੇ ਵਿਦੇਸ਼ੀ ਸਿੱਖ ਆਪਣੀ ਮਾਤਭੂਮੀ ਆ ਕੇ ਗੋਲੀਆਂ ਨਾਲ ਛਲਣੀ ਦਰਬਾਰ ਸਾਹਿਬ ਤੇ ਟੈਂਕਾਂ ਨਾਲ ਦਰੜੀ ਪਵਿੱਤਰ ਪਰਿਕਰਮਾ ਦੇ ਦਰਸ਼ਨ ਨਹੀਂ

ਕਰ ਸਕੇ ਤਾਂ ਏਨੀ ਕਾਹਲੀ ਨਾਲ ਇਹ ਇਤਿਹਾਸਕ ਨਿਸ਼ਾਨ ਅਜੇ ਨਹੀਂ ਮਿਟਾਏ ਜਾਣੇ ਚਾਹੀਦੇ। ਜਦੋਂ ਜਲ੍ਹਿਆਂ ਵਾਲੇ ਬਾਗ ਦੇ ਨਿਸ਼ਾਨ ਅਜੇ ਤੱਕ ਨਹੀਂ ਮਿਟਾਏ ਗਏ ਤੇ ਸਾਂਭ ਕੇ ਰਖੇ ਗਏ ਹਨ ਤਾਂ ਫੇਰ ਏਥੇ ਏਨੀ ਕਾਹਲ ਕਰਨ ਦੀ ਕੀ ਜਰੂਰਤ ਹੈ ?

ਜਨੇਵਾ ਸੰਧੀ, ਜਿਸ 'ਤੇ ਭਾਰਤ ਦੇ ਵੀ ਦਸਤਖਤ ਹਨ, ਅਨੁਸਾਰ ਕਿਸੇ ਇਤਿਹਾਸਕ ਮਹੱਤਤਾ ਵਾਲੇ ਸਥਾਨ ਨੂੰ ਨਾ ਤਾਂ ਢਾਹਿਆ ਜਾ ਸਕਦਾ ਹੈ ਤੇ ਨਾ ਹੀ ਬਦਲਿਆ ਜਾ ਸਕਦਾ ਹੈ। ਮਾਨ ਸਾਹਿਬ ਨੇ ਇਹ ਸਾਰਾ ਮਾਮਲਾ ਯੂ. ਐਨ ਓ ਸਮੇਤ ਦੁਨੀਆਂ ਦੀ ਅਦਾਲਤ ਵਿਚ ਉਠਾਇਆ ਹੋਇਆ ਹੈ ਤੇ ਭਾਰਤ ਸਰਕਾਰ ਨੇ ਕਿਸੇ ਵੀ ਪੜਤਾਲੀਆ ਟੀਮ ਨੂੰ ਪੰਜਾਬ ਨਹੀਂ ਆਉਣ ਦਿੱਤਾ। ਜੱਥੇਦਾਰ ਕੁਲਬੀਰ ਸਿੰਘ ਕੌੜਾ ਨੇ ਸ਼ੱਕ ਜਾਹਿਰ ਕੀਤਾ ਕਿ ਕਿਤੇ ਅਨਜਾਣੇ ਵਿਚ ਹੀ ਸ਼੍ਰੋਮਣੀ ਕਮੇਟੀ ਤੇ ਬਾਬਾ ਹਰਬੰਸ ਸਿੰਘ ਜੀ ਭਾਰਤ ਸਰਕਾਰ ਦੀ ਕਿਸੇ ਸਾਜਿਸ਼ ਦਾ ਸ਼ਿਕਾਰ ਤਾਂ ਨਹੀਂ ਹੋ ਗਏ? ਜੇ ਅਜਿਹਾ ਨਹੀਂ ਹੈ ਤਾਂ ਸਤਿਕਾਰਯੋਗ ਬਾਬਾ ਹਰਬੰਸ ਸਿੰਘ ਜੀ, ਜਿਨ੍ਹਾਂ ਦਾ ਪੰਥ ਵਿਚ ਅਥਾਹ ਸਤਿਕਾਰ ਹੈ ਨੂੰ ਆਪਣੇ ਆਪ ਨੂੰ ਇਸ ਕੁਚੱਕਰ ਵਿਚੋਂ ਲਾਂਭੇ ਕਰ ਲੈਣਾ ਚਾਹੀਦਾ ਹੈ।

ਜੱਥੇਦਾਰ ਕੁਲਬੀਰ ਸਿੰਘ ਕੌੜਾ ਨੇ ਕਿਹਾ ਕਿ ਪਤਾ ਲੱਗਾ ਹੈ ਕਿ ਕੁਝ ਲੋਕਾਂ ਵੱਲੋਂ ਸਾਜਿਸ਼ ਰਚ ਕੇ ਇਤਿਹਾਸਕ ਮਹੱਤਤਾ ਵਾਲੇ ਰਾਮਗੜੀਆਂ ਬੁੰਗੇ, ਜਿਹਨਾਂ ਵਿਚ ਸਿੱਖ ਰਾਜ ਦੀਆਂ ਦਿੱਲੀ 'ਤੇ ਰਾਜ ਕਰਨ ਦੀਆਂ ਨਿਸ਼ਾਨੀਆਂ ਮੌਜੂਦ ਹਨ ਤੇ ਜੋ ਸਿੱਖ ਕੌਮ ਨੂੰ ਬਾਦਸ਼ਾਹੀ ਦੇ ਦਿਨ ਯਾਦ ਕਰਵਾਉਂਦੀਆਂ ਹਨ ਤੇ ਅੱਗੋਂ ਵੀ ਬਾਦਸ਼ਾਹੀ ਪ੍ਰਾਪਤ ਕਰਨ ਦੀ ਪ੍ਰੇਰਨਾ ਦੇਂਦੀਆਂ ਹਨ, ਨੂੰ ਵੀ ਢਾਹੁਣ ਦੀ ਸਾਜਿਸ਼ ਰਚੀ ਜਾ ਰਹੀ ਹੈ। ਏਸੇ ਹੀ ਤਰ੍ਹਾਂ ਸਰਹੰਦ ਵਿਖੇ ਦਸਮ ਪਿਤਾ ਦੇ ਛੋਟੇ ਦੋ ਸਾਹਿਬਜਾਦੇ ਫਤਿਹ ਸਿੰਘ ਜੀ ਅਤੇ ਬਾਬਾ ਜੋਰਾਵਰ ਸਿੰਘ ਨੂੰ ਸਮੇਤ ਮਾਤਾ ਗੁਜਰੀ ਜੀ ਦੇ ਜਿਸ ਖੂਹ ਰੂਪੀ ਭੋਰੇ ਵਿਚ ਕੈਦ ਰੱਖਿਆ ਸੀ ਨੂੰ ਵੀ ਢਾਹ ਦਿੱਤਾ ਗਿਆ ਹੈ। ਬੀਬੀ ਭਾਨੀ ਦਾ ਚੁਲ੍ਹਾ ਵੀ ਭੰਨ ਕੇ ਉਥੇ ਮਾਰਬਲ ਦਾ ਚੁਲ੍ਹਾ ਬਣਾ ਦਿੱਤਾ ਗਿਆ ਹੈ। ਇਕ ਇਕ ਕਰਕੇ ਸਾਰੀਆਂ ਇਤਿਹਾਸਕ ਮਹੱਤਤਾ ਵਾਲੀਆਂ ਨਿਸ਼ਾਨੀਆਂ ਖਤਮ ਕੀਤੀਆਂ ਜਾ ਰਹੀਆਂ ਹਨ। ਜਨਰਲ ਛਿਬਰ ਜੋ ਪਹਿਲਾਂ ਪੱਛਮੀ ਕਮਾਨ ਦੇ ਮੁਖੀ ਸਨ ਨੂੰ ਪੰਜਾਬ ਦਾ ਗਵਰਨਰ ਥਾਪਣਾ ਵੀ ਉਪਰੋਕਤ ਸਾਰੇ ਸ਼ੱਕਾਂ ਨੂੰ ਪੱਕਾ ਕਰਦਾ ਹੈ। ਜੱਥੇਦਾਰ ਕੁਲਬੀਰ ਸਿੰਘ ਕੌੜਾ ਨੇ ਦਮਦਮੀ ਟਕਸਾਲ ਸੰਤ ਸਮਾਜ, ਸਮੂਹ ਕਾਰਸੇਵਾ ਵਾਲੇ ਤੇ ਪੰਥ ਦਰਦੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਸਿੱਖਾਂ ਦਾ ਇਤਿਹਾਸ ਸਾਂਭਣ ਵੱਲ ਵਿਸ਼ੇਸ਼ ਧਿਆਨ ਦੇਣ। ਜਿਸ ਕੌਮ ਦਾ ਇਤਿਹਾਸ ਖ਼ਤਮ ਹੋ ਜਾਵੇ ਉਹ ਕੌਮਾਂ ਵੀ ਜ਼ਿਆਦਾ ਦੇਰ ਜੀਂਦਾ ਨਹੀਂ ਰਹਿ ਸਕਦੀਆਂ।" ਇਹ ਅਪੀਲ ਮੈਂ ਜਿਸ ਬਾਬੇ ਹਰਬੰਸ ਸਿੰਘ ਨੂੰ ਕੀਤੀ ਸੀ ਓਸੇ ਨੂੰ ਹੀ ਹੁਣ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਿਆਂ ਦੀ ਕਾਰਸੇਵਾ ਦੇਣ ਦੀ ਵੀ ਗੱਲ ਚਲੀ ਸੀ। ਜੇ ਸਚਮੁੱਚ ਹੀ ਉਸਨੂੰ ਇਹ ਕਾਰਸੇਵਾ ਦੇ ਦਿੱਤੀ ਗਈ ਤਾਂ ਸਭ ਤੋਂ ਪਹਿਲਾਂ ਇਹ ਬਾਬਾ ਨਨਕਾਣਾ ਸਾਹਿਬ ਗੁਰਦੁਆਰੇ ਦੇ ਵਿਹੜੇ ਵਿਚ ਖਲੋਤਾ ਉਹ ਜੰਡ ਦਾ ਰੁੱਖ ਪੁਟੇਗਾ, ਜਿਹਦੇ ਨਾਲ ਨਰੈਣੂ ਮਹੰਤ ਨੇ ਭਾਈ ਲਛਮਣ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਬਨ੍ਹ ਕੇ ਸਾੜਿਆ ਸੀ।

ਦੂਜੀ ਘਟਨਾਂ ਇਉਂ ਹੈ; "ਦਮਦਮੀ ਟਕਸਾਲ ਚੌਂਕ ਮਹਿਤਾ ਦੀ ਚੰਡੀਗੜ੍ਹ ਨਾਂਅ ਨਾਲ ਜਾਣੀ ਜਾਂਦੀ ਇਮਾਰਤ ਦੇ ਇਕ ਕਮਰੇ ਦੀਆਂ ਕੰਧਾਂ ਉਹਨਾਂ ਬਹਾਦਰਾਂ ਦੀਆਂ ਅਖਬਾਰਾਂ ਵਿਚ ਆਈਆਂ ਸ਼ਹੀਦਾਂ ਦੀਆਂ ਫੋਟੋਆਂ, ਤਰੀਕਾਂ ਸਮੇਤ ਅਖਬਾਰਾਂ ਦੀ ਕਟਿੰਗ

ਕਰਕੇ ਤਰਤੀਬਵਾਰ ਕੰਧ ਤੇ ਚਿਪਕਾਈਆਂ ਹੋਈਆਂ ਸਨ ਕਿ ਵੇਖਣ ਵਾਲਾ ਵਾਹ ਵਾਹ ਕਰ ਉੱਠਦਾ ਸੀ। ਕਮਰੇ ਦੀਆਂ ਚਾਰੇ ਕੰਧਾਂ ਸ਼ਹੀਦਾਂ ਦੀਆਂ ਫੋਟੋਆਂ ਨਾਲ ਭਰ ਚੁੱਕੀਆਂ ਸਨ। ਉਸ ਵਿਚ ਸੰਗ੍ਰਿਹ ਕਰਤਾ ਨੇ ਇਹ ਖਾਸ ਖਿਆਲ ਰੱਖਿਆ ਸੀ ਕਿ ਕਿਤੇ ਸਿੱਖ ਭੇਸ ਵਿਚ ਮਾਰੇ ਗਏ ਸਰਕਾਰੀ ਮੁਖਬਰ ਤੇ ਕੈਟ ਦੀ ਫੋਟੋ ਨਾ ਲੱਗ ਜਾਵੇ। ਜਿਵੇਂ ਬ੍ਰਹਿਮੰਡ ਵਿਚ ਰਹਿਣ ਵਾਲਾ ਬ੍ਰਹਿਮੰਡ ਦੀ ਤੇ ਧਰਤੀ 'ਤੇ ਰਹਿੰਣ ਵਾਲਾ ਧਰਤੀ ਦੀ ਜਾਣਕਾਰੀ ਰੱਖਦਾ ਹੈ, ਏਸੇ ਤਰ੍ਹਾਂ ਹੀ ਉਸ ਸੰਗ੍ਰਿਹ ਕਰਤਾ ਸਿੰਘ ਨੂੰ ਭੂੰਡ ਤੇ ਭਉਰੇ ਦੀ ਪੂਰੀ-ਪੂਰੀ ਜਾਣਕਾਰੀ ਤੇ ਪਛਾਣ ਸੀ। ਇਸ ਚੰਗੇ ਕੰਮ ਲਈ ਇਕ ਹੋਰ ਕਮਰੇ ਦੀ ਮੰਗ ਉਸ ਸਿੰਘ ਕੋਲੋਂ ਇਹ ਸੋਚ ਕੇ ਹੋ ਗਈ ਕਿ ਉਹਦੇ ਪਹਿਲੇ ਕੀਤੇ ਕੰਮ ਨੂੰ ਸਲਾਹਿਆ ਜਾਵੇਗਾ ਪਰ ਹੋਇਆ ਉਸ ਦੇ ਉਲਟ। ਉਹ ਕਮਰਾ ਨਿਗ੍ਹੇ ਚੜ੍ਹ ਗਿਆ। ਇਕ ਦਿਨ ਤੱਤੇ ਪਾਣੀ ਦੇ ਕਈ ਭਾਂਡੇ ਕਮਰੇ ਵਿਚ ਪਹੁੰਚ ਗਏ। ਤੱਤਾ ਪਾਣੀ ਪਾ ਪਾ ਕੇ ਸਾਰੀਆਂ ਫੋਟੋਆਂ ਖੁਰਚ ਦਿੱਤੀਆਂ ਗਈਆਂ। ਕਮਰੇ ਨੂੰ ਨਵੇਂ ਸਿਰਿਓਂ ਸਫੈਦੀ ਕਰ ਦਿੱਤੀ ਗਈ ਤੇ ਉਸ ਸਿੰਘ ਨੂੰ ਜਲੀਲ ਕਰਕੇ ਓਥੋਂ ਕੱਢ ਦਿੱਤਾ ਗਿਆ। ਇਹ ਸਾਰਾ ਕੰਮ ਦਮਦਮੀ ਟਕਸਾਲ ਦੇ ਮੁਖੀ ਬਾਬਾ ਠਾਕੁਰ ਸਿੰਘ ਦੇ ਹੁਕਮ 'ਤੇ ਉਨ੍ਹਾਂ ਦੀ ਹਾਜਰੀ ਵਿਚ ਹੋਇਆ। ਇਹ ਘਟਨਾ ਐਸੀ ਹੈ ਜਿਵੇਂ ਦੁਬਾਰਾ ਦਰਬਾਰ ਸਾਹਿਬ 'ਤੇ ਹਮਲਾ ਹੋਇਆ ਹੋਵੇ। ਇਹ ਹਮਲਾ ਨਾ ਇੰਦਰਾ ਗਾਂਧੀ ਨੇ ਕੀਤਾ ਨਾ ਪਹਿਲੇ ਹਮਲੇ ਨੂੰ ਜਾਇਜ ਠਹਿਰਾਉਣ ਲਈ ਸ ਸੁਰਜੀਤ ਸਿੰਘ ਬਰਨਾਲਾ ਨੇ ਕੀਤਾ ਸਗੋਂ ਸੰਤ ਜਰਨੈਲ ਸਿੰਘ ਚੌਧਵੇਂ ਮੁਖੀ ਦਮਦਮੀ ਟਕਸਾਲ ਦੇ ਅੰਦਰੋਂ ਹੋਇਆ। ਜਿਸ ਟਕਸਾਲ ਦੇ ਨਾਂਅ ਥੱਲੇ ਲੱਖਾਂ ਲੋਕਾਂ ਨੇ ਅੰਮ੍ਰਿਤ ਛਕਿਆ ਤੇ ਜੁਲਮ ਦੇ ਖਿਲਾਫ ਲੜ ਕੇ ਮਰਨ ਦੀ ਪ੍ਰੇਰਨਾ ਲਈ ਸੀ। ਪ੍ਰੇਰਨਾ ਹੀ ਨਹੀਂ ਲਈ ਮਰ ਕੇ ਵੀ ਦਿਖਾਇਆ ਸੀ।"

ਆਪਣੀ ਆਪਣੀ ਸੋਚ ਦੀ ਗੱਲ ਹੈ। ਕਿਸੇ ਨੇ ਉਹਨਾਂ ਫੋਟੋਆਂ ਨੂੰ ਠੀਕ ਨਾ ਸਮਝਦਿਆਂ ਉਸ ਸਿੰਘ ਨੂੰ ਫਿਟਕਾਰਾਂ ਪਾਈਆਂ ਪਰ ਜੇ ਸੰਤ ਜਰਨੈਲ ਸਿੰਘ ਖਾਲਸਾ ਆਪ ਆ ਕੇ ਉਸ ਸਿੰਘ ਦਾ ਬਣਾਇਆ ਹੋਇਆ ਇਹ ਸ਼ਾਹਕਾਰ ਵੇਖਦੇ ਤਾਂ ਉਸ ਨੂੰ ਛਾਤੀ ਨਾਲ ਲਾਉਂਦੇ। ਓਹਦਾ ਮੂੰਹ ਚੁੰਮਦੇ। ਸਮਾਂ ਸਮਾਂ ਸਮਰੱਥ, ਓਹੋ ਅਰਜਨ, ਓਹੋ ਅਰਜਨ ਦੇ ਬਾਣ ਤੇ ਓਹੋ ਅਰਜਨ ਦੇ ਹੱਥ। ਇਹ ਪੰਜਾਬੀ ਦਾ ਅਖਾਣ ਸਮੇਂ ਦੀ ਤਬਦੀਲੀ ਦਰਸਾਉਂਦਾ ਹੈ। "ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਜੀ।" ਏਸੇ ਹੀ ਟਕਸਾਲ ਵਿਚ ਇਕ ਵਾਰ ਇਕ ਮਾਤਾ ਨੇ ਆ ਕੇ ਕਿਹਾ ਸੀ, "ਮੇਰਾ ਇਕੋ ਇਕ ਪੁੱਤ ਸ਼ਹੀਦ ਹੋ ਚੁੱਕਾ ਹੈ। ਮੇਰਾ ਕੁਝ ਸੋਚਿਆ ਜਾਵੇ।" ਮਿੱਠੇ ਬੋਲਾਂ ਨਾਲ ਉਸ ਨੂੰ ਧਰਵਾਸ ਦੇਣ ਦੀ ਥਾਂ ਅਮਰੀਕਾ ਦੇ ਸੂਬੇ ਕੈਲੇਫੋਰਨੀਆਂ ਦੇ ਸ਼ਹਿਰ ਟਰੇਸੀ ਵਿਚ ਟਕਸਾਲ ਦੀ ਬਰਾਂਚ ਦੇ ਰੂਪ ਵਿਚ ਬਹੁਤ ਵੱਡਾ ਗੁਰਦੁਆਰਾ ਉਸਾਰਨ ਵਾਲੇ ਮੋਢੀ ਸੱਜਣਾ ਵਿਚੋਂ ਇਕ ਨੇ ਕਿਹਾ ਸੀ—"ਤੇ ਅਸੀਂ ਸ਼ਹੀਦ ਕਰਤਾ ਤੇਰਾ ਪੁੱਤ, ਅਸੀਂ ਉਹਨੂੰ ਆਖਿਆ ਸੀ ਪੰਗੇ ਲੈ" ਬਸ ਇਹ ਤਬਦੀਲੀ ਲਿਆਉਣਾ ਹੀ ਖੁਫੀਆ ਏਜੰਸੀਆਂ ਦੇ ਕੰਮ ਹੁੰਦੇ ਹਨ।

ਏਸੇ ਕਰਕੇ ਹੀ ਅੱਜ ਲੋਕ ਭਿੰਡਰਾਂਵਾਲੇ ਨੂੰ ਚੇਤੇ ਕਰਦੇ ਹਨ। "ਅੱਜ ਹੁੰਦਾ ਭਿੰਡਰਾਵਾਲਾ ਫੇਰ ਵੇਂਹਦੇ ਰਾਸ਼ਟਰੀਆ ਸਿੱਖ ਸੰਗਤ ਵਾਲੇ ਵਿੰਗੇ ਜਹੇ ਬਨਾਵਟੀ ਸਿੱਖ ਕਿੱਦਾਂ ੧ੳ ਦਾ ਓਮ ਬਣਾਉਂਦੇ ਤੇ ਕਿੱਦਾਂ ਟਕਸਾਲ ਵਿਚੋਂ ਸੰਥਿਆ ਲੈਂਦੇ ਸਨ।" ਸ਼ੇਰਾਂ ਦੇ ਘੋਰਨੇ ਤੇ ਗਿੱਦੜ ਕਰਨ ਕਲੋਲ।

×××

## ☐ ਅਕਾਲ ਤਖਤ ਤੇ ਬਾਬਰੀ ਮਸਜਿਦ ਦੇ ਢੱਠਣ ਨੂੰ ਭੁੱਲ ਜਾਓ

ਅਡਵਾਨੀ ਤੇ ਹੋਰ ਹਿੰਦੂ ਲੀਡਰ ਕਹਿੰਦੇ ਹਨ ਕਿ ਸਿੱਖਾਂ ਨੂੰ ਅਕਾਲ ਤਖਤ ਢੱਠਣ ਦੀ ਗੱਲ ਭੁੱਲ ਜਾਣੀ ਚਾਹੀਦੀ ਹੈ ਪਰ ਇਹ ਗੱਲ ਕਰਨ ਤੋਂ ਪਹਿਲਾਂ ਉਹ ਆਪਣੀ ਪੀੜ੍ਹੀ ਥੱਲੇ ਸੋਟਾ ਨਹੀਂ ਫੇਰਦੇ ਕਿ ਪੰਜ ਹਜ਼ਾਰ ਸਾਲ ਤੋਂ ਵੀ ਵੱਧ ਸਮਾਂ ਹੋ ਗਿਆ ਹੈ ਕਿ ਸੀਤਾ ਨੂੰ ਇਕ ਸਿਰ ਫਿਰਿਆ ਬ੍ਰਾਹਮਣ ਰਾਜਾ ਚੁੱਕ ਕੇ ਲੈ ਗਿਆ ਸੀ। ਉਸ ਰਾਵਣ ਨਾਂਅ ਦੇ ਬ੍ਰਾਹਮਣ ਰਾਜੇ ਨੇ ਸੀਤਾ ਜੀ ਨਾਲ ਕੋਈ ਵੀ ਬੱਦਤਮੀਜ਼ੀ ਨਹੀਂ ਕੀਤੀ ਤੇ ਰਾਮਾਇਣ ਅਨੁਸਾਰ ਜਦੋਂ ਸੀਤਾ ਜੀ ਨੇ ਕਿਹਾ ਕਿ ਮੈਂ ਬਨਵਾਸੀ ਹਾਂ ਤੇ ਛੱਤ ਥੱਲੇ ਜਾਣ ਨਾਲ ਮੇਰਾ ਬਨਵਾਸ ਟੁੱਟ ਜਾਵੇਗਾ ਤਾਂ ਉਹ ਰਾਜਾ ਆਪਣੇ ਧਰਮ 'ਤੇ ਕਾਇਮ ਰਹਿੰਦਾ ਹੋਇਆ ਸੀਤਾ ਜੀ ਨੂੰ ਇਕ ਅਸ਼ੋਕ ਵਾਟਿਕਾ ਨਾਂਅ ਦੇ ਬਾਗ ਵਿਚ ਛੱਡ ਆਇਆ ਤੇ ਉਹਨਾਂ ਦੀ ਹਿਫਾਜ਼ਤ ਲਈ ਔਰਤਾਂ ਦਾ ਫੌਜੀ ਦਸਤਾ ਪਹਿਰੇ 'ਤੇ ਲਾ ਦਿੱਤਾ। ਰਾਵਣ ਨੇ ਆਪਣੀ ਪਤਨੀ ਮੰਧੋਦਰੀ ਨੂੰ ਕਿਹਾ ਕਿ ਉਹ ਵੀ ਹਰ ਰੋਜ਼ ਅਸ਼ੋਕ ਵੱਣ ਵਿਚ ਜਾ ਕੇ ਸੀਤਾ ਜੀ ਦਾ ਹਾਲ ਚਾਲ ਪੁੱਛਿਆ ਕਰੇ। ਰਾਮ ਨੇ ਰਾਵਣ ਨਾਲ ਯੁੱਧ ਕੀਤਾ ਤੇ ਸਿੱਟੇ ਵਜੋਂ ਰਾਵਣ ਸਮੇਤ ਉਹਦਾ ਸਾਰਾ ਪਰਿਵਾਰ ਮਾਰਿਆ ਗਿਆ ਤੇ ਇਕ ਡੰਡੀ ਜਿੰਨਾਂ ਵੀ ਉਹਦੇ ਘਰ ਦੀਵਾ ਜਗਾਉਣ ਵਾਲਾ ਨਾ ਬਚਿਆ। ਰਾਵਣ ਦੀ ਪੂਰੀ ਕੁੱਲ ਦਾ ਨਾਸ ਹੋ ਗਿਆ ਤੇ ਉਹਦੀ ਸੋਨੇ ਦੀ ਲੰਕਾ ਤੇ ਸਭ ਸ਼ਾਹੀ ਠਾਠ-ਬਾਠ ਸੜ ਕੇ ਸੁਆਹ ਹੋ ਗਏ। ਜਿੰਨਾ ਨੁਕਸਾਨ ਹੋ ਗਿਆ ਸੀ, ਇਸ ਤੋਂ ਵੱਧ ਰਾਵਣ ਦਾ ਹੋਰ ਕੁਝ ਨਹੀਂ ਸੀ, ਵਿਗਾੜਿਆ ਜਾ ਸਕਦਾ।

ਦੂਜੀ ਘਟਨਾ ਵਿਚ ਜਿਥੇ ਰਾਮ ਜੀ ਦਾ ਜਨਮ ਹੋਇਆ ਸੀ, ਉਸ ਥਾਂ ਦਾ ਅਜੇ ਵੀ ਹਿੰਦੂ ਜਗਤ ਨੂੰ ਪੂਰੀ ਤਰ੍ਹਾਂ ਨਹੀਂ ਪਤਾ। ਕੋਈ ਤਾਂ ਰਾਮ ਜੀ ਦਾ ਜਨਮ ਪਟਿਆਲੇ ਲਾਗੇ ਦੇਵੀਗੜ੍ਹ ਕੋਲ ਹੋਇਆ ਦੱਸਦਾ ਹੈ ਤੇ ਕੋਈ ਆਯੋਧਿਆ ਦੱਸਦਾ ਹੈ। ਪੰਜ ਸੌ ਸਾਲ ਪਹਿਲਾਂ ਬਾਬਰ ਹਮਲਾਵਰ ਬਣ ਕੇ ਭਾਰਤ ਆਇਆ ਤਾਂ ਹਿੰਦੂ ਕਹਿੰਦੇ ਹਨ ਕਿ ਉਸਨੇ ਸਾਡਾ ਉਹ ਮੰਦਰ, ਜਿਥੇ ਰਾਮ ਜੀ ਦਾ ਜਨਮ ਹੋਇਆ ਸੀ, ਢਾਅ ਕੇ ਉਸ 'ਤੇ ਬਾਬਰੀ ਮਸਜਿਦ ਉਸਾਰ ਦਿੱਤੀ ਸੀ। ਹੁਣ ਹਿੰਦੂ ਕਹਿੰਦੇ ਹਨ ਕਿ ਸਾਡਾ ਰਾਜ ਆਇਆ ਹੈ ਤੇ ਅਸਾਂ ਇਹ ਮਸਜਿਦ ਢਾਹ ਕੇ ਰਾਮ ਦਾ ਮੰਦਰ ਮੁੜ ਕੇ ਉਸਾਰਨਾ ਹੈ। ਇਕੱਲੀ ਬਾਬਰੀ ਮਸਜਿਦ ਹੀ ਨਹੀਂ ਮਥੁਰਾ, ਕਾਂਸ਼ੀ ਤੇ ਭਾਰਤ ਵਿਚ ਜਿਥੇ ਕਿਤੇ ਵੀ ਮੁਸਲਮਾਨਾਂ ਨੇ ਹਿੰਦੂ ਮੰਦਰ ਢਾਹ ਕੇ ਮਸਜਿਦ ਜਾਂ ਕੁਝ ਹੋਰ ਬਣਾਇਆ ਹੈ, ਉਹ ਸਾਰੇ ਹੀ ਢਾਹੁਣੇ ਹਨ ਤਾਂ ਕਿਤੇ ਜਾ ਕੇ ਸਾਡਾ ਕਲੇਜਾ ਠੰਡਾ ਹੋਣਾ ਹੈ। ਬੰਦਾ ਇਹਨਾਂ ਨੂੰ ਪੁੱਛੇ ਜੇ ਪੰਜ ਹਜਾਰ ਸਾਲ ਪਹਿਲਾਂ ਸੀਤਾ ਜੀ ਨੂੰ ਚੁੱਕ ਕੇ ਲਿਜਾਣ ਵਾਲੀ ਘਟਨਾ ਤੋਂ ਤੁਹਾਡਾ ਦਿਲ ਦੁਖੀ ਹੈ ਤੇ ਤੁਸੀਂ ਹਰ ਸਾਲ ਰਾਵਣ ਦਾ ਪੁਤਲਾ ਸਾੜ ਕੇ ਤੇ ਪੂਰਾ ਮਹੀਨਾ ਰਾਮ ਲੀਲ੍ਹਾ ਕਰਕੇ ਵੀ ਸ਼ਾਂਤ ਨਹੀਂ ਹੋਏ ਤੇ ਦੂਜੀ ਘਟਨਾ ਵਿਚ

ਪੰਜ ਸੌ ਸਾਲ ਪਹਿਲਾਂ ਦਾ ਢਾਹਿਆ ਹੋਇਆ ਮੰਦਰ ਵੀ ਤੁਸੀਂ ਨਹੀਂ ਭੁੱਲੇ ਤਾਂ ਹੁਣ ਕਿਸ ਮੂੰਹ ਨਾਲ ਅਜੇ ਕੱਲ੍ਹ ਦਾ ਢੱਠਾ ਹੋਇਆ ਅਕਾਲ ਤਖਤ ਭੁੱਲ ਜਾਣ ਦੀਆਂ ਸਲਾਹਾਂ ਦੇਂਦੇ ਹੋ ? ਸ਼ਰਮ ਨਹੀਂ ਆਉਂਦੀ ਮੱਤਾਂ ਦੇਂਦਿਆਂ ਨੂੰ ? ਜਿਹੜੀ ਘਟਨਾਂ ਤੁਹਾਡੇ ਨਾਲ ਵਾਪਰੇ, ਓਹਦੇ ਨਾਲ ਤਾਂ ਤੁਹਾਡੇ ਅੰਦਰ ਗੁਸੇ ਤੇ ਬਦਲਾ ਲੈਣ ਦੀ ਭਾਵਨਾ ਦੇ ਭਾਂਬੜ ਮੱਚਦੇ ਰਹਿੰਦੇ ਹਨ ਤੇ ਰਾਵਣ ਨੂੰ ਤੁਸੀਂ ਹਰ ਸਾਲ ਜਲੀਲ ਕਰਦੇ ਹੋ ਪਰ ਦੂਜਿਆਂ ਨੂੰ ਤੁਸੀਂ ਗਾਜਰ- ਮੂਲੀ ਸਮਝਦੇ ਹੋ। ਕੀ ਉਹਨਾਂ ਵਿਚ ਦਿਲ ਨਹੀਂ? ਦੂਜੇ ਪਾਸੇ ਤੁਹਾਡੇ ਹੀ ਦੇਸ਼ ਵਿਚ ਸਾਰੇ ਬਜੁਰਗਾਂ ਦੇ ਬੈਠਿਆਂ ਦਰੋਪਤੀ ਨੂੰ ਨੰਗਾ ਕਰਨ ਦੀ ਘਟਨਾ ਵਾਪਰੀ ਪਰ ਤੁਸਾਂ ਕਦੇ ਪਸ਼ਚਾਤਾਪ ਨਹੀਂ ਕੀਤਾ ਤੇ ਨਾ ਹੀ ਕਦੇ ਪਸ਼ਚਾਤਾਪ ਦਿਵਸ ਮਨਾਇਆ ਹੈ। ਤੁਹਾਡੀ ਇਕ ਇੰਦਰਾ ਗਾਂਧੀ ਮਰੀ, ਤੁਸਾਂ ਸਾਰੇ ਹਿੰਦੁਸਤਾਨ ਨੂੰ ਸਿਰ 'ਤੇ ਚੁੱਕ ਲਿਆ ਤੇ ਮਾਰ-ਮਾਰ ਕੇ ਸਿੱਖਾਂ ਦੇ ਸੱਥਰ ਵਿਛਾ ਦਿੱਤੇ। ਖ਼ੂਨ ਕਾ ਬਦਲਾ ਖ਼ੂਨ ਦੇ ਨਾਅਰੇ ਲਾਏ, ਜੋ ਸਾਰੀ ਦੁਨੀਆਂ ਨੇ ਟੈਲੀਵਿਜ਼ਨ 'ਤੇ ਵੇਖੇ ਅਤੇ ਸੁਣੇ। ਤੁਸਾਂ ਉਹ ਕੁਝ ਕੀਤਾ, ਜੋ ਸਭਿਆ ਮਨੁੱਖ ਕਦੇ ਕਰ ਹੀ ਨਹੀਂ ਸਕਦਾ। ਤੁਸਾਂ ਔਰਤਾਂ ਤੇ ਬੱਚਿਆਂ ਤੱਕ ਨੂੰ ਵੀ ਜੀਂਦੇ ਸਾੜਿਆ। ਜਿਸ ਤਰ੍ਹਾਂ ਦਿਲੀ ਵਿਚ ਦਸ ਹਜ਼ਾਰ ਬੇਕਸੂਰ ਸਿਖ ਮਾਰਿਆ ਗਿਆ ਹੈ, ਜੇ ਕਿਸੇ ਹੋਰ ਦੇਸ਼ ਵਿਚ ਦਸ ਹਜਾਰ ਕੁਤਾ ਵੀ ਮਰ ਜਾਂਦਾ ਤਾਂ ਉਹ ਭੁੰਜੇ ਬਹਿ ਕੇ ਸੋਗ ਮਨਾਉਂਦੇ ਪਰ ਤੁਸਾਂ ਪਾਰਲੀਮੈਂਟ ਵਿਚ ਉਨ੍ਹਾਂ ਬੇਕਸੂਰਾਂ ਪ੍ਰਤੀ ਇਕ ਸ਼ਬਦ ਵੀ ਨਹੀਂ ਬੋਲਿਆ। ਸਿੱਖਾਂ ਨੂੰ ਕਹਿੰਦੇ ਹੋ ਪਿਛਲੀਆਂ ਸਭ ਗੱਲਾਂ ਭੁੱਲ ਜਾਓ ਪਰ ਆਪ ਤੁਸੀਂ ਦੋ ਸਿੱਖਾਂ ਹੱਥੋਂ ਮਰੀ ਇਕ ਔਰਤ ਦਾ ਭਾਣਾ ਨਹੀਂ ਮੰਨਿਆਂ ? ਜੇ ਤੁਸਾਂ ਆਪ ਸਬਰ ਕਰਕੇ ਵਿਖਾਇਆ ਹੁੰਦਾ ਫੇਰ ਤੁਸੀਂ ਹੋਰਨਾਂ ਨੂੰ ਮੱਤਾਂ ਦੇਂਦੇ ਚੰਗੇ ਲੱਗਦੇ ਸਓ। ਤੁਸਾਂ ਆਪ ਤਾਂ ਸਵਿਧਾਨ ਦੀ ਧਾਰਾ 49 ਨੂੰ ਵੀ ਛਿੱਕੇ ਟੰਗ ਦਿੱਤਾ, ਜਿਸ ਵਿਚ ਲਿਖਿਆ ਹੋਇਆ ਹੈ ਕਿ ਇਤਿਹਾਸਕ ਮਹੱਤਤਾ ਦੀ ਕਿਸੇ ਵੀ ਇਮਾਰਤ ਨੂੰ ਢਾਹਿਆ ਨਹੀਂ ਜਾ ਸਕਦਾ। ਤੁਸੀਂ ਤਾਂ ਸਵਿਧਾਨ-ਸਵਿਧਾਨ ਕਰਦੇ ਸਾਹ ਨਹੀਂ ਲੈਂਦੇ ਤੇ ਘੱਟ ਗਿਣਤੀਆਂ ਨੂੰ ਜਲੀਲ ਕਰਨ ਲਈ ਚੋਣ ਲੜਨ ਤੋਂ ਪਹਿਲਾਂ ਹੀ ਸਵਿਧਾਨ ਦੇ ਵਫਾਦਾਰ ਰਹਿਣ ਦੀ ਸੌਂਹ ਚੁਕਾਉਂਦੇ ਹੋ, ਪਰ ਬਾਬਰੀ ਮਸਜਿਦ ਢਾਹੁਣ ਵੇਲੇ ਤੁਹਾਨੂੰ ਇਸ ਸਵਿਧਾਨ ਦਾ ਚੇਤਾ ਨਹੀਂ ਆਇਆ ! ਅੱਗੇ ਵੀ ਤਾਂ ਤੁਸਾਂ ਕਈ ਤਬਦੀਲੀਆਂ ਕਰਕੇ ਸਵਿਧਾਨ ਨੂੰ ਲਹੂ-ਲੁਹਾਨ ਕੀਤਾ ਹੈ ਤੇ ਕੁੱਕੜ ਵਾਂਗ ਝਟਕਾਉਂਦੇ ਰਹੇ ਹੋ। ਬਾਬਰੀ ਮਸਜਿਦ ਢਾਹੁਣ ਤੋਂ ਪਹਿਲਾਂ, ਉਸ ਵਿਚ ਇਕ ਸੋਧ ਹੋਰ ਕਰ ਲੈਂਦੇ ਤੇ ਧਾਰਾ 49 ਨੂੰ ਖਤਮ ਕਰ ਦੇਂਦੇ।

ਹਿੰਦੂ ਸਮਾਜ ਦੇ ਸਦਾ ਹੀ ਦੋ ਮੁਖੌਟੇ ਰਹੇ ਹਨ। ਜਿਸ ਤਰ੍ਹਾਂ ਇਹ ਕਹਿੰਦੇ ਹਨ ਕਿ ਅਸਾਂ ਹਰ ਉਹ ਇਮਾਰਤ ਢਾਹੁਣੀ ਹੈ, ਜਿਸਨੂੰ ਵਿਦੇਸ਼ੀ ਹੱਥ ਲੱਗੇ ਹਨ ਤਾਂ ਫਿਰ ਸਭ ਤੋਂ ਪਹਿਲਾਂ ਲਾਲ ਕਿਲ੍ਹਾ ਕਿਉਂ ਨਹੀਂ ਢਾਹੁੰਦੇ? ਜਿਹਦੀ ਕੰਧ 'ਤੇ ਚੜ੍ਹ ਕੇ ਪੰਦਰਾਂ ਅਗਸਤ ਤੇ ਛੱਬੀ ਜਨਵਰੀ ਨੂੰ ਕਿੱਲ-ਕਿੱਲ ਕੇ ਭਾਸ਼ਨ ਕਰਦੇ ਹੋ। ਰਾਸ਼ਟਰਪਤੀ ਭਵਨ ਨੂੰ ਵੀ ਢਾਹੋ, ਇਹਨਾਂ ਨੂੰ ਵੀ ਤਾਂ ਵਿਦੇਸ਼ੀਆਂ ਦੇ ਹੱਥ ਲੱਗੇ ਹਨ। ਏਦਾਂ ਤਾਂ ਭਾਰਤ ਦਾ ਸਭ ਕੁਝ ਹੀ ਢਾਹੁਣਾ ਪਵੇਗਾ। ਤੁਹਾਡਾ ਬਣਾਇਆ ਹੋਇਆ ਏਥੇ ਹੈ ਕੀ? ਲਗਾਤਾਰ ਇਹ ਮੁਲਕ ਅੱਠ ਸੌ ਸਾਲ ਗੁਲਾਮੀ ਦੀ ਸਥਿਤੀ ਵਿਚ ਰਿਹਾ ਹੈ ਤੇ ਹੁਣ "ਭੁੱਖੇ ਦੀ ਧੀ ਰੱਜੀ ਤੇ ਖੇਹ ਉਡਾਉਣ ਲੱਗੀ" ਵਾਂਗ ਦੂਜੀਆਂ ਕੌਮਾਂ ਨਾਲ ਤੁਸੀਂ ਪੰਗੇ ਤੇ ਆਹਡੇ ਲੈਣ ਲੱਗੇ ਹੋ। ਜੇ ਅੰਗਰੇਜ ਭਾਰਤ ਵਿਚ ਨਾ ਆਉਂਦੇ ਤਾਂ ਭਾਰਤ ਵਿਚ ਹੁਣ ਤੱਕ ਦੀਵੇ ਤੇ ਲਾਲਟੇਨਾਂ ਜਗਦੀਆਂ। ਨਹਿਰਾਂ ਦੀ ਸਿੰਚਾਈ ਨਾ ਹੁੰਦੀ। ਸਿਰਫ ਟਿੰਡਾਂ ਵਾਲੇ ਖੂਹ ਹੁੰਦੇ। ਰੇਲ ਦਾ ਕਿਤੇ ਨਿਸ਼ਾਨ ਨਾਂ

ਹੁੰਦਾ ਤੇ ਲੋਕ ਗੱਡਿਆਂ 'ਤੇ ਸਫਰ ਕਰਦੇ। ਅਜਾਦ ਭਾਰਤ ਨੇ 55 ਸਾਲ ਵਿਚ ਸਿਰਫ 15 ਫੀਸਦੀ ਹੀ ਰੇਲ ਪਟੜੀਆਂ ਵਿਛਾਈਆਂ ਹਨ, ਬਾਕੀ ਸਾਰਾ ਰੇਲ ਦਾ ਢਾਂਚਾ ਅੰਗਰੇਜ਼ਾਂ ਦਾ ਹੀ ਬਣਾਇਆ ਹੋਇਆ ਹੈ। ਸਾਰੀ ਤਕਨੀਕ ਪੱਛਮ ਵਿਚੋਂ ਆਈ ਹੈ। ਭਾਰਤ ਛੇ ਸੌ ਰਿਆਸਤਾਂ ਵਿਚ ਵੰਡਿਆ ਹੋਇਆ, ਅੰਗਰੇਜ਼ਾਂ ਨੇ ਇਕੱਠਾ ਕਰਕੇ ਦਿੱਤਾ ਹੈ। ਅੰਗਰੇਜ਼ਾਂ ਦੇ ਰਹਿਣ ਤੱਕ ਤਾਂ ਕੋਈ ਸਮੱਸਿਆ ਨਹੀਂ ਸੀ ਪਰ ਅੱਜ ਪੰਜਾਬ, ਕਸ਼ਮੀਰ, ਆਸਾਮ, ਨਾਗਾਲੈਂਡ, ਨਕਸਲਬਾੜੀ ਤੇ ਹੋਰ ਕਈ ਸੂਬਿਆਂ ਦੀਆਂ ਸਮੱਸਿਆਵਾਂ ਹਨ। ਹਿੰਦੂ ਹਰ ਵੇਲੇ ਕਹਿੰਦਾ ਹੈ ਕਿ ਭਾਰਤ ਲੋਕਤੰਤਰੀ ਦੇਸ਼ ਹੈ ਪਰ ਆਪ ਕਦੇ ਵੀ ਲੋਕਤੰਤਰੀ ਨਹੀਂ ਰਿਹਾ। ਜਾਂ ਤੇ ਲੋਕਾਂ 'ਤੇ ਜ਼ੁਲਮ ਕਰਦਾ ਰਿਹਾ ਜਾਂ ਆਪ ਜ਼ੁਲਮ ਸਹਿੰਦਾ ਰਿਹਾ। ਦੂਜੀ ਸੰਸਾਰ ਜੰਗ ਤੋਂ ਬਾਅਦ ਬਰਤਾਨੀਆਂ ਦੀ ਅੰਦਰੂਨੀ ਹਾਲਤ ਏਨੀਂ ਜਰ-ਜਰ ਹੋ ਚੁੱਕੀ ਸੀ ਕਿ ਉਹ ਭਾਰਤ ਨੂੰ ਛੇਤੀ ਤੋਂ ਛੇਤੀ ਛੱਡ ਦੇਣਾ ਚਾਹੁੰਦਾ ਸੀ। ਏਸੇ ਕਰਕੇ ਹੀ ਤੁਹਾਡਾ ਦਾਅ ਲਗ ਗਿਆ ਹੈ।

ਕਹਿੰਦੇ ਹਨ ਇਕ ਬੰਦਾ ਖਰਬੂਜਿਆਂ ਦੀ ਪੰਡ ਸਿਰ 'ਤੇ ਚੁੱਕੀ ਦਰਿਆ ਪਾਰ ਕਰ ਰਿਹਾ ਸੀ ਕਿ ਅਚਾਨਕ ਖਰਬੂਜਿਆਂ ਦੀ ਪੰਡ ਖੁੱਲ੍ਹ ਗਈ ਤੇ ਪਾਣੀ ਦੇ ਤੇਜ਼ ਰੋੜ੍ਹ ਵਿਚ ਖਰਬੂਜੇ ਤੇਜ਼ੀ ਨਾਲ ਰੁੜ੍ਹਨ ਲੱਗ ਪਏ। ਪਾਣੀ ਏਨਾਂ ਤੇਜ਼ ਸੀ ਕਿ ਉਹ ਮੁੜ ਕੇ ਇਕੱਠੇ ਨਹੀਂ ਸਨ ਕੀਤੇ ਜਾ ਸਕਦੇ। ਉਹ ਬੰਦਾ ਬਹੁਤ ਲਾਚਾਰੀ ਦੀ ਹਾਲਤ ਵਿਚ ਖਲੋਤਾ ਵੇਖ ਰਿਹਾ ਸੀ। ਅਖੀਰ ਉਹਨੂੰ ਖਿਆਲ ਆਇਆ ਕਿ ਖਰਬੂਜੇ ਹੁਣ ਰੁੜ੍ਹ ਤਾਂ ਜਾਣੇ ਹੀ ਹਨ ਕਿਉਂ ਨਾ ਸਾਰੇ ਖਰਬੂਜਿਆਂ ਨੂੰ ਆਪਣੇ ਗੁਜ਼ਰ ਚੁੱਕੇ ਵੱਡੇ-ਵਡੇਰਿਆਂ ਦੇ ਨਮਿੱਤ ਕਰ ਦਿਆਂ ? ਉਹ ਇਕੱਲੇ ਇਕੱਲੇ ਖਰਬੂਜੇ ਵੱਲ ਵੇਖ ਕੇ ਅਸਮਾਨ ਵੱਲ ਨੂੰ ਹੱਥ ਜੋੜੇ ਅਤੇ ਆਖੇ- "ਇਹ ਬਾਬਾ ਜੀ ਦੇ ਨਮਿੱਤ" ਫਿਰ ਦੂਜੇ ਖਰਬੂਜੇ ਨੂੰ ਵੇਖ ਕੇ ਆਖੇ-"ਇਹ ਦਾਦੀ ਜੀ ਦੇ ਨਮਿੱਤ।" ਏਸ ਤਰ੍ਹਾਂ ਕਰਦਿਆਂ ਕਰਦਿਆਂ ਓਸ ਨੇ ਪੂਰੀ ਪੰਡ ਦੇ ਖਰਬੂਜੇ ਹੀ ਮਰਿਆਂ ਹੋਇਆਂ ਦੇ ਨਮਿੱਤ ਕਰ ਦਿੱਤੇ ਤੇ ਖਾਲੀ ਚਾਦਰ ਝਾੜ ਕੇ ਮੋਢੇ 'ਤੇ ਰੱਖ ਕੇ ਘਰ ਨੂੰ ਚਲਾ ਗਿਆ। ਅੰਗਰੇਜ਼ਾਂ ਨੇ ਵੀ ਭਾਰਤ ਨੂੰ ਨਹਿਰੂ ਤੇ ਜਿਨਾਹ ਦੇ ਨਮਿੱਤ ਕਰ ਦਿੱਤਾ ਅਤੇ ਆਪ ਚਲੇ ਗਏ। ਬਸ ਲੋਕਤੰਤਰ ਤੋਂ ਅਣਜਾਣ ਇਹ ਲੋਕਤੰਤਰ ਦੀ ਬੱਸ ਦੇ ਡਰਾਈਵਰ ਬਣ ਗਏ ਤੇ ਜਿਵੇਂ ਅਣਜਾਣ ਡਰਾਈਵਰ ਬੱਸ ਦਾ ਐਕਸੀਡੈਂਟ ਕਰਕੇ ਆਪ ਵੀ ਮਰ ਜਾਂਦੇ ਹਨ ਤੇ ਸਵਾਰੀਆਂ ਨੂੰ ਵੀ ਮਾਰ ਦੇਂਦੇ ਹਨ, ਇਸ ਦੇਸ਼ ਵਿਚ ਹੁਣ ਇਹੋ ਕੁਝ ਹੀ ਹੋ ਰਿਹਾ ਹੈ।

ਜਿਸ ਢੰਗ ਨਾਲ ਹਿੰਦੂਆਂ ਦੀ ਮੱਛਰੀ ਹੋਈ ਭੀੜ ਨੇ ਬਾਬਰੀ ਮਸਜਿਦ ਢਾਹੀ ਹੈ, ਇਹ ਕੋਈ ਲੋਕਤੰਤਰ ਦੇ ਲੱਛ ਥੋੜ੍ਹੇ ਨੇ। ਇਸ ਤਰ੍ਹਾਂ ਦੀ ਮਿਸਾਲ ਦੁਨੀਆਂ ਵਿਚ ਹੋਰ ਕਿਤੇ ਨਹੀਂ ਮਿਲ ਸਕਦੀ। ਪੁਲਿਸ ਤਮਾਸ਼ਾਈ ਬਣ ਕੇ ਵੇਖਦੀ ਰਹੀ ਤੇ ਭੀੜ ਨਾਅਰੇ ਲਾਉਂਦੀ ਕੁਦਾਲਾਂ ਤੇ ਗੈਂਤੀਆਂ ਲੈ ਕੇ ਅੱਗੇ ਵਧਦੀ ਗਈ। ਇਹਨਾਂ ਨਾਅਰਿਆਂ ਤੋਂ ਪਤਾ ਲੱਗਦਾ ਹੈ ਕਿ ਆਉਂਣ ਵਾਲੇ ਸਮੇਂ ਵਿਚ ਵੀ ਇਹ ਸੈਨਾ ਘੱਟ ਨਹੀਂ ਗੁਜਾਰੇਗੀ। ਪਹਿਲਾ ਨਾਅਰਾ ਮਾਰਿਆ ਗਿਆ-"ਹਿੰਦੂ, ਹਿੰਦੀ, ਹਿੰਦੋਸਤਾਨ, ਮਾਰੇਂਗੇ ਮਰ ਜਾਏਂਗੇ, ਮੰਦਰ ਵਹੀਂ ਬਨਾਏਂਗੇ।" ਫੇਰ ਰਾਜਨੀਤਕਾਂ ਨੂੰ ਵੀ ਸੁਚੇਤ ਕਰ ਦਿੱਤਾ ਕਿ ਹਿੰਦੋਸਤਾਨ ਵਿਚ ਬਹੁਗਿਣਤੀ ਹਿੰਦੂਆਂ ਦੀ ਹੈ ਤੇ ਆਉਣ ਵਾਲੇ ਸਮੇਂ ਵਿਚ ਚੋਣਾਂ ਵਿਚ ਓਹੀ ਜਿੱਤੇਗਾ, ਜੋ ਸਾਡੇ ਅੱਜ ਦੇ ਖਰੂਦ ਵਿਚ ਸਾਡਾ ਸਾਥ ਦੇਵੇਗਾ, ਤੇ ਨਾਅਰਾ ਲਾਇਆ-"ਜੋ ਹਿੰਦੂ ਹਿੱਤ ਕਾ ਕਾਮ ਕਰੇਗਾ, ਵਹੀ ਦੇਸ਼ ਪਰ ਰਾਜ ਕਰੇਗਾ।" ਨਾਲ ਹੀ ਘੱਟ ਗਿਣਤੀ ਲੋਕਾਂ ਨੂੰ ਵੀ ਵਾਰਨਿੰਗ ਦੇ ਦਿੱਤੀ, ਜੋ ਕਿਸੇ ਲੋਕਤੰਤਰੀ ਦੇਸ਼ ਵਿਚ ਕਿਸੇ ਕਲੰਕ ਤੋਂ ਘੱਟ ਨਹੀਂ। ਨਾਅਰਾ ਲਾਇਆ-

"ਅਗਰ ਇਸ ਦੇਸ਼ ਮੇਂ ਰਹਿਨਾ ਹੋਗਾ, ਵੰਦੇ ਮਾਤਰਮ ਕਹਿਨਾ ਹੋਗਾ।" ਫਿਰ ਹਿੰਦੂਆਂ ਨੂੰ ਜੋਸ਼ ਦਿਵਾਉਣ ਲਈ, ਤੇ ਨੌਜਵਾਨਾਂ ਨੂੰ ਭੜਕਾਉਣ ਲਈ ਹੋਰ ਨਾਅਰਾ ਦਿੱਤਾ-"ਜਿਸ ਹਿੰਦੂ ਕਾ ਖੂਨ ਨ ਖੌਲੇ, ਖੂਨ ਨਹੀਂ ਵਹ ਪਾਨੀ ਹੈ, ਜੋ ਰਾਮ ਕੇ ਕਾਮ ਨ ਆਏ ਵੋ ਬੇਕਾਰ ਜਵਾਨੀ ਹੈ।" ਇਹੋ ਜਹੇ ਹਾਲਾਤ ਵਿਚ ਤੇ ਇਹੋ ਜਹੇ ਨਾਅਰਿਆਂ ਵਿਚ ਬਾਂਦਰ ਸੈਨਾਂ ਨੂੰ ਜੋਸ਼ ਕਿਵੇਂ ਨਾ ਆਉਂਦਾ ਤੇ ਬਾਬਰੀ ਮਸਜਿਦ ਕਿਵੇਂ ਨਾ ਢੱਠਦੀ? ਪਰ ਵੇਖਣ ਵਾਲੀ ਗੱਲ ਇਹ ਸੀ ਕਿ ਸਰਕਾਰ ਕੀ ਕਰ ਰਹੀ ਸੀ ? ਭੀੜ ਹੋਰ ਭਿਅੰਕਰ ਰੂਪ ਧਾਰਨ ਕਰਦੀ ਗਈ ਤੇ ਨਵਾਂ ਨਾਅਰਾ ਦਿੱਤਾ-"ਲਾਠੀ ਗੋਲੀ ਖਾਏਂਗੇ, ਮੰਦਰ ਵਹੀਂ ਬਨਾਏਂਗੇ।" ਇਕ ਪਾਸੇ ਤਾਂ ਇਹ ਤਾਂਡਵ ਨਾਚ ਚਲ ਰਿਹਾ ਸੀ ਤੇ ਦੂਜੇ ਪਾਸੇ ਏਡਾ ਡਰਾਮਾ ਰਚਿਆ ਗਿਆ, ਜਿਵੇਂ ਸਭ ਕੁਝ ਸ਼ਾਂਤਮਈ ਹੋ ਰਿਹਾ ਹੋਵੇ। ਮੀਲਾਂ ਵਿਚ ਖਿੱਲਰੇ ਹੋਏ ਲਾਉਡ ਸਪੀਕਰਾਂ ਤੇ ਅਨਾਉਂਸਮੈਂਟ ਹੋ ਰਹੀ ਸੀ-"ਭਾਈਓ, ਆਰਾਮ ਸੇ ਗਿਰਫਤਾਰੀਆਂ ਦੋ, ਸ਼ਾਂਤੀ ਪੂਰਵਕ ਰਹੋ।" ਬਾਬਰੀ ਮਸਜਿਦ ਨਾਲ ਬਸਾਂ ਇਸ ਢੰਗ ਨਾਲ ਕੰਧਾਂ ਨਾਲ ਜੋੜ-ਜੋੜ ਕੇ ਲਾਈਆਂ ਗਈਆਂ ਕਿ ਪੌੜੀਆਂ ਦੀ ਲੋੜ ਹੀ ਨਹੀਂ ਪਈ ਤੇ ਹਿੰਦੂ ਭੀੜ ਬਾਬਰੀ ਮਸਜਿਦ 'ਤੇ ਜਾ ਚੜ੍ਹੀ, ਨਾਅਰੇ ਸਨ-"ਬੱਚਾ ਬੱਚਾ ਰਾਮ ਕਾ ਜਨਮ ਭੂਮੀ ਕੇ ਕਾਮ ਕਾ।" ਜਦੋਂ ਬਾਬਰੀ ਮਸਜਿਦ ਢੱਠਣੀ ਸ਼ੁਰੂ ਹੋ ਗਈ ਤਾਂ ਨਾਅਰੇ ਵੀ ਬਦਲ ਗਏ-"ਏਕ ਧੱਕਾ ਔਰ ਦੋ, ਬਾਬਰੀ ਮਸਜਿਦ ਤੋੜ ਦੋ।" ਬਾਬਰੀ ਮਸਜਿਦ ਢੱਠ ਗਈ ਤੇ ਨਾਲ ਹੀ ਨਾਅਰੇ ਵਿਚ ਵੀ ਤਬਦੀਲੀ ਆ ਗਈ-"ਜੈ ਸ੍ਰੀ ਰਾਮ ਬਨ ਗਿਆ ਕਾਮ।"

ਫਿਰ ਇਕ ਡਰਾਮਾ ਜੋ ਪਹਿਲਾਂ ਹੀ ਤੈਅ ਸੀ, ਇਹ ਰਚਿਆ ਗਿਆ ਕਿ ਪੁਲਿਸ ਨੂੰ ਇਕ ਪਾਸੇ ਤੋਂ ਮਾਮੂਲੀ ਹਰਕਤ ਵਿਚ ਲਿਆਂਦਾ ਗਿਆ। ਇਸ ਹਰਕਤ ਨੂੰ ਹਿੰਦੂਆਂ ਨੇ ਇਕ ਨਾਅਰੇ ਨਾਲ ਹੀ ਠੁੱਸ ਕਰ ਦਿੱਤਾ। ਜਦੋਂ ਨਾਅਰਾ ਲੱਗਾ-"ਹਿੰਦੂ-ਹਿੰਦੂ ਭਾਈ-ਭਾਈ, ਬੀਚ ਮੇਂ ਵਰਦੀ ਕਹਾਂ ਸੇ ਆਈ?" ਇਹ ਨਾਅਰਾ ਸੁਣਦਿਆਂ ਹੀ ਪੀ. ਏ. ਸੀ. (ਪ੍ਰੋਵਿੰਸ਼ਲ ਆਰਮਡ ਕਾਂਸਟੇਬਲਰੀ) ਜੋ ਯੂ. ਪੀ. ਦੀ ਲੋਕਲ ਪੁਲਿਸ ਹੈ, ਦੇ ਜਵਾਨ ਉਥੇ ਦੇ ਉਥੇ ਹੀ ਠਠੰਬਰ ਕੇ ਖੜ੍ਹੋ ਗਏ। ਸਗੋਂ ਪੱਤਰਕਾਰ ਹੈਰਾਨ ਹੋਏ, ਜਦੋਂ ਕਾਬੂ ਕਰਨ ਦਾ ਡਰਾਮਾ ਕਰਨ ਵਾਲੇ ਵਰਦੀਧਾਰੀ ਜਵਾਨ ਵੀ ਰਾਮ ਲੱਲਾ ਦੀ ਮੂਰਤੀ, ਜਿਹੜੀ ਬਾਬਰੀ ਮਸਜਿਦ ਦੇ ਢੱਠਣ ਤੋਂ ਦਸ ਮਿੰਟ ਬਾਅਦ ਹੀ ਰੱਖ ਦਿੱਤੀ ਗਈ ਸੀ, ਨੂੰ ਮੱਥਾ ਟੇਕਣ ਲਈ ਲਾਈਨ ਵਿਚ ਖੜ੍ਹੋ ਗਏ। ਜਦੋਂ ਇਹ ਸਾਰਾ ਕੁਝ ਹੋ ਰਿਹਾ ਸੀ ਤਾਂ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਓ ਤੇ ਗ੍ਰਹਿ ਮੰਤਰੀ ਐੱਸ. ਬੀ. ਚਵਾਨ ਆਰਾਮ ਨਾਲ ਘਰ ਬੈਠੇ ਟੀ. ਵੀ. ਦੇਖ ਰਹੇ ਸਨ।

ਦੂਜੇ ਪਾਸੇ ਹੋਰ ਹੈਰਾਨੀ ਦੀ ਗੱਲ ਇਹ ਸੀ ਕਿ ਯੂ. ਪੀ. ਦੇ ਮੁੱਖ ਮੰਤਰੀ ਕਲਿਆਣ ਸਿੰਘ ਨੇ ਸੁਪਰੀਮ ਕੋਰਟ ਵਿਚ ਚੌਦਾਂ ਹਲਫਨਾਮੇਂ ਪੇਸ਼ ਕੀਤੇ ਸਨ ਕਿ ਬਾਬਰੀ ਮਸਜਿਦ ਦੀ ਹਿਫਾਜ਼ਤ ਕੀਤੀ ਜਾਵੇਗੀ ਤੇ ਇਸਨੂੰ ਢਾਹੁਣ ਜਾਂ ਨੁਕਸਾਨ ਨਹੀਂ ਪਹੁੰਚਣ ਦਿੱਤਾ ਜਾਵੇਗਾ। ਬਾਬਰੀ ਮਸਜਿਸ ਦੇ ਢੱਠਣ ਤੋਂ ਬਾਅਦ ਇਕ ਅਫਵਾਹ ਏਨੇ ਜੋਰ ਨਾਲ ਉਡਾਈ ਗਈ ਕਿ ਸਾਰਾ ਯੂ. ਪੀ. ਤੇ ਪੂਰੇ ਭਾਰਤ ਦਾ ਹਿੰਦੂ ਨਤਮਸਤਕ ਹੋ ਕੇ ਬਾਬਰੀ ਮਸਜਿਦ ਵੱਲ ਭੱਜਾ-ਅਖੇ ਬਾਬਰੀ ਮਸਜਿਦ ਢਾਹੁਣ ਤੇ ਥੱਲਿਓਂ ਰਾਮ ਲੱਲਾ ਦੇ ਲੱਕੜ ਦੇ ਛੁਣਛੁਣੇਂ ਨਿਕਲੇ ਹਨ। ਜੇ ਕੋਈ ਹਿੰਦੂਆਂ ਨੂੰ ਪੁੱਛਦਾ ਕਿ ਸਿਉਂਕ ਤਾਂ ਝੱਟ ਲੱਕੜ ਨੂੰ ਖਾ ਜਾਂਦੀ ਹੈ ਪੰਜ ਹਜ਼ਾਰ ਸਾਲ ਤੋਂ ਇਹ ਛੁਣਛੁਣੇਂ ਕਿਵੇਂ ਬਚੇ ਰਹੇ ? ਤਾਂ ਉਹ ਕਹਿੰਦੇ,"ਯਹ ਕੋਈ ਮਾਮੂਲੀ ਛੁਣਛੁਣਾ ਥਾ ਕਾ ? ਅਰੇ ਰਾਮ ਜੀ ਕਾ ਛੁਣਛੁਣਾ ਥਾ। ਯਹ ਛੁਣਛੁਣਾ ਤੋ ਪੰਚਾਸ ਲਾਖ ਸਾਲ ਤਕ ਭੀ ਐਸੇ

ਹੀ ਰਹਤਾ, ਨਯਾ ਕਾ ਨਯਾ।"

ਇਸ ਤੋਂ ਪਹਿਲਾਂ ਭਾਰਤ ਸਰਕਾਰ ਦੀ ਫੌਜ ਸਿੱਖਾਂ ਦਾ ਅਕਾਲ ਤਖਤ ਢਾਹ ਚੁੱਕੀ ਸੀ ਤੇ ਹਰਮੰਦਰ ਸਾਹਿਬ ਛੱਲਣੀ ਕਰ ਚੁੱਕੀ ਸੀ। ਦੂਸਰਾ ਵਾਕਿਆ ਬਾਬਰੀ ਮਸਜਿਦ ਦਾ ਹੋਇਆ ਹੈ। ਕੋਈ ਵੀ ਘੱਟ ਗਿਣਤੀ ਛਾਤੀ 'ਤੇ ਹੱਥ ਰੱਖ ਕੇ ਇਹ ਨਹੀਂ ਕਹਿ ਸਕਦੀ ਕਿ ਭਵਿੱਖ ਵਿਚ ਉਸ ਨਾਲ ਇਸ ਤਰ੍ਹਾਂ ਦਾ ਕੁਝ ਨਹੀਂ ਵਾਪਰੇਗਾ ? ਇਹ ਗੰਭੀਰ ਹੋ ਕੇ ਸੋਚਣ ਦੀ ਗੱਲ ਹੈ। ਮੁਸਲਮਾਨਾਂ ਦੀ ਅਬਾਦੀ ਭਾਰਤ ਵਿਚ 18 ਕਰੋੜ ਤੋਂ ਉੱਪਰ ਹੈ। ਜੇ 18 ਕਰੋੜ ਵਾਲਿਆਂ ਨਾਲ ਇਸ ਤਰ੍ਹਾਂ ਹੋ ਸਕਦਾ ਹੈ ਤਾਂ ਸਿੱਖ ਕੀਹਦੇ ਪਾਣੀਹਾਰ ਹਨ।

ਕਈ ਸਿੱਖ ਪਾਕਿਸਤਾਨ ਬਣਨ ਵੇਲੇ ਦੀ ਗੱਲ ਕਰਕੇ ਕਹਿੰਦੇ ਹਨ ਕਿ ਭਾਰਤ ਵਿਚ ਰਲਣ ਤੋਂ ਪਹਿਲਾਂ ਸਿੱਖਾਂ ਨੂੰ ਬਾਕਾਇਦਾ ਭਾਰਤ ਸਰਕਾਰ ਨਾਲ ਇਕ ਮੁਆਇਦਾ ਕਰਨਾ ਚਾਹੀਦਾ ਸੀ ਤੇ ਹਰ ਸ਼ਰਤ ਲਿਖਤ ਵਿਚ ਲਿਆਉਣੀ ਚਾਹੀਦੀ ਸੀ। ਉਪਰੋਕਤ ਘਟਨਾ ਨੂੰ ਵੇਖ ਕੇ ਇਹ ਗੱਲ ਕਿੱਡੀ ਹਾਸੋਹੀਣੀ ਹੈ। ਜੇ ਸੁਪਰੀਮ ਕੋਰਟ ਵਿਚ ਦਾਖਲ ਕੀਤੇ ਚੌਦਾਂ ਹਲਫਨਾਮਿਆਂ ਦਾ ਕੁਝ ਨਹੀਂ ਬਣਿਆ ਤਾਂ ਇਹਨਾਂ ਦੀ ਲਿਖਤ ਨੂੰ ਮੋਇਆਂ ਨੇ ਪੁੱਛਣਾ ਸੀ ? ਵੈਸੇ ਵੀ ਬਹੁਗਿਣਤੀ ਦੇ ਰਾਜ ਵਿਚ ਘੱਟ ਗਿਣਤੀਆਂ ਦੇ ਮੁਆਇਦੇ ਇਸ ਤਰ੍ਹਾਂ ਦੇ ਹੁੰਦੇ ਹਨ, ਜਿਵੇਂ ਲਿਖਿਆ ਜਾਵੇ ਕਿ ਇਸ ਭਾਰਤ ਰੂਪੀ ਜੰਗਲ ਵਿਚ ਸ਼ੇਰ ਅਤੇ ਲੇਲਾ ਬਰਾਬਰ ਹੋਣਗੇ ਤੇ ਲੇਲਾ ਜੰਗਲ ਵਿਚ ਕਿਤੇ ਵੀ ਘੁੰਮ ਫਿਰ ਸਕੇਗਾ, ਸ਼ੇਰ ਵੱਲੋਂ ਉਸਨੂੰ ਕੋਈ ਖਤਰਾ ਨਹੀਂ ਹੋਵੇਗਾ ਪਰ ਇਸ ਤਰ੍ਹਾਂ ਦੇ ਮੁਆਇਦੇ ਦਾ ਹਸ਼ਰ ਇਹ ਹੋਵੇਗਾ ਕਿ ਸ਼ੇਰ ਲੇਲੇ ਨੂੰ ਪਾੜ-ਚੀਰ ਕੇ ਖਾ ਜਾਏਗਾ ਤੇ ਸ਼ੇਰ ਨੂੰ ਪੁੱਛਣ ਦੀ ਹਿੰਮਤ ਕਿਸੇ ਵਿਚ ਨਹੀਂ ਹੋਵੇਗੀ।

***

# ਗਾਂਧੀ ਤੇ ਨਹਿਰੂ 'ਤੇ ਇਤਬਾਰ ਕਰਕੇ ਸਿੱਖ ਅਜਗਰ ਦੇ ਮੂੰਹ ਵਿਚ ਚਲੇ ਗਏ

ਸਿੱਖਾਂ ਨੇ ਜਿਨ੍ਹਾਂ ਹਿੰਦੂ ਲੀਡਰਾਂ 'ਤੇ ਇਤਬਾਰ ਕਰਕੇ ਆਪਣਾ ਭਵਿੱਖ ਭਾਰਤ ਨਾਲ ਜੋੜਿਆ, ਉਨ੍ਹਾਂ ਲੀਡਰਾਂ ਵਿਚ ਸਭ ਤੋਂ ਵੱਧ ਮਹੱਤਵਪੂਰਨ ਗਾਂਧੀ ਤੇ ਨਹਿਰੂ ਸਨ। ਇਹ ਦੋਵੇਂ ਹੀ ਢਿੱਡੋਂ ਸਿੱਖਾਂ ਨੂੰ ਨਾ-ਪਸੰਦ ਕਰਦੇ ਸਨ। ਖਾਸ ਤੌਰ 'ਤੇ ਗਾਂਧੀ ਬਹੁਤ ਹੀ ਕਮੀਨੀ ਸੋਚ ਰੱਖਣ ਵਾਲਾ ਵਿਅਕਤੀ ਸੀ। ਉਹ ਆਪਣੇ-ਆਪ ਨੂੰ ਅਹਿੰਸਾ ਦਾ ਪੁਜਾਰੀ ਕਹਿੰਦਾ ਸੀ ਪਰ ਜਦੋਂ ਰਾਜ ਸੱਤਾ ਕਾਂਗਰਸ ਦੇ ਹੱਥ ਆ ਗਈ, ਉਸ ਤੋਂ ਬਾਅਦ ਕਦੀ ਵੀ ਉਸ ਨੇ ਅਹਿੰਸਾ ਦਾ ਨਾਂ ਨਹੀਂ ਲਿਆ ਸਗੋਂ ਜਦੋਂ ਭਾਰਤ ਦੇ ਜਹਾਜ਼ ਕਸ਼ਮੀਰ 'ਤੇ ਬੰਬਾਰੀ ਕਰਨ ਗਏ ਤਾਂ ਮਹਾਤਮਾ ਗਾਂਧੀ ਨੇ ਪਾਇਲਟਾਂ ਨੂੰ ਆਸ਼ੀਰਵਾਦ ਦੇ ਕੇ ਤੋਰਿਆ, ਜਦੋਂ ਕਿ ਉਸ ਨੂੰ ਪਤਾ ਸੀ ਕਿ ਇਹ ਜਹਾਜ਼ ਕਸ਼ਮੀਰ ਦੀ ਧਰਤੀ 'ਤੇ ਫੁੱਲ ਸੁਟਣ ਨਹੀਂ ਚੱਲੇ, ਅੱਗ ਵਰ੍ਹਾਉਣ ਚੱਲੇ ਹਨ। ਏਨਾਂ ਪਾਖੰਡੀ ਹੋਰ ਕਿਹੜਾ ਹੋ ਸਕਦਾ ਹੈ? ਇਹ ਉਹ ਹੀ ਗਾਂਧੀ ਹੈ, ਜਿਸ ਨੇ ਜਰਮਨੀ ਵੱਲੋਂ ਇੰਗਲੈਂਡ 'ਤੇ ਹਮਲਾ ਕਰਨ ਵੇਲੇ ਚਰਚਲ ਨੂੰ ਸਲਾਹ ਦਿੱਤੀ ਸੀ ਕਿ ਉਹ ਹਿਟਲਰ ਅੱਗੇ ਹਥਿਆਰ ਸੁੱਟ ਦੇਵੇ ਤੇ ਖੂਨ-ਖਰਾਬਾ ਨਾ ਕਰੇ। ਜਰਮਨੀ ਇੰਗਲੈਂਡ 'ਤੇ ਕਬਜ਼ਾ ਕਰ ਵੀ ਲਵੇ ਤਾਂ ਨਾਮਿਲਵਰਤਣ ਲਹਿਰ ਚਲਾ ਕੇ ਉਸ ਨੂੰ ਆਜ਼ਾਦੀ ਲਈ ਮਜਬੂਰ ਕੀਤਾ ਜਾ ਸਕਦਾ ਹੈ। ਅੰਗਰੇਜ਼ ਉਸ ਦੀ ਮੂਰਖਤਾ ਭਰੀ ਗੱਲ 'ਤੇ ਹੱਸੇ ਤੇ ਗਾਂਧੀ ਦੇ ਮਾਈਕ ਦਾ ਬਟਨ ਬੰਦ ਕਰ ਦਿੱਤਾ। ਏਸੇ ਗਾਂਧੀ ਨੇ ਸ਼ਹੀਦ ਭਗਤ ਸਿੰਘ ਦੀ ਫਾਂਸੀ ਨੂੰ ਅੰਗਰੇਜ਼ ਨਾਲ ਗੱਲ ਕਰਕੇ ਉਮਰ ਕੈਦ ਵਿਚ ਬਦਲਵਾਉਣ ਵਾਲੀ ਸਲਾਹ ਨੂੰ ਮੁੱਢੋਂ-ਸੁੱਢੋਂ ਰੱਦ ਕਰ ਦਿੱਤਾ। ਅਖੇ ਇਸ ਨੇ ਅਹਿੰਸਾ ਕੀਤੀ ਸੀ ਤੇ ਮੈਂ ਅਹਿੰਸਾ ਕਰਨ ਵਾਲੇ ਦਾ ਸਾਥ ਨਹੀਂ ਦੇਣਾ ਪਰ ਦੂਜੇ ਪਾਸੇ ਉਸ ਦੇ ਆਸ਼ਰਮ ਵਿਚ ਇਕ ਵੱਛੇ ਨੂੰ ਬੜੀ ਅਜੀਬ ਬਿਮਾਰੀ ਹੋ ਗਈ। ਵੱਛਾ ਤੜਫੀ ਜਾਂਦਾ ਸੀ। ਗਾਂਧੀ ਨੇ ਡਾਕਟਰ ਨੂੰ ਵੱਛੇ ਨੂੰ ਜ਼ਹਿਰ ਦਾ ਟੀਕਾ ਲਾਉਣ ਲਈ ਕਿਹਾ। ਜਦੋਂ ਡਾਕਟਰ ਨੇ ਵੱਛੇ ਦੀ ਮੌਤ ਦਾ ਪਾਪ ਲੱਗਣ ਦੀ ਗੱਲ ਗਾਂਧੀ ਨੂੰ ਕਹੀ ਤਾਂ ਉਸ ਨੇ ਕਿਹਾ, 'ਪਾਪ ਝੱਲ ਲਵਾਂਗਾ ਪਰ ਇਸ ਵੱਛੇ ਦਾ ਦੁੱਖ ਨਹੀਂ ਝੱਲਿਆ ਜਾਂਦਾ।" ਗਾਂਧੀਵਾਦੀ ਗਾਂਧੀ ਨੂੰ ਬਹੁਤ ਅਸੂਲਪ੍ਰਸਤ ਕਹਿੰਦੇ ਨਹੀਂ ਥੱਕਦੇ ਪਰ ਜਿਥੇ ਲੋੜ ਪੈਂਦੀ ਸੀ, ਗਾਂਧੀ ਅਸੂਲ ਤੋੜ ਵੀ ਲੈਂਦਾ ਸੀ।

ਗਾਂਧੀ ਜੀ ਰੇਲਵੇ ਦਾ ਬਹੁਤ ਵਿਰੋਧ ਕਰਦੇ ਸਨ ਪਰ ਸਭ ਤੋਂ ਜ਼ਿਆਦਾ ਸਫਰ ਵੀ ਉਨ੍ਹਾਂ ਨੇ ਰੇਲ ਗੱਡੀ ਵਿਚ ਹੀ ਕੀਤਾ ਹੈ। ਜ਼ਿੰਦਗੀ ਦਾ ਜ਼ਿਆਦਾ ਸਮਾਂ ਉਨ੍ਹਾਂ ਗੱਡੀ ਵਿਚ ਹੀ ਗੁਜ਼ਾਰਿਆ। ਡਾਕਤਾਰ ਦੇ ਵੀ ਵਿਰੋਧੀ ਸਨ ਪਰ ਜਿੰਨੇ ਪੱਤਰ ਉਨ੍ਹਾਂ ਨੇ ਲਿਖੇ, ਏਨੇ ਸ਼ਾਇਦ ਦੁਨੀਆਂ ਵਿਚ ਹੋਰ ਕਿਸੇ ਨੇ ਨਹੀਂ ਲਿਖੇ। ਐਲੋਪੈਥੀ (ਅੰਗਰੇਜੀ ਦਵਾਈਆਂ) ਦੇ

ਬਹੁਤ ਵਿਰੁੱਧ ਸਨ ਤੇ ਕੁਦਰਤੀ ਇਲਾਜ ਦੇ ਬੜੇ ਗੁਣਗ੍ਹਾਣ ਕਰਦੇ ਸਨ ਪਰ ਜਿੰਨੀ ਵਾਰ ਵੀ ਬਿਮਾਰ ਹੋਏ ਅੰਗਰੇਜ਼ ਡਾਕਟਰ ਦੀ ਦਿੱਤੀ ਅੰਗਰੇਜੀ ਦਵਾਈ ਨਾਲ ਹੀ ਠੀਕ ਹੋ ਸਕੇ। ਸਿੱਖਾਂ ਨੇ ਗਾਂਧੀ ਦੁਆਰਾ ਦਿੱਤੇ ਯਕੀਨ ਨੂੰ ਮੰਨ ਕੇ ਬਹੁਤ ਗਲਤੀ ਕੀਤੀ। ਉਸ ਦੀ ਕਿਸੇ ਗੱਲ 'ਤੇ ਵੀ ਯਕੀਨ ਨਹੀਂ ਸੀ ਕੀਤਾ ਜਾ ਸਕਦਾ। ਹੋਰ ਤਾਂ ਹੋਰ ਉਸ ਦੀ ਘਰੇਲੂ ਜ਼ਿੰਦਗੀ ਵਿਚ ਵੀ ਉਸ ਦਾ ਬਣਾਵਟੀਪਣ ਸਾਫ ਦਿਸਦਾ ਸੀ। ਗਾਂਧੀ ਜੀ ਦਾ ਪੁੱਤਰ ਜਿਸ ਦਾ ਨਾਂ ਹਰੀਦਾਸ ਸੀ ਗਾਂਧੀ ਦੇ ਬਹੁਤ ਵਿਰੁੱਧ ਸੀ ਕਿਉਂਕਿ ਸਤਾਰਾਂ ਸਾਲ ਦੀ ਉਮਰ ਦਾ ਹੋਣ 'ਤੇ ਗਾਂਧੀ ਉਸ ਨੂੰ ਬ੍ਰਹਮਚਰੀਆ ਦਾ ਪਾਲਣ ਕਰਨ ਲਈ ਮਜਬੂਰ ਕਰਦਾ ਸੀ, ਜਿਹੜਾ ਕਿ ਚੜ੍ਹਦੀ ਜਵਾਨੀ ਵਿਚ ਪੈਰ ਰੱਖਦੇ ਕਿਸੇ ਨੌਜਵਾਨ ਨੂੰ ਵੀ ਮਨਜ਼ੂਰ ਨਹੀਂ ਹੋ ਸਕਦਾ। ਗਾਂਧੀ ਨੇ ਉਸ ਨੂੰ ਅਨਪੜ੍ਹ ਵੀ ਰੱਖਿਆ ਕਿਉਂਕਿ ਗਾਂਧੀ ਦੀ ਆਪਣੀ ਜਾਣਕਾਰੀ ਵੀ ਘੱਟ ਹੀ ਸੀ ਭਾਵੇਂ ਉਹ ਬਾਰ ਐਟ ਲਾਅ ਸਨ। ਉਹ ਸਿਰਫ ਗੀਤਾ ਤੇ ਰਮਾਇਣ ਹੀ ਜ਼ਿਆਦਾ ਪੜ੍ਹਦੇ ਸਨ। ਉਨ੍ਹਾਂ ਦਾ ਸਤਾਇਆ ਹੋਇਆ ਹੀ ਹਰੀਦਾਸ ਮੁਸਲਮਾਨ ਬਣ ਗਿਆ ਤੇ ਆਪਣਾ ਨਾਂ ਬਦਲ ਕੇ ਅਬਦੁੱਲਾ ਰੱਖ ਲਿਆ। ਉਸ ਨੇ ਚਾਰ ਸ਼ਾਦੀਆਂ ਕੀਤੀਆਂ। ਸ਼ਰਾਬ ਤੇ ਮਾਸ ਖਾਣ ਲੱਗ ਪਿਆ। ਜਦੋਂ ਗਾਂਧੀ ਦੀ ਬਿਰਲਾ ਮੰਦਿਰ ਵਿਚ ਨਥੂ ਰਾਮ ਗੋਡਸੇ ਨੇ ਹੱਤਿਆ ਕਰ ਦਿੱਤੀ ਤਾਂ ਅਬਦੁੱਲਾ ਵੀ ਆਇਆ ਪਰ ਗਾਂਧੀਵਾਦੀਆਂ ਨੇ ਉਸ ਨੂੰ ਲਾਸ਼ ਦੇ ਨੇੜੇ ਨਾ ਢੁਕਣ ਦਿੱਤਾ। ਗਾਂਧੀ ਗੱਲ-ਗੱਲ 'ਤੇ ਮਰ ਜਾਣ ਦੀ ਧਮਕੀ ਦੇਂਦਾ ਤੇ ਮਰਨ ਵਰਤ ਰੱਖ ਲੈਂਦਾ ਸੀ। ਇਕ ਵਾਰ ਡਾ: ਅੰਬੇਡਕਰ ਨੇ ਗਾਂਧੀ ਨੂੰ ਕਿਹਾ ਸੀ, "ਕਿਤੇ ਇਸ ਭੁਲੇਖੇ ਵਿਚ ਨਾ ਰਿਹੋ ਕਿ ਮੇਰਾ ਕੋਈ ਹਿਰਦਾ ਪਰਿਵਰਤਨ ਹੋ ਗਿਆ ਹੈ। ਮੈਂ ਤੁਹਾਡੇ ਮਰਨ ਦੀ ਧਮਕੀ ਅੱਗੇ ਝੁਕਿਆ ਹਾਂ। ਮੈਂ ਹੁਣ ਵੀ ਦਲਿਤਾਂ ਦੀਆਂ ਮੰਗਾਂ ਨੂੰ ਜਾਇਜ਼ ਤੇ ਠੀਕ ਸਮਝਦਾ ਹਾਂ।"

ਗਾਂਧੀ ਜੋ ਬਾਹਰ ਸੀ, ਉਹ ਘਰ ਨਹੀਂ ਸੀ। ਆਪਣੀ ਪਤਨੀ ਕਸਤੂਰਬਾ ਕੋਲੋਂ ਘਰ ਆਏ ਮਹਿਮਾਨਾਂ ਦਾ ਪਖਾਨਾ ਧੁਆਉਂਦਾ ਤੇ ਜੇ ਉਹ ਰੋਂਦੀ ਤਾਂ ਕਹਿੰਦਾ ਰੋਈਦਾ ਨਹੀਂ, ਮਹਿਮਾਨਾਂ ਦੀ ਸੇਵਾ ਹੱਸ ਕੇ ਕਰੀਦੀ ਹੈ। ਗਾਂਧੀ ਗਾਂ ਜਾਂ ਮੱਝ ਦਾ ਦੁੱਧ ਇਸ ਕਰਕੇ ਨਹੀਂ ਸੀ ਪੀਂਦਾ ਕਿਉਂਕਿ ਇਨ੍ਹਾਂ ਨੂੰ ਚੋਣ ਲੱਗੇ ਗਵਾਲੇ ਗਾਵਾਂ-ਮੱਝਾਂ ਨੂੰ ਤਕਲੀਫ ਪਹੁੰਚਾਉਂਦੇ ਹਨ। ਫਿਰ ਕਿਸੇ ਨੇ ਸਲਾਹ ਦਿੱਤੀ ਕਿ ਬੱਕਰੀ ਦਾ ਦੁੱਧ ਪੀ ਲਿਆ ਕਰੋ। ਗਾਂਧੀ ਨੇ ਇਹ ਗੱਲ ਐਸੀ ਪੱਲੇ ਬੰਨ੍ਹੀ ਕਿ ਰੇਲ ਗੱਡੀ ਵਿਚ ਵੀ ਬੱਕਰੀ ਨਾਲ ਰੱਖਦਾ ਤੇ ਕਹਿੰਦੇ ਹਨ ਬੱਕਰੀ ਨੂੰ ਬਦਾਮ ਚਾਰਦਾ। ਜਿਹੜਾ ਬੰਦਾ ਇਸ ਕਰਕੇ ਲੰਗੋਟੀ ਬੰਨ੍ਹਦਾ ਸੀ ਕਿ ਸਾਰੇ ਹਿੰਦੁਸਤਾਨੀਆਂ ਕੋਲ ਤਨ ਢਕਣ ਲਈ ਕੱਪੜਾ ਨਹੀਂ , ਇਸ ਲਈ ਮੈਂ ਵੀ ਪੂਰੇ ਕੱਪੜੇ ਨਹੀਂ ਪਾਉਣੇ, ਉਹਦੀ ਬੱਕਰੀ ਬਦਾਮ ਖਾਵੇ ਤੇ ਰੇਲ ਗੱਡੀ ਵਿਚ ਸਫਰ ਕਰੇ, ਹੈ ਨਾ ਕਮਾਲ! ਗਾਂਧੀ ਗਰੀਬਾਂ ਦਾ ਬਹੁਤ ਹਮਦਰਦ ਸੀ ਪਰ ਕਦੀ ਉਹ ਰਾਤ ਨੂੰ ਕਿਸੇ ਗਰੀਬ ਦੀ ਝੌਂਪੜੀ ਵਿਚ ਨਹੀਂ ਸਨ ਠਹਿਰੇ। ਦਿੱਲੀ ਜਾਂਦੇ ਤਾਂ ਘਨੀਸਿਆਮ ਦਾਸ ਬਿਰਲੇ ਦੇ ਘਰ ਠਹਿਰਦੇ ਤੇ ਹੋਰ ਕਿਸੇ ਸ਼ਹਿਰ ਜਾਂਦੇ ਤਾਂ ਓਥੇ ਕਿਸੇ ਅਮੀਰ ਦੇ ਘਰ ਰਹਿੰਦੇ। ਗਾਂਧੀ ਜੀ ਨੂੰ ਪਤਾ ਸੀ ਕਿ ਜੇ ਕਿਸੇ ਝੌਂਪੜੀ ਵਿਚ ਠਹਿਰਿਆ ਤਾਂ ਮੱਛਰ ਤੋੜ-ਤੋੜ ਕੇ ਖਾ ਜਾਵੇਗਾ। ਗਾਂਧੀ ਦੀ ਕਿਤਾਬ ਹਿੰਦ ਸਵਰਾਜ 1905 ਵਿਚ ਲਿਖੀ ਗਈ ਸੀ। 1943 ਵਿਚ ਨਹਿਰੂ ਨੇ ਪੱਤਰ ਲਿਖ ਕੇ ਪੁੱਛਿਆ, 'ਕੀ ਤੁਸੀਂ ਰੇਲ ਵਗੈਰਾ ਦੇ ਹੁਣ ਵੀ ਵਿਰੋਧੀ ਹੋ?' ਤਾਂ ਗਾਂਧੀ ਨੇ ਕਿਹਾ, 'ਮੈਂ ਇਕ-ਇਕ ਲਫਜ਼ ਉਸ ਨਾਲ ਸਹਿਮਤ ਹਾਂ।' ਜਦੋਂ ਗਾਂਧੀ ਜੀ ਨੂੰ ਭਾਰਤ ਵਿਚ ਹੁੰਦੀ ਗਊ ਹੱਤਿਆ ਬਾਰੇ ਪੁਛਿਆ ਤਾਂ ਉਨ੍ਹਾਂ ਕਿਹਾ, "ਮੈਂ ਸਵਰਾਜ਼ ਪ੍ਰਾਪਤੀ ਨਾਲੋਂ ਵੀ ਗਊ ਹੱਤਿਆ ਦੇ ਸਵਾਲ ਨੂੰ ਵਧੇਰੇ

ਮਹੱਤਵਪੂਰਨ ਮੰਨਦਾ ਹਾਂ।" ਏਸੇ ਤਰ੍ਹਾਂ ਹੀ ਜਦੋਂ ਭਾਰਤ ਦੀ ਵੰਡ ਬਾਰੇ ਪੁਛਿਆ ਤਾਂ ਗਾਂਧੀ ਜੀ ਨੇ ਕਿਹਾ, "ਭਾਰਤ ਦੀ ਵੰਡ ਤੋਂ ਪਹਿਲਾਂ ਮੇਰੇ ਸਰੀਰ ਦੇ ਦੋ ਟੋਟੇ ਕਰ ਦਿਓ। ਜੇਕਰ ਸਾਰੇ ਭਾਰਤ ਵਿਚ ਅੱਗ ਵੀ ਲੱਗ ਜਾਵੇ ਤਾਂ ਵੀ ਪਾਕਿਸਤਾਨ ਦਾ ਨਿਰਮਾਣ ਨਹੀਂ ਹੋ ਸਕੇਗਾ। ਪਾਕਿਸਤਾਨ ਮੇਰੀ ਲਾਸ਼ 'ਤੇ ਬਣੇਗਾ।" ਦੱਸੋ ਐਸਾ ਵਿਅਕਤੀ ਇਤਬਾਰਯੋਗ ਹੁੰਦਾ ਹੈ, ਜਿਸ 'ਤੇ ਝੁੱਡੂ ਸਿੱਖ ਲੀਡਰਸ਼ਿਪ ਨੇ ਇਤਬਾਰ ਕੀਤਾ।

ਜੇ ਮਹਾਤਮਾ ਗਾਂਧੀ ਪੂਰੇ ਮੁਲਕ ਵਿਚ ਆਪਣੀ ਸ਼ਾਂਤੀ ਦਾ ਢੰਡੋਰਾ ਨਾ ਪਿੱਟਦਾ ਤੇ ਲੋਕ ਲੜ ਕੇ ਅਜ਼ਾਦੀ ਲੈਂਦੇ ਤਾਂ ਵਧ ਤੋਂ ਵੱਧ ਇਕ ਲੱਖ ਬੰਦਾ ਮਰਦਾ, ਜਦੋਂ ਕਿ ਦੇਸ ਦੀ ਵੰਡ ਨਾਲ ਇਕੱਲੇ ਪੰਜਾਬ ਵਿਚ ਹੀ ਦਸ ਲੱਖ ਬੰਦੇ ਮਾਰੇ ਗਏ ਤੇ ਲੱਖਾਂ ਹੀ ਬੀਬੀਆਂ ਦੇ ਦੋਹਾਂ ਪਾਸਿਆਂ ਤੋਂ ਬਲਾਤਕਾਰ ਹੋਏ। ਮਹਾਤਮਾ ਗਾਂਧੀ ਜੇ ਲੋਕਾਂ ਨੂੰ ਲੜਨ ਦੇਂਦਾ ਤਾਂ ਘੱਟ ਤੋਂ ਘੱਟ ਪੰਜਾਬ ਵਿਚ ਹੀ ਨੌਂ ਲੱਖ ਬੰਦੇ ਨਾ ਮਰਦੇ ਤੇ ਜਨਾਨੀਆਂ ਦੇ ਬਲਾਤਕਾਰ ਹੋਣ ਤੋਂ ਵੀ ਬਚ ਜਾਂਦੇ।

ਨਹਿਰੂ ਦਾ ਇਹ ਕਹਿਣਾ ਤਾਂ ਬਹੁਤ ਹੀ ਖਚਰਾ ਸੀ ਕਿ 'ਉਤਰੀ ਭਾਰਤ ਵਿਚ ਐਸਾ ਖਿੱਤਾ ਹੋਵੇ, ਜਿਥੇ ਸਿੱਖ ਵੀ ਆਜ਼ਾਦੀ ਦਾ ਨਿੱਘ ਮਾਣ ਸਕਣ' ਪਰ ਜਦੋਂ ਦੇਸ਼ ਆਜ਼ਾਦ ਹੋ ਗਿਆ ਤਾਂ ਉਸ ਨੇ ਅੱਧੀ ਲਾਈਨ ਵਿਚ ਹੀ ਗੱਲ ਮੁਕਾ ਦਿੱਤੀ ਕਿ 'ਹੁਣ ਹਾਲਾਤ ਬਦਲ ਗਏ ਹਨ।' 1960 ਵਿਚ ਨਹਿਰੂ ਨੇ ਕਿਹਾ ਸੀ, "ਸੱਚ ਤਾਂ ਇਹ ਹੈ ਕਿ ਅਸੀਂ ਥੱਕ ਚੁੱਕੇ ਸਾਂ ਅਤੇ ਉਮਰ ਵੀ ਬਹੁਤ ਹੋ ਗਈ ਸੀ। ਜੇਕਰ ਅਸੀਂ ਅਖੰਡ ਭਾਰਤ 'ਤੇ ਅੜੇ ਰਹਿੰਦੇ ਤਾਂ ਸਪੱਸ਼ਟ ਹੈ ਕਿ ਸਾਨੂੰ ਜੇਲ੍ਹ ਜਾਣਾ ਪੈਂਦਾ।" ਨਹਿਰੂ ਦੀ ਇਸ ਗਲ ਦੀ ਪੁਸ਼ਟੀ ਲਾਰਡ ਮਾਊਂਟ ਬੈਟਨ ਦੇ ਇਸ ਕਥਨ ਤੋਂ ਵੀ ਹੁੰਦੀ ਹੈ "ਇਸ ਤੋਂ ਪਹਿਲਾਂ ਕਿ ਦੇਸ਼ ਦੀ ਵੰਡ ਵਿਰੁੱਧ ਕੋਈ ਅਜਿਹਾ ਅੜਿੱਕਾ ਖੜਾ ਹੋ ਸਕੇ, ਇਸ ਸਮਸਿਆ ਦਾ ਤਰੁੰਤ ਨਿਪਟਾਰਾ ਕਰ ਦਿੱਤਾ (ਦੀ ਬ੍ਰਿਟਿਸ਼ ਰਾਜ ਦਾ ਪੰਨਾ 118) ਪੰਜਾਬ ਦੇ ਲੋਕ ਉਜੜ ਪੁੱਜੜ ਕੇ ਵੱਢੇ ਕੱਟੇ ਹੋਏ ਭਾਰਤ ਵਲ ਆ ਰਹੇ ਸਨ। ਪਰ ਦੂਜੇ ਪਾਸੇ ਪੰਡਿਤ ਨਹਿਰੂ ਆਪਣੇ ਭਾਸ਼ਣਾ ਵਿਚ ਇਹਨਾਂ ਨੂੰ "ਆਪਣੇ ਕਰਮਾਂ ਦਾ ਫਲ ਭੋਗ ਰਹੇ ਅਭਾਗੇ ਕਹਿ ਰਹੇ ਸਨ।" ਏਧਰ ਆਉਣ ਵਾਲੇ ਲੋਕਾਂ ਦਾ ਨਾਂਅ ਰਫਿਊਜੀ ਵੀ ਨਹਿਰੂ ਨੇ ਹੀ ਰਖਿਆ ਸੀ। ਆਪਣੇ ਹੀ ਦੇਸ਼ ਵਿਚ ਰਫਿਊਜੀ ਤੇ ਪਨਾਹਗੀਰ? ਹੱਦ ਹੋ ਗਈ ਏਹੋ ਜਹੀ ਅਜ਼ਾਦੀ ਦੀ।

ਗਾਂਧੀ ਤੇ ਅੰਗਰੇਜ਼ ਦੋਵੇਂ ਬਾਣੀਏ ਸਨ, ਜਿੰਨੀ ਹਿਫਾਜ਼ਤ ਅੰਗਰੇਜ਼ਾਂ ਨੇ ਅੰਗਰੇਜ਼ੀ ਰਾਜ ਦੇ ਦੁਸ਼ਮਣ ਮਹਾਤਮਾ ਗਾਂਧੀ ਦੀ ਕੀਤੀ, ਓਨੀਂ ਕਿਸੇ ਨਹੀਂ ਕੀਤੀ। ਅੰਗਰੇਜ਼ਾਂ ਦੇ ਵੇਲੇ ਗਾਂਧੀ ਨੂੰ ਕੁਝ ਨਹੀਂ ਹੋਇਆ ਪਰ ਆਜ਼ਾਦ ਹਿੰਦੁਸਤਾਨ ਉਸ ਦੀ ਜਾਨ ਨਾ ਬਚਾ ਸਕਿਆ। ਗਾਂਧੀ ਦੀ ਵਿਚਾਰਧਾਰਾ ਅੰਗਰੇਜ਼ਾਂ ਦੇ ਬਹੁਤ ਫਿੱਟ ਸੀ। ਗਾਂਧੀ ਲੋਕਾਂ ਨੂੰ ਅੰਗਰੇਜ਼ਾਂ ਦੇ ਖਿਲਾਫ ਲੜਨ ਨਹੀਂ ਸੀ ਦੇਂਦਾ। ਜਦੋਂ ਵੀ ਅੰਦੋਲਣ ਹਿੰਸਕ ਹੋਣ ਲਗਦਾ, ਬਾਣੀਆ ਫੱਟ ਪਿੱਛੇ ਹਟ ਜਾਂਦਾ। ਇਸ ਸਾਰੀ ਕੁੜੱਤਣ ਦਾ ਗੁੱਸਾ 1947 ਦੀ ਵੰਡ ਵੇਲੇ ਨਿਕਲਿਆ।

ਮੁਹੰਮਦ ਅਲੀ ਜਿਨਾਹ ਦਾ ਅਸਲੀ ਨਾਂਅ ਝੀਨਾ ਭਾਈ ਖੋਜਾਨੀ ਸੀ ਤੇ ਉਹ ਖੋਜਾ ਮੁਸਲਮਾਨ ਸਨ। ਖੋਜੇ ਵੀ ਹਿੰਦੂਆਂ ਦੇ ਬਾਣੀਆਂ ਵਰਗੇ ਹੀ ਹੁੰਦੇ ਹਨ। ਜਿਨਾਹ ਬਹੁਤ ਹੀ ਕਾਬਲ ਵਕੀਲ ਸੀ ਤੇ ਭਾਰਤ ਦੇ ਕਾਨੂੰਨ ਜਗਤ ਵਿਚ ਓਹਦਾ ਸਥਾਨ ਪਹਿਲੇ ਸਤਾਂ ਅਠਾਂ ਵਕੀਲਾਂ ਵਿਚ ਆਉਂਦਾ ਸੀ। ਉਨ੍ਹਾਂ ਦੇ ਦਫਤਰ ਦਾ ਮੇਜ਼ ਅੱਠ ਫੁੱਟ ਚੌੜਾ ਸੀ ਕਿਉਂਕਿ ਜਿਨਾਹ ਸਾਹਿਬ ਦਿਨੇ ਵੀ ਦਾਰੂ ਪੀ ਲੈਂਦੇ ਸਨ ਤੇ ਕਈ ਵਾਰ ਤਾਂ ਅਦਾਲਤ ਵਿਚ ਵੀ

ਸ਼ਰਾਬ ਪੀ ਕੇ ਬਹਿਸ ਕਰਦੇ ਸਨ। ਜਦੋਂ ਕੋਈ ਸਾਇਲ ਆਪਣਾ ਮੁਕਦਮਾਂ ਲੈ ਕੇ ਆਉਂਦਾ ਤਾਂ ਉਹ ਮੇਜ਼ ਦੇ ਅੱਠ ਫੁੱਟ ਪਰ੍ਹੇ ਬੈਠਾ ਹੋਣ ਕਰਕੇ ਜਿਨਾਹ ਸਾਹਿਬ ਦੇ ਮੂੰਹ ਵਿਚੋਂ ਨਿਕਲਣ ਵਾਲੀ ਸ਼ਰਾਬ ਦੀ ਬੋਅ ਨਾਂ ਪਛਾਣ ਸਕਦਾ। ਜਿਨਾਹ ਸਾਹਿਬ ਉਸਨੂੰ ਕਹਿੰਦੇ, "ਦਸ ਹਜਾਰ ਰੁਪਈਆ ਤੇ ਲਫਾਫਾ ਮੇਜ਼ 'ਤੇ ਰਖ ਜਾ ਤੇ ਇਕ ਹਜ਼ਾਰ ਰੁਪਈਆ ਮੁਣਸ਼ਿਆਨਾ ਬਾਹਰ ਮੁਣਸ਼ੀ ਨੂੰ ਫੜਾ ਦੇ, ਮੈਂ ਤੇਰਾ ਕੇਸ ਪੜ੍ਹ ਕੇ ਵੇਖਾਂਗਾ ਜੇ ਤਾਂ ਮੈਂ ਕੇਸ ਲੈਣਾ ਹੋਇਆ ਤਾਂ ਇਕੱਲਾ ਲਿਫਾਫਾ ਹੀ ਮੇਜ 'ਤੇ ਹੋਵੇਗਾ। ਜਿਸ ਦਾ ਮਤਲਬ ਹੋਵੇਗਾ ਕਿ ਮੈਂ ਕੇਸ ਲੜਨਾਂ ਮਨਜ਼ੂਰ ਕਰ ਲਿਆ ਹੈ। ਜੇ ਪੈਸੇ ਵੀ ਲਫਾਫੇ ਉੱਤੇ ਪਏ ਹੋਏ ਤਾਂ ਤੁਸਾਂ ਪੈਸੇ ਤੇ ਲਫਾਫਾ ਲੈ ਕੇ ਮੇਰੇ ਦਫਤਰ ਵਿਚੋਂ ਚਲੇ ਜਾਣਾ ਹੈ ਤੇ ਜਾ ਕੇ ਕੋਈ ਹੋਰ ਵਕੀਲ ਲਭ ਲੈਣਾ ਹੈ। ਮੁਣਸ਼ੀ ਵਾਲਾ ਇਕ ਹਜ਼ਾਰ ਰੁਪਈਆ ਵਾਪਸ ਹੋਣ ਯੋਗ ਨਹੀਂ ਹੋਵੇਗਾ।

ਜਿਨਾਹ ਸਾਹਿਬ ਮੁਸਲਮਾਨ ਹੋ ਕੇ ਵੀ ਹਿੰਦੂ ਉਤਰਾ-ਅਧਿਕਾਰੀ ਕਾਨੂੰਨ ਨੂੰ ਠੀਕ ਮੰਨਦੇ ਸਨ। ਕੱਟਰ ਪੰਥੀ ਮੁਸਲਿਮ ਲੀਡਰਾਂ ਨੇ ਜਿਨ੍ਹਾਂ ਵਿਚ ਕਈ ਮੁਲਾਣੇ ਵੀ ਸਨ ਨੇ ਜਦੋਂ ਉਨ੍ਹਾਂ ਦੀ ਲੀਡਰੀ 'ਤੇ ਇਤਰਾਜ ਕੀਤਾ ਕਿ ਉਨ੍ਹਾਂ ਦਾ ਨਾਂਅ ਹਿੰਦੂਆਂ ਵਰਗਾ ਹੈ, ਖੜਕਵਾਂ ਮੁਸਲਮਾਨ ਨਾਂਅ ਨਹੀਂ ਲਗਦਾ ਤਾਂ ਉਨ੍ਹਾਂ ਨੇ ਇਹ ਆਲੋਚਨਾ ਵੀ ਖਤਮ ਕਰ ਦਿੱਤੀ ਤੇ ਆਪਣਾ ਖੜਕਵਾਂ ਨਾਂਅ ਮੁਹੰਮਦ ਅਲੀ ਜਿਨਾਹ ਰਖ ਲਿਆ। ਝੀਨਾਂ ਤੋਂ ਜਿਨਾਹ ਬਣ ਗਿਆ। ਜਦੋਂ ਉਨ੍ਹਾਂ ਦੇ ਸ਼ਰਾਬ ਪੀਣ 'ਤੇ ਪਾਬੰਦੀ ਦੀ ਗੱਲ ਚਲੀ ਤਾਂ ਜਿਨਾਹ ਸਾਹਿਬ ਇਸਨੂੰ ਆਪਣਾ ਜਾਤੀ ਮਾਮਲਾ ਸਮਝਦੇ ਸਨ ਧਾਰਮਕ ਨਹੀਂ। ਇਸ ਲਈ ਉਹ ਮੁਲਾਣਿਆਂ ਨਾਲ ਬੜੇ ਖਫਾ ਹੋ ਗਏ ਤੇ ਕਿਹਾ, "ਮੇਰੇ ਨੁਕਸ ਹੀ ਦਸਦੇ ਹੋ ਕੋਈ ਸਿਫਤ ਵੀ ਦਸੋ।" ਕੱਟੜ ਗਰੁੱਪ ਨੇ ਕਿਹਾ, ਸੱਚਾ ਮੁਸਲਮਾਨ ਸ਼ਰਾਬ ਨਹੀਂ ਪੀਂਦਾ। ਜਿਨਾਹ ਨੇ ਉਨ੍ਹਾਂ ਨੂੰ ਚੈਲਿੰਜ ਕੀਤਾ ਕਿ ਮੈਂ ਗਵਰਨਰ ਜਨਰਲ ਦੇ ਗਲਾਸ ਨਾਲ ਗਲਾਸ ਟਕਰਾਅ ਕੇ ਸ਼ਰਾਬ ਪੀਂਦਾ ਹਾਂ, ਜਾਓ ਤੁਹਾਡੇ ਵਿਚੋਂ ਕੋਈ ਮਾਈ ਦਾ ਲਾਲ ਸੱਚਾ ਮੁਸਲਮਾਨ ਉਹਦੇ ਬੂਟ ਨਾਲ ਵੀ ਗਲਾਸ ਟਕਰਾਅ ਕੇ ਵਖਾਵੇ। ਉਸਨੇ ਕਿਹਾ ਮੈਂ ਵਾਇਸਰਾਏ ਦੀ ਪਤਨੀ ਦੀ ਨੰਗੀ ਪਿੱਠ 'ਤੇ ਆਪਣਾ ਹਥ ਰਖ ਕੇ ਡਾਂਸ ਕਰਦਾ ਹਾਂ। ਤੁਹਾਡੇ ਵਿਚੋਂ ਕੋਈ ਵਾਇਸਰਾਏ ਦੀ ਘਰ ਦੀ ਵਾੜ 'ਤੇ ਵੀ ਹੱਥ ਲਾ ਕੇ ਵਖਾਵੇ। ਕੱਟੜ ਪੰਥੀਆਂ ਨੇ ਕਿਹਾ, "ਮੁਸਲਮਾਨਾਂ ਨੇ ਤੁਹਾਨੂੰ ਕਾਇਦੇ ਆਜਮ ਬਣਾਇਆ ਹੈ।" ਜਿਨਾਹ ਨੇ ਕਿਹਾ "ਬਿਲਕੁਲ ਕੋਰਾ ਝੂਠ, ਕਾਇਦੇ ਆਜਮ ਮੈਨੂੰ ਮੁਸਲਮਾਨਾਂ ਨੇ ਨਹੀਂ ਸਗੋਂ ਹਿੰਦੂਆਂ ਦੇ ਲੀਡਰ ਮਹਾਤਮਾਂ ਗਾਂਧੀ ਨੇ ਬਣਾਇਆ ਹੈ। ਉਨ੍ਹਾਂ ਨੇ ਮੈਨੂੰ ਜਿਨੀਆਂ ਵੀ ਚਿਠੀਆਂ ਲਿਖੀਆਂ ਹਨ, ਉਨ੍ਹਾਂ ਵਿਚ ਮੈਨੂੰ ਕਾਇਦੇ ਆਜ਼ਮ (ਸਭ ਤੋਂ ਵਡਾ ਲੀਡਰ) ਕਹਿ ਕੇ ਸੰਬੋਧਨ ਕੀਤਾ ਹੈ। ਜਦੋਂ ਮੇਰਾ ਵਿਰੋਧੀ ਲੀਡਰ ਮੈਨੂੰ ਕਾਇਦੇ ਆਜਮ ਮੰਨਦਾ ਹੈ ਫਿਰ ਤੁਸੀਂ ਮਾਮੇ ਲਗਦੇ ਹੋ, ਮੈਨੂੰ ਮਤਾਂ ਦੇਣ ਦੇ। ਗਾਂਧੀ ਨੇ ਭਾਵੇਂ ਜਿਨਾਹ ਨੂੰ ਫੁਲਾਉਣ ਲਈ ਹੀ ਉਹ ਦੇ ਨਾਂਅ ਨਾਲ ਕਾਇਦੇ ਆਜਮ ਲਾਇਆ ਸੀ ਪਰ ਉਹ ਪੂਰਾ ਹੀ ਫੁਲ ਗਿਆ। ਜਿਵੇਂ ਲਾਲ ਬਹਾਦਰ ਸ਼ਾਸਤਰੀ ਦੇ ਜੈ ਜਵਾਨ, ਜੈ ਕਿਸਾਨ ਕਹਿਣ ਨਾਲ ਸਿੱਖ ਫੁੱਲ ਗਏ ਸਨ। ਟਰਾਲੀ 'ਤੇ ਇਕ ਪਾਸੇ ਬੂਝੜ ਜਹੇ ਕਿਸਾਨ ਦੀ ਫੋਟੋ ਤੇ ਦੂਜੇ ਪਾਸੇ ਰਾਈਫਲ ਮੋਢੇ 'ਤੇ ਪਾਈ ਇਕ ਸਿੱਖ ਦੀ ਫੋਟੋ ਬਣਾ ਦਿੱਤੀ। ਦੋਹਾਂ ਨੇ ਏਡੀ ਪੂਛ ਤੁੜਾਈ ਕਿ ਇਕ ਤਾਂ ਵਾਹੀ ਕਰਦਾ ਕਰਦਾ ਭੁਖਾ ਨੰਗਾ ਹੋ ਕੇ ਖੁਦਕੁਸ਼ੀਆਂ ਕਰਨ ਲਗ ਪਿਆ ਤੇ ਦੂਜੇ ਕੋਲੋਂ ਆਮ ਸ਼ਹਿਰੀਆਂ 'ਤੇ ਏਨਾਂ ਤਸ਼ੱਦਦ ਕਰਵਾਇਆ ਕਿ ਅੱਜ ਕੋਈ ਸਿਖ ਫੌਜੀ ਦੀ ਸ਼ਕਲ ਵੇਖਣ ਨੂੰ ਵੀ ਤਿਆਰ ਨਹੀਂ। ਉਸਨੇ ਉਨ੍ਹਾਂ ਕੱਟੜ ਲੀਡਰਾਂ ਨੂੰ ਦਸਿਆ ਕਿ ਮੈਨੂੰ

ਜਦੋਂ ਵੀ ਵਿਚ ਵਿਚ ਮੌਕਾ ਮਿਲੇ ਮੈਂ ਮੁਸਲਮਾਨਾਂ ਲਈ ਵਖਰੇ ਦੇਸ਼ ਦੀ ਵਕਾਲਤ ਕਰਨ ਦਾ ਵੇਲਾ ਨਹੀਂ ਖੁੰਝਾਉਂਦਾ। ਵਾਇਸਰਾਏ, ਗਵਰਨਰ ਜਨਰਲ ਤੇ ਲਾਰਡ ਬੜੇ ਧਿਆਨ ਨਾਲ ਮੇਰੀ ਗਲ ਸੁਣਦੇ ਹਨ। ਜੇ ਤੁਹਾਡੇ ਵਿਚੋਂ ਕੋਈ ਮਾਈ ਦਾ ਲਾਲ ਜੰਮਿਆ ਹੈ ਤਾਂ ਜਾਓ ਇਹ ਗਲ ਉਨ੍ਹਾਂ ਦੇ ਚਪੜਾਸੀਆਂ ਤੇ ਖਾਨਸਾਮਿਆਂ ਨਾਲ ਹੀ ਕਰ ਕੇ ਵਖਾਓ।

ਅੱਜ ਸਾਰੇ ਪਾਕਿਸਤਾਨੀ ਇਹ ਗੱਲ ਮੰਨਦੇ ਹਨ ਕਿ ਅਗਰ ਮੁਹੰਮਦ ਅਲੀ ਜਿਨਾਹ ਨਾਂ ਹੁੰਦੇ ਤਾਂ ਸ਼ਾਇਦ ਪਾਕਿਸਤਾਨ ਅਜੇ ਤਕ ਨਾਂ ਬਣਦਾ। ਕਹਿੰਦੇ ਹਨ ਇਕ ਵਾਰ ਇੰਗਲੈਂਡ ਵਿਚ ਸਾਰੇ ਲੀਡਰਾਂ ਤੇ ਲਾਰਡਾ ਦੀ ਗੋਲਮੇਜ਼ ਕਾਨਫਰੰਸ ਹੋਈ। ਮਹਾਤਮਾਂ ਗਾਂਧੀ ਨੇ ਕਾਇਦੇ ਆਜ਼ਮ ਮੁਹੰਮਦ ਅਲੀ ਜਿਨਾਹ ਨੂੰ ਕਿਹਾ, "ਕਾਇਦੇ ਆਜ਼ਮ ਸਾਹਿਬ ਤੁਸੀਂ ਸਿਰਫ ਚਾਰ ਆਨੇ ਹਿੱਸਾ ਪਾਕਿਸਤਾਨ ਦੇ ਤੌਰ 'ਤੇ ਮੰਗਦੇ ਹੋ, ਅਸੀਂ ਤੁਹਾਨੂੰ ਪੂਰਾ ਰੁਪਈਆ ਹੀ ਦੇਣ ਨੂੰ ਤਿਆਰ ਹਾਂ, ਤੁਸੀਂ ਸਿਰਫ ਚਵਾਨੀ 'ਤੇ ਹੀ ਜ਼ਿੱਦ ਕਿਉਂ ਕਰਦੇ ਹੋ।" ਖੋਜੇ ਦੀ ਬਾਣੀਆਂ ਵਰਗੀ ਬੁੱਧੀ ਨੇ ਫੱਟ ਕੰਮ ਕੀਤਾ ਤੇ ਚਵਾਨੀਆਂ ਅਠਿਆਨੀਆਂ ਵਾਲਾ ਦਿਮਾਗ ਚਲਣ ਲਗ ਪਿਆ। ਉਨ੍ਹਾਂ ਨੇ ਗਾਂਧੀ ਨੂੰ ਮੋੜਵਾਂ ਉੱਤਰ ਦਿੱਤਾ, "ਮਹਾਤਮਾਂ ਜੀ ਜਿਹੜਾ ਰੁਪਈਆ ਚਵਾਨੀ ਵੱਟੇ ਚਲੇ ਉਹ ਖੋਟਾ ਹੁੰਦਾ ਹੈ। ਸਾਨੂੰ ਸਾਡੀ ਚਵਾਨੀ ਹੀ ਦੇ ਦਿਓ।"

ਕਹਿੰਦੇ ਹਨ ਇਕ ਵਾਰ ਮਹਾਤਮਾਂ ਗਾਂਧੀ ਨੇ ਸਾਰੇ ਲੀਡਰਾਂ ਦੇ ਏਸੇ ਤਰ੍ਹਾਂ ਦੇ ਹੀ ਇਕ ਇਕੱਠ ਵਿਚ ਕਿਹਾ "ਕਾਇਦੇ ਆਜਮ ਸਾਹਿਬ, ਤੁਸਾਂ ਸ਼ਾਇਦ ਅੰਦਾਜਾ ਨਹੀਂ ਲਾਇਆ' ਤੁਹਾਡਾ ਪਾਕਿਸਤਾਨ ਬਹੁਤ ਛੋਟਾ ਬਣੇਗਾ।" ਜਿਨਹਾ ਸਾਹਿਬ ਨੇ ਆਪਣੀ ਜੇਬ ਵਿਚੋਂ ਰੁਮਾਲ ਕਢਿਆ। ਲੋਕਾਂ ਸਮਝਿਆ ਸ਼ਾਇਦ ਨੱਕ ਸੁਣਕਣ ਲਗੇ ਹਨ। ਪਰ ਉਨ੍ਹਾਂ ਨੇ ਤੈਹਾਂ ਖੋਹਲ ਕੇ ਉਹ ਰੁਮਾਲ ਮੇਜ ਉੱਤੇ ਵਿਛਾ ਦਿੱਤਾ ਤੇ ਪੁਛਿਆ, "ਮਹਾਤਮਾਂ ਜੀ ਏਡਾ ਤਾਂ ਬਣ ਹੀ ਜਾਏਗਾ ਨਾਂ?" ਗਾਂਧੀ ਨੇ ਕਿਹਾ, "ਹਾਂ ਏਡਾ ਤਾਂ ਬਣ ਹੀ ਜਾਵੇਗਾ।" "ਬਸ ਸਾਨੂੰ ਏਡਾ ਹੀ ਬੜਾ ਹੈ ਪਰ ਉਸਦਾ ਨਾਂ ਪਾਕਿਸਤਾਨ ਹੋਣਾ ਚਾਹੀਦਾ ਹੈ।"

ਪਾਕਿਸਤਾਨ ਨਾਂਅ ਵੀ ਮੁਸਲਮਾਨਾਂ ਨੇ ਨਹੀਂ ਰਖਿਆ। ਇਹ ਹਿੰਦੂ ਮਹਾਸ਼ਾ ਪ੍ਰੈਸ ਦਾ ਦਿੱਤਾ ਹੋਇਆ ਨਾਂਅ ਹੈ, ਜੋ ਮੁਸਲਮਾਨਾਂ ਨੂੰ ਏਨਾਂ ਪਸੰਦ ਆਇਆ ਕਿ ਉਹਨਾਂ ਨੇ ਆਪਣੇ ਬਣਨ ਵਾਲੇ ਦੇਸ਼ ਦਾ ਨਾਂਅ ਇਹ ਹੀ ਰਖ ਲਿਆ। ਇਹ ਸਾਰਾ ਕੁਝ ਲਿਖਣ ਦਾ ਮਤਲਬ ਸਿਰਫ ਇਹ ਹੈ ਕਿ ਸਿਖ ਲੀਡਰ ਗਾਂਧੀ, ਜਵਾਹਰ ਲਾਲ ਨਹਿਰੂ ਤੇ ਮੁਹੰਮਦ ਅਲੀ ਜਿਨਾਹ ਦੇ ਪਾਏ ਦੇ ਨਹੀਂ ਸਨ। ਉਪਰੋਕਤ ਸਾਰੇ ਲੀਡਰ ਚੋਟੀ ਦੇ ਵਕੀਲ ਸਨ ਤੇ ਵਿਦੇਸ਼ਾਂ ਦੇ ਨਾਮੀਂ ਸਕੂਲਾਂ, ਕਾਲਜਾਂ ਦੇ ਪੜ੍ਹੇ ਹੋਏ ਸਨ। ਅੰਗਰੇਜੀ ਕਲਚਰ ਦੇ ਭੇਤੀ ਤੇ ਨਿੱਝਕ ਹੋ ਕੇ ਲਾਰਡਾਂ ਤੇ ਅੰਗਰੇਜੀ ਸਰਕਾਰ ਦੇ ਆਲ੍ਹਾ ਅਹੁਦੇਦਾਰਾਂ ਨਾਲ ਗਲਬਾਤ ਕਰ ਲੈਂਦੇ ਸਨ ਤੇ ਬਹੁਤ ਸਾਰੀਆਂ ਗਲਾਂ ਮੰਨਵਾ ਵੀ ਲੈਂਦੇ ਸਨ। ਪਰ ਦੂਜੇ ਪਾਸੇ ਮਾਸਟਰ ਤਾਰਾ ਸਿੰਘ ਜੋ ਆਪਣੇ ਆਪ ਨੂੰ ਸਿੱਖਾਂ ਦਾ ਵਾਹਦ ਲੀਡਰ ਕਹਿੰਦਾ ਸੀ ਸਿਰਫ ਇਕ ਸਕੂਲ ਮਾਸਟਰ ਸੀ। ਸਕੂਲ ਮਾਸਟਰਾਂ ਦਾ ਵਾਹ ਨਿੱਕੇ ਨਿੱਕੇ ਦਿਮਾਗ ਵਾਲੇ ਬਚਿਆਂ ਨਾਲ ਪੈਂਦਾ ਹੈ, ਜਿਨ੍ਹਾਂ ਦੀਆਂ ਛੋਟੀਆਂ ਛੋਟੀਆਂ ਸ਼ਿਕਾਇਤਾਂ ਹੁੰਦੀਆਂ ਹਨ। "ਮਾਸਟਰ ਜੀ ਫਲਾਣਾ ਮੁੰਡਾ ਮੇਰੀ ਦਵਾਤ ਵਿਚੋਂ ਡੋਬੇ ਲਈ ਜਾਂਦਾ ਜੇ।" ਮਾਸਟਰ ਕਹੇਗਾ ਨਾ ਬਈ ਉਹਦੀ ਦਵਾਤ ਵਿਚੋਂ ਡੋਬੇ ਨਾਂ ਲੈ। ਫਿਰ ਕੋਈ ਹੋਰ ਮੁੰਡਾ ਸ਼ਿਕਾਇਤ ਕਰੇਗਾ, "ਮਾਸਟਰ ਜੀ, ਆਹ ਮੇਰੀ ਦਵਾਤ ਵਿਚੋਂ ਵਡੇ ਵਡੇ ਡੋਬੇ ਲਈ ਜਾਂਦਾ ਹੈ" ਪਹਿਲੇ ਨੂੰ ਸ਼ਕਾਇਤ ਸੀ ਸਿਰਫ ਡੋਬੇ ਲੈਣ ਦੀ ਦੂਜੇ ਬੱਚੇ ਨੂੰ ਸ਼ਕਾਇਤ ਹੈ ਕਿ ਵਡੇ ਵਡੇ ਡੋਬੇ ਕਿਓਂ ਲਈ ਜਾਂਦਾ ਹੈ। ਇਸ ਕਿਸਮ ਦੇ ਵਾਤਾਵਰਣ

ਵਿਚ ਰਹਿਣ ਵਾਲੇ ਲੋਕ ਕਰਾਊਨ ਦੇ ਅਧਿਕਾਰੀਆਂ ਨਾਲ ਕਿਹੜੇ ਦਿਮਾਗ ਨਾਲ ਗਲਬਾਤ ਕਰਦੇ, ਜਿਨ੍ਹਾਂ ਵਿਚ ਬਚਿਆਂ ਦੇ ਸਿਆਹੀ ਦੇ ਡੋਬੇ ਤੇ ਹੋਰ ਨਿੱਕੀਆਂ ਨਿੱਕੀਆਂ ਸ਼ਕਾਇਤਾਂ ਦਾ ਕਚਰਾ ਭਰਿਆ ਪਿਆ ਸੀ।

ਇਕ ਵਾਰ ਮੈਂ ਬਾਪੂ ਜੋਗਿੰਦਰ ਸਿੰਘ ਮਾਨ ਜੋ ਅਣਵੰਡੇ ਪੰਜਾਬ ਦੇ ਮੰਤਰੀ ਰਹੇ ਸਨ ਤੇ ਅਜ਼ਾਦ ਭਾਰਤ ਦੀ ਪੰਜਾਬ ਅਸੈਂਬਲੀ ਦੇ ਸਪੀਕਰ ਵੀ ਰਹਿ ਚੁੱਕੇ ਸਨ ਨੂੰ ਪੁਛਿਆ "ਕਿ ਚਲੋ ਆਮ ਲੋਕਾਂ ਨੂੰ ਤੇ ਮੁਲਕ ਦੇ ਦੋ ਟੁਕੜੇ ਹੋਣ ਦਾ ਪਤਾ ਨਾਂ ਲਗ ਸਕਿਆਂ ਪਰ ਤੁਸੀਂ ਤਾਂ ਸਰਕਾਰ ਵਿਚ ਸਉ ਤੁਹਾਨੂੰ ਵੀ ਕੁਝ ਪਤਾ ਨਾਂ ਲਗਾ ਤੇ ਜੇ ਲਗ ਗਿਆ ਸੀ ਤਾਂ ਤੁਸਾਂ ਸਿਖਾਂ ਲਈ ਕੁਝ ਕੀਤਾ ਕਿਓਂ ਨਾਂ?" ਬਾਪੂ ਜੀ ਨੇ ਕਿਹਾ, "ਮਾਸਟਰ ਤਾਰਾ ਸਿੰਘ ਤੇ ਬਲਦੇਵ ਸਿੰਘ ਕੀ ਕਰੀ ਜਾਂਦੇ ਸਨ ਕਿਸੇ ਨੂੰ ਵੀ ਪਤਾ ਨਹੀਂ ਲਗਾ। ਬਲਦੇਵ ਸਿੰਘ ਪੜ੍ਹਿਆ ਲਿਖਿਆ ਸੀ ਪਰ ਢਿਡੋਂ ਬੇਈਮਾਨ ਸੀ। ਮਾਸਟਰ ਤਾਰਾ ਸਿੰਘ ਸਿੱਖ ਹੁੰਦਿਆਂ ਹੋਇਆਂ ਵੀ ਹਿੰਦੂ ਸੀ। ਜਦੋਂ ਕੋਈ ਗਲਬਾਤ ਹੁੰਦੀ ਮਾਸਟਰ ਝੱਟ ਹਿੰਦੂਆਂ ਵਾਲੇ ਪਾਸੇ ਜਾ ਖਲੋਂਦਾ ਤੇ ਉਹ ਏਡੇ ਖਚਰੇ ਸਨ ਕਿ ਏਹਨੂੰ ਆਪਣਾ ਲੀਡਰ ਮੰਨ ਲੈਂਦੇ। ਗਲ ਉਹ ਸਿਖਾਂ ਦੀ ਕਰਦਾ ਸੀ ਪਰ ਹੇਜ ਉਹਨੂੰ ਹਿੰਦੂਆਂ ਦਾ ਮਾਰਦਾ ਸੀ। ਉਤੋਂ ਭਾਂਵੇ ਮਾਸਟਰ ਜੋ ਮਰਜੀ ਕਹਿੰਦਾ ਰਹਿੰਦਾ ਪਰ ਗਾਂਧੀ ਦਾ ਉਹ ਪਿਛਲੱਗ ਸੀ। ਛੋਟੀ ਛੋਟੀ ਸਲਾਹ ਵੀ ਗਾਂਧੀ ਨਾਲ ਕਰਦਾ ਸੀ। ਕਰਤਾਰ ਸਿੰਘ ਗਿਆਨੀ ਦਾ ਪਿਤਾ ਖੁਲੇਆਮ ਕਹਿੰਦਾ ਹੁੰਦਾ ਸੀ, "ਮੈਂ ਆਪਣੇ ਪੁੱਤ ਨੂੰ ਨਿਕੰਮਾਂ ਕਰ ਕੇ ਘਰੋਂ ਕਢਿਆ, ਲੋਕਾਂ ਨੇ ਚੁਕ ਕੇ ਲੀਡਰ ਬਣਾ ਲਿਆ।

ਜਿਸ ਗਿਆਨੀ ਕਰਤਾਰ ਸਿੰਘ ਨੂੰ ਪੰਥ ਦਾ ਦਿਮਾਗ ਕਹਿੰਦੇ ਸਨ ਉਸਨੇ ਇਕ ਤਜਵੀਜ਼ ਬਰਤਾਨੀਆਂ ਸਰਕਾਰ ਨੂੰ ਭੇਜੀ ਸੀ ਕਿ ਮੁਲਕ ਦੀ ਵੰਡ ਹੋ ਜਾਣ ਦੀ ਸੂਰਤ ਵਿਚ ਲਾਇਲਪੁਰ ਦੀ ਤਹਿਸੀਲ ਜੜ੍ਹਾਂ ਵਾਲੀ ਨੂੰ ਜਲੰਧਰ ਦੀ ਤਹਿਸੀਲ ਨਕੋਦਰ ਨਾਲ ਵਟਾ ਲਿਆ ਜਾਵੇ ਕਿਉਂਕਿ ਗਿਆਨੀ ਆਪ ਜੜ੍ਹਾਂ ਵਾਲੇ ਦਾ ਰਹਿਣ ਵਾਲਾ ਸੀ। ਬਾਪੂ ਜੀ ਦੀ ਇਸ ਗਲ ਦੀ ਪੁਸ਼ਟੀ ਮੇਰੇ ਮਾਮੇਂ ਮਹਿੰਦਰ ਸਿੰਘ ਨੇ ਵੀ ਇਕ ਵਾਰ ਕੀਤੀ ਸੀ। ਤਜਵੀਜ਼ ਵਾਲੀ ਦਰਖਾਸਤ ਨਾਲ ਇਕ ਹਜ਼ਾਰ ਦਸਤਖਤ ਕਰਵਾ ਕੇ ਵੀ ਭੇਜੇ ਗਏ ਸਨ ਤੇ ਮੇਰੇ ਮਾਮੇਂ ਦੇ ਵੀ ਦਸਤਖਤ ਉਨ੍ਹਾਂ ਵਿਚ ਸਨ। ਪੰਥ ਦੇ ਦਿਮਾਗ ਨੂੰ ਨਵਾਂ ਮੁਲਕ ਬਣਨ ਦੀ ਪ੍ਰੀਭਾਸ਼ਾ ਦਾ ਵੀ ਪਤਾ ਨਹੀਂ ਸੀ। ਉਸਨੂੰ ਇਹ ਨਹੀਂ ਸੀ ਪਤਾ ਕਿ ਜਦੋਂ ਮੁਲਕ ਬਣਦੇ ਹਨ ਤਾਂ ਸਰਹੱਦਾਂ 'ਤੇ ਬੁਰਜੀਆਂ ਲਗ ਜਾਂਦੀਆਂ ਹਨ ਤੇ ਫੌਜ ਗਸ਼ਤ ਕਰਦੀ ਹੈ। ਉਨ੍ਹਾਂ ਦੀ ਤਜਵੀਜ ਮੁਤਾਬਕ ਤਾਂ ਭਾਰਤ ਵਿਚ ਪਾਕਿਸਤਾਨ ਦੇ ਰੂਪ ਵਿਚ ਤਹਿਸੀਲ ਨਕੋਦਰ ਹੁੰਦੀ ਤੇ ਓਧਰ ਪਾਕਿਸਤਾਨ ਵਿਚ ਭਾਰਤ ਦਾ ਨਿੱਕਾ ਜਿਹਾ ਟੁਕੜਾ ਤਹਿਸੀਲ ਜੜ੍ਹਾਂ ਵਾਲੀ ਹੁੰਦੀ।

ਮਾਸਟਰ ਤਾਰਾ ਸਿੰਘ ਉਤੇ ਉਸਦੇ ਹਿੰਦੂ ਪਰਿਵਾਰ ਦਾ ਕਿੰਨਾਂ ਦਬਾਅ ਸੀ ਦਾ ਪਤਾ ਬਿਮਲਾ ਅਨੰਦ ਦੀ ਕਿਤਾਬ ਮਾਸਟਰ ਤਾਰਾ ਸਿੰਘ ਦੇ ਪੰਨਾਂ ਤਿੰਨ ਤੋਂ ਲਗਦਾ ਹੈ। "ਜਦੋਂ ਨਾਨਕ ਚੰਦ ਤੋਂ ਤਾਰਾ ਸਿੰਘ ਬਣਿਆ ਤਾਰਾ ਸਿੰਘ ਸਿਰ 'ਤੇ ਪੱਗ ਬੰਨ੍ਹੀ ਅਤੇ ਗਲ ਵਿਚ ਕਿਰਪਾਨ ਸਜਾਈ ਆਪਣੇ ਪਿੰਡ ਪੁਜਿਆ ਤਾਂ ਉਸਦਾ ਪਿਤਾ ਅਤੇ ਵਡਾ ਭਰਾ, ਗੰਗਾ ਰਾਮ ਬੜੇ ਨਰਾਜ਼ ਤੇ ਦੁਖੀ ਹੋਏ ਅਤੇ ਉਸਨੂੰ ਮਨਾਉਣ ਦੀ ਕੋਸ਼ਿਸ ਕੀਤੀ ਕਿ ਉਹ ਸਿਖ ਨਾ ਬਣੇ ਬਲਕਿ ਉਸਦੇ ਪਿਤਾ ਨੇ ਤਾਂ ਤਾਰਾ ਸਿੰਘ ਨੂੰ ਏਥੋਂ ਤੱਕ ਡਰਾਵਾ ਦਿੱਤਾ ਕਿ ਜੇਕਰ ਉਸਨੇ ਸਿਖ ਬਣੇ ਰਹਿਣ ਦਾ ਵਿਚਾਰ ਨਾਂ ਤਿਆਗਿਆ ਤਾਂ ਉਹ ਬੇਦਖਲ ਕਰ ਦਿੱਤਾ ਜਾਵੇਗਾ ਅਤੇ ਉਸਨੂੰ ਘਰ ਛਡਣਾ ਪਵੇਗਾ।" ਹਿੰਦੂ ਸ਼ੁਰੂ ਤੋਂ ਹੀ ਸਿੱਖ ਦਿੱਖ ਵਾਲੇ

ਕਿਸੇ ਵੀ ਬੰਦੇ ਨੂੰ ਨਫਰਤ ਕਰਦੇ ਹਨ। ਜਿਹੜੀ ਨਾਂ ਮਿਲਵਰਤਣ ਲਹਿਰ ਮਹਾਤਮਾਂ ਗਾਂਧੀ ਨੇ ਬਹੁਤ ਬਾਅਦ ਵਿਚ ਸ਼ੁਰੂ ਕੀਤੀ ਉਹ ਬਾਬਾ ਰਾਮ ਸਿੰਘ ਨੇ ਕਈ ਸਾਲ ਪਹਿਲਾਂ ਸ਼ੁਰੂ ਕੀਤੀ ਸੀ। ਡਾਕ ਤਾਰ ਵਗੈਰਾ ਦਾ ਪ੍ਰਬੰਧ ਉਹਨਾਂ ਨੇ ਆਪਣਾ ਸ਼ੁਰੂ ਕੀਤਾ ਸੀ। ਅੰਗਰੇਜਾਂ ਦੀ ਰੇਲ ਦਾ ਉਨ੍ਹਾਂ ਮੁਕੰਮਲ ਬਾਈਕਾਟ ਕੀਤਾ ਸੀ। ਖੂਹ ਵਿਚੋਂ ਡੋਲੂ ਤੇ ਲੱਜ ਨਾਲ ਪਾਣੀ ਕੱਢ ਕੇ ਪੀਂਦੇ ਸਨ। ਪਰ ਕਿਉਂਕਿ ਵੇਖਣ ਨੂੰ ਉਹ ਸਿੱਖ ਲਗਦੇ ਸਨ ਇਸ ਲਈ ਭਾਰਤੀਆਂ ਨੇ ਉਨ੍ਹਾਂ ਦਾ ਸਾਥ ਨਾਂ ਦਿੱਤਾ। ਪਰ ਗਾਂਧੀ ਦੁਆਰਾ ਚਲਾਈ ਹੋਈ ਏਸੇ ਲਹਿਰ ਦਾ ਭਰਪੂਰ ਸਮਰਥਨ ਕੀਤਾ। ਭਗਤ ਸਿੰਘ ਵੀ ਏਸੇ ਕਰਕੇ ਹੀ ਹਿੰਦੂ ਵੇਸ ਵਿਚ ਰਿਹਾ ਤਾਂ ਕਿ ਭਾਰਤੀ ਲੋਕ ਉਸ ਦੀ ਕੁਰਬਾਨੀ ਨੂੰ ਮੰਨ ਲੈਣ। ਜੇ ਪੰਜਾਬ ਵਿਚ ਮਾਸਟਰ ਤਾਰਾ ਸਿੰਘ ਦਾ ਪਿਤਾ ਹਿੰਦੂ ਗੋਪੀ ਚੰਦ ਸਿੱਖ ਬਣਨ ਤੇ ਆਪਣੇ ਪੁੱਤ ਨੂੰ ਬੇਦਖਲ ਕਰਨ ਤੱਕ ਚਲਾ ਗਿਆ ਸੀ ਤਾਂ ਪੂਰੇ ਭਾਰਤ ਨੂੰ ਸਿਖ ਚੰਗਾ ਕਿਉਂ ਲਗਦਾ। ਇਹ ਸਭ ਗਲਾਂ ਦੇ ਹੁੰਦਿਆਂ ਹੋਇਆਂ ਵੀ ਹਿੰਦੂ ਉਤੋਂ ਉਤੋਂ ਸਿੱਖਾਂ ਦਾ ਹੇਜ ਕਰਦੇ ਹਨ।

ਮਾਸਟਰ ਤਾਰਾ ਸਿੰਘ ਨੇ 29 ਅਗਸਤ 1964 ਨੂੰ ਸੰਦੀਪਣੀ ਆਸ਼ਰਮ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਬੈਠਕ ਵਿਚ ਭਾਸ਼ਣ ਕਰਦਿਆਂ ਕਿਹਾ, "ਧਰਮ ਦੀ ਰਖਿਆ ਹੀ ਸਾਡਾ ਧਰਮ ਹੈ। ਖਾਲਸਾ ਪੰਥ ਦੀ ਸਾਜਣਾ ਹੀ ਇਸ ਖਾਤਰ ਕੀਤੀ ਗਈ ਸੀ। ਮੈਂ ਕਦੀ ਹਿੰਦੂ ਧਰਮ ਨੂੰ ਤਿਲਾਂਜਲੀ ਨਹੀਂ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਨੇ ਵੇਦਾਂ, ਪੁਰਾਣਾਂ ਤੇ ਹੋਰ ਪ੍ਰਾਚੀਨ ਗ੍ਰੰਥਾ ਦੇ ਅਧਾਰ ਉਤੇ ਢੇਰ ਸਾਰੇ ਗੁਰਮੁਖੀ ਸਾਹਿਤ ਦੀ ਸਿਰਜਣਾ ਕੀਤੀ। ਕੀ ਅਸੀਂ ਇਸ ਪ੍ਰੰਪਰਾ ਨੂੰ ਛੱਡ ਦਿਆਂਗੇ? ਦਰਅਸਲ ਹਿੰਦੂ ਅਤੇ ਸਿੱਖ ਦੋ ਅੱਡ ਅੱਡ ਫਿਰਕੇ ਨਹੀਂ ਹਨ। ਲੋਕਾਂ ਦੇ ਨਾਂਅ ਸਿੱਖਾਂ ਵਾਲੇ ਹੁੰਦਿਆਂ ਹੋਇਆਂ ਵੀ ਉਹਨਾਂ ਦੀਆਂ ਦਾਹੜੀਆਂ ਕੁਤਰੀਆਂ ਹੁੰਦੀਆਂ ਹਨ, ਜਦੋਂ ਕਿ ਮੋਨੇ ਲੋਕ ਸਿੱਖ ਵੀ ਹੁੰਦੇ ਹਨ ਤੇ ਗੁਰੂ ਘਰ ਦੇ ਸੇਵਕ ਵੀ। ਹਿੰਦੂ ਧਰਮ ਦੀ ਹੋਂਦ ਹੈ ਤਾਂ ਸਿੱਖ ਪੰਥ ਹੈ। ਅਗਰ ਸਿੱਖ ਪੰਥ ਹੈ ਤਾਂ ਹਿੰਦੂ ਧਰਮ ਜੀਵਤ ਹੈ। ਦੋਵੇਂ ਵੱਖ ਵਖ ਭਾਈਚਾਰੇ ਨਹੀਂ ਸਗੋਂ ਹਕੀਕਤ ਵਿਚ ਇਕ ਹੀ ਹਨ। ਆਪਸੀ ਵਿਸ਼ਵਾਸ ਦੀ ਕਮੀ ਹੀ ਇਕੋ ਇਕ ਸਮਸਿਆ ਹੈ। ਇਹ ਸਮਸਿਆ ਵੀ ਹੱਲ ਹੋਣੀ ਚਾਹੀਦੀ ਹੈ। ਜਿੰਦਗੀ ਦੇ ਆਖਰੀ ਸਵਾਸਾਂ ਵੇਲੇ ਮੈਂ ਇਹਨਾਂ ਸਮਸਿਆਵਾਂ ਨੂੰ ਹੱਲ ਹੋਈਆਂ ਵੇਖਣਾ ਚਾਹੁੰਦਾ ਹਾਂ। ਹਿੰਦੂ ਨਵ-ਜਾਗਰਤੀ ਦੀ ਲਹਿਰ ਬੜੀ ਜਰੂਰੀ ਹੋ ਗਈ ਹੈ ਅਤੇ ਇਹ ਲਹਿਰ ਹਰ ਹਾਲਤ ਵਿਚ ਚਲੇਗੀ। ਅਗਰ ਸ੍ਰੀ ਗੁਰੂ ਗੋਲਵਲਕਰ ਜੀ ਅੱਗੇ ਲੱਗ ਕੇ ਤੁਰਦੇ ਹਨ ਤਾਂ ਇਹ ਕੰਮ ਬਹੁਤ ਅਸਾਨ ਹੋ ਜਾਵੇਗਾ।" ਏਥੇ ਨੋਟ ਕਰਨ ਵਾਲੀ ਗਲ ਇਹ ਹੈ ਕਿ ਮਾਸਟਰ ਤਾਰਾ ਸਿੰਘ ਜੋ ਆਪਣੇ ਆਪ ਨੂੰ ਪੰਥ ਰਤਨ ਅਤੇ ਸਿੱਖਾਂ ਦਾ ਵਾਹਦ ਲੀਡਰ ਕਹਿੰਦਾ ਸੀ ਇਹ ਗਲ ਓਦੋਂ ਕਰ ਰਿਹਾ ਸੀ ਜਦੋਂ ਪੰਜਾਬੀ ਸੂਬੇ ਦਾ ਮੋਰਚਾ ਜੋਰਾਂ ਵਿਚ ਚਲ ਰਿਹਾ ਸੀ। ਜੇ ਹਿੰਦੂਆਂ ਨਾਲ ਏਡਾ ਹੀ ਹੇਜ ਸੀ ਤਾਂ ਫਿਰ ਵਖਰਾ ਪੰਜਾਬੀ ਸੂਬਾ ਕਾਹਦੇ ਲਈ ਮੰਗਦਾ ਸੀ? ਮਹਾਂਰਾਜਾ ਰਣਜੀਤ ਸਿੰਘ ਦੇ ਸਹੁਰਿਆਂ ਦੇ ਪਿੰਡ ਦਾ ਇਕ ਮਰਾਸੀ ਇਮਾਮ ਬਖਸ਼ ਇਕ ਦਿਨ ਮਹਾਂਰਾਜਾ ਸਾਹਿਬ ਦੇ ਦਰਬਾਰ ਵਿਚ ਆਇਆ ਤੇ ਸਲਾਮ ਦੁਆ ਕਰਕੇ ਕਹਿਣ ਲਗਾ, "ਮਹਾਂਰਾਜ ਰਾਤੀ ਮੇਰੇ ਸੁਪਨੇ ਵਿਚ ਤੁਹਾਡੇ ਬਾਪੂ ਜੀ ਆਏ ਸਨ ਤੇ ਮੈਨੂੰ ਕਹਿ ਕੇ ਗਏ ਹਨ ਕਿ ਸਵੇਰੇ ਰਣਜੀਤ ਸਿੰਘ ਦੇ ਦਰਬਾਰ ਵਿਚ ਜਾ ਕੇ ਇਨਾਮ ਕਨਾਮ ਲੈ ਆਵੀਂ। ਮੈਂ ਉਹਨੂੰ ਕਹਿ ਦਿੱਤਾ ਹੈ।" ਮਹਾਂਰਾਜਾ ਸਾਹਿਬ ਕਹਿਣ ਲਗੇ, ਅਛਾ ਰਾਤੀ ਬਾਪੂ ਜੀ ਮੇਰੇ ਸੁਪਨੇ ਵਿਚ ਵੀ ਆਏ ਸਨ ਤੇ ਕਹਿ ਕੇ ਗਏ ਹਨ ਕਿ ਜਦੋਂ ਇਮਾਮ ਬਖਸ਼ ਏਥੇ ਆਵੇ ਮਾਰ

ਮਾਰ ਘਸੁੰਨ ਉਹਦੀਆਂ ਦਾਹੜਾਂ ਕੱਢ ਦੇਵੀਂ। ਮਰਾਸੀ ਨੇ ਭੈੜਾ ਜਿਹਾ ਮੂੰਹ ਬਣਾ ਕੇ ਕਿਹਾ, "ਬੜਾ ਔਤਰਾਂ ਐ ਤੁਹਾਡਾ ਪਿਓ ਤੁਹਾਨੂੰ ਕੁਝ ਆਂਹਦੈ ਤੇ ਸਾਨੂੰ ਕੁਝ ਹੋਰ ਈ ਦਸਦੈ। ਓਹੋ ਗਲ ਤਾਰਾ ਸਿੰਘ ਦੀ ਸੀ। ਓਧਰ ਹਿੰਦੂਆਂ ਨਾਲ ਜਫੀਆਂ ਪਾਈ ਫਿਰਦਾ ਸੀ ਤੇ ਦੂਜੇ ਪਾਸੇ ਸਿਖਾਂ ਨੂੰ ਸੂਬੇ ਦੇ ਮੋਰਚੇ ਵਿਚ ਫਸਾਇਆ ਹੋਇਆ ਸੀ।

ਗੁਰੂ ਨਾਨਕ ਜੀ ਦੇ ਪੁੱਤਰ ਸ੍ਰੀ ਚੰਦ ਦੀ ਗੱਦੀ 'ਤੇ ਬਿਰਾਜਮਾਨ ਮੌਜੂਦਾ ਗਦੀਦਾਰ ਈਸ਼ਵਰ ਦਾਸ ਸ਼ਾਸਤਰੀ ਦਸ ਰਿਹਾ ਸੀ ਅਖੇ ਮੈਂ ਇੰਗਲੈਂਡ ਗਿਆ ਤੇ ਬੜੀ ਕੋਸ਼ਿਸ਼ ਕਰਨ 'ਤੇ ਵੀ ਮੈਨੂੰ ਕੋਈ ਅਮ੍ਰਿਤਧਾਰੀ ਪਰਿਵਾਰ ਨਹੀਂ ਲੱਭਾ ਜਿਹਦੇ ਘਰੋਂ ਮੈਂ ਰੋਟੀ ਖਾ ਸਕਦਾ। ਲਾਗੇ ਬੈਠੇ ਇਕ ਸੱਜਣ ਨੇ ਕਿਹਾ, "ਸਵਾਮੀ ਜੀ ਤੁਹਾਡਾ ਅਮ੍ਰਿਤਧਾਰੀ ਸਿੰਘ ਨਾਲ ਕੀ ਸਬੰਧ? ਤੁਹਾਡਾ ਸ੍ਰੀ ਚੰਦ ਤੇ ਸਿਖ ਵੀ ਨਹੀਂ ਸੀ ਤੇ ਨਾਂ ਹੀ ਤੁਸੀਂ ਹੋ ਫਿਰ ਤੁਸੀਂ ਅਮ੍ਰਿਤਧਾਰੀ ਪਰਿਵਾਰ ਕਿਓਂ ਲਭਦੇ ਫਿਰਦੇ ਸਓ? ਕਿਸੇ ਵੀ ਹਿੰਦੂ ਦੇ ਘਰੋਂ ਰੋਟੀ ਖਾ ਲੈਂਦੇ।" ਸਿੱਖ ਧਰਮ ਨੇ ਬ੍ਰਾਹਮਣੀ ਘੁਸਪੈਠ ਨੂੰ ਏਨਾਂ ਸਵੀਕਾਰ ਕਰ ਲਿਆ ਹੈ ਕਿ ਇਨ੍ਹਾਂ ਨੂੰ ਭਲੇ ਬੁਰੇ ਦੀ ਪਛਾਣ ਵੀ ਭੁੱਲ ਚੁੱਕੀ ਹੈ। ਮਹਾਤਮਾਂ ਸੰਤੋਖ ਦਾਸ ਤੇ ਪ੍ਰੀਤਮ ਦਾਸ ਨੇ ਦਰਬਾਰ ਸਾਹਿਬ ਅਮ੍ਰਿਤਸਰ ਦੇ ਸਰੋਵਰ ਵਾਸਤੇ ਹੰਸਲੀ ਬਣਾਈ ਸੀ ਜਿਸ ਰਾਹੀਂ ਜਲ ਸਰੋਵਰ ਵਿਚ ਪੈਂਦਾ ਸੀ। ਹੰਸਲੀ ਉਪਰੋਂ ਖੁਲ੍ਹੀ ਹੋਣ ਕਰਕੇ ਲੋਕ ਟੱਟੀ ਪੇਸ਼ਾਬ ਵੀ ਓਸੇ ਵਿਚ ਹੀ ਚਲੇ ਜਾਂਦੇ ਸਨ। ਵੈਸੇ ਵੀ ਖੁਲ੍ਹੇ ਪਾਣੀ ਵਿਚ ਜਾਨਵਰ ਨਹਾਂਉਂਦੇ ਪੇਸ਼ਾਬ ਤੇ ਗੋਹਾ ਕਰ ਦੇਂਦੇ ਹਨ। ਕੁੱਤੇ ਵੀ ਖੁਲ੍ਹੇ ਪਾਣੀ ਵਿਚ ਨਹਾਂਉਂਦੇ ਰਹਿੰਦੇ ਹਨ। ਸਿੱਖ ਬੜੀ ਸ਼ਰਧਾ ਨਾਲ ਸਰੋਵਰ 'ਚੋ ਚਰਨਾਮਤ ਲੈਂਦੇ ਤੇ ਇਸ਼ਨਾਨ ਕਰਦੇ ਹਨ, ਇਸ ਲਈ ਇਸ ਜਲ ਦੀ ਪਵਿਤਰਤਾ ਨੂੰ ਮੁਖ ਰਖ ਕੇ ਅਮ੍ਰਿਤਸਰ ਦੇ ਡਿੱਪਟੀ ਕਮਿਸ਼ਨਰ ਨੇ ਟਿਊਬਵੈਲ ਲਵਾ ਕੇ ਉਸਦਾ ਪਾਣੀ ਸਰੋਵਰ ਵਿਚ ਪਾ ਦਿੱਤਾ ਤੇ ਹੰਸਲੀ ਬੰਦ ਕਰ ਦਿੱਤੀ। ਪਰ ਸਿੱਖਾਂ ਨੇ ਉਸ ਅੰਗਰੇਜ ਅਫਸਰ ਦੀ ਸ਼ਲਾਘਾ ਕਰਨ ਦੀ ਥਾਂ ਅਸਮਾਨ ਸਿਰ 'ਤੇ ਚੁੱਕ ਲਿਆ। ਅਖੀਰ ਉਹਨੇ ਟਿਊਬਵੈਲ ਬੰਦ ਕਰ ਦਿੱਤਾ ਤੇ ਹੰਸਲੀ ਮੁੜ ਚਾਲੂ ਕਰਵਾ ਦਿੱਤੀ।

ਚਾਹੀਦਾ ਤਾਂ ਇਹ ਸੀ ਕਿ ਜਦੋਂ ਸਿੱਖਾਂ ਨੂੰ ਪਤਾ ਲਗ ਗਿਆ ਸੀ ਕਿ ਗੁਰੂਆਂ ਦੇ ਜਿਹੜੇ ਪੁਤਰਾਂ ਨੂੰ ਗਦੀ ਨਹੀਂ ਸੀ ਮਿਲੀ ਉਹਨਾਂ ਨੂੰ ਤਿਆਗ ਦੇਂਦੇ ਪਰ ਏਥੇ ਤਾਂ ਬਰਾਬਰ ਸਭ ਦੀ ਪੂਜਾ ਹੋ ਰਹੀ ਹੈ। ਵਡਭਾਗੀਏ, ਧੀਰ ਮਲੀਏ, ਸ੍ਰੀ ਚੰਦੀਏ ਇਹ ਸਭ ਭੁਲਣ ਯੋਗ ਸਨ ਪਰ ਉਨ੍ਹਾਂ ਦੇ ਡੇਰਿਆਂ 'ਤੇ ਵੀ ਸਿੱਖ ਓਦਾਂ ਹੀ ਜਾਂਦੇ ਹਨ ਜਿਵੇਂ ਹਰਿਮੰਦਰ ਸਾਹਿਬ ਜਾਈਦਾ ਹੈ। ਜਿਥੇ ਲਾਇਕ ਨਲਾਇਕ ਦਾ ਕੋਈ ਫਰਕ ਹੀ ਨਹੀਂ, ਉਹ ਧਰਮ ਹੋਰ ਕਿੰਨਾ ਕੁ ਚਲਣਾ ਸੀ? ਤੇ ਇਹ ਹੋਇਆ ਸਭ ਕੁਝ ਬ੍ਰਾਹਮਣ ਦੇ ਚਕਰਵਿਊ ਵਿਚ ਫਸ ਕੇ ਹੈ। ਇਹ ਗੁਰੂਆਂ ਦੇ ਬਾਗੀ ਮੁੰਡੇ ਸਰਕਾਰ ਲਈ ਬੜੇ ਫਾਇਦੇਮੰਦ ਸਨ ਪਰ ਸਿੱਖੀ ਲਈ ਹਾਨੀਕਾਰਕ। ਹਰ ਗੁਰੂ ਦੇ ਇਤਿਹਾਸ ਨੂੰ ਹਿੰਦੂ ਅਵਤਾਰਾਂ ਦੇ ਇਤਿਹਾਸ ਨਾਲ ਜੋੜਿਆ ਗਿਆ ਹੈ। ਕ੍ਰਿਸ਼ਨ ਜੀ ਨੂੰ ਮਾਰਨ ਲਈ ਪੂਤਨਾਂ ਨੇ ਥਣਾਂ ਨੂੰ ਜਹਿਰ ਲਾਇਆ, ਉਹ ਹੀ ਡਰਾਮਾ ਬ੍ਰਾਹਮਣ ਨੇ ਗੁਰੂ ਹਰਗੋਬਿੰਦ ਸਾਹਿਬ ਨੂੰ ਮਾਰਨ ਦਾ ਰੱਚ ਸੁਟਿਆ। ਜੋ ਤਰੀਕਾ ਕ੍ਰਿਸ਼ਨ ਦਾ ਗੋਪੀਆਂ ਦੇ ਘੜੇ ਤੋੜਨ ਦਾ ਸੀ, ਉਹ ਹੀ ਡਰਾਮਾਂ ਸੰਜੀਦਾ ਤੇ ਦੂਰਅੰਦੇਸ਼ ਗੁਰੂ ਗੋਬਿੰਦ ਸਿੰਘ ਜੀ ਨਾਲ ਜੋੜ ਦਿੱਤਾ। ਅਖੇ ਜਦੋਂ ਗੁਰੂ ਜੀ ਪਾਣੀ ਲੈਣ ਗਈਆਂ ਔਰਤਾਂ ਦੇ ਘੜੇ ਤੀਰ ਮਾਰ ਕੇ ਤੋੜ ਦੇਂਦੇ ਤਾਂ ਉਹਨਾਂ ਦੀ ਸ਼ਕਾਇਤ 'ਤੇ ਮਾਤਾ ਜੀ ਉਹਨਾਂ ਨੂੰ ਘੜਿਆਂ ਵੱਟੇ ਗਾਗਰਾਂ ਲੈ ਦੇਂਦੇ। ਇਕ ਛੋਟਾ ਬੱਚਾ ਜਿਸ ਦੀ ਉਮਰ ਛੇ ਸੱਤ ਸਾਲ ਦੀ ਹੋਵੇਗੀ ਜੋ ਉਹ ਤੀਰ

ਮਾਰ ਕੇ ਘੜਾ ਤੋੜ ਦੇਂਦੇ ਸਨ ਤਾਂ ਕਈ ਜਨਾਨੀਆਂ ਕਾਣੀਆਂ ਵੀ ਜਰੂਰ ਹੋਈਆਂ ਹੋਣਗੀਆਂ। ਪਹਿਲੀ ਗੱਲ ਤਾਂ ਏਡੇ ਛੋਟੇ ਬੱਚੇ ਕੋਲੋਂ ਘੜਾ ਹੀ ਟੁੱਟ ਨਹੀਂ ਸਕਦਾ। ਇਸ ਤਰ੍ਹਾਂ ਦੀਆਂ ਮਨਘੜਤ ਕਹਾਣੀਆਂ ਸਤਿਗੁਰਾਂ ਦੀ ਸ਼ੋਭਾ ਨੂੰ ਘੱਟ ਹੀ ਕਰਦੀਆਂ ਹਨ ਵਧਾਉਦੀਆਂ ਨਹੀਂ।

ਮਹਾਂਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਹੀ ਸਿਖ ਸਮਝੌਤਾਵਾਦੀ ਹੋ ਚੁੱਕੇ ਸਨ ਤੇ ਸਿਖੀ ਦੇ ਅਸੂਲਾਂ ਨਾਲ ਵੀ ਸਮਝੌਤਾ ਕਰ ਲੈਂਦੇ ਸਨ। ਜਦੋਂ ਮਹੰਤਾਂ ਨੇ ਦਰਬਾਰ ਸਾਹਿਬ ਕੜਾਹ ਪ੍ਰਸਾਦ ਕਰਵਾਉਣ ਗਏ ਦਲਿਤਾਂ ਨੂੰ ਅਕਾਲ ਤਖ਼ਤ 'ਤੇ ਨਾਂ ਜਾਣ ਦਿੱਤਾ ਤਾਂ ਇਹ ਮਾਮਲਾ ਗੁਰੂ ਗ੍ਰੰਥ ਸਾਹਿਬ ਦਾ ਵਾਕ ਲੈ ਕੇ ਨਜਿਠਿਆ ਗਿਆ। ਜਿਵੇਂ ਅਕਾਲੀ ਦਲ ਦੇ ਪ੍ਰਧਾਨ ਸ. ਹਰਚੰਦ ਸਿੰਘ ਲੋਗੋਂਵਾਲ ਦਾ ਭਾਰਤ ਦੇ ਪ੍ਰਧਾਨ ਮੰਤਰੀ ਨਾਲ ਸਮਝੌਤਾ ਕਰਨ ਨੂੰ ਜੀਅ ਕਰਦਾ ਸੀ ਪਰ ਪਾਰਟੀ ਨਹੀਂ ਸੀ ਮੰਨਦੀ ਤਾਂ ਉਸਨੇ ਵੀ ਇਹ ਹੀ ਚੱਤਰ ਚਲਾਕੀ ਕੀਤੀ ਸੀ ਤੇ ਵਾਕ ਲੈ ਕੇ ਦਿੱਲੀ ਭਜ ਗਿਆ ਸੀ ਤੇ ਜਾ ਕੇ ਸਮਝੌਤਾ ਕਰ ਆਇਆ ਸੀ। ਹਾਲਾਂ ਕਿ ਉਸ ਵਾਕ ਦਾ ਇਸ ਤਰ੍ਹਾਂ ਦਾ ਕੋਈ ਵੀ ਮਤਲਬ ਨਹੀਂ ਸੀ ਬਣਦਾ।

ਅਕਾਲ ਤਖ਼ਤ ਸਾਹਿਬ 'ਤੇ ਜਦੋਂ ਵਾਕ ਲਿਆ ਗਿਆ ਤਾਂ ਵਾਕ ਦੀ ਪਹਿਲੀ ਪੰਕਤੀ ਸੀ 'ਨਿਗੁਣਿਆਂ ਨੋ ਆਪ ਬਖਸਿ ਲਏ ਭਾਈ। ਸਤਿਗੁਰੁ ਕੀ ਸੇਵਾ ਲਾਇ।'

ਵੇਖਿਆ ਜਾਵੇ ਤਾਂ ਨਿਗੁਣੇ ਕੌਣ ਸਨ? ਉਹ ਦਲਿਤ ਜਿਹੜੇ ਪ੍ਰਸ਼ਾਦ ਕਰਵਾਉਣ ਆਏ ਸਨ ਕਿ ਉਨ੍ਹਾਂ ਨੂੰ ਰੋਕਣ ਵਾਲੇ ਮਹੰਤ? ਮੰਨ ਲਓ ਜੇ ਇਹ ਸਲੋਕ ਨਾਂ ਆਉਂਦਾ ਤਾਂ ਫਿਰ ਕੀ ਗੁਰੂ ਘਰ ਵਿਚੋਂ ਬਰਾਬਰੀ ਦਾ ਅਸੂਲ ਖਤਮ ਹੋ ਜਾਂਦਾ? ਕੀ ਫਿਰ ਦਲਿਤ ਲੋਕ ਅੰਮ੍ਰਿਤ ਨਾਂ ਛੱਕ ਸਕਦੇ? ਕੀ ਵਾਕ ਨੂੰ ਅਧਾਰ ਬਣਾ ਕੇ ਸਿਖ ਸਮਝੌਤਾ ਕਰਕੇ ਅਸੂਲ ਛੱਡ ਦੇਂਦੇ?

ਜਲ੍ਹਿਆਂ ਵਾਲੇ ਬਾਗ ਵਿਚ ਗੋਲੀ ਚਲਾ ਕੇ ਹਜਾਰਾਂ ਹੀ ਬੇਦੋਸ਼ੇ ਲੋਕਾਂ ਨੂੰ ਸ਼ਹੀਦ ਕਰਨ ਵਾਲੇ ਓਡਵਾਇਰ ਨੂੰ ਜਿਸ ਨੂੰ ਬਾਅਦ ਵਿਚ ਇੰਗਲੈਂਡ ਜਾ ਕੇ ਸ਼ਹੀਦ ਊਧਮ ਸਿੰਘ ਨੇ ਮਾਰਿਆ ਸੀ; ਇਕ ਖਾਨਦਾਨੀ ਸਿਖ ਅਰੂੜ ਸਿੰਘ, ਜੋ ਉਸ ਵੇਲੇ ਦਰਬਾਰ ਸਾਹਿਬ ਸਮੂੰਹ ਦਾ ਸਰਬਰਾਹ ਸੀ, ਨੇ ਓਡਵਾਇਰ ਨੂੰ ਬੇਨਤੀ ਕੀਤੀ ਕਿ ਤੁਸੀਂ ਸਿੱਖ ਸਜ ਜਾਓ। ਉਸ ਨੇ ਕਿਹਾ, "ਮੈਂ ਤਾਂ ਮੋਨਾ ਹਾਂ ਤੇ ਵਾਲ ਰਖਣ ਦਾ ਮੇਰਾ ਕੋਈ ਇਰਾਦਾ ਨਹੀਂ।" ਤਾਂ ਅਰੂੜ ਸਿੰਘ ਨੇ ਕਿਹਾ, "ਅਸੀਂ ਤੁਹਾਨੂੰ ਕੇਸ ਰਖਣ ਤੋਂ ਛੋਟ ਦੇ ਦਿਆਂਗੇ।" ਉਸਨੇ ਕਿਹਾ, "ਮੈਂ ਤਾਂ ਸਿਗਰਟਾਂ ਬੜੀਆਂ ਫੂਕਦਾ ਹਾਂ ਤੇ ਮੈਂ ਇਹ ਛਡ ਨਹੀਂ ਸਕਦਾ" ਤਾਂ ਅਰੂੜ ਸਿੰਘ ਨੇ ਕਿਹਾ, "ਅਸੀਂ ਤੁਹਾਨੂੰ ਇਹ ਛੋਟ ਦੇ ਦਿਆਂਗੇ ਕਿ ਤੁਸੀਂ ਹੌਲੀ ਹੌਲੀ ਘਟ ਕਰ ਦਿਓ। ਇਕ ਸਾਲ ਵਿਚ ਇਕ ਸਿਗਰਟ ਘਟਾ ਦਿਓ।" ਲਖ ਲਾਅਨਤ ਹੈ ਏਹੋ ਜਹੇ ਸਿੱਖ ਦੇ। ਗੁਰੂ ਦਾ ਤਾਂ ਘੋੜਾ ਤੰਬਾਕੂ ਦੀ ਗੰਦੀ ਬੋਅ ਕਰਕੇ ਖੇਤ ਵਿਚ ਨਹੀਂ ਸੀ ਵੜਿਆ ਤੇ ਏਧਰ ਇਕ ਤੰਬਾਕੂ ਫੂਕਣ ਵਾਲੇ ਨੂੰ ਸਿੱਖ ਬਣਨ ਲਈ ਪ੍ਰੇਰਿਆ ਜਾ ਰਿਹਾ ਹੈ ਤੇ ਉਹ ਵੀ ਤੰਬਾਕੂ ਪੀਂਦੇ ਰਹਿਣ ਦੀ ਛੋਟ ਦੇ ਕੇ। ਇਸ ਤੋਂ ਜਿਆਦਾ ਸਿੱਖ ਸਮਝੌਤਾਵਾਦੀ ਹੋਰ ਕੀ ਹੋ ਸਕਦਾ ਹੈ?

ਸਿੱਖ ਆਪਣੇ ਆਪ ਵਿਚ ਕੁਝ ਵੀ ਨਹੀਂ ਸਨ ਤੇ ਇਨ੍ਹਾਂ ਦੀ ਸਾਰੀ ਨਿਰਭਰਤਾ ਕਾਂਗਰਸ ਦੇ ਲੀਡਰਾਂ ਨਹਿਰੂ ਤੇ ਗਾਂਧੀ 'ਤੇ ਸੀ। ਕਾਂਗਰਸ ਦੇ ਲੀਡਰ ਠੱਗਾਂ ਦਾ ਇਕ ਟੋਲਾ ਤੇ ਬਘਿਆੜ ਰੂਪ ਸਨ ਪਰ ਸਿੱਖ ਬੇਵਕੂਫ ਤੇ ਨਾਂ ਸਮਝ ਲੇਲੇ ਸਨ। ਇਸ ਤਰ੍ਹਾਂ ਬਘਿਆੜ ਲੇਲੇ ਨੂੰ ਨਿਗਲ ਗਿਆ ਤੇ ਨਤੀਜਾ ਸਿੱਖ ਨਾਂ ਘਰ ਦੇ ਰਹੇ ਨਾ ਘਾਟ ਦੇ। ਸਿਖ ਸਦਾ

ਰਾਸ਼ਟਰ ਦੇ ਹੀ ਮਾਂਮੇ ਬਣਦੇ ਰਹੇ ਤੇ ਅਕਲ ਦੀ ਗਲ ਕੋਈ ਨਾ ਕੀਤੀ। ਇਹ ਮੁਸਲਮਾਨਾਂ ਤੇ ਹਿੰਦੂਆਂ ਦਰਮਿਆਨ ਫੁੱਟਬਾਲ ਹੀ ਬਣੇ ਰਹੇ। ਆਪਣੇ ਪੈਰਾਂ 'ਤੇ ਖਲੋ ਕੇ ਤੇ ਆਪਣੇ ਬਲਬੂਤੇ 'ਤੇ ਵਖਰਾ ਮੁਲਕ ਨਹੀਂ ਮੰਗਿਆ। ਇਤਿਹਾਸ ਪੜ੍ਹਨ 'ਤੇ ਪੂਰਾ ਪਤਾ ਲਗਦਾ ਹੈ ਕਿ ਅੰਗਰੇਜ ਵੀ ਇਨ੍ਹਾਂ ਨੂੰ ਖਾਲਿਸਤਾਨ ਦੇਊ ਸੀ। ਉਹਨਾਂ ਲਈ ਇਨ੍ਹਾਂ ਦੀ ਬੇਨਤੀ ਮੰਨਣੀ ਮਾਮੂਲੀ ਤੇ ਖਬੇ ਹੱਥ ਦਾ ਖੇਲ੍ਹ ਸੀ ਕਿਉਂਕਿ ਉਹ ਤਾਂ ਛੱਡ ਕੇ ਜਾ ਹੀ ਰਹੇ ਸਨ। ਮੁਸਲਮਾਨ ਵੀ ਇਨ੍ਹਾਂ ਨਾਲ ਸਮਝੌਤਾ ਕਰਨ ਲਈ ਤਿਆਰ ਸਨ। ਹਿੰਦੂ ਤਾਂ ਹਿੰਦੁਸਾਤਨ ਆ ਕੇ ਵੀ ਇਨ੍ਹਾਂ ਨੂੰ ਵਖਰਾ ਖਿੱਤਾ ਦੇਊ ਸਨ। 'ਪਰ ਲਮਹੋਂ ਨੇ ਖਤਾ ਕੀ ਸਦੀਓ ਨੇ ਸਜ਼ਾ ਪਾਈ' ਵਾਲਾ ਹਾਲ ਹੋਇਆ। ਸਿੱਖ ਉਸ ਸਹੇ ਵਾਂਗ ਮਾਰੇ ਗਏ ਜਿਹੜਾ ਬਸ ਜਾਂ ਟਰੱਕ ਨੇੜੇ ਆਉਣ 'ਤੇ ਫੈਸਲਾ ਨਹੀਂ ਕਰ ਸਕਦਾ ਕਿ ਅਗਾਂਹ ਜਾਵੇ ਜਾਂ ਪਿਛਾਂਹ।

ਜਿਹੜੇ ਲੋਕ ਕਹਿੰਦੇ ਹਨ ਕਿ ਅੰਗਰੇਜ ਸਿੱਖਾਂ ਦੀ ਵਖਰੇ ਦੇਸ਼ ਵਾਲੀ ਮੰਗ ਨਹੀਂ ਸਨ ਮੰਨਦੇ ਉਹ ਬਿਲਕੁਲ ਝੂਠ ਬੋਲਦੇ ਹਨ। ਅੰਗਰੇਜ ਭਾਰਤ ਨੂੰ ਬਿਨਾਂ ਸ਼ਰਤ ਛੱਡ ਕੇ ਜਾ ਰਿਹਾ ਸੀ। ਉਨ੍ਹਾਂ ਨੇ ਪਾਕਿਸਤਾਨੀ ਤੇ ਭਾਰਤੀ ਲੀਡਰਾਂ ਅੱਗੇ ਸਿਰਫ ਇਹ ਸ਼ਰਤ ਰੱਖੀ ਸੀ ਕਿ ਜਿਹੜੇ ਅੰਗਰੇਜ ਭਾਰਤ ਵਿਚ ਨੌਕਰੀ ਤੋਂ ਸੇਵਾਮੁਕਤ ਹੋ ਚੁੱਕੇ ਹਨ ਤੇ ਜਦੋਂ ਹੁਣ ਦੋਵੇਂ ਮੁਲਕ ਅਜਾਦ ਹੋਣਗੇ, ਉਨ੍ਹਾਂ ਦੀ ਪੈਨਸ਼ਨ ਤੇ ਹੋਰ ਭਤੇ ਵਗੈਰਾ ਇੰਗਲੈਂਡ ਭੇਜਣੇ ਪੈਣਗੇ। ਇਹ ਗੱਲ ਨਵੇਂ ਬਣਨ ਵਾਲੇ ਦੋਹਾਂ ਦੇਸ਼ਾਂ ਦੇ ਲੀਡਰਾਂ ਨੇ ਹੀ ਮੰਨ ਲਈ ਸੀ। ਇਸ ਗੱਲ ਤੋਂ ਇਲਾਵਾ ਉਹਨਾਂ ਦਾ ਹੋਰ ਕੋਈ ਮੁਤਾਲਬਾ ਹੀ ਨਹੀਂ ਸੀ। ਨਾਲੇ ਜਿਹਨੇ ਉਧਲ ਜਾਣਾ ਹੋਵੇ ਉਹਨੂੰ ਭਾਂਡੇ ਟੀਂਡੇ ਸਾਂਭਣ ਦੀ ਕੀ ਲੋੜ ਦੀ ਕਹਾਵਤ ਵਾਂਗ ਉਹ ਨਿਸਚਤ ਤਾਰੀਖ ਤੋਂ ਵੀ ਇਕ ਸਾਲ ਪਹਿਲਾਂ ਦੇਸ ਛੱਡ ਕੇ ਚਲੇ ਗਏ। ਤੀਜਾ ਦੇਸ਼ ਹੋਰ ਹੋਂਦ ਵਿਚ ਆ ਜਾਂਦਾ ਤਾਂ ਉਹ ਉਸ ਨਾਲ ਵੀ ਉਹ ਹੀ ਸ਼ਰਤ ਰਖਦੇ ਤੇ ਦੋ ਦੇਸ਼ਾਂ ਦੀ ਬਜਾਏ ਰਾਜਭਾਗ ਤਿੰਨ ਦੇਸ਼ਾਂ ਨੂੰ ਸੌਂਪ ਦੇਂਦੇ। ਭਲਾ ਸਦਾ ਲਈ ਮੁਲਕ ਛੱਡ ਕੇ ਜਾਣ ਵਾਲੇ ਅੰਗਰੇਜ ਨੂੰ ਦੋ ਦੀ ਥਾਂ ਤਿੰਨ ਮੁਲਕ ਬਨਾਉਣ ਵਿਚ ਕੀ ਦਿੱਕਤ ਸੀ। ਅੰਗਰੇਜਾਂ ਦੀ ਗੱਲ ਤਾਂ ਛਡੋ ਅਜਾਦ ਭਾਰਤ ਦੀ ਹਿੰਦੂ ਸਰਕਾਰ ਵੀ ਸਿੱਖਾਂ ਨੂੰ ਖਾਲਿਸਤਾਨ ਦੇ ਰਹੀ ਸੀ ਪਰ ਹਿੰਦੂ ਮੂਲ ਦੇ ਮਾਸਟਰ ਤਾਰਾ ਸਿੰਘ ਭਾਰਤ ਦੇ ਹਿੰਦੂਆਂ ਨਾਲ ਹੀ ਰਹਿਣਾ ਚਾਹੁੰਦੇ ਸਨ। ਜਦੋਂ ਆਪਣਾ ਪੈਸਾ ਖੋਟਾ ਹੋਵੇ ਫਿਰ ਬਾਣੀਏ ਨੂੰ ਕਾਹਦਾ ਦੋਸ਼ ਦੇਣਾ ਹੋਇਆ। ਓਦੋਂ ਤਾਂ ਛਿੱਤਰ ਨਾਲ ਸੈਹਾ ਮਾਰਨ ਵਾਲੀ ਗਲ ਸੀ। ਪਰ ਹੁਣ ਵਾਹਗਾ ਬਾਰਡਰ ਤੋਂ ਲੈ ਕੇ ਅੰਬਾਲਾ ਤੱਕ ਜੀ. ਟੀ. ਰੋਡ ਦੇ ਨਾਲ ਨਾਲ ਘੱਟ ਤੋਂ ਘੱਟ 30 ਦੇ ਲਗਪਗ ਸੀ. ਆਰ. ਪੀ., ਬੀ. ਐਸ. ਐਫ. ਇੰਡੋ ਤਿਬਤੀਅਨ ਬਾਰਡਰ ਪੋਲੀਸ ਤੇ ਫੋਜ ਦੀਆਂ ਛੌਣੀਆਂ ਹਨ ਤੇ ਪੰਜਾਬ ਦੇ ਹਰ ਜਿਲ੍ਹੇ ਵਿਚ ਦੋ ਦੋ ਤਿੰਨ ਤਿੰਨ ਛੌਣੀਆਂ ਹਨ। ਸਾਰੀ ਦੁਨੀਆਂ ਨੂੰ ਪਤਾ ਹੈ ਕਿ ਬੰਗਲਾਂ ਦੇਸ਼ ਵਿਚ ਕਿੰਨੀਆਂ ਜਾਨਾਂ ਜਾਣ ਤੋਂ ਬਾਅਦ ਬੰਗਲਾ ਦੇਸ਼ ਬਣਿਆ ਸੀ। ਇਸਰਾਈਲ ਤੇ ਫਲਸਤੀਨ ਵਿਚ ਅਜੇ ਵੀ ਜੰਗ ਜਾਰੀ ਹੈ। ਸਾਰੀ ਦੁਨੀਆਂ ਨੂੰ ਪਤਾ ਹੈ ਕਿ ਕਸ਼ਮੀਰ ਭਾਰਤ ਦਾ ਅਟੁਟ ਅੰਗ ਨਹੀਂ। ਹਰ ਰੋਜ ਓਥੇ ਪੰਜਾਹ ਪੰਜਾਹ ਤੇ ਕਈ ਵਾਰ ਸੋ ਸੋ ਬੰਦਾ ਰੋਜ ਮਰ ਰਿਹਾ ਹੈ। ਪਰ ਅਜੇ ਵੀ ਉਨ੍ਹਾਂ ਨੂੰ ਅਜਾਦੀ ਨਸੀਬ ਨਹੀਂ ਹੋਈ। ਫਿਰ ਵਖਰੇ ਦੇਸ਼ ਲਈ ਕਿਹੜੇ ਸਿੱਖ ਨੇ ਲੜਨਾ ਹੈ, ਜਿਸ ਦੀ ਜਨਾਨੀ ਕਰਵਾਚੌਥ ਦਾ ਵਰਤ ਰਖਦੀ ਹੈ। ਸ਼ਹਿਰਾ ਵਿਚ 80 ਫੀਸਦੀ ਸਿਖਣੀਆਂ ਹਿੰਦੂ ਔਰਤਾਂ ਵਾਂਗ ਕਰਵਾਚੌਥ ਦਾ ਵਰਤ ਰਖਦੀਆਂ ਹਨ ਤੇ ਪਿੰਡਾਂ ਦੀਆਂ ਔਰਤਾਂ ਜੇ ਵਰਤ ਨਹੀਂ ਰਖਦੀਆਂ ਤਾਂ ਸਾਧਾਂ ਦੇ ਡੇਰਿਆਂ 'ਤੇ ਧੱਕੇ ਖਾਂਦੀਆਂ ਫਿਰਦੀਆਂ ਹਨ।

ਧਰਮ ਬਚਿਆ ਜਾਣ ਕੇ ਏਧਰ ਆਏ ਪਰ 1947 ਤੋਂ ਲੈ ਕੇ 2001 ਤੱਕ ਸਿੱਖ ਹੌਲੀ ਹੌਲੀ ਹਿੰਦੂਕਰਨ ਵਲ ਵਧਦਾ ਚਲਾ ਗਿਆ। ਅੱਜ ਉਹ ਹਿੰਦੂਕਰਨ ਵਲ ਏਨਾਂ ਵਧ ਗਿਆ ਹੈ ਕਿ ਹਰ ਅਕਾਲੀ ਲੀਡਰ ਵੋਟਾਂ ਵੇਲੇ ਮੰਦਰਾਂ ਵਿਚ ਜਾਂਦਾ ਹੈ, ਟੱਲ ਖੜਕਾਉਂਦਾ ਹੈ, ਹਰ ਹਰ ਮਹਾਂਦੇਵ ਦੇ ਨਾਅਰੇ ਲਾਉਂਦਾ ਹੈ ਤੇ ਹਿੰਦੂਆਂ ਨੂੰ ਯਕੀਨ ਦੁਆਉਂਦਾ ਹੈ ਕਿ ਮੈਂ ਏਕਤਾ ਤੇ ਅਖੰਡਤਾ ਦਾ ਮੁਦਈ ਹਾਂ। ਮਜਬੂਰਨ ਉਸਨੂੰ ਚੋਣ ਲੜਨ ਤੋਂ ਪਹਿਲਾਂ ਹੀ ਸਹੁੰ ਚੁਕਣੀ ਪੈਂਦੀ ਹੈ ਕਿ ਮੈਂ ਸੱਚਾ ਭਾਰਤੀ ਹਾਂ ਪਰ ਜਦੋਂ ਅਜਾਦ ਮੁਲਕਾਂ ਦੇ ਸਿੱਖਾਂ ਕੋਲ ਕਟੋਰਾ ਫੜ ਕੇ ਜਾਂਦੇ ਹਨ ਤਾਂ ਉਨ੍ਹਾਂ ਸਾਹਮਣੇ ਸਿੱਖ ਹਿਤਾਂ ਲਈ ਜਦੋਜਹਿਦ ਦੀ ਗੱਲ ਕਰਦੇ ਹਨ। ਪੰਜਾਬੀ ਬੋਲੀ ਵਾਂਗ 'ਨਾਂ ਮੇਰਾ ਧਰਮ ਰਿਹਾ ਨਾ ਘੁਗ ਕੇ ਵਸੀ ਘਰ ਤੇਰੇ' ਵਾਲੀ ਗਲ ਹੈ।

ਕੀ ਅੱਜ ਸਿੱਖ ਸਮਝਦੇ ਹਨ ਕਿ ਹਿੰਦੁਸਤਾਨ ਵਿਚ ਉਨ੍ਹਾਂ ਦਾ ਧਰਮ ਮਹਿਫੂਜ ਹੈ? ਜਿੰਨਾਂ ਖ਼ਤਰਾ, ਅੱਜ ਭਾਰਤ ਵਿਚ ਸਿੱਖ ਧਰਮ ਨੂੰ ਹੈ ਓਨਾਂ ਖਤਰਾ ਸ਼ਾਇਦ ਜੇ ਇਹ 1947 ਵਿਚ ਪਾਕਿਸਤਾਨ ਨਾਲ ਰਲ ਜਾਂਦੇ ਤਾਂ ਨਾ ਹੁੰਦਾ। ਜੇ ਕੋਈ ਸਿਰਫਿਰਾ ਸਿਖ ਇਹ ਆਖੇਂ ਕਿ ਪਾਕਿਸਤਾਨ ਵਿਚ ਵੀ ਖਤਰਾ ਸੀ ਤਾਂ ਉਸਦਾ ਉਤਰ ਇਹ ਹੈ ਕਿ ਕੀ ਇਹ ਖਤਰਾ ਹੁਣ ਏਥੇ ਹਿੰਦੁਸਤਾਨ ਵਿਚ ਨਹੀਂ? ਜੇ ਖਤਰਾ ਉਥੇ ਵੀ ਸੀ ਏਥੇ ਵੀ ਹੈ ਤਾਂ ਫਿਰ ਇਹ ਦੋਵੇਂ ਮੁਲਕ ਸਿੱਖਾਂ ਲਈ ਇਕੋ ਜਹੇ ਸਨ। ਜੇ ਇਹ ਗਲ ਸੀ ਤਾਂ ਫਿਰ ਅਰਬਾਂ ਖਰਬਾਂ ਦੇ ਜੰਮੇ ਹੋਏ ਕਾਰੋਬਾਰ ਨੂੰ ਛੱਡ ਕੇ ਏਧਰ ਆਉਣ ਦੀ ਕੀ ਲੋੜ ਸੀ? ਵਧ ਤੋਂ ਵਧ ਮੁਸਲਮਾਨ ਇਹ ਹੀ ਕਰਦੇ ਜੋ ਦਿੱਲੀ, ਕਾਨਪੁਰ, ਬੋਕਾਰੋ ਤੇ ਹੋਰ ਥਾਵਾਂ ਤੇ ਹੋਇਆ ਹੈ। ਵਧ ਤੋਂ ਵਧ ਇਹ ਹੀ ਹੁੰਦਾ ਕਿ ਮੁਸਲਮਾਨਾਂ ਦੀ ਪਾਕਸਤਾਨੀ ਫੌਜ ਦਰਬਾਰ ਸਾਹਿਬ 'ਤੇ ਹਮਲਾ ਕਰ ਦੇਂਦੀ ਤੇ ਕੀ ਹੁਣ ਹਿੰਦੁਸਤਾਨ ਦੀ ਫੌਜ ਨੇ ਅਕਾਲ ਤਖ਼ਤ ਨਹੀਂ ਢਾਹਿਆ। ਦਰਬਾਰ ਸਾਹਿਬ ਦੇ ਅੰਦਰ ਪਾਕਿ ਫੌਜੀ ਸਿਖ ਬੀਬੀਆਂ ਦੀ ਪੱਤ ਲੁਟ ਲੈਂਦੇ ਤੇ ਕੀ ਹੁਣ ਹਿੰਦੁਸਤਾਨ ਦੇ ਫੌਜੀਆਂ ਨੇ ਨਹੀਂ ਲੁੱਟੀ? ਨੌਜਵਾਨਾਂ ਨੂੰ ਤੇ ਬੇਕਸੂਰ ਲੋਕਾਂ ਨੂੰ ਗੋਲੀਆਂ ਮਾਰ ਮਾਰ ਕੇ ਨਹੀਂ ਮਾਰਿਆ? ਵੇਖਦੇ ਹੀ ਗੋਲੀ ਮਾਰ ਦਿਓ ਦਾ ਹੁਕਮ ਹੋ ਜਾਂਦਾ, ਹੁਣ ਨਹੀਂ ਹੋਇਆ? ਮੁਸਲਮਾਨ ਵਧ ਤੋਂ ਵੱਧ ਮਸੇ ਰੰਗੜ ਵਾਂਗ ਕਰਦੇ ਪਰ ਹੁਣ ਕੁਝ ਘਟ ਹੋਇਆ ਹੈ? ਭਾਰਤੀ ਫੌਜੀਆਂ ਨੇ ਪਵਿੱਤਰ ਸਰੋਵਰ ਵਿਚ ਕਛੀਆਂ ਨਹੀਂ ਧੋਤੀਆਂ। ਸਰੋਵਰ ਦੀਆਂ ਮੱਛੀਆਂ ਭੁੰਨ ਕੇ ਨਹੀਂ ਖਾਧੀਆਂ? ਭਾਰਤ ਵਿਚ ਕੀ ਨਹੀਂ ਹੋਇਆ। ਵਧ ਤੋਂ ਵਧ ਪਾਕਿਸਤਾਨ ਵਿਚ ਇਹ ਹੋ ਜਾਂਦਾ। ਭਾਰਤ ਵਿਚ ਚਾਂਦਨੀ ਚੌਂਕ ਗੁਰਦੁਆਰੇ ਨੂੰ ਪਹਿਲਾਂ ਅੱਗ ਲਾਈ ਗਈ। ਵਧ ਤੋਂ ਵਧ ਪਾਕਿਸਤਾਨੀ ਵੀ ਇਹ ਹੀ ਕਰ ਲੈਂਦੇ। ਪਾਕਿਸਤਾਨ ਵਿਚ ਰਹਿੰਦਿਆਂ ਸਿਖਾਂ ਦੀ ਦਾੜ੍ਹੀ ਮੁੰਨੀ ਜਾਣ ਦਾ ਖਤਰਾ ਸੀ, ਕੀ ਏਥੇ ਨਹੀਂ ਮੁੰਨੀਆਂ ਗਈਆਂ? ਫਿਰ ਫਰਕ ਕੀ ਪਿਆ ਉਹ ਕਿਹੜਾ ਧਰਮ ਸੀ ਜੀਹਨੂੰ ਬਚਾਉਣ ਦੇ ਮਾਰੇ ਸਿਖ ਪਾਕਿਸਤਾਨ ਵਿਚੋਂ ਭੱਜੇ ਆਏ ਸਨ। ਕੋਈ ਪਰਸਨਲ ਲਾਅ ਤੁਹਾਡਾ ਨਹੀਂ "ਵਿਆਹ ਹੋਇਆ ਮੇਰੇ ਬਾਬਲਾ ਜਿਦਾਂ ਮਰਜੀ ਢੋਲਕੀਆਂ ਕੁੱਟ ਕੁੱਟ ਕੇ ਗੌਈਂ ਜਾਓ ਕਾਨੂੰਨ ਦੀ ਨਜਰ ਵਿਚ ਇਹਦੀ ਧੇਲੇ ਜਿੰਨੀ ਵੁਕਤ ਨਹੀਂ ਅਖੀਰ ਤੁਹਾਨੂੰ ਹਿੰਦੂ ਮੈਰਜ ਐਕਟ ਥਲੇ ਹੀ ਫਾਰਮ ਭਰਨਾਂ ਪੈਂਦਾ ਹੈ। "ਰਾਜ ਕਰੇਗਾ ਖਾਲਸਾ ਆਕੀ ਰਹੇ ਨਾਂ ਕੋਇ" ਦਾ ਅਖਾਂ ਮੀਟ ਕੇ ਉਚੀ ਉਚੀ ਦੋਹਾਂ ਪੜ੍ਹਨ ਵਾਲਿਓ ਯੂ. ਪੀ. ਦਾ ਰਿਕਸ਼ਾ ਵਾਹੁਣ ਵਾਲਾ ਭਈਆ ਤੁਹਾਨੂੰ ਰਗਾਂ ਤੋਂ ਫੜਨ ਤਾਂਈ ਜਾਂਦਾ ਹੈ। ਜਣਾ ਖਣਾ ਤੁਹਾਥੋਂ ਬਾਗੀ ਹੈ। ਦਸੋ ਬਾਗੀ ਕੌਣ ਨਹੀਂ? ਰਾਸ਼ਟਰੀ ਸਿੱਖ ਸੰਗਤ ਦੇ ਬੁਰਕੇ ਥੱਲੇ ਕੱਟੜ ਹਿੰਦੂ ਜਮਾਤ ਰਾਸ਼ਟਰੀ ਸੋਇਮ ਸੇਵਕ ਸੰਘ ਜੋ ਬਾਈਧਾਰ ਦੇ ਹਿੰਦੂ ਰਾਜਿਆਂ ਹਰੀ ਚੰਦ ਹਡੂਰੇ ਹੋਰਾਂ

ਦੀ ਔਲਾਦ ਹੈ, ਤੁਹਾਡੇ ਗੁਰਦੁਆਰਿਆਂ 'ਤੇ ਕਬਜਾ ਕਰੀ ਜਾਂਦੇ ਹਨ। ਤੁਹਾਨੂੰ ਖਤਮ ਕਰਨ ਲਈ ਅਗਲੇ ਪੈਸਾ ਪਾਣੀ ਦੀ ਤਰ੍ਹਾਂ ਵਹਾ ਰਹੇ ਹਨ, ਸਾਧਾਂ ਕੋਲੋਂ ਖਰਮਸਤੀਆਂ ਕਰਵਾ ਰਹੇ ਹਨ। ਅਮ੍ਰਿਤਸਰ ਤੋਂ ਚਲਣ ਵਾਲੀ ਗੱਡੀ ਅੰਬਾਲੇ, ਸੋਨੀਪਤ, ਕਰਨਾਲ ਵਗੈਰਾ ਵੱਡੇ ਵੱਡੇ ਜੰਕਸ਼ਨਾਂ 'ਤੇ ਤਾਂ ਨਹੀਂ ਰੁਕਦੀ ਪਰ ਰਾਧਾ ਸਵਾਮੀਆਂ ਦੇ ਡੇਰੇ ਬਿਆਸ ਰੁਕ ਕੇ ਜਾਂਦੀ ਹੈ। ਅਜੇ ਵੀ ਤੁਹਾਨੂੰ ਸਮਝ ਨਹੀਂ ਲਗਦੀ ਕਿ ਇਹ ਰਸੇ ਪੈੜੇ ਕੀਹਦੇ ਲਈ ਵੱਟੇ ਜਾ ਰਹੇ ਹਨ? ਤੁਹਾਡੇ ਕੁਝ ਸਾਧ ਖਰੀਦ ਕੇ ਉਹਨਾਂ ਨੇ ਹੋਰ ਹੀ ਆਹਰੇ ਲਾ ਦਿੱਤੇ ਹਨ। ਇਕ ਨਾਨਕ ਸਰੀਏ ਸਾਧ ਨੇ ਪੂਰੀ ਗੱਡੀ ਸਰਕਾਰ ਕੋਲੋਂ ਕਿਰਾਏ 'ਤੇ ਲੈ ਕੇ ਉਸ ਵਿਚ ਅਖੰਡ ਪਾਠ ਰਖਵਾ ਕੇ ਕਲਕਤੇ ਵਲ ਨੂੰ ਚਾਲੇ ਪਾ ਦਿੱਤੇ। ਓਥੋਂ ਦੇ ਲੋਕਾਂ ਨੇ ਗੱਡੀ ਵਿਚ ਬੈਠੇ ਕਈ ਸਿੱਖਾਂ ਦੇ ਵੱਟੇ ਮਾਰ ਮਾਰ ਕੇ ਖਵਾਨੇ ਸੇਕ ਦਿੱਤੇ ਤੇ ਗੁਰੂ ਮਹਾਂਰਾਜ ਦੀ ਵੀ ਬੇਅਦਬੀ ਕੀਤੀ। ਅਜੇ ਉਹ ਸਾਧ ਕਹਿੰਦਾ ਸੀ ਕਿ ਸਮੁੰਦਰੀ ਜਹਾਜ ਤੇ ਹਵਾਈ ਜਹਾਜ ਵੀ ਕਿਰਾਏ 'ਤੇ ਲੈ ਕੇ ਮੈਂ ਏਦਾਂ ਹੀ ਸੰਗਤਾਂ ਨੂੰ ਸੈਰਾਂ ਕਰਵਾਉਣੀਆਂ ਹਨ। ਕਿਉਂਕਿ ਗੱਡੀ ਦੀ ਇਕ ਸੀਟ ਪੰਜ ਸੌ ਰੁਪਏ ਦੀ ਬੁਕ ਹੁੰਦੀ ਹੈ ਤੇ ਅਗੋਂ ਉਹੋ ਹੀ ਟਿਕਟ ਸਿੱਖ ਸੰਗਤਾਂ ਨੂੰ ਪੰਦਰਾਂ ਸੌ ਦੀ ਵੇਚੀ ਜਾਂਦੀ ਹੈ। ਜੇ ਇਸ ਤਰ੍ਹਾਂ ਕਰਕੇ ਮੁਨਾਫਾ ਕਮਾਉਣ ਦਾ ਏਡਾ ਹੀ ਸ਼ੌਂਕ ਹੈ ਤਾਂ ਟਰੈਵਲਿੰਗ ਏਜੰਸੀ ਕਿਉਂ ਨਹੀਂ ਖੋਹਲ ਲੈਂਦਾ।

ਅਗੇ ਹਜ਼ੂਰ ਸਾਹਿਬ ਵਿਚ ਕਿਹੜੀ ਅਰਦਾਸ ਹੁੰਦੀ ਹੈ ਲੋਕਾਂ ਨੂੰ ਪਤਾ ਨਹੀਂ ਸੀ। ਪਰ ਹੁਣ ਟੀ. ਵੀ. ਚੈਨਲਾਂ ਦੇ ਯੁੱਗ ਵਿਚ ਲੋਕ ਰੋਜ਼ ਸੁਣਦੇ ਹਨ ਗੰਗਾ ਜੀ ਗੁਦਾਵਰੀ ਜੀ ਜਮਨਾਂ ਜੀ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ ਤਾਂ ਲੋਕਾਂ ਨੂੰ ਪਤਾ ਲਗ ਗਿਆ ਹੈ ਕਿ ਸਿਖ ਵੀ ਹਿੰਦੂ ਨਾਲ ਰਲਗੱਡ ਹੈ। ਓਥੇ ਗੁਰਦੁਆਰਿਆਂ ਵਿਚ ਵੀ ਟਲੀਆਂ ਵਜਦੀਆਂ ਹਨ ਤੇ ਉਹ ਸਭ ਕੁਝ ਹੁੰਦਾ ਹੈ ਜੋ ਹਿੰਦੂ ਮੰਦਰਾਂ ਵਿਚ ਹੁੰਦਾ ਹੈ। ਗੁਰੂ ਨਾਨਕ ਦਾ ਚਲਾਇਆ ਹੋਇਆ ਪੰਥ ਅੱਜ ਓਥੇ ਹੀ ਹੈ ਜਿਥੋਂ ਤੁਰਿਆ ਸੀ। ਮਨਾਂ ਵਿਚ ਜੰਞੂ ਪੈ ਚੁੱਕੇ ਹਨ ਤਨਾਂ ਨੂੰ ਵੀ ਪੈ ਜਾਣਗੇ। ਜੇ ਹਿੰਦੂ ਕਹਿੰਦਾ ਹੈ ਸਿੱਖ ਗਊ ਤੇ ਗਰੀਬ ਦੇ ਰਖਿਅਕ ਹਨ ਤਾਂ ਕੋਈ ਅਗੋਂ ਸਵਾਲ ਨਹੀਂ ਕਰਦਾ ਕਿ ਸਿੱਖ ਗਊ ਦੇ ਰਖਿਅਕ ਤਾਂ ਕਦੇ ਵੀ ਨਹੀਂ ਸੀ, ਗਰੀਬ ਦੇ ਜਰੂਰ ਸਨ। ਪਰ ਅੱਜ ਸਭ ਤੋਂ ਵਧ ਗਰੀਬ ਸਿੱਖ ਹੀ ਹਨ। ਪੰਜਾਬ ਦਿਲੀ ਤੇ ਹੋਰ ਥਾਵਾਂ 'ਤੇ ਰਿਕਸ਼ੇ ਵਾਲੇ ਆਪਣੀ ਅਬਾਦੀ ਤੋਂ ਵਧ ਹਨ। ਪੰਜਾਬ ਵਿਚ ਗਰੀਬ ਤੇ ਕਰਜਾਈ ਹੋਣ ਕਰਕੇ ਹੀ ਤਾਂ ਕਿਸਾਨ ਖੁਦਕਸ਼ੀਆਂ ਕਰ ਰਹੇ ਹਨ। ਜੇ ਸਿੱਖ ਗਰੀਬ ਦਾ ਰਖਿਅਕ ਹੁੰਦਾ ਤਾਂ ਗਰੀਬ ਸਿਖਾਂ ਦੀ ਬਾਂਹ ਨਾ ਫੜ੍ਹਦਾ। ਦਿੱਲੀ ਵਿਚ ਏਨੇਂ ਗਰੀਬ ਸਿੱਖ ਮਾਰੇ ਗਏ ਹਨ, ਪੰਜਾਬ ਦੇ ਸਿੱਖ ਅੰਸੈਂਬਲੀ ਵਿਚ ਬਹੁਗਿਣਤੀ ਵਿਚ ਹੋ ਕੇ ਵੀ ਇਕ ਮਤਾ ਨਹੀਂ ਪਾ ਸਕੇ।

ਸਿੱਖ ਦਾ ਹੁਣ ਕੁੱਝ ਨਹੀਂ ਬਣ ਸਕਦਾ ਕਿਉਂਕਿ ਬ੍ਰਾਹਮਣਵਾਦ ਦੇ ਜਾਪ ਨੂੰ ਸਿੱਖਾਂ ਨੇ ਗਲ ਨਾਲ ਲਾ ਲਿਆ ਹੈ। ਹੁਣ ਸਿੱਖ ਬਾਣੀ ਨੂੰ ਸਮਝਣ ਦੀ ਨਹੀਂ ਜਪਣ ਦੀ ਕੋਸ਼ਿਸ਼ ਕਰਦੇ ਹਨ। ਮਿਤੀ 27 ਅਕਤੂਬਰ 2001 ਨੂੰ ਡੇਢ ਵਜੇ ਵਜੇ ਲਿਸ਼ਕਾਰਾ ਚੈਨਲ ਤੋਂ ਪੰਜਾਬ ਐਂਡ ਸਿੰਧ ਬੈਂਕ ਦੇ ਮੈਨਜਿੰਗ ਡਾਇਰੈਕਟਰ ਗੁਜਰਾਲ ਦੀ ਇੰਟਰਵਿਊ ਸੀ। ਉਸ ਵਿਚ ਗੁਜਰਾਲ ਦੇ ਅਗੇ ਮੇਜ 'ਤੇ ਗੁਰੂ ਨਾਨਕ ਦੀ ਮੂਰਤੀ ਵਿਖਾਈ ਗਈ ਹੈ। ਸ਼ਰਮ ਆਉਣੀ ਚਾਹੀਦੀ ਹੈ ਏਹੋ ਜਹੇ ਸਿੱਖ ਨੂੰ। ਜਿਹੜਾ ਟੀ.ਵੀ. ਵਾਲਿਆਂ ਨੂੰ ਇਹ ਨਹੀਂ ਕਹਿ ਸਕਿਆ ਕਿ ਮੂਰਤੀ ਸਾਹਮਣੇ ਰੱਖ ਕੇ ਮੈਂ ਇੰਟਰਵਿਊ ਨਹੀਂ ਦੇਣੀ। ਸਿੱਖ ਦਾ ਹੁਣ ਬਚਾਅ ਕਿੱਥੇ ਹੈ?

***

# □ ਕੌਮਾਂ ਦੇ ਜ਼ਾਬਤੇ ਸਿੱਖ ਜਾਬਤੇ ਵਿਚ ਨਹੀਂ ਰਹਿੰਦੇ

ਜਦੋਂ ਕੌਮਾਂ ਸੰਘਰਸ਼ ਕਰ ਰਹੀਆਂ ਹੋਣ ਤਾਂ ਉਹ ਆਪਣੇ 'ਤੇ ਆਪ ਹੀ ਐਮਰਜੈਂਸੀ ਲਾ ਲੈਂਦੀਆਂ ਹਨ, ਜਿਵੇਂ ਇਜ਼ਰਾਈਲ ਦੇ ਲੋਕਾਂ ਨੇ ਲਾਈ ਸੀ। ਸਿੰਘ ਸਭਾ ਲਹਿਰ ਵਿਚ ਸਿੱਖਾਂ ਵਿਚ ਵੀ ਇਹ ਆਪੇ ਲਾਈ ਐਮਰਜੈਂਸੀ ਵੇਖੀ ਗਈ ਸੀ। ਢੋਲਕੀਆਂ-ਛੈਣੇ ਲੈ ਕੇ ਸਿੰਘ ਸਭਾਈ ਪਿੰਡਾਂ ਵਿਚ ਜਾਂਦੇ ਤੇ ਸ਼ਬਦ ਪੜ੍ਹਦੇ 'ਵਾਸਤੇ ਗੁਰਾਂ ਦੇ ਭੈਣੇ ਲਾਹ ਦੇ ਨੱਥ ਨੀ' ਸਿੱਖ ਬੀਬੀਆਂ ਨੇ ਉਨ੍ਹਾਂ ਦਾ ਕਹਿਣਾ ਮੰਨਿਆ ਤੇ ਕਾਫੀ ਹੱਦ ਤੱਕ ਬੀਬੀਆਂ ਨੇ ਗਹਿਣੇ ਲਾਹ ਦਿੱਤੇ। ਸਿੱਖਾਂ ਵਾਸਤੇ ਇਹ ਇਕ ਧਾਰਮਕ ਅੰਦੋਲਨ ਸੀ, ਭਾਵੇਂ ਕਈ ਸਿੱਖਾਂ ਨੇ ਹਿੰਦੂ ਪ੍ਰਭਾਵ ਥੱਲੇ ਸਿੰਘ ਸਭਾ ਵਾਲਿਆਂ ਨੂੰ ਮਜ਼ਾਕ ਵੀ ਕੀਤੇ। ਅਖੇ, 'ਬਣ ਗਏ ਸਿੰਘ ਸਭੀਏ ਜੱਟ ਕੁਣਕਾ ਖਾਣ ਦੇ ਮਾਰੇ।' ਪਰ ਫਿਰ ਵੀ ਸਿੰਘ ਸਭਾ ਲਹਿਰ ਨੂੰ ਸਿੱਖ ਸੰਗਤ ਦਾ ਬਹੁਤ ਭਰਵਾਂ ਹੁੰਗਾਰਾ ਮਿਲਿਆ।

ਦੂਜੀ ਸੰਸਾਰ ਜੰਗ ਵਿਚ ਏਸੇ ਤਰ੍ਹਾਂ ਦਾ ਹੁੰਗਾਰਾ ਬ੍ਰਿਨਾਂ ਮੰਗੇ ਤੋਂ ਸਿਰਫ ਚਰਚਲ ਦੇ ਜਿੰਦਗੀ ਜੀਉਣ ਦੇ ਢੰਗ ਨੂੰ ਵੇਖ ਕੇ ਹੀ ਇੰਗਲੈਂਡ ਦੀ ਪੂਰੀ ਕੌਮ ਨੇ ਦੇ ਦਿੱਤਾ। ਨਤੀਜੇ ਵਜੋਂ ਦੂਜੀ ਸੰਸਾਰ ਜੰਗ ਜਿੱਤੀ ਗਈ। ਜਦੋਂ ਐਮਰਜੈਂਸੀ ਆ ਪਵੇ ਤਾਂ ਕੌਮਾਂ ਫਾਡੀਆਂ ਜਿਹਾਂ ਵਿਚੋਂ ਵੀ ਲੀਡਰ ਲੱਭ ਲੈਂਦੀਆਂ ਹਨ। ਚਰਚਲ ਬਹੁਤ ਲੇਟਲਤੀਫ ਸੀ। ਸਵੇਰੇ ਦੇਰ ਨਾਲ ਉਠਦਾ, ਸ਼ਰਾਬ ਤੇ ਔਰਤਾਂ ਦਾ ਰਸੀਆ ਸੀ, ਉਹ ਜ਼ਿੰਦਗੀ ਵਿਚ ਇਕ ਵਾਰ ਹੀ ਸਵੇਰੇ ਚੜ੍ਹਦਾ ਸੂਰਜ ਵੇਖਣ ਉਠਿਆ। ਬਹੁਤ ਲੋਕਾਂ ਨੇ ਕਿਹਾ ਸੀ ਕਿ ਜ਼ਿੰਦਗੀ ਦਾ ਲੁਤੱਫ ਲੈਣਾ ਹੋਵੇ ਤਾਂ ਚੜ੍ਹਦਾ-ਸੂਰਜ ਜ਼ਰੂਰ ਵੇਖਣਾ ਚਾਹੀਦਾ ਹੈ ਪਰ ਸੂਰਜ ਵੇਖ ਕੇ ਉਸ ਨੇ ਕਿਹਾ, 'ਬਿਲਕੁਲ ਬਕਵਾਸ।' ਇੰਗਲੈਂਡ ਦਾ ਹਾਊਸ ਆਫ ਕਾਮਨਜ਼ ਬਹੁਤ ਛੋਟਾ ਹੈ। ਆਬਾਦੀ ਵਧਦੀ ਗਈ, ਮੈਂਬਰ ਵਧਦੇ ਗਏ ਪਰ ਸੀਟਾਂ ਓਨੀਆਂ ਹੀ ਰਹੀਆਂ। ਇਸ ਲਈ ਜਿਹੜਾ ਮੈਂਬਰ ਲੇਟ ਆਵੇ, ਉਸ ਨੂੰ ਖਲੋਣਾ ਪੈਂਦਾ ਹੈ। ਕਹਿੰਦੇ ਹਨ ਚਰਚਲ ਕਿਉਂਕਿ ਸਦਾ ਲੇਟ ਜਾਂਦਾ ਸੀ, ਇਸ ਲਈ ਪਿੱਛੇ ਖਲੋਂਦਾ ਸੀ। ਜਦੋਂ ਦੂਜੀ ਸੰਸਾਰ ਜੰਗ ਦੀ ਮੁਸੀਬਤ ਇੰਗਲੈਂਡ ਦੇ ਸਿਰ ਆ ਪਈ ਤਾਂ ਪਾਰਲੀਮੈਂਟ ਵਿਚ ਚਰਚਾ ਚੱਲੀ ਕਿ ਜੰਗ ਕਿਵੇਂ ਜਿੱਤੀ ਜਾਵੇ? ਚਰਚਲ ਪਿੱਛੇ ਖਲੋਤਾ ਬੋਲਿਆ, 'ਜੇ ਜੰਗ ਜਿੱਤਣੀ ਹੈ ਤਾਂ ਮੈਨੂੰ ਪ੍ਰਧਾਨ ਮੰਤਰੀ ਬਣਾ ਦਿਓ।' ਲੋਕ ਹੈਰਾਨ ਹੋਏ ਕਿਉਂਕਿ ਚਰਚਲ ਤਾਂ ਕਦੀ ਬਹੁਤਾ ਬੋਲਦਾ ਹੀ ਨਹੀਂ ਸੀ। ਐਸੇ ਬੰਦੇ ਦੇ ਦਿਮਾਗ ਵਿਚ ਹੋ ਸਕਦਾ ਹੈ ਜੰਗ ਜਿੱਤਣ ਦਾ ਕੋਈ ਵਿਸ਼ੇਸ਼ ਤਰੀਕਾ ਹੋਵੇ? ਇਹ ਸੋਚ ਕੇ ਹਾਊਸ ਨੇ ਉਸਨੂੰ ਪ੍ਰਧਾਨ ਮੰਤਰੀ ਬਣਾ ਦਿੱਤਾ।

ਚਰਚਲ ਦੀ ਪਹਿਲੀ ਮੀਟਿੰਗ ਜਿਸ ਹੋਟਲ ਵਿਚ ਸੀ, ਓਥੇ ਚਰਚਲ ਨੇ ਬਹਿਰੇ ਨੂੰ ਆਵਾਜ਼ ਮਾਰੀ ਤੇ ਆਪਣੇ ਕੋਟ ਦੀ ਜੇਬ ਵਿਚੋਂ ਇਕ ਡਬਲਰੋਟੀ ਕੱਢੀ ਤੇ ਬਹਿਰੇ ਨੂੰ ਫੜਾ ਕੇ ਕਿਹਾ, 'ਦੋ ਸਲਾਈਸ ਗਰਮ ਕਰਕੇ ਚਾਹ ਦੇ ਇਕ ਕੱਪ ਨਾਲ ਮੈਨੂੰ ਲਿਆ ਦੇ ਤੇ ਚਾਹ ਵਿਚ ਖੰਡ ਨਹੀਂ ਪਾਉਣੀ ਕਿਉਂਕਿ ਜੰਗ ਲੱਗਣ ਨਾਲ ਖੰਡ ਦੀ ਕਿੱਲਤ ਹੋ ਜਾਣੀ ਹੈ ਤੇ

ਬਾਕੀ ਡਬਲਰੋਟੀ ਲਿਆ ਕੇ ਮੈਨੂੰ ਦੇ ਦੇ, ਮੈਂ ਜੇਬ ਵਿਚ ਪਾ ਕੇ ਅਗਲੀ ਮੀਟਿੰਗ 'ਤੇ ਜਾਣਾ ਹੈ। ਪਾਰਲੀਮੈਂਟ ਦੇ ਮੈਂਬਰਾਂ ਤੇ ਉਸ ਦੀ ਵਜ਼ਾਰਤ 'ਤੇ ਇਸਦਾ ਏਨਾ ਅਸਰ ਹੋਇਆ ਕਿ ਉਨ੍ਹਾਂ ਜੰਗ ਜਿੱਤੇ ਜਾਣ ਤੱਕ ਖੰਡ ਨੂੰ ਹੱਥ ਨਾ ਲਾਇਆ ਤੇ ਨਾ ਹੀ ਕਿਸੇ ਨੇ ਕਦੀ ਪਾਰਟੀ ਦਿੱਤੀ ਤੇ ਨਾ ਹੀ ਹੋਟਲਾਂ ਵਿਚ ਖਾਣਾ ਖਾਧਾ। ਉਪਰਲਿਆਂ ਨੂੰ ਵੇਖ ਕੇ ਲੋਕਾਂ ਨੇ ਵੀ ਏਸੇ ਤਰ੍ਹਾਂ ਹੀ ਕੀਤਾ। ਜਿੰਨੇ ਚਿਰ ਤੱਕ ਜੰਗ ਚੱਲੀ, ਲੋਕਾਂ ਨੇ ਪੈਂਚ ਰੱਖ-ਰੱਖ ਕੇ ਟਾਇਰ ਚਲਾਏ ਕਿਉਂਕਿ ਟਾਇਰਾਂ ਦੀ ਸਪਲਾਈ ਫੌਜ ਲਈ ਜ਼ਰੂਰੀ ਸੀ। ਏਥੋਂ ਤੱਕ ਕਿ ਚਰਚਲ ਦੀ ਕਾਰ ਵਿਚ ਵੀ ਪੈਚ ਰੱਖਿਆ ਹੋਇਆ ਸੀ ਤੇ ਇਹ ਸਲਾਹ ਵੀ ਉਸ ਨੇ ਸਭ ਤੋਂ ਪਹਿਲਾਂ ਆਪ ਹੀ ਦਿੱਤੀ ਸੀ।

ਚਰਚਲ ਨੇ ਆਪਣੀ ਕੌਮ ਨੂੰ ਦੂਜਾ ਸੁਨੇਹਾ ਦਿੱਤਾ ਕਿ ਅਫਵਾਹਾਂ ਤੋਂ ਬਚੋ ਬਲਕਿ ਸੁਣੋ ਹੀ ਨਾ। ਉਸ ਦੀ ਇਸ ਗੱਲ ਦਾ ਏਨਾਂ ਅਸਰ ਹੋਇਆ ਕਿ ਲੋਕਾਂ ਨੇ ਆਪਣੇ ਰੇਡੀਓ ਦੀਆਂ ਸੂਈਆਂ ਇੰਗਲੈਂਡ ਦੇ ਸਟੇਸ਼ਨਾਂ 'ਤੇ ਹੀ ਸੈੱਟ ਕਰਵਾ ਦਿੱਤੀਆਂ ਕਿਉਂਕਿ ਹਿਟਲਰ ਦਾ ਝੂਠ ਵੀ ਲੋਕਾਂ ਦੇ ਹੌਸਲੇ ਤੋੜ ਸਕਦਾ ਸੀ। ਇਸ ਲਈ ਇਹ ਦੂਸਰਾ ਤਰੀਕਾ ਵੀ ਬੜਾ ਕਾਰਗਰ ਸਿੱਧ ਹੋਇਆ ਪਰ ਸਿੱਖਾਂ ਨੇ ਆਪਣੇ-ਆਪ 'ਤੇ ਇਸ ਸੰਘਰਸ਼ ਵਿਚ ਕੋਈ ਪਾਬੰਦੀ ਨਾ ਲਾਈ। ਖਾੜਕੂਆਂ ਦਾ ਇਹ ਕਹਿਣਾ ਕਿ ਦਾਜ ਨਾ ਲਓ, ਬਰਾਤ ਦੇ ਯਾਰਾਂ ਬੰਦੇ ਤੇ ਵਿਆਹ ਸਾਦਾ ਕਰੋ, ਵਿਆਹਾਂ 'ਤੇ ਢੋਲ-ਢਮੱਕੇ, ਭੰਗੜੇ ਨਾ ਪਾਓ ਤੇ ਸ਼ਰਾਬਾਂ ਨਾ ਪਿਆਓ, ਕਿਸੇ ਕਿਸਮ ਦਾ ਵੀ ਵਿਖਾਵਾ ਨਾ ਕਰੋ ਕਿਉਂਕਿ ਤੁਹਾਡਾ ਕੀਤਾ ਹੋਇਆ ਵਿਖਾਵਾ ਦੂਜਿਆਂ ਨੂੰ ਵੀ ਉਸੇ ਤਰ੍ਹਾਂ ਹੀ ਕਰਨ 'ਤੇ ਮਜਬੂਰ ਕਰਦਾ ਹੈ, ਲੋਕ ਇਨ੍ਹਾਂ ਗੱਲਾਂ 'ਤੇ ਅਮਲ ਕਰਨ ਦੀ ਥਾਂ ਸਗੋਂ ਵਿਰੋਧ 'ਤੇ ਉਤਾਰੂ ਹੋ ਗਏ। ਗਾਉਣ ਵਾਲੇ ਤੇ ਗਾਉਣ ਵਾਲੀਆਂ ਨੂੰ ਖਾੜਕੂਆਂ ਨੇ ਸਟੇਜਾਂ 'ਤੇ ਭੁੜਕ-ਭੁੜਕ ਕੇ ਲੱਚਰ ਗੀਤ ਨਾ ਗਾਉਣ ਲਈ ਕਿਹਾ ਪਰ ਸਰਕਾਰ ਦੀ ਸ਼ਹਿ 'ਤੇ ਮਲਕੀਤ ਵਰਗੇ 'ਤੂਤਕ-ਤੂਤਕ ਤੂਤੀਆਂ, ਆਜਾ ਤੂਤਾਂ ਵਾਲੇ ਖੂਹ 'ਤੇ, ਓਥੇ ਗੱਲਾਂ ਕਰੀਏ ਮੂੰਹ 'ਤੇ', ਗਾਉਣੋਂ ਬਾਜ ਨਾ ਆਏ। ਫਿਰ ਖਾੜਕੂਆਂ ਨੇ ਉਸ ਖੂਹ ਦਾ ਪਤਾ ਪੁੱਛਿਆ ਤਾਂ ਬਿਨਾਂ ਲੀੜੇ ਪਾਇਓਂ ਹੀ ਹਵਾਈ ਅੱਡੇ ਵੱਲ ਭੱਜਾ।

ਏਸੇ ਤਰ੍ਹਾਂ ਹੀ ਧਰਮਿੰਦਰ ਦੇ ਚਾਚੇ ਕਿ ਮਾਸੀ ਦਾ ਪੁੱਤ ਵਰਿੰਦਰ ਮਾਲਵੇ ਦੇ ਕਿਸੇ ਪਿੰਡ ਵਿਚ ਮਾਰਿਆ ਗਿਆ। ਉਸ ਦਿਨ ਮੇਰੀ ਚੰਡੀਗੜ੍ਹ ਲੈਂਡ ਐਕੂਜ਼ੀਸ਼ਨ ਦੇ ਦਫਤਰ ਵਿਚ ਤਾਰੀਖ ਸੀ। ਨਾਇਬ ਤਹਿਸੀਲਦਾਰ ਜਿਸ ਨੇ ਸਰਕਾਰ ਵੱਲੋਂ ਕੇਸ ਪੇਸ਼ ਕਰਨਾ ਸੀ, ਨਾ ਆਇਆ। ਉਡੀਕਦਿਆਂ ਯਾਰਾਂ ਵੱਜ ਗਏ ਤਾਂ ਕਿਤੇ ਉਹ ਆਇਆ। ਉਹ ਨਾਇਬ ਤਹਿਸੀਲਦਾਰ, ਓਸੇ ਹੀ ਪਿੰਡ ਦਾ ਸੀ, ਜਿਥੇ ਇਹ ਭਾਣਾ ਵਾਪਰਿਆ ਸੀ। ਓਥੇ ਇਕ ਬਹੁਤ ਵੱਡਾ ਇਤਿਹਾਸਕ ਗੁਰਦੁਆਰਾ ਹੈ। ਲਾਗੇ-ਲਾਗੇ ਦੇ ਤੀਹਾਂ-ਚਾਲ੍ਹੀਆਂ ਪਿੰਡਾਂ ਦੀ ਸੰਗਤ ਗੁਰਪੁਰਬ 'ਤੇ ਆਪਣੇ-ਆਪਣੇ ਪਿੰਡ ਦੀ ਸੰਗਤ ਨਾਲ ਸੱਜ-ਧੱਜ ਕੇ ਉਸ ਵੱਡੇ ਗੁਰਦੁਆਰੇ ਆਉਂਦੀ ਤੇ ਫੇਰ ਓਥੋਂ ਬਹੁਤ ਵੱਡਾ ਨਗਰ ਕੀਰਤਨ ਨਿਕਲਦਾ ਹੈ, ਜੋ ਇਕ ਮਿਸਾਲ ਹੁੰਦਾ ਹੈ। ਵਰਿੰਦਰ ਜੋ ਫਿਲਮ ਐਕਟਰ ਤੇ ਪ੍ਰੋਡਿਊਸਰ ਵੀ ਸੀ, ਆਪਣਾ ਸੈੱਟ ਲੈ ਕੇ ਉਸ ਪਿੰਡ ਸ਼ੂਟਿੰਗ ਕਰਨ ਆ ਗਿਆ। ਪ੍ਰਬੰਧਕਾਂ ਨੇ ਉਸ ਨੂੰ ਬੇਨਤੀ ਕੀਤੀ ਕਿ ਸ਼ੂਟਿੰਗ ਇਕ ਦਿਨ ਅੱਗੇ ਪਾ ਲਈ ਜਾਵੇ ਕਿਉਂਕਿ ਓਧਰ ਸ਼ੂਟਿੰਗ ਤੇ ਓਧਰ ਨਗਰ ਕੀਰਤਨ, ਕਿਤੇ ਐਸਾ ਨਾ ਹੋਵੇ ਕਿ ਨਗਰ ਕੀਰਤਨ ਦੀ ਹਾਜ਼ਰੀ ਫਿੱਕੀ ਰਹੇ ਪਰ ਉਸ ਨੇ ਕੋਈ ਪ੍ਰਵਾਹ ਨਾ ਕੀਤੀ ਕਿਉਂਕਿ ਸਕਿਉਰਿਟੀ ਵਾਲਾ ਪੰਜਾਬ ਪੁਲਿਸ ਦਾ ਡਿਪਟੀ ਉਸ ਨੂੰ ਫਿਕਰ ਨਾ ਕਰਨ ਲਈ ਕਹਿ ਰਿਹਾ ਸੀ। ਨਤੀਜਾ ਇਹ ਹੋਇਆ ਕਿ ਨਗਰ ਕੀਰਤਨ ਵਾਲੇ ਦਿਨ ਗੁਰਦੁਆਰੇ ਦਾ ਭਾਈ, ਚਾਰ ਕੁ ਪ੍ਰਬੰਧਕ ਅੱਠ ਕੁ ਬੁੱਢੇ-ਬੁੱਢੀਆਂ ਤੇ ਕੋਈ ਦਸ ਕੁ ਬੰਦੇ ਸੰਗਤ ਦੇ ਓਥੇ ਹਾਜ਼ਰ ਸਨ।

ਬਾਕੀ ਸਾਰੀ ਸੰਗਤ ਜਿਨ੍ਹਾਂ ਨੇ ਗੁਰਦੁਆਰੇ ਆ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਣਾ ਸੀ ਉਹ ਸਾਰੇ ਸ਼ੂਟਿੰਗ ਵੇਖਣ ਗਏ ਹੋਏ ਸਨ। ਜਿਹੜੇ ਟਰੈਕਟਰ-ਟਰਾਲੀਆਂ ਗੁਰਦੁਆਰੇ ਵੱਲ ਆਉਣੀਆਂ ਸਨ, ਉਹ ਸ਼ੂਟਿੰਗ ਵਾਲੇ ਪਾਸੇ ਮੁੜ ਗਈਆਂ। ਕਹਿੰਦੇ ਹਨ ਪਿੰਡ ਦੇ ਸਰਪੰਚ ਨੇ ਪੰਚਾਇਤ ਸਮੇਤ ਫਿਰ ਜਾ ਕੇ ਵਰਿੰਦਰ ਤੇ ਡੀ. ਐਸ. ਪੀ. ਨੂੰ ਸ਼ੂਟਿੰਗ ਰੋਕਣ ਲਈ ਕਿਹਾ ਸਗੋਂ ਉਨ੍ਹਾਂ ਨੇ ਵਰਿੰਦਰ ਤੇ ਉਹਦੇ ਯੂਨਿਟ ਨੂੰ ਵੀ ਨਗਰ ਕੀਰਤਨ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਪਰ ਉਹ 'ਚੱਕੀ ਹੋਈ ਲੰਬੜਾਂ ਦੀ, ਥਾਣੇਦਾਰ ਦੇ ਬਰਾਬਰ ਬੋਲੇ' ਵਾਂਗ ਅੜਿਆ ਰਿਹਾ ਤੇ ਕਿਹਾ ਕਿ ਜੇ ਧਰਮ ਵਿਚ ਸ਼ਕਤੀ ਹੋਊ ਤੇ ਸੰਗਤ ਆਪੇ ਓਧਰ ਮੁੜ ਜੂ। ਤਾਹੀਓਂ ਥੋੜ੍ਹੇ ਚਿਰ ਬਾਅਦ ਸੰਗਤ ਦੇ ਜੰਮਘਟੇ ਵਿਚੋਂ ਹੀ ਏ.ਕੇ. 47 ਚੱਲੀ ਤੇ ਵਰਿੰਦਰ ਹੋਰੀ ਕੁੜੀ ਨੂੰ ਜੱਫੀ ਪਈ ਪੁਆਈ ਢੇਰ ਹੋ ਗਏ। ਡੀ. ਐਸ. ਪੀ. ਦਾ ਵੀ ਕਿਤੇ ਪਤਾ ਨਾ ਲੱਗਾ ਤੇ ਨਾ ਉਹਦੀ ਪੁਲਿਸ ਹੀ ਕਿਤੇ ਰੜਕੀ। ਭੀੜ ਵਿਚ ਪੈਰਾਂ ਥੱਲੇ ਆ ਕੇ ਤਿੰਨ ਬੱਚੇ ਤੇ ਦੋ ਔਰਤਾਂ ਮਰੀਆਂ, ਇਕ 80 ਸਾਲ ਦਾ ਬੁੱਢਾ ਵੀ ਆਪਣੇ ਪ੍ਰਾਣ ਤਿਆਗ ਗਿਆ। ਨਾਇਬ ਤਹਿਸੀਲਦਾਰ ਇਸ ਕਰਕੇ ਲੇਟ ਹੋਇਆ ਸੀ ਕਿਉਂਕਿ ਪੁਲਿਸ ਨੇ ਉਸ ਨੂੰ ਵੀ ਪੰਚਾਇਤ ਦੇ ਨਾਲ ਫੜ ਲਿਆ ਸੀ ਕਿਉਂਕਿ ਬੇਨਤੀ ਕਰਨ ਉਹ ਵੀ ਉਨ੍ਹਾਂ ਨਾਲ ਗਿਆ ਸੀ। ਉਹਨੂੰ ਛੱਡਿਆ ਤੇ ਉਸ ਆ ਕੇ ਸਾਰੀ ਗੱਲ ਦੱਸੀ ਪਰ ਅਖਬਾਰਾਂ ਨੇ ਹੋਰ ਈ ਕਹਾਣੀ ਲਿਖੀ ਤੇ ਟਿੱਪਣੀ ਕੀਤੀ ਕਿ ਖਾੜਕੂ ਪੰਜਾਬ ਦਾ ਸੱਭਿਆਚਾਰ ਬਦਲਾਉਣ 'ਤੇ ਤੁਲ ਗਏ ਹਨ ਤੇ ਉਹ ਇਹ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ. ਐਸ. ਆਈ. ਦੇ ਆਖੇ ਲੱਗ ਕੇ ਕਰ ਰਹੇ ਹਨ।

ਜਦੋਂ ਬਾਦਲ ਨੇ ਮੋਗਾ ਕਾਨਫਰੰਸ ਕੀਤੀ ਓਦੋਂ ਕੁ ਹੀ ਇਕ ਗਾਇਕ ਜਿਸ ਦਾ ਨਾਂਅ ਦਿਲਸ਼ਾਦ ਅਖਤਰ ਸੀ, ਇਕ ਵਿਆਹ 'ਤੇ ਗਾਉਂਦਾ ਇਕ ਡੀ. ਐਸ. ਪੀ., ਜੋ ਸ਼ਰਾਬ ਨਾਲ ਰੱਜਿਆ ਪਿਆ ਸੀ, ਦੀ ਗੋਲੀ ਨਾਲ ਮਾਰਿਆ ਗਿਆ। ਘਟਨਾ ਇਉਂ ਹੋਈ ਕਿ ਗਾਇਕ ਇਕ ਗਾਣਾ ਗਾ ਕੇ ਹਟਿਆ, ਜੋ ਸ਼ਰਾਬੀ ਡੀ. ਐਸ. ਪੀ. ਨੂੰ ਬਹੁਤ ਪਸੰਦ ਆਇਆ। ਉਸ ਨੇ ਉਸ ਨੂੰ ਦੁਬਾਰਾ ਉਹੀ ਗਾਣਾ ਗਾਉਣ ਲਈ ਮਜਬੂਰ ਕੀਤਾ ਪਰ ਉਸ ਨੇ ਕਿਹਾ, 'ਇਹ ਕੋਈ ਤਵਿਆਂ ਵਾਲਾ ਵਾਜਾ ਹੈ ਕਿ ਸੂਈ ਰੱਖ ਦਿੱਤੀ ਤੇ ਵਾਜਾ ਵੱਜਣ ਲੱਗ ਪਿਆ। ਗਾਇਕ ਦਾ ਆਪਣਾ ਵੀ ਮਨ ਹੁੰਦਾ ਹੈ। ਕੋਈ ਹੋਰ ਪਸੰਦ ਦਾ ਗਾਣਾ ਦੱਸੋ, ਮੈਂ ਉਹ ਸੁਣਾ ਦੇਂਦਾ ਹਾਂ। ਡੀ. ਐਸ. ਪੀ. ਨੇ ਉਸ ਗਾਇਕ ਨੂੰ ਗੋਲੀ ਮਾਰ ਕੇ ਥਾਂਏ ਢੇਰੀ ਕਰ ਦਿੱਤਾ। ਜਦੋਂ ਉਸ ਨੇ ਗੋਲੀ ਮਾਰੀ ਲੋਕ ਭਰਪੂਰ ਅਨੰਦ ਲੈ ਰਹੇ ਸਨ। ਗਾਣਾ ਸੀ 'ਛੜਿਆਂ ਦੇ ਘਰ ਨਲਕਾ ਲਗਾ, ਖੁੱਲ੍ਹਾ ਰੱਖਦੇ ਵਿਹੜਾ, ਮੈਂ ਨਹੀਂ ਜਾਣਾ ਪਾਣੀ ਲੈਣ ਨੂੰ, ਫੜ ਲੈਣਗੇ, ਛੁਡਾਊ ਮੈਨੂੰ ਕਿਹੜਾ।' ਇਹ ਇਕ ਗਾਉਣ ਵਾਲੀ ਦੇ ਬੋਲ ਸਨ। ਅਕਾਲੀ ਦਲ ਦੀ ਮੀਟਿੰਗ ਵਿਚ ਇਕ ਮੈਂਬਰ ਨੇ ਮਤਾ ਰੱਖਿਆ ਕਿ ਪਾਰਟੀ ਨੂੰ ਉਹਦੇ ਘਰ ਵਾਲਿਆਂ ਨੂੰ ਸਨਮਾਨਤ ਕਰਨਾ ਚਾਹੀਦਾ ਹੈ ਤੇ ਉਨ੍ਹਾਂ ਦੀ ਆਰਥਕ ਮਦਦ ਕਰਨੀ ਚਾਹੀਦੀ ਹੈ। ਕਾਫੀ ਮੈਂਬਰਾਂ ਨੇ ਇਸ ਦਾ ਵਿਰੋਧ ਕੀਤਾ ਤੇ ਕਿਹਾ ਕਿ ਇਹ ਭੂਤਰੇ ਹੋਏ ਗਾਇਕ ਖਾੜਕੂਆਂ ਨੂੰ ਚਿੜਾ-ਚਿੜਾ ਕੇ ਸਟੇਜਾਂ ਲਾਉਂਦੇ ਹਨ ਤੇ ਪੁਲਿਸ ਇਨ੍ਹਾਂ ਦੀ ਸਰਪ੍ਰਸਤੀ ਕਰਦੀ ਹੈ। ਹੁਣ ਓਸੇ ਦੀ ਗੋਲੀ ਨਾਲ ਜੇ ਮਰ ਗਿਆ ਹੈ ਤਾਂ ਸਾਡਾ ਕੀ ਲਾਗਾ ਦੇਗਾ ਹੈ ਤੇ ਇਸ ਤਰ੍ਹਾਂ ਇਹ ਮਤਾ ਬੁਰੀ ਤਰ੍ਹਾਂ ਫੇਲ੍ਹ ਹੋ ਗਿਆ। ਇਹ ਸਾਰੀ ਕਹਾਣੀ ਲਿਖਣ ਦਾ ਮਤਲਬ ਸਿਰਫ ਏਨਾਂ ਹੈ ਕਿ ਲੋਕ ਇਸ ਹੱਕੀ ਮੰਗਾ ਪ੍ਰਤੀ ਲਗੇ ਮੋਰਚੇ ਵਿਚ ਇਕਮੁਠ ਹੋ ਕੇ ਤੇ ਤਨਦੇਹੀ ਨਾਲ ਖਾੜਕੂਆਂ ਤੇ ਹੋਰ ਲੀਡਰਾਂ ਦਾ ਸਾਥ ਦੇਂਦੇ ਤਾਂ ਸੰਘਰਸ਼ ਏਨੀਂ ਬੁਰੀ ਤਰ੍ਹਾਂ ਫੇਲ੍ਹ ਨਾਂ ਹੁੰਦਾ।

***

# ❑ ਸਿੱਖ ਜਰਾਇਮ ਪੇਸ਼ਾ ਕੌਮ

# ਇਨ੍ਹਾਂ ਦੀ ਇੱਜ਼ਤ ਨਾ ਪਹਿਲਾਂ ਸੀ ਨਾ ਹੁਣ ਹੈ

ਗਿਆਨੀ ਕਰਤਾਰ ਸਿੰਘ ਦੇ ਮੇਰੇ ਮਾਮੇ ਨਾਲ ਬਹੁਤ ਚੰਗੇ ਸੰਬੰਧ ਸਨ। ਉਹਨਾਂ ਨੇ ਗਿਆਨੀ ਜੀ, ਜੋ ਓਦੋਂ ਪੰਜਾਬ ਸਰਕਾਰ ਵਿਚ ਮੰਤਰੀ ਸਨ, ਨੂੰ ਕਹਿ ਕੇ ਫਿਲੌਰ ਲਾਗੇ ਪਿੰਡ ਤੇਂਗ ਵਿਚ ਆਪਣੀ ਜ਼ਮੀਨ ਦੀ ਅਲਾਟਮੈਂਟ ਕਰਵਾ ਲਈ ਕਿਉਂਕਿ ਇਸ ਪਿੰਡ ਦੀ ਜ਼ਮੀਨ ਤਹਿਸੀਲ ਫਿਲੌਰ 'ਚ ਸਭ ਤੋਂ ਉਪਜਾਊ ਗਿਣੀ ਗਈ ਸੀ। ਇਕ ਦਿਨ ਪਿੰਡ ਵਿਚ ਹੱਟੀ ਵਾਲੇ ਅਰੋੜਿਆਂ ਦੇ ਘਰ ਚੋਰੀ ਹੋ ਗਈ। ਫਿਲੌਰ ਥਾਣੇ ਦੀ ਪੁਲਿਸ ਪਿੰਡ ਵਿਚ ਆਈ। ਹਿੰਦੂ ਝਾਂਗੀ ਵੱਡਾ ਥਾਣੇਦਾਰ ਆਪਣੇ ਨਾਲ ਇਕ ਖੋਜੀ ਲਿਆਇਆ। ਥਾਣੇਦਾਰ ਦੇ ਆਉਣ ਤੋਂ ਦੋ ਘੰਟੇ ਪਹਿਲਾਂ ਇਕ ਤਫਤੀਸ਼ੀ ਹੌਲਦਾਰ ਤੇ ਚਾਰ ਸਿਪਾਹੀ ਆਏ। ਉਹਨਾਂ ਨੇ ਸਾਰੇ ਪਿੰਡ ਵਿਚੋਂ ਸਾਰੇ ਚੁਲ੍ਹਿਆਂ ਦੀ ਘੱਟੋ-ਘੱਟ ਦੋ ਗੱਡੇ ਸਵਾਹ ਇਕੱਠੀ ਕੀਤੀ ਤੇ ਜਿਸ ਘਰ ਵਿਚ ਚੋਰੀ ਹੋਈ ਸੀ ਉਸ ਤੋਂ ਥੋੜ੍ਹੀ ਦੂਰ ਪਰੇ ਇਕ ਖਾਲੀ ਪਲਾਟ ਵਿਚ ਵਿੱਛਵਾ ਦਿੱਤੀ। ਮੇਜ ਤੇ ਕੁਰਸੀਆਂ ਸਿਰਫ ਮੇਰੇ ਮਾਮਿਆਂ ਦੇ ਘਰ ਸਨ, ਓਥੋਂ ਲੈ ਕੇ ਥਾਣੇਦਾਰ ਲਈ ਰੱਖੀਆਂ ਗਈਆਂ। ਉਦੋਂ ਥਾਣੇਦਾਰ ਤੇ ਇਕ ਹੌਲਦਾਰ ਕੁਰਸੀ 'ਤੇ ਬੈਠਦੇ ਸਨ ਜਾਂ ਕੋਈ ਪੁਰਾਣਾ ਜੈਲਦਾਰ ਹੋਵੇ ਤਾਂ ਉਹ ਬੈਠਦਾ ਸੀ। ਲੰਬੜਦਾਰ ਨਿੱਕੀ ਮੰਜੀ 'ਤੇ ਅਤੇ ਬਾਕੀ ਸਾਰਾ ਪਿੰਡ ਥੱਲੇ ਜ਼ਮੀਨ 'ਤੇ ਬੈਠਦਾ ਸੀ। ਦਰੀ ਸਿਰਫ ਤਹਿਸੀਲਦਾਰ ਦੇ ਦੌਰੇ 'ਤੇ ਵਿਛਾਈ ਜਾਂਦੀ ਸੀ ਕਿਉਂਕਿ ਉਹਨਾਂ ਦੀਆਂ ਜ਼ਮੀਨਾਂ ਦੇ ਇੰਤਕਾਲ ਜੁ ਹੁੰਦੇ ਸਨ। ਪੁਲਿਸ ਦੇ ਆਉਣ 'ਤੇ ਦਰੀ ਨਹੀਂ ਸੀ ਵਿਛਦੀ। ਸਾਰੇ ਪੈਰਾਂ ਭਾਰ ਜ਼ਮੀਨ 'ਤੇ ਹੀ ਬੈਠਦੇ ਸਨ ਜਾਂ ਵੱਧ ਤੋਂ ਵੱਧ ਇਕ ਇੱਟ ਚਿੱਤੜਾਂ ਥੱਲੇ ਰੱਖ ਲੈਂਦੇ ਸਨ।

ਹੁਣ ਹੋਇਆ ਇਹ ਕਿ ਮੇਰਾ ਵੱਡਾ ਮਾਮਾ ਉਸ ਜ਼ਮਾਨੇ ਵਿਚ ਐਮ. ਏ. ਪਾਸ ਸੀ, ਜਦੋਂ ਅੱਠਵੀਂ ਪੜ੍ਹਿਆ ਹੋਇਆ ਨਾਇਬ ਤਹਿਸੀਲਦਾਰ ਲੱਗਦਾ ਸੀ। ਮੇਰਾ ਛੋਟਾ ਮਾਮਾ ਬੀ. ਏ. ਸੀ ਤੇ ਉਸਤੋਂ ਛੋਟਾ ਜਸਵੰਤ ਸਿੰਘ ਵੀ ਬੀ. ਏ. ਪਾਸ ਸੀ ਤੇ ਨਾਲੇ ਵਧੀਆ ਖਿਡਾਰੀ ਵੀ ਸੀ। ਸਾਰੇ ਐਫ. ਸੀ. ਕਾਲਜ ਲਾਹੌਰ ਦੇ ਪੜ੍ਹੇ ਹੋਏ ਸਨ। ਛੋਟਾ ਮਾਮਾ ਅੰਗਰੇਜ਼ ਦੇ ਰਾਜ ਵੇਲੇ ਛੋਟਾ ਥਾਣੇਦਾਰ ਭਰਤੀ ਹੋਇਆ ਸੀ ਤੇ ਨੌਕਰੀ ਇਸ ਲਈ ਛੱਡ ਕੇ ਆਇਆ ਸੀ ਕਿ ਉਹ ਮਨੁੱਖੀ ਅਧਿਕਾਰਾਂ ਨੂੰ ਨਹੀਂ ਸੀ ਕੁਚਲ ਸਕਦਾ। ਹੋਇਆ ਇਸ ਤਰ੍ਹਾਂ ਕਿ ਸਾਂਗਲੇ ਤੋਂ (ਹੁਣ ਪਾਕਿਸਤਾਨ ਵਿਚ) ਇਕ ਚੋਰ ਫੜਿਆ ਗਿਆ, ਉਸ ਨੂੰ ਗੱਡੀ 'ਤੇ ਬਿਠਾ ਕੇ ਲਾਇਲਪੁਰ ਲਿਆਉਣਾ ਸੀ। ਪਹਿਲਾਂ ਤਾਂ ਉਹ ਬੰਦਾ ਪਿੰਡ ਵਾਲਿਆਂ ਨੇ ਇਕ ਦਿਨ ਪਹਿਲਾਂ ਦਾ ਫੜਿਆ ਹੋਇਆ ਸੀ, ਰੋਟੀ ਪਾਣੀ ਕੋਈ ਨਾ ਦਿੱਤਾ, ਟਾਹਲੀ ਨਾਲ ਬੰਨ੍ਹਿਆ ਹੋਇਆ ਸੀ, ਜਿਹੜਾ ਆਵੇ ਲੱਤ ਮਾਰ ਜਾਵੇ, ਜਾਂ ਚਪੇੜ ਮਾਰ ਜਾਵੇ। ਦੂਜੇ ਦਿਨ ਪੁਲਿਸ

ਗਈ, ਚੋਰ ਨੂੰ ਸਟੇਸ਼ਨ 'ਤੇ ਲਿਆਂਦਾ। ਓਦਣ ਗੱਡੀ ਹੀ ਨਾ ਆਈ। ਸਵੇਰੇ ਗੱਡੀ ਵਿਚ ਬੈਠੇ, ਜਿਥੇ ਸਟੇਸ਼ਨ ਆਵੇ ਓਥੇ ਹੀ ਪੁਲਿਸ ਵਾਲੇ ਉਤਰ ਕੇ ਕਦੇ ਚਾਹ ਪੀਣ ਕਦੇ ਪੂੜੀਆਂ ਖਾਣ ਪਰ ਚੋਰ ਭੁੱਖਣ ਭਾਣਾ ਹੱਥਕੜੀਆਂ ਨਾਲ ਜਕੜਿਆ, ਬਿੱਲੀ ਵਰਗਾ ਮੂੰਹ ਬਣਾਈ ਗੁੱਠ ਵਿਚ ਗੱਡੀ ਦੇ ਫਰਸ਼ 'ਤੇ ਬੈਠਾ ਰਿਹਾ। ਚੋਰ ਆਖੇ ਮੇਰੇ 'ਤੇ ਕਤਲ ਦਾ ਮੁਕੱਦਮਾ ਪਾ ਦਿਓ, ਪਰ ਕੁਛ ਖਾਣ ਨੂੰ ਤੇ ਦਿਓ। ਮੇਰੇ ਮਾਮੇ ਜਸਵੰਤ ਸਿੰਘ ਨੂੰ ਬਹੁਤ ਤਰਸ ਆਇਆ। ਉਹਨੇ ਅਗਲੇ ਸਟੇਸ਼ਨ 'ਤੇ ਚੋਰ ਨੂੰ ਗੱਡੀਓਂ ਥੱਲੇ ਉਤਾਰ ਲਿਆ ਤੇ ਪੂੜੀਆਂ ਵਾਲੇ ਨੂੰ ਕਿਹਾ, ਜਿੰਨਾਂ ਚਿਰ ਇਹ ਰੱਜੇ ਨਾ ਕਿਸੇ ਹੋਰ ਨੂੰ ਪੂੜੀ ਨਾ ਦੇਈਂ। ਉਹਨੇ ਪਹਿਲਾਂ ਹੀ ਦਸ ਰੁਪਏ ਦਾ ਨੋਟ ਪੂੜੀਆਂ ਵਾਲੇ ਨੂੰ ਫੜਾ ਦਿੱਤਾ ਮਤਾਂ ਕਿਤੇ ਉਹ ਇਹ ਨਾ ਸਮਝੇ ਕਿ ਪੁਲਿਸ ਦਾ ਮਾਮਲਾ ਹੈ, ਪੂੜੀਆਂ ਖਾ ਲੈਣ ਤੋਂ ਬਾਅਦ ਸ਼ਾਇਦ ਪੈਸੇ ਹੀ ਨਾ ਦੇਣ।

ਕੱਟੜ ਹਿੰਦੂ ਹੌਲਦਾਰ ਨੇ ਇਸ ਸਾਰੀ ਗੱਲ ਦੀ ਰਿਪੋਰਟ ਵੱਡੇ ਥਾਣੇਦਾਰ ਨੂੰ ਕੀਤੀ। ਉਹ ਵੀ ਪੰਜਾਬੀ ਝਾਂਗੀ ਹਿੰਦੂ ਸੀ। ਉਸਨੇ ਮਿਰਚ ਮਸਾਲਾ ਲਾ ਕੇ ਏਹੋ ਹੀ ਰਿਪੋਰਟ ਡਿਪਟੀ ਨੂੰ ਕੀਤੀ ਤੇ ਡਿਪਟੀ ਨੇ ਜਸਵੰਤ ਸਿੰਘ ਥਾਣੇਦਾਰ ਨੂੰ ਬੁਲਾਇਆ। ਜਦੋਂ ਉਸਨੇ ਸਾਰੀ ਗੱਲ ਦੱਸੀ ਤਾਂ ਅੰਗਰੇਜ਼ ਡਿਪਟੀ ਨੇ ਕਿਹਾ "ਇਹ ਤਾਂ ਕੋਈ ਜੁਰਮ ਨਹੀਂ, ਜੁਰਮ ਤਾਂ ਉਹਨਾਂ ਨੇ ਕੀਤਾ ਹੈ, ਜਿਹਨਾਂ ਨੇ ਉਸ ਬੰਦੇ ਨੂੰ ਭਾਵੇਂ ਉਹ ਚੋਰ ਹੀ ਕਿਓਂ ਨਾਂ ਹੋਵੇ ਭੁੱਖਾ ਰੱਖਿਆ ਹੈ।" ਉਸ ਡਿਪਟੀ ਨੇ ਐਸ. ਪੀ. ਨਾਲ ਗੱਲ ਕੀਤੀ ਤੇ ਹੌਲਦਾਰ ਨੂੰ ਮੁਅਤਲ ਤੇ ਵੱਡੇ ਥਾਣੇਦਾਰ ਵਿਰੁੱਧ ਵਿਭਾਗੀ ਕਾਰਵਾਈ ਕੀਤੀ। ਹੁਣ ਕੋਈ ਇਹ ਦੱਸੇ ਕਿ ਮਨੁੱਖੀ ਅਧਿਕਾਰਾਂ ਦਾ ਘਾਣ ਅੰਗਰੇਜ਼ਾਂ ਨੇ ਕੀਤਾ ਕਿ ਅਜ਼ਾਦ ਭਾਰਤ ਵਿਚ ਹੋਇਆ। ਪਰ ਮੇਰੇ ਮਾਮੇ ਦਾ ਮਨ ਬਹੁਤ ਖੱਟਾ ਹੋ ਗਿਆ, ਘਰ ਖੇਤੀਬਾੜੀ ਬਹੁਤ ਅੱਛੀ ਸੀ, ਝੱਟ ਅਸਤੀਫਾ ਦੇ ਦਿੱਤਾ। ਜਦੋਂ ਲੋਕਾਂ ਨੂੰ ਸੰਗਮਰਮਰ ਕਹਿਣਾ ਨਹੀਂ ਸੀ ਆਉਂਦਾ ਤੇ ਇਸ ਨੂੰ 'ਸੰਖ ਮਲਮਲ' ਕਹਿੰਦੇ ਹੁੰਦੇ ਸਨ, ਓਦੋਂ ਮੇਰੇ ਨਾਨਕਿਆਂ ਦੇ ਫਰਸ਼ ਤੇ ਚੁਗਾਠਾਂ ਵਧੀਆ ਸੰਗਮਰਮਰ ਦੀਆਂ ਸਨ।

ਇਸ ਤਰ੍ਹਾਂ ਦਾ ਰਹਿ ਚੁੱਕਾ ਥਾਣੇਦਾਰ ਹੁਣ ਭਾਰਤ ਵਿਚ ਆ ਚੁੱਕਾ ਸੀ। ਉਹ ਭੁੱਲ ਗਿਆ ਸੀ ਕਿ ਉਹ ਮਾਂ ਮਰ ਗਈ ਜਿਹੜੀ ਦਹੀਂ ਨਾਲ ਟੁੱਕ ਦੇਂਦੀ ਹੁੰਦੀ ਸੀ। ਅੰਗਰੇਜ਼ ਕਾਨੂੰਨ ਨਾਲ ਚਲਦਾ ਸੀ ਪਰ ਅਜ਼ਾਦ ਭਾਰਤ ਦੇ ਹਿੰਦੂ ਗਵਰਨਰ ਚੰਦੂ ਲਾਲ ਤ੍ਰਿਵੇਦੀ ਦੇ ਹੁਕਮ ਨਾਲ ਚਲਦੇ ਸਨ। ਫਿਲੌਰ ਦੇ ਪਿੰਡ ਤੇਂਗ ਵਿਚ ਪੁਲਸੀਆਂ ਵੱਲੋਂ ਇਕੱਠੀ ਕੀਤੀ ਗਈ ਚੁਲ੍ਹਿਆਂ ਦੀ ਸਵਾਹ ਜ਼ਮੀਨ 'ਤੇ ਵਿਛਾਈ ਗਈ। ਸਾਰਿਆਂ ਨੂੰ ਚਾਰ-ਚਾਰ ਦੀਆਂ ਟੋਲੀਆਂ ਵਿਚ ਜ਼ਮੀਨ 'ਤੇ ਵੱਖਰੇ ਵੱਖਰੇ ਬਠਾਇਆ ਗਿਆ। ਫਿਰ ਇਕ ਸਿੱਖ ਦਾ ਹੱਥ ਦੂਜੇ ਸਿੱਖ ਦੇ ਪਰਲੇ ਮੋਢੇ ਤੇ, ਦੂਜੇ ਦਾ ਹੱਥ ਤੀਜੇ ਦੇ ਪਰਲੇ ਮੋਢੇ 'ਤੇ, ਤੀਜੇ ਦਾ ਹੱਥ ਚੌਥੇ ਦੇ ਪਰਲੇ ਮੋਢੇ 'ਤੇ ਰਖਵਾ ਕੇ ਪੰਜਾਲੀ ਵਿਚ ਜੁੱਤੇ ਬੌਲਦਾ ਵਰਗੀ ਹਰਨਾੜੀ ਜਹੀ ਬਣਾ ਦਿੱਤੀ ਤੇ ਉਹਨਾਂ ਨੂੰ ਸਵਾਹ 'ਤੇ, ਚਲਣ ਲਈ ਹੁਕਮ ਦਿੱਤਾ ਗਿਆ। ਜਦੋਂ ਚਾਰ ਸਿੱਖ ਸਵਾਹ 'ਤੇ ਤੁਰਦੇ ਤਾਂ ਉਹਨਾਂ ਦੇ ਪੈਰਾਂ ਦੀ ਜਾਂਚ ਉਹ ਖੋਜੀ ਕਰਦਾ, ਜਿਹੜਾ ਵੱਡਾ ਥਾਣੇਦਾਰ ਚੋਰੀ ਦਾ ਪਤਾ ਲਾਉਣ ਲਈ ਆਪਣੇ ਨਾਲ ਲਿਆਇਆ ਸੀ। ਉਹ ਕੋਈ ਪਰਵਾਨਤ ਖੋਜੀ ਨਹੀਂ ਸੀ ਤੇ ਨਾ ਹੀ ਉਹਨੂੰ ਕੋਈ ਕਾਨੂੰਨ ਵੱਲੋਂ ਮਾਨਤਾ ਸੀ। ਇਸ ਤਰ੍ਹਾਂ ਦੇ ਖੋਜੀ ਓਦੋਂ ਬਥੇਰ ਤੁਰੇ ਫਿਰਦੇ ਸਨ ਪਰ ਅਦਾਲਤਾਂ ਇਹਨਾਂ ਨੂੰ ਕੋਈ ਮਾਨਤਾ ਨਹੀਂ ਸਨ ਦੇਂਦੀਆਂ।

ਉਹ ਖੋਜੀ ਸਾਢੇ ਚਾਰ ਫੁੱਟ ਦੀ ਬਾਂਸ ਦੀ ਸੋਟੀ ਲੈ ਕੇ ਹਰਨਾੜੀ ਦੇ ਮਗਰ ਮਗਰ

ਤੁਰਦਾ ਤੇ ਸੰਨ੍ਹ 'ਤੇ ਨੱਪੇ ਹੋਏ ਖੁਰੇ ਨਾਲ ਮਿਲਾ ਕੇ ਪੈਰਾਂ ਦੇ ਨਿਸ਼ਾਨ ਵੇਖਦਾ ਕਿ ਕਿਤੇ ਇਹਨਾਂ ਚੌਹਾਂ ਵਿਚੋਂ ਕੋਈ ਚੋਰ ਤਾਂ ਨਹੀਂ ? ਮੇਰੇ ਚਾਰੇ ਮਾਮੇ ਮਹਿੰਦਰ ਸਿੰਘ ਐਮ. ਏ. ਕਰਮਜੀਤ ਸਿੰਘ ਬੀ. ਏ., ਜਸਵੰਤ ਸਿੰਘ ਸਾਬਕਾ ਥਾਣੇਦਾਰ ਤੇ ਖੇਤੀ ਕਰਨ ਵਾਲੇ ਸ਼ਾਨਤਾ ਸਿੰਘ ਨੂੰ ਵੀ ਹਰਨਾੜੀ ਬਣਨ ਦਾ ਹੁਕਮ ਦਿੱਤਾ ਗਿਆ। ਮੇਰੇ ਥਾਣੇਦਾਰ ਮਾਮੇ ਨੇ ਕਿਹਾ, "ਮਲਿਕ ਸਾਹਿਬ, ਮੈਂ ਵੀ ਤੁਹਾਡੇ ਮਹਿਕਮੇ ਵਿਚ ਰਿਹਾ ਹਾਂ...," ਅਜੇ ਇਹ ਗੱਲ ਮੇਰੇ ਮਾਮੇ ਦੇ ਮੂੰਹ ਵਿਚ ਹੀ ਸੀ ਕਿ ਹਿੰਦੂ ਝਾਂਗੀ ਵੱਡੇ ਥਾਣੇਦਾਰ ਨੇ ਕਿਹਾ, "ਚੁੱਪ ਕਰ ਓਏ ਸਿਖੜੇ ਦਿਆ ਪੁੱਤਰਾ, ਜਬਾਨ ਖਿੱਚ ਲਾਂ ਗਾਂ ਈ ਓਏ। ਬੰਦੇ ਦਾ ਪੁੱਤਰ ਬਣ ਕੇ ਸਵਾਹ 'ਤੇ ਤੁਰ ਨਹੀਂ ਤਾਂ ਦਾੜ੍ਹੀ ਪੁੱਟ ਕੇ ਹੱਥ ਫੜਾ ਦੇਸਾਂ।' ਨਿੱਕੀ ਮੰਜੀ 'ਤੇ ਬੈਠੇ ਤੇਂਗ ਪਿੰਡ ਦੇ ਲੰਬੜਦਾਰ ਨੇ ਕਿਹਾ, "ਮਲਕ ਸਾਹਿਬ ਸ. ਜਸਵੰਤ ਸਿੰਘ ਵੀ ਤੁਹਾਡੇ ਵਾਂਗ ਹੀ ਥਾਣੇਦਾਰ ਰਿਹਾ ਹੈ ਤੇ ਬੜਾ ਇੱਜ਼ਤਦਾਰ ਆਦਮੀ ਹੈ। ਇਹ ਚਾਰੇ ਭਰਾ ਬੜੇ ਵੱਡੇ ਅਲਾਟੀ ਹਨ ਤੇ ਸਾਰੇ ਤੇਂਗ ਪਿੰਡ ਵਿਚ ਸਭ ਤੋਂ ਜ਼ਿਆਦਾ ਜ਼ਮੀਨ ਇਹਨਾਂ ਕੋਲ ਹੀ ਹੈ।" ਮਲਕ ਨੇ ਬੈਂਤ ਦਾ ਸੋਟਾ, ਜਿਹੜਾ ਓਹਦੇ ਕੁੱਲੇ ਵਾਲੀ ਪੱਗ ਦੇ ਲਾਗੇ ਮੇਜ ਦੇ ਨਾਲ ਹੀ ਟਿਕਾ ਕੇ ਰੱਖਿਆ ਹੋਇਆ ਸੀ, ਚੁੱਕਿਆ ਤੇ ਤਾੜ ਕਰਦਾ ਲੰਬੜਦਾਰ ਦੇ ਮੌਰਾਂ ਵਿਚ ਮਾਰਿਆ ਤੇ ਹੁਕਮ ਦਿੱਤਾ- "ਚਲ ਉੱਠ ਤੂੰ ਵੀ ਸਵਾਹ 'ਤੇ ਤੁਰ, ਲੰਬੜਦਾਰ ਚੋਰੀਆਂ ਨਹੀਂ ਕਰੇਂਦੇ ? ਧੀ ਯਾਵੇ ਦੇ ਟੂਰ ਪੈਂਦੇ ਨੇ ਮਤਾਂ ਦੇਣ।" ਜਿਹੜੇ ਚਵਲ ਸਿੱਖ ਅਜ ਇਹ ਕਹਿੰਦੇ ਹਨ ਕਿ ਸੰਤ ਭਿੰਡਰਾਂਵਾਲੇ ਤੋਂ ਪਹਿਲਾਂ ਸਿੱਖਾਂ ਦੀ ਬੜੀ ਇੱਜ਼ਤ ਹੁੰਦੀ ਸੀ, ਮੈਂ ਉਹਨਾਂ ਸਿੱਖਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਗੱਲ ਕਦੋਂ ਦੀ ਹੈ? ਆਜ਼ਾਦੀ ਤੋਂ ਬਾਅਦ ਤਾਂ ਇਹ ਇੱਜ਼ਤ ਸੀ ਜਿਹੜੀ ਮੈਂ ਦੱਸੀ ਹੈ। ਜੇ ਪੜ੍ਹੇ ਲਿਖੇ ਪਰਿਵਾਰਾਂ ਦੀ ਏਨੀਂ ਦੁਰਦਸ਼ਾ ਸੀ ਤਾਂ ਫਿਰ ਆਮ ਬੰਦੇ ਦਾ ਕੀ ਹਾਲ ਹੋਵੇਗਾ? ਲੱਭੋ ਕੋਈ ਸਿੱਖ ਪਰਿਵਾਰ ਜਿਸ ਵਿਚ ਭਲੇ ਜ਼ਮਾਨੇ ਵਿਚ ਕੋਈ ਏਨਾਂ ਪੜ੍ਹਿਆ ਲਿਖਿਆ ਤੇ ਵਧੀਆ ਪਰਿਵਾਰ ਹੋਵੇ, ਜਿੰਨਾ ਮੇਰੇ ਮਾਮਿਆਂ ਦਾ ਸੀ। ਮੈਂ ਇਸ ਕਰਕੇ ਨਹੀਂ ਕਹਿੰਦਾ ਕਿ ਉਹ ਮੇਰੇ ਮਾਮੇ ਸਨ। ਉਹਨਾਂ ਦਾ ਰੁਤਬਾ ਮੈਂ ਉੱਪਰ ਲਿਖਿਆ ਹੈ ਕੋਈ ਚੈਲੇਂਜ ਕਰ ਕੇ ਵਖਾਵੇ। ਮੇਰਾ ਮਾਮਾ ਜਸਵੰਤ ਸਿੰਘ ਵੀ ਤਾਂ ਪੁਲਿਸ ਦੀ ਭਾਸ਼ਾ ਵਿਚ ਵੱਡੇ ਥਾਣੇਦਾਰ ਮਲਿਕ ਦਾ ਪੇਟੀ ਬੰਨ ਭਾਈ ਸੀ ਪਰ ਇਕ ਫਰਕ ਸੀ, ਚੰਦੂ ਲਾਲ ਤ੍ਰਿਵੇਦੀ ਦੇ ਹਿਸਾਬ ਨਾਲ, ਉਹ ਸਿੱਖ ਸੀ ਤੇ ਹਰ ਸਿੱਖ ਸ਼ੱਕੀ ਸੀ। ਜਦੋਂ ਹਰ ਸਿੱਖ ਸ਼ੱਕੀ ਸੀ ਤਾਂ ਸਿੱਧੀ ਗੱਲ ਹੈ ਕਿ ਹਰ ਹਿੰਦੂ ਸ਼ੱਕੀ ਨਹੀਂ ਸੀ। ਪਹਿਲਾਂ ਤਾਂ ਮੁਜ਼ਰਿਮ ਸਿੱਖਾਂ ਵਿਚੋਂ ਹੀ ਲੱਭਣਾ ਸੀ ਜੇ ਸਿੱਖਾਂ ਵਿਚੋਂ ਨਾ ਲੱਭੇ ਤਾਂ ਸ਼ੱਕ ਦੀ ਸੂਈ ਦਲਿਤਾਂ ਵਲ ਘੁੰਮਦੀ ਸੀ। ਉਹ ਵਿਚਾਰੇ ਤਾਂ ਪੰਜ ਹਜ਼ਾਰ ਸਾਲ ਤੋਂ ਹੀ ਸ਼ੱਕੀ ਹਨ। ਸਿੱਖਾਂ ਨੂੰ ਸ਼ੱਕੀ ਤਾਂ ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਨੇ ਬਣਾਇਆ ਸੀ ਪਰ ਦਲਿਤਾਂ ਨੂੰ ਤਾਂ ਮਨੂੰ ਨੇ ਸ਼ੱਕੀ ਕਰਾਰ ਦਿੱਤਾ ਹੋਇਆ ਸੀ ਤੇ ਸਿੱਖ ਵੀ ਇਹਨਾਂ ਨੂੰ ਸ਼ੱਕੀ ਹੀ ਸਮਝਦੇ ਸਨ। ਅਸਲ ਵਿਚ ਪੰਜਾਬ ਸਮੱਸਿਆ ਏਥੋਂ ਹੀ ਸ਼ੁਰੂ ਹੁੰਦੀ ਹੈ।

ਇਕ ਬੰਦਾ ਘਰੋਂ ਭੱਜ ਕੇ ਬੰਬਈ, ਫਿਲਮਾਂ ਦੀ ਐਕਟਿੰਗ ਸਿੱਖਣ ਲਈ ਐਕਟਿੰਗ ਸਕੂਲ ਵਿਚ ਗਿਆ ਤੇ ਦਾਖ਼ਲਾ ਲੈ ਲਿਆ। ਉਸ ਨੇ ਐਕਟਿੰਗ ਸਿਖਾਉਣ ਵਾਲੇ ਪ੍ਰੋਫੈਸਰ ਨੂੰ ਪੁੱਛਿਆ "ਤੁਸੀਂ ਮੈਨੂੰ ਐਕਟਿੰਗ ਸਿਖਾਉਗੇ ?"

ਪ੍ਰੋਫੈਸਰ ਨੇ ਕਿਹਾ, "ਸਿਖਾਵਾਂਗੇ ਤਾਂ ਬਾਅਦ ਵਿਚ ਪਹਿਲਾਂ ਤੈਨੂੰ ਸਭ ਕੁਝ ਭੁਲਾਵਾਂਗੇ।" ਇਹੋ ਕੁਝ ਹੀ ਸਿੱਖਾਂ ਤੇ ਦਲਿਤਾਂ ਨਾਲ ਆਜ਼ਾਦ ਭਾਰਤ ਵਿਚ ਵਾਪਰਿਆ।

ਗਰਮੀ ਬਹੁਤ ਹੋਣ ਕਰਕੇ ਪੱਖੇ ਥੱਲੇ ਬੈਠੇ ਆੜ੍ਹਤੀ ਨੇ ਬਾਹਰ ਮੰਡੀ ਦੇ ਫੜ ਤੇ ਜੱਟ ਨੂੰ ਟ੍ਰਾਲੀ ਲਾਹੁੰਦਿਆਂ ਵੇਖ ਕੇ ਦੂਜੇ ਨੂੰ ਕਿਹਾ,"ਜੇ ਇਹ ਜੱਟ ਨਾ ਹੋਣ ਤਾਂ ਫਿਰ ਕਿਵੇਂ ਹੋਵੇ?"

"ਫਿਰ ਬੰਦਿਆਂ ਨੂੰ ਵਾਹੀ ਕਰਨੀ ਪੈ ਜਾਏ ਹੋਰ ਕੀ!" ਦੂਜੇ ਆੜ੍ਹਤੀ ਨੇ ਕਿਹਾ।

ਅਗਲੇ ਇਨ੍ਹਾਂ ਨੂੰ ਬੰਦੇ ਹੀ ਨਹੀਂ ਸਮਝਦੇ ਤੇ ਸਿੱਖ ਝੁੱਡੂ ਕਹਿੰਦੇ ਹਨ ਕਿ ਸਾਨੂੰ ਸਰਦਾਰ ਜੀ ਕਹਿੰਦੇ ਹਨ। ਇਹਨਾਂ ਨੂੰ ਲਾਲਿਆਂ ਮਹਾਜਨਾਂ ਦਾ ਸਰਦਾਰ ਜੀ ਕਹਿਣਾ ਓਸੇ ਤਰ੍ਹਾਂ ਹੈ, ਜਿਵੇਂ ਕਈ ਵਾਰ ਖੋਤੇ ਨੂੰ ਥਾਣੇਦਾਰ ਤੇ ਅੰਨ੍ਹੇ ਨੂੰ ਸੂਰਮਾ ਸਿੰਘ ਕਿਹਾ ਜਾਂਦਾ ਹੈ ਜਾਂ ਹਰ ਬਿਹਾਰੀ ਤੇ ਯੂ.ਪੀ. ਦੇ ਰਹਿਣ ਵਾਲੇ ਨੂੰ 'ਭਈਆ' ਕਿਹਾ ਜਾਂਦਾ ਹੈ, ਜਿਸ ਦਾ ਮਤਲਬ ਹੁੰਦਾ ਹੈ ਭਰਾ। ਮਾਲ ਦਾ ਸਾਰਾ ਮਹਿਕਮਾ ਲੱਗਪਗ ਮੁਸਲਮਾਨਾਂ ਦੇ ਰਾਜ ਤੋਂ ਲੈ ਕੇ ਹੁਣ ਤਕ ਹਿੰਦੂਆਂ ਦੇ ਹੱਥ ਵਿਚ ਰਿਹਾ ਹੈ। ਤਿੰਨਾਂ ਆਨਿਆਂ ਦੇ ਪਟਵਾਰੀ ਨੂੰ ਚਾਲੀ ਕਿਲਿੱਆਂ ਵਾਲੇ ਸਿੱਖ ਤੋਂ ਪਕੌਉੜੇ ਤੇ ਸ਼ਰਾਬ ਦੀ ਬੋਤਲ ਮੰਗਵਾਉਂਦਿਆਂ ਨੂੰ ਮੈਂ ਕਈ ਵਾਰੀ ਆਪ ਵੇਖਿਆ ਹੈ ਸਗੋਂ ਮੈਂ ਆਪ ਵੀ ਕਈ ਵਾਰ ਲਿਆ ਕੇ ਦਿੱਤੀ ਹੈ ਤੇ ਉਹ ਵੀ ਆਪਣੀ ਹੀ ਜ਼ਮੀਨ ਦੀ ਫਰਦ ਲੈਣ ਵਾਸਤੇ।

ਸਾਡੇ ਪਿੰਡ ਦੀ ਜ਼ਮੀਨ ਇਕ ਵਾਰ ਇੰਪਰੂਮੈਂਟ ਟਰੱਸਟ ਵੱਲੋਂ ਐਕੁਆਇਰ ਕਰਨ ਦੀ ਅਫਵਾਹ ਉੱਡ ਗਈ। ਪਿੰਡ ਦੇ ਸਰਪੰਚ ਲੰਬੜਦਾਰ ਤੇ ਹੋਰ ਠੀਕ ਠਾਕ ਸੱਤ ਅੱਠ ਜਿਮੀਦਾਰਾਂ ਨਾਲ ਮੈਂ ਵੀ ਮਹਿਕਮਾ ਟਾਊਨ ਪਲੈਨਿੰਗ ਦੇ ਦਫਤਰ ਗਿਆ। ਸਰਪੰਚ, ਲੰਬਰਦਾਰ ਅਤੇ ਮੈਨੂੰ ਪਤਾ ਕਰਨ ਲਈ ਅੰਦਰ ਭੇਜਿਆ ਗਿਆ ਤਾਂ ਪੁੱਛਦੇ ਕਰਦੇ ਅਸੀਂ ਡਰਾਇੰਗ ਸੈਕਸ਼ਨ ਵਿਚ ਜਾ ਕੇ ਨਵੀਂ ਬਣੀ ਸਕੀਮ ਬਾਰੇ ਪੁੱਛਿਆ ਤਾਂ ਇਕ ਬਾਊ ਆਪਣੀ ਕੁਰਸੀ ਤੋਂ ਉੱਠਿਆ ਤੇ ਸਾਨੂੰ ਧੱਕ ਕੇ ਦਰਵਾਜਿਉਂ ਬਾਹਰ ਲੈ ਆਇਆ। ਫਿਰ ਉਸਨੇ ਕਿਹਾ,"ਤੁਹਾਡਾ ਅੰਦਰ ਹੋਣ ਦਾ ਇਰਾਦਾ ਤਾਂ ਨਹੀਂ ? ਤੁਸੀਂ ਏਥੇ ਆ ਕਿਵੇਂ ਗਏ ?" ਉਸਨੇ ਓਥੇ ਖੜ੍ਹੇ ਚਪੜਾਸੀ ਨੂੰ ਬੜਾ ਡਾਂਟਿਆ ਤੇ ਚਪੜਾਸੀ ਸਾਡੇ 'ਤੇ ਵਰ੍ਹ ਪਿਆ।

"ਤੁਸਾਂ ਕਿਧਰ ਮੂੰਹ ਚੁੱਕਿਐ ਬਈ ? ਏਥੇ ਤਾਂ ਚਿੜੀ ਪਰ ਨਹੀਂ ਮਾਰਦੀ, ਤੁਸੀਂ ਰਵਾਂ-ਰਵੀਂ ਅੰਦਰ ਆ ਵੜੇ ਓ, ਹੈ ਮਰਨ ਦੇ ਮਸਾਲੇ ਕਿ ਨਹੀਂ, ਅੰਦਰ ਹੋਣਾਂ ਜੇ? ਚਲੋ ਬਾਹਰ।"

ਜਿਹੜੀ ਗੱਲ ਅਸੀਂ ਮਹਿਕਮੇ ਵਿਚੋਂ ਪਤਾ ਕਰਨ ਗਏ ਸੀ ਉਹ ਕੋਈ ਗੁਪਤ ਨਹੀਂ ਸੀ। ਅਖ਼ਬਾਰ ਵਿਚ ਪਹਿਲਾਂ ਹੀ ਆ ਚੁੱਕੀ ਸੀ ਤੇ ਓਥੋਂ ਹੀ ਸਾਨੂੰ ਪਤਾ ਲੱਗੀ ਸੀ। ਫਿਰ ਇਸ ਕਿਸਮ ਦੀਆਂ ਸਕੀਮਾਂ ਨੂੰ ਜਨਤਕ ਥਾਂਵਾਂ 'ਤੇ ਚਿਪਕਾਇਆ ਜਾਂਦਾ ਹੈ। ਜਿਵੇਂ ਤਹਿਸੀਲ, ਡੀ. ਸੀ. ਦਫਤਰ, ਮਿਊਨੀਸਪਲ ਕਮੇਟੀ ਦੇ ਦਫਤਰ ਵਗੈਰਾ। ਇਸ ਕਿਸਮ ਦੀ ਜਨਤਕ ਯੋਜਨਾ ਉਹ ਵੀ ਸਾਡੀ ਹੀ ਜ਼ਮੀਨ ਜਾਇਦਾਦ ਨਾਲ ਸੰਬੰਧਤ ਤੇ ਸਾਨੂੰ ਦਫਤਰ ਵਿਚ ਵੜਨ ਦਾ ਹੁਕਮ ਨਾ ਹੋਵੇ। ਹੈ ਕਿ ਨਹੀਂ ਅਚਰਜ ਗੱਲ! ਸਰਪੰਚ ਨੇ ਧੱਕਾ ਮਾਰ ਕੇ ਚਪੜਾਸੀ ਨੂੰ ਪਰ੍ਹਾਂ ਕੀਤਾ ਤੇ ਬਾਊ ਨੂੰ ਜਾ ਕਾਲਰੋਂ ਫੜਿਆ, ਜਿਹੜਾ ਸਾਨੂੰ ਬਾਹਰ ਕਢਵਾ ਕੇ ਆਪ ਆਪਣੀ ਕੁਰਸੀ 'ਤੇ ਜਾ ਬੈਠਾ ਸੀ। ਅਸਾਂ ਕਿਹਾ ਤੇਰਾ ਅਫਸਰ ਕਿਹੜਾ ਹੈ, ਸਾਨੂੰ ਮਿਲਾ। ਉਸ ਨੂੰ ਕਾਲਰ ਤੋਂ ਫੜ ਕੇ ਹੀ ਅਸੀਂ ਸੁਪਰਇਨਟੈਂਡੈਂਟ ਦੇ ਕਮਰੇ ਵਿਚ ਲੈ ਗਏ, ਜਿਹੜਾ ਸਾਰਾ ਦਫਤਰ ਲੰਘ ਕੇ ਅਖ਼ੀਰ 'ਤੇ ਕੈਬਿਨ ਵਿਚ ਬੈਠਾ ਸੀ। ਦਫਤਰ ਸੁਪਰਇਟੈਂਡੈਂਟ ਨੇ ਕਿਹਾ, "ਤੁਸਾਂ ਮੈਨੂੰ ਮਿਲਣਾ ਸੀ।" ਅਸਾਂ ਕਿਹਾ ਤੂੰ ਤਾਂ ਸਾਰੇ ਦਫਤਰ ਦੇ ਅਖੀਰ 'ਤੇ

ਬੈਠਾ ਹੈਂ। ਤੇਰੇ ਤੱਕ ਪਹੁੰਚਣ ਲਈ ਵੀ ਤਾਂ ਦਫਤਰ ਦੇ ਅੰਦਰ ਆਉਣਾ ਹੀ ਪੈਣਾ ਸੀ ਕਿ ਹਵਾ ਥਾਣੀ ਵੀ ਕੋਈ ਅੰਦਰ ਆ ਸਕਦਾ ਹੈ? ਅਸਾਂ ਉਸ ਨੂੰ ਪੁੱਛਿਆ,"ਇਹ ਦਫਤਰ ਫੌਜ ਦਾ ਹੈ? ਕੀ ਏਥੇ ਫੌਜੀ ਨਕਸ਼ੇ ਬਣਦੇ ਹਨ ਜਾਂ ਅਸਲਾ ਤਿਆਰ ਹੁੰਦਾ ਹੈ ? ਇਹ ਦੱਸ ਅਸੀਂ ਪਾਕਿਸਤਾਨ ਦੇ ਜਾਸੂਸ ਹਾਂ? ਸਾਡੀ ਜ਼ਮੀਨ ਐਕੁਆਇਰ ਹੋਵੇ ਤੇ ਅਸੀਂ ਉਹਦਾ ਪਤਾ ਵੀ ਨਹੀਂ ਕਰ ਸਕਦੇ?" ਬਾਕਾਇਦਾ ਪੁਲਸ ਆਈ ਤੇ ਇਹ ਮਾਮਲਾ ਸਾਨੂੰ ਸੱਚਾ ਤੇ ਓਸ ਕਲਰਕ ਨੂੰ ਝੂਠਾ ਕਰਾਰ ਦੇ ਕੇ ਹੱਲ ਹੋਇਆ। ਪਰ ਜ਼ਮੀਨ ਦੀ ਕੀ ਸਕੀਮ ਤਿਆਰ ਹੋਈ ਹੈ ਇਸ ਦਾ ਪਤਾ ਸਾਨੂੰ ਫਿਰ ਵੀ ਨਾ ਲੱਗਾ।

ਜਦੋਂ ਮੈਂ ਪੰਜਵੀ ਕਲਾਸ ਵਿਚ ਪੜ੍ਹਦਾ ਸਾਂ ਤਾਂ ਸਕੂਲ ਦੀਆਂ ਬਹੁਤ ਸਾਰੀਆਂ ਘਟਨਾਵਾਂ ਮੈਨੂੰ ਹੁਣ ਵੀ ਜਿਓਂ ਦੀਆਂ ਤਿਓਂ ਯਾਦ ਹਨ। ਮੇਰੇ ਸਕੂਲ ਦਾ ਨਾਂ ਸਨਾਤਨ ਧਰਮ ਹਾਈ ਸਕੂਲ, ਬਸਤੀ ਨੌਂ ਜਲੰਧਰ ਸੀ। ਇਸ ਦੇ ਨਾਂ ਤੋਂ ਹੀ ਪਤਾ ਲਗਦਾ ਹੈ ਕਿ ਇਹ ਕੱਟੜ ਮਹਾਸ਼ਿਆਂ ਦਾ ਸਕੂਲ ਸੀ। ਸੰਨ 1956-57 ਵਿਚ ਕੋਈ ਬਹੁਤੇ ਸਕੂਲ ਵੀ ਨਹੀਂ ਸਨ ਹੁੰਦੇ। ਮੇਰਾ ਕਿਸਾਨ ਪਰਿਵਾਰ ਸਕੂਲ ਦੇ ਮਾਸਟਰਾਂ ਦੇ ਘਰ ਕੋਈ ਨਾਂ ਕੋਈ ਚੀਜ਼ ਘਲੀ ਰਖਦਾ। ਕਦੇ ਕਿਸੇ ਮਾਸਟਰ ਦੇ ਘਰ ਮਕੱਈ ਦੀਆਂ ਛਲੀਆਂ, ਮਕੱਈ ਜਾਂ ਕਣਕ ਦਾ ਆਟਾ, ਕਿਸੇ ਦੇ ਘਰ ਗੰਨੇ, ਕਿਸੇ ਦੇ ਘਰ ਸਾਗ ਤੇ ਮੱਖਣ। ਇਹ ਸਾਰਾ ਕੁੱਝ ਇਸ ਕਰਕੇ ਕੀਤਾ ਜਾਂਦਾ ਸੀ ਕਿ ਮਾਸਟਰ ਮੈਨੂੰ ਚੰਗੀ ਤਰ੍ਹਾਂ ਪੜ੍ਹਾਉਣ ਤੇ ਮਾਰਨ ਵੀ ਨਾਂ। ਸ਼ਾਇਦ ਏਸੇ ਕਰਕੇ ਹੀ ਮੈਨੂੰ ਕਲਾਸ ਦਾ ਮਨੀਟਰ ਬਣਾ ਦਿੱਤਾ ਗਿਆ ਸੀ, ਨਹੀਂ ਤਾਂ ਮੈਂ ਏਡਾ ਲਾਇਕ ਨਹੀਂ ਸਾਂ। ਇਹ ਛਲੀਆਂ ਗੰਨਿਆ ਦਾ ਹੀ ਅਸਰ ਸੀ ਕਿ ਸਕੂਲ ਦੀਆਂ ਮਾਸਟਰਾਣੀਆਂ ਮੈਨੂੰ ਆਪਣੀ ਗੋਦੀ ਵਿਚ ਬਿਠਾ ਕੇ ਰੋਟੀ ਖਵਾ ਦੇਂਦੀਆਂ ਸਨ। ਜਦੋਂ ਕਿਸੇ ਮਾਸਟਰ ਨੂੰ ਜਿਹੜੀ ਚੀਜ ਦੀ ਲੋੜ ਹੁੰਦੀ, ਮੇਰੇ ਹੱਥ ਸੁਨੇਹਾ ਘਲ ਦੇਂਦੇ ਤੇ ਦੂਜੇ ਦਿਨ ਉਹ ਹੀ ਚੀਜ ਉਨ੍ਹਾਂ ਦੇ ਘਰ ਪਹੁੰਚ ਜਾਂਦੀ। ਮੈਨੂੰ ਕਦੇ ਕੁੱਟ ਨਹੀਂ ਸੀ ਪਈ ਪਰ ਮੇਰੇ ਸਾਹਮਣੇ ਦੂਜਿਆਂ ਮੁੰਡਿਆਂ ਨੂੰ ਪੈਂਦੀ ਕੁੱਟ ਚੇਤੇ ਕਰਕੇ ਹੁਣ ਵੀ ਮੇਰੇ ਹੱਡ ਦੁਖਣ ਲਗ ਪੈਂਦੇ ਹਨ। ਉਸ ਸਕੂਲ ਵਿਚ ਸਿੱਖਾਂ ਦੇ ਕੋਈ ਤੀਹ ਕੁ ਮੁੰਡੇ ਹੋਣਗੇ। ਮਾਸਟਰਾਂ ਨੇ ਉਨ੍ਹਾਂ ਸਾਰਿਆਂ ਦਾ ਸਾਂਝਾ ਨਾਂਅ ਜੁੰਡੇ ਰਖਿਆ ਹੋਇਆ ਸੀ। ਜਦੋਂ ਕੁਰਸੀ ਛਾਂਵੇ ਮੰਗਵਾਉਣੀ ਹੁੰਦੀ ਤਾਂ ਮਾਸਟਰ ਲਾਗੋਂ ਤੁਰੇ ਜਾਂਦੇ ਕਿਸੇ ਸਿਖ ਮੁੰਡੇ ਨੂੰ ਕਹਿੰਦੇ "ਓਇ ਜੁੰਡੇ ਜਾਹ ਔਹ ਕੁਰਸੀ ਲਿਆ ਕੇ ਛਾਂਵੇ ਰੱਖ।" ਉਹ ਮੁੰਡਾ ਬੜਾ ਖੁਸ਼ ਹੋ ਜਾਂਦਾ ਤੇ ਕੁਰਸੀ ਚੁੱਕ ਲਿਆਉਂਦਾ। ਬੱਚੇ ਤਾਂ ਮਾਸਟਰ ਦਾ ਆਖਿਆ ਹੋਇਆ ਕੰਮ ਬੜੇ ਚਾਅ ਨਾਲ ਕਰਦੇ ਸਨ। ਕਦੇ ਭਾਰੀ ਚੀਜ਼ ਚੁੱਕ ਕੇ ਲਿਆਉਣੀ ਹੁੰਦੀ ਤਾਂ ਮਾਸਟਰ ਨੇ ਕਹਿਣਾ "ਓਇ ਜੁੰਡਿਓ ਦੋ ਜਾਣੇ ਤੁਸੀਂ ਚਲੇ ਜਾਓ ਤੇ ਰਮੇਸ਼ ਤੇ ਯਸ਼ ਤੁਸੀਂ ਵੀ ਜਾਓ ਤੇ ਮੇਜ ਚੁੱਕ ਕੇ ਲਿਆਓ। "ਸਾਡੇ ਮਾਸਟਰਾਂ ਦੀ ਨਜ਼ਰ ਵਿਚ ਸਾਰੇ ਸਿਖ ਮੁੰਡੇ ਜੁੰਡੇ ਸਨ ਤੇ ਅਸੀਂ ਬੇਵਕੂਫ ਸਭ ਕਾਸੇ ਤੋਂ ਬੇਖਬਰ ਬੜੇ ਖੁਸ਼ ਸਾਂ। ਜਦੋਂ ਅੰਗਰੇਜ ਭਾਰਤ ਵਿਚ ਆਏ ਤਾਂ ਉਨ੍ਹਾਂ ਨੂੰ ਕਲਕੱਤੇ ਦੇ ਰਹਿਣ ਵਾਲੇ ਲੋਕਾਂ ਕੋਲੋਂ ਬੜੀ ਬਾਸ ਆਇਆ ਕਰੇ। ਕਿਉਂਕਿ ਬੰਗਾਲੀ ਹਰ ਵੇਲੇ ਮੱਛੀ ਖਾਂਦੇ ਹਨ ਤੇ ਮੱਛੀ ਖਾਣ ਵਾਲੇ ਕੋਲੋਂ ਮੱਛੀ ਵਰਗੀ ਬੋ ਜਰੂਰ ਆਉਂਦੀ ਹੈ। ਸ਼ਬਦ ਬੋ ਓਥੋਂ ਹੀ ਬਣਿਆ ਹੈ ਤੇ ਬੋ ਤੋਂ ਬਾਬੂ ਸ਼ਬਦ ਹੋਂਦ ਵਿਚ ਆਇਆ ਹੈ। ਕਿਉਂਕਿ ਅੰਗਰੇਜਾਂ ਦੇ ਭਾਰਤ ਆਉਣ ਤੋਂ ਪਹਿਲਾਂ ਕਿਸੇ ਵੀ ਡਿਕਸ਼ਨਰੀ ਵਿਚ ਬੋ (B. O.) ਜਾਂ ਬਾਬੂ ਸ਼ਬਦ ਨਹੀਂ ਮਿਲਦਾ। ਬਾਬੂ ਦਾ ਤਕਨੀਕੀ ਅਰਥ ਹੈ ਬੋ ਸਹਿਤ। ਪਰ ਕਿਉਂਕਿ ਬਾਬੂ ਸ਼ਬਦ ਹਕੂਮਤ ਕਰਨ ਵਾਲੇ ਅੰਗਰੇਜਾਂ ਦੇ ਮੂੰਹੋ ਨਿਕਲਿਆ ਸੀ, ਇਸ

ਲਈ ਬੰਗਾਲੀਆਂ ਵਿਚ ਬੜਾ ਹਰਮਨ ਪਿਆਰਾ ਹੋ ਗਿਆ ਤੇ ਹੁਣ ਤਾਂ ਏਥੋਂ ਤੱਕ ਹੈ ਕਿ ਜੇ ਕਿਸੇ ਬੰਗਾਲੀ ਨੂੰ ਬਾਬੂ ਨਾ ਕਿਹਾ ਜਾਵੇ ਤਾਂ ਉਹ ਗੁੱਸਾ ਕਰਦਾ ਹੈ। ਸਿੱਖਾਂ ਦਾ ਸ਼ਬਦ ਸਰਦਾਰ ਜੀ ਵੀ ਅੱਜਕਲ ਏਸੇ ਸੰਦਰਭ ਵਿਚ ਹੀ ਹੈ। ਕਿਉਂਕਿ ਸਪੱਸ਼ਟ ਸਮਝ ਆਉਂਦੀ ਹੈ ਕਿ ਜਦੋਂ ਬਿਹਾਰ ਦੇ ਮਜ਼ਦੂਰ ਆਉਂਦੇ ਹਨ ਤਾਂ ਉਹ ਸਾਰੇ ਪੰਜਾਬੀਆਂ ਨੂੰ ਸਰਦਾਰ ਹੀ ਕਹਿੰਦੇ ਹਨ। ਕਈ ਬਿਹਾਰੀ ਭਈਏ ਕਿਸੇ ਹਿੰਦੂ ਦੇ ਕਾਰਖਾਨੇ ਲਗੇ ਹੁੰਦੇ ਹਨ, ਜੇ ਉਨ੍ਹਾਂ ਨੂੰ ਪੁਛੋ "ਕਹਾਂ ਕਾਮ ਕਰਤੇ ਹੋ?" ਤਾਂ ਉਹ ਕਹਿੰਦੇ ਹਨ, "ਮਦਨ ਸਰਦਾਰ ਕੇ ਕਾਰਖਾਨਾ ਮੇਂ"। ਏਸੇ ਤਰ੍ਹਾਂ ਹੀ ਯੂ.ਪੀ. ਤੇ ਬਿਹਾਰ ਦੇ ਸਾਰੇ ਲੋਕਾਂ ਨੂੰ 'ਭਈਆ' ਸ਼ਬਦ ਬੜਾ ਵਧੀਆ ਲਗਦਾ ਹੈ। ਬਾਬੂ ਆਖਣ 'ਤੇ ਬੰਗਾਲੀ ਖੁਸ਼ ਹੁੰਦਾ ਹੈ। ਜੇ ਕਿਸੇ ਦਲਿਤ ਨੂੰ ਚੌਧਰੀ ਕਹਿ ਦੇਈਏ ਤਾਂ ਉਹਦੀ ਅੱਡੀ ਜਮੀਨ 'ਤੇ ਨਹੀਂ ਲਗਦੀ। ਬਿਲਕੁਲ ਏਸੇ ਤਰ੍ਹਾਂ ਹੀ ਸਿਖ ਨੂੰ ਸਰਦਾਰ ਜੀ ਕਹਿ ਦਿਓ ਤਾਂ ਉਹ ਫੁੱਲ ਜਾਂਦਾ ਹੈ ਪਰ ਇਹ ਹੈ ਸਿਰਫ ਸੰਬੋਧਨ ਹੀ। ਇਕ ਸ਼ਹਿਰੀ ਸਿਖ ਬੜੀ ਬਹਿਸ ਕਰੇ ਅਖੇ ਗੁਰੂ ਜੀ ਨੇ ਸਾਨੂੰ ਸਰਦਾਰ ਬਣਾਇਆ ਹੈ ਤੇ ਇਹ ਗਲ ਸਾਡੇ ਲਈ ਅੱਜ ਫਖਰ ਮਹਿਸੂਸ ਕਰਨ ਦੀ ਹੈ। ਕਰੀ ਜਾਓ ਫਖਰ, ਤੁਹਾਨੂੰ ਫਖਰ ਕਰਨ ਤੋਂ ਕੌਣ ਰੋਕਦਾ ਹੈ ਪਰ ਰਾਜਪੁਰਿਓਂ ਅਗਾਂਹ ਲੰਘ ਜਾਓ ਓਥੇ ਆਮ ਸੁਣਨ ਨੂੰ ਮਿਲਦਾ ਹੈ। "ਉਏ ਸਰਦਾਰ ਬਹਿਨ ਚੋ.... ਕਹਾਂ ਘੂੰਮ ਰਹਾ ਹੈ, ਤੇਰੇ ਬਾਪ ਕੀ ਸੜਕ ਹੈ ਕਿਆ" ਕਈ ਵਾਰ ਕੰਨਾਂ ਵਿਚ ਇਹ ਅਵਾਜ ਵੀ ਪੈਂਦੀ ਹੈ "ਓ, ਸਰਦਾਰ ਸਾਲੇ, ਲਾਈਨ ਮੇਂ ਖੜਾ ਹੋ"

ਜਦੋਂ ਮੈਂ ਛੇਵੀਂ ਵਿਚ ਪੜ੍ਹਦਾ ਸਾਂ ਤਾਂ ਇਕ ਵੇਦ ਪ੍ਰਕਾਸ਼ ਨਾਂਅ ਦਾ ਨਵਾਂ ਮਾਸਟਰ ਪਹਿਲੇ ਦਿਨ ਹੀ ਸਾਡੀ ਕਲਾਸ ਵਿਚ ਆਇਆ। ਸਾਡੀ ਕਲਾਸ ਉਠ ਕੇ ਖਲੋ ਗਈ ਤੇ ਉੱਚੀ ਸਾਰੀ ਸਾਰਿਆਂ ਨੇ ਆਖਿਆ 'ਨਮਸਤੇ ਮਾਸਟਰ ਜੀ'। ਪਰ ਉਹਨੇ ਸਾਡੀ ਨਮਸਤੇ ਵਲ ਕੋਈ ਧਿਆਨ ਨਾ ਦਿੱਤਾ ਤੇ ਦਲਜੀਤ ਨਾਂਅ ਦੇ ਇਕ ਮੁੰਡੇ ਨੂੰ ਜੂੜੇ ਤੋਂ ਫੜ ਕੇ ਥੱਲੇ ਸੁੱਟ ਲਿਆ। ਮਾਸਟਰ ਵੇਦ ਪ੍ਰਕਾਸ਼ ਨੇ ਲਤਾਂ ਮੁਕਿਆ ਤੇ ਘਸੁੰਨਾ ਨਾਲ ਉਹਨੂੰ ਬਹੁਤ ਕੁਟਿਆ। ਉਹਦੇ ਸਾਰੇ ਲੀੜੇ ਮਿੱਟੀ ਨਾਲ ਭਰ ਗਏ। ਫਿਰ ਉਹਨੇ ਉਹਨੂੰ ਲਤਾਂ ਥਲਿਓਂ ਦੀ ਕੰਨ ਫੜਾ ਕੇ ਮੁਰਗਾ ਬਣਾ ਦਿੱਤਾ ਤੇ ਉਹਦੇ ਲੱਕ ਵਿਚ ਏਨੀਆਂ ਕੂਹਣੀਆਂ ਮਾਰੀਆਂ ਕਿ ਉਹ ਮੂੰਹ ਪਰਨੇ ਜਮੀਨ 'ਤੇ ਡਿਗ ਪਿਆ। ਫਿਰ ਮਾਸਟਰ ਵੇਦ ਪ੍ਰਕਾਸ਼ ਨੇ ਇਕ ਮੁੰਡੇ ਕੋਲੋਂ ਪਾਣੀ ਮੰਗਵਾਇਆ ਤੇ ਆਪਣੇ ਹੱਥ ਧੋਤੇ। ਪਹਿਲਾਂ ਵੀ ਸਾਰੇ ਮਾਸਟਰ ਜਦੋਂ ਕਿਸੇ ਸਿੱਖ ਦਾ ਜੂੜਾ ਫੜ ਕੇ ਹਿਲਾਉਂਦੇ ਸਨ ਤਾਂ ਹੱਥ ਜਰੂਰ ਧੋਂਦੇ ਸਨ। ਬਹੁਤ ਬਾਅਦ ਵਿਚ ਮੈਨੂੰ ਪਤਾ ਲੱਗਾ ਕਿ ਉਹ ਹੱਥ ਇਸ ਕਰਕੇ ਧੋਂਦੇ ਸਨ ਕਿਉਂਕਿ ਉਹ ਸਮਝਦੇ ਸਨ ਕਿ ਇਹਨਾਂ ਦੇ ਵਾਲ ਬਹੁਤ ਗੰਦੇ ਤੇ ਬਦਬੋਦਾਰ ਹੁੰਦੇ ਹਨ। ਇਸ ਲਈ ਜੂੜੇ ਨੂੰ ਪੁੱਟਣ ਤੋਂ ਬਾਅਦ ਹੱਥ ਧੋਣੇ ਜਰੂਰੀ ਸਨ। ਸਾਰੀ ਕਲਾਸ ਹੈਰਾਨ ਸੀ ਕਿ ਆਖਰ ਦਲਜੀਤ ਨੇ ਕੀਤਾ ਕੀ ਸੀ, ਜਿਹਦੇ ਕਰਕੇ ਉਹਨੂੰ ਏਨੀ ਕੁੱਟ ਪਈ। ਦਲਜੀਤ ਬਹੁਤ ਹੀ ਭਲਾਮਾਣਸ ਤੇ ਸੰਜੀਦਾ ਮੁੰਡਾ ਸੀ। ਉਹਦੀ ਡਰਾਇੰਗ ਸਾਡੇ ਡਰਾਇੰਗ ਮਾਸਟਰ ਤੋਂ ਵੀ ਚੰਗੀ ਸੀ। ਜਾਂ ਕਹਿ ਲਓ ਕਿ ਉਹ ਇਕ ਕਲਾਕਾਰ ਸੀ। ਉਹਨੇਂ ਕਈ ਮਾਸਟਰਾਂ ਦੇ ਪੋਰਟਰੇਟ ਬਣਾ ਕੇ ਉਨ੍ਹਾਂ ਨੂੰ ਦਿਖਾਏ ਸਨ। ਘੋੜਾ, ਗਾਂ, ਕਾਰ ਤੇ ਇਸ ਤਰ੍ਹਾਂ ਦੀਆਂ ਕਈ ਹੋਰ ਚੀਜਾਂ ਦੇ ਚਿੱਤਰ ਬਨਾਉਣੇ ਉਹਦੇ ਖੱਬੇ ਹੱਥ ਦਾ ਕੰਮ ਸੀ। ਅੱਜ ਮੈਂ ਕਹਿ ਸਕਦਾ ਹਾਂ ਕਿ ਉਹ ਇਕ ਨਿੱਕਾ ਕਲਾਕਾਰ ਸੀ।

ਇਕ ਦਿਨ ਬਹੁਤ ਸਾਰੇ ਮਾਸਟਰ ਸਟਾਫ ਰੂਮ ਵਿਚ ਬੈਠੇ ਸਨ। ਮੇਰੇ ਕੋਲੋਂ ਉਨ੍ਹਾਂ ਨੇ ਇਕ ਜਗ ਪਾਣੀ ਮੰਗਵਾਇਆ। ਮੈਨੂੰ ਅਥਾਹ ਖੁਸ਼ੀ ਹੋਈ ਕਿਉਂਕਿ ਗੁਲਾਮਾਂ ਜਿਹਾਂ ਕੋਲੋਂ ਜੇ

ਕੋਈ ਕੰਮ ਕਰਵਾਏ ਤਾਂ ਉਹਨਾਂ ਨੂੰ ਬਹੁਤ ਚੰਗਾ ਲਗਦਾ ਹੈ। ਮੈਂ ਗਲਾਸਾਂ ਵਿਚ ਪਾਣੀ ਪਾ ਪਾ ਕੇ ਸਾਰੇ ਮਾਸਟਰਾਂ ਨੂੰ ਫੜਾ ਰਿਹਾਂ ਸਾਂ। ਮਾਸਟਰ ਵੇਦ ਪ੍ਰਕਾਸ਼ ਦੂਜੇ ਮਾਸਟਰਾਂ ਨੂੰ ਦਸ ਰਿਹਾ ਸੀ "ਇਹ ਮੇਰੇ ਪੜ੍ਹਾਈ ਦੇ ਧੰਦੇ ਦਾ ਪਹਿਲਾ ਦਿਨ ਸੀ। ਮੇਰੇ ਚਾਚਾ ਜੀ ਜੋ ਬਹੁਤ ਹੀ ਚੰਗੇ ਮਾਸਟਰ ਸਾਬਤ ਹੋਏ ਹਨ ਨੇ ਮੈਨੂੰ ਇਹ ਗੁਰ ਦਸਿਆ ਸੀ ਕਿ 'ਪਹਿਲੇ ਦਿਨ ਜਾਂਦੇ ਹੀ ਇਕ ਮੁੰਡੇ ਨੂੰ ਏਨਾਂ ਮਾਰੋ ਕਿ ਬਾਕੀ ਸਾਰਿਆਂ ਨੂੰ ਕੰਨ ਹੋ ਜਾਣ।' ਇਕ ਮਾਸਟਰ ਨੇ ਪੁਛਿਆ "ਪਰ ਤੁਸਾਂ ਦਲਜੀਤ ਨੂੰ ਹੀ ਕਿਉਂ ਚੁਣਿਆ?" ਤਾਂ ਉਹਨੇ ਕਿਹਾ, "ਇਕ ਤਾਂ ਉਹ ਪਹਿਲੇ ਡੈਸਕ 'ਤੇ ਰਾਹ ਦੇ ਨਾਲ ਬੈਠਾ ਸੀ, ਨਾਲੇ ਸਿੱਖ ਦੀ ਹੱਡੀ ਬੜੀ ਪੱਕੀ ਹੁੰਦੀ ਹੈ, ਜਿਨਾਂ ਮੈਂ ਉਹਨੂੰ ਕੁਟਿਆ ਕੋਈ ਹੋਰ ਮੁੰਡਾ ਹੁੰਦਾ ਤਾਂ ਮਰ ਹੀ ਜਾਂਦਾ ਪਰ ਉਹ ਚੰਗਾ ਭਲਾ ਰਿਹਾ।" ਹੰਕਾਰਿਆ ਹੋਇਆ ਮਾਸਟਰ ਵੇਦ ਪ੍ਰਕਾਸ਼ ਇਹ ਗੱਲ ਆਪਣੀ ਬੜੀ ਵੱਡੀ ਪ੍ਰਾਪਤੀ ਵਜੋਂ ਦਸ' ਰਿਹਾ ਸੀ।

ਦੂਜੇ ਦਿਨ ਦਲਜੀਤ ਸਕੂਲ ਆਇਆ ਤਾਂ ਬੜਾ ਅਨਮਨਾਂ ਜਿਹਾ ਸੀ। ਤੀਜੇ ਕੁ ਦਿਨ ਉਸਨੂੰ ਬੁਖਾਰ ਚੜ੍ਹਨ ਲੱਗ ਪਿਆ। ਉਹ ਹੌਲੀ ਹੌਲੀ ਤੇ ਅੱਗੇ ਨੂੰ ਝੁੱਕ ਕੇ ਤੁਰਦਾ ਸੀ ਤੇ ਤੁਰਦਾ ਹੋਇਆ ਵੀ ਲਤਾਂ ਨੂੰ ਘੜੀਸ ਘੜੀਸ ਕੇ ਤੁਰਦਾ। ਵੀਹਾਂ ਕੁ ਦਿਨਾਂ ਬਾਅਦ ਉਹ ਤੁਰਿਆ ਜਾਂਦਾ ਡਿੱਗ ਪਿਆ। ਸਾਡੇ ਛੋਟੇ ਹੈਡ ਮਾਸਟਰ ਭਗਵਾਨ ਦਾਸ ਨੇ ਰਿਕਸ਼ੇ ਤੇ ਬਹਾ ਕੇ ਉਹਨੂੰ ਘਰ ਭੇਜ ਦਿੱਤਾ। ਉਹਦਾ ਘਰ ਬਸਤੀਆਂ ਅੱਡੇ ਕੋਲ ਬਿਲਕੁਲ ਮੇਰੇ ਰਾਹ ਵਿਚ ਪੈਂਦਾ ਸੀ। ਕਈ ਵਾਰ ਅਸੀਂ ਇਕੱਠੇ ਹੀ ਸਕੂਲ ਆਉਂਦੇ ਹੁੰਦੇ ਸਾਂ। ਉਹਦਾ ਪਿਓ ਡਾਕੀਆ ਸੀ ਤੇ ਮਾਂ ਬੈਂਕ ਵਿਚ ਚਪੜਾਸਣ ਸੀ। ਦੂਜੇ ਦਿਨ ਸਕੂਲ ਆਉਣ ਲਗਾ ਮੈਂ ਉਹਦੇ ਘਰ ਗਿਆ। ਜਿਸ ਸੜਕ ਤੋਂ ਮੈਂ ਸਕੂਲ ਆਉਂਦਾ ਸਾਂ ਦਲਜੀਤ ਦੇ ਘਰ ਦਾ ਦਰਵਾਜਾ ਬਿਲਕੁਲ ਉਸ ਸੜਕ 'ਤੇ ਖੁਲ੍ਹਦਾ ਸੀ। ਮੈਂ ਕਮਰੇ ਵਿਚ ਗਿਆ ਤਾਂ ਉਹਦੀ ਮਾਂ ਨਾਲੇ ਰੋ ਰਹੀ ਸੀ ਨਾਲੇ ਉਹਦੀਆਂ ਲਤਾਂ ਨੂੰ ਬੜੇ ਸੰਘਣੇ ਤੇ ਬਦਬੋਦਾਰ ਤੇਲ ਦੀ ਮਾਲਸ਼ ਕਰ ਰਹੀ ਸੀ। ਆਉਂਦਾ ਜਾਂਦਾ ਮੈਂ ਬਾਹਰ ਧੁੱਪੇ ਮੰਜੇ 'ਤੇ ਲੰਮੇ ਪਏ ਦਲਜੀਤ ਕੋਲ ਜਰੂਰ ਰੁਕਦਾ। ਜਹਾਲਤ ਓਦੋਂ ਏਨੀ ਸੀ ਕਿ ਉਹਦੇ ਮਾਂ ਪਿਓ ਨੇ ਇਕ ਵਾਰ ਵੀ ਸਕੂਲ ਜਾ ਕੇ ਇਹ ਪਤਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਆਖਰ ਦਲਜੀਤ ਨੂੰ ਹੋਇਆ ਕੀ? ਦਲਜੀਤ ਵਿਚਾਰਾ ਤਾਂ ਬੱਚਾ ਸੀ। ਉਦੋਂ ਮਾਂ ਪਿਓ ਏਨੇਂ ਜਾਹਲ ਹੁੰਦੇ ਸਨ ਕਿ ਕਦੇ ਵੀ ਬੱਚੇ ਦੇ ਸਕੂਲ ਜਾ ਕੇ ਉਹਦੀ ਪੜ੍ਹਾਈ ਬਾਰੇ ਪੁੱਛਗਿੱਛ ਨਹੀਂ ਸਨ ਕਰਦੇ। ਦਸਵੀਂ ਤੱਕ ਮੈਂ ਕਦੇ ਵੀ ਕਿਸੇ ਬੱਚੇ ਦੇ ਮਾਂ ਪਿਓ ਨੂੰ ਸਕੂਲ ਆਇਆਂ ਨਹੀਂ ਵੇਖਿਆ ਤੇ ਮੇਰਾ ਪਿਓ ਵੀ ਕਦੇ ਮੇਰੇ ਸਕੂਲ ਨਹੀਂ ਸੀ ਆਇਆ। ਜੇ ਕਿਸੇ ਨੇ ਵੱਛੀ ਵੀ ਵੱਗ ਵਿਚ ਚਰਨ ਛੱਡੀ ਹੋਵੇ ਤਾਂ ਕਦੇ ਕਦਾਂਈ ਬੰਦਾ ਜਾ ਕੇ ਉਹਦੇ ਸਿਰ 'ਤੇ ਹੱਥ ਫੇਰ ਆਉਂਦਾ ਹੈ, ਪੇਸੀ ਗੁੜ ਹੀ ਚਾਰ ਆਉਂਦਾ ਹੈ। ਪਰ ਏਥੇ ਏਦਾਂ ਨਹੀਂ ਸੀ। ਜੇ ਤਾਂ ਦਲਜੀਤ ਓਸੇ ਦਿਨ ਹੀ ਲਤਾਂ ਤੋਂ ਤੁਰਨੋ ਰਹਿ ਜਾਂਦਾ ਤਾਂ ਮਾਸਟਹ ਵੇਦ ਪ੍ਰਕਾਸ਼ ਦਾ ਨਾਂ ਲਗਦਾ। ਪਰ ਕਾਫੀ ਦਿਨਾਂ ਬਾਅਦ ਅਜਿਹਾ ਹੋਣ ਨੂੰ ਸਾਰਿਆਂ ਨੇ ਅਨਪੜ੍ਹਤਾ ਵੱਸ ਦਲਜੀਤ ਦੀ ਹੋਣੀ ਮੰਨ ਲਿਆ। ਅਸਲ ਵਿਚ ਜਦੋਂ ਮਾਸਟਰ ਨੇ ਉਹਦੇ ਲੱਕ ਵਿਚ ਠੁੱਡਾ ਮਾਰਿਆ ਤਾਂ ਉਹਦੇ ਲੱਕ ਦੀ ਹਡੀ ਵਿਚਲੇ ਪੱਠੇ ਘੁਟੇ ਗਏ ਤੇ ਹੌਲੀ ਹੌਲੀ ਕੰਮ ਕਰਨੋਂ ਹੱਟ ਗਏ। ਨਤੀਜਾ ਉਹਦੀਆਂ ਲਤਾਂ ਨੂੰ ਲਕਵਾ ਮਾਰ ਗਿਆ। ਇਕ ਦਿਨ ਦਲਜੀਤ ਕਛਾਂ ਵਿਚ ਫਹੁੜੀਆਂ ਅੜਾ ਕੇ ਤੁਰਿਆ ਜਾਂਦਾ ਮੈਨੂੰ ਅੱਡੇ 'ਤੇ ਮਿਲਿਆ। ਬਸ ਉਸ ਤੋਂ ਬਾਅਦ ਤਾਂ ਉਹ ਫਹੁੜੀਆਂ ਹੀ ਉਸਦਾ ਸਹਾਰਾ ਸਨ।

ਜਿਹੜੇ ਭੋਲੂ ਕਿਸਮ ਦੇ ਸਿੱਖ ਇਹ ਕਹਿੰਦੇ ਹਨ ਕਿ ਪਹਿਲਾਂ ਸਿੱਖਾਂ ਨਾਲ ਕੋਈ ਨਫਰਤ ਜਾਂ ਵਿੱਤਕਰਾ ਨਹੀਂ ਸੀ ਹੁੰਦਾ ਕੀ ਉਹ ਬਕਵਾਸ ਨਹੀਂ ਕਰਦੇ? ਸਰਦਾਰ ਕਪੂਰ ਸਿੰਘ ਨੇ ਆਪਣੀ ਕਿਤਾਬ ਸਾਚੀ ਸਾਖੀ ਵਿਚ ਲਿਖਿਆ ਹੈ ਕਿ ਪਾਕਿਸਤਾਨ ਬਣਨ ਤੋਂ ਦੋ ਤਿੰਨ ਸਾਲ ਬਾਅਦ ਦੁਸਿਹਰੇ ਵਾਲੇ ਦਿਨ ਕੁੱਝ ਹਿੰਦੂ ਪ੍ਰਾਤ ਵਿਚ ਗੋਹਾ ਪਾਈ ਫਿਰਦੇ ਸਨ ਤੇ ਦੁਸੌਹਿਰਾ ਗਰਾਂਓਡ ਵਿਚ ਲੋਕਾਂ ਨੂੰ ਕਹਿੰਦੇ ਫਿਰਦੇ ਸਨ, "ਅੰਬਰਸਰ ਦੇ ਗੁਰਦੁਆਰੇ ਦਾ ਕੜਾਹ ਪ੍ਰਸ਼ਾਦ ਲੈ ਲਓ"। ਸ. ਕਪੂਰ ਸਿੰਘ ਅੰਗਰੇਜ ਵੇਲੇ ਦੇ ਆਈ. ਸੀ. ਐਸ. ਅਫਸਰ ਸਨ। ਇਸ ਪਦਵੀ ਬਾਰੇ ਸੈਕਟਰੀ ਆਫ ਸਟੇਟ ਫਾਰ ਇੰਡੀਆ ਨੇ ਬ੍ਰਿਟਿਸ਼ ਪਾਰਲੀਮੈਂਟ ਵਿਚ ਕਿਹਾ ਸੀ ਕਿ ਹਿੰਦੁਸਤਾਨ ਵਿਚ ਮਹਾਂਰਾਜਿਆਂ ਨੂੰ ਤਾਂ ਗਦੀਓਂ ਲਾਹੁਣਾ ਸੌਖਾ ਹੈ ਪਰ ਆਈ. ਸੀ. ਐਸ. ਅਫਸਰ ਨੂੰ ਨੌਕਰੀ ਤੋਂ ਲਾਹੁਣਾ ਔਖਾ ਹੈ। ਪੰਡਤ ਜਵਾਰ ਲਾਲ ਨਹਿਰੂ ਨੇ ਇਕ ਚਿਠੀ ਗਵਰਨਰ ਪੰਜਾਬ ਚੰਦੂ ਲਾਲ ਤ੍ਰਿਵੇਦੀ ਤੇ ਡਾ. ਗੋਪੀ ਚੰਦ ਭਾਰਗਵ ਨੂੰ ਲਿਖੀ ਕਿ ਕਪੂਰ ਸਿੰਘ ਦਾ ਮੱਕੂ ਕਿਉਂ ਨਹੀਂ ਠਪਿਆ ਜਾਂਦਾ। (Why is not something being done about this man) ਇਸ ਤਰ੍ਹਾਂ ਬਿਨਾਂ ਕਿਸੇ ਦੋਸ਼ ਲਾਏ ਦੇ ਸਰਦਾਰ ਕਪੂਰ ਸਿੰਘ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਹਾਲਾਂ ਕਿ ਕਾਨੂੰਨ ਅਨੁਸਾਰ ਕਿਸੇ ਆਈ. ਸੀ. ਐਸ. ਅਫਸਰ ਨੂੰ ਮੁਅਤਲ ਕੀਤਾ ਹੀ ਨਹੀਂ ਜਾ ਸਕਦਾ। ਜਿਨਾਂ ਚਿਰ ਕੋਈ ਗੰਭੀਰ ਦੋਸ਼ ਪੜਤਾਲ ਕਰਨ ਪਿਛੋਂ ਸਾਬਤ ਨਾਂ ਹੋ ਜਾਵੇ। ਇਹ ਗਲ ਹੁਣ ਸੁਪਰੀਮ ਕੋਰਟ ਨੇ ਕਈ ਕੇਸਾਂ ਵਿਚ ਮੰਨੀ ਹੈ। ਪਿਛਲੇ ਸੌ ਸਾਲਾਂ ਤੋਂ ਨਾਂ ਹੀ ਕੋਈ ਆਈ. ਸੀ. ਐਸ. ਅਫਸਰ ਮੁਅਤਲ ਹੋਇਆ ਹੈ ਤੇ ਨਾਂ ਹੀ ਕਪੂਰ ਸਿੰਘ ਤੋਂ ਬਾਅਦ ਕਿਸੇ ਹੋਰ ਨੂੰ ਅੱਜ ਤੱਕ ਮੁਅਤਲ ਕੀਤਾ ਹੈ। ਸ. ਕਪੂਰ ਸਿੰਘ 'ਤੇ ਲਾਏ ਦੋਸ਼ਾਂ ਦੀ ਪੜਤਾਲ ਐਰਕ ਵੈਸਟਨ ਕਰ ਰਿਹਾ ਸੀ, ਇਕ ਦਿਨ ਉਸਨੇ ਸ. ਕਪੂਰ ਸਿੰਘ ਨੂੰ ਸਿੱਧਾ ਹੀ ਕਹਿ ਦਿੱਤਾ ਕਿ ਸਰਕਾਰ ਤੁਹਾਨੂੰ ਆਈ. ਸੀ. ਐਸ. ਦੀ ਪੱਦਵੀ 'ਤੇ ਰਖਣਾ ਨਹੀਂ ਚਾਹੁੰਦੀ"। 1965 ਵਿਚ ਸ. ਗੁਰਨਾਮ ਸਿੰਘ ਨੇ ਜਦੋਂ ਉਹ ਪੰਜਾਬ ਵਿਧਾਨ ਸਭਾ ਦੇ ਅਪੋਜੀਸ਼ਨ ਲੀਡਰ ਸਨ, ਇਕ ਚਿਠੀ ਉਸ ਵੇਲੇ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੂੰ ਲਿਖੀ ਕਿ ਹੁਣ ਜਦੋਂ ਸ੍ਰੀ ਰਘੂਪਤੀ ਕਪੂਰ ਦੇ ਕੇਸ ਵਿਚ ਫੈਸਲਾ ਹੋ ਗਿਆ ਹੈ ਕਿ ਸਰਕਾਰ ਕਿਸੇ ਆਈ. ਸੀ. ਐਸ. ਅਫਸਰ ਨੂੰ ਨਹੀਂ ਕੱਢ ਸਕਦੀ ਤਾਂ ਕਪੂਰ ਸਿੰਘ ਨੂੰ ਵੀ ਉਸਦੀ ਬਣਦੀ ਤਨਖਾਹ ਤੇ ਪੈਨਸ਼ਨ ਦੇ ਦਿੱਤੀ ਜਾਵੇ ਤਾਂ ਉਸ ਚਿੱਠੀ ਦਾ ਉਤਰ ਲਾਲ ਬਹਾਦੁਰ ਸ਼ਾਸਤਰੀ ਨੇ ਇਉਂ ਦਿੱਤਾ : "ਹਿੰਦ ਸਰਕਾਰ ਸ. ਕਪੂਰ ਸਿੰਘ ਨੂੰ ਕੁਝ ਵੀ ਦੇਣ ਦਵਾਣ ਨੂੰ ਤਿਆਰ ਨਹੀਂ। ਕੜਾ ਕਾਨੂੰਨ ਜੋ ਭੀ ਹੋਵੇ ਸੋ ਹੋਵੇ।" ਸ. ਕਪੂਰ ਸਿੰਘ ਦਾ ਕਸੂਰ ਸਿਰਫ ਏਨਾਂ ਸੀ ਕਿ ਉਹ ਸਿੱਖ ਸੀ।

ਇਕ ਹੋਰ ਵਾਕਿਆ ਵੀ ਲਿਖਣਯੋਗ ਹੈ। ਮਾਸਟਰ ਤਾਰਾ ਸਿੰਘ ਦੇ ਕੇਸ ਦੀ ਪੈਰਵੀ ਕਰਨ ਸ. ਹੁਕਮ ਸਿੰਘ, ਸ. ਦਲੀਪ ਸਿੰਘ ਕੰਗ ਅਤੇ ਸ. ਹਰਚੰਦ ਸਿੰਘ ਬਾਜਵਾ ਤਿੰਨੇ ਸਿੱਖ ਲੀਡਰ ਸ਼ਿਮਲੇ ਗਏ ਹੋਏ ਸਨ। ਉਹਨਾਂ ਨੂੰ ਸ੍ਰੀ ਐਨ ਚੈਟਰਜੀ ਪਰਸਿਧ ਵਕੀਲ ਕਹਿਣ ਲੱਗੇ, "ਪੰਜਾਬ ਦੇ ਕੁਝ ਹਿੰਦੂ ਇਤਨੇ ਘਟੀਆ ਤੇ ਤੰਗ ਦਿਲ ਕਿਉਂ ਹਨ? ਮੈਨੂੰ ਹਾਈਕੋਰਟ ਦਾ ਜੱਜ ਜੀ. ਡੀ. ਖੋਸਲਾ ਕਹਿੰਦਾ ਹੈ ਕਿ ਤੂੰ ਹਿੰਦੂ ਹੋ ਕੇ ਮਾਸਟਰ ਤਾਰਾ ਸਿੰਘ ਦੀ ਵਕਾਲਤ ਕਰਨ ਕਿਉਂ ਗਿਆ ਹੈਂ, ਸਿੱਖ ਤਾਂ ਬੜੇ ਕਮਿਊਨਲ ਤੇ ਖਤਰਨਾਕ ਹਨ। ਇਹ ਤਾਂ ਮਰੇ ਹੀ ਚੰਗੇ"। ਕਿਹੜਾ ਸਿੱਖ ਇਹ ਕਹਿ ਸਕਦਾ ਹੈ ਕਿ ਪਹਿਲਾਂ ਸਿੱਖਾਂ ਦੀ ਇਜ਼ਤ ਹੁੰਦੀ ਸੀ ਜਿਸ ਮਾਸਟਰ ਤਾਰਾ ਸਿੰਘ ਬਾਰੇ ਇਹ ਗੱਲ ਕਹੀ ਗਈ ਹੈ ਏਸੇ ਮਾਸਟਰ

ਨੇ ਹੀ ਜਦੋਂ ਮੁਸਲਮ ਲੀਗ ਦਾ ਝੰਡਾ ਵਢਿਆ ਸੀ ਤਾਂ ਹਿੰਦੂਆਂ ਨੇ ਸਰਬਸੰਮਤੀ ਨਾਲ ਇਸਨੂੰ ਆਪਣਾ ਪ੍ਰਧਾਨ ਚੁਣ ਲਿਆ ਸੀ। ਪਰ ਅਜ਼ਾਦ ਭਾਰਤ ਵਿਚ ਅੰਬ ਵਾਂਗ ਚੂਪ ਕੇ ਪਰ੍ਹਾਂ ਮਾਰਿਆ।

* * *

"ਪਾਕਿਸਤਾਨ ਵਿਚੋਂ ਉਜੜ ਕੇ ਆਏ ਸਿੱਖਾਂ ਨੂੰ ਖਾਸ ਕਰਕੇ, ਅਤੇ ਸਭ ਪੰਜਾਬ ਦੇ ਸਿੱਖਾਂ ਨੂੰ ਹੀ ਇਉਂ ਮੰਨ ਕੇ ਕਿ ਇਹ ਜਰਾਇਮ ਪੇਸ਼ਾ ਕੌਮ ਹੈ, ਜਿਤਨੀ ਹੋ ਸਕੇ ਸਖਤੀ ਇਨ੍ਹਾਂ ਉੱਤੇ ਕੀਤੀ ਜਾਵੇ। ਮਾਰਨਾ ਕੁਟਣਾਂ, ਗੋਲੀਆਂ ਨਾਲ ਮਾਰ ਸੁਟਣਾ ਆਦਿ ਅਤੇ ਇਹ ਕੰਮ ਸਰਕਾਰੀ ਪੱਧਰ ਉੱਤੇ ਬਿਨਾਂ ਕਾਨੂੰਨ ਨਿਆਂ ਵਿਚਾਰੇ ਦੇ ਐਸੀ ਤੱਦੀ ਨਾਲ ਕੀਤਾ ਜਾਵੇ ਕਿ ਸਿੱਖਾਂ ਨੂੰ ਹੋਸ਼ ਆ ਜਾਏ ਕਿ ਰਾਜਾ ਕੌਣ ਹੈ ਤੇ ਪਰਜਾ ਕੌਣ?" (ਚੰਦੂ ਲਾਲ ਤ੍ਰਿਵੇਦੀ, ਗਵਰਨਰ ਪੰਜਾਬ, ਨਵੰਬਰ 1947)

**(ਸਿਰਦਾਰ ਕਪੂਰ ਸਿੰਘ ਕਿਰਤ, ਸਾਚੀ ਸਾਖੀ 'ਚੋਂ)**

* * *

ਇਕ ਮੁਲਜ਼ਿਮ ਜਿਸਦੀਆਂ ਅੱਖਾਂ ਘੁੱਟ ਕੇ ਬੱਧੀਆਂ ਹੋਈਆਂ ਸਨ, ਨੂੰ ਚੀਫ ਜੁਡੀਸ਼ੀਅਲ ਮੈਜਿਸਟਰੇਟ ਸ੍ਰੀ ਚੀਮਾ ਅੱਗੇ ਪੇਸ਼ ਕੀਤਾ ਗਿਆ। ਅਦਾਲਤ ਨੇ ਹੁਕਮ ਦਿੱਤਾ ਕਿ ਮੁਲਜ਼ਿਮ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਜਾਣ। ਹੁਕਮ ਦੀ ਤਾਮੀਲ ਕੀਤੀ ਗਈ। ਕੇਸ ਸੁਣ ਕੇ ਅਦਾਲਤ ਨੇ ਹੁਕਮ ਦਿੱਤਾ ਕਿ ਮੁਲਜ਼ਿਮ ਨੂੰ ਜੇਲ੍ਹ ਭੇਜ ਦਿੱਤਾ ਜਾਵੇ, ਮੁੜ ਫੌਜ ਨੂੰ ਨਾ ਸੌਂਪਿਆ ਜਾਵੇ। ਇਕ ਦਮ ਇਕ ਜੂਨੀਅਰ ਕਮਿਸ਼ਨਡ ਅਫਸਰ ਅਦਾਲਤ ਵਿਚ ਘੁੱਸ ਆਇਆ ਅਤੇ ਉਸਨੇ ਸਪੱਸ਼ਟ ਸ਼ਬਦਾਂ ਵਿਚ ਮੈਜਿਸਟਰੇਟ ਨੂੰ ਹਿੰਦੀ ਵਿਚ ਕਿਹਾ, "ਗੋਲੀ ਖਾਇਗਾ ਕਿ ਰਿਮਾਂਡ ਦੇਗਾ।" ਅਰਾਮ ਕਮਰੇ ਵਿਚ ਅਦਾਲਤ ਦੇ ਜੇਲ੍ਹ ਭੇਜਣ ਵਾਲੇ ਹੁਕਮ ਨੂੰ ਪਾੜ ਦਿੱਤਾ ਗਿਆ ਤੇ ਉਸਨੂੰ ਰਿਮਾਂਡ ਵਿਚ ਬਦਲ ਦਿੱਤਾ ਗਿਆ। ਸ੍ਰੀ ਚੀਮਾ ਨੇ ਸੈਸ਼ਨ ਜੱਜ ਅਤੇ ਡਿਪਟੀ ਕਮਿਸ਼ਨਰ ਕੋਲ ਸ਼ਿਕਾਇਤ ਕੀਤੀ ਤੇ ਉਨ੍ਹਾਂ ਨੇ ਬ੍ਰਿਗੇਡੀਅਰ ਦੇ ਧਿਆਨ ਵਿਚ ਇਹ ਮਾਮਲਾ ਲਿਆਂਦਾ। ਬ੍ਰਿਗੇਡੀਅਰ ਨੇ ਅਫਸੋਸ ਜਾਹਿਰ ਕੀਤਾ ਪਰ ਗੱਲ ਓਥੇ ਦੀ ਓਥੇ ਹੀ ਰਹੀ।

('ਪੰਜਾਬ ਬਾਰੇ ਸੱਚ', ਸਫਾ 278)

***

# ☐ ਲਾਲ ਕਿਤਾਬ ਬਖਾਨੇ ਇਉਂ ਤੇਲੀ ਬਲਦ ਭਿੜਾਇਆ ਕਿਉਂ

ਪਾਕਿਸਤਾਨ ਕਿਉਂ ਤੇ ਕਿਵੇਂ ਬਣਿਆ ? ਕੀ ਹੋ ਸਕਦਾ ਸੀ ਤੇ ਕੀ ਨਹੀਂ ਹੋ ਸਕਦਾ ਸੀ ? ਕੀ ਕੀਤਾ ਗਿਆ ਤੇ ਕੀ ਨਹੀਂ ਕੀਤਾ ਗਿਆ, ਇਕ ਪੁਰਾਣਾ ਤੇ ਖ਼ਤਮ ਹੋ ਚੁੱਕਾ ਮੁੱਦਾ ਹੈ ਤੇ ਬਿਲਕੁਲ ਓਸੇ ਤਰ੍ਹਾਂ ਹੀ ਹੈ ਜਿਵੇਂ ਪੋਸਟ ਗਰੈਜੁਏਟ ਮੈਡੀਕਲ ਇੰਸਟੀਚਿਊਸ਼ਨਾਂ ਵਿਚ ਮਰੀਜ਼ ਦੇ ਮਰ ਜਾਣ ਤੋਂ ਬਾਅਦ ਡਾਕਟਰ ਇਕੱਠੇ ਹੋ ਕੇ ਵਿਚਾਰ ਕਰਦੇ ਹਨ। ਕੋਈ ਡਾਕਟਰ ਕਹਿੰਦਾ ਹੈ ਕਿ ਜੇ ਆਹ ਦਵਾਈ ਦੇਂਦੇ ਤਾਂ ਫਾਇਦਾ ਹੋ ਸਕਦਾ ਸੀ, ਕੋਈ ਕਹਿੰਦਾ ਹੈ ਇਸ ਦਵਾਈ ਦਾ ਫਾਇਦਾ ਨਹੀਂ ਸੀ, ਐਵੇਂ ਹੀ ਦਿੱਤੀ ਗਈ। ਪਰ ਇਹਨਾਂ ਗੱਲਾਂ ਨਾਲ ਮਰੇ ਪਏ ਮਰੀਜ਼ ਨੂੰ ਕੋਈ ਫਾਇਦਾ ਨਹੀਂ ਹੁੰਦਾ। ਹਾਂ ਅੱਗੋਂ ਆਉਣ ਵਾਲੇ ਮਰੀਜ਼ ਲਈ ਇਹਨਾਂ ਗੱਲਾਂ ਦਾ ਧਿਆਨ ਰੱਖਿਆ ਜਾ ਸਕਦਾ ਹੈ। ਏਸੇ ਤਰ੍ਹਾਂ ਹੀ ਪਾਕਿਸਤਾਨ ਤਾਂ ਬਣ ਗਿਆ ਤੇ ਨਤੀਜੇ ਵਜੋਂ ਸਿੱਖ ਉੱਜੜ ਗਏ। ਹੁਣ ਪੁਰਾਣੀਆਂ ਗੱਲਾਂ ਕਰਨ ਨਾਲ ਪੁਰਾਣੇ ਜ਼ਖ਼ਮ ਤਾਂ ਉੱਚੜ ਸਕਦੇ ਹਨ, ਫਾਇਦਾ ਨਹੀਂ ਹੋ ਸਕਦਾ। ਪੰਜਾਬੀ ਦੀ ਕਹਾਵਤ ਹੈ-'ਦੁੱਧ ਓਹਦਾ, ਜਿਹੜਾ ਉੱਬਲਣ ਤੋਂ ਪਹਿਲਾਂ ਸਾਂਭ ਲਵੇ।' ਉੱਬਲ ਚੁੱਕੇ ਦੁੱਧ ਦੀਆਂ ਗੱਲਾਂ ਕਰਨੀਆਂ ਤਾਂ ਮਨ ਨੂੰ ਕਲੇਸ਼ ਦੇਣ ਬਰਾਬਰ ਹੈ। ਹੁਣ ਤਾਂ ਇਹ ਗੱਲ ਕਰੀਏ ਕਿ ਜਦੋਂ ਸਿੱਖ ਉਜੜ-ਪੁੱਜੜ ਕੇ ਕੱਟੀ ਹੋਈ ਪਤੰਗ ਵਾਂਗ ਭਾਰਤ ਵਾਲੇ ਪਾਸੇ ਆ ਕੇ ਡਿੱਗੇ ਤਾਂ ਭਾਰਤ ਦੀ ਹਿੰਦੂ ਸਰਕਾਰ ਨੇ ਸਿੱਖਾਂ ਦੇ ਸੁਆਗਤ ਲਈ ਕਿਵੇਂ ਤੇਲ ਚੋਇਆ ? ਓਸ ਵੇਲੇ ਦੇ ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਨੇ ਇਕ ਸਰਕੂਲਰ ਜਾਰੀ ਕਰਕੇ ਸਾਰੇ ਜਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਸਾਵਧਾਨ ਕੀਤਾ ਕਿ ਪੱਛਮੀ ਪੰਜਾਬ ਵਿਚੋਂ ਆਉਣ ਵਾਲੇ ਸਿੱਖ ਜਰਾਇਮ ਪੇਸ਼ਾ ਲੋਕ ਹਨ, ਇਸ ਲਈ ਉਹਨਾਂ ਦਾ ਧਿਆਨ ਰੱਖਿਆ ਜਾਵੇ। ਜੇ ਉਹ ਇਹ ਕਹਿੰਦਾ ਕਿ ਪਛਮੀ ਪੰਜਾਬ ਵਿਚੋਂ ਆਉਣ ਵਾਲੇ ਸਾਰੇ ਲੋਕਾਂ ਦਾ ਧਿਆਨ ਰਖਿਆ ਜਾਵੇ ਤਾਂ ਗਲ ਕੁਝ ਹੋਰ ਹੁੰਦੀ ਪਰ ਇਸ ਸਰਕੂਲਰ ਦਾ ਤਾਂ ਸਿੱਧਾ ਮਤਲੱਬ ਇਹ ਸੀ ਕਿ ਸਾਰੇ ਹਿੰਦੂ ਤਾਂ ਭਲੇਮਾਣਸ ਹਨ ਪਰ ਸਿੱਖ ਸਾਰੇ ਹੀ ਬਦਮਾਸ਼ ਹਨ।

ਭਾਰਤ ਸਰਕਾਰ ਦੀ ਸਿੱਖਾਂ ਨੂੰ ਇਹ ਪਹਿਲੀ "ਜੀ ਆਇਆਂ ਨੂੰ" ਸੀ। ਇਸਤੋਂ ਬਾਅਦ ਵੀ ਸਮੇਂ ਸਮੇਂ 'ਤੇ ਸਿੱਖਾਂ ਨੂੰ ਆਜ਼ਾਦੀ ਦਾ ਨਿੱਘ ਦਿੱਤਾ ਗਿਆ ਪਰ ਉਹਨਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਕੇ ਨਹੀਂ ਸਗੋਂ ਇਹ ਨਿੱਘ ਛਿੱਤਰ ਨਾਲ ਦਿੱਤਾ ਗਿਆ। ਪਹਿਲਾਂ ਤਾਂ ਜ਼ਮੀਨਾਂ ਦੀ ਅਲਾਟਮੈਂਟ ਵੇਲੇ ਅੱਧੀ ਜ਼ਮੀਨ ਹੀ ਕੱਟ ਲਈ ਗਈ। ਫਿਰ ਪੰਜਾਹ ਕਿੱਲਿਆਂ ਤੋਂ ਵੱਧ ਵਾਲੀ ਜ਼ਮੀਨ ਖੋਹ ਕੇ ਮੁਜਾਰਿਆਂ ਨੂੰ ਦੇ ਦਿੱਤੀ ਗਈ। ਸਾਰੇ ਬਾਈ ਸੂਬੇ ਬੋਲੀ ਦੇ ਆਧਾਰ 'ਤੇ ਬਣੇ ਪਰ ਪੰਜਾਬ ਨੂੰ ਦੋ ਭਾਸ਼ੀ ਸੂਬਾ ਕਿਹਾ ਗਿਆ। ਜਿਹੜੇ ਹਿੰਦੂ ਨੂੰ

ਮੰਜੀ ਦਾ ਉਚਾਰਨ ਨਹੀਂ ਸੀ ਆਉਂਦਾ ਤੇ ਉਹ ਹਿੰਦੀ ਵਿਚ 'ਮਾਂਜੀ' ਕਹਿੰਦਾ ਸੀ, ਉਸ ਹਿੰਦੂ ਨੇ ਵੀ ਹਿੰਦੂ ਲੀਡਰਾਂ ਦੇ ਆਖੇ ਲੱਗ ਕੇ ਆਪਣੀ ਬੋਲੀ ਹਿੰਦੀ ਲਿਖਵਾਈ। ਸਾਰੀ ਦੁਨੀਆਂ ਦੇ ਦੇਸ਼ਾਂ ਦੇ ਪਾਣੀਆਂ ਦੀ ਵੰਡ ਇਕੋ ਇਕ ਕਾਨੂੰਨ "ਰਿਪੇਰੀਅਨ ਲਾਅ ਆਫ ਵਾਟਰ" ਨਾਲ ਹੁੰਦੀ ਹੈ, ਭਾਰਤ ਵਿਚ ਵੀ ਬਾਕੀ ਸੂਬਿਆਂ ਲਈ ਇਹੋ ਕਾਨੂੰਨ ਵਰਤਿਆ ਗਿਆ ਪਰ ਪੰਜਾਬ ਦੇ ਪਾਣੀਆਂ ਦੀ ਵੰਡ ਇਸ ਕਾਨੂੰਨ ਨਾਲ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਗਿਆ, ਏਥੋਂ ਤੱਕ ਕਿ ਸੁਪਰੀਮ ਕੋਰਟ ਵਿਚ ਦਾਇਰ ਕੀਤਾ ਕੇਸ ਵੀ ਵਾਪਸ ਲੈ ਲਿਆ ਗਿਆ। ਪੰਜਾਬ ਦੀ ਰਾਜਧਾਨੀ ਪੰਜਾਬ ਨੂੰ ਨਾ ਦਿੱਤੀ ਗਈ ਸਗੋਂ ਧੱਕੇ ਨਾਲ ਸੱਤਲੁਜ-ਯਮੁਨਾ ਲਿੰਕ ਨਹਿਰ ਪੁੱਟਣ ਦੀ ਕੋਸ਼ਿਸ਼ ਕੀਤੀ ਗਈ। ਜ਼ਮੀਨ 'ਤੇ ਇਕ ਹੋਰ ਸੀਲਿੰਗ ਸਤਾਰਾਂ ਏਕੜ ਦੀ ਮੜ੍ਹ ਦਿੱਤੀ, ਜੋ ਹੁਣ ਤੱਕ ਕਾਇਮ ਹੈ। ਸ਼ਹਿਰੀ ਵਾਹੀ ਵਾਲੀਆਂ ਜ਼ਮੀਨਾਂ 'ਤੇ ਵੀ ਅਰਬਨ ਲੈਂਡ ਸੀਲਿੰਗ ਐਕਟ ਲਾ ਦਿੱਤਾ ਗਿਆ, ਜਿਸ ਅਨੁਸਾਰ ਪੰਜ ਕਨਾਲ ਤੋਂ ਵੱਧ ਵਾਲੀ ਜ਼ਮੀਨ ਪੰਜ ਰੁਪਏ ਗਜ ਦੇ ਹਿਸਾਬ ਨਾਲ ਸਰਕਾਰ ਨੇ ਲੈ ਲੈਣੀ ਸੀ। ਇਸ ਕਾਨੂੰਨ ਨੇ ਵੀ ਤਿੰਨਾਂ ਸ਼ਹਿਰਾਂ ਅੰਮ੍ਰਿਤਸਰ, ਜਲੰਧਰ ਤੇ ਲੁਧਿਆਣਾ ਦੇ ਕਿਸਾਨਾਂ ਦਾ ਲੱਕ ਤੋੜ ਦਿੱਤਾ। 1971 ਵਿਚ ਜ਼ਮੀਨਾਂ 'ਤੇ ਆਮਦਨ ਟੈਕਸ ਵੀ ਲਾ ਦਿੱਤਾ ਗਿਆ। ਜਿਹੜਾ ਅੱਜ ਤੱਕ ਅਮਰੀਕਾ ਅਤੇ ਹੋਰ ਵਿਕਸਤ ਦੇਸ਼ਾਂ ਨੇ ਵੀ ਨਹੀਂ ਲਾਇਆ।

1984 ਵਿਚ ਦਿੱਲੀ ਵਿਚ ਸਿੱਖਾਂ ਨਾਲ ਜੱਗੋਂ ਤੇਰ੍ਹਵੀਂ ਹੋਈ। ਇੰਦਰਾਂ ਗਾਂਧੀ ਦੇ ਦੋ ਸਿੱਖਾਂ ਹੱਥੋਂ ਮਾਰੇ ਜਾਣ ਤੋਂ ਬਾਅਦ ਨਾਦਰ ਸ਼ਾਹ ਵਾਂਗ ਹੀ ਸਿੱਖ ਕਤਲੇਆਮ ਦਾ ਹੁਕਮ ਦਿੱਤਾ ਗਿਆ, ਜੋ ਸੱਤ ਸਤੰਬਰ ਤੱਕ ਚੱਲਿਆ। ਇਹ ਕਤਲੇਆਮ ਇਕ ਪਾਸੜ ਸੀ ਤੇ ਕਿਸੇ ਸਿੱਖ ਨੇ ਅੱਗੋਂ ਉਂਗਲੀ ਨਹੀਂ ਚੁੱਕੀ। ਜੇ 1984 ਦੇ ਕਤਲੇਆਮ ਵੇਲੇ ਕੇ. ਪੀ. ਐੱਸ. ਗਿੱਲ, ਬੇਅੰਤ ਸਿੰਘ, ਜੀਤਾ ਖੱਬੂ, ਸੁਰਜੀਤ ਸਿੰਘ ਬਰਨਾਲਾ ਤੇ ਪ੍ਰਕਾਸ਼ ਸਿੰਘ ਬਾਦਲ ਵਰਗਾ ਕੋਈ ਹੋਰ ਭਾਰਤੀ ਸਪੂਤ ਵੀ ਭੀੜ ਦੇ ਢਹੇ ਚੜ੍ਹ ਜਾਂਦਾ ਤਾਂ ਮੱਛਰੀ ਹੋਈ ਭੀੜ ਨੇ ਇਹਨਾਂ ਧੋਮੀ ਦੇ ਨਿਆਣਿਆਂ ਨੂੰ ਵੀ ਫੂਕ ਦੇਣਾ ਸੀ। ਦੇਸ਼ ਦੇ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਨੂੰ ਤਾਂ ਸਿੱਖ ਹੋਣ ਕਾਰਨ ਉਹਦੀ ਕਾਰ ਵੱਟਿਆਂ ਨਾਲ ਭੰਨ ਕੇ ਦਾਖੂਦਾਣਾ ਵੀ ਦਿੱਤਾ ਗਿਆ ਸੀ ਪਰ ਫੇਰ ਵੀ ਇਸ ਸਾਕੇ ਦਾ ਨਾਂਅ "ਦਿੱਲੀ ਦੰਗੇ" ਰੱਖਿਆ ਗਿਆ। ਦੰਗਾ ਤਾਂ ਉਹ ਹੁੰਦਾ ਹੈ ਜਿਥੇ ਦੋ ਧਿਰਾਂ ਆਪਸ ਵਿਚ ਲੜਨ। ਕੋਈ ਦੱਸੇ ਕਿ ਉਹਨਾਂ ਦਿਨਾਂ ਵਿਚ ਕੋਈ ਹਿੰਦੂ ਵੀ ਕਿਸੇ ਸਿੱਖ ਹੱਥੋਂ ਮਾਰਿਆ ਗਿਆ ਸੀ ? ਫਿਰ ਇਹ "ਦਿੱਲੀ ਦੰਗੇ" ਕਿਵੇਂ ਹੋਏ ? ਇਸਦਾ ਨਾਂਅ ਤਾਂ "ਸਿੱਖਾਂ ਦਾ ਕਤਲੇਆਮ" ਰੱਖਿਆ ਜਾਣਾ ਚਾਹੀਦਾ ਸੀ। ਜੇ ਕਿਸੇ ਪੀੜਤ ਸਿੱਖ ਨੂੰ ਚਾਰ ਛਿੱਲੜ ਮੁਆਵਜ਼ੇ ਦੇ ਵੀ ਦਿੱਤੇ ਗਏ ਤਾਂ ਨਾਂਅ ਰੱਖਿਆ-ਦਿੱਲੀ ਦੰਗਾ ਪੀੜਤ। ਇਸ ਤਰ੍ਹਾਂ ਇਹ ਕਹਿ ਕੇ ਵਿਚਾਰੇ ਮਜ਼ਲੂਮਾਂ ਨੂੰ ਬਰਾਬਰ ਦੇ ਕਸੂਰਵਾਰ ਬਣਾ ਦਿੱਤਾ ਗਿਆ, ਜਿਹੜਾ ਕਿ ਅੱਗੋਂ ਲਿਖੇ ਜਾਣ ਵਾਲੇ ਇਤਿਹਾਸ ਵਿਚ ਵੀ ਏਸੇ ਤਰ੍ਹਾਂ ਹੀ ਲਿਖਿਆ ਤੇ ਪੜ੍ਹਿਆ ਜਾਵੇਗਾ। ਏਸੇ ਤਰ੍ਹਾਂ ਹੀ ਪੰਜਾਬ ਵਿਚ ਫੌਜ, ਬੀ. ਐੱਸ. ਐੱਫ. ਤੇ ਸੀ. ਆਰ. ਪੀ. ਐੱਫ. ਦੇ ਫੌਜੀਆਂ ਨੇ ਥਾਣਿਆਂ ਵਿਚ ਫੜ-ਫੜ ਕੇ ਲਿਆਂਦੀਆਂ ਬੀਬੀਆਂ ਨਾਲ ਬਲਾਤਕਾਰ ਕੀਤੇ ਤੇ ਬੇਕਸੂਰ ਸਿੱਖਾਂ ਦੀਆਂ ਦਾੜ੍ਹੀਆਂ ਪੁੱਟ ਕੇ ਉਹਨਾਂ ਨੂੰ ਜਲੀਲ ਕੀਤਾ। ਨਾਲੇ ਸਿੱਖ ਨੌਜਵਾਨਾਂ ਦਾ ਲੱਭ-ਲੱਭ ਕੇ ਸ਼ਿਕਾਰ ਕੀਤਾ। ਇਹ ਕੁਝ ਕਰਨ ਵਾਲਿਆਂ ਨੂੰ ਜਿਹੜੀਆਂ ਤਨਖ਼ਾਹਾਂ ਤੇ ਸਹੂਲਤਾਂ ਦਿੱਤੀਆਂ, ਉਹਦਾ ਬਿੱਲ ਵੀ ਪੰਜਾਬ ਨੂੰ ਹੀ ਭੇਜਿਆ ਗਿਆ। ਫਿਰ ਅਧੀਨਗੀ ਸਹਿਤ ਤਰਲੇ ਕੱਢਣ ਦੀ ਵਾਰੀ ਆ ਗਈ ਕਿ ਕਿਰਪਾ ਕਰਕੇ

ਇਹ ਖਰਚਾ ਮਾਫ ਕਰ ਦਿੱਤਾ ਜਾਵੇ। ਪੰਜਾਬੀ ਪ੍ਰਧਾਨ ਮੰਤਰੀ ਆਈ. ਕੇ ਗੁਜਰਾਲ ਨੇ ਇਹਨਾਂ ਛੁੱਡੂ ਅਕਾਲੀਆਂ ਨੂੰ ਬੇਵਕੂਫ ਬਣਾ ਕੇ ਤੇ ਆਪ ਦਾਤਾ ਬਣ ਕੇ ਸਤਾਸੀ ਸੌ ਕਰੋੜ ਰੁਪਏ ਦਾ ਉਹ ਖਰਚਾ ਟਿਟਕਾ-ਟਿਟਕਾ ਕੇ ਮੁਆਫ ਕੀਤਾ। ਦੰਦੀਆਂ ਕੱਢ-ਕੱਢ ਕੇ ਅਕਾਲੀਆਂ ਨੇ ਸਟੇਜਾਂ 'ਤੇ ਭਾਸ਼ਨ ਕੀਤੇ ਕਿ ਅਸੀਂ ਸਤਾਸੀ ਸੌ ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰਵਾ ਲਿਆ ਹੈ। ਏਡਾ ਖੁਸ਼ ਹੋਣ ਦੀ ਥਾਂ, ਸਗੋਂ ਛਿੱਤਰ ਲਾਹ ਕੇ ਪੁੱਛੋ, ਕਾਹਦੇ ਪੈਸੇ? ਤੁਸਾਂ ਜਿਹੜਾ ਸਿੱਖਾਂ ਦਾ ਜਾਨੀ ਤੇ ਮਾਲੀ ਨੁਕਸਾਨ ਕੀਤਾ ਹੈ, ਪਹਿਲਾਂ ਉਹਦੀ ਭਰਪਾਈ ਕਰੋ। ਏਹਨਾਂ ਨੇ ਗੁਜਰਾਲ ਨੂੰ ਇਹ ਕਿਉਂ ਨਾ ਪੁੱਛਿਆ, ਪਈ ਅਸੀਂ ਤੁਹਾਨੂੰ ਆਖਿਆ ਸੀ ਕਿ ਤੁਸੀਂ ਟੁੱਟੇ ਟੁੱਟੇ ਥਾਣੇਦਾਰਾਂ ਨੂੰ ਜਿਹੜੇ ਪਹਿਲਾਂ ਸਾਈਕਲਾਂ ਤੇ ਧੱਕੇ ਖਾਂਦੇ ਫਿਰਦੇ ਸਨ ਜਾਂ ਵੱਧ ਤੋਂ ਵੱਧ ਸਕੂਟਰ ਜਾਂ ਮੋਟਰ ਸਾਈਕਲ 'ਤੇ ਹੁੰਦੇ ਸਨ, ਉਹਨਾਂ ਨੂੰ ਚਮਚਮਾਉਂਦੀਆਂ ਰੰਗ-ਬਰੰਗੀਆਂ ਜਿਪਸੀਆਂ ਦਿਓ ਤੇ ਫੇਰ ਉਹ ਲਬੜਕੱਟੇ ਉਹਨਾਂ ਜਿਪਸੀਆਂ 'ਤੇ ਚੜ੍ਹ ਕੇ ਸਿੱਖ ਬੱਚਿਆਂ ਦਾ ਸ਼ਿਕਾਰ ਖੇਡਣ। ਅਸਾਂ ਤੁਹਾਨੂੰ ਆਖਿਆ ਸੀ ਪਈ ਹੌਲਦਾਰ, ਜੋ ਏ. ਐੱਸ. ਆਈ. ਬਣਨ ਦੇ ਕਾਬਲ ਵੀ ਨਹੀਂ ਸਨ, ਉਹਨਾਂ ਨੂੰ ਐਸ. ਐਸ. ਪੀ. ਬਣਾ ਦਿਓ ਤੇ ਪਹਿਲਾਂ ਨਾਲੋਂ ਅੱਠ ਗੁਣਾਂ ਵੱਧ ਤਨਖ਼ਾਹ ਤੇ ਸਹੂਲਤਾਂ ਦਿਓ। ਜਿਲ੍ਹੇ ਦੇ ਹਰ ਐਸ. ਐਸ. ਪੀ. ਨੂੰ, ਤੁਸਾਂ ਕਰੋੜਾਂ ਰੁਪਏ ਖਾੜਕੂਆਂ ਵਿਚੋਂ ਭੰਨ ਕੇ ਲਿਆਂਦੇ ਤੇ ਲਾਲਚ ਦੇ ਕੇ ਬਣਾਏ ਹੋਏ ਕੈਟਾਂ ਨੂੰ ਦੇਣ ਲਈ ਬਗੈਰ ਕਿਸੇ ਹਿਸਾਬ-ਕਿਤਾਬ ਦੇ, ਦੇ ਛੱਡੇ। ਇਹ ਪੈਸੇ ਹੁਣ ਅਸੀਂ ਕਿਉਂ ਦੇਈਏ ? ਅਸਾਂ ਆਪਣੀ ਕੁੜੀ ਦੇ ਵਿਆਹ 'ਤੇ ਤੁਹਾਡੇ ਕੋਲੋਂ ਕਰਜਾ ਲਿਆ ਸੀ, ਜਿਹੜਾ ਵਿਆਜ ਸਮੇਤ ਵਾਪਸ ਕਰੀਏ? ਨਹੀਂ ਦੇਣੀ ਅਸਾਂ ਦੁਆਨੀ ਵੀ। ਪਰ ਇਹ ਗੋਲੇ ਕਬੂਤਰ ਸਗੋਂ ਖੁਸ਼ ਹੋ ਹੋ ਕੇ ਸਟੇਜਾਂ 'ਤੇ ਇਹ ਗੱਲ ਬੜੇ ਫਖਰ ਤੇ ਬਹਾਦਰੀ ਨਾਲ ਦੱਸਦੇ ਹਨ। ਅੱਗੇ ਜਿਹੜੀ ਭੇਡ ਰੂਪੀ ਸੰਗਤ ਬੈਠੀ ਹੁੰਦੀ ਹੈ ਉਹ ਜੈਕਾਰੇ ਛੱਡਦੀ-ਛੱਡਦੀ ਨਹੀਂ ਥੱਕਦੀ। ਲੱਖ ਲਾਹਨਤ ਹੈ, ਏਹੋ ਜਿਹੇ ਜੈਕਾਰੇ ਛੱਡਣ ਵਾਲੇ ਬਾਂਦਰਾਂ ਦੇ ਸਗੋਂ ਇਹਨਾਂ ਨੂੰ ਕੋਈ ਇਹ ਕਿਉਂ ਨਹੀਂ ਪੁੱਛਦਾ ਕਿ ਪੁਸ਼ਪਾ ਗੁਜਰਾਲ ਨੇ ਸਿੱਖਾਂ ਦਾ ਕਿਹੜਾ ਗੱਡਾ ਫਸਿਆ ਕੱਢਿਆ ਸੀ ਜਾਂ ਪੰਜਾਬੀ ਸੂਬੇ ਦੇ ਮੋਰਚੇ ਵਿਚ ਗਿਰਫਤਾਰੀ ਦਿੱਤੀ ਸੀ, ਜਿਹੜਾ ਓਹਦੇ ਨਾਂ ਤੇ ਜਲੰਧਰ-ਕਪੂਰਥਲਾ ਰੋਡ 'ਤੇ ਬਣਨ ਵਾਲੇ ਸਾਇੰਸ ਸਿਟੀ ਦਾ ਨਾਂ "ਪੁਸ਼ਪਾ ਗੁਜਰਾਲ ਸਾਇੰਸ ਸਿਟੀ" ਰੱਖਿਆ ਗਿਆ ਹੈ। ਹੁਣ ਵੀ 1961 ਦੀ ਮਰਦਮ ਸ਼ੁਮਾਰੀ ਕਢਵਾ ਕੇ ਵੇਖ ਲਓ, ਗੁਰਜਾਲ ਤੇ ਉਹਦੇ ਪਰਿਵਾਰ ਨੇ ਮਾਤਰ-ਭਾਸ਼ਾ ਹਿੰਦੀ ਹੀ ਲਿਖਵਾਈ ਹੋਵੇਗੀ। ਸਿੱਖਾਂ ਦੀ ਤਾਂ ਉਹ ਗੱਲ ਹੋਈ, ਨਾਲੇ ਸੌ ਗੰਢੇ ਖਾਧੇ ਸੌ ਛਿੱਤਰ ਖਾਧੇ ਤੇ ਨਾਲੇ ਸੌ ਰੁਪਏ ਜੁਰਮਾਨਾ ਦਿੱਤਾ'।

ਏਨਾ ਕੁਝ ਹੋ ਜਾਣ 'ਤੇ ਅਜੇ ਵੀ ਬੇਅਣਖੇ ਸਿੱਖ ਤੇ ਇਹਨਾਂ ਦੇ ਰਾਗੀ-ਢਾਡੀ ਤੇ ਕੀਰਤਨੀਏ "ਬੀਤ ਚੁੱਕੇ ਦੀਆਂ" ਗੱਲਾਂ ਕਰਦੇ ਹਨ। ਅਖੇ, ਅਸੀਂ ਹਿੰਦੂਆਂ ਦੀਆਂ ਬੀਬੀਆਂ ਨੂੰ ਮੁਸਲਮਾਨਾਂ ਕੋਲੋਂ ਛੁਡਾ ਕੇ ਲਿਆਉਂਦੇ ਰਹੇ ਹਾਂ। ਇਸ ਤਰ੍ਹਾਂ ਦੀਆਂ ਗੱਲਾਂ ਕਰਨੀਆਂ ਹੁਣ ਬਟੇਰੇ ਦੀ ਬੋਲੀ "ਪਿਤਰਮ ਸੁਲਤਾਨ ਬੂਦ" ਕਹਿਣ ਵਾਂਗ ਹੈ, ਜਿਸਦਾ ਅਰਥ ਬਣਦਾ ਹੈ, ਅਖੇ ਸਾਡੇ ਵੱਡੇ ਵਡੇਰੇ ਰਾਜੇ-ਮਹਾਰਾਜੇ ਹੁੰਦੇ ਸਨ। ਬੰਦਾ ਉਸ ਬਟੇਰੇ ਨੂੰ ਪੁੱਛੇ ਪਈ ਤੂੰ ਤਾਂ ਹੁਣ ਬਟੇਰਾ ਹੀ ਹੈਂ ਨਾ ! ਅਸਲ ਵਿਚ ਸਿੱਖ ਨੂੰ ਆਜ਼ਾਦ ਹੋਏ ਹਿੰਦੂ ਦੀ ਮਾਨਸਿਕਤਾ ਵਿਚ ਏਡੀ ਵੱਡੀ ਤਬਦੀਲੀ ਆ ਜਾਣ ਦਾ ਚਿੱਤ ਚੇਤਾ ਵੀ ਨਹੀਂ ਸੀ। ਇਹ ਗੁਲਾਮ ਹਿੰਦੂ ਨੂੰ ਕਰਾੜਾਂ, ਬਾਹਮਣਾਂ ਤੇ ਝਾਂਗੀ ਹਿੰਦੂਆਂ ਦੇ ਨਿਮਾਣੇ ਜਿਹੇ ਰੂਪ ਵਿਚ ਹੀ ਵੇਖਣ ਦਾ ਆਦੀ

ਸੀ ਪਰ ਹੁਣ ਸਥਿਤੀ ਬਦਲ ਚੁੱਕੀ ਹੈ।

ਸਿੱਖਾਂ ਨਾਲ ਤਾਂ ਤੇਲੀ ਦੇ ਬੌਲਦ ਵਾਲੀ ਗੱਲ ਹੋਈ। ਇਕ ਵਾਰ ਇਕ ਜੱਟ ਦਾ ਬੌਲਦ ਤੇ ਤੇਲੀ ਦਾ ਬੌਲਦ ਭਿੜ ਪਏ। ਦੋਵੇਂ ਕਿੰਨਾਂ ਚਿਰ ਭਿੜਦੇ ਰਹੇ ਤੇ ਲਹੂ-ਲੁਹਾਨ ਹੋ ਗਏ। ਤੇਲੀ ਦੇ ਬੌਲਦ ਦਾ ਸਿੰਗ ਜੱਟ ਦੇ ਬੌਲਦ ਦੇ ਕਿਤੇ ਥਾਂ ਕੁਥਾਂ ਵੱਜ ਗਿਆ ਤੇ ਜੱਟ ਦਾ ਬੌਲਦ ਮਰ ਗਿਆ। ਸਾਰਾ ਪਿੰਡ ਜੱਟਾਂ ਦਾ ਸੀ। ਤੇਲੀ ਵਿਚਾਰੇ ਦਾ ਇਕੋ ਘਰ ਸੀ ਤੇ ਜਿਵੇਂ ਕਹਾਵਤ ਮਸ਼ਹੂਰ ਹੈ-"ਜੱਟ ਜੱਟਾਂ ਦੇ, ਫੱਗੂ ਕੀਹਦਾ" ਵਾਂਗ ਪੰਚਾਇਤ ਨੇ ਵੀ ਤਾਂ ਜੱਟ ਦੀ ਹੀ ਰਈ ਕਰਨੀ ਸੀ। ਜੱਟ ਨੇ ਪੰਚਾਇਤ ਇਕੱਠੀ ਕੀਤੀ ਤੇ ਪੰਚਾਇਤ ਅੱਗੇ ਕੇਸ ਪੇਸ਼ ਹੋਇਆ ਕਿ ਤੇਲੀ ਦੇ ਬੌਲਦ ਨੇ ਜੱਟ ਦਾ ਬੌਲਦ ਮਾਰ ਦਿੱਤਾ ਹੈ, ਨਿਆਂ ਕੀਤਾ ਜਾਵੇ। ਤੇਲੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਹਜ਼ੂਰ ਚਲਦਾ ਕੋਹਲੂ ਬੰਦ ਕਰਕੇ ਮੈਂ ਆਪਣਾ ਬੌਲਦ ਕੋਹਲੂ ਨਾਲ ਹੀ ਬੰਨ ਦਿੱਤਾ ਸੀ। ਮੇਰਾ ਬੌਲਦ ਤਾਂ ਸਵੇਰ ਦਾ ਕੋਹਲੂ ਖਿੱਚਦਾ ਥੱਕਿਆ ਹਾਰਿਆ ਪੈੜ ਵਿਚ ਹੀ ਬੈਠਾ ਸੀ ਕਿ ਸਰਦਾਰ ਹੋਰਾਂ ਦਾ ਬੌਲਦ ਪਤਾ ਨਹੀਂ ਕਿਥੋਂ ਆ ਗਿਆ ਤੇ ਮੇਰੇ ਬੈਠੇ ਬੌਲਦ ਨੂੰ ਢੁੱਡਾਂ ਮਾਰਨ ਲੱਗ ਪਿਆ। ਡੰਗਰ ਸੀ, ਮੇਰਾ ਬੌਲਦ ਵੀ ਉੱਠ ਕੇ ਭਿੜਨ ਲੱਗ ਪਿਆ ਤੇ ਭਿੜਦੇ-ਭਿੜਦੇ ਦਾ ਰੱਸਾ ਟੁੱਟ ਗਿਆ। ਇਸ ਤਰ੍ਹਾਂ ਸਾਰੇ ਪਿੰਡ ਦੇ ਸਾਹਮਣੇ ਦੋਵੇਂ ਬੌਲਦ ਭਿੜਦੇ ਰਹੇ ਤੇ ਲੋਕ ਤਮਾਸ਼ਾ ਵੇਖਦੇ ਰਹੇ। ਮੈਂ ਤੇ ਸਗੋਂ ਆਪਣੇ ਬੌਲਦ ਨੂੰ ਮਾਰ-ਮਾਰ ਕੇ ਛੱਪਰੀ ਨੂੰ ਠੁੰਮਣਾ ਦੇਣ ਵਾਲਾ ਬਾਂਸ ਵੀ ਤੋੜ ਲਿਆ ਹੈ, ਇਹਦੇ ਵਿਚ ਹਜ਼ੂਰ ਮੇਰਾ ਕੀ ਕਸੂਰ ਹੈ।

ਪੰਚਾਇਤ ਨੂੰ ਲੱਗਾ ਕਿ ਤੇਲੀ ਸੱਚਾ ਹੈ, ਪੰਗਾ ਤਾਂ ਸਗੋਂ ਜੱਟ ਦੇ ਬੌਲਦ ਨੇ ਆ ਕੇ ਲਿਆ ਸੀ। ਇਹ ਤਾਂ ਏਸੇ ਤਰ੍ਹਾਂ ਦਾ ਹੀ ਕੇਸ ਹੈ ਜਿਵੇਂ ਕੋਈ ਕਿਸੇ ਨੂੰ ਕਤਲ ਕਰਨ ਦੇ ਇਰਾਦੇ ਨਾਲ ਕਿਸੇ ਦੇ ਘਰ ਜਾ ਵੜੇ ਤੇ ਆਪ ਮਾਰਿਆ ਜਾਵੇ। ਪਰ ਮਦਦ ਤਾਂ ਆਪਾਂ ਜੱਟ ਦੀ ਕਰਨੀ ਹੈ। ਹੁਣ ਕੀ ਕੀਤਾ ਜਾਵੇ? ਕਿਸੇ ਨੇ ਸਲਾਹ ਦਿੱਤੀ-ਕਿ ਲਾਲ ਕਿਤਾਬ ਮੰਗਵਾ ਕੇ ਵੇਖੋ। ਉਹਦੇ ਵਿਚ ਪਹਿਲਾਂ ਦੇ ਹੋ ਚੁੱਕੇ ਇਹੋ ਜਿਹੇ ਕੇਸਾਂ ਦਾ ਵੇਰਵਾ ਦਰਜ਼ ਹੈ। ਲਾਲ ਕਿਤਾਬ ਮੰਗਵਾ ਕੇ ਪੜ੍ਹੀ ਗਈ ਤੇ ਪੰਚਾਇਤ ਨੇ ਫੈਸਲਾ ਦੇ ਦਿੱਤਾ।

ਅਖੇ: "ਲਾਲ ਕਿਤਾਬ ਬਖਾਨੇ ਇਉਂ  
ਤੇਲੀ ਬਲਦ ਭਿੜਾਇਆ ਕਿਉਂ?  
ਖਲ ਖੁਆਇ ਕੀਆ ਮੁਸ਼ਟੰਡ  
ਬੌਲਦ ਵੱਟੇ ਬੌਲਦ ਦੇਵੇ ਤੇਲੀ ਜੱਟ ਨੂੰ  
ਤੇ ਨਾਲ ਸੌ ਰੁਪਈਆ ਡੰਡ।"

ਪਹਿਲੀ ਗੱਲ ਤਾਂ ਇਹ ਸੀ ਕਿ ਤੇਲੀ ਰੂਪੀ ਸਿੱਖ ਨੇ ਭਾਰਤ ਰੂਪੀ ਜੱਟ ਦੇ ਬੌਲਦ ਨਾਲ ਬੌਲਦ ਨਹੀਂ ਸੀ ਭਿੜਾਇਆ ਸਗੋਂ ਭਾਰਤ ਰੂਪੀ ਜੱਟ ਦੇ ਬੌਲਦ ਨੇ ਸਿੱਖਾਂ ਦਾ ਅਕਾਲ ਤਖ਼ਤ ਢਾਹਿਆ, ਸਿੱਖ ਬੀਬੀਆਂ ਨਾਲ ਬਲਾਤਕਾਰ ਕੀਤੇ ਤੇ ਸਿੱਖਾਂ ਦੀ ਨਸਲਕੁਸ਼ੀ ਕੀਤੀ। ਜਿਵੇਂ ਉਲਟਾ ਤੇਲੀ 'ਤੇ ਇਹ ਇਲਜ਼ਾਮ ਲਾ ਦਿੱਤਾ ਗਿਆ ਸੀ ਕਿ ਇਹਦਾ ਕਸੂਰ ਇਹ ਹੈ ਕਿ ਇਸ ਨੇ ਖਲ ਖੁਆ-ਖੁਆ ਕੇ ਇਹਨੂੰ ਤਕੜਾ ਅਤੇ ਮੁਸ਼ਟੰਡਾ ਬਣਾ ਦਿੱਤਾ ਹੈ, ਏਸੇ ਤਰ੍ਹਾਂ ਹੀ ਖਾੜਕੂਆਂ ਨੂੰ ਰੋਟੀ ਖੁਆਉਣ ਵਾਲਿਆਂ ਨੂੰ ਫੜ ਲੈਂਦੇ ਸਨ ਕਿ ਉਹਨਾਂ ਨੂੰ ਰੋਟੀ ਪਾਣੀ ਦੀਆਂ ਸਹੂਲਤਾਂ ਦੇ ਕੇ ਭਾਰਤ ਸਰਕਾਰ ਵਿਰੁੱਧ ਲੜਨ ਲਈ ਮਦਦ ਕਰਦੇ ਹੋ। ਟਾਡਾ ਐਕਟ ਦੀ ਧਾਰਾ 3/4 ਏਹੋ ਹੀ ਸੀ, ਜਿਹੜੀ ਵਿਚਾਰੇ ਸਿੱਖ ਰੂਪੀ ਤੇਲੀ 'ਤੇ ਲੱਗੀ ਤੇ ਇਹਦੇ

ਵਿਚ ਉਹਨੂੰ ਦੂਹਰੀ ਸਜ਼ਾ ਵੀ ਕਰ ਦਿੱਤੀ ਗਈ ਕਿ ਨਾਲੇ ਤਾਂ ਜੱਟ ਨੂੰ ਬੌਲਦ ਵੱਟੇ ਬੌਲਦ ਦੇਵੇ ਤੇ ਨਾਲੇ ਦੰਡ ਵੀ ਦੇਵੇ। ਇਹ ਓਹੋ ਹੀ ਦੰਡ ਦਾ ਸਤਾਸੀ ਸੌ ਕਰੋੜ ਰੁਪਿਆ ਸੀ, ਜਿਸਨੂੰ ਮੁਆਫ ਕਰਵਾ ਕੇ ਅਕਾਲੀ ਕੱਛਾਂ ਵਜਾਉਂਦੇ ਫਿਰਦੇ ਹਨ। ਲਖ ਲਾਅਨਤ ਹੈ, ਏਹੋ ਜਹੀ ਰਾਜਨੀਤਕ ਪਾਰਟੀ ਦੇ।

ਭਾਰਤ ਦੀ ਨਿਆਂ ਪ੍ਰਣਾਲੀ ਵੀ ਉਸ ਪਿੰਡ ਦੀ ਪੰਚਾਇਤ ਵਰਗੀ ਹੈ, ਜਿਹੜੀ ਆਪਣੇ ਪਿੰਡ ਦੇ ਜ਼ਿਮੀਦਾਰ ਨੂੰ ਖੁਸ਼ ਕਰਨ ਲਈ ਕਿਸੇ ਹੱਦ ਤੱਕ ਵੀ ਜਾ ਸਕਦੀ ਹੈ। ਕਹਿੰਦੇ ਹਨ ਇਕ ਪਿੰਡ ਵਿਚ ਇਕ ਅਮੀਰ ਜ਼ਿਮੀਦਾਰ ਸੀ। ਪਿੰਡ ਦੀ ਪੰਚਾਇਤ ਉਹਦੀ ਮਰਜ਼ੀ ਦੀ ਬਣਦੀ ਤੇ ਉਹ ਪੰਚਾਇਤ ਹਰ ਗੱਲ ਦਾ ਫੈਸਲਾ ਉਸ ਜ਼ਿਮੀਦਾਰ ਦੇ ਹੱਕ ਵਿਚ ਹੀ ਕਰਦੀ। ਇਕ ਵਾਰ ਇਕ ਮੁਸਾਫਿਰ ਓਸ ਪਿੰਡ ਵਿਚ ਰਾਤ ਕੱਟਣ ਆਇਆ। ਉਹਦੀ ਘੋੜੀ ਸੂਣ ਵਾਲੀ ਸੀ ਜੋ ਰਾਤ ਨੂੰ ਹੀ ਸੂਅ ਪਈ। ਜਦੋਂ ਮੁਸਾਫਿਰ ਸਵੇਰੇ ਘੋੜੀ ਨਾਲ ਵਛੇਰੀ ਲੈ ਕੇ ਤੁਰਨ ਲੱਗਾ ਤਾਂ ਜ਼ਿਮੀਦਾਰ ਨੇ ਕਿਹਾ ਇਹ ਵਛੇਰੀ ਕਿੱਧਰ ਲੈ ਤੁਰਿਆ ਹੈਂ, ਇਹ ਤਾਂ ਰਾਤੀਂ ਮੇਰੀ ਮੱਝ ਨੇ ਦਿੱਤੀ ਹੈ। ਮਾਮਲਾ ਪੰਚਾਇਤ ਵਿਚ ਗਿਆ। ਪੰਚਾਇਤ ਨੇ ਦੋਹਾਂ ਧਿਰਾਂ ਦੀ ਗੱਲ ਸੁਣ ਕੇ ਫੈਸਲਾ ਜ਼ਿਮੀਦਾਰ ਦੇ ਹੱਕ ਵਿਚ ਕਰ ਦਿੱਤਾ। ਮੁਸਾਫਿਰ ਨੇ ਬੜੀ ਅਧੀਨਗੀ ਨਾਲ ਪੁੱਛਿਆ ਕਿ ਹਜ਼ੂਰ ਕਦੇ ਮੱਝਾਂ ਨੇ ਵੀ ਵਛੇਰੀਆਂ ਦਿੱਤੀਆਂ ਹਨ? ਤਾਂ ਪੰਚਾਇਤ ਵਾਲੇ ਕਹਿਣ ਲੱਗੇ, ਲੈ ਅਜੇ ਪਿਛਲੇ ਸਾਲ ਹੀ ਜ਼ਿਮੀਦਾਰ ਸਾਹਿਬ ਦੀ ਮੱਝ ਨੇ ਊਠ ਦੇ ਬੱਚੇ ਨੂੰ ਜਨਮ ਦਿੱਤਾ ਸੀ। ਇਸ ਲਈ ਵਛੇਰੀ ਦੇਣੀ ਉਹਦੇ ਲਈ ਕੀ ਔਖੀ ਸੀ। ਮੁਸਾਫਿਰ ਸਮਝ ਗਿਆ ਕਿ ਏਥੇ ਚੋਰ ਤੇ ਕੁੱਤੀ ਰਲੇ ਹੋਏ ਹਨ, ਕਿਤੇ ਘੋੜੀ ਵੀ ਨਾ ਜਾਂਦੀ ਲੱਗੇ, ਉਹ ਵਿਚਾਰਾ ਰੋਂਦਾ ਧੋਂਦਾ ਇਕੱਲੀ ਘੋੜੀ ਲੈ ਕੇ ਹੀ ਰਾਹੇ ਪੈ ਗਿਆ। ਮੁਸਾਫਿਰ ਦੇ ਜਾਣ ਤੋਂ ਬਾਅਦ ਜ਼ਿਮੀਦਾਰ ਧਾਹਾਂ ਮਾਰ ਕੇ ਰੋਣ ਲੱਗ ਪਿਆ। ਪੰਚਾਇਤ ਮੈਂਬਰਾਂ ਤੇ ਸਰਪੰਚ ਨੇ ਹੈਰਾਨ ਹੋ ਕੇ ਪੁੱਛਿਆ ਕਿ ਜਨਾਬ ਸਾਡੇ ਕੋਲੋਂ ਫੈਸਲਾ ਕਰਦੇ ਵਕਤ ਕੋਈ ਗਲਤੀ ਹੋ ਗਈ ਹੈ ਜਾਂ ਫੈਸਲਾ ਤੁਹਾਡੇ ਹੱਕ ਵਿਚ ਨਹੀਂ ਹੋਇਆ ਜਾਂ ਕੋਈ ਹੋਰ ਗੁਸਤਾਖ਼ੀ ਹੋ ਗਈ ਹੈ, ਆਪ ਜੀ ਦੇ ਰੋਣ ਦਾ ਕੀ ਸਬੱਬ ਹੈ? ਸਾਨੂੰ ਵੀ ਪਤਾ ਲੱਗੇ। ਓਸ ਜ਼ਿਮੀਦਾਰ ਨੇ ਕਿਹਾ ਸਭ ਕੁਝ ਠੀਕ-ਠਾਕ ਹੋਇਆ ਹੈ। ਮੈਂ ਤਾਂ ਇਸ ਕਰਕੇ ਰੋਇਆ ਹਾਂ ਕਿ ਤੁਸੀਂ ਸਾਰੇ ਮੇਰਾ ਹਰ ਹਬੀ-ਨਬੀ ਵਿਚ ਹੁਣ ਤੱਕ ਸਾਥ ਦੇਂਦੇ ਆਏ ਹੋ ਤੇ ਬਿਰਧ ਵੀ ਹੋ ਗਏ ਹੋ, ਜਦੋਂ ਤੁਸੀਂ ਨਾ ਰਹੇ ਫੇਰ ਮੇਰਾ ਨਿਆਂ ਕੌਣ ਕਰਿਆ ਕਰੂ ?

ਅੱਜ ਇਹ ਰੋਣਾ ਹੀ ਭਾਰਤ ਸਰਕਾਰ ਦਾ ਆਪਣੀਆਂ ਅਦਾਲਤਾਂ ਨੂੰ ਲੈ ਕੇ ਹੈ। ਨਿਰੰਕਾਰੀਆਂ ਨੇ ਅੰਮ੍ਰਿਤਸਰ ਵਿਸਾਖੀ ਵਾਲੇ ਦਿਨ ਤੇਰ੍ਹਾਂ ਨਿਹੱਥੇ ਸਿੰਘ ਗੋਲੀਆਂ ਨਾਲ ਭੁੰਨ ਦਿੱਤੇ ਪਰ ਕਿਸੇ ਇਕ ਨਿਰੰਕਾਰੀ ਨੂੰ ਵੀ ਇਕ ਦਿਨ ਦੀ ਸਜ਼ਾ ਨਹੀਂ ਹੋਈ ਤੇ ਓਧਰ ਬਾਬੇ ਗੁਰਬਚਨ ਸਿੰਘ ਨਿਰੰਕਾਰੀ ਨੂੰ ਮਾਰਨ ਵਾਲੇ ਭਾਈ ਰਣਜੀਤ ਸਿੰਘ ਨੂੰ ਉਮਰ ਕੈਦ ਕਰ ਦਿੱਤੀ ਤੇ ਪੂਰੇ ਚੌਦਾਂ ਸਾਲ ਜੇਲ੍ਹ ਕਟਵਾਈ। 1984 ਵਿਚ ਦਿੱਲੀ, ਬੁਕਾਰੋ, ਕਾਨਪੁਰ ਤੇ ਹੋਰ ਥਾਵਾਂ 'ਤੇ ਦਿਨ ਦਿਹਾੜੇ ਸਿੱਖ ਕਤਲ ਕੀਤੇ ਗਏ ਤੇ ਪੈਟਰੋਲ ਪਾ ਕੇ ਬੜੀ ਬੇਰਹਿਮੀ ਨਾਲ ਸਾੜੇ ਗਏ ਤੇ ਅੱਜ ਅਠਾਰਾਂ ਸਾਲ ਹੋ ਗਏ ਹਨ ਕਿਸੇ ਇਕ ਵੀ ਬੰਦੇ ਨੂੰ ਸਜ਼ਾ ਨਹੀਂ ਹੋਈ। ਗੁਆਹੀਆਂ ਦੀ ਗੱਲ ਤਾਂ ਦੂਰ ਰਹੀ ਲੋਕਾਂ ਨੇ ਕਈ ਕਈ ਬਿਆਨ ਹਲਫੀਆ ਦਾਇਰ ਕੀਤੇ ਹਨ ਕਿ ਫਲਾਣੇ-ਫਲਾਣੇ ਬੰਦੇ ਨੇ ਸਾਡੀਆਂ ਅੱਖਾਂ ਸਾਹਮਣੇ ਸਾਡੇ ਪਰਿਵਾਰ ਦੇ ਜੀਆਂ ਦੇ ਕਤਲ ਕੀਤੇ ਹਨ। ਦੂਜੇ ਪਾਸੇ ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਕਿ ਜਦੋਂ

ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਸਿੱਖਾਂ ਦਾ ਕਤਲੇਆਮ ਸ਼ੁਰੂ ਹੋ ਗਿਆ ਤਾਂ ਭਾਰਤ ਦੀ ਸੁਪਰੀਮ ਕੋਰਟ ਨੂੰ 31 ਅਕਤੂਬਰ 1984 ਤੋਂ ਲੈ ਕੇ 4 ਨਵੰਬਰ 1984 ਤਕ ਤਾਲਾ ਲੱਗਾ ਰਿਹਾ ਤਾਂ ਕਿ ਜੇ ਕਿਸੇ ਨੇ ਇਹ ਕਤਲੇਆਮ ਰੁਕਵਾਉਣ ਲਈ ਜਨ ਹਿੱਤ ਪਟੀਸ਼ਨ ਦਾਇਰ ਕਰ ਦਿੱਤੀ ਕਿ ਸਰਕਾਰ ਨੂੰ ਫੌਰਨ ਕਤਲੇਆਮ ਬੰਦ ਕਰਨ ਦਾ ਹੁਕਮ ਦਿੱਤਾ ਜਾਵੇ ਤਾਂ ਸੁਪਰੀਮ ਕੋਰਟ ਨੂੰ ਅਜਿਹਾ ਕਰਨਾ ਪਵੇਗਾ, ਇਸ ਲਈ ਚਾਰ ਦਿਨ ਛੁੱਟੀ ਕਰਨੀ ਹੀ ਠੀਕ ਹੈ। (ਵੇਖੋ ਕਿਤਾਬ 'ਸਰਕਾਰੀ ਕਤਲੇਆਮ', ਪੰਨਾ : 5)

ਇੰਦਰਾ ਗਾਂਧੀ ਲਈ ਜਹਾਜ਼ ਅਗਵਾ ਕਰਨ ਵਾਲੇ ਦੋ ਪਾਂਡੇ ਭਰਾਵਾਂ ਨੂੰ ਵੀ ਅਦਾਲਤ ਵੱਲੋਂ ਸਾਫ ਬਰੀ ਕਰ ਦਿੱਤਾ ਗਿਆ ਸੀ। ਪਰ ਦੂਜੇ ਪਾਸੇ ਇੰਦਰਾ ਗਾਂਧੀ ਨੂੰ ਮਾਰਨ ਲਈ ਕਸੂਰਵਾਰ ਮੰਨੇ ਗਏ, ਜਿਹਨਾਂ ਦੋ ਬੰਦਿਆਂ 'ਤੇ ਮੁਕਦਮਾ ਚੱਲਿਆ ਉਹਨਾਂ ਨੂੰ ਝੱਟ ਫਾਂਸੀ ਦੇ ਦਿੱਤੀ ਗਈ। ਕਾਨੂੰਨ ਜਗਤ ਦੇ ਸਾਰੇ ਵਕੀਲ ਮੰਨਦੇ ਹਨ ਕਿ ਜਿਸ ਹਾਲਾਤ ਵਿਚ ਇੰਦਰਾ ਗਾਂਧੀ ਦਾ ਕਤਲ ਹੋਇਆ, ਇਹਨਾਂ ਦੋਹਾਂ ਨੂੰ ਹੀ ਫਾਂਸੀ ਦੀ ਸਜ਼ਾ ਨਹੀਂ ਸੀ ਹੋ ਸਕਦੀ। ਵੱਧ ਤੋਂ ਵੱਧ ਉਮਰ ਕੈਦ ਹੋ ਸਕਦੀ ਸੀ। ਫਿਰ ਇਹਨਾਂ ਦੋਹਾਂ ਸਿੰਘਾਂ ਭਾਈ ਕੇਹਰ ਸਿੰਘ ਅਤੇ ਭਾਈ ਸਤਵੰਤ ਸਿੰਘ ਨੂੰ ਛੇਤੀ ਫਾਂਸੀ ਦੇਣ ਲਈ ਤਿਹਾੜ ਜੇਲ੍ਹ ਵਿਚ ਕਈ ਕਤਲਾਂ ਦੇ ਦੋਸ਼ੀ ਲਾਲਾ ਖੇਮ ਚੰਦ ਅਤੇ ਡਾਕੂ ਤੇ ਕਾਤਲ ਕੰਚਨ, ਜਿਨ੍ਹਾਂ ਦੀ ਫਾਂਸੀ ਦੀ ਅਪੀਲ ਸੁਪਰੀਮ ਕੋਰਟ ਵਿਚ ਪਈ ਸੀ, ਨੂੰ ਜਲਦੀ ਸੁਣਵਾਈ ਕਰਕੇ ਬਰੀ ਕਰ ਦਿੱਤਾ ਗਿਆ ਤਾਂ ਕਿ ਇੰਦਰਾ ਗਾਂਧੀ ਕਤਲ ਕੇਸ ਵਾਲੇ ਦੋਹਾਂ ਸਿੱਖ ਮੁਲਜ਼ਿਮਾਂ ਨੂੰ ਛੇਤੀ ਫਾਂਸੀ 'ਤੇ ਲਟਕਾਇਆ ਜਾ ਸਕੇ। ਦਰਬਾਰ ਸਾਹਿਬ 'ਤੇ ਹਮਲੇ ਲਈ ਜਿੰਮੇਵਾਰ ਜਨਰਲ ਵੈਦਿਯਾ ਨੂੰ ਮਾਰਨ ਵਾਲੇ ਦੋ ਸਿੱਖਾਂ ਭਾਈ ਸੁਖਦੇਵ ਸਿੰਘ ਸੁੱਖਾ ਤੇ ਭਾਈ ਹਰਜਿੰਦਰ ਸਿੰਘ ਜਿੰਦਾ ਨੂੰ ਵੀ ਫਾਂਸੀ ਦੇ ਦਿੱਤੀ ਗਈ। ਹੁਣ ਕੁਝ ਹੋਰ ਸਿੱਖਾਂ 'ਤੇ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਮਾਰਨ ਦੇ ਦੋਸ਼ ਹੇਠ ਮੁਕਦਮਾ ਚੱਲ ਰਿਹਾ ਹੈ। ਦਿੱਲੀ ਵਿਚ ਇਕ ਸਿੱਖ ਪ੍ਰੋ. ਦਵਿੰਦਰ ਪਾਲ ਸਿੰਘ ਨੂੰ ਹੁਣੇ-ਹੁਣੇ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ। ਕੀ ਦਿੱਲੀ ਵਿਚ ਹਜ਼ਾਰਾਂ ਹੀ ਬੇਦੋਸ਼ੇ ਸਿੱਖਾਂ ਨੂੰ ਕਤਲ ਕਰਨ ਵਾਲਿਆਂ ਵਿਚੋਂ ਕਿਸੇ 'ਤੇ ਵੀ ਕਤਲ ਦਾ ਦੋਸ਼ ਸਿੱਧ ਨਹੀਂ ਸੀ ਹੁੰਦਾ ?

* * *

> ਕਿਸੇ ਵੀ ਅਮ੍ਰਿਤਧਾਰੀ ਸਿੱਖ, ਜਿਹੜੇ ਖਤਰਨਾਕ ਲੋਕ ਹਨ, ਕਤਲ ਕਰਦੇ ਹਨ ਤੇ ਦਹਿਸ਼ਤਗਰਦੀ ਫੈਲਾਉਂਦੇ ਹਨ, ਦੀ ਜਾਣਕਾਰੀ ਅਧਿਕਾਰੀਆਂ ਨੂੰ ਦਿੱਤੀ ਜਾਵੇ। ਇਹ ਲੋਕ ਦੇਖਣ ਨੂੰ ਭਾਵੇਂ ਬਾਹਰੋਂ ਬੜੇ ਭਲੇ ਲੱਗਦੇ ਹਨ ਪਰ ਬੁਨਿਆਦੀ ਤੌਰ 'ਤੇ ਦਹਿਸ਼ਤਗਰਦ ਹਨ। ਸਾਡੇ ਸਾਰਿਆਂ ਦੇ ਭਲੇ ਦੀ ਗੱਲ ਇਹ ਹੈ ਕਿ ਇਨ੍ਹਾਂ ਦੀ ਪਛਾਣ ਕੀਤੀ ਜਾਵੇ ਅਤੇ ਇਨ੍ਹਾਂ ਦੇ ਟਿਕਾਣਿਆਂ ਬਾਰੇ ਜਾਣਕਾਰੀ ਦਿੱਤੀ ਜਾਵੇ।
>
> **(ਫੌਜੀ ਸਰਕੂਲਰ ਨੰਬਰ 153, ਜੁਲਾਈ 1984)**

***

# ☐ ਸਿਖਾਂ ਨੇ ਆਪ ਹੀ ਹੌਲੀ ਹੌਲੀ ਆਪਣੇ ਹੱਕ ਛਡਣੇ ਸ਼ੁਰੂ ਕਰ ਦਿੱਤੇ

ਸ. ਸਿਮਰਨਜੀਤ ਸਿੰਘ ਮਾਨ ਜਦੋਂ ਸਾਢੇ ਚਾਰ ਲੱਖ ਤੋਂ ਵੀ ਵੱਧ ਵੋਟਾਂ ਦੇ ਫਰਕ ਨਾਲ ਜਿੱਤ ਕੇ ਪਾਰਲੀਮੈਂਟ ਵਿਚ ਪਹੁੰਚੇ ਤਾਂ 'ਵਾਚ ਐਂਡ ਵਾਰਡ ਸਟਾਫ' ਨੇ ਉਹਨਾਂ ਨੂੰ ਰੋਕ ਲਿਆ ਤੇ ਕਿਹਾ-"ਕਿਰਪਾਨ ਲੈ ਕੇ ਤੁਸੀਂ ਅੱਗੇ ਨਹੀਂ ਜਾ ਸਕਦੇ।"

ਮਾਨ ਸਾਹਿਬ ਨੇ ਕਿਹਾ—"ਕਿਰਪਾਨ ਮੇਰਾ ਸਵਿਧਾਨਕ ਹੱਕ ਹੈ। ਸਵਿਧਾਨ ਦੀ ਧਾਰਾ 25 ਵਿਚ ਸਪਸ਼ਟ ਲਿਖਿਆ ਹੈ ਕਿ ਮੈਂ ਕਿਰਪਾਨ ਪਾ ਵੀ ਸਕਦਾ ਹਾਂ ਤੇ ਉਸਨੂੰ ਲੈ ਕੇ ਕਿਤੇ ਜਾ ਵੀ ਸਕਦਾ ਹਾਂ। ਕਿਰਪਾਨ ਨੂੰ ਸਿੱਖਾਂ ਦੇ ਅੰਗ ਦੇ ਤੌਰ 'ਤੇ ਮਾਨਤਾ ਪ੍ਰਾਪਤ ਹੈ ਪਰ ਉਹਨਾਂ ਨੂੰ ਅੱਗੇ ਨਾ ਜਾਣ ਦਿੱਤਾ ਗਿਆ।

ਹੁਣ ਏਥੇ ਇਸ ਹਾਲਾਤ ਨਾਲ ਦੋ ਤਰੀਕਿਆਂ ਨਾਲ ਨਜਿੱਠਿਆ ਜਾ ਸਕਦਾ ਸੀ। ਪਹਿਲਾ ਤਰੀਕਾ ਤਾਂ ਇਹ ਸੀ ਕਿ ਮਾਨ ਸਾਹਿਬ ਆਪਣੇ ਨਾਲ ਗਏ ਕਿਸੇ ਸਾਥੀ ਨੂੰ ਆਪਣੀ ਕਿਰਪਾਨ ਫੜਾ ਦੇਂਦੇ ਤੇ ਆਪ ਰਵਾਂ-ਰਵੀਂ ਜਾ ਕੇ ਪਾਰਲੀਮੈਂਟ ਦੇ ਠੰਡੇ ਹਾਲ ਵਿਚ ਆਪਣੀ ਸੀਟ 'ਤੇ ਬੈਠ ਜਾਂਦੇ। ਇਸ ਗੱਲ ਦੀ ਕੋਈ ਮਸ਼ਹੂਰੀ ਨਹੀਂ ਸੀ ਹੋਣੀ ਤੇ ਅਖਬਾਰੀ ਚਰਚਾ ਵੀ ਨਹੀਂ ਸੀ ਚੱਲਣੀ। ਗੱਲ ਖ਼ਤਮ ਹੋ ਜਾਣੀ ਸੀ। ਜਿਸ ਤਰ੍ਹਾਂ ਉਹਨਾਂ ਨੇ ਹੁਣ ਵਾਲੀ ਐਮ. ਪੀ. ਦੀ ਚੋਣ ਜਿੱਤ ਕੇ ਕੀਤਾ ਹੈ। ਦੂਜਾ ਤਰੀਕਾ ਸੀ ਬੇਨਿਨਸਾਫੀ ਅੱਗੇ ਡੱਟਣਾ, ਜੋ ਇਕ ਅਣਖੀਲੇ ਮਨੁੱਖ ਦਾ ਫਰਜ ਬਣਦਾ ਹੈ। ਸਿਤਮ ਜਰੀਫੀ ਦੀ ਗੱਲ ਇਹ ਸੀ ਕਿ ਮਾਨ ਸਾਹਿਬ ਨੂੰ ਬਾਰ-ਬਾਰ ਕਿਹਾ ਜਾਂਦਾ ਸੀ—"ਰੱਖਿਆ ਦੇ ਕਾਰਨਾਂ ਕਰਕੇ ਤੁਹਾਨੂੰ ਕਿਰਪਾਨ ਲੈ ਕੇ ਅੰਦਰ ਨਹੀਂ ਜਾਣ ਦਿੱਤਾ ਜਾ ਸਕਦਾ, ਕਿਉਂਕਿ ਅੰਦਰ ਤੁਹਾਡਾ ਵਿਰੋਧੀ ਮੈਂਬਰ ਰਾਜੀਵ ਗਾਂਧੀ ਵੀ ਹੈ, ਜਿਸ ਨਾਲ ਸਿੱਖਾਂ ਦੀ ਲਗਦੀ ਹੈ, ਨਾਲੇ ਅੰਦਰ ਜਾ ਕੇ ਮੂੰਹ ਨਾਲ ਗੱਲ ਕਰਨੀ ਹੁੰਦੀ ਹੈ, ਕਿਰਪਾਨ ਕਾਹਦੇ ਲਈ ਜਰੂਰੀ ਹੈ।

ਮਾਨ ਸਾਹਿਬ ਨੇ ਕਿਹਾ—"ਮੈਂ ਭਾਰਤ ਦਾ ਮਾਣਯੋਗ ਸ਼ਹਿਰੀ ਹਾਂ ਤੇ ਲੋਕਾਂ ਦੀਆਂ ਵੋਟਾਂ ਨਾਲ ਜਿੱਤ ਕੇ ਲੋਕਾਂ ਦਾ ਨੁਮਾਇਦਾ ਬਣ ਕੇ ਆਇਆ ਹਾਂ ਪਰ ਯਾਸਰ ਅਰਾਫਾਤ, ਜਿਸ ਦਾ ਕੋਈ ਮੁਲਕ ਨਹੀਂ, (ਓਦੋਂ ਉਸਦਾ ਮੁਲਕ ਫਲਸਤੀਨ ਹੋਂਦ ਵਿਚ ਨਹੀਂ ਸੀ ਆਇਆ) ਉਹ ਏਥੋਂ ਦਾ ਸ਼ਹਿਰੀ ਵੀ ਨਹੀਂ, ਫਿਰ ਵੀ ਭਰੇ ਹੋਏ ਮਾਊਜਰ ਪਿਸਟਲ ਨਾਲ ਲੋਕ ਸਭਾ ਤੇ ਰਾਜ ਸਭਾ ਨੂੰ ਸੰਬੋਧਨ ਕਰਕੇ ਗਿਆ ਹੈ। ਮੇਰੀ ਕਿਰਪਾਨ ਉਹਦੇ ਯਾਰਾਂ ਗੋਲੀਆਂ ਵਾਲੇ ਮਾਊਜਰ ਪਿਸਤੌਲ ਤੋਂ ਜ਼ਿਆਦਾ ਸ਼ਕਤੀਸ਼ਾਲੀ ਹੈ? ਓਦੋਂ ਵੀ ਤਾਂ ਲੋਕ ਸਭਾ ਤੇ ਰਾਜ ਸਭਾ ਦੇ ਕਈ ਐਸੇ ਮੈਂਬਰ ਸਨ, ਜਿਹੜੇ ਫਲਸਤੀਨ ਬਨਾਉਣ ਬਦਲੇ ਇਸਰਾਈਲ ਨਾਲ ਖਾਹਮਖਾਹ ਪੰਗਾ ਲੈਣ ਦੇ ਹੱਕ ਵਿਚ ਨਹੀਂ ਸਨ। ਜੇ ਯਾਸਰ ਅਰਾਫਾਤ ਉਹਨਾਂ

ਵਿਰੋਧੀ ਮੈਂਬਰਾਂ ਨੂੰ ਮਾਰ ਦੇਂਦਾ ਫੇਰ ?"

ਸਪੀਕਰ ਕੋਲ ਇਸ ਤਰਕ ਦਾ ਕੋਈ ਜਵਾਬ ਨਹੀਂ ਸੀ। ਮਾਨ ਸਾਹਿਬ ਦਾ ਸਟੈਂਡ ਬਿਲਕੁਲ ਠੀਕ ਸੀ ਕਿਉਂਕਿ ਪੁਰਾਣੇ ਅੰਗਰੇਜ਼ਾਂ ਵੇਲੇ ਦੇ ਅਸਲੇ ਦੇ ਲਾਇਸੰਸਾਂ 'ਤੇ ਲਿਖਿਆ ਹੁੰਦਾ ਸੀ ਕਿ ਸਿੱਖ ਕਿਰਪਾਨ ਪਾ ਸਕਦਾ ਹੈ ਤੇ ਨਾਲ ਰੱਖ ਸਕਦਾ ਹੈ। ਹੋਰ ਕੋਈ ਵੀ ਹਿੰਦੂ ਮੁਸਲਮਾਨ, ਇਸਾਈ ਕਿਰਪਾਨ ਫੜਨ ਜਾਂ ਕਿਤੇ ਖੜਨ ਦਾ ਹੱਕ ਨਹੀਂ ਰੱਖਦਾ, ਜੇ ਕੋਈ ਕਾਨੂੰਨ ਦੀ ਉਲੰਘਣਾ ਕਰੇ ਤਾਂ ਉਸਨੂੰ ਜੇਲ੍ਹ ਹੋ ਸਕਦੀ ਹੈ। ਜਿਵੇਂ ਅਜ ਕਲ ਵੀ ਸਿਰਫ ਨਿਹੰਗ ਸਿੰਘ ਹੀ ਬਰਛੇ ਦਾ ਲਾਇਸੰਸ ਲੈ ਕੇ ਬਰਛਾ ਰੱਖ ਸਕਦੇ ਹਨ, ਹੋਰ ਕੋਈ ਨਹੀਂ। ਇਹ ਹੱਕ ਲੈਣ ਲਈ ਸਿੱਖਾਂ ਨੂੰ ਬਾਕਾਇਦਾ ਕਿਰਪਾਨ ਦਾ ਮੋਰਚਾ ਲਾਉਣਾ ਪਿਆ ਸੀ ਤੇ ਬੜੀਆਂ ਕੁਰਬਾਨੀਆਂ ਕਰਨੀਆਂ ਪਈਆਂ ਸਨ। ਹੁਣ ਮਾਨ ਸਾਹਿਬ ਆਪਣੇ ਸੁਖ ਅਰਾਮ ਵਾਸਤੇ ਸਿੱਖਾਂ ਦਾ ਇਹ ਸੰਵਿਧਾਨਕ ਹੱਕ ਕਿਵੇਂ ਛੱਡ ਕੇ ਪਾਰਲੀਮੈਂਟ ਵਿਚ ਜਾ ਬਹਿੰਦੇ? ਜੇ ਉਹਨਾਂ ਦੇ ਇਸ ਤਰ੍ਹਾਂ ਕਰਨ ਨਾਲ ਸਿੱਖਾਂ ਦਾ ਸੰਵਿਧਾਨਕ ਹੱਕ ਖੋਹਿਆ ਜਾਂਦਾ ਤਾਂ ਲੋਕਾਂ ਨੇ ਕਹਿਣਾ ਸੀ, ਪਹਿਲੇ ਅਕਾਲੀ ਦਲ ਦੇ ਪ੍ਰਧਾਨ ਤਾਂ ਅਨਪੜ੍ਹ ਹੁੰਦੇ ਸਨ ਇਸ ਕਰਕੇ ਸਰਕਾਰ ਉਨ੍ਹਾਂ ਨਾਲ ਧੋਖਾ ਕਰ ਲੈਂਦੀ ਸੀ ਤੇ ਨਤੀਜੇ ਵਜੋਂ ਸਿੱਖਾਂ ਦੀਆਂ ਕੀਤੀਆਂ ਹੋਈਆਂ ਕੁਰਬਾਨੀਆਂ ਬੇਕਾਰ ਹੋ ਜਾਂਦੀਆਂ ਸਨ ਪਰ ਤੂੰ ਤਾਂ ਪੜ੍ਹਿਆ ਲਿਖਿਆ ਤੇ ਇਤਿਹਾਸ ਦਾ ਗੋਲਡ ਮੈਡਲਿਸਟ ਸੀ ਤੂੰ ਕਿਵੇਂ ਗਲਤੀ ਕਰ ਗਿਆ। ਜਿੱਥੇ ਸ. ਸਿਮਰਨਜੀਤ ਸਿੰਘ ਮਾਨ ਕਿਰਪਾਨ ਦਾ ਹੱਕ ਖੋਹੇ ਜਾਣ ਦਾ ਕਲੰਕ ਆਪਣੇ 'ਤੇ ਨਹੀਂ ਸੀ ਲੈਣਾ ਚਾਹੁੰਦੇ ਉਥੇ ਸਵੈਮਾਣ ਦੀ ਗੱਲ ਇਹ ਸੀ ਕਿ ਇਕ ਵਿਦੇਸ਼ੀ ਤਾਂ ਯਾਰਾਂ ਗੋਲੀਆਂ ਦੇ ਭਰੇ ਹੋਏ ਮਾਉਜ਼ਰ ਪਿਸਤੌਲ ਨਾਲ ਲੋਕ ਸਭਾ ਤੇ ਰਾਜ ਸਭਾ ਵਿਚ ਬਿਨਾਂ ਕਿਸੇ ਰੋਕਟੋਕ ਦੇ ਤੁਰਿਆ ਫਿਰੇ ਤੇ ਇਥੋਂ ਦੇ ਸ਼ਹਿਰੀ ਨੂੰ ਉਸਦੇ ਸੰਵਿਧਾਨਕ ਹੱਕ ਤੋਂ ਵੀ ਵਾਂਝਿਆ ਰਖਿਆ ਜਾਵੇ। ਪਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੋਹੜਾ ਨੇ ਜਿਹੜੀ ਟਿੱਪਣੀ ਕੀਤੀ, ਉਹ ਬਹੁਤ ਹੀ ਸ਼ਰਮਨਾਕ ਸੀ। ਉਨ੍ਹਾਂ ਨੇ ਪ੍ਰੈਸ ਕਾਨਫਰੰਸ ਕਰਕੇ ਬਿਆਨ ਦਾਗਿਆ, "ਮਾਨ ਨੇ ਕਿਰਪਾਨ ਸਮੇਤ ਪਾਰਲੀਮੈਂਟ ਵਿਚ ਜਾ ਕੇ ਗਤਕਾ ਖੇਡਣਾ ਹੈ। ਜਦੋਂ ਮਾਨ ਨਹਾਉਣ ਜਾਂਦਾ ਹੈ ਤਾਂ ਕਰਪਾਨ ਨਾਲ ਲੈ ਕੇ ਜਾਂਦਾ ਹੈ।"

ਦਲਿਤ ਨੇਤਾ ਡਾ. ਭੀਮ ਰਾਓ ਅੰਬੇਦਕਰ ਨੇ ਜਦੋਂ ਭਾਰਤ ਦਾ ਸੰਵਿਧਾਨ ਲਿਖਿਆ ਤਾਂ ਸਿੱਖਾਂ ਨੂੰ ਕਿਰਪਾਨ ਰਖਣ ਤੇ ਪਹਿਨਣ ਦੀ ਛੋਟ ਦਿੱਤੀ ਤੇ ਇਸ ਦੀ ਵਿਆਖਿਆ ਇਸ ਤਰ੍ਹਾਂ ਕੀਤੀ। The Wearing and carrying of Kirpan shall be deemed to be included in the practise of the Sikh Religion." ਕਿਸੇ ਨੇ ਵੀ ਡਾਕਟਰ ਸਾਹਿਬ ਨੂੰ ਭਾਂਵੇ ਇਸ ਵਿਚ ਸੁਧਾਰ ਕਰਨ ਲਈ ਨਹੀਂ ਸੀ ਆਖਿਆ ਪਰ ਫਿਰ ਵੀ ਉਨ੍ਹਾਂ ਨੂੰ ਆਪਣੇ ਆਪ ਹੀ ਇਹ ਧਿਆਨ ਆਇਆ ਕਿ ਸਿੱਖ ਵਿਚਾਰੀ ਬੜੀ ਭੋਲੀ ਭਾਲੀ ਕੌਮ ਹੈ, ਜਦੋਂ ਕਿ, ਜਿਨ੍ਹਾਂ ਨਾਲ ਇਨ੍ਹਾਂ ਦਾ ਵਾਹ ਪੈ ਗਿਆ ਹੈ, ਉਹ ਬੜੇ ਸ਼ਾਤਰ ਤੇ ਚਲਾਕ ਲੋਕ ਹਨ। ਸ਼ਬਦ "practise" ਦਾ ਕਿਤੇ ਗਲਤ ਮਤਲਬ ਕੱਢ ਕੇ ਸਿੱਖਾਂ ਦਾ ਹੱਕ ਖੋਹ ਹੀ ਨਾ ਲੈਣ। ਇਸ ਵਿਚਾਰ ਨੂੰ ਮੁੱਖ ਰੱਖਕੇ ਉਨ੍ਹਾਂ ਨੇ ਇਹ ਸ਼ਬਦ ਕੱਟ ਦਿੱਤਾ ਤੇ ਉਸਦੀ ਥਾਂ ਪ੍ਰੋਫੈਸ਼ਨ (Profession) ਲਿਖ ਦਿੱਤਾ। ਪ੍ਰੈਕਟਿਸ ਦਾ ਮਤਲਬ ਤਾਂ ਇਹ ਹੋਇਆ ਕਿ ਕਦੇ ਕਿਰਪਾਨ ਲਾਹ ਲਈ ਤੇ ਜਦੋਂ ਜੀਅ ਕੀਤਾ ਓਦੋਂ ਪਾ ਲਈ। ਇਸ ਤਰ੍ਹਾਂ ਲੰਮੇ ਸਮੇਂ ਤੱਕ ਇਹ ਹੱਕ ਨਹੀਂ ਸੀ ਚਲਣਾ ਤੇ ਸਰਕਾਰ ਨੇ ਖੋਹ ਲੈਣਾ ਸੀ। ਪਰ (Profession) ਪ੍ਰੋਫੈਸ਼ਨ ਲਿਖਣ ਨਾਲ ਇਸ

ਦਾ ਮਤਲਬ ਇਹ ਬਣਿਆ ਕਿ ਇਹ ਇਕ ਅੰਗ ਹੈ ਤੇ ਧਾਰਮਕ ਵਿਸ਼ਵਾਸ ਹੈ। ਇਸ ਨੂੰ ਸਦਾ ਨਾਲ ਰਖਿਆ ਜਾ ਸਕਦਾ ਹੈ।

ਇਸ ਸ਼ਬਦ ਦਾ ਡਿਕਸ਼ਨਰੀ ਅਰਥ ਇਹ ਬਣਦਾ ਹੈ :-

Oxford English Dictionary :- Profession. To affirm or declare ones faith in, allegiance to a religions principle God, Saint etc. the act or fact of profession the declaration. Promise or Vow made on entering or religious order the Profession or religion. The declration of or belief in and obedience to religion or a religion hence the faith or religion which one professes.

ਇਸ ਤਰ੍ਹਾਂ ਏਥੇ ਜੋ ਸ਼ਬਦ (Profession) ਵਰਤਿਆ ਗਿਆ ਹੈ ਇਸ ਦੀ ਬਹੁਤ ਮਹੱਤਤਾ ਹੈ ਤੇ ਕਿਰਪਾਨ ਤੇ ਕਿਸੇ ਵੀ ਤਰ੍ਹਾਂ ਦੀ ਪਾਬੰਦੀ ਨਹੀਂ ਲਾਈ ਜਾ ਸਕਦੀ। ਮੰਨ ਲਓ ਜੇ ਸਰਕਾਰ ਨੇ ਕੋਈ ਪਾਬੰਦੀ ਲਾਉਣੀ ਹੋਵੇ ਤਾਂ ਉਹ ਸੰਵਿਧਾਨ ਵਿਚ ਸੋਧ ਕਰਕੇ ਹੀ ਲਾ ਸਕਦੀ ਹੈ, ਜਬਾਨੀ ਕਹਿ ਦੇਣ ਨਾਲ ਨਹੀਂ। ਕਾਨੂੰਨ ਵੀ ਇਹ ਹੀ ਕਹਿੰਦਾ ਹੈ (According to H. M. Seervai in the constitutional law of India 12.33 (P-916) Any law which Prohibited Sikhs from wearing or carrying Kirpans would be void unless such law was Justified as neccessary to Public order Though not defined in the Constitution.

ਉਪਰੋਕਤ ਸਾਰੀ ਗਲ ਵਿਚ ਕਿਰਪਾਨ ਦੇ ਸਾਈਜ਼ ਦੀ ਕਿਤੇ ਵੀ ਗਲ ਨਹੀਂ ਆਈ ਜੇ ਹੈ ਤਾਂ ਅਮਨ ਕਾਨੂੰਨ ਸ਼ਾਂਤੀ ਸੁਰੱਖਿਆ ਜਾਂ ਲਾਅ ਐਂਡ ਆਰਡਰ ਦੀ। ਅਜੇ ਤੱਕ ਐਸਾ ਕੁੱਝ ਨਹੀਂ ਹੋਇਆ ਜਿਸ ਨਾਲ ਕ੍ਰਿਪਾਨ 'ਤੇ ਪਾਬੰਦੀ ਲਗਦੀ। ਇਸ ਲਈ ਅਜੇ ਤੱਕ ਕਿਰਪਾਨ ਪਹਿਨਣੀ ਤੇ ਆਪਣੇ ਨਾਲ ਰਖਣੀ (Wearing and Carrying) ਸਿੱਖਾਂ ਦਾ ਜਮਾਂਦਰੂ ਹੱਕ (Fundamental Right) ਹੈ। ਕਿਸੇ ਦੇ ਜਮਾਂਦਰੂ ਅਧਿਕਾਰ 'ਤੇ ਕੋਈ ਪਾਬੰਦੀ ਲਾਉਣੀ ਹੋਵੇ ਤਾਂ ਉਹ ਸੰਵਿਧਾਨਕ ਸੋਧ ਕਰਕੇ ਹੀ ਲਾਈ ਜਾ ਸਕਦੀ ਹੈ। ਪਹਿਲਾਂ ਅੰਗਰੇਜਾਂ ਨੇ ਵੀ 25 ਜੂਨ 1914 ਨੂੰ ਕਿਰਪਾਨ 'ਤੇ ਪਾਬੰਦੀ ਲਾਈ ਸੀ। 19 ਮਈ 1917 ਨੂੰ ਅੰਗਰੇਜ ਸਰਕਾਰ ਨੇ ਪੂਰੇ ਭਾਰਤ ਵਿਚੋਂ ਕਿਰਪਾਨ ਤੋਂ ਪਾਬੰਦੀ ਚੁੱਕ ਲਈ ਸੀ ਤੇ ਕਿਰਪਾਨ ਪਹਿਨ ਕੇ ਸਿੱਖ ਕਿਤੇ ਵੀ ਜਾ ਸਕਦਾ ਸੀ। ਪਹਿਲੀ ਸੰਸਾਰ ਜੰਗ ਤੋਂ ਬਾਅਦ ਹਵਾਲਾ ਚਿਠੀ ਨੰਬਰ 6221 ਦੁਆਰਾ ਫੌਜੀਆਂ ਨੂੰ ਵੀ ਕਿਰਪਾਨ ਪਹਿਨਣ ਦੀ ਇਜਾਜਤ ਦੇ ਦਿੱਤੀ ਗਈ ਸੀ। ਅੰਗਰੇਜ ਸਰਕਾਰ ਵੇਲੇ ਕਿਰਪਾਨ ਦਾ ਹੱਕ ਲੈਣ ਲਈ ਮੋਰਚੇ ਲਾਉਣੇ ਪਏ ਸਨ ਤੇ ਸਿੱਖਾਂ ਨੂੰ ਕਈ ਕੁਰਬਾਨੀਆਂ ਕਰਨੀਆਂ ਪਈਆਂ ਸਨ ਤੇ ਜੇਲ੍ਹ ਕੱਟਣੀ ਪਈ ਸੀ। ਸ. ਸਿਮਰਨਜੀਤ ਸਿੰਘ ਮਾਨ ਨੂੰ ਇਹ ਵੀ ਡਰ ਸੀ ਕਿ ਜੇ ਕਿਰਪਾਨ ਦਾ ਹੱਕ ਖੋਹਿਆ ਗਿਆ (ਜਿਹੜਾ ਕਿ ਖੋਹਿਆ ਹੀ ਗਿਆ ਹੈ) ਤਾਂ ਲੋਕਾਂ ਨੇ ਕਹਿਣਾ ਹੈ, ਤੈਨੂੰ ਕੀ ਹੋਇਆ? ਤੂੰ ਕਿਰਪਾਨ ਨੂੰ ਬਾਹਰ ਰਖ ਕੇ ਆਪ ਭੱਜ ਕੇ ਅੰਦਰ ਜਾ ਵੜਿਆ ਤੇ ਸਿੱਖਾਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਪੜ੍ਹੇ ਲਿਖੇ ਹੋ ਕੇ ਖੂਹ ਵਿਚ ਸੁੱਟ ਦਿੱਤਾ। ਉਨ੍ਹਾਂ ਦਿਨਾਂ ਵਿਚ ਹੀ ਸਾਡੀ ਪਾਰਟੀ ਨੇ ਪੰਜਾਬ ਵਿਚ ਰੋਸ ਮਾਰਚ ਰਖਿਆ ਹੋਇਆ ਸੀ। ਸਟੇਜਾਂ 'ਤੇ ਪੁਕਾਰ ਪੁਕਾਰ ਕੇ ਅਸਾਂ ਇਹ ਗੱਲ ਦਸੀ। ਪਰ ਲੋਕਾਂ 'ਤੇ ਕੋਈ ਬਹੁਤਾ ਅਸਰ ਨਾ ਹੋਇਆ। ਤੇ ਉਲਟਾ ਲੋਕ ਮਾਨ ਸਾਹਿਬ ਦੇ

ਹੀ ਵਿਰੁੱਧ ਹੋ ਗਏ। ਲੋਕਾਂ ਦੇ ਮੂੰਹ ਤੇ ਏਹੋ ਗੱਲ ਚੜ੍ਹੀ ਹੋਈ ਸੀ "ਮਾਨ ਕਿਰਪਾਨ ਨੂੰ ਫੜ ਕੇ ਬਹਿ ਗਿਆ ਤੇ ਅੰਦਰ ਗਿਆ ਈ ਨਹੀਂ"। ਪਰ ਬਾਅਦ ਵਿਚ ਬੀਬੀ ਬਿਮਲ ਕੌਰ ਖਾਲਸਾ ਪਤਨੀ ਸ਼ਹੀਦ ਭਾਈ ਬੇਅੰਤ ਸਿੰਘ ਤੇ ਬੀਬੀ ਰਜਿੰਦਰ ਕੌਰ ਬੁਲਾਰਾ ਪਾਰਲੀਮੈਂਟ ਵਿਚ ਚਲੀਆਂ ਗਈਆਂ ਸਨ। ਬੀਬੀ ਬੁਲਾਰਾ ਨੇ ਰਜੀਵ ਗਾਂਧੀ ਵਲ ਹੱਥ ਕਰਕੇ ਕਿਹਾ ਸੀ "ਮਨੁੱਖਤਾ ਦਾ ਕਾਤਲ ਆਹ ਬੈਠਾ ਹੈ" ਪਰ ਸਪੀਕਰ ਨੇ ਇਹ ਸ਼ਬਦ ਹਾਊਸ ਦੀ ਕਾਰਵਾਈ ਵਿਚੋਂ ਹੀ ਕੱਢ ਦਿੱਤੇ। ਅੱਜ ਜੇ ਕੋਈ ਪਿਛਲਾ ਰਿਕਾਰਡ ਵੇਖ ਕੇ ਇਹ ਜਾਨਣਾ ਚਾਹਵੇ ਕਿ ਬੀਬੀ ਬੁਲਾਰਾ ਨੇ ਕੀ ਕਿਹਾ ਸੀ ਤਾਂ ਰਿਕਾਰਡ ਵੇਖਣ 'ਤੇ ਪਤਾ ਲਗੇਗਾ ਕਿ ਕੁਝ ਵੀ ਨਹੀਂ ਸੀ ਕਿਹਾ। ਬੀਬੀ ਬਿਮਲ ਕੌਰ ਖਾਲਸਾ ਨੇ ਵੀ ਜੋ ਖਰੀਆਂ ਖੋਟੀਆਂ ਸੁਣਾਈਆਂ ਉਹ ਵੀ ਹਾਊਸ ਦੀ ਕਾਰਵਾਈ ਵਿਚੋਂ ਕੱਢ ਦਿੱਤੀਆਂ ਗਈਆਂ। ਏਸੇ ਤਰ੍ਹਾਂ ਹੀ ਮਾਨ ਸਾਹਿਬ ਵੀ ਜੋ ਕਹਿੰਦੇ, ਉਹਨੂੰ ਵੀ ਹਾਊਸ ਦੀ ਕਾਰਵਾਈ ਵਿਚੋਂ ਕੱਢ ਹੀ ਦਿੱਤਾ ਜਾਣਾ ਸੀ। ਪਰ ਮਾਨ ਸਾਹਿਬ ਵੇਹਲੇ ਨਹੀਂ ਬੈਠੇ ਰਹੇ। ਉਨ੍ਹਾਂ ਨੇ ਕਿਰਪਾਨ ਦੀ ਗੱਲ ਦੁਨੀਆਂ ਪੱਧਰ 'ਤੇ ਉਠਾਈ। UNO, ਅਮਰੀਕਾ, ਇੰਗਲੈਂਡ ਤੇ ਹੋਰ ਸਭ ਦੇਸ਼ਾਂ ਨੂੰ ਦਸਿਆ ਕਿ ਵੇਖ ਲਓ ਭਾਰਤ ਦੀ ਸਰਕਾਰ ਨੇ ਕਿਵੇਂ ਸਿੱਖਾਂ ਦਾ ਹੱਕ ਧੱਕੇ ਨਾਲ ਖੋਹਿਆ ਹੈ। ਅਮਰੀਕਾ ਦੀ ਸੈਕਟਰੀ ਆਫ ਸਟੇਟ ਮੈਡਮ ਰੌਬਿਨ ਰੈਫਲ ਭਾਰਤ ਆਈ ਤਾਂ ਮਾਨ ਸਾਹਿਬ ਨੂੰ ਉਸ ਨੇ ਪੁਛਿਆ, "ਤੁਸੀਂ ਕਿਰਪਾਨ ਤੋਂ ਬਿਨਾਂ ਪਾਰਲੀਮੈਂਟ ਵਿਚ ਕਿਉਂ ਨਹੀਂ ਜਾਂਦੇ? ਤਾਂ ਮਾਨ ਸਾਹਿਬ ਨੇ ਕਿਹਾ, "ਯੂਅਰ ਐਕਸੀਲੈਂਸੀ ਅਮਰੀਕਾ ਵਿਚ ਕਿੰਨੇ ਰਾਸ਼ਟਰਪਤੀ ਗੋਲੀ ਨਾਲ ਮਾਰੇ ਜਾ ਚੁੱਕੇ ਹਨ?" ਉਸਨੇ ਕਿਹਾ, "ਚਾਰ" ਮਾਨ ਸਾਹਿਬ ਨੇ ਪੁਛਿਆ "ਚਾਰ ਰਾਸ਼ਟਰਪਤੀ ਮਰ ਜਾਣ 'ਤੇ ਤੁਸਾਂ ਅਸਲ੍ਹੇ 'ਤੇ ਪਾਬੰਦੀ ਲਾ ਦਿੱਤੀ ਹੈ?" ਰੌਬਿਨ ਰੈਫਲ ਨੇ ਕਿਹਾ, "ਅਸੀਂ ਲੋਕਾਂ ਦੇ ਅਧਿਕਾਰਾਂ 'ਤੇ ਕਿਵੇਂ ਪਾਬੰਦੀ ਲਾ ਸਕਦੇ ਹਾਂ;" ਤਾਂ ਮਾਨ ਸਾਹਿਬ ਨੇ ਕਿਹਾ "ਏਥੇ ਕਿਰਪਾਨ ਨਾਲ ਅੱਜ ਤੱਕ ਇਕ ਬੰਦਾ ਵੀ ਨਹੀਂ ਮਰਿਆ ਪਰ ਫਿਰ ਵੀ ਇਨ੍ਹਾਂ ਨੇ ਮੇਰੇ ਕਿਰਪਾਨ ਰੱਖਣ ਦੇ ਅਧਿਕਾਰ 'ਤੇ ਪਾਬੰਦੀ ਲਾ ਦਿੱਤੀ ਹੈ। ਪਰ ਯਾਸਰ ਅਰਾਫਾਤ ਨੂੰ ਅਸਲ੍ਹੇ ਸਮੇਤ ਲੋਕ ਸਭਾ ਵਿਚ ਜਾਣ ਦਿੱਤਾ ਜਾਂਦਾ ਹੈ।" ਉਸਨੇ ਕਿਹਾ, "ਮੈਂ ਸਾਰੀ ਗੱਲ ਸਮਝ ਗਈ ਹਾਂ ਤੇ ਮੈਂ ਆਪਣੀ ਸਰਕਾਰ ਨੂੰ ਇਹ ਗਲ ਦਸ ਦਿਆਂਗੀ।" ਉਸਤੋਂ ਬਾਅਦ ਹੀ ਸਿੱਖ ਮੁੰਡਿਆਂ ਨੂੰ ਧੜਾ-ਧੜ ਪਨਾਹ ਮਿਲਣੀ ਸ਼ੁਰੂ ਹੋਈ ਸੀ। ਜਿਸ ਸ. ਗੁਰਚਰਨ ਸਿੰਘ ਟੌਹੜੇ ਨੂੰ ਕਿਰਪਾਨ ਵਰਗੇ ਧਾਰਮਕ ਮਾਮਲੇ 'ਤੇ ਸ. ਮਾਨ ਦਾ ਸਾਥ ਦੇਣਾ ਚਾਹੀਦਾ ਸੀ, ਓਸੇ ਦੇ ਬਿਆਨਾਂ ਨੇ ਹੀ ਪੂਰੇ ਭਾਰਤ ਵਿਚ ਤੇ ਖਾਸ ਕਰਕੇ ਸਿੱਖਾਂ ਵਿਚ ਇਹ ਪ੍ਰਭਾਵ ਬਣਾ ਦਿੱਤਾ ਕਿ ਕਿਰਪਾਨ ਇਕ ਫਜੂਲ ਚੀਜ ਹੈ ਤੇ ਹੁਣ ਸਿੱਖਾਂ ਨੂੰ ਇਹਦੀ ਲੋੜ ਨਹੀਂ। ਮਾਨ ਸਾਹਿਬ ਵੀ ਹੁਣ ਦੂਜੀ ਵਾਰ ਐਮ. ਪੀ. ਬਣ ਕੇ ਬਿਨਾਂ ਕਿਰਪਾਨ ਤੋਂ ਹੀ ਪਾਰਲੀਮੈਂਟ ਵਿਚ ਚਲੇ ਗਏ ਹਨ ਤੇ ਕਿਰਪਾਨ ਦਾ ਹੱਕ ਹੁਣ ਸਿੱਖਾਂ ਕੋਲੋਂ ਖੋਹਿਆ ਜਾ ਚੁੱਕਾ ਹੈ।

"ਸਿੱਖ ਵਖਰੀ ਕੌਮ" ਦੀ ਅਤੀ ਮਹੱਤਵਪੂਰਨ ਕੜੀ ਟੁੱਟ ਗਈ ਹੈ। ਸੰਵਿਧਾਨ ਦੀ ਧਾਰਾ 25 ਬੀ2 ਸਿੱਖਾਂ ਤੇ ਉਨ੍ਹਾਂ ਦੇ ਗੁਰਦੁਆਰਿਆਂ ਨੂੰ ਬਿਨਾਂ ਕਿਸੇ ਭੇਦਭਾਵ ਦੇ ਹਿੰਦੂ ਕੌਮ ਦਾ ਅੰਗ ਮਨਦੀ ਹੈ, ਜਿਵੇਂ ਬੋਧੀਆਂ ਅਤੇ ਜੈਨੀਆਂ ਨੂੰ ਮੰਨਦੀ ਹੈ। 25 ਬੀ2 ਵਿਆਖਿਆ ਇਸ ਤਰ੍ਹਾਂ ਹੈ : The Reference of Hindus Shall be construed as including a refrence to persons professing the Sikh, Jain or Budhist Religion and reference to Hindu religions institutions shall be construed accordingly.

ਸਿੱਖ ਵੀ ਜੈਨੀਆਂ ਤੇ ਬੋਧੀਆਂ ਵਾਂਗ ਹਿੰਦੂ ਹੀ ਹਨ, ਤੇ ਇਨ੍ਹਾਂ ਦੇ ਧਾਰਮਕ ਸਥਾਨ ਵੀ ਏਸੇ ਹੀ ਸੰਦਰਭ ਵਿਚ ਹਨ।" ਇਸ ਦਾ ਮਤਲਬ ਇਹ ਹੋਇਆ ਕਿ ਹਰਿਮੰਦਰ ਸਾਹਿਬ ਵੀ ਹਿੰਦੂ ਧਾਰਮਕ ਸਥਾਨ ਹੀ ਹੈ। ਬਿਲਕੁਲ ਓਵੇਂ ਹੀ ਜਿਵੇਂ ਹਿੰਦੂਆਂ ਦਾ ਦੁਰਗਿਆਣਾ ਮੰਦਰ ਹੈ। ਜੇ 1925 ਦਾ ਗੁਰਦੁਆਰਾ ਐਕਟ ਨਾਂ ਹੋਵੇ, ਜਿਸ ਨਾਲ ਸ਼੍ਰੋਮਣੀ ਕਮੇਟੀ ਦੀ ਚੋਣ ਹੁੰਦੀ ਹੈ ਤਾਂ ਫਿਰ ਦੁਰਗਿਆਣਾ ਮੰਦਰ ਵਾਂਗ ਕੋਈ ਵੀ ਹਿੰਦੂ ਹਰਿਮੰਦਰ ਸਾਹਿਬ ਦਾ ਵੀ ਪ੍ਰਧਾਨ ਬਣ ਸਕਦਾ ਹੈ। 1925 ਦਾ ਐਕਟ ਅਜਿਹਾ ਨਹੀਂ ਹੋਣ ਦੇਂਦਾ। ਏਸੇ ਤਰ੍ਹਾਂ ਹੀ ਕਿਰਪਾਨ ਕਿਉਂਕਿ ਸਿੱਖ ਹੀ ਰਖ ਸਕਦਾ ਹੈ, ਹੋਰ ਕੋਈ ਨਹੀਂ, ਇਸ ਲਈ ਇਹ ਅਧਿਕਾਰ ਹਿੰਦੂ ਨਾਲੋਂ ਸਿੱਖ ਨੂੰ ਵੱਖ ਕਰਦਾ ਹੈ। ਨਹੀਂ ਤਾਂ ਸੰਵਿਧਾਨ ਨੇ ਤਾਂ ਸਿੱਖ ਅਤੇ ਸਿੱਖਾਂ ਦੇ ਗੁਰਦੁਆਰੇ ਹਿੰਦੂ ਐਲਾਨ ਕਰ ਹੀ ਦਿੱਤੇ ਸਨ। ਜੈਨੀ ਧਰਮ ਗ੍ਰੰਥਾਂ ਵਿਚ ਲਿਖਿਆ ਹੋਇਆ ਹੈ ਕਿ ਜੇ ਕੋਈ ਜੈਨੀ ਪਾਗਲ ਹਾਥੀ ਦੇ ਅੜਿੱਕੇ ਚੜ ਜਾਵੇ ਤੇ ਲਾਗੇ ਹੀ ਕੋਈ ਹਿੰਦੂ ਮੰਦਰ ਹੋਵੇ, ਜਿਥੇ ਜਾ ਕੇ ਆਪਣੀ ਜਾਨ ਬਚਾ ਸਕਦਾ ਹੋਵੇ। ਤਾਂ ਉਹ ਹਿੰਦੂ ਮੰਦਰ ਵਿਚ ਨਾਂ ਜਾਵੇ ਹਾਥੀ ਦੇ ਪੈਰਾਂ ਥਲੇ ਕੁਚਲੇ ਜਾਣਾ ਮਨਜ਼ੂਰ ਕਰ ਲਵੇ। ਏਸੇ ਤਰ੍ਹਾਂ ਹੀ ਬੁੱਧ ਗ੍ਰੰਥਾਂ ਵਿਚ ਲਿਖਿਆ ਮਿਲਦਾ ਹੈ ਕਿ ਭਾਂਵੇ ਹਿੰਦੂ ਤੁਹਾਨੂੰ ਆਪਣੇ ਵਿਚ ਮਲਾਉਣ ਲਈ ਤੁਹਾਡੇ 'ਤੇ ਕਿੰਨਾਂ ਵੀ ਜੁਲਮ ਤੇ ਤਸ਼ੱਦਦ ਕਰਨ ਪਰ ਤੁਸੀਂ ਉਹ ਜੁਲਮ ਤੇ ਤਸ਼ੱਦਦ ਸਹਿਣ ਕਰ ਲਿਓ ਪਰ ਹਿੰਦੂ ਨਾਂ ਬਣਿਓ। ਜੇ ਹਿੰਦੂਆਂ ਨਾਲੋਂ ਏਨਾਂ ਪਾੜਾ ਪਾ ਚੁੱਕੇ ਜੈਨੀ ਤੇ ਬੋਧੀ ਹਿੰਦੂ ਧਰਮ ਵਿੱਚ ਵਿਲੀਨ ਹੋ ਚੁੱਕੇ ਹਨ ਤਾਂ ਸਿੱਖਾਂ ਨੂੰ ਸਿਰਫ ਕਿਰਪਾਨ ਹੀ ਵਖਰੀ ਪਛਾਣ ਦੇ ਕੇ ਅਲਗ ਰਖਦੀ ਸੀ। ਸਿੱਖ ਤੋਂ ਹਿੰਦੂ ਦੇ ਦਰਮਿਆਨ ਕਿਰਪਾਨ ਹੀ ਇਕ ਦੀਵਾਰ ਸੀ, ਜਿਹੜੀ ਢਹਿ ਗਈ ਹੈ। ਹੁਣ ਸਿੱਖ ਦਾਹੜੀਆਂ ਕਰਕੇ ਹਿੰਦੂਆਂ ਨਾਲੋਂ ਵਖਰੇ ਨਹੀਂ ਅਖਵਾ ਸਕਣਗੇ। ਕਿਉਂਕਿ ਦਾੜ੍ਹੀਆਂ ਤਾਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਕਈ ਕੱਟੜ ਬ੍ਰਾਹਮਣਾਂ ਦੀਆਂ ਵੀ ਹਨ। ਕਈਆਂ ਦੀਆਂ ਦਾਹੜੀਆਂ ਤਾਂ ਸਿੱਖਾਂ ਦੀਆਂ ਦਾਹੜੀਆਂ ਨਾਲੋਂ ਵੀ ਲੰਮੀਆਂ ਹਨ।

ਹੁਣ ਸਿੱਖਾਂ ਦੇ ਪੰਜ ਕਕਾਰਾਂ ਵਿਚੋਂ ਇਕ ਕਕਾਰ ਖੁੱਸ ਗਿਆ ਹੈ ਪਰ ਕਿਸੇ ਵੀ ਸਿੱਖ ਨੇ ਚਿੰਤਾ ਨਹੀਂ ਕੀਤੀ। ਹੁਣ ਜਦੋਂ ਦਿਨੋਂ-ਦਿਨ ਇਕ ਦੂਜੇ ਕਕਾਰ ਕੇਸ ਖੁੱਸ ਰਹੇ ਹਨ ਤਾਂ ਹਰ ਸਿਖ ਚਿੰਤਾ ਕਰ ਰਿਹਾ ਹੈ ਪਰ ਇਹ ਕਿਉਂ ਨਹੀਂ ਸੋਚਦੇ ਕਿ ਪੰਜ ਕਕਾਰ ਹੀ ਸਿਖੀ ਲਈ ਜਰੂਰੀ ਹਨ।

ਕੁਝ ਸਾਲ ਪਹਿਲਾਂ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਸਾਹਿਬ ਆਪਣੀ ਵਿਦੇਸ਼ ਯਾਤਰਾ 'ਤੇ ਚਲੇ ਤਾਂ ਉਨ੍ਹਾਂ ਨਾਲ ਕੀ ਬੀਤੀ ਇਹ ਗੱਲ ਉਨ੍ਹਾਂ ਦੇ ਸਾਥੀਆਂ ਨੇ ਦਿਲੀਓਂ ਆ ਕੇ ਲੋਕਾਂ ਨੂੰ ਦਸੀ। "ਵੱਡੀ ਕਰਪਾਨ ਤਾਂ ਜਥੇਦਾਰ ਸਾਹਿਬ ਘਰ ਹੀ ਲਾਹ ਗਏ ਸਨ ਪਰ ਨਿੱਕੀ ਕਰਪਾਨ ਨੂੰ ਜਦੋਂ ਹਵਾਈ ਅੱਡੇ 'ਤੇ ਲਾਹੁਣ ਲਈ ਕਿਹਾ ਗਿਆ ਤਾਂ ਉਨ੍ਹਾਂ ਨੇ ਸੰਵਿਧਾਨ ਦਾ ਹਵਾਲਾ ਦਿੱਤਾ।" ਅਗੋਂ ਡੀ. ਐਸ. ਪੀ. ਨੇ ਕਿਹਾ "ਐਸੀ ਬਾਂਤੇ ਤੋ ਕਿਤਾਬੋਂ ਮੇਂ ਲਿਖੀ ਰਹਿਤੀ ਹੈਂ, ਉਨਕੋ ਕੌਨ ਪੂਛਤਾ ਹੈ? ਕਿਤਾਬੋਂ ਮੇ ਤੋ ਲਿਖਾ ਹੁਆ ਹੈ ਕਿ ਭਾਰਤ ਸਾਰੀ ਦੁਨੀਆਂ ਸੇ ਅਛਾ ਹੈ ਲੇਕਿਨ ਆਪ ਦੇਖਤੇ ਨਹੀਂ ਸਭੀ ਭਾਰਤੀ ਲੋਗ ਬਾਹਰ ਭਾਗੇ ਜਾ ਰਹੇ ਹੈਂ। ਜੈਸੇ ਯਹਾਂ ਆਗ ਲਗ ਗਈ ਹੋ। ਕਿਤਾਬੋਂ ਮੇ ਤੋ ਯਹ ਭੀ ਲਿਖਾ ਹੂਆ ਹੈ ਕਿ ਇਮਾਨਦਾਰੀ ਸੇ ਕਰ (ਟੈਕਸ) ਦੋ ਰਿਸ਼ਵਤ ਨਹੀਂ ਲੋ ਤੋ ਕਯਾ ਯਹ ਲਿਖਾ ਹੂਆ ਲੋਗ ਮਾਨ ਲੇਤੇ ਹੈ? ਆਪ ਯਹ ਕਰਦ ਮੁਝੇ ਦੇਂ ਦੋ ਮੈਂ ਯਹਾਂ ਰਖ ਲੇਤਾ ਹੂੰ ਵਿਦੇਸ਼ ਸੇ ਆ ਕੇ ਲੇ ਜਾਨਾਂ ਮੈਂ ਤੋ ਯਹੀ ਕਰ ਸਕਤਾ ਹੂੰ। ਏਕ ਤਰੀਕਾ ਔਰ ਹੈ ਆਪ ਹਵਾਈ ਜਹਾਜ ਕੋ ਛੋੜੀਏ

ਸਮੁੰਦਰੀ ਜਹਾਜ ਪਰ ਚਲੇ ਜਾਈਏ ਵਹਾਂ ਆਪ ਕੋ ਯਹ ਛੁਰੀ ਸਾਥ ਜਾਨੇ ਕੋ ਕੋਈ ਮਨਾਂ ਨਹੀਂ ਕਰੇਗਾ। ਵਹਾ ਤੋ ਕੁਇੰਟਲੋਂ ਕੇ ਹਿਸਾਬ ਲੋਹਾ ਪੜਾ ਹੋਤਾ ਹੈ," ਕਹਿੰਦੇ ਹਨ ਇਸ ਸੁੰਦਰ ਵਾਰਤਾਲਾਪ ਤੋਂ ਬਾਅਦ ਸਿੰਘ ਸਾਹਿਬ ਨੇ ਗਾਤਰੇ ਵਾਲੀ ਕਿਰਪਾਨ ਲਾਹ ਕੇ ਚੁੱਪ ਚਾਪ ਆਪਣੇ ਸਾਥੀ ਨੂੰ ਫੜਾ ਦਿੱਤੀ, ਜਿਸਨੇ ਵਾਪਸ ਪਟਿਆਲੇ ਆਉਣਾ ਸੀ। ਕਿਰਪਾਨ ਦਾ ਹੱਕ ਨਾ ਖੁੱਸੇ ਇਹ ਧਾਰਮਕ ਮਸਲਾ ਸੀ। ਸਾਰੇ ਤਖਤਾਂ ਦੇ ਜਥੇਦਾਰਾਂ ਤੇ ਆਪਣੇ ਆਪ ਨੂੰ ਰੱਬ ਨੂੰ ਪਹੁੰਚੇ ਹੋਏ ਹੋਣ ਦਾ ਦਾਅਵਾ ਕਰਨ ਵਾਲੇ ਸਾਧਾਂ ਨੂੰ ਚਾਹੀਦਾ ਸੀ ਕਿ ਉਹ ਇਸ ਵਿਸ਼ੇ 'ਤੇ ਆਪਣੇ ਵਿਚਾਰ ਪ੍ਰਗਟਾਉਂਦੇ ਤੇ ਸਗੋਂ ਮਾਨ ਸਾਹਿਬ ਦੀ ਹਮਾਇਤ 'ਤੇ ਆਉਂਦੇ। ਪਰ ਸਾਰਿਆਂ ਨੇ ਹੀ ਮੂੰਹ ਵਿਚ ਘੁੰਗਣੀਆਂ ਪਾ ਲਈਆਂ ਤੇ ਇਕ ਸ਼ਬਦ ਵੀ ਨਾਂ ਬੋਲੇ। ਸਰਕਾਰ ਕੋਲੋਂ ਡਰਦੇ ਇਹ ਇਕ ਸ਼ਬਦ ਵੀ ਮੂੰਹ ਵਿਚੋਂ ਕੱਢਣ ਲਈ ਤਿਆਰ ਨਾਂ ਹੋਏ। ਡਰ ਤਾਂ ਇਹਨਾਂ 'ਤੇ ਏਨਾਂ ਭਾਰੂ ਸੀ ਕਿ 1984 ਵਿਚ ਅਕਾਲ ਤਖ਼ਤ ਦੇ ਜਥੇਦਾਰ ਕਿਰਪਾਲ ਸਿੰਘ ਨੇ ਲੋਕਾਂ ਨੂੰ ਆਪਣੇ ਸੰਬੋਧਨ ਵਿਚ ਇਹ ਆਖਣ ਦੀ ਥਾਂ ਕਿ ਅਕਾਲ ਤਖ਼ਤ ਢਾਹ ਦਿੱਤਾ ਗਿਆ ਹੈ ਸਗੋਂ ਇਹ ਕਹਿ ਕੇ ਗੁੰਮਰਾਹ ਕੀਤਾ ਕਿ 'ਕੋਠਾ ਸਾਹਿਬ ਠੀਕ ਠਾਕ ਹੈ।' ਲੋਕਾਂ ਨੂੰ ਓਦੋਂ ਇਹ ਕੋਈ ਪਤਾ ਨਹੀਂ ਸੀ ਹੁੰਦਾ ਕਿ ਅਕਾਲ ਤਖ਼ਤ ਦੇ ਕਿਹੜੇ ਭਾਗ ਨੂੰ ਕੋਠਾ ਸਾਹਿਬ ਕਹਿੰਦੇ ਹਨ।

* * *

ਸਿੱਖਾਂ ਕੋਲੋਂ ਹੁਣੇ ਹੀ ਨਿਸ਼ਚਤ ਰੂਪ ਵਿਚ ਜਾਣ ਲੈਣਾ ਚਾਹੀਦਾ ਹੈ ਕਿ ਕੀ ਉਹ ਆਪਣਾ ਵਖਰਾ ਦੇਸ਼ ਚਾਹੁੰਦੇ ਹਨ? ਜਿਸ ਵਿਚ ਉਨ੍ਹਾਂ ਦਾ ਬਹੁਮਤ ਹੋਵੇ। ਜੇ ਉਨ੍ਹਾਂ ਦੀ ਇਹ ਖਾਹਸ਼ ਹੋਵੇ ਤਾਂ ਸ਼ਰਨਾਰਥੀਆਂ ਨੂੰ ਹੁਣੇ ਹੀ ਇਸ ਢੰਗ ਨਾਲ ਵਸਾਇਆ ਜਾਵੇ ਕਿ ਉਨ੍ਹਾਂ ਦੀ ਇਹ ਇਛਾ ਪੂਰੀ ਹੋ ਸਕੇ। ਜੇ ਸਿਖ ਭਾਰਤ ਦੇ ਨਾਗਰਿਕਾਂ ਦੇ ਰੂਪ ਵਿਚ ਰਹਿਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਸਪੱਸ਼ਟ ਰੂਪ ਵਿਚ ਸਮਝਾ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੇ ਵੀ ਵਿਧਾਨਕ ਜਾਂ ਪ੍ਰਸ਼ਾਸਕੀ ਵਿਸ਼ੇਸ਼ ਅਧਿਕਾਰ ਪ੍ਰਾਪਤ ਨਹੀਂ ਹੋਣਗੇ। ਸਾਂਝੇ ਚੁਣਾਓ ਹਲਕਿਆ ਦੇ ਅਧੀਨ, ਉਨ੍ਹਾਂ ਨੂੰ ਹਿੰਦੂਆਂ ਦੇ ਨਾਲ ਰਹਿ ਕੇ ਉਨ੍ਹਾਂ ਦੇ ਦੁਖ ਸੁਖ ਵੰਡਣੇ ਹੋਣਗੇ।

ਇਸਦਾ ਉੱਤਰ ਦੇਂਦੇ ਹੋਏ ਪੰਡਤ ਨਹਿਰੂ ਨੇ ਕਿਹਾ ਕਿ ਮਾਸਟਰ ਤਾਰਾ ਸਿੰਘ ਇਕ ਦਿਨ ਪਹਿਲਾਂ ਹੀ ਉਨ੍ਹਾਂ ਨੂੰ ਮਿਲੇ ਸਨ। ਉਨ੍ਹਾਂ ਨੇ ਸਿੱਖ ਆਗੂ ਨੂੰ ਇਹ ਪੁਛਿਆ ਸੀ ਕਿ ਕੀ ਉਨ੍ਹਾਂ ਦਾ ਭਾਈਚਾਰਾ ਖਾਲਿਸਤਾਨ ਚਾਹੁੰਦਾ ਹੈ? ਪੰਡਤ ਨਹਿਰੂ ਨੇ ਕਿਹਾ ਕਿ ਇਸ ਗੱਲ 'ਤੇ ਮਾਸਟਰ ਤਾਰਾ ਸਿੰਘ ਦਾ ਮੂੰਹ ਉਤਰ ਗਿਆ। ਸਿੱਖ ਆਗੂ ਨੇ ਬਹੁਤ ਦ੍ਰਿੜਤਾ ਨਾਲ ਕਿਹਾ ਕਿ ਸਿੱਖ ਖਾਲਿਸਤਾਨ ਕਤਈ ਨਹੀਂ ਚਾਹੁੰਦੇ। ਉਹ ਘਟ ਗਿਣਤੀ ਦੇ ਲੋਕ ਹਨ ਤੇ ਝਗੜਾ ਮੁੱਲ ਨਹੀਂ ਲੈਣਾ ਚਾਹੁੰਦੇ। ਉਹ ਭਾਰਤ ਦੇ ਨਾਗਰਿਕਾਂ ਦੀ ਤਰ੍ਹਾਂ ਹਿੰਦੂਆਂ ਨਾਲ ਭਰਾ ਬਣ ਕੇ ਰਹਿਣਾ ਚਾਹੁੰਦੇ ਹਨ।

**ਦੁਰਗਾ ਦਾਸ ਇੰਚਾਰਜ ਮੁੜ ਵਸਾਊ ਵਿਭਾਗ ਭਾਰਤ ਸਰਕਾਰ**
**(ਕਰਜਨ ਸੇ ਨਹਿਰੂ ਔਰ ਉਸਕੇ ਪਸ਼ਚਾਤ, ਸਫਾ 283)**

***

# ❑ ਕਸ਼ਮੀਰ ਦਾ ਸਿੱਖ ਵੀ ਸੰਕਟ ਵਿਚ

ਕਸ਼ਮੀਰ ਸਮੱਸਿਆ ਹੁਣ ਉਸ ਪੜਾਅ 'ਤੇ ਪਹੁੰਚ ਗਈ ਹੈ ਜਿਸ ਪੜਾਅ 'ਤੇ ਜਾਂ ਤੇ ਰਾਜੀਨਾਮਾ ਹੋ ਜਾਂਦਾ ਹੈ ਜਾਂ ਦੋਹਾਂ ਵਿਚੋਂ ਇਕ ਪਾਰਟੀ ਭਗੌੜੀ ਹੋ ਜਾਂਦੀ ਹੈ। ਜੇ ਸਕੂਲ ਪੜ੍ਹਦੇ ਦੋ ਬੱਚੇ ਲੜਦੇ ਲੜਦੇ ਇਕ ਦੂਜੇ ਦੇ ਵਾਲ ਫੜ ਲੈਣ ਦਾਂ ਫਿਰ ਦੋਵੇਂ ਹੀ ਇਕ ਦੂਜੇ ਨੂੰ ਕਹਿੰਦੇ ਹਨ ਤੂੰ ਮੇਰੇ ਵਾਲ ਪਹਿਲਾਂ ਕਿਉਂ ਫੜੇ, ਦੂਸਰਾ ਕਹਿੰਦਾ ਹੈ ਪਹਿਲਾਂ ਤੂੰ ਫੜੇ ਸੀ। ਜੇ ਕੋਈ ਛੁਡਾਉਣ ਆ ਜਾਵੇ ਤਾਂ ਇਕ ਕਹਿੰਦਾ ਹੈ ਪਹਿਲਾਂ ਦੂਜਾ ਵਾਲ ਛੱਡੇ ਤੇ ਦੂਜਾ ਕਹਿੰਦਾ ਹੈ ਪਹਿਲਾਂ ਪਹਿਲਾ ਛੱਡੇ।

ਰਮਜਾਨ ਦੇ ਦਿਨਾਂ ਵਿਚ ਭਾਰਤ ਸਰਕਾਰ ਨੇ ਇਕ ਤਰਫਾ ਯੁੱਧਬੰਦੀ ਦਾ ਐਲਾਨ ਕਰ ਦਿੱਤਾ। ਸੰਨ 2000 ਵਿਚ ਇਹ ਰਿਆਇਤ ਭਾਰਤ ਸਰਕਾਰ ਨੇ ਪਹਿਲੀ ਵਾਰੀ ਕਸ਼ਮੀਰੀ ਖਾੜਕੂਆਂ ਨੂੰ ਦਿੱਤੀ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਰਕਾਰ ਦਾ ਸਾਰਾ ਜ਼ੋਰ ਲੱਗ ਚੁੱਕਾ ਹੈ। ਰੋਜ ਦਾ ਕਰੋੜਾਂ ਰੁਪਏ ਦਾ ਖਰਚਾ ਹੈ । ਹੁਣ ਤਕ ਜਿੰਨਾ ਖ਼ਰਚਾ ਕਸ਼ਮੀਰ ਵਿਚ ਹੋ ਚੁੱਕਾ ਹੈ, ਏਨੇ ਪੈਸੇ ਨਾਲ ਤੀਹ ਭਾਖੜਾ ਡੈਮ ਬਣ ਸਕਦੇ ਸਨ। ਪਰ ਹਿੰਦੂਸਤਾਨ ਦੀ ਬਦਕਿਸਮਤੀ ਇਹ ਹੈ ਕਿ ਏਥੇ ਸਿਆਣੀ ਗੱਲ ਕੋਈ ਨਹੀਂ ਕਰਦਾ। ਜਿਹੜੀ ਹਿੰਦੂ ਸੋਚ ਪ੍ਰਧਾਨ ਮੰਤਰੀ ਦੀ ਹੁੰਦੀ ਹੈ, ਉਹ ਹੀ ਏਥੋਂ ਦੇ ਚਪੜਾਸੀ ਦੀ ਹੁੰਦੀ ਹੈ, ਜਿਵੇਂ ਚਪੜਾਸੀ ਸੋਚਦਾ ਹੈ, ਉਸੇ ਤਰ੍ਹਾਂ ਦਾ ਬਿਆਨ ਪ੍ਰਧਾਨ ਮੰਤਰੀ ਦੇਂਦਾ ਹੈ। ਹੁਣ ਇਕ ਰਟ ਹਿੰਦੁਸਤਾਨ ਦੇ ਸਾਰੇ ਹਿੰਦੂਆਂ ਨੇ ਇਹ ਲਾਈ ਹੋਈ ਹੈ ਕਿ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ ਤੇ ਅਸੀਂ ਕਿਸੇ ਕੀਮਤ 'ਤੇ ਵੀ ਇਹ ਵੱਖ ਨਹੀਂ ਹੋਣ ਦੇਣਾ। ਹੁਣ ਇਹਨਾਂ ਨੂੰ ਕੋਈ ਇਹ ਪੁੱਛੇ ਕਿ ਇਹ ਅਟੁੱਟ ਅੰਗ ਕਿਵੇਂ ਹੈ ? 1947 ਵਿਚ ਦੇਸ਼ ਦੀ ਵੰਡ ਵੇਲੇ ਤੋਂ ਹੀ ਇਹ ਝਗੜੇ ਵਾਲਾ ਹੈ। ਜਿੰਨਾ ਹੱਕ ਹਿੰਦੁਸਤਾਨ ਜਤਾਉਂਦਾ ਹੈ ਉਸਤੋਂ ਵੀ ਵੱਧ ਪਾਕਿਸਤਾਨ ਜਤਾਉਂਦਾ ਹੈ। ਪਾਕਿਸਤਾਨ ਹਿੰਦੁਸਤਾਨ ਨਾਲੋਂ ਜ਼ਿਆਦਾ ਸੱਚਾ ਲੱਗਦਾ ਹੈ। ਕਿਉਂਕਿ ਜਦੋਂ ਅੰਗਰੇਜ਼ ਨੇ ਅਣਵੰਡਿਆ ਮੁਲਕ ਛੱਡਣ ਦਾ ਇਰਾਦਾ ਕਰ ਲਿਆ ਤਾਂ ਅਗਾਊਂ ਹੀ ਦੱਸ ਦਿੱਤਾ ਸੀ ਕਿ 1948 ਦੇ ਅਖ਼ੀਰ ਤਕ ਅੰਗਰੇਜ਼ ਆਪਣਾ ਰਾਜ ਭਾਗ ਛੱਡ ਕੇ ਸੱਤਾ ਏਥੋਂ ਦੇ ਲੀਡਰਾਂ ਨੂੰ ਸੌਂਪ ਕੇ ਚਲੇ ਜਾਣਗੇ। ਜੰਗੀ ਲਾਟ, ਲਾਰਡ ਐਟਲੀ ਨੂੰ ਸਾਰਾ ਪ੍ਰਬੰਧ ਕਰਨ ਦਾ ਕੰਮ ਸੌਂਪਿਆ ਗਿਆ ਪਰ ਇਹ ਕੰਮ 1947 ਤਕ ਹੀ ਨੇਪਰੇ ਚੜ੍ਹ ਗਿਆ ਕਿਉਂਕਿ ਹਾਲਾਤ ਹੀ ਕੁਝ ਐਸੇ ਬਣ ਚੁੱਕੇ ਸਨ ਕਿ ਹਰਿਆਣੇ ਦੀ ਕਹਾਵਤ ਵਾਂਗ "ਫੁੱਫੀ ਜਾਊ ਜਾਊ ਕਰੇ ਥੀ, ਫੂਫਾ ਲੇਣ ਆ ਗਿਆ", ਵਾਂਗ ਅੰਗਰੇਜ਼ ਜਲਦੀ ਤੋਂ ਜਲਦੀ ਭਾਰਤ ਛੱਡ ਜਾਣਾ ਚਾਹੁੰਦਾ ਸੀ ਤੇ ਨਹਿਰੂ ਅਤੇ ਮੁਹੰਮਦ ਅਲੀ ਜਿਨਾਹ ਗੱਦੀਆਂ ਸਾਂਭਣ ਨੂੰ ਮੁੱਠਾਂ ਵਿਚ ਥੁੱਕੀ ਫਿਰਦੇ ਸਨ। ਸੋ ਰਾਜ ਭਾਗ ਸਾਂਭਣ ਦਾ ਵੇਲਾ ਇਕ ਸਾਲ ਪਹਿਲਾਂ ਹੀ ਆ ਗਿਆ।

ਰਿਆਸਤਾਂ ਕਿਸ ਤਰੀਕੇ ਨਾਲ ਤੇ ਕਿਹੜੇ ਕਿਹੜੇ ਮੁਲਕ ਨਾਲ ਰਲਣਗੀਆਂ,

ਰਲਣਗੀਆਂ ਵੀ ਕਿ ਨਹੀਂ, ਇਹ ਫੈਸਲਾ ਰਿਆਸਤਾਂ 'ਤੇ ਹੀ ਛੱਡ ਦਿੱਤਾ ਗਿਆ। ਬਾਕੀ ਸਾਰੀਆਂ ਰਿਆਸਤਾਂ ਤਾਂ ਜਿਵੇਂ ਕਿਵੇਂ ਭਾਰਤ ਦੇ ਕਾਬੂ ਆ ਹੀ ਗਈਆਂ। ਜਿਹੜੀਆਂ ਰਿਆਸਤਾਂ ਹਿੰਦੁਸਤਾਨ ਦੇ ਵਿਚਕਾਰ ਸਨ, ਉਹਨਾਂ ਨੇ ਕਿਹੜੀ ਮਾਂ ਕੋਲ ਜਾਣਾ ਸੀ। ਉਹ ਤਾਂ ਚੁੱਪ ਚਾਪ ਹੀ ਮੰਨ ਗਏ। ਥੋੜੀ ਬਹੁਤ ਚੂੰ ਚਰਾਂ ਪਟਿਆਲਾ ਰਿਆਸਤ ਦੀ ਹੋਈ। ਉਹ 'ਸਰਦਾਰ' ਪਟੇਲ ਨੇ ਪਿਸਟਲ ਪੁਆਇੰਟ ਨਾਲ ਸੁੱਧ ਕਰ ਲਈ। ਮੋਟਾ ਝਗੜਾ ਦੋ ਰਿਆਸਤਾਂ ਦਾ ਸੀ। ਜੰਮੂ-ਕਸ਼ਮੀਰ ਤੇ ਹੈਦਰਾਬਾਦ। ਹੈਦਰਾਬਾਦ ਦਾ ਰਾਜਾ ਮੁਸਲਮਾਨ ਸੀ ਪਰ ਬਹੁਗਿਣਤੀ ਵਸੋਂ ਹਿੰਦੂ ਸੀ। ਏਧਰ ਜੰਮੂ ਕਸ਼ਮੀਰ ਦੀ ਬਹੁਤੀ ਵਸੋਂ ਮੁਸਲਮਾਨ ਸੀ ਪਰ ਰਾਜਾ ਹਿੰਦੂ ਸੀ। ਜੇ ਤਾਂ ਰਾਜਿਆਂ ਦੀ ਮਰਜੀ ਨਾਲ ਕਿਸੇ ਰਿਆਸਤ ਨੇ ਕਿਸੇ ਦੇਸ਼ ਨਾਲ ਰਲਣਾ ਸੀ ਫੇਰ ਹੈਦਰਾਬਾਦ ਨੇ ਪਾਕਿਸਤਾਨ ਨਾਲ ਤੇ ਜੰਮੂ-ਕਸ਼ਮੀਰ ਨੇ ਭਾਰਤ ਨਾਲ ਰਲਣਾ ਸੀ। ਬਸ ਏਥੇ ਹੀ ਗੜਬੜ ਹੋਈ। ਬਾਣੀਆਂ ਬੁੱਧੀ ਨੇ 'ਚਿੱਤ ਵੀ ਮੇਰੀ, ਪੱਟ ਵੀ ਮੇਰੀ, ਪੱਤਾ ਮੇਰੇ ਬਾਪ ਦਾ' ਵਾਂਗ, ਹੈਦਰਾਬਾਦ ਬਾਰੇ ਕਿਹਾ ਕਿ ਨਵਾਬ ਹੈਦਰਾਬਾਦ ਮੁਸਲਮਾਨ ਹੈ ਪਰ ਕਿਉਂਕਿ ਵਸੋਂ ਜ਼ਿਆਦਾ ਹਿੰਦੂ ਹੈ ਇਸ ਲਈ ਭਾਰਤ ਵਿਚ ਰਲਣਾ ਚਾਹੀਦਾ ਹੈ। ਇਹ ਕਹਿ ਕੇ ਇਸਨੂੰ ਭਾਰਤ ਨਾਲ ਮਿਲਾ ਲਿਆ ਗਿਆ। ਓਧਰ ਕਸ਼ਮੀਰ ਬਾਰੇ ਕਿਹਾ ਕਿ ਪਰਜਾ ਭਾਂਵੇ ਬਹੁਤੀ ਮੁਸਲਮਾਨ ਹੈ ਪਰ ਰਾਜਾ ਹਰੀ ਸਿੰਘ ਹਿੰਦੂ ਹੈ ਇਸ ਲਈ ਜੰਮੂ ਕਸ਼ਮੀਰ ਵੀ ਭਾਰਤ ਦਾ ਹੈ। ਹੁਣ ਇਸ ਦਾ ਕੋਈ ਵੀ ਨਿਆਂ ਕਰੇ, ਭਾਰਤ ਨੂੰ ਗਲਤ ਕਹੇਗਾ। ਦੇਸ਼ ਦੀ ਵੰਡ ਵੇਲੇ ਤੋਂ ਹੀ ਇਹ ਇਲਾਕਾ ਝਗੜੇ ਵਾਲਾ ਹੈ। ਜਿਹੜਾ ਮਹਾਤਮਾ ਗਾਂਧੀ ਅਹਿੰਸਾ ਪਰਮੋ ਧਰਮਾ ਦਾ ਪੁਜਾਰੀ ਸੀ ਉਸਨੇ ਬੰਬਾਰੀ ਕਰਨ ਚੱਲੇ ਜਹਾਜਾਂ ਦੇ ਪਾਇਲਟਾਂ ਨੂੰ ਆਪ ਆਸ਼ੀਰਵਾਦ ਦਿੱਤੀ ਤੇ ਕਿਹਾ-'ਵਿਜਈ ਭਵ'। 1952 ਵਿਚ ਨਹਿਰੂ ਨੇ ਆਲ ਇੰਡੀਆ ਰੇਡੀਓ ਤੋਂ ਬਿਆਨ ਦਿੱਤਾ ਕਿ ਕਸ਼ਮੀਰ ਦੇ ਲੋਕਾਂ ਨੂੰ 'ਹੱਕੇ ਖ਼ੁਦ ਇਰਾਜੀਅਤ' ਅਰਥਾਤ Right to Self Determination ਦਾ ਅਧਿਕਾਰ ਦਿੱਤਾ ਜਾਵੇਗਾ। ਜਿੰਨਾ ਚਿਰ ਤਕ ਐਸਾ ਪ੍ਰਬੰਧ ਨਹੀਂ ਹੋ ਜਾਂਦਾ, ਧਾਰਾ 370 ਲਾਗੂ ਰਹੇਗੀ ਜੋ ਅਜੇ ਵੀ ਲਾਗੂ ਹੈ। ਜੰਮੂ ਕਸ਼ਮੀਰ ਦਾ ਕੇਸ ਯੂ. ਐੱਨ. ਓ. ਵਿਚ ਪਿਆ ਹੈ। ਯੂ. ਐੱਨ. ਓ. ਦੀਆਂ ਗੱਡੀਆਂ ਚਿੱਟੇ ਝੰਡੇ ਲਾਈ ਅੱਜ ਵੀ ਕਸ਼ਮੀਰ ਵਿਚ ਘੁੰਮਦੀਆਂ ਫਿਰਦੀਆਂ ਹਨ।

ਕਈ ਹਿੰਦੂ ਕਹਿੰਦੇ ਹਨ ਕਸ਼ਮੀਰ ਵਿਚ ਵਿੱਲੋ ਦੀ ਲਕੜੀ ਪੈਦਾ ਹੁੰਦੀ ਹੈ, ਜਿਸ ਦੇ ਕ੍ਰਿਕਟ ਖੇਡਣ ਵਾਲੇ ਬੈਟ ਤੇ ਹੋਰ ਖੇਡਾਂ ਦਾ ਸਮਾਨ ਬਣਦਾ ਹੈ, ਇਸ ਲਈ ਇਹ ਪਾਕਿਸਤਾਨ ਨੂੰ ਕਿਵੇਂ ਦਿੱਤਾ ਜਾ ਸਕਦਾ ਹੈ? ਬੰਦਾ ਇਹਨਾਂ ਮੂਰਖਾਂ ਨੂੰ ਪੁੱਛੇ ਕਿ ਜਿੰਨੇ ਦੀ ਵਿੱਲੋ ਲੱਕੜ ਪੈਦਾ ਹੁੰਦੀ ਹੈ, ਉਸਤੋਂ ਸੌ ਗੁਣਾਂ ਵੱਧ ਤਾਂ ਫੌਜ ਦਾ ਖਰਚਾ ਹੈ, ਰੋਜ ਵੀਹ-ਵੀਹ, ਤੀਹ-ਤੀਹ ਬੰਦੇ ਮਰਨ ਦੀ ਔਸਤ ਹੈ। ਓਥੇ ਦੇ ਲੋਕਾਂ ਦਾ ਬੇੜਾ ਗਰਕ ਹੋ ਚੁੱਕਾ ਹੈ। ਫੌਜ ਓਥੇ ਮਨਮਾਨੀਆਂ ਕਰਦੀ ਹੈ। ਜਦੋਂ ਸ. ਸਿਮਰਨਜੀਤ ਸਿੰਘ ਮਾਨ ਨੇ ਓਥੋਂ ਦੇ ਲੋਕਾਂ ਦੀਆਂ ਸ਼ਿਕਾਇਤਾਂ ਸੁਣਨ ਲਈ ਤੇ ਫੌਜ ਤੇ ਅਰਧ ਫੌਜੀ ਬਲਾਂ ਦੀਆਂ ਵਧੀਕੀਆਂ ਜਾਨਣ ਲਈ ਸ਼੍ਰੀਨਗਰ ਦਾ ਦੌਰਾ ਕੀਤਾ ਤਾਂ ਮੈਂ ਵੀ ਨਾਲ ਸਾਂ। ਕਸ਼ਮੀਰੀ ਔਰਤਾਂ ਨੇ ਆਪਣੇ 'ਤੇ ਹੋਏ ਜ਼ੁਲਮ ਦੱਸੇ, ਜਿਸ ਨਾਲ ਕੰਧਾਂ ਵੀ ਕੰਬਦੀਆਂ ਸਨ। ਕੁਝ ਔਰਤਾਂ ਜੋ ਇਕ ਵਾਕਿਆ ਦੀਆਂ ਚਸ਼ਮਦੀਦ ਗਵਾਹ ਸਨ ਨੇ ਰੋ ਰੋ ਕੇ ਸ. ਸਿਮਰਨਜੀਤ ਸਿੰਘ ਮਾਨ ਨੂੰ ਦੱਸਿਆ ਕਿ ਕਸ਼ਮੀਰ ਦੇ ਲਾਲ ਚੌਂਕ ਦੇ ਸਾਹਮਣੇ ਵਾਲੇ ਬਜ਼ਾਰ ਵਿਚ ਸਿੱਖ ਫੌਜੀ ਤਾਇਨਾਤ ਸਨ। ਇਕ ਫੌਜੀ ਨੇ ਦੂਜੇ ਫੌਜੀ ਨਾਲ ਨਿਸ਼ਾਨਾ ਕੀਹਦਾ ਚੰਗਾ ਹੈ ਦੀ ਸ਼ਰਤ ਲਾਈ ਤੇ ਦੋਵੇਂ ਸਿੱਖ ਫੌਜੀ

ਨਿਸ਼ਾਨਾ-ਨਿਸ਼ਾਨਾ ਖੇਡਣ ਲੱਗ ਪਏ। ਉੱਪਰਲੀ ਮੰਜ਼ਿਲ ਦੀ ਬਾਰੀ ਵਿਚ ਆਪਣੇ ਘਰ ਖਲੋਤੇ ਇਕ ਕਸ਼ਮੀਰੀ 'ਤੇ ਪਹਿਲੇ ਫੌਜੀ ਨੇ ਨਿਸ਼ਾਨਾ ਲਾਇਆ ਪਰ ਉਹ ਨਾ ਲੱਗਾ। ਕਿਉਂਕਿ ਬਾਰੀ ਵਿਚ ਖਲੋਤਾ ਬੰਦਾ ਕੁਦਰਤੀ ਹੀ ਪਿਛਾਂਹ ਹੋ ਗਿਆ ਸੀ। ਗੋਲੀ ਦੀ ਆਵਾਜ਼ ਸੁਣ ਕੇ ਉਹ ਹੀ ਕਸ਼ਮੀਰੀ ਦੂਜੀ ਬਾਰੀ ਖੋਲ੍ਹ ਕੇ ਵੇਖਣ ਲੱਗਾ ਕਿ ਗੋਲੀ ਕੀਹਨੇ ਤੇ ਕਿਉਂ ਚਲਾਈ ਹੈ, ਓਨੇ ਚਿਰ ਨੂੰ ਦੂਜੇ ਸਿੱਖ ਫੌਜੀ ਦੀ ਵਾਰੀ ਸੀ। ਉਹਨੇ ਨਿਸ਼ਾਨਾ ਲਾਇਆ, ਕਸ਼ਮੀਰੀ ਲੁੜਕ ਕੇ ਸਮੇਤ ਜੰਗਲਾ ਥੱਲੇ ਬਜ਼ਾਰ ਵਿਚ ਆ ਡਿੱਗਾ। ਬਾਕੀ ਸਿੱਖ ਫੌਜੀਆਂ ਨੇ ਠੀਕ ਨਿਸ਼ਾਨਾ ਮਾਰਨ ਵਾਲੇ ਫੌਜੀ ਨੂੰ ਸਾਬਾਸ਼ ਦਿੱਤੀ ਤੇ ਖੁਸ਼ ਹੋਏ। ਓਸ ਕਸ਼ਮੀਰੀ ਦਾ ਪੰਚਨਾਮਾ ਇਹ ਬਣਿਆ ਕਿ ਇਹ ਥੱਲੇ ਬਜ਼ਾਰ ਵਿਚ ਘੁੰਮ ਰਿਹਾ ਸੀ।

ਕਸ਼ਮੀਰ ਦੀਆਂ ਖ਼ਬਰਾਂ ਵਿਚ ਟੀ.ਵੀ. ਵੇਖਿਆਂ ਰੌਂਗਟੇ ਖੜੇ ਹੋ ਜਾਂਦੇ ਹਨ ਕਿ ਕਿਸ ਤਰ੍ਹਾਂ ਸਿੱਖ ਫੌਜੀ ਤੇ ਬੀ. ਐੱਸ. ਐੱਫ. ਵਾਲੇ ਬੁਰਕਾਪੋਸ਼ ਕਸ਼ਮੀਰੀ ਔਰਤਾਂ ਨੂੰ ਵਾਲਾਂ ਤੋਂ ਫੜ-ਫੜ ਕੇ ਕੰਧਾਂ ਵਿਚ ਮਾਰਦੇ ਹਨ। ਔਰਤਾਂ ਦੇ ਢਿੱਡ ਵਿਚ ਲੱਤਾਂ ਮਾਰਨੀਆਂ ਤੇ ਬੇਰਹਿਮੀ ਨਾਲ ਕਸ਼ਮੀਰੀਆਂ ਨੂੰ ਕੁੱਟਣਾ ਸਿੱਖ ਫੌਜੀਆਂ ਦਾ ਨਿੱਤ ਦਾ ਕੰਮ ਹੈ। ਉਹਨਾਂ ਦੇ ਇਹ ਕਾਰੇ ਭਾਰਤੀ ਮੀਡੀਆ ਜਾਣ-ਜਾਣ ਕੇ ਟੀ. ਵੀ. 'ਤੇ ਬਾਰ-ਬਾਰ ਦਿਖਾਉਂਦਾ ਹੈ ਤਾਂ ਕਿ ਕਸ਼ਮੀਰ ਦੇ ਲੋਕਾਂ ਨੂੰ ਸਿੱਖਾਂ ਨਾਲ ਨਫ਼ਰਤ ਹੋ ਜਾਵੇ। ਸਰਕਾਰ ਨੇ ਜਾਣਬੁੱਝ ਕੇ ਕਸ਼ਮੀਰ ਵਿਚ ਵੱਸਣ ਵਾਲੇ ਸਿੱਖਾਂ ਨੂੰ ਨੌਕਰੀਆਂ ਨਹੀਂ ਦਿੱਤੀਆਂ। ਪਰ ਹੋਮ-ਗਾਰਡ ਅਤੇ ਐੱਸ. ਪੀ. ਓ. (ਸਪੈਸ਼ਲ ਪੁਲਿਸ ਅਫਸਰ) ਦੀ ਭਰਤੀ ਵਿਚ ਸੌ ਵਿਚੋਂ 53 ਬੰਦੇ ਸਿੱਖ ਭਰਤੀ ਕੀਤੇ ਹਨ। ਐੱਸ. ਪੀ. ਓ. ਦੇ ਭਾਰੀ ਭਰਕਮ ਨਾਂਅ ਤੋਂ ਇਸ ਤਰ੍ਹਾਂ ਦਾ ਭੁਲੇਖਾ ਪੈਂਦਾ ਹੈ ਕਿ ਸਿੱਖਾਂ ਨੂੰ ਸ਼ਾਇਦ ਅਫਸਰ ਭਰਤੀ ਕਰ ਲਿਆ ਗਿਆ ਹੈ ਪਰ ਨਹੀਂ, ਇਨ੍ਹਾਂ ਦੀ ਦਿਹਾੜੀ 30 ਰੁਪਏ ਰੋਜ਼ ਹੁੰਦੀ ਹੈ ਤੇ ਇਨ੍ਹਾਂ ਨੂੰ ਡਰਿਲ ਪ੍ਰੈਕਟਿਸ ਵਾਲੀਆਂ ਨਿਕੰਮੀਆਂ ਤੇ ਡੰਮੀ 303 ਬੋਰ ਦੀਆਂ ਰਾਈਫਲਾਂ ਦਿੱਤੀਆਂ ਜਾਂਦੀਆਂ ਹਨ ਤੇ ਕਾਂ ਉਡਾਉਣ ਵਾਲੇ ਡਰਾਉਣਿਆਂ ਵਾਂਗ ਚੌਂਕਾਂ ਵਿਚ ਖੜਾ ਕਰ ਦਿੱਤਾ ਜਾਂਦਾ ਹੈ। ਕਸ਼ਮੀਰੀ ਸਿੱਖਾਂ ਨੇ ਮਰਨ ਲਈ ਇਸ ਤਰ੍ਹਾਂ ਦੇ ਕੰਮ ਕਰਕੇ ਆਪਣੀਆਂ ਕੰਬਰਾਂ ਆਪ ਪੁੱਟਣੀਆਂ ਸ਼ੁਰੂ ਕਰ ਲਈਆਂ ਹਨ। ਜਿਸ ਪਿੰਡ ਵਿਚ ਪੈਂਤੀ ਸਿੱਖ ਮਾਰੇ ਗਏ ਸਨ, ਓਸ ਪਿੰਡ ਵਿਚ ਇਕ ਸਰਪੰਚ ਨੇ ਕੁਝ ਦਿਨ ਪਹਿਲਾਂ ਹੀ ਭਾਰਤੀ ਫੌਜ ਦੀ ਪ੍ਰੇਡ ਕਰਵਾਈ ਸੀ ਤੇ ਇਕ ਸਿੱਖ ਇੰਟੈਲੀਜੈਂਸ ਬਿਊਰੋ ਵਾਲੇ ਨੇ ਖ਼ੂਨੀ ਵਾਕਿਆ ਤੋਂ ਚਾਰ ਕੁ ਦਿਨ ਪਹਿਲਾਂ ਕੁਝ ਖਾੜਕੂ ਨੌਜਵਾਨ ਮਰਵਾ ਦਿੱਤੇ ਸਨ। ਹਲਕੀ-ਹਲਕੀ ਉਮਰ ਦੇ ਉਹ ਨੌਜਵਾਨ ਖਾੜਕੂ ਉਹਨਾਂ ਪਿੰਡ ਵਾਲਿਆਂ ਨਾਲ ਹੀ ਕ੍ਰਿਕਟ ਖੇਡਦੇ ਰਹਿੰਦੇ ਸਨ। ਕਦੇ ਵੀ ਕਿਸੇ ਕਸ਼ਮੀਰੀ ਖਾੜਕੂ ਨੌਜਵਾਨ ਨੇ ਕਿਸੇ ਸਿੱਖ ਦਾ ਕੋਈ ਨੁਕਸਾਨ ਨਹੀਂ ਸੀ ਕੀਤਾ। ਸਿੱਖਾਂ ਨੂੰ ਵੀ ਉਨ੍ਹਾਂ ਨੌਜਵਾਨਾਂ ਤੋਂ ਕਦੀ ਕੋਈ ਸ਼ਿਕਾਇਤ ਨਹੀਂ ਸੀ ਪਰ ਭਾਰਤੀ ਹੇਜ ਵਾਲੇ ਕੁਝ ਸਿੱਖਾਂ ਨੇ ਸਾਰੇ ਕਸ਼ਮੀਰ ਦੇ ਸਿੱਖਾਂ ਨੂੰ ਦਾਅ 'ਤੇ ਲਾ ਦਿੱਤਾ।

ਜਦੋਂ ਭਾਈ ਰਣਜੀਤ ਸਿੰਘ ਜੱਥੇਦਾਰ ਅਕਾਲ ਤਖ਼ਤ ਤੇ ਸ. ਗੁਰਚਰਨ ਸਿੰਘ ਟੋਹੜਾ ਚਿੱਠੀ ਸਿੰਘਪੁਰਾ ਪਿੰਡ ਵਿਚ ਪੈਂਤੀ ਸਿੱਖਾਂ ਦੇ ਭੋਗ 'ਤੇ ਗਏ ਤਾਂ ਉਹਨਾਂ ਨੇ ਪੁੱਛਿਆ ਕਿ ਜੇ ਸਰਕਾਰ ਨੇ ਨੌਕਰੀਆਂ ਦੇਣੀਆਂ ਹੀ ਹਨ ਤਾਂ ਇਹਨਾਂ ਨੂੰ ਆਰਜ਼ੀ ਮਾਮੂਲੀ ਨੌਕਰੀਆਂ 'ਤੇ ਕਿਉਂ ਰੱਖਿਆ ਜਾ ਰਿਹਾ ਹੈ ? ਕੀ ਸਿੱਖਾਂ ਨੂੰ ਕਸ਼ਮੀਰ ਵਿਚ ਬਾਕੀ ਮਹਿਕਮਿਆਂ ਵਿਚ ਵੀ 53 ਫੀਸਦੀ ਦੇ ਹਿਸਾਬ ਨਾਲ ਹੀ ਨੌਕਰੀਆਂ ਦਿੱਤੀਆਂ ਜਾਣਗੀਆਂ ? ਜੇ ਐਸਾ ਨਹੀਂ ਤਾਂ ਫਿਰ ਇਹਨਾਂ ਨੂੰ ਚਾਰੇ ਦੇ ਰੂਪ ਵਿਚ ਕਿਉਂ ਵਰਤਿਆ ਜਾ ਰਿਹਾ ਹੈ ? ਇਸ ਗੱਲ ਦਾ

ਸਟੇਜ 'ਤੇ ਬੈਠੇ ਗ੍ਰਹਿ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਤੇ ਕਸ਼ਮੀਰ ਦੇ ਮੁੱਖ ਮੰਤਰੀ ਫਾਰੂਖ਼ ਅਬਦੁੱਲੇ ਕੋਲ ਕੋਈ ਜਵਾਬ ਨਹੀਂ ਸੀ। ਜਦੋਂ ਕਸ਼ਮੀਰੀ ਸਿੱਖਾਂ ਨੇ ਕਿਹਾ ਕਿ ਸਾਨੂੰ ਕਸ਼ਮੀਰ ਵਿਚੋਂ ਕੱਢੋ, ਏਥੇ ਸਾਡੀ ਜ਼ਿੰਦਗੀ ਨੂੰ ਖ਼ਤਰਾ ਹੈ ਤਾਂ ਭਾਈ ਰਣਜੀਤ ਸਿੰਘ ਜੀ ਨੇ ਪੁੱਛਿਆ,"ਅੱਜ ਸਿੱਖ ਦੀ ਜ਼ਿੰਦਗੀ ਨੂੰ ਖ਼ਤਰਾ ਕਿੱਥੇ ਨਹੀਂ? ਦਿੱਲੀ, ਕਾਨਪੁਰ, ਬੁਕਾਰੋ ਤੇ ਹੋਰ ਭਾਰਤੀ ਸ਼ਹਿਰ ਕੀ ਸਿੱਖਾਂ ਲਈ ਬਹੁਤ ਸੁਰੱਖਿਅਤ ਹਨ? ਜੇ ਭਾਰਤ ਦੀ ਰਾਜਧਾਨੀ ਵਿਚ ਸਿੱਖਾਂ ਨੂੰ ਮਿੱਟੀ ਦਾ ਤੇਲ ਪਾ ਕੇ ਲੂਹਿਆ ਜਾ ਸਕਦਾ ਹੈ ਤਾਂ ਦਿੱਲੀ ਤੋਂ ਚੰਗਾ ਕਿਹੜਾ ਥਾਂ ਹੈ, ਜਿੱਥੇ ਤੁਹਾਨੂੰ ਲੈ ਜਾਈਏ।" ਪੰਜਾਬ ਵਿਚ ਤਾਂ ਪਹਿਲਾਂ ਹੀ ਹਨੇਰੀ ਝੁੱਲੀ ਰਹੀ ਹੈ ਤੇ ਹਜ਼ਾਰਾਂ ਸਿੱਖ ਨੌਜਵਾਨ ਪੁਲਿਸ ਤੇ ਅਰਧ ਫੌਜੀ ਬਲਾਂ ਦਾ ਖਾਜਾ ਬਣ ਚੁੱਕੇ ਹਨ।

ਕਸ਼ਮੀਰੀ ਲੋਕਾਂ ਨੇ ਇਕ ਫੈਸਲਾ ਕੀਤਾ ਕਿ ਪੰਚਾਇਤ ਚੋਣਾਂ ਦਾ ਬਾਈਕਾਟ ਕੀਤਾ ਜਾਵੇ। ਪਰ ਹੈਰਾਨੀ ਇਹ ਹੋਈ ਕਿ ਸਿੱਖ ਸਰਪੰਚੀ ਤੇ ਪੰਚੀ ਦੇ ਉਮੀਦਵਾਰ ਦੇ ਤੌਰ 'ਤੇ ਖੜ੍ਹੇ ਹੋ ਗਏ ਤੇ ਇਸ ਤਰ੍ਹਾਂ ਇਕ-ਇਕ ਦੋ-ਦੋ ਵੋਟਾਂ ਨਾਲ ਜਿੱਤ ਵੀ ਗਏ। ਕੀ ਇਹ ਸਿੱਖਾਂ ਦੇ ਮਰਨ ਦੇ ਮਸਾਲੇ ਨਹੀਂ? ਸਿੱਖ ਫੌਜੀ ਜੋ ਕੁਝ ਦੂਜੇ ਸੂਬਿਆਂ ਵਿਚ ਓਥੋਂ ਦੇ ਲੋਕਾਂ ਅਤੇ ਔਰਤਾਂ ਨਾਲ ਕਰਦੇ ਹਨ, ਉਹੋ ਕੁਝ ਹੀ ਦੂਸਰੇ ਸੂਬਿਆਂ ਦੇ ਫੌਜੀ ਅਤੇ ਸੀ. ਆਰ. ਪੀ. ਵਾਲੇ ਪੰਜਾਬ ਆ ਕੇ ਸਿੱਖਾਂ ਨਾਲ ਕਰਦੇ ਹਨ।

ਸਿੱਖ ਫੌਜੀਆਂ ਨੇ ਆਸਾਮ, ਨਾਗਾਲੈਂਡ ਤੇ ਬੰਗਲਾ ਦੇਸ਼ ਦੀ ਸਰਹੱਦ 'ਤੇ ਵੀ ਕੋਈ ਘੱਟ ਖਰਮਸਤੀਆਂ ਨਹੀਂ ਕੀਤੀਆਂ। ਅਜੇ ਥੋੜ੍ਹੇ ਦਿਨ ਪਹਿਲਾਂ ਦੀ ਹੀ ਗੱਲ ਹੈ ਕਿ ਸਤਾਰਾਂ ਸਿੱਖ ਫੌਜੀ ਜੋ ਆਸਾਮ ਸਰਹੱਦ 'ਤੇ ਤਾਇਨਾਤ ਸਨ, ਬੰਗਲਾ ਦੇਸ਼ ਦੇ ਪਿੰਡਾਂ ਵਿਚ ਤੱਤਾ ਉਬਲਦਾ ਪਾਣੀ ਪਾ ਕੇ ਲੂਹੇ ਗਏ ਹਨ। ਇਹਨਾਂ ਦੀਆਂ ਲਾਸ਼ਾਂ ਪੰਜਾਬ ਤੱਕ ਆਉਣ ਦੀ ਹਾਲਤ ਵਿਚ ਵੀ ਨਹੀਂ ਸਨ। ਇਹ ਲੋਕ ਬਹੁਤ ਹੀ ਬੇਰਹਿਮੀ ਨਾਲ ਮਾਰੇ ਗਏ ਸਨ। ਸਰਕਾਰ ਨੇ ਤਾਂ ਇਸ ਹਾਦਸੇ ਦੀ ਧੁੱਖ ਨਹੀਂ ਕੱਢੀ ਪਰ ਪਤਾ ਲੱਗਾ ਹੈ ਕਿ ਇਹ ਫੌਜੀ ਰੋਜ ਬੰਗਲਾ ਦੇਸ਼ ਦੀ ਹੱਦ ਵਿਚਲੇ ਪਿੰਡਾਂ ਵਿਚ ਜਾ ਵੜਦੇ ਤੇ ਔਰਤਾਂ ਨਾਲ ਖੇਹਖਰਾਬੀ ਕਰਦੇ ਸਨ। ਕਦੇ ਉਹਨਾਂ ਨੂੰ ਕੁਝ ਪੈਸੇ ਵੀ ਦੇ ਦੇਂਦੇ ਸਨ। ਪਰ ਅਖ਼ੀਰ ਜਦੋਂ ਬੰਗਾਲੀਆਂ ਦੀ ਬਰਦਾਸ਼ਤ ਤੋਂ ਬਾਹਰ ਹੋ ਗਿਆ ਤਾਂ ਉਹਨਾਂ ਨੇ ਬੰਗਲਾ ਦੇਸ਼ ਰਾਈਫਲਜ਼ ਦੀ ਮਦਦ ਨਾਲ 17 ਸਿੱਖ ਫੌਜੀ ਬੇਰਹਿਮੀ ਨਾਲ ਮਾਰ ਦਿੱਤੇ।

ਕਸ਼ਮੀਰ ਵਿਚ ਵੀ ਸਿੱਖ ਫੌਜੀਆਂ ਨੇ ਕਸ਼ਮੀਰੀ ਲੋਕਾਂ ਤੇ ਖਾਸ ਕਰ ਔਰਤਾਂ 'ਤੇ ਘੱਟ ਜ਼ੁਲਮ ਨਹੀਂ ਕੀਤੇ। ਔਰਤਾਂ ਦੇ ਢਿੱਡਾਂ ਵਿਚ ਲੱਤਾਂ ਮਾਰਨਾ ਆਮ ਗੱਲ ਹੈ। ਘੇਰਾ ਪਾਇਆ ਜਾਂਦਾ ਹੈ। ਬੰਦੇ ਸਾਰੇ ਬਾਹਰ ਕੱਢ ਦਿੱਤੇ ਜਾਂਦੇ ਹਨ। ਪੂਰਾ ਪੂਰਾ ਦਿਨ ਤੇ ਪੂਰੀ-ਪੂਰੀ ਰਾਤ ਕਸ਼ਮੀਰੀ ਔਰਤਾ ਭੁੱਖੇ ਬਘਿਆੜ ਰੂਪੀ ਫੌਜੀਆਂ ਦੇ ਰਹਿਮੋ-ਕਰਮ 'ਤੇ ਹੁੰਦੀਆਂ ਹਨ। ਇਸ ਕਿਸਮ ਦੇ ਅਪਰੇਸ਼ਨਾਂ ਦੇ ਵੱਖੋ-ਵੱਖਰੇ ਨਾਂਅ ਰੱਖੇ ਹੋਏ ਹਨ। ਮਨੁੱਖੀ ਅਧਿਕਾਰ ਨਾਂਅ ਦੀ ਏਥੇ ਕੋਈ ਚੀਜ਼ ਨਹੀਂ। ਫਾਰੂਖ਼ ਅਬਦੁੱਲੇ ਦੀ ਸਰਕਾਰ ਪੰਜਾਬ ਦੀ 1985 ਵਾਲੀ ਬਰਨਾਲਾ ਸਰਕਾਰ ਵਰਗੀ ਹੀ ਹੈ, ਜਿਸਨੇ ਇੰਦਰਾ ਗਾਂਧੀ ਦੇ 1984 ਵਾਲੇ ਸਾਕੇ ਨੀਲਾ ਤਾਰਾ ਨੂੰ ਸਹੀ ਸਿੱਧ ਕਰਨ ਲਈ ਦੁਬਾਰਾ ਪੁਲਿਸ ਦਰਬਾਰ ਸਾਹਿਬ ਵਿਚ ਭੇਜ ਦਿੱਤੀ ਸੀ ਪਰ ਅੰਦਰੋਂ ਇਕ ਵੀ ਖਾੜਕੂ ਨਾ ਲੱਭਾ। ਬਰਨਾਲੇ ਨੂੰ ਇਸ ਗੱਲ ਨਾਲ ਮਤਲਬ ਨਹੀਂ ਸੀ ਕਿ ਅੰਦਰ ਕੋਈ ਹੈ ਕਿ ਨਹੀਂ, ਉਹਨੇ ਤਾਂ ਹਿਜ਼ ਮਾਸਟਰਸ ਵਾਇਸ ਵਾਂਗ ਕੰਨ ਖੜੇ ਕਰਕੇ ਦਿੱਲੀ ਤੋਂ ਰਾਜੀਵ ਦਾ ਹੁਕਮ ਸੁਣਿਆ ਤੇ ਪੁਲਿਸ ਭੇਜ ਦਿੱਤੀ। ਫਾਰੂਖ ਅਬਦੁੱਲਾ ਵੀ

ਭਾਰਤ ਸਰਕਾਰ ਦੀ ਕਠਪੁਤਲੀ ਹੈ। ਉਸਨੂੰ ਦਿੱਲੀ ਤੋਂ ਨਚਾਇਆ ਜਾਂਦਾ ਹੈ। ਫਾਰੂਖ ਅਬਦੁਲਾ ਦੇ ਪਿਤਾ ਸ਼ੇਖ ਅਬਦੁਲਾ ਪ੍ਰਤੀ ਕਾਇਦੇ ਆਜ਼ਮ ਮੁਹੰਮਦ ਅਲੀ ਜਿਨਾਹ ਦੇ ਵਿਚਾਰ ਇਹ ਸਨ "ਇਹ ਲੰਮਾਂ ਆਦਮੀ ਕੁਰਾਨ ਗਾਉਂਦਾ ਹੈ ਤੇ ਲੋਕਾਂ ਨੂੰ ਬੇਵਕੂਫ ਬਣਾਉਂਦਾ ਹੈ"। ਜਿਸ ਤਰ੍ਹਾਂ ਸਿੱਖ ਲੀਡਰ ਆਪਣਾ ਆਪ ਕੇਂਦਰ ਅੱਗੇ ਸਮਰਪਤ ਕਰ ਚੁੱਕੇ ਹਨ, ਓਸੇ ਤਰ੍ਹਾਂ ਹੀ ਫਾਰੂਖ ਅਬਦੂਲੇ ਨੇ ਵੀ ਆਪਣੇ ਆਪ ਨੂੰ ਭਾਰਤ ਅੱਗੇ ਸੁੱਟ ਦਿੱਤਾ ਹੈ। ਸ਼ਾਇਦ ਏਸੇ ਕਰਕੇ ਹੀ ਫਾਰੂਖ ਅਬਦੂਲੇ ਦੇ ਪੁੱਤ ਉਮਰ ਅਬਦੂਲੇ ਨਾਲ ਸਿੱਖਾਂ ਨੇ ਆਪਣੀ ਕੁੜੀ ਵਿਆਹ ਦਿੱਤੀ ਹੈ। ਹੁਣ ਸਿੱਖ ਮੁਸਲਮਾਨਾਂ ਨੂੰ ਵੀ ਕੁੜੀਆਂ ਦੇਣ ਲੱਗ ਪਏ ਹਨ ਤਾਂ ਫਿਰ ਸਿੱਖੀ ਕਿੱਥੇ ਅੜੀ ਰਹਿ ਗਈ? ਹਿੰਦੂ ਵੀ ਮੁਸਲਮਾਨ ਰਾਜਿਆਂ ਨੂੰ ਕੁੜੀਆਂ ਦੇਂਦੇ ਸਨ। ਹੁਣ ਸਿੱਖ ਵੀ ਮੁਸਲਮਾਨ ਵਜੀਰਾਂ ਨੂੰ ਕੁੜੀਆਂ ਦੇਣ ਲੱਗ ਪਏ ਹਨ। ਕਹਿੰਦੇ ਹਨ ਕਿ ਗਵਾਂਢੀ ਦਾ ਰੂਪ ਨਹੀਂ ਆਉਂਦਾ ਮੱਤ ਤਾਂ ਆ ਹੀ ਜਾਂਦੀ ਹੈ।

***

# ❑ ਸਿੱਖ ਧਰਮ ਵਿਚ ਔਰਤ ਦਾ ਦਰਜ਼ਾ

ਹਰ ਧਰਮ ਨੇ ਜੋ ਭਾਰਤ ਵਿਚ ਤੇ ਭਾਰਤ ਤੋਂ ਬਾਹਰ ਵੀ ਪੈਦਾ ਹੋਇਆ, ਨੇ ਔਰਤ ਨੂੰ ਨਰਕ ਦਾ ਦਵਾਰ ਕਿਹਾ ਹੈ ਤੇ ਹਰ ਪੁਆੜੇ ਦੀ ਜੜ੍ਹ ਮੰਨਿਆ ਹੈ। ਔਰਤ ਲਈ ਅਰਥੀ ਨੂੰ ਮੋਢਾ ਦੇਣਾ ਤੇ ਚਿਤਾ ਨੂੰ ਅੱਗ ਲਾਉਣੀ ਮਨ੍ਹਾ ਹੈ। ਸਾਰੇ ਮੰਨਦੇ ਹਨ ਕਿ ਔਰਤ ਹੀ ਔਰਤ ਦੀ ਦੁਸ਼ਮਣ ਹੁੰਦੀ ਹੈ ਤੇ ਭਾਰਤ ਵਿਚ ਤੇ ਹੋਰ ਜਿਥੇ ਕਿਤੇ ਵੀ ਦਾਜ ਪ੍ਰਥਾ ਹੈ ਓਥੇ ਔਰਤ ਹੀ ਔਰਤ ਨੂੰ ਤੰਗ ਕਰਦੀ ਤੇ ਤਸੀਹੇ ਦੇ ਕੇ ਦਾਜ ਲਿਆਉਣ ਲਈ ਕਹਿੰਦੀ ਹੈ। ਮਰਦਾਂ ਨਾਲੋਂ ਵੱਧ ਔਰਤ ਹੀ ਦੂਸਰੀ ਔਰਤ ਦੀ ਸੁੰਦਰਤਾ ਦੀ ਪਛਾਣ ਕਰਦੀ ਹੈ। ਤਾਂ ਹੀ ਤਾਂ ਪਿੰਡਾਂ ਵਿਚ ਕਿਸੇ ਦਾ ਵਿਆਹ ਹੋਵੇ ਤਾਂ ਔਰਤਾਂ ਜਰੂਰ ਹੀ ਵਹੁਟੀ ਵੇਖਣ ਜਾਂਦੀਆਂ ਹਨ ਪਰ ਲੋਕਾਂ ਵਿਚ ਇਹ ਗੱਲ ਵੀ ਮਸ਼ਹੂਰ ਹੈ ਕਿ ਕੋਈ ਔਰਤ ਸੁੰਦਰ ਭਾਵੇਂ ਜਿੰਨੀ ਮਰਜੀ ਹੋਵੇ, ਜੇ ਉਹਨੂੰ ਖਾਣਾ ਬਨਾਉਣਾ ਨਾ ਆਉਂਦਾ ਹੋਵੇ ਤਾਂ ਉਹ ਬਿਨਾਂ ਸਿੰਗਾਂ ਤੇ ਬਿਨਾਂ ਪੂਛ ਦੇ ਮੱਝ ਵਰਗੀ ਹੁੰਦੀ ਹੈ। ਜੇ ਕਿਸੇ ਦੇ ਘਰ ਲੜਕੀ ਜਵਾਨ ਹੋਵੇ ਤੇ ਜੇ ਕੋਈ ਸਿਰ ਫਿਰਿਆ ਮੁੰਡਾ ਉਸ ਘਰ ਦੇ ਗੇੜੇ ਮਾਰਨੋਂ ਨਾ ਹਟੇ ਤਾਂ ਕਈ ਲੋਕ ਬੜੇ ਸਹਿਜਸੁਭਾਅ ਕਹਿੰਦੇ ਹਨ—'ਘਰ ਵਿਚ ਬੇਰੀ ਹੋਵੇ ਤਾਂ ਵੱਟੇ ਤਾਂ ਵੱਜਣਗੇ ਹੀ' ਮਤਲਬ ਇਹ ਕਿ ਭਾਵੇਂ ਉਸ ਕੁੜੀ ਵਿਚਾਰੀ ਦਾ ਕਸੂਰ ਨਹੀਂ ਵੀ ਹੁੰਦਾ ਤਾਂ ਵੀ ਉਸਦੀ ਹੋਂਦ ਨੂੰ ਹੀ ਮੁਸੀਬਤ ਮੰਨ ਲਿਆ ਜਾਂਦਾ ਹੈ।

ਔਰਤ ਨਾ ਤਾਂ ਜਨੇਊ ਪਾ ਸਕਦੀ ਹੈ ਤੇ ਨਾ ਹੀ ਇਸ ਦੀ ਸੁੰਨਤ ਹੋ ਸਕਦੀ ਹੈ। ਗੋਲਡਾ ਮਾਇਅਰ ਇਜ਼ਰਾਈਲ ਦੀ ਪ੍ਰਧਾਨ ਮੰਤਰੀ ਸੀ। ਜਦੋਂ ਇੰਦਰਾ ਗਾਂਧੀ ਨੂੰ ਇਜ਼ਰਾਈਲ ਦੇ ਇਕ ਮੰਦਰ ਜਿਥੇ ਇਸਤਰੀ ਦਾ ਪ੍ਰਵੇਸ਼ ਮਨ੍ਹਾਂ ਹੈ, ਓਥੇ ਨਹੀਂ ਲਿਜਾਇਆ ਗਿਆ ਤਾਂ ਇੰਦਰਾ ਦੇ ਬਾਰ-ਬਾਰ ਕਹਿਣ ਕਾਰਨ ਮੰਦਿਰ ਦੇ ਬਾਹਰ ਇਕ ਛੱਜੇ ਜਹੇ 'ਤੇ ਬੈਠਣ ਦਾ ਪ੍ਰਬੰਧ ਕੀਤਾ ਗਿਆ ਤਾਂ ਉਸ ਨੇ ਸਮਝਿਆ ਕਿ ਸ਼ਾਇਦ ਪ੍ਰਧਾਨ ਮੰਤਰੀ ਹੋਣ ਕਰਕੇ ਉਸਦਾ ਵਿਸ਼ੇਸ਼ ਸਤਿਕਾਰ ਕੀਤਾ ਗਿਆ ਹੈ। ਪਰ ਜਦੋਂ ਉਸ ਨੂੰ ਜਗਨਨਾਥ ਪੁਰੀ ਮੰਦਰ ਵਿਚ ਨਾ ਵੜਨ ਦਿੱਤਾ ਗਿਆ, ਤਦ ਉਸ ਨੂੰ ਇਜ਼ਰਾਈਲ ਵਿਚ ਇਸਤਰੀਆਂ ਦੇ ਮੰਦਿਰ ਵਿਚ ਨਾ ਜਾ ਸਕਣ ਦੀ ਮਜਬੂਰੀ ਦਾ ਪਤਾ ਲੱਗਾ ਪਰ ਬ੍ਰਾਹਮਣ ਤੇ ਹੋਰ ਧਾਰਮਕ ਲੋਕਾਂ ਨੇ ਅਸਿੱਧੇ ਤੌਰ 'ਤੇ ਔਰਤ ਦੀ ਹਸਤੀ ਨੂੰ ਮੰਨਿਆ ਵੀ ਹੈ। ਚਾਣਕੀਆ ਨੇ ਕਿਹਾ ਹੈ ਕਿ ਬਦਲਾ ਲੈਣ ਤੇ ਪ੍ਰੇਮ ਕਰਨ ਵਿਚ ਔਰਤ ਮਰਦ ਤੋਂ ਅੱਗੇ ਹੁੰਦੀ ਹੈ ਤੇ ਕਈ ਵਾਰ ਮਰਦ ਤੋਂ ਵੀ ਵੱਧ ਨਿਰਦਈ ਹੋ ਜਾਂਦੀ ਹੈ। ਜਦੋਂ ਨਦੀ ਅਤੇ ਨਾਰੀ ਕਿਨਾਰੇ ਲੰਘ ਜਾਣ ਤਾਂ ਫਿਰ ਉਨ੍ਹਾਂ ਦੀ ਕੋਈ ਹੱਦ ਨਹੀਂ ਰਹਿ ਜਾਂਦੀ। ਪ੍ਰੇਮ ਕਰਨ ਦਾ ਤਾਂ ਪਤਾ ਨਹੀਂ ਪਰ ਨਫਰਤ ਕਰਨ ਵਿਚ ਤਾਂ ਗੀਤਾ ਮਾਕਨ ਜੋ ਭਾਰਤ ਦੇ ਰਾਸ਼ਟਰਪਤੀ ਸ਼ੰਕਰ ਦਿਆਲ ਸ਼ਰਮਾ ਦੀ ਧੀ ਸੀ, ਨੇ ਕੋਲ ਖਲੋ ਕੇ ਸਿੱਖ ਬੀਬੀਆਂ ਦੇ ਬਲਾਤਕਾਰ ਕਰਵਾਏ ਤੇ ਕਤਲ ਕਰਵਾਏ ਸਨ। ਭਾਂਵੇ ਬਾਅਦ ਵਿਚ ਉਹ ਤੇ ਉਹਦਾ ਪਤੀ, ਲਲਿਤ ਮਾਕਨ ਦੋਵੇਂ ਹੀ ਖਾੜਕੂਆਂ ਹੱਥੋਂ ਮਾਰੇ ਗਏ ਸਨ।

ਹਿੰਦੂ ਵੇਦਾਂ ਵਿਚ ਇਹ ਵੀ ਲਿਖਿਆ ਹੋਇਆ ਹੈ ਕਿ ਜਿਸ ਦੇਸ਼ ਵਿਚ ਕਾਨੂੰਨ ਤੇ ਇਸਤਰੀ ਦਾ ਸਨਮਾਨ ਨਾ ਹੋਵੇ, ਉਹ ਜਲਦੀ ਹੀ ਤਬਾਹ ਹੋ ਜਾਂਦਾ ਹੈ। ਪਰ ਨਾਲ ਹੀ ਬੁਰਾਈ ਕਰਨ ਲੱਗੇ ਵੀ ਉਸ ਨੂੰ ਕਈ ਗੁਣਾਂ ਬੁਰਾ ਬਣਾ ਦੇਂਦੇ ਹਨ। ਅਖੇ ਇੱਕ ਵੇਸਵਾ ਇੱਕੀ ਹੋਰ ਔਰਤਾਂ ਨੂੰ ਵੇਸਵਾ ਬਣਾਉਂਦੀ ਹੈ ਤਾਂ ਕਿ ਲੋਕ ਉਸ ਇਕੱਲੀ ਨੂੰ ਵੇਸਵਾ ਨਾ ਆਖਣ। ਤੁਲਸੀ ਦਾਸ ਨੇ ਤਾਂ ਏਥੋਂ ਤੱਕ ਕਹਿ ਦਿੱਤਾ ਕਿ 'ਢੋਲ, ਗਵਾਰ, ਸ਼ੂਦਰ, ਪਸ਼ੂ ਨਾਰੀ ਇਹ ਸਭ ਤਾੜਨ ਦੇ ਅਧਿਕਾਰੀ।' ਅਰਥਾਤ ਨਾਰੀ ਨੂੰ ਵੀ ਗਵਾਰਾਂ, ਪਸ਼ੂਆਂ ਤੇ ਦੂਜਿਆਂ ਨਾਲ ਮਿਲਾ ਦਿੱਤਾ। ਚੀਨ ਵਿਚ ਤਾਂ ਜੰਮਦੀ ਲੜਕੀ ਨੂੰ ਹੀ ਲੋਹੇ ਦੀ ਜੁੱਤੀ ਪੁਆ ਦਿੱਤੀ ਜਾਂਦੀ ਸੀ। ਉਹ ਲੜਕੀ ਤਾਂ ਭਰ ਜਵਾਨ ਹੋ ਜਾਂਦੀ ਪਰ ਪੈਰ ਨਿੱਕੇ-ਨਿੱਕੇ ਜਹੇ ਬੱਚਿਆਂ ਦੇ ਪੈਰਾਂ ਵਰਗੇ ਹੀ ਰਹਿੰਦੇ। ਉਹ ਵਿਚਾਰੀ ਤੁਰ ਕੇ ਕਿਤੇ ਦੂਰ ਨਹੀਂ ਜਾ ਸਕਦੀ ਸੀ। ਬਸ ਕੰਧਾਂ-ਕੌਲਿਆਂ ਨੂੰ ਫੜ-ਫੜ ਕੇ ਹੀ ਥੋੜ੍ਹੀ ਦੂਰ ਤੱਕ ਜਾ ਸਕਦੀ ਸੀ। ਇਸ ਪਿੱਛੇ ਭਾਵਨਾ ਇਹ ਸੀ ਕਿ ਇਹ ਐਵੇਂ ਕਿਤੇ ਦੁੜੰਗੇ ਨਾ ਮਾਰਦੀ ਫਿਰੇ। ਮਤਾ ਕਿਤੇ ਇਹਦੀ ਕਿਸੇ ਹਰਕਤ ਕਰਕੇ ਪਰਿਵਾਰ ਨੂੰ ਬੇਇੱਜ਼ਤੀ ਦਾ ਮੂੰਹ ਵੇਖਣਾ ਪਵੇ। ਪਰ ਭਾਰਤ ਵਿਚ ਵੀ ਤਾਂ ਸੀਤਾ ਨੂੰ ਉਧਾਲਿਆ ਗਿਆ ਤੇ ਉਸ ਦੀ ਅਗਨੀ ਪ੍ਰੀਖਿਆ ਲੈ ਕੇ ਬਖਸ਼ਿਆ ਫਿਰ ਵੀ ਨਾ ਗਿਆ ਤੇ ਦਰੋਪਤੀ ਨੂੰ ਨੰਗਾ ਕੀਤਾ ਗਿਆ। ਪਤੀ ਦੀ ਮੌਤ 'ਤੇ ਕਈਆਂ ਨੂੰ ਨਾਲ ਸਤੀ ਕੀਤਾ ਗਿਆ।

ਗਾਂਧੀ ਵਰਗਾ ਲੀਡਰ ਵੀ ਦੱਖਣੀ ਅਫਰੀਕਾ ਵਿਚ ਵਿਚਾਰੀ ਅਠ ਮਹੀਨੇ ਦੀ ਗਰਭਵਤੀ ਕਸਤੂਰਬਾ ਕੋਲੋਂ ਘਰ ਆਏ ਮਹਿਮਾਨਾਂ ਦੀ ਟੱਟੀ ਧੁਆਉਂਦਾ ਹੁੰਦਾ ਸੀ ਤੇ ਜੇ ਉਹ ਵਿਚਾਰੀ ਰੋਂਦੀ ਤਾਂ ਕਹਿੰਦਾ ਸੀ, 'ਰੋਈਦਾ ਨਹੀਂ, ਘਰ ਆਏ ਮਹਿਮਾਨ ਦੀ ਸੇਵਾ ਹੱਸ ਕੇ ਕਰੀਦੀ ਹੈ।' ਗਾਂਧੀ ਕਈ ਵਾਰ ਕਸਤੂਰਬਾ ਨੂੰ ਰਾਤ ਨੂੰ ਘਰੋਂ ਬਾਹਰ ਕੱਢ ਦੇਂਦਾ ਸੀ ਤੇ ਉਸ ਦੀ ਜ਼ਿੰਦਗੀ ਵਿਚ ਇਸ ਤਰ੍ਹਾਂ ਕਈ ਵਾਰ ਹੋਇਆ ਸੀ। ਜੌਨ ਆਫ ਆਰਕ ਇਕ ਮਹਾਨ ਔਰਤ ਹੋਈ ਹੈ। ਉਹ ਬਹੁਤ ਹੀ ਬੁੱਧੀਮਾਨ ਤੇ ਹੌਸਲੇ ਵਾਲੀ ਮੁਟਿਆਰ ਸੀ ਤੇ ਦੇਸ਼ ਦੀ ਆਜ਼ਾਦੀ ਖਾਤੁਰ ਲੜੀ ਸੀ। ਪੋਪ ਨੇ ਉਸ ਨੂੰ ਸਿਰਫ ਇਸ ਕਰਕੇ ਮਰਵਾ ਦਿੱਤਾ ਸੀ ਕਿਉਂਕਿ ਉਹ ਉਸ ਨਾਲੋਂ ਜ਼ਿਆਦਾ ਪ੍ਰਸਿੱਧੀ ਹਾਸਲ ਕਰ ਗਈ ਸੀ। ਉਸ ਵਿਚਾਰੀ ਨੂੰ ਜਿਉਂਦਿਆਂ ਸਾੜ ਦਿੱਤਾ ਗਿਆ ਤੇ ਦੂਸ਼ਣ ਇਹ ਲਾਇਆ ਗਿਆ ਕਿ ਇਹ ਡੈਣ ਹੈ ਤੇ ਇਸ ਦੇ ਸ਼ੈਤਾਨ ਨਾਲ ਕਾਮ ਸਬੰਧ ਹਨ। ਹੁਣ ਤਿੰਨ ਸੌ ਸਾਲ ਬਾਅਦ ਲੋਕਾਂ ਦੇ ਦਬਾਅ ਅੱਗੇ ਝੁਕ ਕੇ ਇਕ-ਦੂਸਰੇ ਪੋਪ ਨੇ ਉਸ ਨੂੰ ਇਕ ਮਹਾਨ ਸੰਤ ਐਲਾਨ ਕੀਤਾ ਹੈ ਤੇ ਉਸ ਦੀਆਂ ਹੱਡੀਆਂ ਨੂੰ ਕਬਰ ਵਿਚੋਂ ਕੱਢ ਕੇ ਪੂਜਿਆ ਹੈ ਤੇ ਉਸਦੀ ਯਾਦ ਵਿਚ ਇਕ ਆਲੀਸ਼ਾਨ ਗਿਰਜਾ ਬਣਵਾਇਆ ਹੈ। ਹੁਣ ਉਸ ਨੂੰ ਸੰਤ ਜੌਨ ਆਫ ਆਰਕ ਕਿਹਾ ਜਾਂਦਾ ਹੈ। ਇਕੱਲਾ ਜੌਨ ਆਫ ਆਰਕ ਨਹੀਂ। ਬਾਈਬਲ ਵਿਚ ਇਹ ਲਿਖਿਆ ਹੈ ਕਿ ਈਸਾ ਕੁਆਰੀ ਮਾਂ ਮਰੀਅਮ ਦੇ ਪੇਟੋਂ ਜੰਮਿਆ ਸੀ। ਸਾਰੀ ਦੁਨੀਆਂ ਦੀ ਮੈਡੀਕਲ ਸਾਇੰਸ ਇਹ ਗੱਲ ਨਹੀਂ ਮੰਨਦੀ। ਸ਼ਰਮ ਦੇ ਮਾਰੇ ਇਕ ਅਮਰੀਕਨ ਨੇ ਇਹ ਸ਼ਬਦ ਕੱਢਣੇ ਚਾਹੇ ਪਰ ਉਸ ਨੂੰ ਸਫਲਤਾ ਨਾ ਮਿਲੀ ਕਿਉਂਕਿ ਇਸ ਤਰ੍ਹਾਂ ਬੇਸ਼ੱਕ ਇਕ ਤੱਤ ਹੀ ਹਟਾ ਦਿੱਤਾ ਜਾਵੇ ਤਾਂ ਇਸਾਈਅਤ ਦਾ ਸਾਰਾ ਮਹਿਲ ਹੀ ਢਹਿਢੇਰੀ ਹੋ ਜਾਵੇਗਾ। ਬੋਧੀ ਕਹਿੰਦੇ ਹਨ ਚਾਰ ਫੁੱਟ ਤੋਂ ਅੱਗੇ ਨਾ ਵੇਖੋ ਜੇ ਕੋਈ ਔਰਤ ਦਿਸ ਵੀ ਪਵੇ ਤਾਂ ਸਿਰਫ ਉਸ ਦੇ ਪੈਰ ਹੀ ਦਿਸਣ ਤਾਂ ਕਿ ਸਾਰੀ ਔਰਤ ਦਿਖ ਜਾਣ 'ਤੇ ਕਿਤੇ ਕਾਮ ਹੀ ਨਾ ਉਪਜ ਪਵੇ। ਜੇ ਔਰਤ ਤੇ ਮਰਦ ਦਾ ਕੁਦਰਤੀ ਮੇਲ ਨਾ ਹੋਵੇ ਤਾਂ ਬੋਧੀ ਜੰਮਣ ਹੀ ਕਿੱਥੋਂ?

ਜੀਸਸ ਦੀ ਬਹੁਤੀ ਵਿਰੋਧਤਾ ਇਕ ਵੇਸਵਾ ਮੈਰੀ ਮੈਕ ਦੀ ਲੇਨ ਦੇ ਘਰ ਰੁਕਣ ਕਰਕੇ ਹੀ ਹੋਈ ਸੀ। ਲੋਕਾਂ ਨੇ ਜੀਸਸ ਨੂੰ ਆਖਿਆ ਕਿ ਮੈਰੀ ਮੈਕ ਦੀ ਲੇਨ ਨੂੰ ਛੱਡ ਦੇ। ਪਰ ਜੀਸਸ ਨਾ ਮੰਨਿਆ। ਇਹ ਕਦਰ ਸੀ ਉਸ ਵੇਲੇ ਦੀ ਔਰਤ ਦੀ। ਬੁੱਧ ਨੇ ਬਹੁਤ ਸਮੇਂ ਤੱਕ ਔਰਤ ਨੂੰ ਦੀਕਸ਼ਾ ਨਹੀਂ ਦਿੱਤੀ ਕਿਉਂਕਿ ਔਰਤ ਛੇਤੀ ਕੀਤੇ ਗੁਰੂ ਨਹੀਂ ਬਣ ਸਕਦੀ, ਚੇਲੀ ਬਹੁਤ ਛੇਤੀ ਬਣ ਜਾਂਦੀ ਹੈ। ਇਸਤਰੀ ਦੀ ਉਤਸੁਕਤਾ ਆਪਣੇ ਤੱਕ ਹੀ ਹੁੰਦੀ ਹੈ। ਇਸਤਰੀ ਅੰਤਰਮੁਖੀ ਹੁੰਦੀ ਹੈ, ਜਦੋਂ ਕਿ ਮਨੁੱਖ ਬਾਹਰਮੁਖੀ ਹੁੰਦਾ ਹੈ। ਔਰਤ ਲਈ ਗੁਰੂ ਬਣਨਾ ਓਨਾ ਹੀ ਔਖਾ ਹੁੰਦਾ ਹੈ, ਜਿੰਨਾ ਬੰਦੇ ਲਈ ਮਾਂ ਬਣਨਾ। ਇਸਤਰੀ ਆਪਣੇ ਘਰ ਜਾਂ ਵੱਧ ਤੋਂ ਵੱਧ ਗੁਆਂਢੀਆਂ ਤੱਕ ਰੁਚੀ ਰੱਖਦੀ ਹੈ ਪਰ ਮਰਦ ਤਾਂ ਦੂਜੇ ਮੁਲਕਾਂ ਤੱਕ ਵੀ ਰੁਚੀ ਰੱਖਦਾ ਹੈ। ਨੇਪੋਲੀਅਨ ਦੀ ਪਤਨੀ ਦਾ ਨਾਂ ਜੋਸੇਫਾਈਨ ਸੀ। ਉਸ ਨੇ ਸਾਰੀ ਜ਼ਿੰਦਗੀ ਉਹਦੇ 'ਤੇ ਇਤਬਾਰ ਨਾ ਕੀਤਾ। ਏਸੇ ਤਰ੍ਹਾਂ ਹੀ ਹਿਟਲਰ ਨੇ ਸਾਰੀ ਜ਼ਿੰਦਗੀ ਵਿਆਹ ਨਹੀਂ ਕਰਵਾਇਆ। ਉਸ ਨੂੰ ਸ਼ੱਕ ਸੀ ਕਿ ਕਿਤੇ ਇਹ ਦੁਸ਼ਮਣ ਨਾਲ ਮਿਲੀ ਹੋਈ ਨਾ ਹੋਵੇ ਤੇ ਜਦੋਂ ਵਿਆਹ ਕਰਵਾਇਆ, ਕੁਝ ਮਿੰਟਾਂ ਬਾਅਦ ਹੀ ਦੋਵਾਂ ਨੇ ਆਤਮ ਹੱਤਿਆ ਕਰ ਲਈ।

ਆਕਸਫੋਰਡ ਯੂਨੀਵਰਸਿਟੀ ਨੇ ਸਪੱਸ਼ਟ ਕਹਿ ਦਿੱਤਾ ਸੀ ਕਿ ਅਸੀਂ ਮੁਲਕ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਨੂੰ ਆਨਰੇਰੀ ਡਾਕਟਰੇਟ ਦੀ ਡਿਗਰੀ ਨਹੀਂ ਦੇਣੀ। ਇੰਗਲੈਂਡ ਵਿਚ ਮਰਦ ਤੇ ਔਰਤ ਨੂੰ ਬਰਾਬਰ ਦਾ ਦਰਜਾ ਹੈ ਪਰ ਕਦੇ ਵੀ ਕਿਸੇ ਨੇ ਇੰਗਲੈਂਡ ਦੀ ਕਿਸੇ ਦੁਕਾਨ ਦਾ ਨਾਂਅ ਜੌਹਨ ਐਂਡ ਡਾਟਰ ਨਹੀਂ ਵੇਖਿਆ ਹੋਣਾ, ਜਦੋਂ ਕਿ ਫਲਾਣਾ ਐਂਡ ਸਨ, ਫਲਾਣਾ ਐਂਡ ਸਨਜ਼ ਆਮ ਨਾਂਅ ਹਨ। ਕਈ ਦੇਸ਼ਾਂ ਵਿਚ ਔਰਤ ਨੂੰ ਅਜੇ ਵੀ ਕੁਦਰਤ ਦੀ ਮਜ਼ੇਦਾਰ ਗਲਤੀ ਕਿਹਾ ਜਾਂਦਾ ਹੈ। ਕਿਲੋਪੈਟਰਾ ਦੁਨੀਆਂ ਦੀ ਖ਼ੂਬਸੂਰਤ ਔਰਤ ਗਿਣੀ ਗਈ, ਪੂਰੇ ਅੱਧੇ ਦਿਨ ਵਿਚ ਉਹ ਆਪਣਾ ਮੇਕਅਪ ਕਰਦੀ ਸੀ ਪਰ ਉਸ ਦਾ ਜੋ ਹਸ਼ਰ ਹੋਇਆ, ਉਸ ਦੇ ਬਾਹਵਾਂ ਕੱਟੇ ਬੁੱਤ ਨੂੰ ਵੇਖ ਕੇ ਹੀ ਸਮਝ ਲੱਗ ਜਾਂਦੀ ਹੈ। ਆਮ ਤੌਰ 'ਤੇ ਜੇ ਕਿਤੇ ਝਗੜੇ ਦੀ ਗੱਲ ਹੋਵੇ ਤਾਂ ਲੋਕ ਕਹਿੰਦੇ ਹਨ ਝਗੜੇ ਕੀ ਜੜ੍ਹ ਤੀਨ, ਜਰ ਜੋਰੂ ਔਰ ਜ਼ਮੀਨ ਅਰਥਾਤ ਔਰਤ ਨੂੰ ਵੀ ਪੈਸੇ-ਧੇਲੇ ਤੇ ਜ਼ਮੀਨ ਵਰਗੀਆਂ ਜੜ੍ਹ ਚੀਜ਼ਾਂ ਨਾਲ ਗਿਣ ਲਿਆ ਜਾਂਦਾ ਹੈ। ਔਰਤ ਨੂੰ ਬਦਨਾਮ ਕਰਨ ਲਈ ਵੀ ਬਹੁਤ ਗੱਲਾਂ ਪ੍ਰਚੱਲਤ ਹਨ, ਜਿਵੇਂ ਕਈਆਂ ਫਿਲਾਸਫਰਾਂ ਨੇ ਕਿਹਾ ਹੈ ਕਿ ਆਪਣੇ ਘਰ ਦੀ ਔਰਤ ਨੂੰ ਸੱਚ ਨਾ ਦੱਸਣਾ ਸੀਨੇ ਵਿਚ ਬਿੱਛੂ ਪਾਲਣ ਦੇ ਬਰਾਬਰ ਹੈ ਪਰ ਮੁਸੀਬਤ ਨਾਂਅ ਦੀ ਚੀਜ਼ ਵੀ ਔਰਤ ਹੀ ਹੈ। ਪੰਜਾਬੀ ਦਾ ਪ੍ਰਸਿੱਧ ਅਖਾਣ ਹੈ 'ਜੁੱਤੀ ਤੇ ਜ਼ਨਾਨੀ ਜਿੰਨੀ ਨੇੜੇ ਹੋਵੇ, ਓਨਾ ਈ ਚੰਗਾ ਹੰਦਾ ਹੈ', 'ਰੰਨ ਗਿਆਨਣ ਭੇਡ ਇਸ਼ਨਾਨਣ' ਹਿੰਦੂ ਧਰਮ ਵਿਚ ਇਹ ਗੱਲ ਆਮ ਮਸ਼ਹੂਰ ਰਹੀ ਹੈ। ਮੁਸਲਮਾਨਾਂ ਨੇ ਔਰਤ ਨੂੰ ਤਬਾਹਬਾਨੋਂ ਵੀ ਕਿਹਾ ਹੈ। ਉਨ੍ਹਾਂ ਦਾ ਖਿਆਲ ਹੈ ਕਿ ਔਰਤ ਨੁਕਸਾਨ ਵਾਲਾ ਕੰਮ ਕਰਨ ਦੀ ਜ਼ਿੰਮੇਵਾਰ ਹੁੰਦੀ ਹੈ। ਭਾਵੇਂ ਸਾਰਾ ਕੰਮ ਉਸ ਦਾ ਖਾਵੰਦ ਹੀ ਕਿਉਂ ਨਾ ਕਰੇ।

ਪੂਰੀ ਦੁਨੀਆਂ ਵਿਚ ਔਰਤ ਨੂੰ ਤ੍ਰਿਸਕਾਰ ਭਰੀ ਨਜ਼ਰ ਨਾਲ ਹੀ ਵੇਖਿਆ ਗਿਆ ਹੈ ਪਰ ਸਿੱਖ ਬੀਬੀਆਂ ਨੂੰ ਇਸ ਗੱਲ 'ਤੇ ਮਾਣ ਹੋਣਾ ਚਾਹੀਦਾ ਹੈ ਕਿ ਜਿੰਨੀ ਆਜ਼ਾਦੀ ਉਨ੍ਹਾਂ ਨੂੰ ਸਿੱਖ ਧਰਮ ਨੇ ਦਿੱਤੀ ਹੈ, ਓਨੀ ਆਜ਼ਾਦੀ ਤਾਂ ਅੱਜ ਯੂਰਪੀਨ ਦੇਸ਼ਾਂ ਵਿਚ ਅਜੇ ਵੀ ਨਹੀਂ ਮਿਲੀ। ਸਿੱਖ ਧਰਮ ਵਿਚ ਕਿੱਥੇ ਲਿਖਿਆ ਹੈ ਕਿ ਔਰਤ ਜਥੇਦਾਰ ਬਣ ਕੇ ਫੌਜ ਦੀ ਕਮਾਂਡ ਨਹੀਂ ਕਰ ਸਕਦੀ? ਇਹ ਕਿੱਥੇ ਲਿਖਿਆ ਹੈ ਕਿ ਉਸ ਨੂੰ ਮੁਨਸਿਬ ਬਣ ਕੇ ਨਿਆਂ ਕਰਨ ਦਾ

ਹੱਕ ਨਹੀਂ? ਇਹ ਕਿੱਥੇ ਲਿਖਿਆ ਹੈ ਕਿ ਉਹ ਘਰ ਦੀ ਚਾਰਦਿਵਾਰੀ ਵਿਚੋਂ ਨਿਕਲ ਕੇ ਰਾਜ-ਕਾਜ ਦਾ ਕੰਮ ਨਹੀਂ ਸੰਭਾਲ ਸਕਦੀ? ਜੋ ਹੱਕ ਹਕੂਕ ਸਿੱਖ ਮਰਦ ਨੂੰ ਹਨ, ਉਹ ਹੀ ਸਿੱਖ ਬੀਬੀਆਂ ਨੂੰ ਵੀ ਹਨ ਪਰ ਸਿੱਖ ਧਰਮ ਦਾ ਬੇੜਾ ਜਿੰਨਾ ਅੱਜ ਸਿੱਖ ਬੀਬੀਆਂ ਨੇ ਗਰਕ ਕੀਤਾ ਹੈ, ਓਨਾਂ ਸ਼ਾਇਦ ਸਿੱਖਾਂ ਨੇ ਵੀ ਨਹੀਂ ਕੀਤਾ। ਸ਼ਹਿਰਾਂ ਵਿਚ ਇਹ ਕਰਵਾਚੌਥ ਦੇ ਵਰਤ ਰੱਖਦੀਆਂ ਹਨ, ਵੀਰੋ ਕੁੜੀ ਦਾ ਕਰਵੜਾ ਵਟਾਉਂਦੀਆਂ ਹਨ। ਭਰਵੱਟੇ ਮੁਨਵਾਉਂਦੀਆਂ ਹਨ, ਵਿਆਹ ਤੋਂ ਇਕ ਦਿਨ ਪਹਿਲਾਂ ਜਾਂ ਵਿਆਹ ਵਾਲੇ ਦਿਨ ਹੀ ਬਿਊਟੀ ਪਾਰਲਰ ਜਾ ਕੇ ਉਹ ਸਭ ਕੁਝ ਕਰਵਾਉਂਦੀਆਂ ਹਨ, ਜੋ ਸਿੱਖ ਧਰਮ ਵਿਚ ਮਨ੍ਹਾ ਹੈ। ਅੱਧੇ ਨਾਂ ਰੱਖਣੇ, ਅੱਗੋਂ ਬੱਚਿਆਂ ਨੂੰ ਵੀ ਸਿੱਖੀ ਤੋਂ ਪਤਿੱਤ ਕਰਕੇ ਹਿੰਦੂਤਵ ਵੱਲ ਮੋੜਨਾ ਜਾਣਬੁੱਝ ਕੇ ਪੰਜਾਬੀ ਦੀ ਥਾਂ ਹਿੰਦੀ ਬੋਲਣੀ।

ਜੇ ਇਹ ਚਾਹੁੰਦੀਆਂ ਤਾਂ ਸਿੱਖ ਧਰਮ ਵੱਲੋਂ ਬਖਸ਼ੀ ਗਈ ਵਡਿਆਈ ਦਾ ਬਦਲਾ ਚੁਕਾਉਣ ਲਈ ਆਪਣੇ ਪਿਓਆਂ, ਪਤੀਆਂ ਤੇ ਭਰਾਵਾਂ ਨੂੰ ਵੀ ਪਤਿੱਤ ਹੋਣ ਤੋਂ ਵਰਜ ਸਕਦੀਆਂ ਸਨ ਜੇ ਮਾਈ ਭਾਗੋ ਬੇਦਾਵਾ ਦੇ ਆਏ ਸਿੰਘਾਂ ਦੀ ਅਗਵਾਈ ਕਰਕੇ ਟੁੱਟੀ ਗੰਢ ਸਕਦੀ ਸੀ, ਤਾਂ ਇਹ ਕਿਉਂ ਨਹੀਂ ਸਨ ਕੁਝ ਕਰ ਸਕਦੀਆਂ। ਸਿੱਖ ਧਰਮ ਵਿਚ ਸਿੱਖ ਬੀਬੀਆਂ ਨੂੰ ਬਹੁਤ ਉੱਚਾ ਦਰਜਾ ਪ੍ਰਾਪਤ ਹੈ। ਪਰ ਇਸ ਧਰਮ ਦੇ ਅਹਿਸਾਨਮੰਦ ਹੋਣ ਦੀ ਥਾਂ ਇਹ ਉਸ ਧਰਮ ਵੱਲ ਵਧ ਪ੍ਰੇਰਤ ਹੋਈਆਂ ਹਨ, ਜਿਥੇ ਔਰਤ ਨੂੰ ਪੈਰ ਦੀ ਜੁੱਤੀ ਤੋਂ ਵੱਧ ਕੁਝ ਨਹੀਂ ਸਮਝਿਆ ਜਾਂਦਾ। ਇਹ ਫਰਮਾਇਸ਼ ਕਰਦੀਆਂ ਹਨ ਆਪਣੇ ਪਿਓ ਨੂੰ ਤੇ ਉਹ ਰੱਚੜ ਤਿੰਨ ਗਿੱਠ ਲੰਮੀ ਦਾਹੜੀ ਲੈ ਕੇ ਗਾਤਰੇ ਕ੍ਰਿਪਾਨ ਪਾ ਕੇ ਹੱਥ ਵਿਚ ਝੋਲਾ ਫੜ ਕੇ ਇਨ੍ਹਾਂ ਲਈ ਕਰਵਾ ਚੌਥ ਤੇ ਹੋਰ ਕਈ ਤਰ੍ਹਾਂ ਦੇ ਵਰਤ ਰੱਖਣ ਲਈ ਬਾਜ਼ਾਰੋਂ ਫੇਣੀਆਂ ਤੇ ਖੇਹ-ਸਵਾਹ ਖਰੀਦਦਾ ਫਿਰਦਾ ਹੈ।

ਅੱਜ ਇਨ੍ਹਾਂ ਸ਼ਹਿਰੀ ਲੋਕਾਂ ਨੇ ਰਲ ਮਿਲ ਕੇ ਸਿੱਖ ਧਰਮ ਨੂੰ ਹਾਸੋਹੀਣਾ ਬਣਾ ਧਰਿਆ ਹੈ। 'ਵੀਰੋ ਕੁੜੀਏ ਕਰਵੜਾ, ਵਾਹਣ ਪੈਰ ਪਾਈਂ ਨਾ, ਸੁੱਤੇ ਨੂੰ ਜਗਾਈਂ ਨਾ', ਜਦੋਂ ਇਹ ਸਾਰੇ ਖੇਖਣ ਹੋ.ਰਹੇ ਹੁੰਦੇ ਹਨ ਤਾਂ ਘਰ ਦੇ ਮਰਦ ਵੀ ਕੁੱਤੇ ਵਾਂਗ ਦੰਦੀਆਂ ਕੱਢ-ਕੱਢ ਕੇ ਹੱਸ ਰਹੇ ਹੁੰਦੇ ਹਨ। ਗੁਰਦੁਆਰੇ ਦੇ ਭਾਈ ਗੁਰਦੁਆਰਿਆਂ ਵਿਚ ਵੀਰੋ ਕੁੜੀ ਦੀ ਕਥਾ ਸੁਣਾਉਂਦੇ ਹਨ। ਮੇਰੇ ਪਿੰਡ ਦੇ ਗੁਰਦੁਆਰੇ ਵਿਚ ਭਾਈ ਹਰਨਾਮ ਸਿੰਘ ਨੇ ਵੀਰੋ ਕੁੜੀ ਦੀ ਕਥਾ ਸ਼ਰੇਆਮ ਸੁਣਾਈ ਸੀ। ਲਾਅਨਤ ਹੈ, ਏਹੋ ਜਿਹੇ ਸਿੱਖਾਂ ਦੇ, ਜੂਠ ਕਿਸੇ ਥਾਂ ਦੀ। ਜਿਹੜੀਆਂ ਸਿੱਖ ਬੀਬੀਆਂ ਇਹ ਸਾਰੇ ਬ੍ਰਾਹਮਣਵਾਦੀ ਟਸਣ ਕਰਦੀਆਂ ਹਨ। ਉਹ ਸਭ ਅਕ੍ਰਿਤਘਣ ਹਨ, ਜਿਨ੍ਹਾਂ 'ਤੇ ਸਿੱਖ ਧਰਮ ਵਿਚ ਕੋਈ ਪਾਬੰਦੀ ਨਹੀਂ, ਫਿਰ ਵੀ ਇਹ ਹਿੰਦੂ ਔਰਤਾਂ ਦੀ ਵੇਖਾ-ਵੇਖੀ ਭੱਜ-ਭੱਜ ਕੇ ਹਿੰਦੂ ਧਰਮ ਵੱਲ ਚਲੀਆਂ ਗਈਆਂ ਹਨ ਤੇ ਅੱਜ ਸਿੱਖ ਸਮੇਤ ਇਹ ਵੀ ਹਿੰਦੂ ਅਜਗਰ ਦੇ ਮੂੰਹ ਵਿਚ ਹਨ।

***

## ☐ ਜਦੋਂ ਸਿੱਖਾਂ 'ਤੇ ਇਹੋ ਜਿਹੇ ਮੁਕੱਦਮੇ ਵੀ ਬਣੇ

ਮੇਰੇ 'ਤੇ ਇਕ ਕੇਸ 153 'ਬੀ' ਅਧੀਨ ਦਰਜ ਕੀਤਾ ਗਿਆ, ਜਿਸ ਦਾ ਮਤਲਬ ਹੁੰਦਾ ਹੈ ਰਾਸ਼ਟਰੀ ਏਕਤਾ ਤੇ ਉਲਟ ਪ੍ਰਭਾਵ ਪਾਉਣ ਵਾਲੇ ਲੱਛਣ ਤੇ ਭਾਸ਼ਣ ਕਰਨਾ। ਜੇ ਇਹ ਦੋਸ਼ ਸਿੱਧ ਹੋ ਜਾਵੇ ਤਾਂ ਤਿੰਨ ਸਾਲ ਦੀ ਜੇਲ੍ਹ ਜਾਂ ਜੁਰਮਾਨਾ ਤੇ ਜਾਂ ਦੋਵੇਂ ਹੋ ਸਕਦੇ ਹਨ। ਇਸ ਕੇਸ ਵਿਚ ਮੇਰੀ ਜਮਾਨਤ ਹੋ ਚੁੱਕੀ ਸੀ ਪਰ ਜਦੋਂ ਮੈਂ ਇਕ ਹੋਰ ਕੇਸ 212/216 ਦੀ ਤਾਰੀਖ ਭੁਗਤਣ ਗਿਆ ਤਾਂ ਜੱਜ ਨੇ ਮੇਰੇ ਇਹ ਦੋਵੇਂ ਕੇਸ ਵਿਸ਼ੇਸ਼ ਜੱਜ ਦੀ ਅਦਾਲਤ ਵਿਚ ਭੇਜ ਦਿੱਤੇ ਤੇ ਮੈਨੂੰ ਉਸ ਅਦਾਲਤ ਵਿਚ ਪੇਸ਼ ਹੋਣ ਦੀ ਹਦਾਇਤ ਕਰਕੇ ਅਗਲੀ ਤਾਰੀਖ ਪਾ ਦਿੱਤੀ। ਸਰਕਾਰੀ ਵਕੀਲ ਨੇ ਮੇਰੀ ਜਮਾਨਤ ਵੀ ਰੱਦ ਕਰਨ ਦੀ ਦਰਖਾਸਤ ਦਿੱਤੀ ਪਰ ਜੱਜ ਸਾਹਿਬ ਨੇ ਕਿਹਾ ਕਿ ਜਿਨ੍ਹਾਂ ਕੇਸਾਂ ਵਿਚ ਇਕ ਵਾਰ ਜਮਾਨਤ ਹੋ ਜਾਵੇ ਤੇ ਮੁਲਜ਼ਿਮ ਬਾਕਾਇਦਾ ਪੇਸ਼ੀ 'ਤੇ ਹਾਜ਼ਰ ਹੋ ਰਿਹਾ ਹੋਵੇ ਤਾਂ ਜਮਾਨਤ ਰੱਦ ਕਿਉਂ ਕੀਤੀ ਜਾਵੇ? ਇਸ ਤਰ੍ਹਾਂ ਜਮਾਨਤ ਤਾਂ ਕਾਇਮ ਰਹੀ ਪਰ ਅਦਾਲਤ ਬਦਲ ਗਈ।

ਪਹਿਲੇ ਕੇਸ ਵਿਚ ਜਦੋਂ ਮੈਂ ਦੂਸਰੀ ਅਦਾਲਤ ਵਿਚ ਤਾਰੀਖ ਪੇਸ਼ੀ 'ਤੇ ਗਿਆ ਤਾਂ ਮੇਰਾ ਵਕੀਲ ਕਪੂਰਥਲੇ ਕਿਸੇ ਕੇਸ ਦੀ ਬਹਿਸ ਲਈ ਗਿਆ ਹੋਇਆ ਸੀ। ਨਵੀਂ ਅਦਾਲਤ ਵਿਚ ਮੇਰਾ ਕੇਸ ਫਰਦ ਜ਼ੁਰਮ ਲੱਗਣ ਵਾਸਤੇ ਬਹਿਸ 'ਤੇ ਸੀ। ਅਵਾਜ਼ ਪਈ ਤਾਂ ਮੈਂ ਜਾ ਕੇ ਜੱਜ ਸਾਹਿਬ ਨੂੰ ਬੇਨਤੀ ਕੀਤੀ ਕਿ ਮੇਰੇ ਵਕੀਲ ਸਾਹਿਬ ਕਪੂਰਥਲੇ ਸ਼ੈਸ਼ਨ ਜੱਜ ਦੀ ਅਦਾਲਤ ਵਿਚ ਗਏ ਹੋਏ ਹਨ। ਮੇਰੇ ਇਹ ਕਹਿਣ 'ਤੇ ਜੱਜ ਸਾਹਿਬ ਭੱਜ ਕੇ ਮੈਨੂੰ ਪਏ, "ਏਹ ਕੀ ਮਤਲਬ ਹੋਇਆ, ਮੈਂ ਉਹਨੂੰ ਉਡੀਕਦਾ ਰਵਾਂ, ਇਹ ਅਦਾਲਤ ਨਹੀਂ?" ਫਿਰ ਉਨ੍ਹਾਂ ਨੇ ਮੈਨੂੰ ਦੋ ਘੰਟੇ ਦਾ ਸਮਾਂ ਦੇ ਦਿੱਤਾ। ਪਰ ਮੇਰਾ ਵਕੀਲ ਫੇਰ ਵੀ ਨਾ ਆਇਆ। ਫਿਰ ਅਵਾਜ਼ ਪਈ। ਮੈਂ ਫਿਰ ਏਹੋ ਹੀ ਕਿਹਾ ਕਿ ਉਹ ਅਜੇ ਤੱਕ ਨਹੀਂ ਆਏ। ਜੱਜ ਸਾਹਿਬ ਨੇ ਪੱਕਾ ਸਮਾਂ ਦੋ ਵਜੇ ਦਾ ਦੇ ਦਿੱਤਾ ਤੇ ਨਾਲ ਹੀ ਕਹਿ ਦਿੱਤਾ ਕਿ ਵਕੀਲ ਆਵੇ ਤੇ ਭਾਵੇਂ ਨਾ ਆਵੇ, ਮੈਂ ਇਹ ਕੇਸ ਸੁਣਨਾ ਹੀ ਸੁਣਨਾ ਹੈ। ਮੈਂ ਬਹੁਤ ਮੁਸੀਬਤ ਵਿਚ ਫਸ ਗਿਆ, ਪਹਿਲਾਂ ਮੈਂ ਸੋਚਿਆ ਕਪੂਰਥਲਿਓਂ ਵਕੀਲ ਨੂੰ ਸੱਦ ਲਿਆਵਾਂ ਤੇ ਫਿਰ ਸੋਚਿਆ ਇਹ ਨਾ ਹੋਵੇ ਕਿ ਮੈਂ ਓਥੇ ਚਲਾ ਜਾਵਾਂ ਤੇ ਉਹ ਏਥੇ ਆ ਜਾਵੇ। ਓਦੋਂ ਸਾਢੇ ਬਾਰਾਂ ਵੱਜ ਚੁੱਕੇ ਸਨ। ਫਿਰ ਮੈਂ ਇਹ ਵੀ ਸੋਚਿਆ ਕਿ ਹੋ ਸਕਦਾ ਹੈ ਮੈਂ ਓਥੇ ਜਾਵਾਂ ਪਰ ਉਹ ਬਹਿਸ ਵਿਚ ਫਸਿਆ ਹੋਣ ਕਰਕੇ ਮੇਰੇ ਨਾਲ ਹੀ ਨਾ ਆਵੇ। ਫਿਰ ਮੈਂ ਆਪਣੇ ਦਿਲ ਨੂੰ ਇਹ ਕਹਿ ਕੇ ਵੀ ਤਸੱਲੀ ਦੇ ਲਵਾਂ ਕਿ ਉਹ ਓਥੇ ਕੋਈ ਵਿਆਹ 'ਤੇ ਤਾਂ ਗਿਆ ਹੀ ਨਹੀਂ, ਜਿਹੜਾ ਉਹਨੇ ਓਥੇ ਹੀ ਬੈਠੇ ਰਹਿਣਾ ਹੈ, ਕੀ ਪਤਾ ਓਥੋਂ ਤੁਰ ਹੀ ਪਿਆ ਹੋਵੇ। ਮੈਂ ਇਹ ਸੋਚ ਕੇ ਵੀ ਕਪੂਰਥਲੇ ਨਾ ਗਿਆ ਕਿ ਜੇ ਮੈਂ ਦੋ ਵਜੇ ਅਦਾਲਤ ਵਿਚ ਹਾਜ਼ਰ ਨਾ ਹੋਇਆ ਤਾਂ ਜੱਜ ਨੇ ਜਮਾਨਤ ਰੱਦ ਕਰ ਦੇਣੀ ਹੈ। ਏਥੋਂ ਹੀ ਸਿੱਧਾ ਜੇਲ੍ਹ ਜਾਣਾ ਪਊ। ਸਭ ਕੁਝ ਸੋਚ ਕੇ ਮੈਂ ਓਥੇ ਹੀ ਰਿਹਾ। ਇਹ ਡੇਢ ਘੰਟਾ ਮੇਰਾ ਬੜਾ ਔਖਾ

ਗੁਜਰਿਆ। ਮੈਨੂੰ ਆਪਣੇ ਵਕੀਲ 'ਤੇ ਵੀ ਬਹੁਤ ਗੁੱਸਾ ਆਵੇ ਕਿ ਜਦੋਂ ਉਹਨੇ ਪੂਰੀ ਫੀਸ ਲਈ.ਹੈ ਤਾਂ ਫੇਰ ਕੇਸ 'ਤੇ ਪੇਸ਼ ਨਾ ਹੋਣ ਦਾ ਕੀ ਮਤਲਬ। ਮੁਨਸ਼ੀ ਨੂੰ ਪੁੱਛਾਂ ਤਾਂ ਉਹ ਆਖੇ ਜੀ ਮੈਨੂੰ ਕੀ ਪਤਾ, ਕਹਿ ਕੇ ਤੇ ਗਏ ਸੀ ਪਈ ਮੈਂ ਛੇਤੀ ਆ ਜਾਣਾ ਹੈ ਪਰ ਆਏ ਅਜੇ ਤੱਕ ਨਹੀਂ। ਜੇ ਮੈਂ ਉਹਨੂੰ ਆਖਾਂ ਕਿ ਤੂੰ ਦੋ ਵਜੇ ਜੱਜ ਸਾਹਿਬ ਨੂੰ ਵਕੀਲ ਦੇ ਨਾ ਆਉਣ ਕਰਕੇ ਤਾਰੀਖ ਦੇਣ ਲਈ ਆਖਾਂ ਤਾਂ ਉਹ ਕੰਨਾਂ ਨੂੰ ਹੱਥ ਲਾਵੇ, ਅਖੇ ਇਹ ਜੱਜ ਬੜਾ ਕੁਪੱਤਾ ਹੈ, ਇਹ ਤਾਂ ਤੁਰਿਆ ਜਾਂਦਿਆਂ ਨੂੰ ਬੰਨ੍ਹਣ ਵਾਲਾ ਹੈ। ਮੇਰੀ ਤੋਬਾ, ਮੈਂ ਨਹੀਂ ਜਾਣਾ। ਪੂਰੇ ਦੋ ਵਜੇ ਮੇਰੇ ਨਾਂ ਦੀ ਅਵਾਜ਼ ਪੈ ਗਈ। ਮੈਂ ਅੰਦਰ ਜਾ ਕੇ ਫੇਰ ਏਹੋ ਹੀ ਕਿਹਾ "ਜੀ ਵਕੀਲ ਸਾਹਿਬ ਤਾਂ ਆਏ ਨਹੀਂ ਕ੍ਰਿਪਾ ਕਰਕੇ ਤਾਰੀਖ...." ਅਜੇ ਗੱਲ ਮੈਂ ਪੂਰੀ ਵੀ ਨਹੀਂ ਸੀ ਕੀਤੀ ਕਿ ਜੱਜ ਸਾਹਿਬ ਨੇ ਸਰਕਾਰੀ ਵਕੀਲ ਨੂੰ ਕਿਹਾ "ਸ਼ੁਰੂ ਕਰੋ"।

ਮੈਂ ਵੀ ਓਥੇ ਹੀ ਖੜਾ ਰਿਹਾ, ਡਰ ਤੇ ਗੁੱਸੇ ਦੇ ਰਲੇ ਮਿਲੇ ਪ੍ਰਭਾਵ ਕਰਕੇ ਮੇਰੀਆਂ ਗੱਲ੍ਹਾਂ ਵਿਚੋਂ ਸੇਕ ਨਿਕਲ ਰਿਹਾ ਸੀ। ਜੇਲ੍ਹ ਮੈਨੂੰ ਸਾਫ ਨਜ਼ਰ ਆ ਰਹੀ ਸੀ ਪਰ ਮੈਂ ਦਿਲ ਨੂੰ ਵੀ ਤਸੱਲੀ ਦੇ ਲੈਂਦਾ, "ਜੇਲ੍ਹ ਕਿਹੜੀ ਨਵੀਂ ਐ, ਅਗੇ ਕਿਹੜਾ ਕਦੀ ਵੇਖੀ ਨਹੀਂ।" ਵਕੀਲ ਨੇ ਕੇਸ ਸ਼ੁਰੂ ਕੀਤਾ "ਕੁਲਬੀਰ ਸਿੰਘ ਪੁੱਤਰ ਬੁੱਢਾ ਸਿੰਘ ਕੌਮ ਕੰਬੋਅ ਵਾਸੀ ਬਸਤੀ ਪੀਰ ਦਾਦ ਖਾਲਿਸਤਾਨ ਦਾ ਹਮਾਇਤੀ ਹੈ, ਕਪੂਰਥਲਾ ਰੋਡ ਬਸਤੀ ਬਾਵਾ ਖੇਲ ਅੱਡੇ ਦੇ ਕੋਲ ਇਸ ਨੇ ਖਾਲਿਸਤਾਨ ਜਿੰਦਾਬਾਦ, ਖਾਲਿਸਤਾਨ ਜਿੰਦਾਬਾਦ ਦੇ ਨਾਅਰੇ ਲਾਏ। ਇਸਦੇ ਹੱਥ ਵਿਚ ਖਾਲਿਸਤਾਨ ਦਾ ਝੰਡਾ ਸੀ, ਇਸ ਝੰਡੇ ਨੂੰ ਲਹਿਰਾ ਲਹਿਰਾ ਕੇ ਇਹ ਖਾਲਿਸਤਾਨ ਦੇ ਨਾਅਰੇ ਲਾਉਂਦਾ ਕਪੂਰਥਲਾ ਰੋਡ 'ਤੇ ਤੁਰਿਆ ਜਾਂਦਾ ਸੀ। ਪੁਲਿਸ ਪਾਰਟੀ, ਜਿਸ ਨੇ ਆਮ ਚੈਕਿੰਗ ਲਈ ਓਥੋਂ ਕੋਈ ਤਿੰਨ ਕੁ ਫਰਲਾਂਗ 'ਤੇ ਨਹਿਰ ਦੇ ਪੁੱਲ 'ਤੇ ਨਾਕਾ ਲਾਇਆ ਹੋਇਆ ਸੀ, ਨੂੰ ਜਦੋਂ ਮੁਖਬਰ ਖਾਸ ਨੇ ਆ ਕੇ ਦੱਸਿਆ ਤਾਂ ਗੁਰਦੀਪ ਸਿੰਘ ਏ.ਐਸ.ਆਈ. ਨਾਲ ਸਿਪਾਹੀ ਫਲਾਣਾ ਫਲਾਣਾ ਫਲਾਣਾ ਮੌਕੇ 'ਤੇ ਗਏ ਤਾਂ ਉਨ੍ਹਾਂ ਨੇ ਇਸ ਨੂੰ ਬੜਾ ਸਮਝਾਇਆ ਕਿ ਇਸ ਤਰ੍ਹਾਂ ਨਾ ਕਰ ਪਰ ਇਹ ਨਹੀਂ ਮੰਨਿਆ, ਲੰਬਰਦਾਰ ਗੁਰਦੀਪ ਸਿੰਘ ਨੇ ਵੀ ਆ ਕੇ ਇਸ ਨੂੰ ਬੜਾ ਸਮਝਾਇਆ ਪਰ ਇਹ ਟੱਸ ਤੋਂ ਮੱਸ ਨਹੀਂ ਹੋਇਆ ਤੇ ਨਾਅਰੇ ਲਾਈ ਗਿਆ। ਹੋਰ ਕੋਈ ਚਾਰਾ ਨਾ ਵੇਖ ਕੇ ਪੁਲਿਸ ਨੇ ਇਸ ਨੂੰ ਗ੍ਰਿਫਤਾਰ ਕਰ ਲਿਆ। ਮੇਰੀ ਅਦਾਲਤ ਅੱਗੇ ਬੇਨਤੀ ਹੈ ਕਿ ਇਸ ਨੂੰ ਕਰੜੀ ਸਜਾ ਦਿੱਤੀ ਜਾਵੇ ਤਾਂ ਕਿ ਦੇਸ਼ ਨੂੰ ਤੋੜਨ ਵਾਲਿਆਂ ਨੂੰ ਕੰਨ ਹੋ ਜਾਣ। ਵਕੀਲ ਦੀ ਗੱਲ ਮੁੱਕਣ 'ਤੇ ਜੱਜ ਸਾਹਿਬ ਨੇ ਮੈਨੂੰ ਕਿਹਾ, "ਜਿਸ ਤਰ੍ਹਾਂ ਇਹ ਵਕੀਲ ਸਾਹਿਬ ਕਹਿੰਦੇ ਨੇ ਏਸੇ ਤਰ੍ਹਾਂ ਹੋਇਆ ਸੀ?" ਮੈਂ ਕਿਹਾ, "ਨਹੀਂ ਜੀ, ਇਹ ਸਾਰੀ ਗੱਲ ਝੂਠੀ ਹੈ।" ਅਜੇ ਮੇਰੇ ਮੂੰਹ ਵਿਚ ਹੀ ਇਹ ਸ਼ਬਦ ਸਨ ਕਿ ਜੱਜ ਸਾਹਿਬ ਨੇ ਕਟਹਿਰੇ ਵੱਲ ਹੱਥ ਕਰਕੇ ਕਿਹਾ, "ਏਥੇ ਆ ਕੇ ਗੱਲ ਕਰੋ"। ਮੈਂ ਕਟਹਿਰੇ ਵਿਚ ਖਲੋ ਗਿਆ। ਇਹ ਗੱਲ ਤਾਂ ਹੁਣ ਪੱਕੀ ਸੀ ਕਿ ਕੇਸ ਸੁਣ ਲਿਆ ਜਾਣਾ ਸੀ ਤੇ ਮੇਰੀ ਕਿਸਮਤ ਦਾ ਫੈਸਲਾ ਵੀ ਮੇਰੀਆਂ ਕਹੀਆਂ ਹੋਈਆਂ ਗੱਲਾਂ ਤੇ ਦਿੱਤੀ ਹੋਈ ਸਫਾਈ 'ਤੇ ਹੀ ਮੁੱਕਣਾ ਸੀ। ਮੈਂ ਕਿਹਾ, "ਜੀ ਇਹ ਸਾਰੀ ਬਣੀ ਬਣਾਈ ਕਹਾਣੀ ਹੈ, ਜਿਸ ਦਾ ਕੋਈ ਮੂੰਹ ਸਿਰ ਨਹੀਂ ਤੇ ਇਹ ਸਾਰੀ ਗੱਲ ਝੂਠੀ ਹੈ।"

ਜੱਜ ਸਾਹਿਬ ਨੇ ਪੁਛਿਆ "ਹੋਇਆ ਕੀ ਸੀ?" ਮੈਂ ਕਿਹਾ ਜੀ ਮੇਰੀ ਇਕ ਬੇਨਤੀ ਹੈ ਕਿ ਮੈਂ ਵਕੀਲ ਨਹੀਂ, ਇਸ ਲਈ ਮੇਰੀ ਦੱਸੀ ਹੋਈ ਗੱਲ ਤੋਂ ਬਾਅਦ ਮੇਰੇ ਵਕੀਲ ਨੂੰ ਵੀ ਸੁਣ ਲਿਆ ਜਾਵੇ"। ਜੱਜ ਸਾਹਿਬ ਨੇ ਕਿਹਾ "ਜੇ ਗੱਲ ਹੁੰਦਿਆਂ ਹੁੰਦਿਆ ਆ ਗਏ ਤਾਂ ਸੁਣ

ਲਵਾਂਗੇ"। ਮੈਂ ਕਹਿਣਾ ਸ਼ੁਰੂ ਕੀਤਾ "ਜਨਾਬ, ਮੈਂ ਏਥੋਂ ਦਾ ਹੀ ਜੰਮਪਲ ਹਾਂ ਤੇ ਮੇਰਾ ਸਾਰਾ ਬਚਪਣ ਏਥੇ ਹੀ ਗੁਜਰਿਆ ਹੈ। ਮੇਰੀ ਜ਼ਮੀਨ, ਜਾਇਦਾਦ, ਘਰ ਸਭ ਏਥੇ ਹੀ ਹਨ। ਜਿਸ ਸੜਕ ਦਾ ਵਕੀਲ ਸਾਹਿਬ ਨੇ ਨਾਂ ਲਿਆ ਹੈ, ਮੈਂ ਏਥੋਂ ਹੀ ਸਕੂਲ ਪੜ੍ਹਨ ਜਾਂਦਾ ਰਿਹਾ ਹਾਂ। ਫਿਰ ਏਥੋਂ ਦੀ ਹੀ ਡੀ.ਏ.ਵੀ. ਕਾਲਜ ਪੜ੍ਹਨ ਜਾਂਦਾ ਰਿਹਾ ਹਾਂ। ਮੈਂ ਅਜੇ ਗੱਲ ਕਰ ਹੀ ਰਿਹਾ ਸਾਂ ਕਿ ਸਰਕਾਰੀ ਵਕੀਲ ਸੱਭਰਵਾਲ ਵਿਚੇ ਬੋਲ ਪਿਆ "ਇਹ ਕੀ ਕਹਿਣਾ ਚਾਹੁੰਦਾ ਹੈ, ਇਨ੍ਹਾਂ ਗੱਲਾਂ ਦਾ ਕੋਈ ਮਤਲਬ ਹੈ? ਅਦਾਲਤ ਨੇ ਇਸ ਗੱਲ ਤੋਂ ਕੀ ਲੈਣਾ ਹੈ ਕਿ ਤੂੰ ਕਿਥੋਂ ਦੀ ਸਕੂਲ ਜਾਂਦਾ ਸੀ ਤੇ ਕਿਥੋਂ ਦੀ ਨਹੀਂ?" ਪਰ ਜੱਜ ਸਾਹਿਬ ਨੇ ਉਹਨੂੰ ਵਿਚੋਂ ਹੀ ਟੋਕ ਕੇ ਕਿਹਾ, "ਸ੍ਰੀ ਸਭਰਵਾਲ ਇਹ ਤਰੀਕਾ ਠੀਕ ਨਹੀਂ, ਜਦੋਂ ਕੋਈ ਬੰਦਾ ਆਪਣਾ ਕੇਸ ਆਪ ਲੜ ਰਿਹਾ ਹੋਵੇ ਤਾਂ ਉਹ ਆਫੀਸਰ ਔਫ ਦਾ ਕੋਰਟ ਹੁੰਦਾ ਹੈ, ਜਿਵੇਂ ਤੁਸੀਂ ਹੋ, ਇਨ੍ਹਾਂ ਵਿਚ ਤੇ ਤੁਹਾਡੇ ਵਿਚ ਇਸ ਅਦਾਲਤ ਨੂੰ ਕੋਈ ਫਰਕ ਨਹੀਂ ਲੱਗਦਾ, ਉਨ੍ਹਾਂ ਨੂੰ ਪੂਰੀ ਗੱਲ ਕਰਨ ਦਿਓ।" ਫਿਰ ਉਨ੍ਹਾਂ ਮੇਰੇ ਵੱਲ ਮੂੰਹ ਕਰਕੇ ਕਿਹਾ "ਹਾਂ ਜੀ ਚਾਲੂ ਰੱਖੋ"। ਮੈਂ ਕਿਹਾ ਜੀ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਏਥੋਂ ਦਾ ਹੀ ਰਹਿਣ ਵਾਲਾ ਹੋਣ ਕਰਕੇ ਮੈਂ ਬਸਤੀ ਬਾਵਾ ਖੇਲ ਦੇ ਬੱਚੇ ਬੱਚੇ ਦਾ ਜਾਣੂ ਹਾਂ। ਮੈਂ ਲੋਕਾਂ ਦੇ ਵਿਆਹਾਂ, ਸ਼ਾਦੀਆਂ 'ਤੇ ਜਾਂਦਾ ਹਾਂ। ਉਹ ਮੇਰੇ ਘਰ ਦਿਨ ਤਿਉਹਾਰਾਂ 'ਤੇ ਆਉਂਦੇ ਹਨ। ਜੇ ਮੈਂ ਚਾਹਵਾਂ ਤਾਂ ਕਿਸੇ ਵੇਲੇ ਵੀ ਦੋ ਤਿੰਨ ਸੌ ਬੰਦਾ ਝੱਟ ਅਵਾਜਾਂ ਮਾਰ-ਮਾਰ ਕੇ ਇਕੱਠਾ ਕਰ ਸਕਦਾ ਹਾਂ।" "ਅਵਾਜਾਂ ਮਾਰ-ਮਾਰ ਕੇ ਕਿਉਂ?" ਜੱਜ ਸਾਹਿਬ ਨੇ ਪੁਛਿਆ "ਜਨਾਬ ਮੈਂ ਸਾਰਿਆਂ ਨੂੰ ਨਾਵਾਂ ਤੋਂ ਜੁ ਜਾਣਦਾ ਹੋਇਆ। ਜੇ ਕਿਸੇ ਨੂੰ ਨਾ ਲੈ ਕੇ ਅਵਾਜ਼ ਮਾਰੀਏ ਤਾਂ ਉਹ ਜ਼ਰੂਰ ਆ ਜਾਂਦਾ ਹੈ, ਓਵੇਂ ਭਾਵੇਂ ਕੋਈ ਬਿਨਾਂ ਨਾਂ ਦੀ ਅਵਾਜ਼ ਤੋਂ ਨਾਂ, ਵੀ ਆਵੇ"।

ਸੱਭਰਵਾਲ ਫੇਰ ਬੋਲ ਪਿਆ "ਜਨਾਬ ਇਹ ਕਹਿਣਾ ਕੀ ਚਾਹੁੰਦੇ ਹਨ"? ਜੱਜ ਸਾਹਿਬ ਥੋੜਾ ਜਿਹਾ, ਮੁਸਕਰਾਏ ਜਿਸ ਦਾ ਮਤਲਬ ਸੀ ਅੱਗੇ ਗੱਲ ਕਰੋ। ਮੈਂ ਕਿਹਾ ਜੀ, ਜੇ ਮੈਂ ਖਾਲਿਸਤਾਨ ਦੇ ਨਾਅਰੇ ਲਾਉਣੇ ਹੁੰਦੇ ਤਾਂ ਮੈਂ ਕਹਿੰਦਾ ਖਾਲਿਸਤਾਨ, ਜਿਨ੍ਹਾਂ ਲੋਕਾਂ ਨੂੰ ਮੈਂ ਇਕੱਠੇ ਕੀਤਾ ਹੁੰਦਾ, ਉਹ ਕਹਿੰਦੇ ਜਿੰਦਾਬਾਦ, ਫਿਰ ਤਾਂ ਕੋਈ ਗੱਲ ਬਣਦੀ। ਵਕੀਲ ਸਾਹਿਬ ਕਹਿੰਦੇ ਹਨ ਕਿ ਮੈਂ ਆਪੇ ਹੀ ਕਹਿੰਦਾ ਸਾਂ ਖਾਲਿਸਤਾਨ ਤੇ ਆਪੇ ਹੀ ਕਹਿੰਦਾ ਸਾਂ ਜਿੰਦਾਬਾਦ। ਇਕ ਇਕੱਲਾ ਬੰਦਾ ਸੜਕ 'ਤੇ ਤੁਰਿਆ ਜਾਂਦਾ ਏਹੋ ਜਿਹੀਆਂ ਹਰਕਤਾਂ ਕਰੇ ਤਾਂ ਲੋਕ ਤਾਂ ਉਹਨੂੰ ਪਾਗਲ ਸਮਝਣਗੇ। ਜਨਾਬ, ਕੀ ਮੈਂ ਵੇਖਣ ਨੂੰ ਪਾਗਲ ਲੱਗਦਾ ਹਾਂ?" ਜੱਜ ਸਾਹਿਬ ਮੇਰੀ ਗੱਲ ਸੁਣ ਕੇ ਮੁਸਕਰਾ ਵੀ ਪਏ ਤੇ ਮੂੰਹੋਂ ਵੀ ਕਹਿ ਦਿੱਤਾ, "ਨਹੀਂ। ਐਸੇ ਤੇ ਨਹੀਂ ਲਗਦੇ"। ਫਿਰ ਉਨ੍ਹਾਂ ਨੇ ਪੈਨ ਨਾਲ ਇਹ ਗੱਲ ਨੋਟ ਵੀ ਕੀਤੀ। ਮੈਨੂੰ ਇਨ੍ਹਾਂ ਸਾਰੀਆਂ ਗੱਲਾਂ ਨਾਲ ਬਹੁਤ ਹੌਸਲਾ ਹੋਇਆ, ਕਿਉਂਕਿ ਫੌਜਦਾਰੀ ਕੇਸਾਂ ਨਾਲ ਤਾਂ ਭਾਵੇਂ ਮੇਰਾ ਵਾਹ ਕਦੀ ਨਹੀਂ ਸੀ ਪਿਆ ਪਰ ਜ਼ਮੀਨ ਜਾਇਦਾਦ ਦੇ ਕੇਸਾਂ ਵਿਚ ਤਾਂ ਮੇਰੇ ਪਰਿਵਾਰ ਨੂੰ ਦੋ ਵਾਰ ਸੁਪਰੀਮ ਕੋਰਟ ਤੱਕ ਜਾਣਾ ਪਿਆ ਹੈ, ਇਕ ਵਾਰ ਮੇਰੇ ਬਾਪ ਨੂੰ ਤੇ ਇਕ ਵਾਰ ਮੈਨੂੰ। ਕਹਿੰਦੇ ਹਨ ਜਿਹੜੀ ਜਨਾਨੀ ਇਕ ਨਿਆਣਾ ਜੰਮ ਲਵੇ ਉਹ ਦਾਈ ਬਣ ਜਾਂਦੀ ਹੈ। ਇਸ ਤਰ੍ਹਾਂ ਘੱਟੋ ਘੱਟ ਮੈਨੂੰ ਅਦਾਲਤੀ ਤੌਰ ਤਰੀਕਿਆਂ ਦਾ ਤਾਂ ਪਤਾ ਹੀ ਸੀ। ਮੈਨੂੰ ਲੱਗਾ ਕੰਮ ਬਣ ਜਾਏਗਾ।

ਵਕੀਲ ਨੇ ਝੱਟ ਮੋਹਰਾਂ ਲੱਗੇ ਲਿਫਾਫੇ ਵਿਚੋਂ ਕੱਢ ਕੇ ਕੇਸਰੀ ਝੰਡਾ ਮੇਜ਼ 'ਤੇ ਰੱਖ ਦਿੱਤਾ ਤੇ ਕਿਹਾ "ਇਹ ਖਾਲਿਸਤਾਨ ਦਾ ਝੰਡਾ ਇਨ੍ਹਾਂ ਕੋਲੋਂ ਬਰਾਮਦ ਹੋਇਆ ਹੈ"। ਜੱਜ

ਸਾਹਿਬ ਨੇ ਜਦੋਂ ਝੰਡਾ ਪੂਰਾ ਖੋਲ੍ਹ ਦਿੱਤਾ ਤਾਂ ਮੈਂ ਆਪ-ਮੁਹਾਰਾ ਹੀ ਬੋਲ ਪਿਆ "ਜਨਾਬ ਇਹ ਝੰਡਾ ਤਾਂ ਹਰ ਗੁਰਦੁਆਰੇ 'ਤੇ ਲੱਗਾ ਹੁੰਦਾ ਹੈ। ਗੁਰਪੁਰਬਾਂ ਨੂੰ ਜਿਹੜੇ ਜਲੂਸ ਨਿਕਲਦੇ ਹਨ, ਇਹ ਝੰਡੇ ਲਾ ਲਾ ਕੇ ਲੋਕਾਂ ਨੇ ਬਜ਼ਾਰ ਸਜਾਏ ਹੁੰਦੇ ਹਨ। ਖਾਲਿਸਤਾਨ ਦਾ ਝੰਡਾ ਏਦਾਂ ਦਾ ਹੁੰਦਾ ਹੈ?" ਜੱਜ ਸਾਹਿਬ ਟਿਕਟਿਕੀ ਲਾ ਕੇ ਮੇਰੇ ਵੱਲ ਹੀ ਗਹੁ ਨਾਲ ਵੇਖ ਰਹੇ ਸਨ। ਸਰਕਾਰੀ ਵਕੀਲ ਨੇ ਕਿਹਾ "ਹੋਰ ਖਾਲਿਸਤਾਨ ਦਾ ਝੰਡਾ ਕਿੱਦਾਂ ਦਾ ਹੁੰਦਾ ਹੈ?" ਮੈਂ ਕਿਹਾ ਦੇਸ਼ਾਂ ਦੇ ਝੰਡੇ ਸਦਾ ਆਇਤਕਾਰ ਹੁੰਦੇ ਹਨ।" ਸਰਕਾਰੀ ਵਕੀਲ ਨੇ ਝੱਟ ਇਹ ਨੁਕਤਾ ਸਾਂਭ ਲਿਆ ਤੇ ਕਿਹਾ "ਜੀ ਇਹ ਖਾਲਿਸਤਾਨ ਦਾ ਕੱਟੜ ਹਮਾਇਤੀ ਹੈ ਤੇ ਖਾਲਿਸਤਾਨ ਬਾਰੇ ਸਭ ਕੁਝ ਜਾਣਦਾ ਹੈ"। ਜੱਜ ਸਾਹਿਬ ਹੱਸੇ ਤੇ ਕਿਹਾ, "ਕੀ ਜਾਣਨਾ ਵੀ ਕਿਸੇ ਜ਼ੁਰਮ ਵਿਚ ਆਉਂਦਾ ਹੈ?" ਫਿਰ ਸਰਕਾਰੀ ਵਕੀਲ ਨੇ ਕਿਹਾ, "ਮੇਰਾ ਕਹਿਣ ਤੋਂ ਮਤਲਬ ਹੈ, ਇਨ੍ਹਾਂ ਨੂੰ ਕਿਵੇਂ ਪਤਾ ਲੱਗਾ ਕਿ ਝੰਡਾ ਆਇਤਕਾਰ ਹੁੰਦਾ ਹੈ?" ਮੈਂ ਕਿਹਾ "ਜੀ ਇਹ ਤਾਂ ਆਮ ਸੋਝੀ ਦੀ ਗੱਲ ਹੈ। ਕਾਰ ਕਾਰਾਂ ਵਰਗੀ ਹੋਵੇਗੀ, ਟਰੱਕ ਟਰੱਕਾਂ ਵਰਗਾ ਹੋਵੇਗਾ, ਹਵਾਈ ਜਹਾਜ ਹਵਾਈ ਜਹਾਜ਼ਾਂ ਵਰਗਾ ਹੋਵੇਗਾ, ਦੂਸਰੇ ਮੁਲਕਾਂ ਵਿਚ ਖਾਲਿਸਤਾਨ ਦਾ ਝੰਡਾ ਆਮ ਗੱਲ ਹੈ। ਅਮਰੀਕਾ ਵਿਚ ਭਾਰਤੀ ਅੰਬੈਸੀ ਅੱਗੇ ਓਥੋਂ ਦੇ ਸਿੱਖਾਂ ਨੇ ਖਾਲਿਸਤਾਨ ਦਾ ਝੰਡਾ ਲਹਿਰਾ ਕੇ ਅੰਬੈਸੀ ਦਾ ਘਿਰਾਓ ਕੀਤਾ ਸੀ, ਦੂਰਦਰਸ਼ਨ ਜਲੰਧਰ ਨੇ ਖਬਰਾਂ ਵਿਚ ਉਹ ਦਿਖਾਇਆ ਹੈ। ਓਨੇ ਚਿਰ ਤੱਕ ਅਦਾਲਤ ਵਿਚ ਦੱਸ ਬਾਰਾਂ ਵਕੀਲ ਇਕੱਠੇ ਹੋ ਚੁੱਕੇ ਸਨ ਤੇ ਬਾਕੀ ਲੋਕਾਂ ਨਾਲ ਵੀ ਅਦਾਲਤ ਖਚਾ ਖਚ ਭਰੀ ਪਈ ਸੀ, ਜਿਹੜਾ ਵੀ ਅਦਾਲਤ ਦੇ ਅੰਦਰ ਆਉਂਦਾ, ਇਹ ਅਜੀਬ ਜਿਹਾ ਕੇਸ ਵੇਖ ਕੇ ਓਥੇ ਹੀ ਖਲੋ ਜਾਂਦਾ।

ਮੈਨੂੰ ਐਸਾ ਲਗਿਆ ਕਿ ਝੰਡੇ ਵਾਲਾ ਤੀਰ ਫਿੱਟ ਬੈਠ ਗਿਆ ਹੈ। ਫਿਰ ਜਿਵੇਂ ਮੈਂ ਆਪਣੇ ਆਪ 'ਤੇ ਕਾਬੂ ਹੀ ਨਾ ਰੱਖ ਸਕਿਆ ਤੇ ਇਕ ਹੋਰ ਪੰਗਾ ਲੈ ਲਿਆ। ਮੈਂ ਕਿਹਾ ਜੀ "ਮੁੱਢੋਂ ਸੁੱਢੋਂ ਐਸੀ ਕੋਈ ਗੱਲ ਹੋਈ ਈ ਨਹੀਂ, ਇਹ ਸਾਰੀ ਕਹਾਣੀ ਪੁਲਿਸ ਨੇ ਮੇਜ਼ 'ਤੇ ਬਹਿ ਕੇ ਹੀ ਨਾਵਲ ਵਾਂਗ ਲਿਖੀ ਹੈ। ਪਰ ਜੇ ਇਨ੍ਹਾਂ ਦੀ ਇਹ ਗੱਲ ਮੰਨ ਵੀ ਲਈ ਜਾਵੇ, ਤਾਂ ਵੀ ਇਹ ਕੋਈ ਜ਼ੁਰਮ ਨਹੀਂ ਬਣਦਾ"। ਜੱਜ ਤੇ ਸਰਕਾਰੀ ਵਕੀਲ ਸੁਣ ਰਹੇ ਸਨ। ਮੈਂ ਕਿਹਾ, "ਹਿੰਦੋਸਤਾਨ ਦੇ ਸੰਵਿਧਾਨ ਵਿਚ ਇਸ ਦੇਸ਼ ਦਾ ਨਾਂਅ ਜਾਂ ਭਾਰਤ ਹੈ ਜਾਂ ਇੰਡੀਆ ਹੈ, ਹਿੰਦੋਸਤਾਨ ਨਾਂਅ ਸਾਰੇ ਸੰਵਿਧਾਨ ਵਿਚ ਕਿਤੇ ਨਹੀਂ ਲਿਖਿਆ ਹੋਇਆ ਪਰ ਫਿਰ ਵੀ ਸਾਰੀ ਦੁਨੀਆਂ ਇਸ ਨੂੰ ਹਿੰਦੋਸਤਾਨ ਕਹਿੰਦੀ ਫਿਰਦੀ ਹੈ। ਮੇਰਾ ਕਹਿਣ ਤੋਂ ਮਤਲਬ ਇਹ ਹੈ ਕਿ ਜੇ ਕਿਸੇ ਬੰਦੇ ਦਾ ਨਾਂ ਰਾਮ ਲਾਲ ਹੋਵੇ, ਓਸੇ ਨੂੰ ਹੀ ਲੋਕ ਸ਼ਾਮ ਲਾਲ ਕਹਿੰਦੇ ਹੋਣ ਤਾਂ ਕੀ ਉਸ ਬੰਦੇ ਨੂੰ ਮਦਨ ਗੁਪਾਲ ਨਹੀਂ ਕਿਹਾ ਜਾ ਸਕਦਾ? ਜੇ ਭਾਰਤ ਤੇ ਇੰਡੀਆ ਦੀ ਥਾਂ ਇਸ ਦੇਸ਼ ਨੂੰ ਹਿੰਦੋਸਤਾਨ ਕਿਹਾ ਜਾ ਸਕਦਾ ਹੈ ਤਾਂ ਖਾਲਿਸਤਾਨ ਕਿਉਂ ਨਹੀਂ ਕਿਹਾ ਜਾ ਸਕਦਾ?" ਸਰਕਾਰੀ ਵਕੀਲ ਫੱਟ ਬੋਲਿਆ "ਇਹ ਤਾਂ ਦੇਸ਼ ਤੋੜਨ ਵਾਲੀ ਗੱਲ ਹੋਈ, ਏਹੋ ਹੀ ਤਾਂ ਤੁਹਾਡੇ 'ਤੇ ਮੁਕੱਦਮਾ ਹੈ।" "ਜਿਹੜੇ ਅਧਿਕਾਰਤ ਦੋ ਨਾਵਾਂ, ਜਿਹੜੇ ਸੰਵਿਧਾਨ ਵਿਚ ਲਿਖੇ ਹੋਏ ਹਨ ਤੋਂ ਬਗੈਰ ਤੀਜਾ ਨਾਂ ਹਿੰਦੋਸਤਾਨ ਕਹਿੰਦੇ ਹਨ ਕੀ ਉਹ ਦੇਸ਼ ਨਹੀਂ ਤੋੜਦੇ? "ਖਾਲਿਸਤਾਨ ਕਹਿਣ ਨਾਲ ਦੇਸ਼ ਜ਼ਿਆਦਾ ਟੁੱਟਦਾ ਹੈ?" ਇਹ ਗੱਲ ਕਰਕੇ ਮੈਂ ਆਪਣੀ ਕਿਸਮਤ ਨੂੰ ਆਪਣੇ ਹੱਥਾਂ ਵਿਚੋਂ ਕੱਢ ਦਿੱਤਾ ਸੀ, ਅਗੋਂ ਇਸ ਦਾ ਕੀ ਹੋਣ ਵਾਲਾ ਸੀ, ਮੈਨੂੰ ਉੱਕਾ ਨਹੀਂ ਸੀ ਪਤਾ। ਪਰ ਅਦਾਲਤ ਵਿਚ ਬਿੱਲਕੁਲ ਚੁੱਪ-ਚਾਂ ਸੀ। ਫਿਰ ਜੱਜ ਸਾਹਿਬ ਨੇ ਸਰਕਾਰੀ ਵਕੀਲ ਨੂੰ ਪੁਛਿਆ "ਸੱਭਰਵਾਲ ਸਾਹਿਬ ਸੰਵਿਧਾਨ ਵਿਚ ਇੰਡੀਆ

ਤੇ ਭਾਰਤ ਹੀ ਲਿਖਿਆ ਹੈ, ਹਿੰਦੋਸਤਾਨ ਨਹੀਂ?" ਜੱਜ ਸਾਹਿਬ ਨੇ ਇਸ ਤਰ੍ਹਾਂ ਪੁਛਿਆ, ਜਿਵੇਂ ਕੋਈ ਬੱਚਾ ਕਿਸੇ ਨੂੰ ਸਵਾਲ ਕਰਦਾ ਹੈ ਜਾਂ ਰੋਟੀ ਨੂੰ ਚੋਚੀ ਆਖੀਦਾ ਹੈ। ਮੈਂ ਜੱਜ ਸਾਹਿਬ ਦੇ ਚਿਹਰੇ ਵੱਲ ਵੇਖਿਆ, ਉਹ ਹੰਸੂ ਹੰਸੂ ਕਰਦਾ ਸੀ। ਸਵੇਰ ਦਾ ਪਹਿਲੀ ਵਾਰ ਮੈਂ ਉਨ੍ਹਾਂ ਦੇ ਚਿਹਰੇ 'ਤੇ ਹਾਸਾ ਵੇਖਿਆ ਸੀ। ਸਵੇਰੇ ਤੇ ਵੱਢ ਖਾਣਿਆਂ ਹਾਰ ਉਖੜੀ ਕੁਹਾੜੀ ਵਾਂਗ ਪੈਂਦੇ ਸਨ। ਸਰਕਾਰੀ ਵਕੀਲ ਕੁਝ ਨਹੀਂ ਬੋਲਿਆ।

ਫਿਰ ਜੱਜ ਸਾਹਿਬ ਨੇ ਮੈਨੂੰ ਸਵਾਲ ਕਰ ਦਿੱਤਾ, "ਇਸ ਦੇਸ਼ ਨੂੰ ਲੋਕ ਹਿੰਦੋਸਤਾਨ ਕਿਵੇਂ ਕਹਿੰਦੇ ਹਨ?" ਮੈਂ ਕਿਹਾ ਜੀ ਆਪ ਜੀ ਦੇ ਪਿਛੇ ਕੰਧ 'ਤੇ ਇਕ ਟਰੈਕਟਰ ਦੀ ਮਸ਼ਹੂਰੀ ਦਾ ਕਲੰਡਰ ਲੱਗਾ ਹੋਇਆ ਹੈ। ਉਸ 'ਤੇ ਟਰੈਕਟਰ ਬਨਾਉਣ ਵਾਲੀ ਕੰਪਨੀ ਦਾ ਨਾਂ ਲਿਖਿਆ ਹੋਇਆ ਹੈ, ਐਚ.ਐਮ.ਟੀ.। ਇਸ ਦਾ ਪੂਰਾ ਨਾਂ ਬਣਦਾ ਹੈ ਹਿੰਦੋਸਤਾਨ ਮਸ਼ੀਨ ਟੂਲਜ। ਏਸੇ ਤਰ੍ਹਾਂ ਹੀ ਇਕ ਬਹੁਤ ਵੱਡੀ ਕੰਪਨੀ ਹੈ, ਜਿਹੜੀ ਘਰੇਲੂ ਵਰਤੋਂ ਦੀਆਂ ਬਹੁਤ ਸਾਰੀਆਂ ਚੀਜਾਂ ਬਣਾਉਂਦੀ ਹੈ, ਉਸ ਦਾ ਨਾਂ ਹੈ, ਹਿੰਦੋਸਤਾਨ ਲੀਵਰ ਲਿਮਟਿਡ। ਇਹ ਸਾਰੇ ਇਸ ਦੇਸ਼ ਦੇ ਨਾਂ 'ਤੇ ਹਨ।" ਜੱਜ ਸਾਹਿਬ ਨੇ ਇਹ ਲਿਖ ਲਿਆ ਤੇ ਓਨੇ ਚਿਰ ਵਿਚ ਮੈਨੂੰ ਇਕ ਗੱਲ ਹੋਰ ਯਾਦ ਆ ਗਈ। ਮੈਂ ਕਿਹਾ "ਜੀ ਲੋਕਾਂ ਨੇ ਤੇ ਗਾਣੇ ਬਣਾਏ ਹੋਏ ਹਨ, "ਦਿੱਲੀ ਹੈ ਦਿੱਲ ਹਿੰਦੋਸਤਾਨ ਕਾ ਯੇਹ ਤੋ ਤੀਰਥ ਹੈ ਸਾਰੇ ਜਹਾਨ ਕਾ"। "ਦਿੱਲੀ ਦਿਲ ਹੈ, ਤੋ ਕੀ ਅਰਥ ਬਣਦਾ ਹੈ?" ਮੈ ਕਿਹਾ, "ਜੀ ਹਿੰਦੋਸਤਾਨ ਏਥੇ ਮੁਲਕ ਦਾ ਪ੍ਰਤੀਕ ਹੈ ਤੇ ਉਸ ਦੀ ਰਾਜਧਾਨੀ ਦਿੱਲੀ ਹੋਣ ਕਰਕੇ ਦਿਲ ਦਾ ਰੁਤਬਾ ਰੱਖਦੀ ਹੈ"। ਸਰਕਾਰੀ ਵਕੀਲ ਨੇ ਹੱਸ ਕੇ ਤੇ ਹੱਥ ਨਚਾ ਕੇ ਕਿਹਾ, "ਗੱਲ ਕਿਧਰ ਦੀ ਲੈ ਗਏ ਕਿਧਰ, ਇਹਨਾਂ ਗੱਲਾਂ ਨਾਲ ਅਦਾਲਤ ਨੂੰ ਕੀ ਮਤਲਬ, ਮੁਲਕ ਕਿਹੜਾ ਤੇ ਰਾਜਧਾਨੀ ਕਿਹੜੀ ਕੋਈ ਮਤਲਬ ਦੀ ਗੱਲ ਕਰੋ।" ਮੈਂ ਜੱਜ ਸਾਹਿਬ ਦੇ ਚਿਹਰੇ ਵੱਲ ਵੇਖ ਰਿਹਾ ਸਾਂ। ਹੁਣ ਮੈਨੂੰ ਸਰਕਾਰੀ ਵਕੀਲ ਨਾਲ ਕੋਈ ਦਿਲਚਸਪੀ ਨਹੀਂ ਸੀ ਕਿਉਂਕਿ ਜੱਜ ਸਾਹਿਬ ਨੇ ਪਹਿਲਾਂ ਹੀ ਮੈਨੂੰ ਵਕੀਲ ਹੋਣ ਦਾ ਰੁਤਬਾ ਇਹ ਕਹਿ ਕੇ ਦੇ ਦਿੱਤਾ ਸੀ ਕਿ ਮੈਂ ਵੀ ਹੁਣ ਆਫੀਸਰ ਆਫ ਦਾ ਕੋਰਟ ਹਾਂ। ਇਸ ਗੱਲ ਕਰਕੇ ਵੀ ਮੈਨੂੰ ਅੰਦਰੋ ਅੰਦਰੀ ਬੜਾ ਹੌਂਸਲਾ ਸੀ। ਜੱਜ ਸਾਹਿਬ ਦੀ ਤਿਊੜੀ ਤੋਂ ਮੈਂ ਅੰਦਾਜ਼ਾ ਲਾਇਆ ਕਿ ਸਰਕਾਰੀ ਵਕੀਲ ਦੀ ਗੱਲ ਉਨ੍ਹਾਂ ਨੂੰ ਚੰਗੀ ਨਹੀਂ ਲੱਗੀ। ਪਰ ਮੇਰੀ ਗੱਲ ਵਿਚ ਉਹ ਦਿਲਚਸਪੀ ਲੈਂਦੇ ਸਨ। ਇਹ ਵੀ ਮੈਨੂੰ ਬਹੁਤ ਵੱਡਾ ਹੌਂਸਲਾ ਸੀ। ਜੇ ਉਹ ਮੈਨੂੰ ਇਕ ਵੀ ਦਬਕਾ ਮਾਰ ਦੇਂਦੇ ਤਾਂ ਸ਼ਾਇਦ ਮੇਰਾ ਪੜ੍ਹਿਆ ਪੜ੍ਹਾਇਆ ਸਭ ਕੁਝ ਮੈਨੂੰ ਭੁੱਲ ਜਾਣਾ ਸੀ। ਜੱਜ ਸਾਹਿਬ ਨੇ ਸਰਕਾਰੀ ਵਕੀਲ ਨੂੰ ਕਿਹਾ ਸਭਰਵਾਲ ਸਾਹਿਬ "Now the tables are turning ਅਰਥਾਤ ਹੁਣ ਬਾਜੀ ਪੁੱਠੀ ਪੈ ਰਹੀ ਹੈ। ਇਹ ਤਾਂ ਕਹਿੰਦੇ ਨੇ ਖਾਲਿਸਤਾਨ ਕਹਿਣਾ ਕੋਈ ਜ਼ੁਰਮ ਹੀ ਨਹੀਂ, ਕਿਉਂਕਿ ਇਸ ਦੇਸ਼ ਨੂੰ ਪਹਿਲਾਂ ਹੀ ਪ੍ਰਵਾਨਤ ਨਾਂ ਤੋਂ ਬਿਨਾਂ ਹੋਰ ਨਾਂ ਨਾਲ ਬੁਲਾਉਂਦੇ ਹਨ।"

ਸਭਰਵਾਲ ਨੇ ਕਿਹਾ ਜੀ ਇਹਨਾਂ ਨੂੰ ਬੋਲ ਲੈਣ ਦਿਓ, ਮੇਰੀ ਇਕ ਦਲੀਲ ਅੱਗੇ ਹੀ ਇਨ੍ਹਾਂ ਦੀ ਕੋਈ ਦਲੀਲ ਨਹੀਂ ਟਿਕਣੀ। ਜਦੋਂ ਤੋਂ ਜੱਜ ਸਾਹਿਬ ਨੇ ਮੇਰੇ ਨਾਲ ਚੰਗਾ ਵਿਹਾਰ ਕੀਤਾ, ਉਸ ਤੋਂ ਬਾਅਦ ਸਰਕਾਰੀ ਵਕੀਲ ਵੀ ਮੈਨੂੰ ਤੂੰ ਵਰਗਾ ਸ਼ਬਦ ਨਾ ਕਹਿ ਸਕਿਆ। ਆਪਣੀ ਗੱਲਬਾਤ ਵਿਚ ਉਹ ਵੀ "ਇਨ੍ਹਾਂ ਦਾ", "ਤੁਸੀਂ" ਆਦਿ ਸ਼ਬਦ ਵਰਤਣ ਲੱਗ ਪਿਆ ਸੀ। ਇਸ ਨਿੱਕੀ ਜਿਹੀ ਗੱਲ ਨਾਲ ਵੀ ਮੇਰਾ ਬੜਾ ਹੌਂਸਲਾ ਵਧਿਆ। ਮੈਂ ਫਿਰ ਕਿਹਾ ਜੀ "ਅਲਾਮਾ ਇਕਬਾਲ ਇਕ ਉਰਦੂ ਦਾ ਸ਼ਾਇਰ ਹੋਇਆ ਹੈ, ਉਸ ਨੂੰ ਆਪਣੇ

ਵਤਨ ਹਿੰਦੋਸਤਾਨ ਨਾਲ ਬਹੁਤ ਪਿਆਰ ਸੀ, ਉਸ ਨੇ ਇਕ ਤਰਾਨਾ ਲਿਖਿਆ ਹੈ।" ਜੱਜ ਸਾਹਿਬ ਨੇ ਪੁਛਿਆ "ਤਰਾਨਾ ਕੀ ਹੁੰਦੈ?" ਮੈਂ ਕਿਹਾ, "ਜੀ ਸਮੂਹ ਗਾਨ, ਜਿਹਨੂੰ ਇਕੱਠੇ ਹੋ ਕੇ ਗਾਇਆ ਜਾਂਦਾ ਹੈ"। ਉਹ ਕਹਿਣ ਲੱਗੇ "ਜਾਰੀ ਰੱਖੋ" ਮੈਂ ਕਿਹਾ ਜੀ ਉਨ੍ਹਾਂ ਲਿਖਿਆ "ਸਾਰੇ ਜਹਾਂ ਸੇ ਅੱਛਾ ਹਿੰਦੋਸਤਾਨ ਹਮਾਰਾ। ਹਮ ਬੁਲਬੁਲੇ ਹੈ ਇਸਕੀ ਯੇਹ ਗੁਲਸਤਾਂ ਹਮਾਰਾ"। ਫਿਰ ਉਨ੍ਹਾਂ ਦਾ ਤਜਰਬਾ ਬਦਲ ਗਿਆ, ਜਦੋਂ ਮੁਸਲਮਾਨਾਂ ਨੂੰ ਨਹੱਕ ਹੀ ਸਤਾਇਆ ਤੇ ਪ੍ਰੇਸ਼ਾਨ ਕੀਤਾ ਗਿਆ ਤਾਂ ਉਨ੍ਹਾਂ ਦਾ ਦਿਲ ਏਨਾ ਖੱਟਾ ਹੋਇਆ ਕਿ ਅਲਾਮਾ ਇਕਬਾਲ ਨੇ ਇਕ ਹੋਰ ਸ਼ੇਅਰ ਲਿਖਿਆ "ਮੁਦਤੇਂ ਹੁਈ ਹੈਂ ਇਤਨੀ ਰੰਜੋ ਗਮ ਸਹਿਤੇ ਹੂਏ, ਸ਼ਰਮ ਸੀ ਆਤੀ ਹੈ ਇਸ ਵਤਨ ਕੋ ਵਤਨ ਕਹਿਤੇ ਹੂਏ"। "ਵਤਨ ਕਹਿਤੇ ਹੂਏ", ਵਕੀਲਾਂ ਵਿਚ ਖਲੋਤੇ ਇਕ ਵਕੀਲ ਨੇ ਵੀ ਬੋਲਿਆ ਜੋ ਸਾਰਿਆਂ ਸੁਣਿਆ। ਜੱਜ ਸਾਹਿਬ ਨੇ ਇਹ ਸਾਰਾ ਮੈਨੂੰ ਦੁਬਾਰਾ ਪੁੱਛ ਕੇ ਲਿਖਿਆ। ਸਰਕਾਰੀ ਵਕੀਲ ਨੇ ਕਿਹਾ "ਇਹਦੇ ਵਿਚ ਇਹ ਗੱਲ ਤਾਂ ਕਿਤੇ ਸਾਫ ਨਹੀਂ ਹੁੰਦੀ ਕਿ ਹਿੰਦੋਸਤਾਨ ਨੂੰ ਵਤਨ ਕਹਿੰਦੇ ਹਨ"। ਅਸਲ ਵਿਚ ਠਿੱਠ ਹੋ ਕੇ ਉਹ ਗੱਲ ਨੂੰ ਉਲਝਾ ਰਿਹਾ ਸੀ। ਜੱਜ ਸਾਹਿਬ, ਮੈਂ ਫਿਰ ਕਿਹਾ, "ਲਿਖਾਰੀ ਨੇ ਹੋਰ ਸਪੱਸ਼ਟ ਕੀਤਾ ਹੈ, ਮਜ਼ਬ ਨਹੀਂ ਸਿਖਾਤਾ ਆਪਸ ਮੇਂ ਬੈਰ ਰਖਨਾ, ਹਿੰਦੀ ਹੈ ਹਮ ਵਤਨ ਹੈ ਹਿੰਦੋਸਤਾਨ ਹਮਾਰਾ।" ਮੈਂ ਕਿਹਾ ਜੀ ਹੁਣ ਤਾਂ ਉੱਕਾ ਕੋਈ ਸ਼ੱਕ ਨਹੀਂ ਰਹਿੰਦਾ ਕਿ ਇਸ ਦੇਸ਼ ਨੂੰ ਹਿੰਦੋਸਤਾਨ ਨਹੀਂ ਕਹਿੰਦੇ। ਸੱਭਰਵਾਨ ਬੋਲਿਆ ਉਹ ਤਾਂ ਦੇਸ਼ ਛੱਡ ਕੇ ਪਾਕਿਸਤਾਨ ਚਲਾ ਗਿਆ। ਇਹ ਤਾਂ ਇਕ ਵਿਦੇਸ਼ੀ ਲਿਖਾਰੀ ਦੀਆਂ ਲਿਖੀਆਂ ਹੋਈਆਂ ਟੂਕਾਂ ਨੇ, ਇਨ੍ਹਾਂ ਦਾ ਇਸ ਦੇਸ਼ ਨਾਲ ਕੀ ਸਬੰਧ?" ਮੈਂ ਫੱਟ ਬੋਲ ਪਿਆ "ਇਹ ਧਾਰਾ 153 'ਬੀ' ਜਿਸ ਦੇ ਤਹਿਤ ਮੇਰੇ 'ਤੇ ਮੁਕੱਦਮਾ ਚਲਾਇਆ ਜਾ ਰਿਹਾ ਹੈ, ਇਹ ਵੀ ਤਾਂ ਵਿਦੇਸ਼ੀਆਂ ਦੀ ਹੀ ਲਿਖੀ ਹੋਈ ਹੈ, ਅੰਗਰੇਜ਼ਾਂ ਨੇ ਇਹ ਕਾਨੂੰਨ ਬਣਾਏ ਸਨ, ਉਹ ਹੁਣ ਏਥੇ ਕਿਥੇ ਹਨ? ਉਹ ਵੀ ਤਾਂ ਇੰਗਲੈਂਡ ਚਲੇ ਗਏ ਹਨ।"

ਜੱਜ ਸਾਹਿਬ ਉੱਚੀ ਸਾਰੀ ਹੱਸੇ, ਅਦਾਲਤ ਵਿਚ ਖਲੋਤੇ ਸਾਰੇ ਵਕੀਲ ਵੀ ਹੱਸ ਪਏ। ਸਿਰਫ ਸਰਕਾਰੀ ਵਕੀਲ ਡੂੰਨ ਵੱਟਾ ਬਣਿਆ ਰਿਹਾ। ਸਰਕਾਰੀ ਵਕੀਲ ਨੇ ਗਵਾਹ ਲੰਬਰਦਾਰ ਗੁਰਦੀਪ ਸਿੰਘ ਬਾਰੇ ਕਿਹਾ ਕਿ ਉਹ ਵੀ ਮੌਕੇ 'ਤੇ ਸਨ, ਮੈਂ ਕਿਹਾ ਜੀ ਉਹਨਾਂ ਨੂੰ ਤਾਂ ਅਮਰੀਕਾ ਗਿਆਂ ਨੂੰ ਤਿੰਨ ਸਾਲ ਹੋ ਗਏ ਨੇ ਅਜੇ ਤੱਕ ਵਾਪਸ ਨਹੀਂ ਆਏ। ਸਰਕਾਰੀ ਵਕੀਲ ਨੇ ਕਿਹਾ, ਜਨਾਬ, ਇਹਨਾਂ ਨੂੰ ਕਿਵੇਂ ਪਤਾ ਹੈ? ਮੈਂ ਜੱਜ ਵਲ ਮੂੰਹ ਕਰ ਕੇ ਕਿਹਾ ਜੀ ਉਨ੍ਹਾਂ ਦਾ ਵੱਡਾ ਲੜਕਾ ਅਜੇ ਪਰਸੋਂ ਹੀ ਮੈਨੂੰ ਮਿਲਿਆ ਸੀ। ਮੈਂ ਪੁਛਿਆ, "ਭਾ ਜੀ ਨਹੀਂ ਆਏ", ਤਾਂ ਉਸ ਨੇ ਕਿਹਾ ਅਜੇ ਤਿੰਨ ਕੁ ਮਹੀਨੇ ਹੋਰ ਲੱਗ ਜਾਣੇ ਹਨ, ਉਨ੍ਹਾਂ ਦੇ ਆਉਣ ਨੂੰ। ਜੱਜ ਨੇ ਮੈਨੂੰ ਬਰੀ ਕਰਨ ਤੋਂ ਪਹਿਲਾਂ ਥਾਣੇਦਾਰ ਗੁਰਦੀਪ ਸਿੰਘ ਨੂੰ, ਇਹ ਕਹਿ ਕੇ, ਝਾੜ ਪਾਈ ਕਿ ਪੁਲਿਸ ਦਾ ਕੰਮ ਹੁਣ ਇਸ ਤਰ੍ਹਾਂ ਦੇ ਕੇਸ ਬਣਾ ਕੇ ਵਿਚਾਰੇ ਪੜ੍ਹੇ ਲਿਖੇ ਲੋਕਾਂ ਨੂੰ ਪ੍ਰੇਸ਼ਾਨ ਕਰਨਾ ਹੀ ਰਹਿ ਗਿਆ ਹੈ? ਫਿਰ ਮੈਂ ਇਸ ਤੋਂ ਬਾਅਦ ਨਹੀਂ ਬੋਲਿਆ, ਚੁੱਪ ਕਰਕੇ ਖੜਾ ਰਿਹਾ। ਅੰਗਰੇਜ਼ਾਂ ਵਾਲੀ ਗੱਲ ਕਰਕੇ ਮੈਂ ਵੀ ਉਦਾਸ ਹੋਏ ਬਿਨਾਂ ਨਹੀਂ ਰਹਿ ਸਕਿਆ। ਮੇਰੇ ਮਨ ਵਿਚ ਆਈ, ਵੇਖੋ ਏਸੇ ਕਾਨੂੰਨ ਤਹਿਤ ਹੀ ਅੰਗਰੇਜ਼ਾਂ ਨੇ ਸਾਡੇ ਅਜ਼ਾਦੀ ਮੰਗਣ ਵਾਲੇ ਬਜ਼ੁਰਗਾਂ ਨੂੰ ਜੂਤ ਫੇਰਿਆ ਤੇ ਓਸੇ ਕਾਨੂੰਨ ਤਹਿਤ ਹੀ ਅੱਜ ਸਾਨੂੰ ਜਲੀਲ ਕੀਤਾ ਜਾ ਰਿਹਾ ਹੈ। ਕਾਨੂੰਨ ਵੀ ਓਹੋ ਹੀ ਹੈ, ਅਸੀਂ ਵੀ ਓਹੋ ਹੀ ਹਾਂ। ਫਿਰ ਅੰਗਰੇਜ਼ਾਂ ਨਾਲੋਂ ਹੁਣ ਦੀ ਸਰਕਾਰ ਦਾ ਬਦਲਿਆ ਕੀ? ਇਕ ਵਕੀਲ ਨੇ ਹੱਥ ਖੜਾ ਕੀਤਾ, ਜਿਵੇਂ ਕਲਾਸ ਵਿਚ ਮੁੰਡੇ

ਕਰਦੇ ਹਨ। ਉਸ ਨੇ ਕਿਹਾ, "ਜਨਾਬ, ਮੈਂ ਹੁਣੇ ਹੀ ਇੰਡੀਆ ਲਾਅ ਰੀਪੋਰਟਰ ਪੜ੍ਹ ਕੇ ਆਇਆ ਹਾਂ, ਜਿਸ ਵਿਚ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਖ਼ਾਲਿਸਤਾਨ ਕਹਿਣਾ ਕੋਈ ਜ਼ੁਰਮ ਨਹੀਂ। ਆਪ ਜੀ ਦਾ ਹੁਕਮ ਹੋਵੇ ਤਾਂ ਬਾਰ ਦੀ ਲਾਇਬ੍ਰੇਰੀ ਦੇ ਮੇਜ 'ਤੇ ਹੀ ਪਿਆ ਹੈ? ਮੈਂ ਲਿਆ ਕੇ ਵਿਖਾਵਾਂ।" ਜੱਜ ਸਾਹਿਬ ਨੇ ਆਪਣੇ ਰੀਡਰ ਨੂੰ ਕਿਹਾ "ਚੌਧਰੀ ਸਾਹਿਬ ਤੁਸੀਂ ਲਿਆਓ"। ਰੀਡਰ ਗਿਆ ਤੇ ਦੋ ਤਿੰਨ ਮਿੰਟ ਵਿਚ ਹੀ ਕਿਤਾਬ ਲੈ ਆਇਆ। ਵਕੀਲ ਨੇ ਅਗੋ ਹੋ ਕੇ ਕਿਤਾਬ ਚੌਧਰੀ ਦੇ ਹੱਥੋਂ ਫੜੀ ਤੇ ਵਰਕਾ ਲੱਭ ਕੇ ਕਿਤਾਬ ਜੱਜ ਅੱਗੇ ਕਰ ਦਿੱਤੀ। ਉਸ ਨੇ ਪੜ੍ਹਿਆ ਤੇ ਸਿਰ ਹਿਲਾ ਕੇ ਕਿਹਾ। "ਬਰੀ, ਨੋਟਿਸ ਟੂ ਪੁਲਿਸ।" ਮੇਰੇ ਕੰਨ ਸ਼ਾਂ ਸ਼ਾਂ ਕਰ ਰਹੇ ਸਨ, ਜਿਵੇਂ ਕੰਨਾਂ ਵਿਚ ਬੀਂਡੇ ਬੋਲਦੇ ਹਨ। ਜੱਜ ਸਾਹਿਬ ਦੇ ਬਰੀ ਕਹਿਣ 'ਤੇ ਵੀ ਮੈਂ ਕਟਹਿਰੇ ਵਿਚ ਹੀ ਖਲੋਤਾ ਰਿਹਾ, ਜਿਵੇਂ ਸੁਣਿਆ ਹੀ ਨਾ ਹੋਵੇ। ਜੱਜ ਸਾਹਿਬ ਨੇ ਕਿਹਾ, "ਤੁਹਾਨੂੰ ਬਰੀ ਕਰ ਦਿੱਤਾ ਹੈ, ਜਾਓ।" ਮੈਂ ਜੱਜ ਸਾਹਿਬ ਦਾ ਧੰਨਵਾਦ ਕਰਕੇ ਬਾਹਰ ਨਿਕਲਿਆ ਤਾਂ ਕਈ ਵਕੀਲ ਵੀ ਮੇਰੇ ਨਾਲ ਹੀ ਬਾਹਰ ਆ ਗਏ। ਇਕ ਵਕੀਲ ਨੇ ਕਿਹਾ "ਆਓ ਤੁਹਾਨੂੰ ਚਾਹ ਪਿਆਈਏ, ਬਹੁਤ ਵਧੀਆ ਬਹਿਸ ਕੀਤੀ, ਤੁਸੀਂ। ਇਕ ਹੋਰ ਵਕੀਲ ਨੇ ਕਿਹਾ ਵੈਲਡੱਨ। ਸਾਰਿਆਂ ਨੇ ਆਪਣੇ ਆਪਣੇ ਢੰਗ ਨਾਲ ਪ੍ਰਸ਼ੰਸਾ ਜਿਹੀ ਕੀਤੀ। ਚਾਹ ਪੀਂਦਿਆਂ ਇਕ ਵਕੀਲ ਨੇ ਬਾਕੀਆਂ ਨੂੰ ਸੰਬੋਧਨ ਕਰਕੇ ਕਿਹਾ, ਇਕ ਗੱਲ ਹੈ ਜਿਸ ਤਰ੍ਹਾਂ ਇਨ੍ਹਾਂ ਨੇ ਆਪਣਾ ਕੇਸ ਲੜਿਆ ਹੈ, ਇਸ ਤਰ੍ਹਾਂ ਤਾਂ ਇਹਨਾਂ ਦੇ ਵਕੀਲ ਨੇ ਵੀ ਨਹੀਂ ਸੀ ਲੜਨਾ। ਇਕ ਹੋਰ ਨੇ ਕਿਹਾ ਸੱਭਰਵਾਲ ਦੀ ਬੜੀ ਪੀਂ ਬੋਲੀ, ਬਹੁਤ ਮਜਾ ਆਇਆ। ਸਤਿਗੁਰੂ ਜਦੋਂ ਮਦਦ 'ਤੇ ਆਵੇ ਤਾਂ ਗੂੰਗਿਆਂ ਨੂੰ ਵੀ ਜਬਾਨ ਬਖਸ਼ ਦੇਂਦਾ ਹੈ। ਇਹ ਮੈਂ ਸੁਣਿਆ ਤਾਂ ਬਹੁਤ ਵਾਰੀ ਸੀ ਪਰ ਮੇਰੇ ਨਾਲ ਵਾਪਰਿਆ ਪਹਿਲੀ ਵਾਰੀ ਸੀ।

***

# ❒ ਸਿੱਖਾਂ ਦੀ ਅਸਲੀ ਦੁਸ਼ਮਣ ਰਾਸ਼ਟਰੀ ਸਿੱਖ ਸੰਗਤ

ਸਾਮ, ਦਾਮ, ਦੰਡ, ਭੇਦ ਇਹ ਚਾਰ ਤਰੀਕੇ ਹਿੰਦੂਆਂ ਨੇ ਚਾਣਕੀਆ ਤੋਂ ਸਿੱਖੇ ਹਨ। ਸਿੱਖੇ ਹੀ ਨਹੀਂ ਬਲਕਿ ਸਿੱਖਾਂ 'ਤੇ ਵਰਤ ਕੇ ਵੀ ਵੇਖੇ ਹਨ। ਇਹ ਬਹੁਤ ਕਾਮਯਾਬ ਫਾਰਮੂਲਾ ਹੈ। ਸਿੱਖ ਲੀਡਰਸ਼ਿਪ ਤਾਂ ਇਹਦੇ ਨਾਲ ਕਈ ਵਾਰ ਚਿੱਤ ਹੋ ਚੁੱਕੀ ਹੈ ਪਰ ਖਾੜਕੂ ਸੋਚ ਰੱਖਣ ਵਾਲਾ ਸਿੱਖ ਅਜੇ ਇਨ੍ਹਾਂ ਦੇ ਚੱਜ ਨਾਲ ਢਹੇ ਨਹੀਂ ਸੀ ਚੜ੍ਹਿਆ। ਕਿਸੇ ਨਾ ਕਿਸੇ ਤਰੀਕੇ ਨਾਲ ਚਾਣਕੀਆ ਫਾਰਮੂਲਾ ਹੀ ਫਿੱਟ ਬੈਠਣਾ ਸੀ। ਇਕੱਲੇ-ਇਕੱਲੇ ਸਿੱਖ ਮਗਰ ਤਾਂ ਭੱਜਿਆ ਨਹੀਂ ਸੀ ਜਾ ਸਕਦਾ। ਫਿਰ ਉਨ੍ਹਾਂ ਨੇ ਖਾੜਕੂ ਅਖਵਾਉਣ ਵਾਲੀ ਸੰਸਥਾ ਦਮਦਮੀ ਟਕਸਾਲ ਵੱਲ ਧਿਆਨ ਮਾਰਿਆ। 'ਹਾਥੀ ਕੇ ਪਾਓਂ ਮੇਂ ਸਭ ਕਾ ਪਾਓਂ', ਕੰਮ ਬਣ ਗਿਆ। ਜਿਸ ਚਾਣਕੀਆ ਨੇ ਉਪਰੋਕਤ ਫਾਰਮੂਲਾ ਦੱਸਿਆ ਸੀ, ਉਸ ਨੇ ਹੋਰ ਵੀ ਬੜੇ ਚੰਗੇ-ਚੰਗੇ ਫਾਰਮੂਲੇ ਦੱਸੇ ਹਨ। ਇਸ ਵਾਰ ਫਾਰਮੂਲਾ ਬਦਲ ਦਿੱਤਾ ਗਿਆ। ਲਗਪਗ ਕਾਮਯਾਬੀ ਵੀ ਯਕੀਨੀ ਹੀ ਹੈ।

ਹੋਇਆ ਇਸ ਤਰ੍ਹਾਂ ਕਿ ਚਾਣਕੀਆ ਟੈਕਸਲਾ ਯੂਨੀਵਰਸਿਟੀ, ਜਿਸ ਨੂੰ ਤਕਸ਼ਿਲਾ ਵੀ ਕਹਿੰਦੇ ਹਨ, ਜੋ ਅੱਜ ਕਲ੍ਹ ਪਾਕਿਸਤਾਨ ਵਿਚ ਹੈ, ਦਾ ਪੜ੍ਹਿਆ ਹੋਇਆ ਸੀ। ਇਕ ਵਾਰ ਸਕੂਲ ਜਾਂਦਿਆਂ ਉਸ ਦੀ ਧੋਤੀ ਇਕ ਝਾੜੀ ਨਾਲ ਅੜ ਕੇ ਪਾਟ ਗਈ। ਦੋਸਤਾਂ ਸਮਝਿਆ ਇਹ ਬੜਾ ਗੁਸੈਲ ਹੈ। ਝਾੜੀ ਨੂੰ ਤੋੜ-ਮਰੋੜ ਕੇ ਛੱਡੇਗਾ ਪਰ ਉਹ ਚੁੱਪ-ਚਾਪ ਚਲਾ ਗਿਆ ਤੇ ਦੂਸਰੇ ਦਿਨ ਸਕੂਲ ਆਉਣ ਲੱਗਿਆਂ ਗੜਵਾ ਪਾਣੀ ਦਾ ਭਰ ਕੇ ਲਿਆਇਆ ਤੇ ਝਾੜੀ ਨੂੰ ਪਾਇਆ। ਫਿਰ ਸਕੂਲੋਂ ਘਰ ਆਉਂਦਿਆਂ ਵੀ ਏਦਾਂ ਹੀ ਕੀਤਾ। ਚਾਰ ਦਿਨ ਲਗਾਤਾਰ ਉਸ ਝਾੜੀ ਨੂੰ ਦੋ ਗੜਵੇ ਪਾਣੀ ਪਾਉਂਦਾ ਰਿਹਾ। ਪੰਜਵੇਂ ਦਿਨ ਨਿੱਠ ਕੇ ਝਾੜੀ ਦੇ ਕੋਲ ਬਹਿ ਗਿਆ ਤੇ ਮੁੱਢ ਨੂੰ ਹੱਥ ਪਾ ਕੇ ਏਨੇ ਜ਼ੋਰ ਦਾ ਝਟਕਾ ਮਾਰਿਆ ਕਿ ਝਾੜੀ ਜੜ੍ਹਾਂ ਸਮੇਤ ਪੁੱਟ ਕੇ ਔਹ ਮਾਰੀ। ਫਿਰ ਉਸ ਨੇ ਆਪਣੇ ਹੈਰਾਨ ਹੋਏ ਸਾਥੀਆਂ ਨੂੰ ਕਿਹਾ, 'ਏਦਾਂ ਕਿਸੇ ਦਾ ਤਲਾ ਮੁਲਾ ਪੁੱਟੀਦਾ ਹੈ। ਏਦਾਂ ਦਾ ਕੰਮ ਕਰਨ ਲੱਗਿਆਂ ਜੜ੍ਹਾਂ ਨੂੰ ਪਾਣੀ ਦੇਣਾ ਜ਼ਰੂਰੀ ਹੁੰਦਾ ਹੈ।' ਇਹੋ ਕੰਮ ਹੁਣ ਭਾਰਤੀ ਜਨਤਾ ਪਾਰਟੀ ਜਾਂ ਆਰ. ਐਸ. ਐਸ. ਕਰ ਰਹੀ ਹੈ। ਉਨ੍ਹਾਂ ਦੀ ਧੋਤੀ ਟਕਸਾਲ ਰੂਪੀ ਝਾੜੀ ਵਿਚ ਫਸੀ, ਉਨ੍ਹਾਂ ਉਸ ਨੂੰ ਪਾਣੀ ਦੇਣਾ ਸ਼ੁਰੂ ਕਰ ਦਿੱਤਾ ਹੈ। ਸੁਦਰਸ਼ਨ ਦੀ ਟਕਸਾਲ ਨਾਲ ਗੱਲ ਕਰਾਉਣ ਵਾਲੀਆਂ ਦੋ ਬੀਬੀਆਂ ਦਾਹੜੀਆਂ ਟਕਸਾਲੀ ਹੀ ਸਨ।

ਆਰ. ਐਸ. ਐਸ. ਜਿਸ ਨੂੰ ਰਾਸ਼ਟਰੀ ਸਵੈਮ-ਸੇਵਕ ਸੰਘ ਕਿਹਾ ਜਾਂਦਾ ਹੈ, ਗੰਗੂ ਦੇ ਵਾਰਸ ਹਨ। ਇਨ੍ਹਾਂ ਨੇ ਅੱਗੋਂ ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਦੀ ਇਕ ਸੰਸਥਾ ਤਿਆਰ

ਕਰ ਲਈ, ਉਸ ਦਾ ਨਾਂਅ ਵੀ ਆਰ. ਐਸ. ਐਸ. ਹੀ ਰੱਖਿਆ ਪਰ ਉਹ ਰਾਸ਼ਟਰੀ ਸਿੱਖ ਸੰਗਤ ਦੇ ਨਾਂ ਥੱਲੇ ਚਲਾਈ। ਇਸ ਤਰ੍ਹਾਂ ਇਹ ਦੋ ਭੈਣਾਂ ਸੀਤਾ ਤੇ ਗੀਤਾ ਵਾਂਗ ਇਕੋ ਸ਼ਕਲ-ਸੂਰਤ ਦੀਆਂ ਬਣਾ ਕੇ ਪੰਜਾਬ ਦੇ ਰੰਗਮੰਚ 'ਤੇ ਲਿਆਂਦੀਆਂ ਗਈਆਂ। ਇਕ ਲੱਤ ਮਾਰਦੀ ਹੈ, ਦੂਜੀ ਪਲੋਸ ਕੇ ਖੁਸ਼ ਹੁੰਦੀ ਹੈ। ਦੋਵੇਂ ਭੈਣਾਂ ਹੀ ਲੰਮੇ ਤੇ ਸੁੰਦਰ ਵਾਲਾਂ ਵਾਲੀ ਭਾਰਤ ਮਾਤਾ ਦੀਆਂ ਬੇਟੀਆਂ ਹਨ। ਬਹੁਤ ਸੁੰਦਰ ਤੇ ਮੜ੍ਹੰਗਾ ਆਪਣੀ ਮਾਂ ਨਾਲ ਮਿਲਦਾ-ਜੁਲਦਾ। ਪਰ ਇਨ੍ਹਾਂ ਦੋਵਾਂ ਭੈਣਾਂ ਵਿਚ ਛੋਟੀ ਦੇ ਹੱਥ ਤ੍ਰਿਸ਼ੂਲ ਤੇ ਮਾਰੂ ਹੱਥਿਆਰਾਂ ਦੀ ਥਾਂ ਇਕ ਹੱਥ ਵਿਚ ਗੁਲਾਬ ਦਾ ਫੁੱਲ ਤੇ ਦੂਜੇ ਹੱਥ ਵਿਚ ਦਸਮ ਗ੍ਰੰਥ ਹੈ। 1984 ਦੇ ਦੰਗਿਆਂ ਦੇ ਡਰੇ ਹੋਏ ਸਿੱਖ ਫੱਟ ਇਸ ਰਾਸ਼ਟਰੀ ਸਿੱਖ ਸੰਗਤ ਵਿਚ ਸ਼ਾਮਲ ਹੋ ਗਏ ਹਨ ਜਾਂ ਦੂਜੇ ਅਰਥਾਂ ਵਿਚ ਇਨ੍ਹਾਂ ਸਿੱਖਾਂ ਦਾ ਸ਼ੁੱਧ ਰੂਪ ਵਿਚ ਭਾਰਤੀਕਰਨ ਕਰ ਦਿੱਤਾ ਗਿਆ ਹੈ। ਹੁਣ ਏਸੇ ਹੀ ਤਰ੍ਹਾਂ ਦਾ ਭਾਰਤੀਕਰਨ ਮੁਸਲਮਾਨਾਂ ਤੇ ਇਸਾਈਆਂ ਦਾ ਕਰਨ ਲਈ ਗੱਲ ਚਲ ਪਈ ਹੈ। ਉਨ੍ਹਾਂ ਦਾ ਹੁੰਦਾ ਹੈ ਕਿ ਨਹੀਂ, ਕਰ ਸਕਦੇ ਹਨ ਜਾਂ ਨਹੀਂ ਪਰ ਸਿੱਖਾਂ ਦਾ ਤਾਂ ਪੂਰੀ ਤਰ੍ਹਾਂ ਭਾਰਤੀਕਰਨ ਹੋ ਚੁੱਕਾ ਹੈ। ਸਭ ਤੋਂ ਪਹਿਲਾਂ ਕੱਟੜ ਹਿੰਦੂ ਵਰਗ ਨੂੰ ਉਸ ਸੰਸਥਾ ਵਿਚ ਦਾਖ਼ਲਾ ਮਿਲਿਆ, ਜਿਸ ਦੇ ਉੱਤੋਂ ਦੀ ਕਾਂ ਉੱਡ ਕੇ ਨਹੀਂ ਸੀ ਲੰਘਦਾ ਤੇ ਸਰਕਾਰ ਤੇ ਪੁਲਿਸ ਇਸ ਤੋਂ ਥਰ-ਥਰ ਕੰਬਦੀ ਸੀ।

ਸਭ ਤੋਂ ਪਹਿਲਾਂ ਕੱਟੜ ਰੰਗ ਵਿਚ ਰੰਗੇ ਹੋਏ ਕੌੜੇ ਤੂੰਮਿਆਂ ਨੂੰ ਬਾਣੀ ਰੂਪੀ ਇਸ਼ਨਾਨ ਕਰਵਾਏ ਗਏ। ਫੇਰ ਉਨ੍ਹਾਂ ਦਾ ਮੂੰਹ-ਮੁਹਾਂਦਰਾ ਸਵਾਰ ਕੇ ਸਾਰੀਆਂ ਧਾਰਮਕ ਰਸਮਾਂ ਕਰਕੇ ਪੰਜਾਬ ਦੀ ਸਿੱਖ ਸੰਗਤ ਵਿਚ ਉਤਾਰਿਆ ਗਿਆ। ਕਿਉਂਕਿ ਬ੍ਰਾਹਮਣ ਨੂੰ ਪਤਾ ਹੈ ਕਿ ਦੁਸ਼ਮਣ ਬਣ ਕੇ ਕਿਸੇ ਨੂੰ ਅੰਮ੍ਰਿਤ ਵੀ ਨਹੀਂ ਪਿਆਇਆ ਜਾ ਸਕਦਾ ਪਰ ਦੋਸਤ ਬਣ ਕੇ ਜ਼ਹਿਰ ਵੀ ਦਿੱਤਾ ਜਾ ਸਕਦਾ ਹੈ। ਇਕ ਪਾਸੇ ਉਨ੍ਹਾਂ ਨੂੰ ਦੀਕਸ਼ਤ ਕਰਨ ਵਾਲੇ ਪ੍ਰਸੰਨ ਹਨ ਤੇ ਦੂਜੇ ਪਾਸੇ ਉਨ੍ਹਾਂ ਦੀ ਸਿੱਖ ਸੰਗਤ ਵਿਚ ਘੁਸਪੈਠ ਕਰਵਾਉਣ ਵਾਲੇ ਪ੍ਰਸੰਨ ਹਨ ਤੇ ਓਧਰ ਆਪਣੀ ਹੋਣੀ ਤੋਂ ਅਣਜਾਣ ਬੇਸਮਝ ਸਿੱਖ ਡਿਗਰ-ਡਿਗਰ ਵੇਖੀ ਜਾਂਦੇ ਹਨ। ਹੁਣ ਜਦੋਂ ਉਨ੍ਹਾਂ ਤਿਆਰ-ਬਰ-ਤਿਆਰ ਬਾਣੀ ਦੇ ਬੋਹਿਥਿਆਂ ਨੇ ਪਿੰਡ-ਪਿੰਡ ਭਾਰਤੀ ਜਨਤਾ ਪਾਰਟੀ ਦਾ ਪ੍ਰੋਗਰਾਮ ਪਹੁੰਚਾਉਣ ਲਈ ਕੰਮ ਸ਼ੁਰੂ ਕਰ ਦਿੱਤਾ ਹੈ ਤਾਂ ਉਹ ਹੁਣ ਇਕੱਲੇ ਨਹੀਂ ਹਰ ਪਿੰਡ ਵਿਚ ਇਕ-ਦੋ ਘਰ ਉਨ੍ਹਾਂ ਦੇ ਨਾਲ ਹਨ। ਉਨ੍ਹਾਂ ਨੂੰ ਅਹੁਦੇ ਦੇ ਦਿੱਤੇ ਗਏ ਹਨ। ਮੋਬਾਈਲ ਫੋਨ ਤੇ ਹੋਰ ਕਈ ਸਹੂਲਤਾਂ ਦੇ ਦਿੱਤੀਆਂ ਗਈਆਂ ਹਨ। ਆਪਣੇ ਹਮਾਇਤੀ ਬਣਾ ਕੇ ਉਨ੍ਹਾਂ ਨੂੰ ਪੰਜਾਬ ਦੇ ਪਿੰਡ-ਪਿੰਡ ਤੇ ਘਰ-ਘਰ ਵਿਚ ਪਹੁੰਚਣ ਲਈ ਚਾਬੀ ਦੇ ਦਿੱਤੀ ਗਈ ਹੈ।

ਜਿਹੜੇ ਗੁਰੂ ਜੀ ਦੇ ਹੁਕਮ ਦੀ ਅਦੂਲੀ ਕਰਕੇ ਵਡਭਾਗ ਸਿੰਘ ਦੇ ਡੇਰੇ, ਤੇ ਕਰਤਾਰਪੁਰ ਦੇ ਧੀਰਮਲੀਆ ਦੇ ਗੰਦੇ ਛੱਪੜ ਵਿਚ ਫੋੜੇ-ਫਿੰਸੀਆਂ ਹਟਾਉਣ ਲਈ ਇਸ਼ਨਾਨ ਕਰਨ ਜਾਂਦੇ ਸਨ ਤੇ ਮੀਣਿਆਂ ਨਾਲ ਸਬੰਧ ਰੱਖਣ ਵਾਲੇ ਸਿੱਖ ਸਨ, ਉਹ ਆਪਣੇ-ਆਪ ਹੀ ਇਸ ਨਵੀਂ ਬਣੀ ਰਾਸ਼ਟਰੀ ਸਿੱਖ ਸੰਗਤ ਦੀ ਟੋਲੀ ਨਾਲ ਤੁਰਨ ਲੱਗ ਪਏ ਹਨ। ਸ. ਪ੍ਰਕਾਸ਼ ਸਿੰਘ ਬਾਦਲ ਦਾ ਅਕਾਲੀ ਦਲ ਵੀ ਇਹਨਾਂ ਦੇ ਨਾਲ ਹੈ। ਇਹ ਮੌਹਰਾ ਐਸਾ ਖੰਡ ਵਿਚ ਲਪੇਟਿਆ ਗਿਆ ਹੈ ਕਿ ਖਾਣ ਵਾਲੇ ਨੂੰ ਉੱਕਾ ਹੀ ਸ਼ੱਕ ਨਹੀਂ ਪੈਂਦੀ ਤੇ ਸਿੱਖ ਇਸ ਨੂੰ ਚਾਕਲੇਟ ਸਮਝ ਕੇ ਛਕੀ ਜਾ ਰਹੇ ਹਨ। ਪੰਜਾਬ ਦੇ ਗੁੱਠੇ ਲਗੇ ਸਾਧ ਇਨ੍ਹਾਂ ਨੇ ਨਾਲ ਲਾ ਲਏ ਹਨ। ਅੱਗੋਂ ਇਨ੍ਹਾਂ ਸਾਧਾਂ ਨੇ ਆਪਣੇ ਚੇਲੇ-ਚਾਂਟਿਆਂ ਰਾਹੀਂ ਤੰਦੂਏ ਵਾਂਗ ਜਾਲ ਫੈਲਾਅ

ਲਿਆ ਹੈ। ਕਹਿੰਦੇ ਹਨ 300 ਸਾਲਾ ਸਾਜਨਾ ਦਿਵਸ ਮਨਾਉਣ ਲਈ ਨੀਯਤ ਕੀਤੇ ਗਏ ਤਿੰਨ ਸੌ ਕਰੋੜ ਰੁਪਏ ਵਿਚੋਂ ਸੌ ਕਰੋੜ ਰੁਪਿਆ, ਜਿਹੜਾ ਦਿੱਤਾ ਹੀ ਇਸ ਕੰਮ ਵਾਸਤੇ ਗਿਆ ਸੀ, ਵਿਚੋਂ ਸਿੱਖ ਮੁੰਡਿਆਂ ਨੂੰ ਵੀ ਕੁੱਝ ਸਹੂਲਤਾਂ ਮਿਲ ਗਈਆਂ ਹਨ। ਉਹ ਹੁਣ ਲੂੰਡੀ ਹਵਾਈ ਵਾਂਗ ਭੱਜੇ ਫਿਰਦੇ ਹਨ। ਹੁਣ ਚੈਨਲਾਂ ਦੇ ਯੁਗ ਵਿਚ ਹਿੰਦੂ ਧਰਮ ਦਾ ਪ੍ਰਚਾਰ ਜ਼ੋਰਾਂ ਵਿਚ ਹੋ ਰਿਹਾ ਹੈ। ਸਿੱਖਾਂ ਦਾ ਪ੍ਰਚਾਰ ਕਰਨ ਵਾਲੇ ਵੀ ਉਹ ਹੀ ਚੈਨਲ ਹਨ ਜਿਹੜੇ ਹਿੰਦੂ ਦੇ ਕਬਜੇ ਥਲੇ ਹਨ ਤੇ ਸਿਖਾਂ ਨੂੰ ਦਿਲੋਂ ਨਫਰਤ ਕਰਦੇ ਹਨ। ਸਿੱਖੀ ਨੂੰ ਖੋਰਾ ਤਾਂ ਲਗ ਹੀ ਰਿਹਾ ਹੈ। ਜਿਸ ਤਰੀਕੇ ਨਾਲ ਸਿੱਖ ਧਰਮ ਦਾ ਇਤਿਹਾਸ ਵਖਾਇਆ ਜਾ ਰਿਹਾ ਹੈ। ਸ਼ਾਇਦ ਸਿੱਖਾਂ ਨੂੰ ਵੀ ਸਿੱਖੀ ਤੋਂ ਨਫਰਤ ਹੋ ਜਾਵੇ। ਅਗੇ ਕਹਾਵਤ ਹੁੰਦੀ ਸੀ ਜਾਂਦੇ ਚੋਰ ਦੀ ਲੰਗੋਟੀ ਹੀ ਸਹੀ। ਹੁਣ ਟੀ. ਵੀ. 'ਤੇ ਕਹਿੰਦੇ ਹਨ ਜਾਂਦੇ ਚੋਰ ਦੀ ਪੱਗ ਹੀ ਸਹੀ।' ਸ਼ਹੀਦ ਕੌਣ ਹੁੰਦਾ ਹੈ ਇਹ ਨਿਰਣਾ ਕੌਮਾਂ ਕਰਦੀਆਂ ਹਨ ਪਰ ਟੀ. ਵੀ. 'ਤੇ ਇੰਦਰਾ ਗਾਂਧੀ ਨੂੰ ਸ਼ਹੀਦ ਤੇ ਬੇਅੰਤ ਸਿੰਘ, ਕੇਹਰ ਸਿੰਘ ਤੇ ਸਤਵੰਤ ਸਿੰਘ ਨੂੰ ਅੱਤਵਾਦੀ ਤੇ ਕਾਤਲ ਕਿਹਾ ਜਾਂਦਾ ਹੈ। ਮੀਡੀਏ ਨੇ ਹੋਲੀ ਵਰਗੇ ਫਜ਼ੂਲ ਤਿਓਹਾਰ ਦਾ ਏਨਾਂ ਪ੍ਰਚਾਰ ਕਰ ਦਿੱਤਾ ਹੈ ਕਿ ਹੋਲੀ ਖੇਡਣ ਨੂੰ ਧਰਮ ਦਾ ਰੂਪ ਹੀ ਦੇ ਦਿੱਤਾ ਹੈ। ਸਿਖ ਵੀ ਹੁਣ ਹਿੰਦੂਆਂ ਦੇ ਬਰਾਬਰ ਹੋਲੀ ਖੇਡਦੇ ਵੇਖੇ ਜਾ ਸਕਦੇ ਹਨ। ਫਿਲਮ ਸਵਾ ਲਾਖ ਸੇ ਏਕ ਲੜਾਂਊ ਵਿਚ ਵਿਖਾਇਆ ਗਿਆ ਹੈ ਕਿ ਸਿਖ ਪਹਿਲਾਂ ਵੀ ਹਿੰਦੂ ਹੀ ਹੁੰਦੇ ਸਨ ਤੇ ਹੁਣ ਵੀ ਹਿੰਦੂ ਹੀ ਹਨ।

ਸਿਖ ਭਾਂਵੇ ਹਿੰਦੂਆਂ ਵਿਚੋਂ ਹੀ ਬਣੇ ਸਨ ਪਰ ਫਿਰ ਵੀ ਮੁਸਲਮਾਨਾਂ ਦੇ ਜ਼ਿਆਦਾ ਨੇੜੇ ਸਨ। ਪਾਕਿਸਤਾਨ ਵਿਚ ਸਿਖ ਤੇ ਮੁਸਲਮਾਨ ਦਾ ਬੜਾ ਯਰਾਨਾ ਹੁੰਦਾ ਸੀ ਤੇ ਦੋਵੇਂ ਇਕ ਦੂਜੇ ਤੋਂ ਜਾਨ ਦੇਂਦੇ ਸਨ। ਹੁਣ ਸਾਰੀਆਂ ਪੰਜਾਬੀ ਫਿਲਮਾਂ ਵਿਚ ਮੁਸਲਮਾਨਾਂ ਦੀ ਸਿੱਖਾਂ ਨਾਲ ਲੜਾਈ ਵਖਾਈ ਜਾਂਦੀ ਹੈ ਪਰ ਭੰਗਾਣੀ ਦਾ ਯੁਧ ਕਦੇ ਨਹੀਂ ਵਿਖਾਉਂਦੇ ਜਿਹਦੇ ਵਿਚ ਨਿਰੋਲ ਹਿੰਦੂ ਪਹਾੜੀ ਰਾਜੇ ਗੁਰੂ ਜੀ ਨਾਲ ਲੜੇ ਤੇ ਪੀਰ ਬੁੱਧੂ ਸ਼ਾਹ ਮਦਦ 'ਤੇ ਆਇਆ। ਰਾਸ਼ਟਰੀ ਸਿੱਖ ਸੰਗਤ ਦੇ ਸੱਜਣ ਸ਼ਹਿਰਾਂ ਵਿਚ ਗੁਰਦੁਆਰਿਆਂ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਦੇ ਅਹੁਦਿਆਂ ਤੱਕ ਪਹੁੰਚ ਚੁੱਕੇ ਹਨ। ਅਗਲੇ ਚਾਰ-ਛੇ ਸਾਲਾਂ ਵਿਚ ਇਹ ਪੂਰੇ ਪੰਜਾਬ ਦੇ ਗੁਰਦੁਆਰਿਆਂ 'ਤੇ ਕੰਟੋਰਲ ਕਰ ਲਵੇਗੀ। ਸਿੱਖਾਂ ਦੀ ਕਮਜ਼ੋਰੀ ਉਨ੍ਹਾਂ ਨੇ ਲੱਭ ਲਈ ਹੈ। ਸਿੱਖ ਕਹਿੰਦੇ ਹਨ ਕਿ ਫਲਾਣਾ ਬੰਦਾ ਗੁਰੂ ਘਰ ਦੀ ਬਹੁਤ ਸੇਵਾ ਕਰਦਾ ਹੈ, ਮਾਇਕ ਸਹਾਇਤਾ ਵੀ ਬਹੁਤ ਦੇਂਦਾ ਹੈ ਤੜਕੇ ਉਠ ਕੇ ਬਾਣੀ ਪੜ੍ਹਦਾ ਹੈ, ਠੰਢੇ ਪਾਣੀ ਨਾਲ ਇਸ਼ਨਾਨ ਕਰਦਾ ਹੈ, ਨਸ਼ਿਆਂ ਤੋਂ ਰਹਿਤ ਹੈ, ਮਾਸ ਨੂੰ ਘਰ ਨਹੀਂ ਵੜਨ ਦੇਂਦਾ, ਏਸੇ ਨੂੰ ਹੀ ਪ੍ਰਧਾਨ ਬਨਾਉਣਾ ਚਾਹੀਦਾ ਹੈ। ਇਹ ਸਾਰੀਆਂ ਖੂਬੀਆਂ ਇਨ੍ਹਾਂ ਨਵੇਂ ਬਣੇ ਸਿੱਖਾਂ ਨੇ ਆਪਣੇ ਭੇਖ ਵਿਚ ਧਾਰਨ ਕਰ ਲਈਆਂ ਹਨ।

ਕਈ ਵਿਚਾਰੇ ਭੋਲੂ ਸਿੱਖ ਤਾਂ ਇਹ ਵੀ ਕਹਿ ਦੇਂਦੇ ਹਨ ਕਿ ਜੇ ਅੱਗੇ ਇਹ ਪੰਥ ਦੋਖੀ ਸਨ ਤਾਂ ਕੀ ਹੋਇਆ ਹੁਣ ਤਾਂ ਸਿੱਖੀ ਦੀ ਸ਼ਰਨ ਵਿਚ ਆ ਹੀ ਗਏ ਹਨ, ਚੰਗੀ ਸੰਗਤ ਵਿਚ ਰਹਿ ਕੇ ਆਪੇ ਵਧੀਆ ਸਿੱਖ ਬਣ ਜਾਣਗੇ। ਇਨ੍ਹਾਂ ਚਵਲ ਸਿੱਖਾਂ ਨੂੰ ਕੋਈ ਇਹ ਪੁੱਛਣ ਵਾਲਾ ਨਹੀਂ ਕਿ ਕੀ ਗੰਗੂ ਬ੍ਰਾਹਮਣ ਸਤਿਗੁਰਾਂ ਦੀ ਚੰਗੀ ਸੰਗਤ ਵਿਚ ਨਹੀਂ ਸੀ ਰਿਹਾ? ਉਸ ਨੂੰ ਤਾਂ ਛੋਟੇ ਜਹੇ ਨੂੰ ਹੀ ਸਤਿਗੁਰਾਂ ਨੇ ਪਾਲਿਆ ਸੀ। ਉਹਨੇ ਬੇਈਮਾਨੀ 'ਤੇ ਉਤਰਣ ਲੱਗੇ ਨੇ ਮਿੰਟ ਨਹੀਂ ਲਾਇਆ।' ਉਸ ਦੀ ਇਹ ਔਲਾਦ ਕਿਵੇਂ ਭਲੀ ਕਰੇਗੀ? ਨਾਲੇ ਇਹ ਤਾਂ ਆਏ ਵੀ ਕਿਸੇ ਮਕਸਦ ਲਈ ਹਨ। ਜਿਨ੍ਹਾਂ ਤਿੰਨ ਮਹਾਨ ਸਿੱਖ ਸ਼ਖਸੀਅਤਾਂ ਨੇ ਇਹ

ਬਹਾਨਾ ਲਾ ਕੇ ਇਨ੍ਹਾਂ ਨੂੰ ਸਿੱਖਾਂ ਵਿਚ ਪ੍ਰਵੇਸ਼ ਕਰਵਾਇਆ ਹੈ, ਕਿ ਇਹ ਆਪਣਾ ਅਸਰ-ਰਸੂਖ ਵਰਤ ਕੇ ਜੇਲ੍ਹਾਂ ਵਿਚ ਬੰਦ ਨੌਜਵਾਨਾਂ ਨੂੰ ਛੁਡਵਾਉਣਗੇ, ਹੁਣ ਉਨ੍ਹਾਂ ਨੂੰ ਕੋਈ ਪੁੱਛੇ ਕੀ ਜੇਲ੍ਹਾਂ ਵਿਚੋਂ ਨੌਜਵਾਨ ਰਿਹਾਅ ਹੋ ਗਏ ਹਨ? ਸਿੱਖੀ ਅੱਗੇ ਨਾਲੋਂ ਵਾਧੇ ਪੈ ਗਈ ਹੈ? ਹਾਂ ਇਕ ਗੱਲ ਜਰੂਰ ਹੋਈ ਹੈ ਟਕਸਾਲ ਦੇ ਜਿਨ੍ਹਾਂ ਸਿੱਖਾਂ ਨੂੰ ਪੁਲਿਸ ਅਮ੍ਰਿਤਸਰ ਤੱਕ ਨਹੀਂ ਸੀ ਜਾਣ ਦੇਂਦੀ ਤੇ ਥਾਣੇ ਵਿਚ ਉਨ੍ਹਾਂ ਨੂੰ ਬਦਮਾਸ਼ ਲਿਖਿਆ ਹੋਇਆ ਸੀ, ਉਨ੍ਹਾਂ ਨੂੰ ਅਮਰੀਕਾ ਤੇ ਕਨੇਡਾ ਦੇ ਵੀਜ਼ੇ ਥਬਿਆਂ ਦੇ ਥੱਬੇ ਲਵਾ ਕੇ ਦੇ ਦਿੱਤੇ ਗਏ ਹਨ ਤੇ ਕਿਸੇ ਨੂੰ ਅੰਬੈਸੀ ਵਿਚ ਪੇਸ਼ ਹੋਣ ਦੀ ਵੀ ਲੋੜ ਨਹੀਂ ਪਈ। ਮੋਰ ਦੇ ਖੰਭਾਂ ਵਰਗੇ ਲੱਗੇ ਲਗਾਏ ਵੀਜ਼ੇ ਡਾਕ ਰਾਹੀਂ ਘਰ ਪਹੁੰਚ ਗਏ ਹਨ। ਲੋਹ ਥਲੇ ਅੱਗ ਡਾਹੁਣ ਵਾਲਿਆਂ ਤੋਂ ਲੈ ਕੇ ਮੱਝਾਂ ਨੂੰ ਪੱਠੇ ਪਾਉਣ ਵਾਲੇ ਸਾਰੇ ਅਮਰੀਕਾ ਹੋ ਆਏ ਹਨ।

ਭਾਰਤ ਹੁਣ ਸਿਖਾਂ ਲਈ ਛਜੂ ਦਾ ਚੁਬਾਰਾ ਨਹੀਂ ਰਿਹਾ। ਜਿਹਨਾਂ ਨੇ ਪੰਜਾਬ ਨੂੰ ਅੱਗ ਲਾਈ ਓਹਨਾਂ ਦੇ ਠਾਮ ਬਣ ਗਏ ਹਨ ਤੇ, ਜਿਹੜੇ ਅਸਲ ਸ਼ਹੀਦ ਹੋਏ ਹਨ ਉਹਨਾਂ ਨੂੰ ਸ਼ਹੀਦ ਆਖਣ 'ਤੇ ਵੀ ਪਾਬੰਦੀ ਹੈ। ਤਿੰਨ ਵਾਰ ਮੁੱਖ ਮੰਤਰੀ ਬਣਿਆ ਪ੍ਰਕਾਸ਼ ਸਿੰਘ ਬਾਦਲ ਕਹਿੰਦਾ ਸੀ ਕਿ ਧਰਮਯੁੱਧ ਬੜਾ ਜਰੂਰੀ ਹੈ ਕਿਉਂਕਿ ਰਾਜ ਕੋਲ ਕਿਸੇ ਪਿੰਡ ਦਾ ਨਾਂ ਬਦਲਣ ਦੀ ਵੀ ਸ਼ਕਤੀ ਨਹੀਂ। ਜੇ ਕੇਂਦਰ ਸਰਕਾਰ ਨੂੰ ਲਿਖਦੇ ਹਾਂ ਕਿ ਮਾਲਵੇ ਵਿਚ ਇਕ ਪਿੰਡ ਕੁਤਿਆਂ ਵਾਲੀ ਦਾ ਨਾਂ ਬਦਲ ਕੇ ਸ਼ੇਰਾ ਵਾਲੀ ਰਖ ਦਿੱਤਾ ਜਾਵੇ ਤਾਂ ਕੇਂਦਰ ਸਰਕਾਰ ਨਹੀਂ ਮੰਨਦੀ ਤੇ ਕਹਿੰਦੀ ਹੈ ਕਿ ਪਿੰਡ ਦਾ ਸਾਰਾ ਮਾਲ ਦਾ ਰਿਕਾਰਡ ਵੀ ਬਦਲਣਾਂ ਪਵੇਗਾ। ਓੱਧਰ ਮਦਰਾਸ ਦਾ ਨਾਂ ਬਦਲ ਕੇ ਚੇਨਈ, ਕਲਕਤੇ ਦਾ ਕੋਲਕਤਾ, ਬੰਬਈ ਦਾ ਨਾਂ ਮੁੰਬਈ ਤੇ ਰੋਪੜ ਦਾ ਨਾਂ ਰੂਪ ਨਗਰ ਤਾਂ ਰਖ ਦਿੱਤਾ ਹੈ। ਪਰ ਪਿੰਡ ਦਾ ਨਾਂ ਨਹੀਂ ਬਦਲਿਆ ਜਾ ਸਕਦਾ। ਲੋਕ ਇਹਨਾਂ ਲੀਡਰਾਂ ਦੀਆਂ ਏਹੋ ਜਹੀਆਂ ਗੱਲਾਂ ਸੁਣਕੇ ਜੋਸ਼ ਵਿਚ ਆ ਗਏ ਤੇ ਚਿੱਤੜ ਕੁਟਾ ਕੇ ਅਰਾਮ ਨਾਲ ਬਹਿ ਗਏ।

ਸਿਖਾਂ ਦੇ ਦੁਆਲੇ ਭਾਰਤ ਸਰਕਾਰ ਨੇ ਇਕ ਚੱਕਰਵਿਯੂ ਬਣਾ ਦਿੱਤਾ ਹੈ। ਸਿਖ ਉਸ ਚਕਰਵਿਯੂ ਨੂੰ ਆਪਣੇ ਆਪਣੇ ਢੰਗ ਨਾਲ ਤੋੜਨ ਦੀ ਕੋਸ਼ਿਸ਼ ਕਰਦੇ ਰਹੇ ਪਰ ਨਤੀਜਾ ਉਹ ਹੀ ਨਿਕਲਿਆ ਜੋ ਅਭਿਮਨਯੂ ਦਾ ਹੋਇਆ ਸੀ। ਚਕਰਵਿਯੂ ਨਹੀਂ ਟੁੱਟਦਾ ਸਗੋਂ ਤੋੜਨ ਦੀ ਕੋਸ਼ਿਸ਼ ਕਰਨ ਵਾਲਾ ਮਾਰਿਆ ਜਾਂਦਾ ਹੈ। ਏਸੇ ਚਕਰਵਿਯੂ ਵਿਚੋਂ ਹੀ ਖੁੰਬਾਂ ਵਾਂਗ ਗੁਰਦੁਆਰੇ ਤੇ ਸਾਧ ਉੱਗੇ ਹਨ, ਜਿਵੇਂ ਯੂਰਪੀਨ ਦੇਸ਼ਾਂ ਵਿਚ ਸੜਕਾਂ ਕਿਨਾਰੇ ਮੋਟਲ ਬਣਦੇ ਹਨ, ਏਥੇ ਗੁਰਦੁਆਰੇ ਬਣਦੇ ਹਨ। ਜਲੰਧਰ ਛਾਉਣੀ ਦੇ ਅਕਾਲੀ ਦਲ ਦੇ ਅਹੁਦੇਦਾਰ ਗੁਰਦਆਰੇ ਦੇ ਪ੍ਰਧਾਨ ਤੇ ਸ਼ਰਾਬ ਦੇ ਠੇਕੇਦਾਰ, ਇਕ ਸਿੱਖ ਦੇ ਘਰ ਦੇਵੀ ਮਾਤਾ ਦੀ ਮੂਰਤ ਅਗੇ ਹਰ ਵੇਲੇ ਦੇਸੀ ਘਿਓ ਦੀ ਜੋਤ ਜਗਦੀ ਹੈ ਤੇ ਸਾਰਾ ਟੱਬਰ ਮੂਰਤੀ ਨੂੰ ਪੂਜਦਾ ਹੈ। ਕੀ ਇਹ ਇਕ ਚੱਕਰਵਿਯੂ ਨਹੀਂ? ਡੇਰਾ ਹਰਖੋਵਾਲ ਵਾਲਿਆਂ ਨੇ ਜਲੰਧਰ ਕਪੂਰਥਲਾ ਰੋਡ 'ਤੇ ਅਗਲੇ ਮੁਹੱਲੇ ਨੂੰ ਜਾਂਦਾ ਰਾਹ ਜਬਰਦਸਤੀ ਬੰਦ ਕਰਕੇ ਡੇਰੇ ਵਿਚ ਰਲਾ ਲਿਆ ਹੈ। ਇਸ ਨੂੰ ਸੰਤਪੁਣੇ ਦਾ ਨਾਂ ਦਿੱਤਾ ਜਾਵੇ ਕਿ ਬਦਮਾਸ਼ੀ ਦਾ।

ਰਾਸ਼ਟਰੀ ਸਿੱਖ ਸੰਗਤ ਨੇ ਜਿਹੜਾ ਸਾਹਿਤ ਛਪਵਾ ਕੇ ਵੰਡਿਆ ਹੈ ਉਸ ਵਿਚ ਇਕ ਗਾਂ ਤੇ ਵੱਛੇ ਦੀ ਫੋਟੋ ਹੈ, ਜਿਸ 'ਤੇ ਲਿਖਿਆ ਹੋਇਆ ਹੈ "ਪੂਤਾ ਮਾਤਾ ਕੀ ਅਸੀਸ"। ਇਹ ਗੁਰਬਾਣੀ ਦਾ ਗੁਰਵਾਕ ਹੈ। ਇਸ ਤੋਂ ਅਗੇ ਸਫਾ ਨੰਬਰ 9 'ਤੇ ਲਿਖਿਆ ਹੋਇਆ ਹੈ। "ਹਰ ਹਿੰਦੂ ਲਈ ਇਹ ਜਰੂਰੀ ਹੈ ਕਿ ਉਹ ਪ੍ਰਤੀ ਦਿਨ ਜਾਂ ਕਦੇ ਕਦੇ ਕਿਸੇ ਨਾਂ ਕਿਸੇ ਅਚਾਰ

ਵਿਹਾਰ ਦਾ ਪਾਲਣ ਕਰੇ, ਗਊ ਬਲਦ ਹਾਥੀ ਘੋੜਾ ਸੱਪ ਆਦਿ ਦੀ ਪੂਜਾ ਵੀ ਕੀਤੀ ਜਾਂਦੀ ਹੈ। ਪੰਛੀ ਸੋਨ ਚਿੜੀ ਕੋਇਲ ਤੇ ਰੁਖ ਬੂਟੇ, ਕੇਲਾ ਪਿੱਪਲ ਤੁਲਸੀ ਆਦਿ ਸਾਡੀ ਪੂਜਾਯੋਗ ਹਨ। ਸਾਡੀ ਇਹ ਸ਼ਰਧਾ ਸਿਰਫ ਜੀਵਾਂ ਤੱਕ ਹੀ ਨਹੀਂ ਸਗੋਂ ਪਾਣੀ, ਧਰਤੀ, ਪਹਾੜ, ਨਦੀਆਂ, ਸੰਦਾਂ, ਵਾਹਨ, ਹਥਿਆਰ, ਪੁਸਤਕ ਗ੍ਰੰਥ, ਸਲੇਟ-ਫੱਟੀ, ਚੁਲ੍ਹਾ ਦੀਪਕ ਅਤੇ ਬਰਤਨ ਆਦਿ ਹੋਰ ਅਨੇਕਾਂ ਰੂਪਾਂ ਵਿਚ ਵੀ ਅਸੀਂ ਪ੍ਰਕਿਰਤੀ ਦੀ ਪੂਜਾ ਕਰਦੇ ਹਾਂ।" ਇਕ ਹੋਰ ਥਾਂ 'ਤੇ ਲਿਖਿਆ ਹੋਇਆ ਹੈ, "ਸ਼ਿਵ-ਪਰਿਵਾਰ ਆਦਰਸ਼ ਭਾਰਤੀ ਪਰਿਵਾਰ ਦੀ ਸਭ ਤੋਂ ਉੱਤਮ ਉਦਾਹਰਣ ਹੈ। ਨਾਗ ਅਤਿ ਜਹਿਰੀਲਾ ਹੁੰਦਾ ਹੋਇਆ ਵੀ ਸ਼ਿਵਾ ਦੇ ਗਲੇ ਦਾ ਗਹਿਣਾ ਹੈ ਅਤੇ ਗਣੇਸ਼ ਜੀ ਦੇ ਵਾਹਨ ਚੂਹੇ ਦਾ ਦੁਸ਼ਮਣ ਹੈ। ਕਾਰਤੀਕੇਯ ਦਾ ਵਾਹਨ ਮੋਰ ਵੀ ਨਾਗ ਦਾ ਦੁਸ਼ਮਣ ਹੈ। ਮਾਂ ਪਾਰਵਤੀ ਦਾ ਵਾਹਨ ਸ਼ੇਰ ਭਗਵਾਨ ਸ਼ਿਵ ਦੇ ਵਾਹਨ ਨੰਦੀ ਦਾ ਦੁਸ਼ਮਣ ਹੈ ਪ੍ਰੰਤੂ ਫਿਰ ਵੀ ਵਿਪਰੀਤ ਸੁਭਾਵਾਂ ਵਾਲੇ ਇਹ ਸਾਰੇ ਜੀਵ ਇਕ ਹੀ ਪਰਿਵਾਰ ਸ਼ਿਵ ਪਰਿਵਾਰ ਦੀ ਆਪੋ ਆਪਣੇ ਢੰਗ ਨਾਲ ਸ਼ੋਭਾ ਵਧਾ ਰਹੇ ਹਨ। ਏਕਤਾ ਦੀ ਅਜੇਹੀ ਕਪਲਣਾ ਹੀ ਹਿੰਦੂ ਸਮਾਜ ਦੇ ਪਰਿਵਾਰਕ ਜੀਵਨ ਦਾ ਅਧਾਰ ਹੈ।" ਚੂਹਿਆਂ ਕੁਤਿਆਂ ਤੇ ਸਪਾਂ ਡਭੂਆਂ ਤੇ ਲਿੰਗ ਤੱਕ ਨੂੰ ਪੂਜਣ ਵਾਲੇ ਲੋਕ ਸਿੱਖਾਂ ਨੂੰ ਜਿਹੜੇ ਪੰਜ ਸੌ ਸਾਲ ਤੋਂ ਇਹ ਪਾਖੰਡ ਛੱਡ ਚੁੱਕੇ ਹਨ, ਨੂੰ ਦੁਬਾਰਾ ਆਪਣੇ ਵਿਚ ਮਿਲਾਉਣ ਲਈ ਯਤਨਸ਼ੀਲ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਫੋਟੋ ਥੱਲੇ ਲਿਖਿਆ ਹੈ, "ਗਊ ਰਖਿਅਕ, ਸਰਬੰਸਦਾਨੀ ਦਸ਼ਮੇਸ਼ ਪਿਤਾ", ਇਹਨਾਂ ਨੂੰ ਪੁੱਛੋ ਕਿ ਗੁਰੂ ਜੀ ਨੇ ਚੌਦਾਂ ਲੜਾਈਆਂ ਵਿਚੋਂ ਕੋਈ ਲੜਾਈ ਕਿਸੇ ਜਾਨਵਰ ਦੇ ਹੇਜ ਵਿਚ ਲੜੀ ਹੈ? ਗਾਂ ਤਾਂ ਉਸ ਤਰ੍ਹਾਂ ਦਾ ਹੀ ਇਕ ਜਾਨਵਰ ਹੈ, ਜਿਵੇਂ ਮੱਝ ਤੇ ਬੱਕਰੀ।

ਆਰ. ਐਸ. ਐਸ. ਨੇ ਜਿੰਨਾਂ ਵੀ ਸਾਹਿਤ ਛਪਵਾ ਕੇ ਵੰਡਿਆ ਹੈ, ਉਸ ਵਿਚ ਥਾਂ ਥਾਂ 'ਤੇ ਇਹ ਲਿਖਿਆ ਹੈ "ਸਭੀ ਜਾਨਤੇ ਹੈ ਕਿ ਸਿੱਖ ਪੰਥ ਕਾ ਜਨਮ ਹੀ ਹਿੰਦੂ ਧਰਮ ਕੀ ਰਖਸ਼ਾ ਔਰ ਦੇਸ਼ ਕੀ ਅਜ਼ਾਦੀ ਕੇ ਲਿਏ ਹੁਆ ਥਾ।" ਸਰਬਤ ਦਾ ਭਲਾ ਲਿਖ ਕੇ ਉਸਦੇ ਥਲੇ ਹਿੰਦੁਸਤਾਨ ਸਮਾਲਸੀ ਬੋਲਾ ਤੇ ਅਗੇ ਸ਼ੁਭ ਕਰਮਨ ਤੇ ਕਬਹੂੰ ਨਾ ਟਰੂੰ ਵੀ ਜਰੂਰ ਹੀ ਲਿਖਿਆ ਹੁੰਦਾ ਹੈ। ੧ਓ ਦੇ ਊੜੇ ਵਿਚ ਇਕ ਹੋਰ ਲੱਤ ਜਹੀ ਲਾ ਕੇ ਇਸ ਨੂੰ ਓਮ ਬਣਾਇਆ ਗਿਆ ਹੈ। ਕਈ ਥਾਵਾਂ 'ਤੇ ਭਾਰਤ ਮਾਤਾ ਬਣਾ ਕੇ ਉਸਦੇ ਪੈਰਾਂ ਵਿਚ ੧ਓ ਲਿਖਿਆ ਹੋਇਆ ਹੈ। ਇਸ ਤਰ੍ਹਾਂ ਦਾ ਜਿੰਨਾਂ ਵੀ ਸਾਹਿਤ ਹੈ ਉਹ ਸਿੱਖਾਂ ਦੇ ਦਿਮਾਗ ਵਿਚ ਇਹ ਭਰਨ ਲਈ ਛਪਵਾਇਆ ਗਿਆ ਹੈ ਕਿ ਸਿੱਖ ਹਿੰਦੂਆਂ ਦਾ ਹੀ ਅੰਗ ਹਨ ਤੇ ਵਖਰੇ ਨਹੀਂ। ਜਿੱਥੇ ਕਿਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਜ਼ਿਕਰ ਆਇਆ ਹੈ ਓਥੇ ਲਿਖਿਆ ਹੈ "ਦੇਸ਼ ਕੀ ਏਕਤਾ ਔਰ ਅਖੰਡਤਾ ਕੇ ਸਚੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ"। ਇਸ ਤਰ੍ਹਾਂ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮੁੱਚੇ ਜਗਤ ਦਾ ਨਾਂ ਹੋ ਕੇ ਸਿਰਫ ਭਾਰਤ ਦੀਆਂ ਹੱਦਾਂ ਵਿਚ ਬੰਨ੍ਹ ਕੇ ਛੁਟਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਮੁਸਲਮਾਨ ਸੂਫੀ ਸੰਤਾਂ ਦੀ ਬਾਣੀ ਬਾਰੇ ਨੋਟ ਲਿਖਿਆ ਹੈ ਕਿ 'ਜਿਨ੍ਹਾਂ ਪੰਜ ਮੁਸਲਿਮ ਸੂਫੀ ਸੰਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਲਾਈ ਗਈ ਹੈ ਤਿਨ੍ਹਾਂ ਦੀ ਬਾਣੀ ਦਾ ਅਧਾਰ ਅਧਿਆਤਮਕ ਹੈ।" ਹੁਣ ਬੰਦਾ ਇਨ੍ਹਾਂ ਖਚਰਿਆਂ ਨੂੰ ਪੁਛੇ ਕਿ ਜਿਹੜੀ ਬਾਣੀ ਹਿੰਦੂ ਸੰਤਾਂ ਦੀ ਗ੍ਰੰਥ ਸਾਹਿਬ ਵਿਚ ਹੈ, ਉਹਦਾ ਅਧਾਰ ਵੀ ਤਾਂ ਅਧਿਆਤਮਕ ਹੀ ਸੀ ਨਹੀਂ ਤਾਂ ਉਹ ਕਿਹੜੇ ਗੁਰੂ ਜੀ ਦੇ ਮਾਮੇ ਦੇ ਪੁੱਤ ਲਗਦੇ ਸਨ। ਇਹਨਾਂ ਹਿੰਦੂਆਂ ਦਾ ਇਹ ਪ੍ਰਚਾਰ ਉਸ ਤਰ੍ਹਾਂ ਦਾ ਹੈ, ਜਿਵੇਂ ਚੀਨੀਆਂ ਨੇ ਚੀਨ ਭਾਰਤ ਸਰਹੱਦ 'ਤੇ ਵੱਡੇ ਵੱਡੇ

ਸਪੀਕਰ ਲਾ ਕੇ ਦੋ ਘੰਟੇ ਸਵੇਰੇ ਤੇ ਦੋ ਘੰਟੇ ਸ਼ਾਮ "ਹਿੰਦੀ ਚੀਨੀ ਭਾਈ ਭਾਈ" "ਹਿੰਦੀ ਚੀਨੀ ਭਾਈ ਭਾਈ" "ਹਿੰਦੀ ਚੀਨੀ ਭਾਈ ਭਾਈ" ਦੀ ਹੀ ਰੱਟ ਲਾਈ ਰਖਣੀ। ਇਸ ਤਰ੍ਹਾਂ ਇਕ ਦਿਨ ਐਸਾ ਆ ਜਾਂਦਾ, ਜਦੋਂ ਬੰਦਾ ਸਚ ਮੁੱਚ ਹੀ ਬਾਰ ਬਾਰ ਦੁਹਰਾਈ ਗਈ ਗੱਲ ਨੂੰ ਸੱਚ ਮੰਨ ਲੈਂਦਾ ਹੈ। ਕਈ ਥਾਵਾਂ 'ਤੇ ਦੂਹਰਾ ਦੂਹਰਾ ਕੇ ਲਿਖਿਆ ਹੋਇਆ ਹੈ "ਆਜ ਸੇ ਤੀਨ ਸੌ ਸਾਲ ਪਹਿਲੇ ਅਨੰਦਪੁਰ ਸਾਹਿਬ ਪੰਜਾਬ ਮੇਂ ਸਿੱਖੋਂ ਕੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਪਥ ਕੀ ਸਥਾਪਨਾਂ ਕੀ ਗਈ ਥੀ। ਜਿਸਕਾ ਉਦੇਸ਼ ਥਾ ਏਕ ਐਸੇ ਜੀਵੜੇ ਸਗੰਠਨ ਕਾ ਨਿਰਮਾਣ ਕਰਨਾਂ ਜੋ ਧਰਮ, ਦੇਸ਼, ਗਊ, ਬ੍ਰਾਹਮਣ ਔਰ ਕਮਜੋਰ ਵਰਗ ਕੀ ਰਖਸ਼ਾ ਅਪਨੇ ਪ੍ਰਾਣੋਂ ਕਾ ਬਲੀਦਾਨ ਕਰ ਕੇ ਭੀ ਕਰ ਸਕੇ।" ਸਿਖ ਇਤਿਹਾਸ ਤੋਂ ਕੋਰੇ ਇਹ ਲੋਕ ਨਹੀਂ ਜਾਣਦੇ ਕਿ ਗੁਰੂ ਜੀ ਨੇ ਸਿਰਫ ਇਕ ਆਖਰੀ ਲੜਾਈ ਹੀ ਮੁਸਲਮਾਨ ਰਾਜੇ ਔਰੰਗਜੇਬ ਦੀਆਂ ਫੌਜਾਂ ਨਾਲ ਲੜੀ ਸੀ। ਬਾਕੀ ਦੀਆਂ ਤੇਰਾਂ ਲੜਾਈਆਂ ਹਿੰਦੂ ਪਹਾੜੀ ਰਾਜਿਆਂ ਨਾਲ ਲੜੀਆਂ ਸਨ। ਉਨ੍ਹਾਂ ਵਿਚੋਂ ਕਿਹੜੀ ਲੜਾਈ ਸੀ, ਜਿਹੜੀ ਗਾਈਆਂ ਲਈ ਲੜੀ ਗਈ ਸੀ? ਤੇ ਰਹੀ ਗੱਲ ਬ੍ਰਾਹਮਣ ਦੀ ਤਾਂ ਉਸ ਦੀ ਰਖਿਆ ਤਾਂ ਕੀ ਗੁਰੂ ਜੀ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਪਲਿਆਂ ਵਿਚ ਮਾਂਹ ਪਾ ਕੇ ਘਰੋਂ ਕਢਿਆ ਸੀ। ਉਹ ਤਾਂ ਬਚ ਗਏ। ਕਿਤੇ ਉਹਨਾਂ ਦਾ ਹਾਲ ਵੀ ਉਹਨਾਂ ਮਸੰਦਾਂ ਵਰਗਾ ਨਹੀਂ ਹੋਇਆ, ਜਿਹਨਾਂ ਨੂੰ ਗੁਰੂ ਜੀ ਨੇ ਮਿੱਟੀ ਦਾ ਤੇਲ ਪਾ ਕੇ ਲੂਹਿਆ ਸੀ।

ਹੁਣ ਜ਼ਰਾ ਇਨ੍ਹਾਂ ਜਨਸੰਘੀਆਂ ਦੀਆਂ ਗੱਪਾਂ ਵੱਲ ਵੀ ਵੇਖੋ। ਇਹ ਕਹਿੰਦੇ ਹਨ ਕਿ ਦੇਸ਼ ਦੀ ਵੰਡ ਵੇਲੇ ਅਸਾਂ ਸਿੱਖਾਂ ਦੀ ਰਖਿਆ ਕੀਤੀ ਸੀ। ਦਰਬਾਰ ਸਾਹਿਬ ਅਮ੍ਰਿਤਸਰ ਦੀ ਵੀ ਕਈ ਦਿਨ ਰਾਖੀ ਕੀਤੀ। ਦਿੱਲੀ ਦੀ ਰਖਿਆ ਕੀਤੀ ਤੇ ਏਥੋਂ ਤੱਕ ਕਿ ਕਾਂਗਰਸੀਆਂ ਦੀ ਵੀ ਇਹਨਾਂ ਨੇ ਰਖਿਆ ਕੀਤੀ। ਲਓ ਹੋਰ ਸੁਣੋਂ ਅਖੇ ਗਾਂਧੀ ਦੀ ਵੀ ਰਖਿਆ ਕੀਤੀ। ਹੁਣ ਇਹਨਾਂ ਨੂੰ ਕੋਈ ਪੁਛੇ ਜੇ ਗਾਂਧੀ ਦੀ ਰਖਿਆ ਤੁਸਾਂ ਕੀਤੀ ਸੀ ਤਾਂ ਫਿਰ ਨਥੂ ਰਾਮ ਗੌਡਸੇ ਕੌਣ ਸੀ? ਜਿਹਨੇ ਗਾਂਧੀ ਨੂੰ ਮਾਰਿਆ ਸੀ। ਨਹਿਰੂ ਦੇ ਜਲਸੇ ਦੀ ਵੀ ਰਾਖੀ ਕੀਤੀ। ਮਹਾਰਾਜਾ ਹਰੀ ਸਿੰਘ ਨੂੰ ਸਮਝਾ ਬੁਝਾ ਕੇ ਉਹਨੂੰ ਭਾਰਤ ਵਿਚ ਰਲਣ ਲਈ ਮਨਾਇਆ ਤੇ ਮਨਾਉਣ ਦਾ ਤਰਕ ਇਹ ਸੀ, "ਤੁਸੀਂ ਹਿੰਦੂ ਰਾਜਾ ਹੋ, ਪਾਕਿਸਤਾਨ ਵਿਚ ਸ਼ਮੂਲੀਅਤ ਕਰਨ ਨਾਲ ਤੁਹਾਡੀ ਹਿੰਦੂ ਪਰਜਾ ਨੂੰ ਭਿਆਨਕ ਸੰਕਟਾਂ ਦਾ ਟਾਕਰਾ ਕਰਨਾ ਪਵੇਗਾ। ਇਹ ਠੀਕ ਹੈ ਕਿ ਅਜੇ ਹਿੰਦੁਸਤਾਨ ਨੂੰ ਸੜਕਾਂ ਅਤੇ ਰੇਲ ਮਾਰਗ ਨਹੀਂ ਹਨ ਪਰੰਤੂ ਸਭ ਠੀਕ ਹੋ ਜਾਵੇਗਾ। ਤੁਹਾਡੀ ਜੰਮੂ-ਕਸ਼ਮੀਰ ਰਿਆਸਤ ਦਾ ਭਲਾ ਏਸੇ ਵਿਚ ਹੀ ਹੈ ਕਿ ਆਪ ਭਾਰਤ ਵਿਚ ਸ਼ਾਮਲ ਹੋ ਜਾਓ"।

ਭਾਰਤ ਦੀ ਸੌੜੀ ਸੋਚ ਵਾਲੇ ਹਿੰਦੂਓ ਤੁਹਾਡੇ ਇਹ ਖਲਾਰੇ ਹੋਏ ਕੰਡੇ ਹੀ ਹੁਣ ਤੁਹਾਡੇ ਕੋਲੋਂ ਚੁਗੇ ਨਹੀਂ ਜਾਂਦੇ। ਜੇ ਜੰਮੂ ਵਿਚ ਹਿਦੂਆਂ ਦੀ ਅਬਾਦੀ ਜਿਆਦਾ ਸੀ ਤਾਂ ਕਸ਼ਮੀਰ ਵਿਚ ਮੁਸਲਮਾਨਾਂ ਦੀ ਅਬਾਦੀ ਜਿਆਦਾ ਸੀ। ਚੰਗਾ ਕਰਦੇ ਤਾਂ ਜੰਮੂ ਨੂੰ ਭਾਰਤ ਵਿਚ ਤੇ ਕਸ਼ਮੀਰ ਨੂੰ ਪਾਕਿਸਤਾਨ ਵਲ ਜਾਣ ਦੇਂਦੇ। ਹੁਣ ਜਿਹੜਾ ਅਰਬਾਂ ਰੁਪਏ ਤੇ ਜਾਨੀ ਨੁਕਸਾਨ ਹੋ ਰਿਹਾ ਹੈ ਉਹ ਨਾਂ ਹੁੰਦਾ। ਜਿੰਨਾਂ ਪੈਸਾ ਪਾਕਿਸਤਾਨ ਨਾਲ ਜੰਗ 'ਤੇ ਲਗ ਰਿਹਾ ਹੈ ਓਨੇਂ ਨਾਲ ਬਾਕੀ ਦਾ ਭਾਰਤ ਖੁਸ਼ਹਾਲ ਹੋ ਸਕਦਾ ਸੀ। ਹੁਣ ਕਸ਼ਮੀਰ ਤੁਹਾਡੇ ਸੰਘ ਵਿਚ ਫਸਿਆ ਹੋਇਆ ਹੈ ਤੇ ਤੁਸੀਂ ਅਜੇ ਵੀ ਮੰਦਰਾਂ ਵਿਚ ਭੁੜਕ ਭੁੜਕ ਕੇ ਗਾਉਂਦੇ ਹੋ "ਸਾਨੂੰ ਪਿਆਰਾ ਲਗਦਾ, ਮਾਂ ਤੇਰਾ ਜੰਮੂ ਕਸ਼ਮੀਰ। ਸਾਨੂੰ ਸੋਹਣਾ ਲਗਦਾ। ਸਾਨੂੰ ਪਿਆਰਾ ਲਗਦਾ।"

ਉਸਤੋਂ ਬਾਅਦ ਕਹਿੰਦੇ ਹਨ ਹੈਦਰਾਬਾਦ ਨੂੰ ਵੀ ਅਸਾਂ ਅਜਾਦ ਕਰਵਾ ਕੇ ਭਾਰਤ ਨਾਲ ਰਲਵਾਇਆ ਹੈ। ਗੋਆ ਨੂੰ ਅਜਾਦ ਕਰਵਾਇਆ। ਦਾਦਰਾ ਨਗਰ ਹਵੇਲੀ ਨੂੰ ਸਵਯ ਸੇਵਕਾਂ ਨੇ ਲਾਠੀਆਂ ਦੀ ਤਾਕਤ ਨਾਲ ਅਜ਼ਾਦ ਕਰਵਾਇਆ ਤੇ ਇਸ ਤਰ੍ਹਾਂ ਉਹ ਤਾਂ ਹੋਰ ਵੀ ਬਹੁਤ ਕੁਝ ਕੀਤਾ ਦਸਦੇ ਹਨ। ਥਲੇ ਲਿਖਦੇ ਹਨ,

ਤੇਰਾ ਵੈਭਵ ਅਮਰ ਰਹੇ ਮਾਂ
ਹਮ ਦਿਨ ਚਾਰ ਰਹੇ ਨਾਂ ਰਹੇ।

ਏਥੇ ਮੈਂ ਇਕ ਗੱਲ ਦਸਦਾਂ ਹਾਂ। ਜਦੋਂ ਐਮਰਜੈਂਸੀ ਲਗੀ ਤਾਂ ਉਸ ਵਿਚ ਜਨਸੰਘ ਨੇ ਵੀ ਭਾਗ ਲੈਣ ਦਾ ਫੈਸਲਾ ਕਰ ਲਿਆ। ਰਾਤੋਰਾਤ ਪਕੜ ਧਕੜ ਸ਼ੁਰੂ ਹੋ ਗਈ। ਮੈਂ ਆਪਣੀ ਟਰਾਲੀ ਵਿਚ ਰੂੜੀ ਲਦਵਾ ਰਿਹਾ ਸਾਂ, ਜਦੋਂ ਮੇਰਾ ਇਕ ਸ਼ਹਿਰੀ ਮਿੱਤਰ ਆਇਆ ਤੇ ਕਾਰ ਵਿਚੋਂ ਕੱਢ ਕੇ ਇਕ ਪੰਡ ਨਿਕਰਾਂ ਤੇ ਖਾਕੀ ਬਨੈਣਾਂ ਦੀ ਲਿਆ ਸੁੱਟੀ ਤੇ ਇਕ ਗੱਠਰ ਬਾਂਸ ਦੀਆਂ ਡਾਂਗਾ ਦੇ ਤਿੰਨ ਤਿੰਨ ਟੋਟੇ ਕਰਕੇ ਬੱਧਾ ਹੋਇਆ ਸੀ ਉਹ ਵੀ ਕਾਰ ਵਿਚੋਂ ਕੱਢ ਕੇ ਬਾਹਰ ਸੁੱਟ ਦਿੱਤਾ ਤੇ ਮੈਨੂੰ ਕਹਿਣ ਲਗਾ "ਆਹ ਨਿਕਰਾਂ ਤੇ ਬਨੈਣਾਂ ਤਾਂ ਮਜਦੂਰਾਂ ਵਿਚ ਵੰਡ ਦੇ ਤੇ ਬਾਂਸ ਚੁਲ੍ਹੇ ਵਿਚ ਡਾਹ ਲਿਓ।" ਮੈਨੂੰ ਸਮਝ ਨਾਂ ਲਗੇ ਕਿ ਇਹ ਕਹਿ ਕੀ ਰਿਹਾ ਹੈ, ਉਹ ਮੇਰੇ ਕੋਲ ਬਹੁਤਾ ਚਿਰ ਨਹੀਂ ਰੁਕਿਆ ਤੇ ਕਾਰ ਭਜਾ ਕੇ ਲੈ ਗਿਆ। ਸਾਡੇ ਸਾਰੇ ਮਜ਼ਦੂਰਾਂ ਨੂੰ ਦੋ ਦੋ ਬਨੈਣਾ ਤੇ ਦੋ ਦੋ ਖਾਕੀ ਨਿਕਰਾਂ ਹਿੱਸੇ ਆਈਆਂ। ਸਾਰੇ ਮਜਦੂਰ ਬੜੇ ਖੁਸ਼ਕਈਆਂ ਦੇ ਕਛੇ ਪਾਟੇ ਹੋਏ ਸਨ ਤੇ ਕਈਆਂ ਦੇ ਝਗੇ। ਜਦੋਂ ਉਹ ਸਾਰੇ ਨਿਕਰਾਂ ਬਨੈਣਾਂ ਪਾ ਕੇ ਤੁਰਨ ਫਿਰਨ ਤਾਂ ਜਨਸੰਘੀਆਂ ਦੀ ਟੋਲੀ ਵਾਂਗ ਲੱਗਣ। ਦੂਜੇ ਦਿਨ ਅਖਬਾਰ ਵਿਚ ਆਇਆ ਕਿ ਜੰਨਸੰਘੀਆਂ ਨੇ ਮੂੰਹ ਹਨੇਰੇ ਹੀ ਆਪਣੀਆਂ ਆਪਣੀਆਂ ਨਿਕਰਾਂ ਲਾਹ ਕੇ ਕੂੜੇ ਦੇ ਢੋਲਾਂ ਵਿਚ ਸੁੱਟ ਦਿੱਤੀਆਂ ਸਨ ਤਾਂ ਕਿ ਪੁਲਿਸ ਵਲੋਂ ਫੜੇ ਨਾਂ ਜਾਈਏ।

ਮੈਂ ਤਾਂ ਬਚਪਨ ਤੋਂ ਹੀ ਇਹਨਾਂ ਨੂੰ ਨਹਿਰ 'ਤੇ ਸੈਰ ਕਰਦਿਆਂ ਨੂੰ ਵੇਖਦਾ ਰਿਹਾਂ ਹਾਂ। ਵਿੰਗੇ ਵਿੰਗੇਂ ਢਿੱਡ, ਸੁਕੀਆਂ ਲਤਾਂ ਤੇ ਬੇਢੱਬਾ ਜਿਹਾ ਸਰੀਰ, ਸ਼ੂਗਰ ਦੇ ਮਰੀਜ। ਇਹਨਾਂ ਦਾ ਸਰੀਰਕ ਢਾਂਚਾ ਤਾਂ ਇਹਨਾਂ ਦੀਆਂ ਗਪਾਂ ਨਾਲ ਮੇਲ ਨਹੀਂ ਖਾਂਦਾ ਪਰ ਇਹ ਕਿਤਾਬਚੇ ਜਹੇ ਤਾਂ ਇਹਨਾਂ ਨੇ ਏਦਾਂ ਵੰਡੇ ਹਨ, ਜਿਵੇਂ ਅਸਮਾਨ ਇਹਨਾਂ ਦੀਆਂ ਲਤਾਂ 'ਤੇ ਹੀ ਠਲ੍ਹਿਆ ਹੋਇਆ ਹੋਵੇ। ਜੇ ਸਾਰਾ ਕੁਝ ਇਹ ਹੀ ਕਰ ਰਹੇ ਸਨ ਤਾਂ ਫਿਰ ਭਾਰਤ ਦੀ ਫੌਜ ਕੀ ਕਰ ਰਹੀ ਸੀ? ਹਾਂ ਇਕ ਕੰਮ ਇਹ ਕਰ ਸਕਦੇ ਹਨ ਜਦੋਂ ਭਾਰਤੀ ਫੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਟੀ. ਵੀ. ਤੇ ਰੇਡੀਓ ਬਾਰ ਬਾਰ ਦਸ ਰਹੇ ਸਨ ਕਿ "ਹਿੰਦੂ ਵੀਰਾਂ ਨੇ ਫੌਜੀਆਂ ਦੀ ਚਾਹ, ਲੱਸੀ, ਸ਼ਰਬਤ ਤੇ ਠੰਡੇ ਪਾਣੀ ਨਾਲ ਖੂਬ ਸੇਵਾ ਕੀਤੀ।" ਸ਼ਰਾਬ ਦਾ ਖਾਸ ਕੋਟਾ ਪੰਜਾਬ ਦੇ ਅਬਾਕਾਰੀ ਵਿਭਾਗ ਵਲੋਂ ਦਿੱਤਾ ਗਿਆ ਸੀ। ਆਂਡੇ ਤੇ ਮੀਟ ਹਿੰਦੂਆਂ ਦੇ ਚੁਲ੍ਹਿਆਂ 'ਤੇ ਬਣ ਗਏ ਤੇ ਸਰੋਵਰ ਦੀਆਂ ਮੱਛੀਆਂ ਉਹਨਾਂ ਨੇ ਪ੍ਰਕਰਮਾਂ ਵਿਚ ਹੀ ਭੁੰਨ ਲਈਆਂ। ਇਸ ਤਰ੍ਹਾਂ ਦੀ ਸਹਾਇਤਾ ਤਾਂ ਹੋ ਸਕਦਾ ਹੈ ਇਹਨਾਂ ਨੇ ਦਿੱਤੀ ਹੀ ਹੋਵੇ।

ਇਹਨਾਂ ਨੇ ਇਤਿਹਾਸ ਨੂੰ ਪੁੱਠਾ ਗੇੜਾ ਕਿਵੇਂ ਦਿੱਤਾ ਹੈ, ਇਸਦਾ ਨਮੂਨਾ ਵੀ ਵੇਖੋ;

'ਕੀ ਤੁਸੀਂ ਜਾਣਦੇ ਹੋ?' ਦੇ ਸਿਰਲੇਖ ਹੇਠ ਮਹਾਸ਼ਾ ਜੀ ਪੁਛਦੇ ਹਨ।

1. ਅਮਰੀਕਾ ਦੀ ਖੋਜ ਕਿਸਨੇ ਕੀਤੀ? ਕ੍ਰਿਸਟੋਫਰ ਕੋਲੰਬਸ ਨੇ?

ਜੀ ਨਹੀਂ। ਅਮਰੀਕਾ ਵਿਚ ਹਿੰਦੂ ਪਹਿਲਾਂ ਹੀ ਪਹੁੰਚ ਚੁਕੇ ਸਨ।

2. ਕੀ ਭਾਰਤ ਨੂੰ ਵਾਸਕੋਡੀ-ਗਾਮਾ ਨੇ ਖੋਜਿਆ?

ਬਿਲਕੁਲ ਨਹੀਂ। ਵਾਸਕੋਡੀ-ਗਾਮਾ ਦੇ ਜਹਾਜ ਦਾ ਅਫਰੀਕਾ ਦੇ ਦੱਖਣੀ ਤੱਟ (ਜੰਜੀਬਾਰ) ਤੋਂ ਭਾਰਤ ਤੱਕ ਇਕ ਭਾਰਤੀ ਜਹਾਜ ਨੇ ਮਾਰਗ ਦਰਸ਼ਨ ਕੀਤਾ। ਭਾਰਤੀ ਜਹਾਜ ਵਾਸਕੋਡੀ-ਗਾਮਾ ਦੇ ਜਹਾਜ ਤੋਂ ਕਈ ਗੁਣਾ ਵੱਡਾ ਸੀ।

3. ਅਖਾਉਤੀ ਫੀਸਾਗੋਰਸ ਦਾ ਸਿਧਾਂਤ (Pythagoras' Theorem) ਕਿਸਨੇ ਸੂਤਰਬੱਧ ਕੀਤਾ? ਫੀਸਾਗੋਰਸ ਨੇ?

ਜੀ ਨਹੀਂ। ਇਸ ਸਿਧਾਂਤ ਦਾ ਜ਼ਿਕਰ ਫੀਸਾਗੋਰਸ ਦੇ ਜੰਮਣ ਤੋਂ ਢੇਰ ਚਿਰ ਪਹਿਲਾਂ ਭਾਰਤ ਦੇ ਸ਼ਿਲਪ ਸੂਤਰ ਨਾਂਅ ਦੇ ਗ੍ਰੰਥ ਵਿਚ ਹੋਇਆ।

4. ਗੁਰੂਤਾ ਖਿੱਚ ਦੀ ਖੋਜ ਕਿਸਨੇ ਕੀਤੀ। ਨਿਊਟਨ ਨੇ?

ਨਹੀਂ? ਪ੍ਰਸਿੱਧ ਭਾਰਤੀ ਤਾਰਾ ਵਿਗਆਨੀ ਆਰੀਆ ਭੱਟ ਅਤੇ ਭਾਸਕਰਾਚਾਰੀਆ ਗੁਰਤਾ ਖਿੱਚ ਦੀ ਸ਼ਕਤੀ ਤੋਂ ਜਾਣੂੰ ਸਨ। ਇਹ ਵਿਗਿਆਨੀ ਨਿਊਟਨ ਤੋਂ ਕ੍ਰਮਵਾਰ ਇਕ ਹਜ਼ਾਰ ਅਤੇ ਪੰਦਰਾਂ ਸੌ ਵਰ੍ਹੇ ਪਹਿਲਾਂ ਹੋਏ ਹਨ।

5. ਬਿਜਲਈ ਸ਼ਕਤੀ ਦੀ ਖੋਜ ਕਦੋਂ ਹੋਈ? ਲਗਭਗ ਸੌ ਵਰ੍ਹੇ ਪਹਿਲਾਂ? ਨਹੀਂ। ਵੇਦਾਂ ਵਿਚ ਬਿਜਲਈ ਸ਼ਕਤੀ, ਚੁੰਬਕੀ ਸ਼ਕਤੀ, ਗਰਮੀ, ਪ੍ਰਕਾਸ਼, ਅਵਾਜ ਅਤੇ ਈਥਰ (Ether - ਪੁਲਾੜ ਤੱਤ) ਦੀਆਂ ਸਪੱਸ਼ਟ ਪਰਿਭਸ਼ਾਵਾਂ ਦਿੱਤੀਆਂ ਗਈਆਂ ਹਨ। ਏਥੋਂ ਤੱਕ ਕਿ ਪ੍ਰਮਾਣੂ ਸੰਸਲੇਸ਼ਣ (Nuclear Fusion) ਦੇ ਸਿਧਾਂਤ ਦਾ ਵੀ ਵੈਦਿਕ ਕਾਲ ਵਿਚ ਗਿਆਨ ਸੀ।

6. ਸਿਫਰ (ਸ਼ੂਨਯ) ਦਾ ਸੰਕਲਪ ਅਤੇ ਦਸ਼ਮਲਵ ਪ੍ਰਣਾਲੀ ਭਾਰਤ ਦੇ ਹਿੰਦੂ ਰਿਸ਼ੀਆਂ ਮੁਨੀਆਂ ਦੀ ਹੀ ਖੋਜ ਹੈ।

7. ਪਰਾਚੀਨ ਹਿੰਦੂ ਗਣਿਤ (ਜਿਸਨੂੰ 'ਵੈਦਿਕ ਗਣਿਤ' ਦੇ ਨਾਂਅ ਨਾਲ ਜਾਣਿਆਂ ਜਾਂਦਾ ਹੈ) ਦੇ ਸਹਾਰੇ ਗੁੰਝਲਦਾਰ ਹਿਸਾਬਾਂ-ਕਿਤਾਬਾਂ ਦਾ ਇਕ-ਦੋ ਪੰਕਤੀਆਂ ਵਿਚ ਹੀ ਜਬਾਨੀ ਉੱਤਰ ਸੰਭਵ ਹੈ। ਵਿਸ਼ਵ ਹਿੰਦੂ ਪਰੀਸ਼ਦ, ਆਸਟਰੇਲੀਆ ਸਮੇਂ-ਸਮੇਂ ਵੈਦਿਕ ਗਣਿਤ ਸਬੰਧੀ ਮੁਫਤ ਕਾਰਜਸ਼ਾਲਾ ਦਾ ਜੁਗਾੜ ਕਰਦੀ ਰਹਿੰਦੀ ਹੈ।

8. ਕੰਪਿਊਟਰ ਵਿਚ ਹਰ ਤਰ੍ਹਾਂ ਦੀ ਗਿਣਤੀ ਲਈ 0 ਅਤੇ 1 ਦੇ ਕੇਵਲ ਦੋ ਹਿੰਦਸਿਆਂ ਉੱਤੇ ਅਧਾਰਤ Binary Calculation ਦੇ ਸੰਕਲਪ ਦੀ ਸਾਡੇ ਪੁਰਾਣਾਂ ਵਿਚ ਹਜ਼ਾਰਾਂ ਵਰ੍ਹੇ ਪਹਿਲਾਂ ਵੀ ਹੋਂਦ ਸੀ। ਇਸ ਦੋ ਅੰਕਾਂ ਦੀ ਪ੍ਰਣਾਲੀ ਵਿਚ ਸਭ ਸੰਖਿਆਵਾਂ 0 ਅਤੇ 1 ਨੂੰ ਹੀ ਵੱਖ ਵੱਖ ਢੰਗਾਂ ਨਾਲ ਤਰਤੀਬ ਦੇ ਕੇ ਲਿਖੀਆਂ ਜਾਂਦੀਆਂ ਹਨ। ਸਾਡੇ ਉਪਨਿਸ਼ਦ ਕਹਿੰਦੇ ਹਨ "ਸਮੁੱਚੀ ਸ੍ਰਿਸ਼ਟੀ (ਇਕਾਈ) ਅਤੇ 0 ਦਾ ਮਿਸ਼ਰਣ ਹੈ।" ਇਹ ਕਥਨ ਤਾਂ ਐਵੇਂ ਝਲਕ ਮਾਤਰ ਹੈ, ਪੂਰੀ ਸੂਚੀ ਬਨਾਉਣ ਦੀ ਕੋਸ਼ਿਸ਼ ਕਰੀਏ ਤਾਂ ਉਹ ਮੁਕਣ ਵਿਚ ਹੀ ਨਹੀਂ ਆਵੇਗੀ।

ਪਰੰਤੂ ਅੱਜ ਦੇ ਭਾਰਤ ਵਿਚ ਜੇ ਅਸੀਂ ਉਸ ਮਹਾਨ ਸਨਾਤਨੀ ਭਾਰਤ ਦੀ ਝਲਕ ਤਕ ਵੀ ਨਹੀਂ ਵੇਖਦੇ ਤਾਂ ਇਸਦਾ ਮਤਲਬ ਇਹ ਹੈ ਕਿ ਸਾਨੂੰ ਆਪਣੀ ਸਮਰੱਥਾ ਦਾ ਗਿਆਨ ਹੀ ਨਹੀਂ।

ਆਓ ਅਸੀਂ ਆਪਣੇ ਆਤਮਵਿਸ਼ਵਾਸ ਨੂੰ ਜਗਾਈਏ, ਜਿਹੜਾ ਕੰਮ ਸਾਡੇ ਵੱਡੇ-ਵਡੇਰੇ ਕਰ ਚੁੱਕੇ ਹਨ, ਅਸੀਂ ਉਹਨਾਂ ਦੇ ਸਪੂਤ ਕਿਉਂ ਨਹੀਂ ਕਰ ਸਕਦੇ?

ਪ੍ਰਾਚੀਨ ਹਿੰਦੂਆਂ ਬਾਰੇ ਹੋਰ ਗਪਾਂ ਵੀ ਵੇਖੋ;

1. ਹਿੰਦੂਆਂ ਨੇ ਗਿਣਤੀ ਅਤੇ ਹਿੰਦਸਿਆਂ ਦੀ ਖੋਜ ਕੀਤੀ। ਦਸ਼ਮਲਵ ਪ੍ਰਣਾਲੀ ਵੀ ਦੁਨੀਆਂ ਨੂੰ ਭਾਰਤ ਦੀ ਹੀ ਦੇਣ ਹੈ।

2. ਸਾਰੀਆਂ ਯੂਰਪੀ ਭਸ਼ਾਵਾਂ ਦੀ ਮਾਂ ਸੰਸਕ੍ਰਿਤ ਭਾਸ਼ਾ ਹੈ। ਕੰਪਿਊਟਰ ਪ੍ਰੋਗਰਾਮਿੰਗ ਵਾਸਤੇ ਸੰਸਕ੍ਰਿਤ ਸਭ ਤੋਂ ਢੁੱਕਵੀਂ ਭਾਸ਼ਾ ਹੈ।

3. ਆਯੁਰਵੇਦ ਹੀ ਇਲਾਜ ਦਾ ਸਭ ਤੋਂ ਪਰਾਚੀਨ ਤਰੀਕਾ ਹੈ।

4. ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਸਤਾਰ੍ਹਵੀਂ ਸਦੀ ਵਿਚ ਭਾਰਤ ਦੁਨੀਆਂ ਦਾ ਸਭ ਤੋਂ ਅਮੀਰ ਦੇਸ ਸੀ।

5. ਜਹਾਜਰਾਨੀ ਤਕਰੀਬਨ ਛੇ ਹਜਾਰ ਸਾਲ ਪਹਿਲਾਂ ਸਿੰਧੂ ਨਦੀ ਤੋਂ ਸ਼ੁਰੂ ਹੋਈ। ਅਸਲ ਵਿਚ ਅੰਗ੍ਰਜ਼ੀ ਸ਼ਬਦ ਨੈਵੀਗੇਸ਼ਨ ਸੰਸਕ੍ਰਿਤ ਸ਼ਬਤ ਨਵਗਤੀ ਤੋਂ ਬਣਿਆ ਹੈ। ਏਸੇ ਤਰ੍ਹਾਂ ਅੰਗਰੇਜੀ ਸ਼ਬਦ Navy (ਸਮੁੰਦਰੀ ਫੌਜ ਵੀ ਸੰਸਕ੍ਰਿਤ ਦੇ 'ਨੌ' ਧਾਤੂ ਤੋਂ ਹੀ ਵਿਕਸਤ ਹੋਇਆ ਹੈ।

6. ਭਾਸਕਰਾਚਾਰੀਆ ਨੇ ਖਗੋਲ ਸ਼ਾਸਤਰੀ ਸਮਾਰਤ (Smart) ਤੋਂ ਸੈਂਕੜੇ ਸਾਲ ਪਹਿਲਾਂ ਪ੍ਰਿਥਵੀ ਦੀ ਸੂਰਜ ਦੁਆਲੇ ਪਰਦੱਖਣਾ ਦਾ ਸਮਾਂ ਮਿਣਿਆ ਸੀ। ਪੰਜਵੀ ਸਦੀ ਵਿਚ ਇਹ ਸਮਾਂ 365.258756484 ਦਿਨ ਮਿਥਿਆ ਗਿਆ ਸੀ।

7. ਪਾਈ ਦਾ ਮੁੱਲ ਸਭ ਤੋਂ ਪਹਿਲਾਂ ਬੋਧਾਯਨ ਨੇ ਲੱਭਿਆ। ਜਿਸਨੂੰ ਅਸੀਂ ਰੇਖਾ ਗਣਿਤ ਵਿਚ ਫੀਸਾਗੋਰਸ (Pythagoras) ਦਾ ਸਿਧਾਂਤ ਕਰਕੇ ਜਾਣਦੇ ਹਾਂ।

8. ਬੀਜ ਗਣਿਤ, ਤਿਕੋਣਮਿਤੀ, ਕੈਲਕੂਲਸ ਵੀ ਭਾਰਤ ਦੀ ਹੀ ਦੇਣ ਹੈ।

9. 1896 ਤੱਕ ਭਾਰਤ ਹੀ ਹੀਰਿਆਂ ਦਾ ਇਕੋ ਇਕ ਸਰੋਤ ਸੀ।

10. ਬੇਤਾਰ ਸੰਚਾਰ ਪ੍ਰਣਾਲੀ (Wireless) ਦੀ ਖੋਜ ਮਾਰਕੋਨੀ ਨੇ ਨਹੀਂ, ਸਗੋਂ ਜਗਦੀਸ਼ ਚੰਦਰ ਬਸੂ ਨੇ ਕੀਤੀ।

11. ਸਿੰਚਾਈ ਵਾਸਤੇ ਪਾਣੀ ਇਕੱਠਾ ਕਰਨਾ ਅਤੇ ਬੰਨ੍ਹ (ਡੈਮ) ਨਿਰਮਾਣ ਦਾ ਆਰੰਭ ਵੀ ਦੁਨੀਆਂ ਵਿਚ ਭਾਰਤ ਦੇ ਪ੍ਰਾਂਤ ਸੌਰਾਸ਼ਟਰ (ਗੁਜਰਾਤ) ਵਿਚ ਹੋਇਆ।

12. ਸਤਰੰਜ (Chess) ਦੀ ਕਾਢ ਵੀ ਭਾਰਤੀਆਂ ਦੁਆਰਾ ਹੀ ਹੋਈ ਹੈ।

13. ਚੀਰਫਾੜ ਰਾਹੀਂ ਇਲਾਜ (ਸਰਜਰੀ) ਦੇ ਮੋਢੀ ਵੀ ਭਾਰਤੀ ਮਹਾਂਰਿਸ਼ੀ ਸ਼ੁਸਰਤ ਸਨ।

ਇਤਿਹਾਸ ਵਗਾੜਨ ਦੀ ਇਕ ਹੋਰ ਘਟਨਾਂ ਵੇਖੋ;

ਮੈਕਾਲਫ ਇਕ ਅੰਗਰੇਜ ਅਫਸਰ ਤੇ ਇਤਿਹਾਸਕਾਰ ਸੀ। ਸਿਖਾਂ ਤੋਂ ਪ੍ਰਭਾਵਤ ਹੋ ਕੇ ਉਸਨੇ ਅੰਮ੍ਰਿਤ ਛੱਕ ਲਿਆ। ਲੰਡਨ ਵਾਪਸ ਜਾ ਕੇ ਉਸਦੀ ਮੌਤ ਹੋ ਗਈ। ਅਮਰੀਕਾ ਵਿਚ ਮੈਨੂੰ ਇਕ ਇੰਗਲੈਂਡ ਵਿਚ ਰਹਿਣ ਵਾਲਾ ਸਿੱਖ ਮਿਲਿਆ ਜਿਸਨੇ ਦਸਿਆ ਕਿ ਮੈਕਾਲਫ ਦੀ ਕਬਰ ਉਸਨੇ ਆਪ ਵੇਖੀ ਹੈ, ਜਿਸ 'ਤੇ ਉਕਰਿਆ ਹੋਇਆ ਹੈ, ਮੈਕਾਲਫ ਸਿੰਘ। ਮੈਂ ਉਸਨੂੰ ਪੁਛਿਆ ਕਿ ਉਸਦੀ ਕਬਰ ਕਿਓਂ ਬਣਾਈ ਗਈ, ਸੰਸਕਾਰ ਕਿਉਂ ਨਾਂ ਕੀਤਾ ਗਿਆ? ਤਾਂ ਉਸ ਸਿੰਘ ਨੇ ਕਿਹਾ, "ਆਪਣੇ ਪਰਿਵਾਰ ਵਿਚੋਂ ਸਿਰਫ ਇਕਲਾ

ਮੈਕਾਲਫ ਹੀ ਸਿੰਘ ਸਜਿਆ ਸੀ, ਉਸਦੇ ਪਰਿਵਾਰ ਦੇ ਹੋਰ ਕਿਸੇ ਵੀ ਅੰਗਰੇਜ ਨੂੰ ਸਿੱਖ ਸੰਸਕਾਰਾਂ ਦਾ ਕੋਈ ਪਤਾ ਨਹੀਂ ਸੀ ਵੈਸੇ ਵੀ ਇੰਗਲੈਂਡ ਤੇ ਹੋਰ ਯੂਰਪੀਨ ਦੇਸ਼ਾ ਦੇ ਲੋਕ ਭਾਰਤ ਵਾਂਗ ਖੁਲ੍ਹੇ ਆਮ ਮੁਰਦਾ ਨਹੀਂ ਸਾੜ ਸਕਦੇ ਕਿਉਂਕਿ ਉਹ ਸਮਝਦੇ ਹਨ ਕਿ ਇਸ ਤਰ੍ਹਾਂ ਹਵਾ ਵਿਚ ਮਲੀਨਤਾ ਫੈਲਦੀ ਹੈ ਤੇ ਮੁਰਦੇ ਵਿਚੋਂ ਨਿਕਲਣ ਵਾਲੀਆਂ ਗੈਸਾਂ ਜਿਉਂਦੇ ਮਨੁੱਖਾਂ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ। ਹੁਣ ਬਿਜਲੀ ਨਾਲ ਸੰਸਕਾਰ ਹੋਣ ਲਗ ਪਏ ਹਨ। ਓਦੋਂ ਇੰਗਲੈਂਡ ਵਿਚ ਬਹੁਤੇ ਸਿੱਖ ਨਹੀਂ ਸਨ ਰਹਿੰਦੇ, ਜਿਹੜੇ ਉਸਦੇ ਪਰਿਵਾਰ ਨੂੰ ਅੰਤਮ ਸੰਸਕਾਰਾਂ ਬਾਰੇ ਜਾਣਕਾਰੀ ਦੇਂਦੇ। ਨਾਲੇ ਮੈਕਾਲਫ ਦਾ ਪਰਿਵਾਰ ਲੰਡਨ ਸ਼ਹਿਰ ਦੇ ਬਾਹਰਵਾਰ ਰਹਿੰਦਾ ਸੀ ਤੇ ਉਹਨਾਂ ਦੀ ਕਬਰ ਉਹਨਾਂ ਦੇ ਖਾਨਦਾਨੀ ਸ਼ਮਸਾਨ ਭੂਮੀ ਵਿਚ ਹੈ, ਜਿਥੇ ਹੋਰ ਕੋਈ ਨਹੀਂ ਜਾ ਸਕਦਾ। ਉਹਨਾਂ ਨੇ ਮੇਰੇ ਨਾਲ ਵਾਅਦਾ ਕੀਤਾ ਸੀ ਕਿ ਵਾਪਸ ਇੰਗਲੈਂਡ ਜਾਣ ਤੇ ਮੈਕਾਲਫ ਸਾਹਿਬ ਦੀ ਕਬਰ ਦੀ ਫੋਟੋ ਮੈਨੂੰ ਭੇਜਣਗੇ। ਪਰ ਹਿੰਦੂ ਉਸ ਬਾਰੇ ਕੀ ਲਿਖਦੇ ਹਨ, ਜਰਾ ਵੇਖੋ:- "ਪ੍ਰੰਤੂ ਹੈਰਾਨੀ ਉਸ ਸਮੇਂ ਹੋਈ ਜਦੋਂ ਮੈਕਾਲਫ ਭਾਰਤ ਤੋਂ ਲੰਦਨ ਪਰਤਦੇ ਸਮੇਂ ਦੁਬਾਰਾ ਈਸਾਈ ਬਣ ਗਿਆ। ਉਸਨੇ ਜਹਾਜ ਵਿਚ ਹੀ ਨਾਈ ਮੰਗਵਾ ਕੇ ਆਪਣੇ ਵਾਲ ਕਟਵਾ ਦਿੱਤੇ। ਉਹ ਲੰਦਨ ਦੇ ਰਸਤੇ ਵਿਚ ਦੁਬਾਰਾ ਈਸਾਈ ਬਣ ਗਿਆ। ਅੱਜ ਵੀ ਇਸਾਈ ਦੇ ਨਾਤੇ ਉਸਦੀ ਕਬਰ ਬਣੀ ਹੋਈ ਹੈ।" ਹੈ ਕਿ ਨਹੀਂ ਇਤਿਹਾਸ ਨੂੰ ਪੁੱਠਾ ਗੇੜਾ?

"ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿੰਦੁਸਤਾਨੁ ਸਮਾਲਸੀ ਬੋਲਾ।
ਸੱਚ ਕੀ ਬਾਣੀ ਨਾਨਕ ਆਖੇ ਸੱਚ ਸੁਣਾਇਸੀ ਸੱਚ ਕੀ ਬੇਲਾ"

ਦਾ ਅਰਥ ਹਿੰਦੂ ਇਹ ਕੱਢ ਕੇ ਸਿਖਾਂ ਨੂੰ ਗੁੰਮਰਾਹ ਕਰ ਰਹੇ ਹਨ ਤੇ ਬਾਣੀ ਦੇ ਅਰਥਾਂ ਨੂੰ ਵੀ ਤੋੜ ਮਰੋੜ ਰਹੇ ਹਨ ਕਿ "ਹਿੰਦੁਸਤਾਨ ਸੰਭਲੇਗਾ ਅਤੇ ਉਸਦਾ ਬੋਲਬਾਲਾ ਹੋਵੇਗਾ"

ਅਸਲ ਸ਼ਬਦ ਇਸ ਤਰ੍ਹਾਂ ਹੈ :

ਸਚਾ ਸੋ ਸਾਹਿਬ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿੰਦੁਸਤਾਨੁ ਸਮਾਲਸੀ ਬੋਲਾ

ਇਸਦੇ ਸਹੀ ਅਰਥ ਇਸ ਤਰ੍ਹਾਂ ਹਨ "ਪ੍ਰਭੂ ਦੇ ਅਟੱਲ ਨਿਯਮਾਂ ਅਨੁਸਾਰ ਹੀ ਇਸ ਵੇਲੇ ਸੈਦਪੁਰ ਵਿਚ ਹਰ ਪਾਸੇ ਮਨੁੱਖ ਸਰੀਰ ਰੂਪੀ ਕੱਪੜਾ ਟੋਟੇ ਟੋਟੇ ਹੋ ਰਿਹਾ ਹੈ। ਇਸ ਘਟਨਾਂ ਨੂੰ ਹਿੰਦੋਸਤਾਨ ਭੁਲਾ ਨਹੀਂ ਸਕੇਗਾ। ਹਿੰਦੁਸਤਾਨੁ ਸਮਾਲਸੀ ਬੋਲਾ ਦੇ ਅਰਥ "ਹਿੰਦੁਸਤਾਨ ਬਾਬਰ ਦੇ ਜ਼ੁਲਮ ਯਾਦ ਰਖੇਗਾ" ਨਾਂ ਕਿ "ਹਿੰਦੁਸਤਾਨ ਸੰਭਲੇਗਾ ਤੇ ਇਸਦਾ ਬੋਲਬਾਲਾ ਹੋਵੇਗਾ" ਬਾਣੀ ਦੇ ਅਰਥਾਂ ਨੂੰ ਤੋੜਨ ਮਰੋੜਨ ਤੋਂ ਇਲਾਵਾ ਇਹਨਾਂ ਨੇ ਐਸੇ ਐਸੇ ਕਲੰਡਰ ਛਾਪੇ ਹਨ, ਜਿਹਨਾਂ ਨੂੰ ਵੇਖ ਕੇ ਸਿੱਖਾਂ ਨੂੰ ਸਤੀਂ ਕਪੜੀਂ ਅਗ ਲਗਣੀ ਸੁਭਾਵਕ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਚਿੱਤਰ ਛਾਪ ਕੇ ਉਸ ਉੱਤੇ ਕ੍ਰਿਸ਼ਨ ਦੀਆਂ ਹਥੇਲੀਆਂ ਵਿਚੋਂ ਨਿਕਲਦਾ ਚਾਨਣ ਪਾਇਆ ਗਿਆ ਹੈ। ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੀ ਹੋਂਦ ਕ੍ਰਿਸ਼ਨ ਦੀ ਕਿਰਪਾ ਕਰਕੇ ਹੈ ਨਹੀਂ ਤਾਂ ਉਹ ਕੋਈ ਚੀਜ ਹੀ ਨਹੀਂ ਹਨ। ਏਸੇ ਤਰ੍ਹਾਂ ਹੀ ਗੁਰੂ ਗੋਬਿੰਦ ਸਿੰਘ ਜੀ ਉਤੇ ਲਵ ਅਤੇ ਕੁਸ਼ ਵਲੋਂ ਅਸ਼ੀਰਵਾਦ ਦੇ ਤੌਰ 'ਤੇ ਅਧਿਆਤਮਕ ਚਾਨਣਾ ਹਥੇਲੀਆਂ ਵਿਚੋਂ ਨਿਕਲਦਾ ਪਾਇਆ ਗਿਆ ਹੈ। ਇਹ ਸਾਰਾ ਦਸਮ ਗ੍ਰੰਥ ਦੀਆਂ ਊਟਪਟਾਂਗ ਕਹਾਣੀਆਂ 'ਤੇ ਅਧਾਰਤ ਹੈ। ਸਿਖਾਂ ਨੂੰ ਚਾਹੀਦਾ ਸੀ ਕਿ ਵਿਦਵਾਨਾਂ ਦੀ ਇਕ ਕਮੇਟੀ ਬਣਾ ਕੇ ਫੌਰਨ

ਇਸ ਤਰ੍ਹਾਂ ਦੇ ਮਿਲਾਵਟੀ ਸਾਹਿਤ ਨੂੰ ਗੁਰੂ ਜੀ ਦੀ ਅਸਲ ਬਾਣੀ ਤੋਂ ਅੱਡ ਕਰ ਦੇਂਦੇ ਤਾਂ ਕਿ ਇਸੈ ਦਾ ਲਾਭ ਲੈਣ ਦੀ ਕੋਈ ਜੁਅਰਤ ਨਾ ਕਰਦਾ ਪਰ ਹੁਣ ਵੇਲਾ ਲੰਘ ਚੁੱਕਾ ਹੈ। ਹੋਰ ਤਾਂ ਹੋਰ ਬਾਣੀ ਦੇ ਅਧਾਰ 'ਤੇ ਕਈ ਕਵਿਤਾਵਾਂ ਲਿਖ ਲਈਆਂ ਗਈਆਂ ਹਨ ਜਿਵੇਂ;

| ਅਸਲ | ਨਕਲ |
| --- | --- |
| ਜਉ ਤਉ ਪ੍ਰੇਮ ਖੇਲਨ ਕਾ ਚਾਉ | ਪ੍ਰੇਮ ਖੇਲਣ ਦਾ ਜੇ ਹੈ ਚਾਓ |
| ਸਿਰ ਧਰ ਤਲੀ ਗਲੀ ਮੇਰੀ ਆਉ | ਗੋਬਿੰਦ ਦੀ ਗਲੀ ਆ ਜਾਓ |
| ਇਤਿ ਮਾਰਗਿ ਪੈਰੁ ਧਰੀਜੈ। | ਸਿਰ ਰਖ ਕੇ ਤਲੀਆਂ 'ਤੇ ਆਪਣਾ |
| ਸਿਰ ਦੀਜੈ ਕਾਣਿ ਨਾ ਕੀਜੈ। | ਜਿਤਣ ਦਾ ਨਿਸਚਾ ਕਰੀਏ |
| ਗੁਰੂ ਗ੍ਰੰਥ ਸਾਹਿਬ ਅੰਕ (1412) | ਕੰਡਿਆਂ 'ਤੇ ਚਲ ਸੀ ਨਾਂ ਕਰਨਾ |
| | ਇਹ ਹਿੰਦੂ ਦੀ ਸ਼ਾਨ ਹੈ |
| | ਧਰਮ ਫੈਲੇਗਾ ਦੇਸ਼ ਜਾਗੇਗਾ |

ਇਹ ਕੱਟੜ ਹਿੰਦੂ ਜਮਾਤ ਰਾਸ਼ਟਰੀ ਸਿੱਖ ਸੰਗਤ ਕਹਿੰਦੀ ਹੈ "ਵੇਦ ਸ਼ਾਸਤਰਾਂ, ਪੁਰਾਣ, ਗੀਤਾ, ਰਮਾਇਣ ਦਾਂ ਸਾਰ ਅੰਮ੍ਰਿਤ ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਇਸ ਲਈ ਇਹ ਗ੍ਰੰਥ ਰਾਸ਼ਟਰੀ ਗ੍ਰੰਥ ਹੈ।" ਇਹਨਾਂ ਨੂੰ ਕੋਈ ਪੁਛੇ ਕਿ ਕੀ ਇਹ ਸਿੱਖ ਸਤਿਗੁਰਾਂ ਵਲੋਂ ਲਿਖਿਆ ਗ੍ਰੰਥ ਕਿਸੇ ਦੇ ਪਿਓ ਦਾ ਹੈ, ਜਿਹੜੇ ਲੋਕ ਇਸ ਰਾਸ਼ਟਰ ਤੋਂ ਬਾਹਰ ਵਾਲੇ ਹੋਰ ਰਾਸ਼ਟਰਾਂ ਵਿਚ ਰਹਿੰਦੇ ਹਨ ਉਹਨਾਂ ਦਾ ਨਹੀਂ? ਇਹ ਜਾਣ ਬੁੱਝ ਕੇ ਸਿੱਖਾਂ ਨੂੰ ਚਿੜਾਉਣ ਵਾਲੀਆਂ ਗੱਲਾਂ ਹਨ। ਜਿਨ੍ਹਾਂ ਤੋਂ ਇਹਨਾਂ ਨਕਲੀ ਸਿੱਖਾਂ ਨੂੰ ਬਾਜ ਆਉਣਾ ਚਾਹੀਦਾ ਹੈ। ਇਹ ਕਹਿੰਦੇ ਹਨ;

1. ਸਿੱਖ ਹਿੰਦੂਆਂ ਦਾ ਹੀ ਅੰਗ ਹਨ। ਕੇਸਾਧਾਰੀ ਅਤੇ ਸਹਿਜਧਾਰੀ ਸਿੱਖ ਇਕ ਹੀ ਹਨ।
2. ਸਿੱਖ ਹਿੰਦੂਆਂ ਨੂੰ ਬਚਾਉਣ ਵਾਸਤੇ ਇਕ ਫੌਜੀ ਦਸਤਾ ਤਿਆਰ ਕੀਤਾ ਗਿਆ ਸੀ।
3. ਸਿੱਖ ਗੁਰੂ ਸਾਹਿਬਾਨ ਹਿੰਦੁਸਤਾਨ ਦੇ ਰਾਸ਼ਟਰੀ ਆਗੂ ਹਨ।
4. ਦਸਮ ਗ੍ਰੰਥ ਵਿਚ ਸਿੱਖਾਂ ਦੀ ਵਖਰੀ ਹੋਂਦ ਨਹੀਂ ਮੰਨੀ ਗਈ।
5. ਜਿਹੜੇ ਸਿੱਖ ਸਿੱਖਾਂ ਨੂੰ ਵਖਰੀ ਕੌਮ ਦਸਦੇ ਹਨ, ਉਹ ਵਖਵਾਦੀ ਹਨ।
6. ਗੁਰਬਾਣੀ ਐਸੀ ਗਿਆਨ ਗੰਗਾ ਹੈ, ਜੋ ਵੇਦਾਂ ਦੀ ਗੰਗੋਤਰੀ ਵਿਚੋਂ ਫੁਟਦੀ ਹੈ
7. ਜਪੁਜੀ ਗੀਤਾ ਦਾ ਛੋਟਾ ਰੂਪ ਹੈ।

ਪੁੰਨਿਆ, ਮਸਿਆ, ਹੋਲੀ, ਲੋਹੜੀ, ਰਖੜੀ ਵਗੈਰਾ ਤਿਓਹਾਰ ਸਿਖਾਂ ਲਈ ਬੇ-ਮਾਅਨਾਂ ਹਨ ਪਰ ਫਿਰ ਵੀ ਸਿੱਖ ਹਿੰਦੂਆਂ ਦੀ ਵੇਖਾ ਵੇਖੀ ਮਨਾਈ ਜਾਂਦੇ ਹਨ। ਸਿੱਖਾਂ ਲਈ ਕਿਤੇ ਵੀ ਗਾਂ ਦਾ ਮਾਸ ਖਾਣਾ ਮਨ੍ਹਾ ਨਹੀਂ। ਸਤਿਗੁਰਾਂ ਨੇ ਸਪੱਸ਼ਟ ਨਿਖੇੜਾ ਕਰ ਦਿੱਤਾ ਹੈ "ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ"। ਇਕ 'ਉਸ' ਮੁਸਲਮਾਨ ਲਈ ਤੇ ਦੂਜਾ 'ਉਸ' ਹਿੰਦੂ ਲਈ ਵਰਤਿਆ ਗਿਆ ਹੈ। ਪਰ ਸਿੱਖਾਂ ਦਾ ਗਾਂ ਦਾ ਮਾਸ ਨਾਂ ਖਾਣਾ ਖਿੱਤੇ ਦੇ ਰਿਵਾਜਾਂ ਦੀ ਇਜ਼ਤ ਕਰਨ ਕਰਕੇ ਹੈ, ਨਹੀਂ ਤਾਂ ਮੈਂ ਅਧੀ ਦੁਨੀਆਂ ਵਿਚ ਘੁੰਮ ਕੇ ਵੇਖਿਆ ਹੈ, ਬਾਹਰਲੇ ਦੇਸ਼ਾਂ ਦੇ 99 ਫੀਸਦੀ ਸਿੱਖ ਗਾਂ ਦਾ ਮਾਸ ਖਾਂਦੇ ਹਨ। ਕਿਸੇ ਨੇ ਪ੍ਰਿੰਸੀਪਲ ਸਤਬੀਰ ਸਿੰਘ ਨੂੰ ਸਵਾਲ ਕੀਤਾ ਸੀ ਕਿ "ਸਿੱਖ ਗਾਂ ਦਾ ਮਾਸ ਕਿਓਂ ਨਹੀਂ

ਛੱਕਦੇ?" ਉਹਨਾਂ ਨੇ ਜਵਾਬ ਦਿੱਤਾ, "ਸਿੱਖਾਂ ਨੂੰ ਗਾਂ ਦਾ ਮਾਸ ਖਾਣ ਦੀ ਕੋਈ ਮਨਾਹੀ ਨਹੀਂ, ਸਿਰਫ ਹਿੰਦੂ ਸਮਾਜ ਦੀ ਨੇੜਤਾ ਤੇ ਸਤਿਕਾਰ ਵਜੋਂ ਨਹੀਂ ਖਾਂਦੇ, ਨਹੀਂ ਤਾਂ ਹਰ ਜਾਨਵਰ ਝਟਕਾ ਕੇ ਖਾਧਾ ਜਾ ਸਕਦਾ ਹੈ, ਸਿਰਫ ਹਲਾਲੀ ਕਰਕੇ ਮਾਸ ਖਾਣਾ ਮਨ੍ਹਾ ਹੈ।"

ਰਾਸ਼ਟਰੀ ਸਿੱਖ ਸੰਗਤ ਜੋ ਸਿਰਫ ਸਿੱਖੀ ਨੂੰ ਹੜੱਪ ਕਰਨ ਲਈ ਬਣਾਈ ਗਈ ਸੰਸਥਾ ਹੈ ਦਾ ਜਾਲ ਬਹੁਤ ਬਾਰੀਕ ਤੇ ਮਜ਼ਬੂਤ ਹੈ। ਆਮ ਨਜ਼ਰ ਨਾਲ ਇਹ ਜਾਲ ਨਹੀਂ ਦਿੱਸ ਸਕਦਾ। ਅਕਾਲ ਤਖਤ ਦਾ ਸਰਕਾਰੀ ਜਥੇਦਾਰ, ਜਿਹੜਾ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਤੋੜ ਕੇ ਬਣਾਇਆ ਗਿਆ ਸੀ ਨੂੰ ਇਹ ਲੱਗਾ ਕਿ ਬੀਬੀ ਜਗੀਰ ਕੌਰ, ਜੋ ਉਸ ਵੇਲੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ ਉਨ੍ਹਾਂ ਨੂੰ ਜਥੇਦਾਰੀ ਤੋਂ ਲਾਹ ਦੇਣਗੇ ਤਾਂ ਹਜ਼ੂਰ ਸਾਹਿਬ ਜਾ ਰਿਹਾ ਪੂਰਨ ਸਿੰਘ ਜਦੋਂ ਮੱਧ ਪ੍ਰਦੇਸ਼ ਦੇ ਗੂਨਾ ਕਸਬੇ ਵਿਚ ਪਹੁੰਚਿਆ ਤਾਂ ਉਸਨੇ ਓਥੋਂ ਇਕ ਪੀ. ਸੀ. ਓ. ਤੋਂ ਫੈਕਸ ਭੇਜ ਕੇ ਬੀਬੀ ਜਗੀਰ ਕੌਰ ਨੂੰ ਪੰਥ ਵਿਚੋਂ ਛੇਕ ਦਿੱਤਾ। ਵੇਖਣ ਨੂੰ ਇਹ ਘਟਨਾਂ ਬਹੁਤ ਸਧਾਰਣ ਜਹੀ ਲਗਦੀ ਹੈ ਪਰ ਜੋ ਸਕੀਮ ਇਸਦੇ ਪਿਛੇ ਸੀ ਉਹ ਬਹੁਤ ਹੀ ਖਤਰਨਾਕ ਸੀ।

ਮੈਨੂੰ ਏਥੇ ਇਸ ਗੱਲ ਨਾਲ ਕੋਈ ਮਤਲਬ ਨਹੀਂ ਕਿ ਬੀਬੀ ਜਗੀਰ ਕੌਰ ਨੇ ਬਤੌਰ ਪ੍ਰਧਾਨ ਸ਼੍ਰੋਮਣੀ ਕਮੇਟੀ ਕੀ ਚੰਗਾ ਕੀਤਾ ਤੇ ਕੀ ਮਾੜਾ। ਪਰ ਇਕ ਗਲ ਤਾਂ ਕਹਿਣੀ ਹੀ ਪਏਗੀ ਕਿ ਉਸਨੇ ਸਿੱਖ ਕਲੰਡਰ ਲਾਗੂ ਕਰਨ ਦਾ ਜੋ ਉਪਰਾਲਾ ਕੀਤਾ, ਇਹ ਉਸ ਵਲੋਂ ਕੀਤਾ ਗਿਆ ਇਕ ਐਸਾ ਕੰਮ ਹੈ ਜਿਸਨੂੰ ਸਿੱਖ ਨਾਲੇ ਚੇਤਾ ਕਰਿਆ ਕਰਨਗੇ ਤੇ ਨਾਲੇ ਅਖਾਂ ਵਿਚ ਘਸੁੰਨ ਦੇ ਦੇ ਕੇ ਰੋਇਆ ਕਰਨਗੇ। ਔਰਤ ਹੋ ਕੇ ਵੀ ਬੀਬੀ ਜਗੀਰ ਕੌਰ ਨੇ ਮਰਦਾਂ ਨਾਲੋਂ ਵੀ ਵੱਧ ਦਲੇਰੀ ਵਖਾ ਕੇ ਸਿਖਾਂ ਦੀ ਵਖਰੀ ਹੋਂਦ ਕਾਇਮ ਕਰਨ ਬਾਰੇ ਸੋਚਿਆ। ਉਸ ਦਾ ਇਹ ਸ਼ਲਾਘਾਯੋਗ ਕਦਮ ਸਿਫਤ ਕਰਨ ਦੇ ਲਾਇਕ ਹੈ। ਪਰ ਦੂਜੇ ਪਾਸੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਕਾਰ 'ਤੇ ਸਫਰ ਕਰਦਿਆਂ ਮੱਧ ਪ੍ਰਦੇਸ਼ ਦੇ ਕਸਬੇ ਗੂਨੇ ਤੋਂ ਹੀ ਪੂਰਨ ਸਿੰਘ ਨੇ ਫੈਕਸ ਕਿਉਂ ਭੇਜੀ? ਰਾਹ ਵਿਚ ਹੋਰ ਵੀ ਏਨੇਂ ਸ਼ਹਿਰ ਆਉਂਦੇ ਹਨ, ਓਥੋਂ ਨਹੀਂ ਸੀ ਇਹ ਕੰਮ ਕਰ ਸਕਦਾ?

ਕਿਉਂਕਿ ਗੂਨਾ ਕਸਬਾ ਆਰ. ਐਸ. ਐਸ. ਦਾ ਹੈੱਡ ਕੁਆਟਰ ਹੈ, ਜਿਥੇ ਇਕ ਸੌ ਵੀਹ ਦੇ ਕਰੀਬ ਸਾਬਕਾ ਆਈ. ਏ. ਐਸ. ਅਫਸਰ ਹਨ, ਜਿਨ੍ਹਾਂ ਦਾ ਕੰਮ ਹੈ ਕਿ ਉਹ ਹਰ ਵੇਲੇ ਹਿੰਦੁਸਤਾਨ ਨੂੰ ਹਿੰਦੂ ਰਾਸ਼ਟਰ ਬਨਾਉਣ ਦੀਆਂ ਸਕੀਮਾਂ ਘੜਦੇ ਰਹਿੰਦੇ ਹਨ। ਇਹ ਭਲਾ ਉਹ ਕਿਵੇਂ ਬਰਦਾਸ਼ਤ ਕਰ ਸਕਦੇ ਸਨ ਕਿ ਸਿੱਖ ਆਪਣਾ ਵਖਰਾ ਕਲੰਡਰ ਬਣਾ ਲੈਣ ਤੇ ਦੀਵਾਲੀ ਦੁਸਿਹਰੇ ਤੇ ਹੋਰ ਹਿੰਦੂ ਤਿਉਹਾਰਾਂ ਤੋਂ ਜਾਨ ਛੁਡਾ ਲੈਣ। ਇਹ ਕਲੰਡਰ ਬਣ ਜਾਣ 'ਤੇ ਸਿਖ ਉਹ ਦੀਵਾਲੀ ਮਨਾਉਂਦੇ, ਜਿਸ ਦਿਵਾਲੀ 'ਤੇ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਈ ਮਿਲੀ ਸੀ। ਰਾਮ ਚੰਦਰ ਵਾਲੀ ਦੀਵਾਲੀ ਭੁੱਲ ਹੀ ਜਾਣੀ ਸੀ। ਇਹਨਾਂ ਨੇ ਹੀ ਪੂਰਨ ਸਿੰਘ ਕੋਲੋਂ ਵਿਚਾਰੀ ਬੀਬੀ ਜਗੀਰ ਕੌਰ ਨੂੰ ਤਨਖਾਹੀਆ ਕਰਾਰ ਦਵਾਇਆ ਤਾਂ ਕਿ ਉਹ ਕਲੰਡਰ ਲਾਗੂ ਨਾਂ ਕਰਵਾ ਸਕੇ। ਇਹਨਾਂ ਨੇ ਹੀ ਪੂਰਨ ਸਿੰਘ ਕੋਲੋਂ ਅੱਤ ਦਾ ਕੋਝਾ ਬਿਆਨ ਦਵਾਇਆ ਕਿ ਸਿੱਖ ਲਵ ਕੁਸ਼ ਦੀ ਔਲਾਦ ਹਨ। ਉਹਨਾਂ ਨੇ ਦੋ ਹੋਰ ਸੰਤਾਂ ਨੂੰ ਵੀ ਪੂਰਨ ਸਿੰਘ ਦੀ ਮੱਦਦ 'ਤੇ ਆਉਣ ਦੀ ਚਾਬੀ ਦਿੱਤੀ। ਇਸ ਜੁੰਡਲੀ ਨੇ ਹੀ ਵਿਸ਼ਵ ਸਿੱਖ ਕੌਂਸਲ ਦੇ ਸੈਮੀਨਾਰ, ਜਿਹੜਾ ਕਿ ਕਲੰਡਰ ਲਾਗੂ ਕਰਨ ਦੀ ਹਮਾਇਤ ਵਿਚ ਰਖਿਆ ਗਿਆ ਸੀ ਤੇ ਜਿਸ ਵਿਚ ਬੀਬੀ ਜਗੀਰ ਕੌਰ ਦੀ ਭਰਪੂਰ ਸ਼ਲਾਘਾ

ਕੀਤੀ ਗਈ ਸੀ ਵਿਚ ਵਿਘਨ ਪਾਉਣ ਲਈ ਬੱਸ ਭਰ ਕੇ ਦੁੱਕੀ ਤਿੱਕੀ ਸਿੱਖ ਭੇਜੇ ਸਨ। ਪਰ ਸਾਨੂੰ ਉਹਨਾਂ ਦੀ ਨੀਅਤ ਦਾ ਪਹਿਲਾਂ ਹੀ ਪਤਾ ਸੀ ਇਸ ਲਈ ਉਹਨਾਂ ਨੂੰ ਸਫਲਤਾ ਨਾਂ ਮਿਲੀ। ਪੂਰਨ ਸਿੰਘ ਦੇ ਇਕ ਹਮਾਇਤੀ ਸ਼ੇਰ ਸਿੰਘ ਧੰਜਲ ਨਾਂ ਦੇ ਬੰਦੇ ਨੇ ਮੈਨੂੰ ਫੋਨ ਤੇ ਧਮਕੀ ਤਕ ਵੀ ਦੇ ਦਿੱਤੀ ਸੀ। ਇਕ ਪ੍ਰੈਸ ਕਾਨਫਰੰਸ ਕਰਕੇ ਮੈਂ ਸਾਰੀ ਪ੍ਰੈਸ ਨੂੰ ਦੱਸ ਦਿੱਤਾ ਸੀ ਕਿ ਪੂਰਨ ਸਿੰਘ ਸਾਡੇ ਵਲੋਂ ਕਰਵਾਏ ਜਾ ਰਹੇ ਸੈਮੀਨਾਰ ਵਿਚ ਖੱਪ ਜਰੂਰ ਪਵਾਏਗਾ। ਇਹ ਖਬਰ ਅਖਬਾਰਾਂ ਦੇ ਪਹਿਲੇ ਸਫੇ 'ਤੇ ਛੱਪ ਗਈ। ਇਹਨਾਂ ਗਲਾਂ ਕਰਕੇ ਕਿਸੇ ਦੀ ਵੀ ਕੋਈ ਚਾਲ ਸਫਲ ਨਾ ਹੋ ਸਕੀ। ਅਸਲ ਵਿਚ ਪੂਰਨ ਸਿੰਘ ਤੇ ਉਸਦੇ ਨਾਲ ਦੇ ਦੋ ਸਾਧ ਤਾਂ ਸਿਰਫ ਮੋਹਰੇ ਹੀ ਸਨ। ਪਿਛੋਂ ਤਾਰ ਰਾਸ਼ਟਰੀ ਸਿੱਖ ਸੰਗਤ ਦੀ ਹਿੱਲ ਰਹੀ ਸੀ। ਆਰ. ਐਸ. ਐਸ. ਲਈ ਜਿਹੜਾ ਫਾਰਮੂਲਾ ਗੁਨੇ ਬੈਠੇ ਇਕ ਸੌ ਵੀਹ ਵਿਦਵਾਨਾਂ (Think Tank ) ਨੇ ਭੇਜਿਆ, ਉਹ ਹੇਠ ਲਿਖੇ ਅਨੁਸਾਰ ਹੈ;

1. ਆਰ. ਐਸ. ਐਸ. ਦੇ ਵਰਕਰਾਂ ਨੂੰ ਸਿੱਖ ਬਨਾਉਣਾ 'ਤੇ ਵਿਕਾਊ ਸਿੱਖਾਂ ਨੂੰ ਖਰੀਦ ਕੇ ਆਰ. ਐਸ. ਐਸ. ਵਿੱਚ ਭਰਤੀ ਕਰਕੇ ਸਿੱਖ ਰਹਿਤ ਮਰਯਾਦਾ ਤੋਂ ਉਲਟ ਪ੍ਰਚਾਰ ਕਰਨਾ ਤੇ ਸਿੱਖ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕਰਨਾ।

2. ਸਿੱਖਾਂ ਦੇ ਧਾਰਮਕ ਆਗੂਆਂ, ਸੰਤ ਮਹਾਤਮਾ, ਡੇਰਿਆਂ ਦੇ ਮੁਖੀਆਂ ਤੇ ਸਿੱਖ ਰਾਜਨੀਤੀ ਵਿਚ ਨਰਮ ਖਿਆਲੀਆਂ ਨਾਲ ਚੰਗੇ ਸਬੰਧ ਪੈਦਾ ਕਰਨੇ।

3. ਆਪਣੇ ਪ੍ਰਚਾਰ ਦਾ ਨਿਸ਼ਾਨਾ ਪਿੰਡਾਂ ਨੂੰ ਬਨਾਉਣਾ ਤੇ ਪੇਂਡੂ ਸਿੱਖਾਂ ਨੂੰ ਗੁਰਬਾਣੀ ਦੇ ਗਲਤ ਅਰਥ ਕੱਢ ਕੇ ਤੇ ਇਤਹਾਸ ਨੂੰ ਤੋੜ ਮਰੋੜ ਕੇ ਪੇਸ਼ ਕਰਨਾ ਤੇ ਸਿੱਖਾਂ ਨੂੰ ਹਿੰਦੂਆਂ ਦੀ ਹੀ ਅੰਸ ਸਾਬਤ ਕਰਨਾ।

4. ਹਿੰਦੂ ਮੰਦਰਾਂ ਵਿਚ ਕੀਰਤਨ ਦਰਬਾਰ ਕਰਵਾਉਣੇ ਤੇ ਗੁਰਦੁਆਰਿਆਂ ਵਿਚ ਹਿੰਦੂ ਧਾਰਮਿਕ ਸਮਾਗਮ ਕਰਵਾਉਣੇ, ਹਿੰਦੂ ਜੱਥਿਆਂ ਕੋਲੋਂ ਕੀਰਤਨ ਕਰਵਾਉਣਾ ਤੇ ਸਿੱਖੀ ਦਿੱਖ ਵਾਲਿਆਂ ਕੋਲੋਂ ਮਾਤਾ ਦੀਆਂ ਭੇਟਾ ਗਵਾਉਣੀਆਂ।

5. ਗੁਰਦੁਆਰਾ ਸਾਹਿਬਾਨ ਵਲ ਜਾਂਦਿਆਂ ਰਸਤਿਆਂ ਅਤੇ ਸਿੱਖ ਧਾਰਮਕ ਬੋਰਡਾਂ ਦੇ ਥੱਲੇ ਸਿਗਰਟ ਬੀੜੀ ਪਾਨ ਤੰਬਾਕੂ ਦੇ ਖੋਖੇ ਲਵਾਉਣੇ।

6. ਦਸਮ ਗ੍ਰੰਥ ਨੂੰ ਸਿੱਖਾਂ ਦਾ ਅਸਲੀ ਗ੍ਰੰਥ ਸਾਬਤ ਕਰਨਾ ਤੇ ਦਸਮ ਗ੍ਰੰਥ ਵਿਚੋਂ ਆਪਣੀ ਮਰਜੀ ਦੀਆਂ ਟੂਕਾਂ ਕੱਢ ਕੇ ਸਿੱਖਾਂ ਨੂੰ ਹਿੰਦੂ ਸਾਬਤ ਕਰਨਾ।

7. ਸਿੱਖ ਨਗਰਾਂ, ਸਿੱਖ ਮਹੱਲਿਆਂ ਤੇ ਸਿੱਖ ਇਲਾਕਿਆਂ ਦੀ ਨਿ.ਾਨਦੇਹੀ ਕਰਕੇ ਇਲਾਕੇ ਵਿਚ ਵੱਧ ਤੋਂ ਵੱਧ ਗੈਰ ਸਿੱਖਾਂ, ਯੂ.ਪੀ. ਬਿਹਾਰ ਦੇ ਭਈਆਂ ਨੂੰ ਵਸਾਉਣਾ।

8. ਸਕੂਲਾਂ, ਕਾਲਜਾਂ 'ਚ ਆਰ. ਐਸ. ਐਸ. ਨਾਲ ਸਬੰਧਤ ਅਧਿਆਪਕ, ਲੈਕਚਰਾਰ ਅਤੇ ਪ੍ਰਿੰਸੀਪਲ ਲਾਉਣੇ ਤੇ ਸਿੱਖ ਵਿਦਿਆਰਥੀਆਂ ਵਿਚ ਪਤਿਤਪੁਣੇ ਦੀ ਲਹਿਰ ਨੂੰ ਸ਼ਹਿ ਦੇਣੀ ਤੇ ਸਿੱਖੀ ਤੋਂ ਦੂਰ ਰੱਖਣ ਲਈ ਉਪਰਾਲੇ ਕਰਨੇ।

9. ਪੰਜਾਬ ਬਹੁਗਿਣਤੀ ਸਿੱਖ ਸੂਬੇ ਨੂੰ ਘੱਟ ਗਿਣਤੀ ਸਿੱਖ ਸੂਬਾ ਬਨਾਉਣ ਲਈ ਵੱਧ ਤੋਂ ਵੱਧ ਗੈਰ ਸਿੱਖ ਲੋਕ ਪੰਜਾਬ ਭੇਜਣੇ।

10. ਬਾਹਰਲੇ ਰਾਜਾਂ ਤੋਂ ਵੱਧ ਤੋਂ ਵੱਧ ਜਰਾਇਮ ਪੇਸ਼ਾ ਲੋਕਾਂ ਤੇ ਮੰਗਤਿਆਂ ਨੂੰ ਪੰਜਾਬ ਸਿੱਖਾਂ ਦੇ ਘਰਾਂ ਵਿਚ ਡਾਕੇ ਮਰਵਾਉਣੇ ਤੇ ਬਾਹਰੋਂ ਆਉਣ ਵਾਲੇ ਹਰੇਕ ਮੰਗਤੇ ਤੇ ਜਰਾਇਮ ਪੇਸ਼ਾ ਲੋਕਾਂ ਨੂੰ ਮੁਫਤ ਸਫ਼ਰ ਦੀ ਸਹਾਇਤਾ ਦੇਣੀ।

1. ਦੇਹ ਸ਼ਿਵਾ ਬਰ ਮੋਹਿ ਇਹ ਹੈ ਸ਼ਬਦ ਦੇ ਗਲਤ ਅਰਥ ਕਢ ਕੇ, ਇਸ ਨੂੰ ਗੁਰੂ ਗੋਬਿੰਦ ਸਿੰਘ ਵਲੋਂ ਸ਼ਿਵ ਜੀ ਕੋਲੋਂ ਵਰ ਮੰਗਣ ਦਾ ਪ੍ਰਚਾਰ ਕਰਨਾ।

2. ਗੁਰੂ ਤੇਗ ਬਹਾਦਰ ਨਾਲ ਸ਼ਹੀਦ ਹੋਣ ਵਾਲਿਆਂ ਨੂੰ ਭਾਈ ਮਤੀ ਦਾਸ ਸ਼ਰਮਾ ਅਤੇ ਸਤੀ ਦਾਸ ਸ਼ਰਮਾ ਤੇ ਭਾਈ ਦਿਆਲਾ ਸ਼ਰਮਾ ਦਸਕੇ ਹਿੰਦੂ ਸਾਬਤ ਕਰਨਾ।

3. ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਵਾਉਣ ਵਾਲੇ ਹਿੰਦੂ ਗੰਗੂ ਬ੍ਰਾਹਮਣ ਦਾ ਨਾਂ ਬਦਲ ਕੇ (ਗੰਗਉਲ ਹੱਕ) ਮੁਸਲਮਾਨ ਹੋਣ ਦਾ ਪ੍ਰਚਾਰ ਕਰਨਾ।

4. ਛੋਟੇ ਸਾਹਿਬਜਾਦਿਆਂ ਦਾ ਸ਼ਹੀਦੀ ਕਲੰਡਰ ਛਾਪ ਕੇ ਸਾਹਿਬਜਾਦਿਆਂ ਉਪਰ ਰਾਮ ਚੰਦਰ ਨੂੰ ਅਸ਼ੀਰਵਾਦ ਦੇਂਦਾ ਦਿਖਾਉਣਾ। ਗੁਰੂ ਨਾਨਕ ਦੇ ਕਲੰਡਰ 'ਤੇ ਲਵ ਕੁਸ਼ ਨੂੰ ਅਸ਼ੀਰਵਾਦ ਦਿੱਤਾ ਦਿਖਾਉਣਾ।

5. ਓਮ ਨਿਮਾਏ ਸ਼ਿਵਾਏ ਦੀਆਂ ਸੂਰਜੀ ਕਿਰਣਾਂ ਦਸ ਗੁਰੂ ਸਾਹਿਬਾਨ ਤੇ ਦਰਸਾ ਕੇ ਅਤੇ ਸਭ ਦੇਵੀ ਦੇਵਤਿਆਂ ਦੇ ਪੈਰਾਂ ਵਿਚ ੧ਓ ਨੂੰ ਦਰਸਾਉਣਾ।

ਸਿੱਖਾਂ ਲਈ ਚਿੰਤਾ ਦਾ ਵਿਸ਼ਾ

1. ਪੰਜਾਬ ਵਿਚ ਆਰ. ਐਸ. ਐਸ. ਦੇ ਸਮਾਗਮਾਂ ਅਤੇ ਮੀਟਿੰਗਾਂ ਵਿਚ ਸਥਾਨਕ ਅਕਾਲੀ ਆਗੂ ਤੇ ਸ਼੍ਰੋਮਣੀ ਕਮੇਟੀ ਮੈਂਬਰ ਵੀ ਸ਼ਾਮਲ ਹੁੰਦੇ ਹਨ।

2. ਹੁਕਮਰਾਨ ਅਕਾਲੀ ਪਾਰਟੀ ਨੇ ਆਰ. ਐਸ. ਐਸ. ਦੀਆਂ ਵੱਧ ਰਹੀਆਂ ਸਰਗਰਮੀਆਂ 'ਤੇ ਨਾ ਹੀ ਚਿੰਤਾ ਪ੍ਰਗਟ ਕੀਤੀ ਹੈ ਤੇ ਨਾ ਹੀ ਕੋਈ ਪਾਬੰਦੀ ਲਾਈ ਹੈ।

3. ਸ਼੍ਰੋਮਣੀ ਕਮੇਟੀ ਨੇ ਵੀ ਕੋਈ ਗੰਭੀਰ ਨੋਟਿਸ ਨਹੀਂ ਲਿਆ ਤੇ ਇਸ ਦੀ ਧਰਮ ਪ੍ਰਚਾਰ ਕਮੇਟੀ ਵੀ ਇਸ ਮੁੱਦੇ 'ਤੇ ਖਾਮੋਸ਼ ਹੈ।

4. ਸਿੱਖ ਧਰਮ ਅਸਥਾਨ ਦੇ ਹੈੱਡਗ੍ਰੰਥੀ, ਤਖਤਾਂ ਦੇ ਜਥੇਦਾਰ, ਸ਼੍ਰੋਮਣੀ ਕਮੇਟੀ ਮੈਂਬਰਾਂ ਤੇ ਅਕਾਲੀ ਨੇਤਾਵਾਂ ਦਾ ਆਰ. ਐਸ. ਐਸ. ਨਾਲ ਸਬੰਧ ਰੱਖਣਾ।

5. ਸਿੱਖਾਂ ਦੇ ਇਕਾ ਦੁੱਕਾ ਤੇਜਤਰਾਰ ਰਾਜਸੀ ਗਰੁੱਪਾਂ ਨੂੰ ਛੱਡ ਕੇ ਬਾਕੀ ਸਭ ਆਪਣੇ ਰਾਜਸੀ ਸਵਾਰਥਾਂ ਕਾਰਨ ਭੇਦਭਰੀ ਖਾਮੋਸ਼ੀ ਅਖਤਿਆਰ ਕਰ ਕੇ ਬੈਠੇ ਹਨ।

6. ਸਿੱਖਾਂ ਦੇ ਧਾਰਮਿਕ ਆਗੂ-ਸੰਤ ਮਹਾਂਪੁਰਸ਼, ਡੇਰਿਆਂ ਵਾਲੇ ਬਾਬੇ, ਕੀਰਤਨੀਏ ਕਥਾਵਾਚਕ ਤੇ ਢਾਡੀ ਜਥੇ ਜੋ ਅਕਸਰ ਆਪਣੀ ਪੇਸ਼ਕਾਰੀ ਦਾ ਸਿੱਕਾ ਜਮਾਉਂਦੇ ਰਹਿੰਦੇ ਹਨ, ਕੋਈ ਵੀ ਨੰਗੇ ਧੜੇ ਮੈਦਾਨ ਵਿਚ ਨਹੀਂ ਉਤਰਿਆ, ਜੋ ਸਿੱਖ ਪੰਥ ਨੂੰ ਇਸ ਗੰਭੀਰ ਸੰਕਟ ਦਾ ਅਹਿਸਾਸ ਕਰਵਾ ਕੇ ਸਿੱਖਾਂ ਦਾ ਪ੍ਰੇਰਨਾ ਸਰੋਤ ਬਣਿਆ ਹੋਵੇ।

7. ਸਿੱਖ ਕੌਮ ਦੀ ਵਖਰੀ ਪਛਾਣ ਦੱਸਣ ਵਾਲਾ ਨਾਨਕਸ਼ਾਹੀ ਕਲੰਡਰ ਸਿੱਖ ਆਗੂਆਂ ਵਲੋਂ ਆਰ. ਐਸ. ਐਸ. ਦੇ ਇਸ਼ਾਰੇ 'ਤੇ ਲਾਗੂ ਨ ਹੋਣ ਦੇਣਾ।

8. ਸਿੱਖ ਕੌਮ ਦੀ ਰਹਿਨੁਮਾਈ ਕਰਨ ਵਾਲੇ ਤਖਤਾਂ ਦੇ ਜਥੇਦਾਰਾਂ ਵਲੋਂ ਕੋਈ ਵੀ ਕਾਰਵਾਈ ਨਾ ਕਰਨਾ ਤੇ ਮੀਟਿੰਗਾ ਦਾ ਐਲਾਨ ਕਰਕੇ ਕਿਸੇ ਦਬਾਅ ਕਾਰਨ ਮੀਟਿੰਗਾਂ ਮੁਲਤਵੀ ਕਰਨਾ।

ਦੂਜੇ ਪਾਸੇ ਰਾਸ਼ਟਰੀ ਸਿਖ ਸੰਗਤ ਆਪਣੇ ਵਰਕਰਾਂ ਨੂੰ ਆਦੇਸ਼ ਦੇਂਦੀ ਹੈ

1. ਘੱਟ ਗਿਣਤੀਆਂ ਦੇ ਵਿਰੁੱਧ ਹਥਿਆਰਾਂ ਨੂੰ ਇਕੱਠਾ ਕਰਨ ਦੀ ਪ੍ਰਕਿਰਿਆ ਤੇਜ਼ ਕੀਤੀ ਜਾਏ।

2. ਸਰਕਾਰੀ ਅਧਿਕਾਰੀਆਂ ਵਿਚ ਹਿੰਦੂਤਵ ਨੂੰ ਵਧਾਉਣ ਦਾ ਕੰਮ ਤੇਜ ਕੀਤਾ

ਜਾਵੇ।

3. ਡਾਕਟਰਾਂ, ਕੈਮਿਸਟਾਂ ਵਿਚ ਹਿੰਦੂਤਵ ਨੂੰ ਵਧਾਇਆ ਜਾਏ। ਘੱਟ ਗਿਣਤੀਆਂ ਨੂੰ ਵੇਲਾ ਵਿਹਾ ਚੁਕੀਆਂ ਦਵਾਈਆਂ ਦਿੱਤੀਆਂ ਜਾਣ, ਨਵ ਜਨਮੇਂ ਬੱਚਿਆਂ ਨੂੰ ਅਪੰਗ ਬਨਾਉਣ ਲਈ ਟੀਕੇ ਲਾਏ ਜਾਣ ਸ਼ੂਦਰ, ਮੁਸਲਮਾਨ, ਇਸਾਈ ਤੇ ਸਿੱਖ ਬਸਤੀਆਂ ਨੇੜੇ ਗਲਤ ਖ਼ੂਨਦਾਨ ਕੈਂਪ ਲਾਏ ਜਾਣ।

4. ਦਲਿਤਾਂ, ਪਛੜੀਆਂ ਸ਼੍ਰੇਣੀਆਂ, ਇਸਾਈਆਂ ਦੀਆਂ ਬਸਤੀਆਂ ਵਿਚ ਜੈ ਸ੍ਰੀ ਰਾਮ ਦਾ ਨਾਅਰਾ ਪ੍ਰਚਲਤ ਕੀਤਾ ਜਾਏ। ਜਰਾਇਮ ਪੇਸ਼ਾਂ ਲੋਕਾਂ ਨੂੰ ਬਸਤੀਆਂ ਨੇੜੇ ਵਧਾ ਕੇ ਸ਼ਰਾਬ, ਨਸ਼ੀਲੀਆਂ ਵਸਤਾਂ, ਜੂਏਬਾਜ ਤੇ ਲਾਟਰੀਆਂ ਦੇ ਅੱਡੇ ਬਣਾਏ ਜਾਣ। ਇਹਨਾਂ ਦੀਆਂ ਇਸਤਰੀਆਂ ਨੂੰ ਦੇਹ ਵਪਾਰ ਲਈ ਉਕਸਾਇਆ ਜਾਵੇ। ਇਹਨਾਂ ਦੇ ਬੱਚਿਆਂ ਨੂੰ ਵੱਧ ਤੋਂ ਵੱਧ ਆਪਣੇ ਸਕੂਲਾਂ ਵਿਚ ਲਿਆਂਦਾ ਜਾਏ ਤੇ ਆਰ. ਐਸ. ਐਸ. ਦੀਆਂ ਹਦਾਇਤਾਂ ਅਨਸੁਾਰ ਪੜ੍ਹਾਇਆ ਜਾਏ।

5. ਗੈਰ ਹਿੰਦੂ ਅਸਥਾਨਾਂ ਦੇ ਨੇੜੇ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਨੂੰ ਜਮੀਨ ਥੱਲੇ ਦਬਾਉਣ ਦਾ ਕਾਰਜ ਜਾਰੀ ਰੱਖਿਆ ਜਾਏ। ਅਜਿਹਾ ਸਾਹਿਤ ਰਚਿਆ ਜਾਏ ਕਿ ਸਾਬਤ ਹੋ ਸਕੇ ਕਿ ਚਰਚ, ਮਸਜਿਦਾਂ ਤੇ ਸਤੂਪੇ ਪੁਰਾਣੇ ਹਿੰਦੂ ਧਾਰਮਕ ਅਸਥਾਨ ਹਨ, ਜਿਹਨਾਂ ਨੂੰ ਇਸਾਈ, ਮੁਸਲਮਾਨਾਂ ਤੇ ਬੋਧੀ ਹਮਲਾਵਾਰਾਂ ਨੇ ਫਹਿਫੇਰੀ ਕਰ ਦਿੱਤਾ ਸੀ।

6. ਬੋਧਾਂ, ਜੈਨਾਂ, ਇਸਾਈਆਂ ਤੇ ਸਿੱਖਾਂ, ਮੁਸਲਮਾਨਾਂ ਦਾ ਹਿੰਦੂਕਰਨ ਜਾਰੀ ਰੱਖਿਆ ਜਾਏ। ਜੈਨਾਂ ਮੰਦਿਰਾਂ ਵਿਚ ਰਾਮ ਦੀ ਪੂਜਾ ਕਰਵਾਈ ਜਾਏ, ਮਸਜਿਦਾਂ ਨੂੰ ਪੁਰਾਣੇ ਮੰਦਰ ਦਸ ਕੇ ਹਮਲੇ ਕੀਤੇ ਜਾਣ। ਇਸਾਈ ਮਿਸ਼ਨਰੀਆਂ ਨੂੰ ਪ੍ਰਚਾਰ ਤੋਂ ਸਖਤੀ ਨਾਲ ਰੋਕਿਆ ਜਾਏ। ਲੋੜ ਪੈਣ 'ਤੇ ਪ੍ਰਵਾਰ ਸਮੇਤ ਖਤਮ ਕੀਤਾ ਜਾਏ।

***

ਜਦ ਸਾਰੇ ਗੁਰੂ ਸਾਹਿਬਾਨ ਸਾਂਝੇ-ਗੁਰਬਾਣੀ ਸ਼ਾਂਝੀ, ਗੁਰਦੁਆਰੇ ਸਾਂਝੇ ਅਤੇ ਮੰਦਰ ਸਾਂਝੇ-ਗੁਰਪੁਰਬ ਤੇ ਰਾਮਨੌਮੀ ਸਾਂਝੀ ਤਾਂ ਫਿਰ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਮੰਦਰ ਕਮੇਟੀਆਂ ਸਾਂਝੀਆਂ ਕਿਉਂ ਨਹੀਂ?

***

**ਸੁਦਰਸ਼ਨ ਚੌਹਾਨ, ਪ੍ਰਦੇਸ਼ ਸੰਗਠਨ ਮੰਤਰੀ, ਰਾਸ਼ਟਰੀ ਸਿੱਖ ਸੰਗਤ, ਪੰਜਾਬ**

ਅਕਸਰ ਗੁਰਦੁਆਰਿਆਂ ਵਿਚ ਜਾਂ ਹੋਰ ਧਾਰਮਕ ਦੀਵਾਨਾਂ ਵਿਚ ਸਾਡੇ ਪੰਥਕ ਅਤੇ ਸਿੱਖ ਵਿਦਵਾਨ ਇਹ ਕਹਿ ਜਾਂਦੇ ਹਨ, "ਗੁਰੂ ਉਪਦੇਸ਼ ਚਾਰੇ ਵਰਨਾਂ ਨੂੰ ਸਾਂਝਾ" ਆਮ ਤੌਰ 'ਤੇ ਹਰ ਗੁਰਦੁਆਰੇ ਦੇ ਦਰਵਾਜੇ ਵੀ ਚਾਰ ਬਣਾਏ ਜਾਂਦੇ ਹਨ-ਹਰ ਵਰਨ ਲਈ ਇਕ ਦਰਵਾਜਾ। ਚਾਰ ਵਰਨ ਹਨ ਚਾਰ ਦਰਵਾਜੇ। ਸਾਰੇ ਜਾਣਦੇ ਹਨ ਕਿ ਇਹ ਵਿਵਸਥਾ ਹਿੰਦੂ ਸਮਾਜ ਦੀ ਪਹਿਚਾਨ ਹੈ ਜਿਸ ਵਿਚ ਚਾਰ ਵਰਣ ਭਾਵ ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ। ਮੰਦਰ ਹੋਵੇ ਜਾਂ ਗੁਰਦੁਆਰਾ ਦੋਨਾਂ ਦਾ ਅਧਿਆਤਮਕ ਦਰਸ਼ਨ ਇਕ ਹੀ ਹੈ। ਜਦ ਚਿੰਤਨ ਇਕ ਹੈ, ਜੀਵਨ ਮੁੱਲ ਇਕ ਹੈ, ਮਾਨਬਿੰਦੂ ਇਕ ਹੈ, ਜੀਵਨ ਦ੍ਰਿਸ਼ਟੀ ਇਕ ਹੈ, ਸਭਿਆਚਾਰ ਤੇ ਪ੍ਰੰਪਰਾਵਾਂ ਇਕ ਹਨ, ਪਰਿਵਾਰ ਸਾਂਝੇ ਹਨ, ਬਜਾਰ ਸਾਂਝੇ ਹਨ, ਵਪਾਰ ਸਾਂਝੇ ਹਨ, ਜੀਉਣਾ ਮਰਨਾ ਸਾਂਝਾ ਹੈ, ਸ਼ਮਸ਼ਾਨ ਸਾਂਝੇ ਹਨ, ਕਲੱਬਾਂ ਸਾਂਝੀਆਂ ਹਨ, ਰਾਜਨੀਤਕ ਦਲ ਸਾਂਝੇ ਹਨ, ਜਦ ਸਭ ਕੁਝ ਸਾਂਝਾ ਹੀ ਸਾਂਝਾ ਹੈ, ਗੁਰਪੁਰਬ, ਰਾਮਨੌਮੀ, ਕ੍ਰਿਸ਼ਨ

ਜਨਮਅਸ਼ਟਮੀ, ਵਿਸਾਖੀ, ਦੀਵਾਲੀ, ਜਦ ਸਭ ਸਾਂਝੇ ਹਨ ਤਾਂ ਫਿਰ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਮੰਦਰ ਕਮੇਟੀਆਂ ਸਾਂਝੀਆਂ ਕਿਉਂ ਨਹੀਂ? ਇਹਨ੍ਹਾਂ ਕਮੇਟੀਆਂ ਵਿਚ ਸਹਿਜਧਾਰੀ ਰੂਪ ਅਤੇ ਕੇਸ਼ਾਧਾਰੀ ਰੂਪ ਦਾ ਅੰਤਰ ਕਿਉਂ? ਧਾਰਮਕ ਤਿਉਹਾਰ ਮਨਾਉਣ ਅਤੇ ਕਮੇਟੀਆਂ ਬਨਾਉਣ ਵਿਚ ਇਹ ਕੱਚੀ ਦੀਵਾਰ ਕਿਉਂ। ਇਹ ਕੱਚੀ ਕੰਧ ਹਰ ਹਾਲਤ ਵਿਚ ਡਿਗ ਜਾਣੀ ਚਾਹੀਦੀ ਹੈ। ਨਾ ਤਾਂ ਹਿੰਦੂਆਂ ਦੇ ਲਈ ਗੁਰੂ ਸਾਹਿਬਾਨ ਅਤੇ ਗੁਰਪੁਰਬ ਬੇਗਾਨੇ ਹਨ ਅਤੇ ਨਾ ਹੀ ਸਿੱਖਾਂ ਦੇ ਲਈ ਭਗਵਾਨ ਕ੍ਰਿਸ਼ਨ ਬੇਗਾਨੇ। ਦਸਮ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੀ ਆਤਮ ਕਥਾ ਸ਼੍ਰੀ ਵਚਿਤਰ ਨਾਟਕ ਵਿਚ ਆਪ ਆਪਣੀ ਲੇਖਣੀ ਅਤੇ ਸ਼ਬਦਾਂ ਦੁਆਰਾ ਸਿੱਧ ਕੀਤਾ ਹੈ ਕਿ ਸਾਰੇ ਗੁਰੂ ਸਾਹਿਬਾਨ ਬੇਦੀ ਅਤੇ ਸੋਢੀ ਵੰਸ਼ਾਂ ਵਿਚੋਂ ਪ੍ਰਗਟ ਹੋਏ। ਬੇਦੀ ਅਤੇ ਸੋਢੀ ਵੰਸ਼ ਲਵ ਅਤੇ ਕੁਸ਼ ਦੀ ਔਲਾਦ ਸਨ। ਲਵ ਅਤੇ ਕੁਸ਼ ਰਾਮ ਦੇ ਪੁੱਤਰ ਸਨ। ਇਸ ਰਿਸ਼ਤੇ ਨਾਲ ਸਾਰੇ ਗੁਰੂ ਸਾਹਿਬਾਨ ਅਤੇ ਗੁਰੂ ਚੇਲੇ ਸੂਰਜਵੰਸ਼ੀ ਹਨ, ਰਘੂਵੰਸ਼ੀ ਹਨ। ਕਿੰਨਾ ਚੰਗਾ ਹੋਵੇ ਜੇਕਰ ਗੁਰਦੁਆਰਾ ਅਤੇ ਮੰਦਰ ਕਮੇਟੀਆਂ ਸਹਿਜਧਾਰੀ ਅਤੇ ਕੇਸ਼ਾਧਾਰੀ ਭਰਾ ਮਿਲਜੁਲ ਕਰ ਬਨਾਉਣ ਅਤੇ ਉਨ੍ਹਾਂ ਨੂੰ ਚਲਾਉਣ। ਤਾਂ ਕਿ ਸਮਾਜ ਵਿਚ ਮਿੱਠੀ ਏਕਤਾ ਅਤੇ ਸਮਰਸਤਾ ਦਾ ਵਾਤਾਵਰਣ ਨਿਰਮਾਣ ਹੋਵੇ।

(ਰਾਸ਼ਟਰੀ ਸਿੱਖ ਸੰਗਤ (ਰਜਿ.) ਪੰਜਾਬ ਪ੍ਰਦੇਸ਼ ਦੇ ਪ੍ਰਧਾਨ ਪ੍ਰਿਸੀਪਲ ਸ. ਸੇਵਾ ਸਿੰਘ ਚਾਵਲਾ (ਫਰੀਦਕੋਟ), ਮੁੱਖ ਸਕੱਤਰ ਸ. ਰਘਬੀਰ ਸਿੰਘ ਛੇਹਰਟਾ (ਅਮ੍ਰਿਤਸਰ) ਤੇ ਸੁਦਰਸ਼ਨ ਚੌਹਾਨ ਸੰਗਠਨ ਸਕੱਤਰ (ਜਲੰਧਰ) ਦੇ ਸਾਂਝੇ ਬਿਆਨ ਦੀ ਹੂ-ਬ-ਹੂ ਨਕਲ।)

***

ਸਰੂਪ ਸਿੰਘ ਕੜਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

# ☐ ਡੇਰੇਦਾਰਾਂ ਬਾਰੇ ਇਕ ਸਿੱਖ ਵਿਦਵਾਨ ਦੇ ਵਿਚਾਰ

ਜੋ ਕੁਝ ਨਾਨਕਸਰ ਡੇਰੇ ਵਿਚ ਲੁਧਿਆਣੇ ਵਾਪਰਿਆ ਹੈ ਉਸ ਤੋਂ ਅਫਸੋਸ, ਦੁੱਖ ਤਾਂ ਹੋਇਆਂ ਹੈ ਪਰ ਹੈਰਾਨੀ ਰੰਚਕ ਮਾਤਰ ਵੀ ਨਹੀਂ। ਇਹ ਘਟਨਾਂ ਸਿੱਖ ਪੰਥ ਦੇ ਸੋਚਣ ਲਈ ਵੰਗਾਰ ਹੈ। ਕਿੱਥੋਂ ਕਿੱਥੇ ਪਹੁੰਚ ਗਏ ਹਨ ਸਿੱਖ! ਜੰਗਾਂ ਵਿਚ ਦੁਸ਼ਮਣਾਂ ਦੀਆਂ ਧੀਆਂ ਭੈਣਾਂ ਮਹਿਫ਼ੂਜ਼ ਸਨ। ਗਵਾਹੀ ਦੇਂਦਾ ਹੈ ਸਿੱਖਾਂ ਦੇ ਜਾਨੀ ਦੁਸ਼ਮਣ ਦਾ ਲਿਖਾਰੀ ਕਾਜ਼ੀ ਨੂਰ ਮੁਹੰਮਦ। ਅੱਜ ਗੁਰਦੁਆਰੇ ਵਿਚ ਬਲਾਤਕਾਰ ਕਿਆ ਪ੍ਰਾਪਤੀ ਹੈ?

ਗੁਰਦੁਆਰਾ ਸੁਧਾਰ ਲਹਿਰ ਜਿਸ ਦੀ ਦੇਣ ਸੀ ਅਕਾਲੀ ਦਲ, ਨੇ ਮਹੰਤਾਂ, ਸਾਧਾਂ, ਡੇਰੇਦਾਰਾਂ ਤੋਂ ਗੁਰਧਾਮ ਅਜ਼ਾਦ ਕਰਵਾ ਕੇ ਪੰਥ ਨੂੰ ਸੌਂਪੇ। ਅੱਜ ਰਾਜਸੱਤਾ ਦੇ ਭੁੱਖੇ ਸਿੱਖ ਲੀਡਰਾਂ ਨੇ ਡੇਰਿਆਂ ਦੀ ਭਰਮਾਰ ਲਗਾ ਦਿੱਤੀ ਹੈ। ਗੁਰਦੁਆਰਾ ਲਹਿਰ ਨੂੰ ਸਿਫਰ ਕਰ ਦਿੱਤਾ ਹੈ। ਸਿੱਖ ਸਮਾਜ ਦੀ ਸਿਆਸੀ ਅਗਵਾਈ ਵਾਸਤੇ ਡੇਰੇਦਾਰ ਆ ਗਏ ਹਨ। ਡੇਰੇਦਾਰ ਮੰਤਰੀ, ਵੋਟਾਂ ਮੰਗਣ ਵਾਸਤੇ ਸੰਤ ਸਮਾਜ। ਧਰਮ ਦੀ ਦੁਰਵਰਤੋਂ ਸਿਆਸੀ ਪ੍ਰਾਪਤੀ ਲਈ ਸਿੱਖੀ ਦੇ ਅਸੂਲਾਂ 'ਤੇ ਤੀਬਰ ਹਮਲਾ ਹੈ। ਰਾਜ ਧਰਮ ਦੀ ਰੱਖਿਆ ਵਾਸਤੇ ਹੈ। ਧਰਮ ਸਿਆਸਤ ਦੀ ਪ੍ਰਾਪਤ ਲਈ ਪੌੜੀ ਨਹੀਂ।

ਇਕ ਨਰੈਣ ਦਾਸ ਤੋਂ ਗੁਰਧਾਮ ਮੁਕਤ ਕਰਾਉਣ ਲਈ ਕਈਆਂ ਨੇ ਸ਼ਹੀਦੀਆਂ ਦਿੱਤੀਆਂ। ਅੱਜ ਸਾਡੇ ਆਗੂਆਂ ਦੀ ਕ੍ਰਿਪਾ ਨਾਲ ਕਿੰਨੇ ਨਰੈਣਦਾਸ ਥਾਪੇ ਗਏ ਹਨ। ਅਫਸੋਸ ਕਿਸ ਗੱਲ ਦਾ। ਦੁਖ ਵੀ ਹੈ ਕਿ ਪੰਥ ਮੂਕ ਦਰਸ਼ਕ ਬਣ ਕੇ ਸਭ ਕੁਝ ਵੇਖ ਰਿਹਾ ਜਰ ਰਿਹਾ ਹੈ। ਕਿਸੇ ਨੇ ਅਵਾਜ਼ ਨਹੀਂ ਉਠਾਈ ਕਿ ਉਨ੍ਹਾਂ ਸ਼ਹੀਦਾਂ ਦੀਆਂ ਰੂਹਾਂ ਕਲਪ ਰਹੀਆਂ ਹੋਣਗੀਆਂ, ਜਿਨ੍ਹਾਂ ਦੇ ਅਸੀਂ ਦੇਣਦਾਰ ਹਾਂ। ਸਰਕਾਰ ਉਦੋਂ ਵੀ ਡੇਰੇਦਾਰਾਂ ਦੇ ਹੱਕ ਵਿਚ ਸੀ, ਅਜ ਵੀ ਬਹੁਤ ਡੇਰਿਆਂ ਨੂੰ ਸਰਕਾਰ ਦੀ ਸਰਪ੍ਰਸਤੀ ਹਾਸਲ ਹੈ। ਮਨੋਰਥ ਵੀ ਉਹੀ ਹੈ, ਪੰਥ ਨੂੰ ਖੇਰੂੰ ਖੇਰੂੰ ਕਰ ਕੇ ਕਮਜ਼ੋਰ ਕਰਨਾ।

ਗਵਾਂਢੀ ਮੁਲਕਾਂ ਵੱਲ ਵੇਖ ਲਵੋ। ਮੁੱਲਾਂ ਮੁਲਾਣੇ ਸਦਰ ਨੂੰ ਚਿਤਾਵਨੀ ਦਿੰਦੇ ਹਨ। ਰਹਿਬਰੀ ਕਰਦੇ ਹਨ, ਦੂਜੇ ਪਾਸੇ ਸਾਧਾਂ, ਅਚਾਰੀਆਂ ਦੇ ਆਦੇਸ਼ਾਂ ਦੀ ਪਾਲਣਾ ਹੁੰਦੀ ਹੈ। ਪਰ ਸਿੱਖਾਂ ਵਿਚ ਸਰਕਾਰ ਦੇ ਕਰਮਚਾਰੀ ਕਾਰਕੁਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਨ। ਧਰਮ ਅੰਕੁਸ਼ ਸਿਆਸਤ ਤੋਂ ਹੱਟ ਗਿਆ ਹੈ। ਤਵਾਰੀਖ ਗਵਾਹ ਹੈ ਕਿ ਰਾਜ ਸੱਤਾ ਅਤੇ ਕਾਮ, ਦੁਰਾਚਾਰ ਦਾ ਅਨਿੱਖੜਵਾਂ ਸਾਥ ਹੈ। ਪਿਤਾ ਨੂੰ ਕਾਮਵਸ ਦੇਖ ਕੇ ਹੀ ਗੰਗਾ ਪੁੱਤਰ ਨੇ ਭੀਸ਼ਮ ਪ੍ਰਤਿਗਿਆ ਕੀਤੀ ਸੀ। ਮੈਂ ਨਹੀਂ ਗ੍ਰੰਥ ਬੋਲਦੇ ਹਨ।

ਕੁਝ ਘਟਨਾਵਾਂ ਤਾਜੀਆਂ ਕਰ ਲੈਣੀਆਂ ਮੁਨਾਸਬ ਹੋਣਗੀਆਂ। ਅਤਿਵਾਦ ਦੇ ਦਿਨਾਂ ਵਿਚ ਇਕ ਡੇਰੇ ਤੋਂ ਬੇਹਿਸਾਬ ਅਸਲਾ ਬਰਾਮਦ ਹੋਇਆ। ਚੇਲਾ ਮੰਤਰੀ ਨੇ ਨੱਪ ਲਿਆ। ਦੂਸਰੇ ਇਕ ਦਫਾ ਮੈਂ ਇਕ ਸਮਾਗਮ 'ਤੇ ਗਿਆ ਤਾਂ ਮੁਫਤ ਵਿਚ ਪੰਜਾਬ ਦੇ ਪੁਲੀਸ ਇੰਸਪੈਕਟਰ ਨੇ ਮੈਨੂੰ ਰਾਹ ਵਿਖਾਇਆ। ਚੰਡੀਗੜ੍ਹ ਇਕ ਡੇਰੇਦਾਰ ਨੇ ਸਕੂਲ ਵਾਸਤੇ ਪ੍ਰਿੰਸੀਪਲ ਦੀ ਇੰਟਰਵਿਊ ਕਰਿੱਡ ਦੇ ਦਫਤਰ ਵਿੱਚ ਰੱਖੀ। ਛੇ ਮਹੀਨੇ ਬਾਅਦ ਪੰਜਾਬ ਸਰਕਾਰ ਨੇ ਉਸ ਡੇਰੇ ਨੂੰ ਦਸ ਲੱਖ ਰੁਪਏ ਦੀ ਭੇਟ ਕੀਤੀ। ਚੰਡੀਗੜ੍ਹ ਵਿਚ ਵੀ ਇਸ਼ਤਿਹਾਰ ਵੰਡੇ ਗਏ ਕਿ ਪੁਲੀਸ ਦੇ ਸਹਿਯੋਗ ਨਾਲ ਕੀਰਤਨ ਦਰਬਾਰ ਹੋਵੇ।

ਜਿਨਾਂ ਸਿਆਸਤ ਦਾ ਅਪਰਾਧੀਕਰਨ ਖਤਰਨਾਕ ਹੈ, ਓਨਾਂ ਹੀ ਡੇਰਿਆਂ ਦਾ ਸਿਆਸੀਕਰਨ। ਹਾਲਤ ਇਥੋਂ ਤੱਕ ਵਿਗੜ ਗਈ ਹੈ ਕਿ ਡੇਰੇਦਾਰੀ ਦੀ ਵਬਾ ਤੋਂ ਸਿੱਖਾਂ ਦੀਆਂ ਉਚਤਮ ਸੰਸਥਾਵਾਂ ਵੀ ਨਹੀਂ ਬਚੀਆਂ। ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਹਰਿਮੰਦਰ ਸਾਹਿਬ, ਸ਼੍ਰੋਮਣੀ ਕਮੇਟੀ ਤੱਕ ਵੀ ਇਸ ਛਿੱਥੇ ਪੈ ਗਏ ਹਨ। ਪਹਿਲਾਂ ਉਪਰੋਕਤ ਸੰਸਥਾਵਾਂ ਵਿਚ ਪੰਥ ਮਰਿਆਦਾ ਦੀ ਜਗ੍ਹਾ ਡੇਰਿਆਂ ਦੀ ਮਰਿਆਦਾ ਲਾਗੂ ਕੀਤੀ ਗਈ। ਦਸ ਸਾਲ ਉਪਰ ਹੋ ਗਏ। ਸ੍ਰੀ ਹਰਿਮੰਦਰ ਸਾਹਿਬ ਵਿਚ ਅਰਦਾਸ 'ਸੱਚੇ ਪਿਤਾ ਵਾਹਿਗੁਰੂ' ਨੂੰ ਸੰਬੋਧਨ ਨਹੀਂ ਹੁੰਦੀ। ਅੱਜ ਜਥੇਦਾਰ ਸਾਹਿਬਾਨ 'ਤੇ ਵੀ ਕਿੰਤੂ ਪ੍ਰੰਤੂ ਸ਼ੁਰੂ ਹੋ ਗਈ ਹੈ। ਕਦੇ ਨਹੀਂ ਸੀ ਸੁਣਿਆ ਕਿ ਫਰਿਆਦੀ ਅਤੇ ਦੋਸ਼ੀ ਦੋਹਾਂ ਨੂੰ ਤਨਖਾਹ ਲੱਗੇ। ਨਾਲੇ ਮਾਰੇ ਨਾਲੇ ਰੋਣ ਨਾ ਦੇਵੇ। ਸ਼੍ਰੋਮਣੀ ਕਮੇਟੀ ਨੂੰ ਇਕ ਡੇਰੇਦਾਰ ਦੇ ਹਵਾਲੇ ਕਰ ਦੇਣਾ ਸਿੱਖ ਜਗਤ ਨਾਲ ਵੱਡਾ ਮਖੌਲ ਸੀ। ਇਸ ਨੂੰ ਸਿੱਖਾਂ ਦੀ ਪਾਰਲੀਮੈਂਟ ਕਿਹਾ ਜਾਂਦਾ ਸੀ। ਅੱਜ ਇਹ ਅਕਾਲੀ ਦਲ ਦਾ ਇਕ ਵਿੰਗ ਬਣ ਗਈ ਹੈ। ਕੀ ਗੈਰ-ਅਕਾਲੀ ਸਿੱਖ, ਸਿੱਖ ਨਹੀਂ? ਇਕ ਚਪੜਾਸੀ ਨੂੰ ਬਰਤਰਫ ਕਰਨ ਵਾਸਤੇ ਤਾਂ ਵਿਧੀ ਹੈ ਪਰ ਜਥੇਦਾਰ ਸਾਹਿਬ ਨੂੰ ਹਟਾਉਣ ਲਈ ਨਹੀਂ।

ਸਿੱਖ ਸਿਧਾਂਤ ਉਲੱਥ ਪੁਲੱਥ ਕਰ ਦਿੱਤੇ ਗਏ ਹਨ। 'ਵਾਹਿਗੁਰੂ ਪੂਜ' ਦੀ ਬਜਾਏ ਅੱਜ ਸਿੱਖ 'ਗੁਰੂ ਪੂਜ' ਹੋ ਗਏ ਹਨ। ਇਹ ਹੈ ਗੁਰੂਡਮ, ਡੇਰਾਡਮ ਦਾ ਆਗਾਜ। 'ਅਕਾਲ ਪੁਰਖ' ਦੀ ਜਗ੍ਹਾ 'ਪੁਰਖ' ਨੇ ਲੈ ਲਈ ਹੈ। ਕਿਸੇ ਨੇ ਮਕਾਨ ਬਣਾਇਆ ਹੋਵੇ ਤਾਂ ਇਨਕਮ ਟੈਕਸ ਵਾਲੇ ਖਰਚਾ ਪੁਛਦੇ ਹਨ। ਕਰੋੜਾਂ ਰੁਪਏ ਲਗਾ ਕੇ ਇਕ 'ਦੁਕਾਨ' ਖੋਲ੍ਹ ਲਵੋ ਤੇ ਸਰਕਾਰ ਤੋਂ ਬਚਣ ਲਈ ਅੱਗੇ ਕਰ ਦਿਓ, ਗੁਰੂ ਗ੍ਰੰਥ ਸਾਹਿਬ। ਕਿਸੇ ਜਗ੍ਹਾ ਜਮੀਨ ਦੱਬ ਲਓ ਤੇ ਅਖੰਡ ਪਾਠ ਸ਼ੁਰੂ ਕਰਵਾ ਦਿਓ। ਜੇ ਪੁਲੀਸ ਆਵੇ ਤਾਂ ਦਿਖਾ ਦਿਓ ਗੁਰੂ ਗ੍ਰੰਥ ਸਾਹਿਬ। ਜਮੀਨ ਤੁਸੀਂ ਦੱਬੋ, ਜੇ ਪੁਲੀਸ ਕੁੱਝ ਕਰੇ, ਕਿਸੇ ਦਾ ਹੱਕ ਦਿਲਵਾਏ ਤਾਂ ਅਪਮਾਨ 'ਗੁਰੂ ਗ੍ਰੰਥ ਸਾਹਿਬ ਦਾ'। 'ਗੁਰੂ ਗ੍ਰੰਥ ਸਾਹਿਬ' ਦਾ ਅਸਲੀ ਮਾਅਨੇ ਵਿਚ ਅਪਮਾਨ ਕੌਣ ਕਰਦਾ ਹੈ ਜੋ ਕਿਸੇ ਨੂੰ ਉਸ ਦਾ ਹੱਕ ਦਿਵਾਉਂਦਾ ਹੈ ਜਾਂ ਜੋ ਗ੍ਰੰਥ ਸਾਹਿਬ ਨੂੰ ਜਮੀਨ ਨਜ਼ਾਇਜ ਤੌਰ 'ਤੇ ਦੱਬਣ ਲਈ ਵਰਤਦਾ ਹੈ। ਮੁਫਤ ਦੇ ਬਦਾਮ, ਕਾਜੂ, ਅਨੇਕ ਪ੍ਰਕਾਰ ਦੇ ਭੋਜਨ, ਭੋਗ ਵਾਸਤੇ ਹੀ ਤਿਆਰ ਕਰਦੇ ਹਨ।

ਇਸੇ ਲਈ ਗੁਰੂ ਨਾਨਕ ਨੇ ਗ੍ਰਹਿਸਤ ਮਾਰਗ ਨੂੰ ਉੱਤਮ ਦਰਜਾ ਦਿੱਤਾ ਹੈ। ਕੁਦਰਤ ਦੇ ਅਸੂਲਾਂ ਦੀ ਉਲੰਘਣਾ ਨਹੀਂ ਕੀਤੀ ਜਾ ਸਕਦੀ। ਗ੍ਰਹਿਸਥੀ ਅੱਗੇ ਮੇਨਕਾ ਨੀਤੀ ਨਹੀਂ ਚਲ ਸਕਦੀ। ਏਕਾ ਨਾਰੀ ਸਾਈ ਜਤੀ। ਇਸ ਦੀ ਤਸਵੀਰ ਛੇਵੇਂ ਗੁਰੂ ਸਾਹਿਬ ਨੇ ਔਰਤ ਈਮਾਨ ਕਹਿ ਕੇ ਕੀਤੀ ਹੈ। ਕੁਦਰਤੀ ਅਸੂਲਾਂ ਦੇ ਵਿਰੁੱਧ ਬਣੀਆਂ ਰੀਤਾਂ ਨੇ ਹੀ ਦੇਵਦਾਸੀ ਦੀ ਪਰੰਪਰਾ ਨੂੰ ਮਾਨਤਾ ਦਿੱਤੀ। ਅਫਸੋਸਜਨਕ ਸਚਾਈ ਹੈ ਕਿ ਸਭ ਤੋਂ ਵੱਧ ਪਾਪ ਧਰਮ ਦੇ ਨਾਮ 'ਤੇ ਧਰਮ ਦੀ ਆੜ ਵਿਚ ਹੁੰਦੇ ਹਨ। ਹਰ ਡੇਰੇ ਦੀ ਆਪਣੀ ਆਪਣੀ ਮਰਿਆਦਾ ਹੋਣ ਕਾਰਨ ਅੱਜ ਸਿੱਖਾਂ ਦੀ ਕੋਈ ਇਕ ਕੇਂਦਰੀ ਮਰਿਆਦਾ ਨਹੀਂ ਰਹੀ। ਜਿਸ ਕਾਰਨ ਸਮਾਜ ਡੇਰਿਆਂ ਵਿਚ ਵੰਡਿਆ ਗਿਆ ਹੈ। ਬਹੁਤ ਡੇਰਿਆਂ ਵਿਚ ਸਾਧਾਂ ਸੰਤਾਂ ਦੀਆਂ ਤਸਵੀਰਾਂ ਗੁਰੂ ਗ੍ਰੰਥ ਸਾਹਿਬ ਤੋਂ ਵੀ ਉਪਰ ਰੱਖੀਆਂ ਜਾਂਦੀਆਂ ਹਨ, ਜੋ ਮੂਰਤੀ ਪੂਜਾ ਹੈ, ਜਦ ਕਿ ਸਿੱਖਾਂ ਵਿਚ ਮੂਰਤੀ ਪੂਜਾ ਮਮਨੂਹ ਹੈ।

ਸਾਧਾਂ ਸੰਤਾਂ ਦੇ ਲੰਮੇ ਲੰਮੇ ਬੇਢਬੇ 'ਚੋਗੇ' ਵੇਖ ਕੇ ਬਚਪਨ ਦੀਆਂ ਖੇਡਾਂ, ਗੱਲਾਂ ਯਾਦ ਆ ਗਈਆਂ। ਕਿਵੇਂ ਸ਼ਿਕਾਰੀ ਸ਼ਿਕਾਰ ਪਕੜਨ ਵਾਸਤੇ ਜਾਨਵਰਾਂ ਨੂੰ 'ਚੋਗਾ' ਪਾਉਂਦਾ ਹੈ। ਇਸ ਤਰ੍ਹਾਂ ਸ਼ਿਕਾਰੀ ਭੋਲੇ-ਭਾਲੇ ਤਿੱਤਰ-ਬਟੇਰ ਪਕੜ ਕੇ ਆਪਣੀ ਹਵਸ ਪੂਰੀ ਕਰਦਾ ਹੈ। ਸਾਧੂ (ਕਹੋ ਸਵਾਦੂ) ਭੋਲੇ ਭਾਲੇ ਚੇਲਿਆਂ ਨੂੰ ਫਸਾਉਂਦੇ ਹਨ। ਇਹ 'ਚੋਗਾ' ਪਾ ਕੇ। ਸੰਤ ਤਿਨਾ ਨਾ ਆਖਇ ਸੇ ਬਨਾਰਸ ਕੇ ਠੱਗ। ਗੁਰ ਉਪਦੇਸ ਤਾਂ ਅਸੀਂ ਭੁਲਾਇਆ ਹੈ, ਇਸੇ ਲਈ ਭਟਕ ਰਹੇ ਹਾਂ। ਅੱਜ ਦੇ ਸੰਤਾਂ ਦੀ ਸ਼ਰਨ ਤੋਂ ਤਾਂ ਯੋਜਨ ਪਰੇ ਜੋ ਰਹਿਣਗੇ, ਉਹ ਬਚੇ ਰਹਿਣਗੇ।

ਉਪਰੋਕਤ ਕੇਸ ਦੀ ਤਫਤੀਸ਼ ਬਹੁਤ ਔਖੀ ਹੋਵੇਗੀ ਕਿਉਂਕਿ ਬੜੀਆਂ ਬੜੀਆਂ ਹਸਤੀਆਂ ਇਸ ਡੇਰੇ ਦੀਆਂ ਸ਼ਰਧਾਲੂ ਹਨ।

**ਅਸ਼ੋਕ ਸਿੰਘ ਬਾਗੜੀਆ**